# Samkali Punjabi Kahani Vich Pesh Sabbhiacharak Rupantaran: Sukhjit Ate Veena Verma Dian Kahanian De Sandarbh ch

# ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ : ਸੁਖਜੀਤ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਸੰਦਰਭ ‘ਚ

Thesis Submitted For the Award of the Degree of

**DOCTOR OF PHILOSOPHY**

**in**

**Punjabi**

**By**


**Gurpinder Singh**

**Reg. No : 41400135**

**Supervised by**

**Dr. Kirandeep Singh (Professor)**


**LOVELY PROFESSIONAL UNIVERSITY**

**PUNJAB**

**2022**

# ਘੋਸ਼ਣਾ ਪੱਤਰ

ਮੈਂ ਗੁਰਪਿੰਦਰ ਸਿੰਘ ਇਹ ਬਿਆਨ ਕਰਦਾ ਹਾਂ ਕਿ 'ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ: ਸੁਖਜੀਤ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਸੰਦਰਭ 'ਚ' ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿੱਚਲਾ ਖੋਜ ਕਾਰਜ ਨਿਰੋਲ ਰੂਪ ਵਿੱਚ ਮੇਰਾ ਆਪਣਾ ਹੈ ਅਤੇ ਇਸ ਵਿੱਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿੱਚ ਕੋਈ ਵੀ ਅਜਿਹਾ ਖੋਜ ਕਾਰਜ ਸ਼ਾਮਲ ਨਹੀਂ ਹੈ ਜਿਸ ਲਈ ਕਿਸੇ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਗਿਆ ਹੋਵੇ।

ਖੋਜਾਰਥੀ



ਗੁਰਪਿੰਦਰ ਸਿੰਘ
ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)
41400135
ਮਿਤੀ : 28 /12 /2022

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਗੁਰਪਿੰਦਰ ਸਿੰਘ ਨੇ ''ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ: ਸੁਖਜੀਤ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਸੰਦਰਭ 'ਚ' ਵਿਸ਼ੇ ਉੱਤੇ ਪੀ.ਐੱਚ.ਡੀ.(ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਖੋਜ ਕਾਰਜ ਹੈ। ਮੈ ਇਸ ਖੋਜ-ਪ੍ਰਬੰਧ ਨੂੰ ਪੀ.ਐੱਚ.ਡੀ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿਤ ਪ੍ਰਸਤੁਤ ਕਰਨ ਦੀ ਸਿਫ਼ਾਰਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿੱਚ ਪੇਸ਼ ਨਹੀਂ ਕੀਤਾ ਗਿਆ।

ਨਿਗਰਾਨ

Kirandeep Singh 16173


ਡਾ. ਕਿਰਨਦੀਪ ਸਿੰਘ,
ਪ੍ਰੋਫੈਸਰ, ਮੁੱਖੀ ਪੰਜਾਬੀ ਵਿਭਾਗ,
ਸਕੂਲ ਆਫ਼ ਸੋਸ਼ਲ ਸਾਇੰਸਜ਼ ਐਂਡ ਲੈਂਗੁਏਜਿਜ਼,
ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

ਮਿਤੀ : 28 /12 /2022

# ਸਮਰਪਣ

❖

**ਬਾਬਾ ਗੁਰਿੰਦਰ ਸਿੰਘ ਢਿੱਲੋਂ ਜੀ**

**ਤੇ**

**ਵੱਡੇ ਵੀਰ ਬਲਜੀਤ ਸਿੰਘ ਜੀ**

**ਨੂੰ**

| ਤੱਤਕਰਾ | ਪੰਨਾ |
| --- | --- |
| ਅਧਿਆਇ ਪਹਿਲਾ: ਸਿਧਾਂਤਕ ਪਿੱਠ ਭੂਮੀ | **1-144** |
| 1.1 ਭੂਮਿਕਾ | 1 |
| 1.2 ਵਿਸ਼ੇ ਨਾਲ ਜਾਣ-ਪਛਾਣ | 3 |
| 1.3 ਖੋਜ-ਕਾਰਜ ਦੀ ਸਾਰਥਕਤਾ | 5 |
| 1.4 ਪੂਰਵ ਖੋਜ-ਕਾਰਜ | 5 |
| 1.5 ਖੋਜ ਦੇ ਉਦੇਸ਼ | 18 |
| 1.6 ਖੋਜ ਵਿਧੀਆਂ (ਸਮਾਜ ਸ਼ਾਸਤਰੀ, ਮਨੋਵਿਗਿਆਨ, ਤੁਲਨਾਤਮਕ) | 18 |
| 1.7 ਕਹਾਣੀ: ਪੰਜਾਬੀ ਕਹਾਣੀ, ਪਰਵਾਸੀ ਕਹਾਣੀ ਅਤੇ ਸਮਕਾਲੀ ਕਹਾਣੀ | 52 |
| 1.8 ਸੱਭਿਆਚਾਰ: ਭਾਵ ਅਰਥ, ਸੱਭਿਆਚਾਰਕ ਰੂਪਾਂਤਰਨ ਦੇ ਭਾਵ ਅਰਥ ਅਤੇ ਸੱਭਿਆਚਾਰਕ ਰੂਪਾਂਤਰਨ ਦੇ ਕਾਰਨ ਅਤੇ ਸੱਭਿਆਚਾਰਕ ਰੂਪਾਂਤਰਨ ਦੇ ਪੱਖ | 103 |
| ਅਧਿਆਇ ਦੂਜਾ: ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ (ਰਾਜਨੀਤਿਕ ਪੱਖ, ਸਮਾਜਿਕ ਪੱਖ, ਆਰਥਿਕ ਪੱਖ, ਧਾਰਮਿਕ ਪੱਖ, ਮਨੋਵਿਗਿਆਨਕ ਪੱਖ) | **145-253** |
| 2.1 ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ – ਰਾਜਨੀਤਿਕ ਪੱਖ | 145 |
| 2.2 ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ – ਸਮਾਜਿਕ ਪੱਖ | 163 |
| 2.3 ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ – ਆਰਥਿਕ ਪੱਖ | 198 |
| 2.4 ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ – ਧਾਰਮਿਕ ਪੱਖ | 215 |
| 2.5 ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ – ਮਨੋਵਿਗਿਆਨਕ ਪੱਖ | 234 |
| ਅਧਿਆਇ ਤੀਜਾ: ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ (ਰਾਜਨੀਤਿਕ ਪੱਖ, ਸਮਾਜਿਕ ਪੱਖ, ਆਰਥਿਕ ਪੱਖ, ਧਾਰਮਿਕ ਪੱਖ, ਮਨੋਵਿਗਿਆਨ ਪੱਖ) | **254-331** |
| 3.1 ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ - ਰਾਜਨੀਤਿਕ ਪੱਖ | 254 |
| 3.2 ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ - ਸਮਾਜਿਕ ਪੱਖ | 261 |
| 3.3 ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ - ਆਰਥਿਕ ਪੱਖ | 289 |

| | |
|---|---|
| 3.4 ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ - ਧਾਰਮਿਕ ਪੱਖ | 301 |
| 3.5 ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ - ਮਨੋਵਿਗਿਆਨ ਪੱਖ | 313 |
| ਅਧਿਆਇ ਚੌਥਾ : ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਤੁਲਨਾਤਮਕ ਅਧਿਐਨ (ਰਾਜਨੀਤਿਕ ਪੱਖ, ਸਮਾਜਿਕ ਪੱਖ, ਆਰਥਿਕ ਪੱਖ, ਧਾਰਮਿਕ ਪੱਖ, ਮਨੋਵਿਗਿਆਨਕ ਪੱਖ) | **332-406** |
| 4.1 ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਤੁਲਨਾਤਮਕ ਅਧਿਐਨ - ਰਾਜਨੀਤਿਕ ਪੱਖ | 334 |
| 4.2 ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਤੁਲਨਾਤਮਕ ਅਧਿਐਨ - ਸਮਾਜਿਕ ਪੱਖ | 351 |
| 4.3 ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਤੁਲਨਾਤਮਕ ਅਧਿਐਨ - ਆਰਥਿਕ ਪੱਖ | 365 |
| 4.4 ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਤੁਲਨਾਤਮਕ ਅਧਿਐਨ - ਧਾਰਮਿਕ ਪੱਖ | 377 |
| 4.5 ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਤੁਲਨਾਤਮਕ ਅਧਿਐਨ - ਮਨੋਵਿਗਿਆਨਕ ਪੱਖ | 391 |
| ਅਧਿਆਇ ਪੰਜਵਾਂ: ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਨਾਲ ਤੁਲਨਾਤਮਕ ਅਧਿਐਨ: (ਸੁਖਜੀਤ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਸੰਦਰਭ 'ਚ) | **407-473** |
| 5.1. ਪਰੰਪਰਾਗਤ ਰਸਮ-ਰਿਵਾਜ ਅਧੀਨ ਵਿਚਰਦੇ ਔਰਤ-ਮਰਦ ਦਾ ਸੰਘਰਸ਼ | 416 |
| 5.2. ਜਗੀਰਦਾਰੀ, ਭ੍ਰਿਸ਼ਟਾਚਾਰ, ਦੰਭਵਾਦ, ਸ਼ੋਸ਼ਣ, ਸ਼ੋਸ਼ਕ ਤੇ ਆਪਸੀ ਟਕਰਾਅ ਦਾ ਪਰਦਾਫਾਸ਼ | 425 |
| 5.3. ਔਰਤ-ਮਰਦ ਦੀਆਂ ਪਰਿਵਾਰਕ ਸਮੱਸਿਆਵਾਂ ਦੀ ਪੇਸ਼ਕਾਰੀ | 435 |
| 5.4. ਇਕੱਲਤਾ, ਬੇਗਾਨਗੀ, ਜਾਤ, ਗੋਤ ਅਧੀਨ ਵਿਚਰਦੇ ਔਰਤ-ਮਰਦ ਦੀ ਵਿਅਕਤੀਗਤ ਹੋਂਦ ਦਾ ਯਥਾਰਥ | 454 |
| 5.5 ਸਮਾਜਿਕ, ਧਾਰਮਿਕ, ਰਾਜਨੀਤਿਕ, ਆਰਥਿਕ ਤੇ ਮਨੋਵਿਗਿਆਨਿਕ ਪੱਖ ਤੋਂ ਔਰਤ-ਮਰਦ ਦੀ ਸ਼ਖ਼ਸੀਅਤ ਦਾ ਵਿਖੰਡਨ | 461 |
| **ਸਿੱਟਾ ਤੇ ਸਥਾਪਨਾਵਾਂ** | **474-481** |
| **ਪੁਸਤਕ ਸੂਚੀ** | **482-490** |

# ਧੰਨਵਾਦ

‘ਬੂੰਦ-ਬੂੰਦ ਨਾਲ ਸਮੁੰਦਰ ਭਰਦਾ ਹੈ’ ਠੀਕ ਇਸੇ ਤਰ੍ਹਾਂ ਮੇਰੇ ਇਸ ਖੋਜ ਕਾਰਜ ਲਈ ਕਈ ਸੱਜਣ-ਮਿੱਤਰਾਂ, ਭੈਣ-ਭਰਾਵਾਂ, ਸਾਕ-ਸੰਬੰਧੀਆਂ ਨੇ ਆਪੋ-ਆਪਣਾ ਵਡਮੁੱਲਾ ਯੋਗਦਾਨ ਦਿੱਤਾ ਜਿਸ ਕਰਕੇ ਇਹ ਕਾਰਜ ਨੇਪਰੇ ਚੜ੍ਹਿਆ।

ਸਭ ਤੋਂ ਪਹਿਲਾਂ ਮੈਂ ਅਕਾਲ ਪੁਰਖ ਪ੍ਰਮਾਤਮਾ ਦਾ ਧੰਨਵਾਦੀ ਹਾਂ ਜਿਸ ਨੇ ਮੈਨੂੰ ਇਸ ਕਾਰਜ ਲਈ ਚੁਣਿਆ ਅਤੇ ਇਸ ਕਾਰਜ ਲਈ ਮੈਨੂੰ ਬਹੁਤ ਹੀ ਨਿਮਰ, ਸੂਝਵਾਨ, ਅਨੁਭਵੀ ਅਤੇ ਮਾਹਰ ਗੁਰੂ ਡਾ. ਕਿਰਨਦੀਪ ਸਿੰਘ ਜੀ ਨਿਗਰਾਨ ਵਜੋਂ ਦਿੱਤੇ। ਡਾ. ਕਿਰਨਦੀਪ ਸਿੰਘ ਜੀ ਲਈ ਜਿਨ੍ਹੇ ਸ਼ਬਦ ਲਿਖੇ ਜਾਣ ਉਹਨੇ ਹੀ ਥੋੜ੍ਹੇ ਹਨ। ਆਪ ਜੀ ਦੀਆਂ ਸਮੇਂ-ਸਮੇਂ ਦਿੱਤੀਆਂ ਸੇਧਾਂ ਅਤੇ ਹਦਾਇਤਾਂ ਕਾਰਨ ਹੀ ਇਹ ਔਖੀ ਮੰਜ਼ਿਲ ਆਰਾਮ ਨਾਲ ਤਹਿ ਹੋਈ ਅਤੇ ਮੈਂ ਗੁਰੂਦੇਵ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ।

ਇਸ ਰਾਹ ‘ਤੇ ਚੱਲਦਿਆਂ ਹੋਇਆਂ ਐੱਲ. ਪੀ. ਯੂ ਦੇ ਹੋਰ ਕਈ ਅਧਿਆਪਕਾਂ ਨੇ ਹਰ ਸਮੇਂ ਦਿਸ਼ਾਹੀਣ ਬੇੜੀ ਨੂੰ ਸਹੀ ਰਸਤਾ ਦਿਖਾਇਆ। ਡਾ. ਹਰਪ੍ਰੀਤ ਸਿੰਘ ਜੀ ਦੀ ਮਿੱਠੀ, ਸਾਦੀ ਅਤੇ ਸਪੱਸ਼ਟ ਬੋਲੀ ਨੇ ਕਦੇ ਵੀ ਦਿਲ ‘ਚ ਕੋਈ ਨਿਰਾਸ਼ਾ ਜਾਂ ਡਰ ਨਹੀਂ ਆਉਣ ਦਿੱਤਾ ਅਤੇ ਹਮੇਸ਼ਾ ਹੀ ਚੜ੍ਹਦੀ ਕਲਾ ‘ਚ ਰਹਿਣ ਲਈ ਉਤਸ਼ਾਹਿਤ ਕੀਤਾ। ਡਾ. ਅਵਤਾਰ ਸਿੰਘ ਜੀ ਜਿਨ੍ਹਾਂ ਨੇ ਇਸ ਖੋਜ ਕਾਰਜ ਦੇ ਸ਼ੁਰੂਆਤੀ ਸਮੇਂ ‘ਚ ਹੀ ਮੇਰੇ ਦਿਲ ਦੀ ਨਿਰਾਸ਼ਾ, ਡਰ ਨੂੰ ਆਪਣੇ ਜਾਦੂਮਈ ਬੋਲਾਂ ਨਾਲ ਦੂਰ ਕੀਤਾ ਅਤੇ ਇਸ ਮੰਜ਼ਿਲ ਦੀ ਪਹਿਲੀ ਪੌੜੀ ਨੂੰ ਹੋਰ ਮਜ਼ਬੂਤ ਬਣਾਇਆ, ਡਾ. ਬਲਵਿੰਦਰ ਸਿੰਘ ਥਿੰਦ ਜੀ ਨੇ ਹਮੇਸ਼ਾ ਹੀ ਮੇਰੇ ‘ਚ ਇੱਕ ਸਕਾਰਾਤਮਕਤਾ ਦੀ ਕਿਰਨ ਨੂੰ ਜਗਾਈ ਰੱਖਿਆ, ਇੱਕ ਡਾ. ਪਰਮਜੀਤ ਸਿੰਘ ਜੀ ਅਤੇ ਡਾ. ਸਤਵੰਤ ਸਿੰਘ ਜੀ ਨੇ ਸਮੇਂ-ਸਮੇਂ ਮਾਰਗ ਦਰਸ਼ਨ ਕੀਤਾ ਅਤੇ ਗਿਆਨ-ਵਰਧਕ ਅਗਵਾਈ ਦੀ ਬਦੌਲਤ ਰਾਹ ਦੇ ਕੰਡੇ ਚੁਗਣੇ ਸੌਖੇ ਹੁੰਦੇ ਗਏ। ਡਾ. ਸੋਨਾ ਜੀ ਦਾ ਮੈਂ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਖੋਜ ਕਾਰਜ ਦੀ ਸੰਪੂਰਨਤਾ ਦੇ ਅੰਤਿਮ ਪਲਾਂ ‘ਚ ਬਹੁਤ ਅਹਿਮ ਭੂਮਿਕਾ ਨਿਭਾਈ। ਡਾ. ਪਵਿੱਤਰ ਪ੍ਰਕਾਸ਼ ਸਿੰਘ ਜੀ ਨੇ ਇਸ

ਖੋਜ ਕਾਰਜ ਨੂੰ ਹਮੇਸ਼ਾ ਹੀ ਆਪਣੇ ਕੀਮਤੀ ਸੁਝਾਅ ਦਿੱਤੇ ਜਿਸ ਫਲਸਰੂਪ ਖੋਜ ਨੂੰ ਤਰਾਸ਼ ਕੇ ਇਸ ਨੂੰ ਹੋਰ ਵੀ ਗੁਣਵੱਤਾ ਬਖ਼ਸ਼ੀ। ਪੂਰੇ ਪੰਜਾਬੀ ਵਿਭਾਗ ਦਾ ਮੈਂ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਦੀ ਸਦਕਾ ਖੋਜ ਨੂੰ ਸਾਰਥਕਤਾ ਮਿਲੀ ਅਤੇ ਮੈਂ ਅੱਜ ਆਮ ਇਨਸਾਨ ਤੋਂ ਖੋਜਾਰਥੀ ਬਣਿਆ ਹਾਂ।

ਇਸ ਖੋਜ ਦੀ ਸੰਪੂਰਨਤਾ ਪਿੱਛੇ ਜਿੱਥੇ ਅਧਿਆਪਕ ਸਾਹਿਬਾਨਾਂ ਅਤੇ ਖੋਜਾਰਥੀ ਦਾ ਆਪਣਾ ਯੋਗਦਾਨ ਹੁੰਦਾ ਹੈ ਉੱਥੇ ਹੀ ਇਸ ਕਾਰਜ ਨੂੰ ਪੂਰਾ ਕਰਨ ‘ਚ ਕਈ ਹੋਰ ਸਹਿਯੋਗੀਆਂ ਦੀ ਅਹਿਮ ਭੂਮਿਕਾ ਰਹੀ ਹੈ। ਸਭ ਤੋਂ ਪਹਿਲਾਂ ਮੈਂ ਆਪਣੇ ਪਰਿਵਾਰ ਵਿੱਚੋਂ ਮਾਤਾ ਸੁਰਿੰਦਰ ਕੌਰ ਜੀ ਅਤੇ ਪਿਤਾ ਸ. ਬਸੰਤ ਸਿੰਘ ਜੀ, ਸਹੁਰਾ ਪਰਿਵਾਰ ਵੱਲੋਂ ਮਾਤਾ ਸੰਤੋਸ਼ ਕੌਰ ਅਤੇ ਪਿਤਾ ਅਮਰੀਕ ਸਿੰਘ ਜੀ, ਮਾਸੀ ਨਰਿੰਦਰ ਕੌਰ ਜੀ, ਵੱਡੇ ਵੀਰ ਸ. ਬਲਜੀਤ ਸਿੰਘ ਜੀ, ਹਰਪ੍ਰੀਤ ਕੌਰ ਜੀ (ਭਾਬੀ) ਅਤੇ ਵਿਸ਼ਵਪ੍ਰੀਤ ਕੌਰ ਜੀ(ਪਤਨੀ), ਸ. ਸਿਦਕਪ੍ਰਤਾਪ ਸਿੰਘ ਅਤੇ ਸ. ਅਬੀਰਪ੍ਰਤਾਪ ਸਿੰਘ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਹਰ ਘੜੀ ‘ਚ ਮੇਰਾ ਸਾਥ ਦਿੱਤਾ ਅਤੇ ਕਦੇ ਵੀ ਮੈਨੂੰ ਡੋਲਣ ਨਹੀਂ ਦਿੱਤਾ। ਅੱਗੇ ਧੰਨਵਾਦੀ ਹਾਂ ਉਹਨਾਂ ਸਾਥੀਆਂ ਦਾ ਜਿਨ੍ਹਾਂ ਨੇ ਇਸ ਖੋਜ ਕਾਰਜ ਵਿੱਚ ਸਮੇਂ-ਸਮੇਂ ਆਪਣਾ ਸਹਿਯੋਗ ਦਿੱਤਾ ਜਿਵੇਂ ਪ੍ਰੋ. ਪਰਮਦੀਪ ਸਿੰਘ ਜੀ, ਪ੍ਰੋ. ਗੁਰਦਰਸ਼ਨ ਸਿੰਘ ਜੀ, ਡਾ. ਮੇਜਰ ਸਿੰਘ ਜੀ, ਡਾ. ਮੀਨਾ ਸ਼ਰਮਾ ਜੀ।

ਸੋ ਸਭਨਾਂ ਦਾ ਮੈਂ ਦਿਲ ਦੀਆਂ ਗਹਿਰਾਈਆਂ ਚੋਂ ਧੰਨਵਾਦੀ ਹਾਂ, ਜਿਨ੍ਹਾਂ ਹੱਥੀ ਛਾਵਾਂ ਕਰਕੇ ਇਸ ਖੋਜ ਕਾਰਜ ‘ਚ ਮੇਰੀ ਮਦਦ ਕੀਤੀ।



(ਗੁਰਪਿੰਦਰ ਸਿੰਘ)

# ਭੂਮਿਕਾ

ਪੰਜਾਬੀ ਸਾਹਿਤ ਦੀ ਇੱਕ ਵਿਸ਼ਾਲ ਪਰੰਪਰਾ ਹੈ। ਆਧੁਨਿਕ ਦੌਰ ਵਿਚੋਂ ਜਨਮੀ ਕਹਾਣੀ ਉਤਰ-ਆਧੁਨਿਕ ਦੌਰ ਵਿੱਚ ਬਹੁਤ ਪ੍ਰਫੁੱਲਿਤ ਹੋਈ ਹੈ। ਇਸ ਦੌਰ ਅੰਦਰ ਸੈਂਕੜੇ ਕਹਾਣੀਕਾਰ ਸਿਰਜਣਾ ਕਰਨ ਦੇ ਆਹਰ ਵਿੱਚ ਹਨ। ਸੋਧ ਪ੍ਰਬੰਧ ਦੀ ਸੀਮਾ ਨੂੰ ਧਿਆਨ ਵਿੱਚ ਰੱਖਦਿਆਂ ਅਸੀਂ ਉਤਰ-ਆਧੁਨਿਕ ਦੌਰ ਵਿੱਚ "ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ (ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਸੰਦਰਭ ਚ') ਪ੍ਰਤੀਨਿਧ ਕਹਾਣੀਆਂ ਦਾ ਵਿਸ਼ਲੇਸ਼ਣ ਤੇ ਮੁਲਾਂਕਣ ਕੀਤਾ ਹੈ। ਸਾਹਿਤ ਵਿੱਚ ਸੱਭਿਆਚਾਰਕ ਰੂਪਾਂਤਰਨ ਦਾ ਅਧਿਐਨ ਅਤਿਅੰਤ ਗੰਭੀਰ ਵਿਸ਼ਾ ਹੈ, ਜੋ ਡੂੰਘੀ ਵਿਚਾਰ-ਚਰਚਾ ਦਾ ਧਾਰਨੀ ਹੈ। ਸੱਭਿਆਚਾਰਕ ਰੂਪਾਂਤਰਨ ਅਜਿਹਾ ਗੁੰਝਲਦਾਰ ਵਰਤਾਰਾ ਹੈ ਜੋ ਸਾਹਿਤ ਨੂੰ ਅਚੇਤ ਜਾਂ ਸੁਚੇਤ ਰੂਪ ਵਿੱਚ ਆਪਣੇ ਕਲਾਵੇ ਵਿੱਚ ਲੈ ਰਿਹਾ ਹੈ। ਮਨੁੱਖ ਆਪਣੇ ਜਨਮ ਤੋਂ ਤੁਰੰਤ ਬਾਅਦ ਹੀ ਰਿਸ਼ਤਿਆਂ-ਨਾਤਿਆਂ ਦੇ ਸਾਲੂ ਵਿੱਚ ਲਪੇਟਿਆ ਜਾਂਦਾ ਹੈ। ਕਿਸੇ ਵੀ ਸੱਭਿਅਕ ਸਮਾਜ ਵਿੱਚ ਮਨੁੱਖ ਦਾ ਅਸਤਿਤਵ ਰਿਸ਼ਤਿਆਂ-ਨਾਤਿਆਂ ਤੋਂ ਬਿਨਾਂ ਨਿਰਾਰਥਕ ਹੈ। ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਸਮਾਜਿਕ ਪ੍ਰਾਣੀ ਹੋਣ ਦੇ ਰਿਸ਼ਤੇ-ਨਾਤੇ ਮਨੁੱਖ ਮਾਨਵੀ ਸੰਬੰਧਾਂ ਦੀ ਵਲਗਣ ਵਿੱਚ ਪੂਰਨ ਰੂਪ ਵਿੱਚ ਬੱਝਿਆ ਹੋਇਆ ਹੈ। ਇਹ ਸੱਭਿਆਚਾਰਕ ਰੂਪਾਂਤਰਨ ਉਸ ਦੀ ਹੋਂਦ ਨੂੰ ਪੂਰਨ ਰੂਪ ਵਿੱਚ ਪ੍ਰਭਾਵਿਤ ਕਰਦੇ ਹਨ। ਸੱਭਿਆਚਾਰਕ ਰੂਪਾਂਤਰਨ ਦਾ ਤਾਣਾ-ਬਾਣਾ ਬਹੁਤ ਜਟਿਲ ਹੈ, ਜਿਸ ਨੂੰ ਪਰਿਭਾਸ਼ਿਤ ਕਰਨਾ ਇੱਕ ਕਠਿਨ ਕਾਰਜ ਹੈ। ਇਸ ਦੇ ਅੰਤਰਗਤ ਸੱਭਿਆਚਾਰਕ ਰੂਪਾਂਤਰਨ ਦਾ ਸਮਾਜਿਕ,ਧਾਰਮਿਕ, ਰਾਜਨੀਤਿਕ, ਮਨੋਵਿਗਿਆਨਕ ਅਤੇ ਆਰਥਿਕ ਅਧਿਐਨ ਸਾਹਿਤ ਦੀਆਂ ਸੁਚੱਜੀਆਂ ਅਧਿਐਨ ਪ੍ਰਣਾਲੀਆਂ ਰਾਹੀਂ ਕੀਤਾ ਜਾ ਸਕਦਾ ਹੈ। ਸਾਹਿਤ ਦੀ ਰਚਨਾ ਮਨੁੱਖ ਲਈ ਹੈ, ਪਰ ਸੱਭਿਆਚਾਰਕ ਰੂਪਾਂਤਰਨ ਸਾਹਿਤ ਵਿੱਚ ਅਜੋਕੇ ਸਮੇਂ ਅਕਸਰ ਵਾਪਰ ਰਿਹਾ ਹੈ। ਇਸ ਕਰਕੇ ਸੱਭਿਆਚਾਰਕ ਰੂਪਾਂਤਰਨ ਨੂੰ ਸਾਹਿਤ ਵਿਚੋਂ ਖ਼ਾਰਜ ਨਹੀਂ ਕੀਤਾ ਜਾ ਸਕਦਾ। ਮਨੁੱਖ ਦੀ ਉਤਪਤੀ ਤੋਂ ਲੈ ਕੇ ਸੱਭਿਆਤਾਵਾਂ ਦੇ ਵਿਕਾਸ ਤੱਕ ਸੱਭਿਆਚਾਰਕ ਰੂਪਾਂਤਰਨ ਦੇ ਪੱਖ ਤੋਂ ਬਦਲਾਅ ਬੁਨਿਆਦੀ ਤੌਰ 'ਤੇ ਭਾਵੇਂ ਨਹੀਂ ਆਉਂਦਾ ਰਿਹਾ ਪਰ ਬਦਲਦੀਆਂ

ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ ਤੇ ਮਨੋਵਿਗਿਆਨਕ ਸਥਿਤੀਆਂ-ਪ੍ਰਸਥਿਤੀਆਂ ਕਾਰਨ ਮਨੁੱਖ ਦੀਆਂ ਲੋੜਾਂ-ਥੁੜਾਂ ਦੇ ਕਾਰਨ ਸੰਬੰਧਾਂ ਦੇ ਵਿੱਚ ਲਚਕਤਾ ਆਉਂਦੀ ਰਹੀ ਹੈ। ਮਾਨਵ ਜਾਤੀ ਦੇ ਸੰਦਰਭ ਵਿੱਚ ਪਰਿਵਾਰਕ ਸੰਬੰਧਾਂ ਦੀ ਟੁੱਟ-ਭੱਜ ਅਤੇ ਵਿਕਾਸ ਕਾਲ ਦਰ ਕਾਲ ਹੁੰਦਾ ਰਿਹਾ, ਜਿਸ ਵਿੱਚ ਜੰਗਲੀ ਯੁੱਗ ਤੋਂ ਲੈ ਕੇ ਉੱਤਰ-ਆਧੁਨਿਕ ਯੁੱਗ ਤੱਕ ਦੀ ਗੱਲ ਕੀਤੀ ਜਾ ਸਕਦੀ ਹੈ। ਜਦੋਂ ਅਸੀਂ ਮਾਨਵੀ ਸੰਬੰਧਾਂ ਨੂੰ ਸਮਕਾਲੀ ਪੰਜਾਬੀ ਦੌਰ ਦੀ ਪੰਜਾਬੀ ਕਹਾਣੀ ਵਿੱਚ ਪ੍ਰਸਤੁਤ ਹੁੰਦਾ ਵੇਖਦੇ ਹਾਂ ਤਾਂ ਉਸ ਦੇ ਸੱਭਿਆਚਾਰਕ ਰੂਪਾਂਤਰਨ ਦੇ ਪੱਖ ਤੋਂ ਸਮਾਜਿਕ, ਸੱਭਿਆਚਾਰਕ, ਰਾਜਨੀਤਿਕ, ਧਾਰਮਿਕ, ਮਨੋਵਿਗਿਆਨਕ ਅਤੇ ਆਰਥਿਕ ਪਰਿਵਰਤਨ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਸਮਕਾਲੀ ਦੌਰ ਦੀ ਪੰਜਾਬੀ ਕਹਾਣੀ ਵਿੱਚ ਬਦਲਦੇ ਮਾਨਵੀ ਸੰਬੰਧਾਂ ਦਾ ਮੂਲ ਮਨੋਰਥ ਇਹ ਹੈ ਕਿ ਸਦੀਆਂ ਤੋਂ ਬਦਲ ਰਹੇ ਪਰਸਪਰ ਸੰਬੰਧਾਂ ਦੀ ਸਮਾਜ ਅਤੇ ਪਰਿਵਾਰ ਵਿੱਚ ਕੀ ਅਹਿਮੀਅਤ ਹੈ। ਪੰਜਾਬੀ ਕਹਾਣੀ ਦੀ ਬਣਤਰ ਤੇ ਬਿਰਤਾਂਤਕਾਰੀ ਵਿੱਚ ਮਨੁੱਖੀ ਮਨ ਦੀਆਂ ਸਮਾਜਿਕ, ਧਾਰਮਿਕ, ਰਾਜਨੀਤਿਕ, ਆਦਿ ਜਟਿਲ ਸਮੱਸਿਆਵਾਂ ਨੂੰ ਪ੍ਰਸਤੁਤ ਕੀਤਾ ਗਿਆ ਹੈ। ਵਿਸ਼ਵੀਕਰਨ ਤੇ ਸ਼ਹਿਰੀਕਰਨ ਦੇ ਪ੍ਰਭਾਵ ਨੇ ਮਾਨਵੀ ਸੰਬੰਧਾਂ ਵਿੱਚ ਅਜਿਹੀ ਪਹੁੰਚ ਬਣਾਈ ਹੈ ਕਿ ਉਸ ਨੇ ਮਨੁੱਖੀ ਮਨ ਦੀਆਂ ਸੰਵੇਦਨਾਵਾਂ ਨੂੰ ਬੁਰੀ ਤਰ੍ਹਾਂ ਖੰਡਿਤ ਕੀਤਾ ਹੈ। ਇਸ ਖੋਜ ਪ੍ਰਬੰਧ ਵਿੱਚ ਇਹ ਸਮਝਣ ਦਾ ਯਤਨ ਕੀਤਾ ਗਿਆ ਹੈ ਕਿ ਸੱਭਿਆਚਾਰਕ ਰੂਪਾਂਤਰਨ ਕਾਰਨ ਜਿੱਥੇ ਬਦਲਾਅ ਮੁੱਖ ਰੂਪ ਵਿੱਚ ਉੱਭਰਕੇ ਸਾਹਮਣੇ ਆਉਂਦਾ ਹੈ, ਉਸ ਨੇ ਸਮਾਜ ਨੂੰ ਅਤੇ ਪਰਿਵਾਰਕ ਸੰਬੰਧਾਂ (ਰਿਸ਼ਤਿਆਂ-ਨਾਤਿਆਂ) ਨੂੰ ਕਿੰਨਾ ਪ੍ਰਭਾਵਿਤ ਕੀਤਾ ਹੈ। ਪੰਜਾਬੀ ਕਹਾਣੀ ਵਿੱਚ ਬਹੁਤ ਸਾਰੇ ਕਹਾਣੀਕਾਰਾਂ ਨੇ ਇਨ੍ਹਾਂ ਜਟਿਲ ਸਮੱਸਿਆਵਾਂ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। ਇਸ ਦੇ ਅੰਤਰਗਤ ਇਸ ਵਿਚਾਰ ਨੂੰ ਅਧਿਐਨ ਦਾ ਵਿਸ਼ਾ ਬਣਾਉਣ ਦਾ ਯਤਨ ਕੀਤਾ ਗਿਆ ਹੈ ਕਿ ਸਮਕਾਲੀ ਪੰਜਾਬੀ ਕਹਾਣੀ ਜੋ ਅੱਜ ਦੇ ਉਤਰ-ਆਧੁਨਿਕ ਦੌਰ ਵਿੱਚ ਵਿਚਰ ਰਹੀ ਹੈ। ਇਨ੍ਹਾਂ ਮਾਨਵੀ ਸੰਬੰਧਾਂ ਦਾ ਸਰੂਪ ਤੇ ਸਥਿਤੀ ਕੀ ਹੈ? ਵਿਘਟਨ ਦਾ ਕਾਰਨ ਕੀ ਹੈ? "ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ (ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਸੰਦਰਭ 'ਚ)" ਦੇ ਕਹਾਣੀ ਸੰਗ੍ਰਿਹਾਂ ਨੂੰ ਖੋਜ ਕਾਰਜ ਦਾ

ਕੇਂਦਰ ਬਿੰਦੂ ਬਣਾਇਆ ਗਿਆ ਹੈ। ਇਨ੍ਹਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਮਰਦ-ਔਰਤ ਮਨ ਦੀਆਂ ਉਨ੍ਹਾਂ ਜਟਿਲਤਾਵਾਂ ਨੂੰ ਪੇਸ਼ ਕਰਦੀਆਂ ਹਨ, ਜਿਹੜੀਆਂ ਜੀਵਨ ਨਿਰਵਾਹ ਵਿੱਚ ਮਨੁੱਖ ਲਈ ਸੰਕਟ ਬਣਦੀਆਂ ਹਨ। ਆਰਥਿਕਤਾ ਅਧਾਰਿਤ ਮਾਨਵੀ ਸੰਬੰਧਾਂ ਨੇ ਸਮਾਜ ਅਤੇ ਪਰਿਵਾਰ ਵਿੱਚ ਪਰਿਵਰਤਨ ਦੀ ਸਥਿਤੀ-ਪ੍ਰਸਥਿਤੀ ਨੂੰ ਜਨਮ ਦਿੱਤਾ ਹੈ। ਸਮਕਾਲੀ ਦੌਰ ਦੇ ਪੰਜਾਬੀ ਕਹਾਣੀਕਾਰਾਂ ਨੇ ਸਮਾਜ ਦੇ ਵੰਨ-ਸੁਵੰਨੇ ਸੰਬੰਧਾਂ, ਗ਼ੈਰ-ਸਮਾਜਿਕ ਸੰਬੰਧਾਂ, ਮੋਹ ਰਹਿਤ ਸੰਬੰਧਾਂ, ਸਮਾਜਿਕ ਘਟਨਾਵਾਂ, ਕਿਸਾਨੀ ਜੀਵਨ, ਮਾਨਵੀ ਦੁਬਿਧਾ ਅਤੇ ਰਹੱਸਮਈ ਬਿਰਤਾਂਤ, ਡੇਰਾਵਾਦ ਤੰਤਰ ਨੂੰ ਆਪਣੀਆਂ ਕਹਾਣੀਆਂ ਦਾ ਆਧਾਰ ਬਣਾਇਆ ਹੈ। ਇਨ੍ਹਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਵਿੱਚ ਸਮਾਜਿਕ ਰਿਸ਼ਤੇ ਅਤੇ ਮਾਨਵੀ ਸੰਬੰਧਾਂ ਵਿੱਚ ਹੋ ਰਹੀ ਟੁੱਟ-ਭੱਜ ਨੂੰ ਪੇਸ਼ ਕੀਤਾ ਗਿਆ ਹੈ। ਸੁਖਜੀਤ ਤੇ ਵੀਨਾ ਵਰਮਾ ਸਮਕਾਲੀ ਦੌਰ ਦੇ ਪ੍ਰਸਿੱਧ ਕਹਾਣੀਕਾਰ ਹਨ, ਜਿਨ੍ਹਾਂ ਨੇ ਆਪਣੀਆਂ ਕਹਾਣੀਆਂ ਵਿੱਚ ਔਰਤ-ਮਰਦ ਜੀਵਨ ਵਿੱਚ ਮਾਨਵੀ ਸੰਬੰਧਾਂ ਨੂੰ ਬਾਖ਼ੂਬੀ ਚਿਤਰਿਆ ਹੈ। ਇਨ੍ਹਾਂ ਨੇ ਸਮਾਜ ਵਿੱਚ ਬਦਲਦੇ ਮਾਨਵੀ ਸੰਬੰਧ, ਲਾਲਸਾਵਾਂ, ਮਨੋਗੁੰਝਲਾਂ ਤੇ ਕਮੀਨਗੀਆਂ ਨੂੰ ਪੇਸ਼ ਕਰਕੇ ਆਪਣੀਆਂ ਕਹਾਣੀਆਂ ਦਾ ਹਿੱਸਾ ਬਣਾਇਆ ਹੈ। ਇਨ੍ਹਾਂ ਕਹਾਣੀਕਾਰਾਂ ਨੇ ਮਨੁੱਖੀ ਜੀਵਨ ਸੰਕਟ, ਆਰਥਿਕ ਮੰਦਹਾਲੀ ਅਤੇ ਸਮਕਾਲੀ ਸਮਾਜ ਦੇ ਸਮਾਜਿਕ ਯਥਾਰਥ ਨੂੰ ਚਿਤਰਿਆ ਹੈ। ਇਨ੍ਹਾਂ ਨੇ ਆਪਣੀਆਂ ਕਹਾਣੀਆਂ ਵਿੱਚ ਮਾਨਵੀ ਸੰਬੰਧਾਂ ਦਾ ਸੱਭਿਆਚਾਰਕ ਰੂਪਾਂਤਰਨ ਬੜੇ ਸੁਚੱਜੇ ਢੰਗ ਨਾਲ ਕੀਤਾ ਹੈ। ਸਮਕਾਲੀ ਦੌਰ ਦੀ ਪੰਜਾਬੀ ਕਹਾਣੀ ਵਿੱਚ ਸੁਖਜੀਤ ਤੇ ਵੀਨਾ ਵਰਮਾ ਦਾ ਸਿਰਕੱਢਵਾਂ ਨਾਂ ਹੈ। ਸੁਖਜੀਤ ਤੇ ਵੀਨਾ ਵਰਮਾ ਅਜਿਹੇ ਕਹਾਣੀਕਾਰ ਹਨ ਜਿਹੜੇ ਆਪਣੀਆਂ ਕਹਾਣੀਆਂ ਵਿੱਚ ਡੇਰਾਵਾਦ,ਗੈਰ ਕਾਮੁਕ ਸੰਬੰਧ ਅਤੇ ਇਸ ਦੇ ਅੰਦਰਲੀਆਂ ਬੁਰਾਈਆਂ ਦਾ ਪਾਜ ਖੋਲ੍ਹਦੇ ਹਨ। ਹਥਲੇ ਖੋਜ ਕਾਰਜ ਲਈ "ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ (ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਸੰਦਰਭ 'ਚ )" ਦੇ ਵਿਸ਼ੇ ਦੀ ਚੋਣ ਕੀਤੀ ਗਈ ਹੈ। ਉਪਰੋਕਤ ਦੋਨੋਂ ਕਹਾਣੀਕਾਰਾਂ ਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਨੂੰ ਖੋਜ-ਕਾਰਜ ਦਾ ਆਧਾਰ ਬਣਾਇਆ ਗਿਆ ਹੈ।

ਹਥਲੇ ਖੋਜ-ਕਾਰਜ ਦਾ ਪਹਿਲਾ ਅਧਿਆਇ: ਸਿਧਾਂਤਕ ਪਿੱਠ ਭੂਮੀ ਹੈ, ਜਿਵੇਂ ਕਿ ਸਮਕਾਲੀ

ਪੰਜਾਬੀ ਕਹਾਣੀ ਦੇ ਖੇਤਰ ਵਿੱਚ ਬਹੁਤ ਸਾਰੇ ਕਹਾਣੀਕਾਰ ਕਾਰਜਸ਼ੀਲ ਹਨ। ਪਰੰਤੂ ਅਸੀਂ ਆਪਣੇ ਖੋਜ-ਕਾਰਜ ਦੀਆਂ ਸੀਮਾਵਾਂ ਨੂੰ ਉਲੀਕਦੇ ਹੋਏ ਇਸਨੂੰ ਦੋ ਕਹਾਣੀਕਾਰਾਂ-ਸੁਖਜੀਤ ਤੇ ਵੀਨਾ ਵਰਮਾ ਉੱਤੇ ਕੇਂਦਰਿਤ ਕੀਤਾ ਹੈ। ਸਮਕਾਲੀ ਪੰਜਾਬੀ ਕਹਾਣੀਕਾਰਾਂ ਵਿੱਚ ਸੁਖਜੀਤ ਤੇ ਵੀਨਾ ਵਰਮਾ ਦਾ ਆਪਣਾ ਉੱਘਾ ਸਥਾਨ ਰੱਖਦੇ ਹਨ। ਉਹਨਾਂ ਨੇ ਕਹਾਣੀ ਜਗਤ ਵਿੱਚ ਆਪਣਾ ਵਡਮੁੱਲਾ ਯੋਗਦਾਨ ਦਿੱਤਾ ਹੈ। ਸਮਕਾਲੀ ਪੰਜਾਬੀ ਕਹਾਣੀ ਦਾ ਸਮੁੱਚਾ ਧਰਾਤਲ ਹੀ ਔਰਤ-ਮਰਦ ਦੀ ਹੀਣੀ ਸਥਿਤੀ ਵਾਲੇ ਸੰਸਕਾਰਾਂ ਨੂੰ ਤਿਆਗਦਾ, ਵੰਗਾਰਦਾ ਅਤੇ ਪਿੱਛੇ ਛੱਡਦਾ ਹੋਇਆ ਨਵੀਂ ਸਪੇਸ ਦੀ ਮੰਗ ਨੂੰ ਉਤੇਜਿਤ ਕਰ ਰਿਹਾ ਹੈ। ਸਮਕਾਲ ਵਿੱਚ ਔਰਤ ਦਾ ਸਰੂਪ ਜਿੱਥੇ ਅਸੁਰੱਖਿਅਤ, ਅਸ਼ਾਂਤ ਅਤੇ ਸੁੰਗੜਿਆ ਹੋਇਆ ਹੈ, ਉੱਥੇ ਪਹਿਲਾਂ ਨਾਲੋਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ, ਧਾਰਮਿਕ, ਆਰਥਿਕ, ਮਨੋਵਿਗਿਆਨ ਅਤੇ ਰਾਜਨੀਤਿਕ ਪੱਖਾਂ ਤੋਂ ਬਦਲਿਆ ਅਤੇ ਵਿਗੜਿਆ ਹੋਇਆ ਵੀ ਹੈ। ਔਰਤ ਦਾ ਡਰਿਆ, ਸਹਿਮਿਆ, ਭੋਲਾ-ਭਾਲਾ, ਸ਼ਰਮੀਲਾ ਅਤੇ ਆਦਰਸ਼ ਸਰੂਪ ਸਮਕਾਲੀ ਪੰਜਾਬੀ ਕਹਾਣੀ ਦਾ ਵਿਸ਼ਾ ਨਹੀਂ ਹੈ। ਬੇਸ਼ੱਕ ਇਹਨਾਂ ਕਹਾਣੀਆਂ ਵਿੱਚ ਪੜ੍ਹੀ-ਲਿਖੀ ਔਰਤ ਦੇ ਵਧੇਰੇ ਫ਼ੈਸਲੇ ਅੱਜ ਵੀ ਪਿਤਰਕੀ ਸਿਸਟਮ ਦੇ ਹੱਥ ਵਿੱਚ ਹਨ, ਪਰ ਹੁਣ ਔਰਤ ਮਰਦ ਅੱਗੇ ਤਰਲੇ ਮਿੰਨਤਾਂ ਨਹੀਂ ਕਰਦੀ, ਸਗੋਂ ਸਥਿਤੀਆਂ-ਪਰਸਥਿਤੀਆਂ ਨਾਲ ਜੂਝਣ ਅਤੇ ਲੜਨ ਦੀ ਸ਼ਕਤੀ ਰੱਖਦੀ ਹੈ। ਸਮਕਾਲ ਵਿੱਚ ਸਦੀਆਂ ਤੋਂ ਬਣੀਆਂ ਔਰਤ ਵਿਰੋਧੀ ਮਿੱਥਾਂ, ਪੈਮਾਨੇ ਅਤੇ ਨੈਤਿਕਤਾ ਕਦਰਾਂ-ਕੀਮਤਾਂ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ, ਸਮਾਜਿਕ, ਆਰਥਿਕ, ਮਨੋਵਿਗਿਆਨ ਅਤੇ ਰਾਜਨੀਤਿਕ ਪੱਖ ਤੋਂ ਟੁੱਟ ਰਹੇ ਹਨ। ਭਾਵੇਂ ਕਹਾਣੀ ਵਿੱਚ ਔਰਤ ਇੱਕ ਸ਼ਕਤੀਸ਼ਾਲੀ ਪਾਤਰ ਵਜੋਂ ਸਾਹਮਣੇ ਆਉਂਦੀ ਹੈ, ਪਰ ਅਣਗਿਣਤ ਕਹਾਣੀਆਂ ਔਰਤ ਦੀ ਸ਼ਕਤੀ ਨੂੰ ਸਮਝੌਤਿਆਂ, ਸਮਰਪਣਾਂ, ਅਪ੍ਰਵਾਨਗੀਆਂ ਅਤੇ ਜਿਸਮੀ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਵੀ ਦਿਖਾਉਂਦੀਆਂ ਹਨ। ਇਹਨਾਂ ਕਹਾਣੀਕਾਰਾ ਨੇ ਆਪਣੀਆਂ ਕਹਾਣੀਆਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ, ਮਨੋਵਿਗਿਆਨ ਪੱਖ, ਧਾਰਮਿਕ ਪੱਖ, ਆਰਥਿਕ ਪੱਖ ਅਤੇ ਰਾਜਨੀਤਿਕ ਪੱਖ ਨੂੰ ਬੜੀ ਬੇਬਾਕੀ ਨਾਲ ਇੱਕੀਵੀਂ ਸਦੀ ਦੇ ਪਿਤਰਕੀ ਸਮਾਜ ਦੀ ਵਿਚਾਰਧਾਰਾ, ਔਰਤ ਦੀ ਨਿੱਜੀ ਸੋਚ, ਔਰਤ-ਮਰਦ ਦੇ ਲੁਕਵੇਂ ਅਤੇ ਵਰਜਿਤ

ਸੰਬੰਧਾਂ ਦੀ ਘੋਖਵੀਂ ਪੜਤਾਲ ਕਰਦਿਆਂ ਮਾਡਰਨ ਔਰਤ ਦਾ ਬੜਾ ਗੁੰਝਲਦਾਰ ਤੇ ਵਿਦਰੋਹੀ ਮਾਡਲ ਪੇਸ਼ ਕੀਤਾ ਹੈ।

ਦੂਜਾ ਅਧਿਆਇ "ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ (ਰਾਜਨੀਤਿਕ ਪੱਖ, ਸਮਾਜਿਕ ਪੱਖ, ਆਰਥਿਕ ਪੱਖ, ਧਾਰਮਿਕ ਪੱਖ, ਮਨੋਵਿਗਿਆਨਕ ਪੱਖ) ਹੈ। ਜਿਸ ਰਾਹੀਂ ਸੁਖਜੀਤ ਨੇ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ, ਸਮਾਜਿਕ, ਆਰਥਿਕ, ਧਾਰਮਿਕ ਅਤੇ ਮਨੋਵਿਗਿਆਨ ਪੱਖਾਂ ਨੂੰ ਸਮਕਾਲੀ ਸਮਾਜ ਵਿੱਚ ਪਾਖੰਡ-ਆਡੰਬਰ ਥੱਲੇ ਲੁਕੇ ਹੋਏ ਕਰੂਪ ਰੂਪ ਦੀ ਨਿਸ਼ਾਨਦੇਹੀ ਕੀਤੀ ਹੈ। ਇਹਨਾਂ ਪੱਖਾਂ ਦੇ ਆਧਾਰ ਤੇ ਕਹਾਣੀਆਂ ਵਿੱਚ ਕਾਮ ਦੇ ਅਨੇਕ ਰੂਪ ਦਿਖਾਈ ਦਿੰਦੇ ਹਨ ਜਿਨ੍ਹਾਂ ਵਿੱਚ ਪਵਿੱਤਰਤਾ ਦੀ ਹੱਦ ਤਕ ਪੂਜੇ ਜਾਂਦੇ ਰਿਸ਼ਤਿਆਂ-ਨਾਤਿਆਂ ਦੀ ਮਿੱਥ ਭੰਜਨ ਵਾਲੇ ਵਿਵਾਦਿਤ ਰੂਪ ਨੂੰ ਵੀ ਛੋਹਿਆ ਗਿਆ ਹੈ। ਇਸ ਤੋਂ ਇਲਾਵਾ ਰਾਜਨੀਤਿਕ ਭ੍ਰਿਸ਼ਟਾਚਾਰ, ਮਨੁੱਖੀ ਰਿਸ਼ਤਿਆਂ ਦੇ ਬਦਲਦੇ ਸਰੂਪ, ਔਰਤ ਮਨ ਦੀਆਂ ਗੁੰਝਲਾਂ ਅਤੇ ਪਰਤਾਂ ਆਦਿ ਵਿਸ਼ੇ ਸੱਭਿਆਚਾਰਕ ਰੂਪਾਂਤਰਨ ਵਜੋਂ ਕਹਾਣੀਆਂ ਰਾਹੀਂ ਬਾਖ਼ੂਬੀ ਪੇਸ਼ ਹੋਏ ਹਨ । ਸੁਖਜੀਤ ਦੀਆਂ ਕਹਾਣੀਆਂ ਭਾਵੇਂ ਕਾਮ, ਪਿਆਰ ਵਰਗੇ ਸਰਬਕਾਲੀ ਥੀਮ ਨਾਲ ਸੰਬੰਧਿਤ ਹੋਣ ਅਤੇ ਭਾਵੇਂ ਡੇਰਾ ਤੰਤਰ ਵਰਗੇ ਸਮਕਾਲੀ ਥੀਮ ਨਾਲ, ਇਹਨਾਂ ਦੇ ਫੋਕਸ ਵਿੱਚ ਅਣਮਨੁੱਖੀ ਵਿਵਹਾਰ ਹੀ ਰਹਿੰਦਾ ਹੈ। ਕਹਾਣੀਕਾਰ ਵਜੋਂ ਸੁਖਜੀਤ ਦੀ ਖਾਸੀਅਤ ਹੀ ਇਹ ਹੈ ਕਿ ਉਹ ਪਾਤਰ ਮਾਨਸਿਕਤਾ ਤੇ ਵਿਹਾਰ ਵਜੋਂ ਹੀ ਸਮਕਾਲੀ ਸੱਭਿਆਚਾਰਕ ਰੂਪਾਂਤਰਨ ਦੇ ਵੱਖਰੇ-ਵੱਖਰੇ ਪੱਖਾਂ ਤੋਂ ਵਿਵਸਥਾ ਵਿੱਚ ਆਈ ਗਿਰਾਵਟ ਦੇ ਰੂਬਰੂ ਕਰਵਾ ਦਿੰਦਾ ਹੈ।

ਤੀਜਾ ਅਧਿਆਇ "ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ (ਮਨੋਵਿਗਿਆਨ ਪੱਖ, ਸਮਾਜਿਕ ਪੱਖ, ਆਰਥਿਕ ਪੱਖ, ਧਾਰਮਿਕ ਪੱਖ, ਰਾਜਨੀਤਿਕ ਪੱਖ) ਵਿੱਚ ਵੀਨਾ ਵਰਮਾ ਨੇ ਔਰਤ ਮਰਦ ਦੇ ਵਿਆਹੁਤਾ ਅਤੇ ਬਾਹਰੀ ਲਿੰਗਕ ਸੰਬੰਧਾਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨ, ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਿਕ ਪੱਖਾਂ ਤੋਂ ਸੰਕੇਤਾਂ ਵਿੱਚ ਪ੍ਰਗਟ ਕਰਨ ਦੀ ਬਜਾਏ ਖੁੱਲ੍ਹ ਕੇ ਬਿਆਨਿਆ ਹੈ। ਵੀਨਾ ਵਰਮਾ 'ਮੁੱਲ ਦੀ ਤੀਵੀਂ' ਤੋਂ ਲੈ ਕੇ 'ਇੱਕ ਕੁੜੀ ਇਕੱਲੀ' ਤਕ ਦਾ

ਸਫ਼ਰ ਤੈਅ ਕਰਦੀ ਹੋਈ ਗ਼ੁਲਾਮ ਤੋਂ ਆਜ਼ਾਦ ਅਵਸਥਾ ਨੂੰ ਰੂਪਮਾਨ ਕਰਦੀ ਹੈ। ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਔਰਤ-ਮਰਦ ਦੀ ਮਾਨਸਿਕਤਾ, ਸੁਪਨੇ ਅਤੇ ਜ਼ਿੰਦਗੀ ਦੇ ਵਿਹਾਰਿਕ ਤੱਥਾਂ ਨੂੰ ਬਾਖ਼ੂਬੀ ਪੇਸ਼ ਕੀਤਾ ਹੈ। ਉਸ ਦੀਆਂ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਵਿਭਿੰਨ ਵਿਸਥਾਰਾਂ, ਪਾਸਾਰਾਂ, ਤਣਾਵਾਂ ਅਤੇ ਪਰਤਾਂ ਨੂੰ ਇੰਝ ਪੇਸ਼ ਕਰਦੀ ਹੈ ਜਿਵੇਂ ਹਰ ਕਹਾਣੀ ਵਿੱਚਲੀ ਪਾਤਰ ਉਹ ਖੁਦ ਹੋਵੇ ਅਤੇ ਹਰ ਸੰਕਟ ਉਸਨੇ ਖੁਦ ਹੰਢਾਇਆ ਹੋਵੇ ਤੇ ਹਰ ਖੁਸ਼ੀ ਨੂੰ ਖੁਦ ਮਾਣਿਆ ਹੋਵੇ। ਵੀਨਾ ਵਰਮਾ ਨੇ ਔਰਤ ਦੀ ਗੁਲਾਮੀ ਤੋਂ ਲੈ ਕੇ ਅਜੋਕੀ ਔਰਤ ਦੀ ਸਵੈ-ਚਿੰਤਨ ਨਾਲ ਉਤਪੰਨ ਹੋਈ ਸਵੈ-ਹੋਂਦ ਪ੍ਰਤੀ ਜਾਗਰੂਕਤਾ, ਆਰਥਿਕ-ਸਵੈ-ਨਿਰਭਰਤਾ, ਔਰਤ ਵਿਰੋਧੀ ਸੋਚ ਪ੍ਰਤੀ ਵਿਦਰੋਹ, ਮਾਨਸਿਕ ਅਤੇ ਸਰੀਰਕ ਆਜ਼ਾਦੀ, ਦੇਹਵਾਦੀ ਤੇ ਭੋਗਵਾਦੀ ਰੁਚੀਆਂ ਦਾ ਵਿਸਥਾਰ ਅਤੇ ਔਰਤ ਅੰਦਰਲੀ ਸਕਾਰਾਤਮਕ ਭਾਵੁਕਤਾ ਨੂੰ ਬੜੀ ਬਾਰੀਕੀ ਨਾਲ ਚਿਤਰਿਆ ਹੈ। ਵੀਨਾ ਵਰਮਾ ਨੇ ਸਮਾਜਿਕ ਪੱਖ ਤੋਂ ਇਸ ਤੱਥ ਨੂੰ ਸਪਸ਼ਟ ਕੀਤਾ ਹੈ ਕਿ ਮਰਦ ਨੈਤਿਕ ਕਦਰਾਂ-ਕੀਮਤਾਂ ਤੋਂ ਦੂਰ ਜਾਂਦਾ ਹੋਇਆ ਆਪਣੇ ਜੀਵਨ ਨੂੰ ਕਪਟੀ ਕਾਮੀ ਅਤੇ ਸੁਆਰਥੀ ਨਿਰਮੋਇਆ ਬਣਾ ਰਿਹਾ ਹੈ, ਕਿਉਂਕਿ ਉਸ ਦੀਆਂ ਕਹਾਣੀਆਂ ਵਿੱਚ ਔਰਤ ਕੇਂਦਰ ਬਿੰਦੂ ਵਜੋਂ ਭੂਮਿਕਾ ਨਿਭਾਉਂਦੀ ਹੈ, ਜਿਸਨੂੰ ਮਜਬੂਰੀ ਅਤੇ ਬੇਬਸੀ ਦੀ ਹਾਲਤ ਵਿੱਚ ਵੱਖ-ਵੱਖ ਮਰਦਾਂ ਨਾਲ ਪਿਆਰ ਕਰਕੇ ਜਿਨਸੀ ਰਿਸ਼ਤੇ ਕਾਇਮ ਕਰਨੇ ਪੈਂਦੇ ਹਨ। ਉਸ ਅਨੁਸਾਰ ਔਰਤ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਤਣਾਉ ਨੂੰ ਭੋਗਦੀ ਹੋਈ ਕਸੂਤੀ ਸਥਿਤੀ ਵਿੱਚ ਗੁਜ਼ਰਦੀ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਆਜ਼ਾਦੀ, ਜਿਨਸੀ ਰਿਸ਼ਤਿਆਂ ਵਿੱਚ ਖੁੱਲ੍ਹ, ਖੁੱਲ੍ਹਾਂ ਲਿੰਗਕ ਮਾਹੌਲ, ਜਗੀਰਦਾਰੀ ਕਦਰਾਂ-ਕੀਮਤਾਂ ਕਾਰਨ ਪਰਿਵਾਰਕ ਰਿਸ਼ਤੇ ਖੇਰੂੰ ਖੇਰੂੰ ਹੋ ਰਹੇ ਹਨ। ਵੀਨਾ ਵਰਮਾ ਦੀਆਂ ਕਹਾਣੀਆਂ ਵੀ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਵਜੋਂ ਔਰਤ-ਮਰਦ ਦੇ ਵਿਆਹ ਸੰਬੰਧ, ਬਾਹਰੀ ਸਰੀਰਕ ਸੰਬੰਧ ਅਤੇ ਹੋਰ ਅਨੇਕਾਂ ਸਮੱਸਿਆਵਾਂ ਦੁਆਰਾ ਉੱਭਰਦੀਆਂ ਹਨ। ਦੂਸਰੀਆਂ ਕਹਾਣੀਆਂ ਵਾਂਗ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਦੇ ਪ੍ਰਭਾਵ ਅਧੀਨ ਮਨੁੱਖ ਦੁਆਰਾ ਹਰ ਤਰ੍ਹਾਂ ਦੀਆਂ ਨੈਤਿਕ ਕਦਰਾਂ-ਕੀਮਤਾਂ ਅਤੇ ਸੰਸਕਾਰਾਂ ਨੂੰ ਪਦਾਰਥਕ ਵਸਤੂਆਂ ਜਾਂ ਪੂੰਜੀਵਾਦੀ ਖਪਤ

ਸੱਭਿਆਚਾਰ ਵਿੱਚ ਆ ਕੇ ਖੁੱਲ੍ਹ ਕੇ ਅੱਯਾਸ਼ੀ ਮਾਣਦੇ ਹਨ।

ਚੌਥਾ ਅਧਿਆਇ "ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਤੁਲਨਾਤਮਕ ਅਧਿਐਨ (ਰਾਜਨੀਤਿਕ ਪੱਖ, ਧਾਰਮਿਕ ਪੱਖ, ਆਰਥਿਕ ਪੱਖ, ਸਮਾਜਿਕ ਪੱਖ, ਮਨੋਵਿਗਿਆਨਕ ਪੱਖ) ਵਿੱਚ ਦੋਨੋਂ ਕਹਾਣੀਕਾਰਾਂ ਨੇ ਆਪਣੇ ਜੀਵਨ ਅਨੁਭਵ ਦੀ ਬਹੁ-ਪਾਸਾਰੀ ਹੋਂਦ ਅਵਸਥਾ ਨੂੰ ਗਲਪੀ ਬਿਰਤਾਂਤ ਦੇ ਕਲਾਤਮਕ ਸੰਗਠਨ ਵਿੱਚ ਢਾਲ ਕੇ ਸਮਕਾਲੀ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਵਿਸ਼ੇਸ਼ ਤੇ ਵਿਲੱਖਣ ਤੌਰ 'ਤੇ ਚਰਚਾ ਯੋਗ ਥਾਂ ਬਣਾ ਲਈ ਹੈ। ਇਹਨਾਂ ਨੇ ਆਪਣੀਆਂ ਗਲਪ ਰਚਨਾਵਾਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਦੇ ਪੱਖ ਤੋਂ ਰਾਜਨੀਤਿਕ, ਧਾਰਮਿਕ, ਆਰਥਿਕ, ਸਮਾਜਿਕ, ਮਨੋਵਿਗਿਆਨਕ ਮਾਨਵੀ ਸਰੋਕਾਰਾਂ ਦੀ ਪਹਿਚਾਣ ਤੇ ਪ੍ਰਸਤੁਤੀ ਕਰਕੇ ਸਮਕਾਲੀ ਪੰਜਾਬੀ ਕਹਾਣੀ ਨੂੰ ਅਮੀਰ ਹੀ ਨਹੀਂ ਬਣਾਇਆ, ਸਗੋਂ ਮੂਲ ਸਮੱਸਿਆਵਾਂ ਦੀ ਪਹਿਚਾਣ ਪ੍ਰਦਾਨ ਕਰਨ ਦਾ ਉੱਦਮ ਕੀਤਾ ਹੈ। ਸੁਖਜੀਤ ਤੇ ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਔਰਤ ਮਰਦ ਦੇ ਵਿਆਹੁਤਾ ਜੀਵਨ ਦੀ ਤਰਾਸਦੀ, ਬਾਹਰੀ ਲਿੰਗਕ ਸੰਬੰਧ, ਅਣਜੋੜ-ਵਿਆਹ ਸੰਬੰਧ, ਪਦਾਰਥਕ ਸੋਚ, ਸਮਝ ਅਤੇ ਪੂੰਜੀਵਾਦ ਦੇ ਬੋਲ-ਬਾਲੇ ਆਦਿ ਨੂੰ ਆਪਣੇ ਨਿੱਜੀ ਅਨੁਭਵਾਂ ਦੇ ਆਧਾਰ 'ਤੇ ਸਮਾਨਤਾਵਾਂ ਅਤੇ ਵੱਖਰਤਾਵਾਂ ਤੋਂ ਬਿਆਨ ਕੀਤਾ ਹੈ ਜਿਵੇਂ ਕਿ ਸੁਖਜੀਤ ਦੀਆਂ ਕਹਾਣੀਆਂ 'ਆਦਮਖ਼ੋਰ', 'ਹੁਣ ਮੈ ਇੰਜੁਆਏ ਕਰਦੀ ਆਂ' ਅਤੇ 'ਪਾਤਸ਼ਾਹ', ਨੌਂ ਯੁੱਗ, ਕਾਮ-ਬਲੀ ਆਦਿ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਦੂਜੀ ਨਾ ਤੀਜੀ, 'ਛੋਟੀ ਸਰਦਾਰਨੀ' ਅਤੇ 'ਹੋਰ ਉੱਪਰ' ਆਦਿ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਤੋਂ ਧਾਰਮਿਕ ਪੱਖ ਨੂੰ ਸਥਾਨਕ ਡੇਰਿਆਂ, ਪਾਖੰਡੀ ਸਾਧੂ-ਸੰਤਾਂ ਤੇ ਮਨੁੱਖੀ ਸਮੂਹ ਦੀ ਅੰਨ੍ਹੀ ਸ਼ਰਧਾ ਨੂੰ ਉਭਾਰਿਆ ਹੈ। ਸੁਖਜੀਤ ਦੀਆਂ ਕਹਾਣੀਆਂ 'ਸਤਾਈ ਮੀਲ', ਆਦਮਖ਼ੋਰ, ਪਾਤਸ਼ਾਹ, ਹੁਣ ਮੈਂ ਇੰਜੁਆਏ ਕਰਦੀ ਆਂ' ਆਦਿ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਪਿਛਲਾ ਦਰਵਾਜ਼ਾ', 'ਦੂਜੀ ਨਾ ਤੀਜੀ', 'ਇੱਕ ਸੀ ਮੈਂ' , ਗੋਲੇ ਕਬੂਤਰ ਅਤੇ 'ਫਰੰਗੀਆਂ ਦੀ ਨੂੰਹ' ਆਦਿ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਭ੍ਰਿਸ਼ਟ ਸਿਆਸੀ ਸਿਸਟਮ, ਮਰਦ ਜਾਤੀ ਵੱਲੋਂ ਔਰਤ ਉੱਪਰ ਹੁੰਦੇ ਜ਼ਬਰ-ਜ਼ੁਲਮ ਅਤੇ ਗ਼ੈਰ-ਕਾਨੂੰਨ ਦੀ

ਵਰਤੋਂ ਉੱਤੇ ਕਰੜਾ ਵਿਅੰਗ ਕਰਦੀਆਂ ਹਨ। ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਮੌਜੂਦਾ ਸਿਆਸੀ ਸਿਸਟਮ ਨੂੰ ਚਲਾਉਣ ਵਾਲੀਆਂ ਸ਼ਕਤੀਆਂ ਨੂੰ ਪਛਾਣਦੀਆਂ ਹੋਈ ਉਹਨਾਂ ਤੋਂ ਪਰਦਾ ਉਤਾਰਦੀਆਂ ਹਨ। ਇਹ ਦਿਨੋਂ-ਦਿਨ ਸਿਆਸਤ ਦੇ ਹੋ ਰਹੇ ਅਪਰਾਧੀਕਰਨ, ਮਰਦ ਵੱਲੋਂ ਔਰਤ ਉੱਪਰ ਕੀਤੇ ਜਾ ਰਹੇ ਜ਼ਬਰ-ਜ਼ੁਲਮ ਆਦਿ ਦੇ ਮਸਲਿਆਂ ਨੂੰ ਸਮਾਨਤਾਵਾਂ ਦੇ ਪੱਖ ਤੋਂ ਉਭਾਰਦੀਆਂ ਹਨ। ਉਪਰੋਕਤ ਰੂਪ ਵਿੱਚ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਭਾਵੇਂ ਕਾਮ-ਤ੍ਰਿਪਤੀ, ਅਤ੍ਰਿਪਤੀ, ਪ੍ਰੇਮ-ਪਿਆਰ ਵਰਗੇ ਸਰਬਕਾਲੀ ਥੀਮ ਨਾਲ ਸੰਬੰਧਿਤ ਹੋਣ ਅਤੇ ਭਾਵੇਂ ਡੇਰਾ ਤੰਤਰ, ਦੰਭਵਾਦੀ ਪ੍ਰਵਿਰਤੀਮੂਲਕ ਵਰਗੇ ਥੀਮ ਨਾਲ ਸੰਬੰਧਿਤ ਹਨ, ਕਿਉਂਕਿ ਸੁਖਜੀਤ ਅਤੇ ਵੀਨਾ ਵਰਮਾ ਦੀ ਕਹਾਣੀਆਂ ਵਿੱਚ ਸਮਾਨਤਾਵਾਂ ਅਤੇ ਵੱਖਰਤਾਵਾਂ ਦੇ ਆਧਾਰ ਤੇ ਪਤੀ-ਪਤਨੀ ਵਿੱਚ ਅਤੇ ਦੰਭਵਾਦੀ, ਪਾਖੰਡੀ ਸਾਧੂ, ਸੰਤਾਂ ਦੀ ਕਾਮ-ਪੂਰਤੀ ਦੇ ਅਨੇਕਾਂ ਰੂਪ ਉੱਭਰੇ ਹਨ, ਜਿਨ੍ਹਾਂ ਵਿੱਚ ਪਵਿੱਤਰਤਾ ਦੀ ਹੱਦ ਤਕ ਪੂਜੇ ਜਾਂਦੇ ਰਿਸ਼ਤਿਆਂ-ਨਾਤਿਆਂ ਦੀ ਮਿੱਥ ਭੰਜਨ ਵਾਲੇ ਵਿਵਾਦਿਤ ਰੂਪ ਨੂੰ ਵੀ ਛੋਹਿਆ ਗਿਆ ਹੈ।

ਪੰਜਵਾਂ ਅਧਿਆਇ "ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਨਾਲ ਤੁਲਨਾਤਮਕ ਅਧਿਐਨ: (ਵੀਨਾ ਵਰਮਾ ਅਤੇ ਸੁਖਜੀਤ ਦੀਆਂ ਕਹਾਣੀਆਂ ਦੇ ਸੰਦਰਭ ਵਿੱਚ) ਇਸ ਅਧਿਆਇ ਵਿੱਚ ਵੀਨਾ ਵਰਮਾ ਅਤੇ ਸੁਖਜੀਤ ਨੇ ਆਪਣੀਆਂ ਕਹਾਣੀਆਂ ਵਿੱਚ ਗ੍ਰਹਿਸਤ ਸੰਬੰਧ, ਔਰਤ-ਮਰਦ ਸੰਬੰਧ, ਮਰਦ ਦੀ ਔਰਤ ਪ੍ਰਤੀ ਕਬਜ਼ੇ ਦੀ ਭਾਵਨਾ, ਪੰਜਾਬ ਦੀ ਸਮੱਸਿਆ, ਔਰਤ-ਮਰਦ ਦਾ ਸੰਕਲਪ, ਮਾਂ ਦਾ ਆਪਣੀ ਔਲਾਦ ਪ੍ਰਤੀ ਪਿਆਰ ਤੇ ਪੀੜਾ ਦਾ ਸੰਕਲਪ, ਔਰਤ ਦੇ ਸੰਤਾਪ, ਨੈਤਿਕ ਚੁੱਪ, ਦਮਨ ਅਤੇ ਔਰਤ-ਮਰਦ ਦੇ ਜਿਨਸੀ ਸੰਬੰਧ ਆਦਿ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਦੀ ਪੇਸ਼ਕਾਰੀ ਦੁਆਰਾ ਸਮਾਨਤਾਵਾਂ ਅਤੇ ਵੱਖਰਤਾਵਾਂ ਤੋਂ ਉਭਾਰਿਆ ਹੈ। ਇਹਨਾਂ ਦੀਆਂ ਕਹਾਣੀਆਂ ਜਿੱਥੇ ਔਰਤ-ਮਰਦ ਦੇ ਮਨ ਦੀਆਂ ਤੰਦਾਂ ਨੂੰ ਫਰੋਲਦੀਆਂ ਮਿੱਥ ਤੇ ਇਤਿਹਾਸਕ ਸੰਕੇਤਾਂ ਦੇ ਸਮਕਾਲੀ/ਆਧੁਨਿਕ ਅਰਥਾਂ ਵੱਲ ਸੰਕੇਤ ਕਰਦੀਆਂ ਹਨ, ਉੱਥੇ ਨਾਲ ਹੀ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥਕ ਰੂਪ ਨੂੰ ਸਮਾਨਤਾਵਾਂ ਅਤੇ ਵੱਖਰਤਾਵਾਂ ਦੇ ਪੱਖ ਤੋਂ ਨਵੇਂ ਅਰਥ ਸੰਸਾਰ ਦੀ ਸਿਰਜਣਾ ਵੀ

ਕਰਦੀਆਂ ਹਨ। ਜਿਵੇਂ ਕਿ  ਪਰੰਪਰਾਗਤ ਰਹੁ-ਰੀਤਾਂ ਅਧੀਨ ਵਿਚਰਦੇ ਔਰਤ-ਮਰਦ ਦਾ ਸੰਘਰਸ਼, ਭ੍ਰਿਸ਼ਟਾਚਾਰ, ਦੰਭਵਾਦ, ਸ਼ੋਸ਼ਣ, ਸ਼ੋਸ਼ਕ ਤੇ ਆਪਸੀ ਟਕਰਾਅ ਦਾ ਪਰਦਾਫਾਸ਼, ਔਰਤ-ਮਰਦ ਦੀਆਂ ਪਰਿਵਾਰਕ ਸਮੱਸਿਆਵਾਂ ਦੀ ਪੇਸ਼ਕਾਰੀ, ਇਕੱਲਤਾ, ਬੇਗਾਨਗੀ, ਜਾਤ, ਗੋਤ ਅਧੀਨ ਵਿਚਰਦੇ ਔਰਤ-ਮਰਦ ਦੀ ਵਿਅਕਤੀਗਤ ਹੋਂਦ ਨੂੰ  ਯਥਾਰਥ ਪੱਖ ਤੋਂ ਸਮਾਨਤਾਵਾਂ ਅਤੇ ਵੱਖਰਤਾਵਾਂ ਵਜੋਂ ਉਭਾਰ ਕੇ ਸਾਹਮਣੇ ਲਿਆਂਦਾ ਹੈ।

# ਅਧਿਆਇ - ਪਹਿਲਾ

## ਸਿਧਾਂਤਕ ਪਿੱਠ ਭੂਮੀ

# ਸਿਧਾਂਤਕ ਪਿੱਠ ਭੂਮੀ

1.1 ਭੂਮਿਕਾ

1.2 ਵਿਸ਼ੇ ਨਾਲ ਜਾਣ ਪਛਾਣ

1.3 ਖੋਜ ਕਾਰਜ ਦੀ ਸਾਰਥਕਤਾ

1.4 ਪੂਰਵ ਖੋਜ ਕਾਰਜ

1.5 ਖੋਜ ਦੇ ਉਦੇਸ਼

1.6 ਖੋਜ ਵਿਧੀਆਂ

1.7 ਕਹਾਣੀ: ਪੰਜਾਬੀ ਕਹਾਣੀ, ਪਰਵਾਸੀ ਕਹਾਣੀ ਅਤੇ ਸਮਕਾਲੀ ਕਹਾਣੀ

1.8 ਸੱਭਿਆਚਾਰ: ਭਾਵ ਅਰਥ, ਸੱਭਿਆਚਾਰਕ ਰੂਪਾਂਤਰਨ ਦੇ ਭਾਵ ਅਰਥ ਅਤੇ ਸੱਭਿਆਚਾਰਕ ਰੂਪਾਂਤਰਨ ਦੇ ਕਾਰਨ ਅਤੇ ਸੱਭਿਆਚਾਰਕ ਰੂਪਾਂਤਰਨ ਦੇ ਪੱਖ

**1.1. ਭੂਮਿਕਾ**

ਪ੍ਰਸਤੁਤ ਖੋਜ ਕਾਰਜ ਦਾ ਵਿਸ਼ਾ "**ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ (ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਸੰਦਰਭ 'ਚ)** ਹੈ। ਸਮਕਾਲੀ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਬਹੁਤ ਸਾਰੇ ਕਹਾਣੀਕਾਰ ਕਾਰਜਸ਼ੀਲ ਹਨ। ਪਰੰਤੂ ਅਸੀਂ ਆਪਣੇ ਖੋਜ-ਕਾਰਜ ਦੀਆਂ ਸੀਮਾਵਾਂ ਨੂੰ ਉਲੀਕਦੇ ਹੋਏ ਇਸਨੂੰ ਦੋ ਕਹਾਣੀਕਾਰਾਂ-ਸੁਖਜੀਤ ਤੇ ਵੀਨਾ ਵਰਮਾ ਉੱਤੇ ਕੇਂਦਰਿਤ ਕੀਤਾ ਹੈ। ਸਮਕਾਲੀ ਪੰਜਾਬੀ ਕਹਾਣੀਕਾਰਾਂ ਵਿੱਚ ਸੁਖਜੀਤ ਤੇ ਵੀਨਾ ਵਰਮਾ ਦਾ ਆਪਣਾ ਉੱਘਾ ਸਥਾਨ ਰੱਖਦੇ ਹਨ। ਉਹਨਾਂ ਨੇ ਕਹਾਣੀ ਜਗਤ ਵਿੱਚ ਆਪਣਾ ਵਡਮੁੱਲਾ ਯੋਗਦਾਨ ਦਿੱਤਾ ਹੈ। ਸਮਕਾਲੀ ਪੰਜਾਬੀ ਕਹਾਣੀ ਦਾ ਸਮੁੱਚਾ ਧਰਾਤਲ ਹੀ ਔਰਤ-ਮਰਦ ਦੀ ਹੀਣੀ ਸਥਿਤੀ ਵਾਲੇ ਸੰਸਕਾਰਾਂ ਨੂੰ ਤਿਆਗਦਾ, ਵੰਗਾਰਦਾ ਅਤੇ ਪਿੱਛੇ ਛੱਡਦਾ ਹੋਇਆ ਨਵੀਂ ਸਪੇਸ ਦੀ ਮੰਗ ਨੂੰ ਉਤੇਜਿਤ ਕਰ ਰਿਹਾ ਹੈ। ਸਮਕਾਲ ਵਿੱਚ ਔਰਤ ਦਾ ਸਰੂਪ ਜਿੱਥੇ ਅਸੁਰੱਖਿਅਤ, ਅਸ਼ਾਂਤ ਅਤੇ ਸੁੰਗੜਿਆ ਹੋਇਆ ਹੈ, ਉੱਥੇ ਪਹਿਲਾਂ ਨਾਲੋਂ ਸੱਭਿਆਚਾਰਕ ਰੂਪਾਂਤਰਨ

ਦੇ ਸਮਾਜਿਕ, ਧਾਰਮਿਕ, ਆਰਥਿਕ, ਮਨੋਵਿਗਿਆਨ ਅਤੇ ਰਾਜਨੀਤਿਕ ਪੱਖਾਂ ਤੋਂ ਬਦਲਿਆ ਅਤੇ ਵਿਗੜਿਆ ਹੋਇਆ ਵੀ ਹੈ। ਸਿਰਫ ਔਰਤ ਦਾ ਡਰਿਆ, ਸਹਿਮਿਆ, ਭੋਲਾ-ਭਾਲਾ, ਸ਼ਰਮੀਲਾ ਅਤੇ ਆਦਰਸ਼ ਸਰੂਪ ਹੀ ਸਮਕਾਲੀ ਪੰਜਾਬੀ ਕਹਾਣੀ ਦਾ ਵਿਸ਼ਾ ਨਹੀਂ ਹੈ। ਬੇਸ਼ੱਕ ਇਹਨਾਂ ਕਹਾਣੀਆਂ ਵਿੱਚ ਪੜ੍ਹੀ-ਲਿਖੀ ਔਰਤ ਦੇ ਵਧੇਰੇ ਫ਼ੈਸਲੇ ਅੱਜ ਵੀ ਪਿਤਰਕੀ ਸਿਸਟਮ ਦੇ ਹੱਥ ਵਿੱਚ ਹਨ, ਪਰ ਹੁਣ ਔਰਤ ਮਰਦ ਅੱਗੇ ਤਰਲੇ ਮਿੰਨਤਾਂ ਨਹੀਂ ਕਰਦੀ, ਸਗੋਂ ਸਥਿਤੀਆਂ-ਪਰਿਸਥਿਤੀਆਂ ਨਾਲ ਜੂਝਣ ਅਤੇ ਲੜਨ ਦੀ ਸ਼ਕਤੀ ਰੱਖਦੀ ਹੈ। ਸਮਕਾਲ ਵਿੱਚ ਸਦੀਆਂ ਤੋਂ ਬਣੀਆਂ ਔਰਤ ਵਿਰੋਧੀ ਮਿੱਥਾਂ, ਪੈਮਾਨੇ ਅਤੇ ਨੈਤਿਕਤਾ ਕਦਰਾਂ-ਕੀਮਤਾਂ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ, ਸਮਾਜਿਕ, ਆਰਥਿਕ, ਮਨੋਵਿਗਿਆਨ ਅਤੇ ਰਾਜਨੀਤਿਕ ਪੱਖ ਤੋਂ ਟੁੱਟ ਰਹੇ ਹਨ। ਭਾਵੇਂ ਕਹਾਣੀ ਵਿੱਚ ਔਰਤ ਇੱਕ ਸ਼ਕਤੀਸ਼ਾਲੀ ਪਾਤਰ ਵਜੋਂ ਸਾਹਮਣੇ ਆਉਂਦੀ ਹੈ, ਪਰ ਅਣਗਿਣਤ ਕਹਾਣੀਆਂ ਔਰਤ ਦੀ ਸ਼ਕਤੀ ਨੂੰ ਸਮਝੌਤਿਆਂ, ਸਮਰਪਣਾਂ, ਅਪ੍ਰਵਾਨਗੀਆਂ ਅਤੇ ਜਿਸਮੀ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਵੀ ਦਿਖਾਉਂਦੀਆਂ ਹਨ। ਇਹਨਾਂ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ, ਮਨੋਵਿਗਿਆਨ ਪੱਖ, ਧਾਰਮਿਕ ਪੱਖ, ਆਰਥਿਕ ਪੱਖ ਅਤੇ ਰਾਜਨੀਤਿਕ ਪੱਖ ਨੂੰ ਬੜੀ ਬੇਬਾਕੀ ਨਾਲ ਇੱਕੀਵੀਂ ਸਦੀ ਦੇ ਪਿਤਰਕੀ ਸਮਾਜ ਦੀ ਵਿਚਾਰਧਾਰਾ, ਔਰਤ ਦੀ ਨਿੱਜੀ ਸੋਚ, ਔਰਤ-ਮਰਦ ਦੇ ਲੁਕਵੇਂ ਅਤੇ ਵਰਜਿਤ ਸੰਬੰਧਾਂ ਦੀ ਘੋਖਵੀਂ ਪੜਤਾਲ ਕਰਦਿਆਂ ਮਾਡਰਨ ਔਰਤ ਦਾ ਬੜਾ ਗੁੰਝਲਦਾਰ ਤੇ ਵਿਦਰੋਹੀ ਮਾਡਲ ਪੇਸ਼ ਕੀਤਾ ਹੈ। ਇੱਕ ਪਾਸੇ ਸੁਖਜੀਤ ਤੇ ਵੀਨਾ ਵਰਮਾ ਔਰਤ ਨੂੰ ਮਰਦ ਤੋਂ ਵਧੇਰੇ ਸ਼ਕਤੀਸ਼ਾਲੀ ਅਤੇ ਦਲੇਰ ਦਿਖਾਉਂਦੇ ਹਨ ਅਤੇ ਦੂਜੇ ਪਾਸੇ ਦੱਸਦੇ ਹਨ ਕਿ ਔਰਤ ਦਾ ਸਥਾਨ ਰਖੇਲ, ਵੇਸਵਾ ਅਤੇ ਵਸਤੂ ਤੋਂ ਵੱਧ ਕੁਝ ਵੀ ਨਹੀਂ ਹੈ। ਉਹਨਾਂ ਦੀਆਂ ਕਹਾਣੀਆਂ ਵਿੱਚ ਔਰਤ-ਮਰਦ ਪਾਤਰ ਬਾਹਰੋਂ ਭਾਵੇਂ ਪਰੰਪਰਿਕ ਭਾਂਤ ਜਾਪਦੇ ਹਨ, ਪਰੰਤੂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ, ਧਾਰਮਿਕ, ਆਰਥਿਕ, ਮਨੋਵਿਗਿਆਨ ਅਤੇ ਰਾਜਨੀਤਿਕ ਪੱਖਾਂ ਤੋਂ ਇੱਕ ਤੋਂ ਵੱਧ ਸਰੀਰਕ ਸੰਬੰਧ ਬਣਾਉਣ ਵਿੱਚ ਰੁਚਿਤ ਹਨ। ਸੁਖਜੀਤ ਤੇ ਵੀਨਾ ਵਰਮਾ ਔਰਤ-ਮਰਦ ਦੀ ਅਜਿਹੀ ਸਥਿਤੀ-ਪ੍ਰਸਥਿਤੀ ਨੂੰ ਸੱਚ ਵਾਂਗ ਪੇਸ਼ ਨਹੀਂ ਕਰਦੇ, ਸਗੋਂ ਇਸ ਵਿੱਚ ਵੀ ਔਰਤ ਸ਼ਕਤੀ

ਦਿਖਾਉਂਦੇ ਜਾਪਦੇ ਹਨ। ਖੋਜ-ਪ੍ਰਬੰਧ ਨੂੰ ਪੰਜ ਅਧਿਆਇਆਂ ਵਿੱਚ ਵੰਡਿਆ ਗਿਆ ਹੈ। ਖੋਜ-ਪ੍ਰਬੰਧ ਦਾ ਪਹਿਲਾ ਅਧਿਆਇ ਸਿਧਾਂਤਕ ਪਿੱਠ-ਭੂਮੀ ਹੈ। ਇਸ ਅਧਿਆਇ ਵਿੱਚ ਭੂਮਿਕਾ, ਵਿਸ਼ੇ ਨਾਲ ਜਾਣ ਪਛਾਣ, ਖੋਜ ਦੀ ਸਾਰਥਕਤਾ,ਖੋਜ ਦੇ ਉਦੇਸ਼, ਖੋਜ ਵਿਧੀਆਂ, ਪੰਜਾਬੀ ਕਹਾਣੀ, ਸੱਭਿਆਚਾਰ : ਪਰਿਭਾਸ਼ਾ, ਸੰਕਲਪ ਅਤੇ ਸਰੂਪ ਸੰਬੰਧੀ ਸਿਧਾਂਤਕ ਪਿੱਠ-ਭੂਮੀ ਦੇ ਪੱਖ ਤੋਂ ਖੁੱਲ ਕੇ ਚਰਚਾ ਕੀਤੀ ਗਈ ਹੈ। ਖੋਜ-ਕਾਰਜ ਦਾ ਦੂਜਾ ਅਧਿਆਇ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ (ਰਾਜਨੀਤਿਕ ਪੱਖ, ਧਾਰਮਿਕ ਪੱਖ, ਆਰਥਿਕ ਪੱਖ, ਸਮਾਜਿਕ ਪੱਖ, ਮਨੋਵਿਗਿਆਨਕ ਪੱਖ) ਦੀ ਖੁੱਲ ਕੇ ਚਰਚਾ ਕੀਤੀ ਗਈ ਹੈ। ਖੋਜ-ਕਾਰਜ ਦਾ ਤੀਜਾ ਅਧਿਆਇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ (ਰਾਜਨੀਤਿਕ ਪੱਖ, ਧਾਰਮਿਕ ਪੱਖ, ਆਰਥਿਕ ਪੱਖ, ਸਮਾਜਿਕ ਪੱਖ, ਮਨੋਵਿਗਿਆਨਕ ਪੱਖ) ਨੂੰ ਸਪਸ਼ਟ ਕੀਤਾ ਗਿਆ ਹੈ। ਖੋਜ ਕਾਰਜ ਦਾ ਚੌਥਾ ਅਧਿਆਇ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਚ ਪੇਸ਼ ਸੱਭਿਆਚਾਰ ਦਾ ਤੁਲਨਾਤਮਕ ਅਧਿਐਨ (ਰਾਜਨੀਤਿਕ ਪੱਖ, ਧਾਰਮਿਕ ਪੱਖ, ਆਰਥਿਕ ਪੱਖ, ਸਮਾਜਿਕ ਪੱਖ, ਮਨੋਵਿਗਿਆਨਕ ਪੱਖ) ਤੋਂ ਸਥਿਤੀਆਂ-ਪਰਿਸਥਿਤੀਆਂ ਦਾ ਵਰਣਨ ਕੀਤਾ ਗਿਆ ਹੈ। ਖੋਜ-ਕਾਰਜ ਦੇ ਪੰਜਵੇਂ ਅਧਿਆਇ ਵਿੱਚ ਸਮਾਜਿਕ ਯਥਾਰਥ ਤੇ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। ਅੰਤ ਵਿੱਚ ਸਥਾਪਨਾਵਾਂ ਅਤੇ ਸਿੱਟੇ ਕੱਢੇ ਗਏ ਹਨ।

**1.2. ਵਿਸ਼ੇ ਨਾਲ ਜਾਣ-ਪਛਾਣ:**

ਹਥਲੇ ਖੋਜ-ਕਾਰਜ ਦਾ ਵਿਸ਼ਾ "ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ : ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਸੰਦਰਭ 'ਚ। ਸੋ ਖੋਜ-ਕਾਰਜ ਨੂੰ ਮੂਲ ਤੌਰ 'ਤੇ ਪੰਜ ਅਧਿਆਇ ਵਿੱਚ ਵੰਡਿਆਂ ਗਿਆ ਹੈ। ਜਿਨ੍ਹਾਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਪੇਸ਼ ਹੈ:

- **ਅਧਿਆਇ ਪਹਿਲਾ : ਸਿਧਾਂਤਕ ਪਿੱਠ ਭੂਮੀ**

1.1. ਭੂਮਿਕਾ

1.2. ਵਿਸ਼ੇ ਨਾਲ ਜਾਣ-ਪਛਾਣ

1.3. ਖੋਜ ਕਾਰਜ ਦੀ ਸਾਰਥਿਕਤਾ

1.4. ਪੂਰਵ ਖੋਜ ਕਾਰਜ

1.5. ਖੋਜ ਦੇ ਉਦੇਸ਼

1.6. ਖੋਜ ਵਿਧੀਆਂ

1.7. ਕਹਾਣੀ: ਪੰਜਾਬੀ ਕਹਾਣੀ, ਪਰਵਾਸੀ ਕਹਾਣੀ ਅਤੇ ਸਮਕਾਲੀ ਕਹਾਣੀ

1.8. ਸੱਭਿਆਚਾਰ: ਭਾਵ ਅਰਥ, ਸੱਭਿਆਚਾਰਕ ਰੂਪਾਂਤਰਨ ਦੇ ਭਾਵ ਅਰਥ ਅਤੇ ਸੱਭਿਆਚਾਰਕ ਰੂਪਾਂਤਰਨ ਦੇ ਕਾਰਨ ਅਤੇ ਸੱਭਿਆਚਾਰਕ ਰੂਪਾਂਤਰਨ ਦੇ ਪੱਖ

- **ਅਧਿਆਇ ਦੂਜਾ** :

  ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ

  (ਰਾਜਨੀਤਿਕ ਪੱਖ, ਧਾਰਮਿਕ ਪੱਖ, ਆਰਥਿਕ ਪੱਖ, ਸਮਾਜਿਕ ਪੱਖ, ਮਨੋਵਿਗਿਆਨਕ ਪੱਖ)

- **ਅਧਿਆਇ ਤੀਜਾ**:

  ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰ

  (ਰਾਜਨੀਤਿਕ ਪੱਖ, ਧਾਰਮਿਕ ਪੱਖ, ਆਰਥਿਕ ਪੱਖ, ਸਮਾਜਿਕ ਪੱਖ, ਮਨੋਵਿਗਿਆਨਕ ਪੱਖ)

- **ਅਧਿਆਇ ਚੌਥਾ**:

  ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਤੁਲਨਾਤਮਕ ਅਧਿਐਨ

  (ਰਾਜਨੀਤਿਕ ਪੱਖ, ਧਾਰਮਿਕ ਪੱਖ, ਆਰਥਿਕ ਪੱਖ, ਸਮਾਜਿਕ ਪੱਖ, ਮਨੋਵਿਗਿਆਨਕ ਪੱਖ)

- **ਅਧਿਆਇ ਪੰਜਵਾਂ**:

  ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਨਾਲ

ਤੁਲਨਾਤਮਕ ਅਧਿਐਨ: (ਸੁਖਜੀਤ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਸੰਦਰਭ ਵਿੱਚ)

- ਸਿੱਟਾ ਤੇ ਸਥਾਪਨਾਵਾਂ
- ਸਹਾਇਕ ਪੁਸਤਕ ਸੂਚੀ

1.3. **ਖੋਜ-ਕਾਰਜ ਦੀ ਸਾਰਥਕਤਾ**: ਪ੍ਰਸਤਾਵਿਤ ਖੋਜ ਵਿੱਚ ਸੱਭਿਆਚਾਰਕ ਰੂਪਾਂਤਰਨ ਦ੍ਰਿਸ਼ਟੀ ਤੋਂ ਸਮਕਾਲੀ ਪੰਜਾਬੀ ਕਹਾਣੀ ਦਾ ਅਧਿਐਨ (ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਸੰਦਰਭ 'ਚ) ਕੀਤਾ ਗਿਆ ਹੈ। ਸੱਭਿਆਚਾਰਕ ਰੂਪਾਂਤਰਨ ਇੱਕ ਵਿਸ਼ਾਲ ਦਾਇਰਾ ਹੈ। ਇਸ ਦੇ ਅੰਤਰਗਤ ਮਨੁੱਖੀ ਸਮਾਜ ਦੀਆਂ ਕੁੱਲ ਸੰਸਥਾਵਾਂ ਅਤੇ ਨੈਤਿਕ ਕਦਰਾਂ-ਕੀਮਤਾਂ ਸ਼ਾਮਲ ਹਨ। ਇਸ ਖੋਜ-ਕਾਰਜ ਵਿੱਚ ਸਮਕਾਲੀ ਪੰਜਾਬੀ ਕਹਾਣੀ ਦਾ ਸੱਭਿਆਚਾਰਕ ਰੂਪਾਂਤਰਨ (ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਸੰਦਰਭ 'ਚ) ਦੇ ਸਦਕਾ ਸਮਕਾਲੀ ਸਮਾਜ ਵਿੱਚ ਬਦਲ ਰਹੇ ਮਨੁੱਖੀ ਰਿਸ਼ਤਿਆਂ-ਨਾਤਿਆਂ ,ਸੋਚ ਤੇ ਨੈਤਿਕ ਕਦਰਾਂ-ਕੀਮਤਾਂ ਨੂੰ ਸਮਾਜਿਕ, ਧਾਰਮਿਕ, ਆਰਥਿਕ, ਮਨੋਵਿਗਿਆਨ ਅਤੇ ਰਾਜਨੀਤਿਕ ਪੱਖਾਂ ਤੋਂ ਸਮਝਣ, ਵਿਚਾਰਨ ਅਤੇ ਘੋਖਣ ਦਾ ਇੱਕ ਯਤਨ ਕੀਤਾ ਗਿਆ ਹੈ। ਇਸ

ਯਤਨ ਰਾਹੀਂ ਸੱਭਿਆਚਾਰ ਭਾਵ ਅਰਥ, ਪੱਖ ਅਤੇ ਸੱਭਿਆਚਾਰਕ ਰੂਪਾਂਤਰਨ ਦੇ ਕਾਰਨ, ਭਾਵ ਅਰਥ ਤੇ ਪੱਖਾਂ ਆਦਿ ਨੂੰ ਸਮਝਿਆ, ਘੋਖਿਆ ਅਤੇ ਵਿਚਾਰਿਆ ਗਿਆ ਹੈ। ਜਿਨ੍ਹਾਂ ਰਾਹੀਂ ਮਨੁੱਖੀ ਸਮਾਜ ਦੇ ਇਹਨਾਂ ਚੰਗੇ ਤੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਮਿਲ ਸਕੇ। ਇਸ ਤਰ੍ਹਾਂ ਮਾੜੇ ਪ੍ਰਭਾਵਾਂ ਨੂੰ ਦੂਰ ਕੀਤਾ ਜਾਵੇ ਤੇ ਚੰਗੇ ਪ੍ਰਭਾਵਾਂ ਨੂੰ ਗ੍ਰਹਿਣ ਕਰਕੇ ਸਮਾਜ ਵਿੱਚ ਇਕਰੂਪਤਾ ਬਣੀ ਰਹੇ, ਟੁੱਟ ਰਹੇ ਪਰਿਵਾਰਕ ਰਿਸ਼ਤਿਆਂ-ਨਾਤਿਆਂ ਨੂੰ ਬਚਾਇਆ ਜਾ ਸਕੇ। ਹਥਲੇ ਖੋਜ-ਕਾਰਜ ਦੇ ਜਰੀਏ ਜ਼ਿੰਦਗੀ ਦੇ ਯਥਾਰਥ ਨੂੰ ਸਮਝਣ, ਵਿਸ਼ਲੇਸ਼ਣ ਕਰਦਿਆਂ ਨਵੀਂਆਂ ਸਮੱਸਿਆਵਾਂ, ਮਾਨਸਿਕ ਗੁੰਝਲਾਂ ਅਤੇ ਨੈਤਿਕ ਕਦਰਾਂ-ਕੀਮਤਾਂ ਦੇ ਉੱਲੇਖ ਕਰਨ ਦੇ ਨਾਲ-ਨਾਲ ਨਵੀਨਤਾ ਨੂੰ ਸਮਝਣ ਦਾ ਵੀ ਇੱਕ ਯਤਨ ਕੀਤਾ ਗਿਆ ਹੈ।

1.4. **ਪੂਰਵ ਖੋਜ-ਕਾਰਜ**: ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ (ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਸੰਦਰਭ 'ਚ) ਪੰਜਾਬੀ ਵਿੱਚ ਹੋਇਆ ਉਪਾਧੀ ਸਾਪੇਖ ਤੇ ਨਿਰਪੇਖ

ਖੋਜ-ਕਾਰਜ ਦਾ ਵੇਰਵਾ ਇਸ ਪ੍ਰਕਾਰ ਹੈ:

- ਪਰਮਪਾਲ ਸਿੰਘ, ਸੁਖਜੀਤ ਦੀਆਂ ਕਹਾਣੀਆਂ : ਥੀਮ-ਵਿਗਿਆਨਕ ਅਧਿਐਨ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2010. ਇਸ ਪੁਸਤਕ ਦੇ ਕੁੱਲ ਸੱਤ ਅਧਿਆਇ ਹਨ ਜਿਨ੍ਹਾਂ ਵਿੱਚ ਸੁਖਜੀਤ ਦੀਆਂ ਕਹਾਣੀਆਂ 'ਹਜ਼ਾਰ ਕਹਾਣੀਆਂ ਦਾ ਬਾਪ', 'ਕਾਮਬਲੀ', 'ਚੰਦਰੀ', 'ਮੈਂ ਰੇਪ ਨੂੰ ਇੰਜੁਆਏ ਕਰਦੀ ਆਂ', 'ਜੀ ਬੀਬੀ ਜੀ' ਅਤੇ 'ਪਾਤਸ਼ਾਹ' ਨੂੰ ਥੀਮ-ਵਿਗਿਆਨਕ ਨਜ਼ਰੀਏ ਤੋਂ ਪਰਖਣ ਦਾ ਯਤਨ ਕੀਤਾ ਗਿਆ ਹੈ। ਇਸ ਪੁਸਤਕ ਦੇ ਅਧਿਐਨ ਤੋਂ ਇਹ ਤੱਥ ਉਜਾਗਰ ਹੋਇਆ ਹੈ ਕਿ ਸੁਖਜੀਤ ਦੇ ਲੋਕਪ੍ਰਿਯ ਹੋਣ ਦਾ ਵੱਡਾ ਕਾਰਨ ਉਸ ਦੀਆਂ ਕਹਾਣੀਆਂ ਵਿੱਚ ਵਿਦਵਾਨ ਪਾਠਕ ਨੂੰ ਅਚੰਭਿਤ ਤੇ ਆਕਰਸ਼ਿਤ ਕਰਨ ਵਾਲੇ ਬਹੁ-ਪੱਖੀ, ਉਲਟ ਦਿਸ਼ਾਵੀ ਪਾਤਰਾਂ ਨਾਲ ਭਰਪੂਰ, ਰੌਂਗਟੇ ਖੜ੍ਹੇ ਕਰਨ ਵਾਲੇ ਬਿਰਤਾਂਤ ਤੋਂ ਹੈ, ਜੋ ਪਾਖੰਡ ਦੇ ਆਡੰਬਰ ਥੱਲੇ ਲੁਕੇ ਅਸਲ ਸੱਚ ਨੂੰ ਰੂਪਮਾਨ ਕਰਦਾ ਹੈ। ਇਸ ਪੁਸਤਕ ਅਧੀਨ ਥੀਮ-ਵਿਗਿਆਨਕ ਵਿਧੀ ਦੇ ਵਿਧੀ ਵਿਧਾਨ ਦੀ ਸਹਾਇਤਾ ਰਾਹੀਂ ਸਮਕਾਲੀ ਪੰਜਾਬੀ ਕਹਾਣੀ ਦੇ ਬਹੁ-ਦਿਸ਼ਾਵੀ ਵਹਿ ਤੁਰਦੇ ਗੁੰਝਲਦਾਰ ਬਿਰਤਾਂਤ ਦੀਆਂ ਤੰਦਾਂ ਨੂੰ ਪਰਤ-ਦਰ-ਪਰਤ ਗੰਭੀਰਤਾ ਸਹਿਤ ਸਮਝਣ, ਪਰਖਣ ਤੇ ਵਿਚਾਰਨ ਦਾ ਉਪਰਾਲਾ ਹੋਇਆ ਹੈ।
- ਡਾ. ਰਜਨੀਸ਼ ਬਹਾਦਰ ਸਿੰਘ, ਅਜੋਕੀ ਪੰਜਾਬੀ ਕਹਾਣੀ : ਕਥਾ ਪ੍ਰਵਚਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003. ਇਸ ਪੁਸਤਕ ਵਿੱਚ ਨਵੇਂ ਕਥਾਕਾਰਾਂ ਅਜਮੇਰ ਸਿੱਧੂ, ਅਜਮੇਰ ਕੈਂਥ, ਅਮਨਪਾਲ ਸਾਰਾ, ਇੱਛੂਪਾਲ, ਜਸਵਿੰਦਰ ਸਿੰਘ, ਦਵਿੰਦਰ ਮੰਡ, ਦੇਸ ਰਾਜ ਕਾਲੀ, ਪਵਨ ਪਰਿੰਦਾ, ਬਲਵੰਤ ਚੌਹਾਨ, ਬਲਜਿੰਦਰ ਨਸਰਾਲੀ, ਰਸ਼ਪਿੰਦਰ ਰਸ਼ਮ, ਸੁਖਜੀਤ, ਵੀਨਾ ਵਰਮਾ ਅਤੇ ਤਲਵਿੰਦਰ ਸਿੰਘ ਆਦਿ ਦੀਆਂ ਵਿਲੱਖਣਤਾਵਾਂ ਨੂੰ ਪਛਾਣਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਪੁਸਤਕ ਦੇ ਅੱਠਵੇਂ ਲੇਖ ''ਰਹੱਸਮਈ ਬਿਰਤਾਂਤ ਦਾ ਕਥਾਕਾਰ : ਸੁਖਜੀਤ'' ਵਿੱਚ ਸੁਖਜੀਤ ਦੀਆਂ ਕਹਾਣੀਆਂ 'ਬਰਫ਼', 'ਆਦਮਖ਼ੋਰ', 'ਤੀਲ੍ਹਾ', 'ਨੈਂ ਯੁੱਗ', 'ਜਲ ਭਰਮ', 'ਦਾਅ', 'ਸਤਾਈ ਸੀਲ

'ਆਦਿ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ ਹੋਰ ਉੱਪਰ, ਖਾਲੀ ਪਲਾਟ, ਰੂਮ ਮੇਟ, ਅਤੇ ਇੱਕ ਸੀ ਮੈਂ, ਆਦਿ ਦੇ ਕਥਾ-ਵਸਤੂ ਅਤੇ ਤਕਨੀਕ ਨੂੰ ਵਿਚਾਰਿਆ ਗਿਆ ਹੈ। ਇਹਨਾਂ ਲੇਖਾ ਦੇ ਅਧਿਐਨ ਤੋਂ ਇਹ ਪਤਾ ਚੱਲਦਾ ਹੈ ਕਿ ਉਸ ਦੀਆਂ ਕਹਾਣੀਆਂ ਕਥਾ-ਵਸਤੂ ਦੇ ਪੱਖੋਂ ਹੀ ਵਿਭਿੰਨ ਪਸਾਰਾਂ ਨੂੰ ਪੇਸ਼ ਨਹੀਂ ਕਰਦੀਆਂ ਸਗੋਂ ਕਲਾਤਮਕ ਪੱਖੋਂ ਵੀ ਨਿਵੇਕਲੀਆਂ ਹਨ। ਉਸ ਦੀਆਂ ਕਹਾਣੀਆਂ ਵਿੱਚ ਬਿਰਤਾਂਤ ਨਿੱਕੇ-ਨਿੱਕੇ ਬਹੁ-ਪਰਤੀ ਵੇਰਵਿਆਂ ਰਾਹੀਂ ਅੱਗੇ ਵੱਧਦਾ ਹੈ ਜਿਸ ਵਿੱਚ ਉੱਤਮ-ਪੁਰਖੀ ਤਕਨੀਕ ਨੂੰ ਸੂਖਮਤਾ ਨਾਲ ਵਰਤਿਆ ਗਿਆ ਹੈ। ਤਕਨੀਕ ਵਿੱਚ ਉਹ ਕੁਝ ਅਣਕਹੇ ਵੇਰਵਿਆਂ ਰਾਹੀਂ ਸਵਾਲੀਆ ਨਿਸ਼ਾਨ ਛੱਡ ਜਾਂਦਾ ਹੈ। ਇਸਦੇ ਨਾਲ ਹੀ ਸੁਖਜੀਤ ਅਤੇ ਵੀਨਾ ਵਰਮਾ ਪਾਤਰਾਂ ਦੀ ਮਾਨਸਿਕਤਾ ਦੇ ਭਾਵੁਕ ਜਜ਼ਬਿਆਂ ਨੂੰ ਬਹੁਤ ਬਾਰੀਕੀ ਨਾਲ ਚਿਤਰਦਾ ਹੈ। ਇਸ ਪੁਸਤਕ ਦੇ ਪੰਦ੍ਰਰਵੇਂ ਲੇਖ ''ਮਾਨਵੀ ਸੰਬੰਧਾਂ ਦੀਆਂ ਯਥਾਰਥਕ ਪਰਤਾਂ ਦਾ ਕਹਾਣੀਕਾਰ : ਤਲਵਿੰਦਰ ਸਿੰਘ'' ਵਿੱਚ ਉਸ ਦੀਆਂ ਕਹਾਣੀਆਂ 'ਗੁਬਾਰ', 'ਭੀੜ 'ਚ ਘਿਰਿਆ ਆਦਮੀ', 'ਹਨੇਰੇ ਦਾ ਸਫ਼ਰ', 'ਵਾਰਸ', 'ਰਾਤ ਚਾਨਣੀ', 'ਵਿੱਚਲੀ ਔਰਤ', 'ਫਤੂਰ' ਆਦਿ ਦਾ ਵਿਸ਼ੇਗਤ ਅਧਿਐਨ ਕੀਤਾ ਗਿਆ ਹੈ। ਇਸ ਲੇਖ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਤਲਵਿੰਦਰ ਇੱਕੋ ਤਰਜ਼ ਦੀਆਂ ਕਹਾਣੀਆਂ ਦੀ ਪਰੰਪਰਾ ਨੂੰ ਤੋੜ੍ਹਦਾ ਹੈ। ਮਾਨਵੀ ਜੀਵਨ ਦੇ ਵੱਖ-ਵੱਖ ਪੱਖਾਂ ਨੂੰ ਚਿਤਰਦਾ ਹੋਇਆ ਭਾਵੇਂ ਉਹ ਕਲਾਤਮਕ ਸਥਿਰਤਾ ਦਾ ਸ਼ਿਕਾਰ ਹੁੰਦਾ ਹੈ, ਪਰੰਤੂ ਮਾਨਵੀ ਰਿਸ਼ਤਿਆਂ ਦੀਆਂ ਵਿਭਿੰਨ ਤਹਿਆਂ ਫਰੋਲਣ ਵਿੱਚ ਕਾਮਯਾਬ ਹੁੰਦਾ ਹੈ। ਉਸ ਦੀਆਂ ਕਹਾਣੀਆਂ ਸਮੱਸਿਆ ਦੇ ਸੰਕੇਤਮੁਖੀ ਰੂਪ ਨਾਲ ਸ਼ੁਰੂ ਹੁੰਦੀਆਂ ਹਨ। ਇਹ ਸੰਕੇਤ ਕਿਤੇ ਤਣਾਅ ਦੇ ਰੂਪ ਵਿੱਚ ਉੱਭਰਦਾ ਹੈ ਅਤੇ ਕਿਤੇ ਸੁਖਦ ਰੂਪ ਵਿੱਚ। ਕਹਾਣੀਆਂ ਦਾ ਸੰਘਣਾ ਬਿਰਤਾਂਤ ਸਮੱਸਿਆ ਕੇਂਦਰਿਤ ਹੋਣ ਕਰਕੇ ਹੀ ਉਹ ਬੇਲੋੜੇ ਵੇਰਵਿਆਂ ਤੋਂ ਸੰਕੋਚ ਕਰਦਾ ਹੈ।

- ਡਾ. ਰਜਨੀਸ਼ ਬਹਾਦਰ ਸਿੰਘ, ਸਮਕਾਲੀ ਪੰਜਾਬੀ ਕਹਾਣੀ : ਪਾਠਗਤ ਅਧਿਐਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005. ਇਸ ਪੁਸਤਕ ਵਿੱਚਲੇ ਲੇਖ ''ਰਹੱਸਮਈ ਦਰਸ਼ਨ ਦਾ ਜਟਿਲ

ਬਿਰਤਾਂਤ : ਅੰਤਰਾ'' ਵਿੱਚ ਸੁਖਜੀਤ ਦੀ ਕਹਾਣੀ ਦੇ ਬਿਰਤਾਂਤ ਨੂੰ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ। ਇਸ ਲੇਖ ਦੇ ਅਧਿਐਨ ਤੋਂ ਇਹ ਤੱਥ ਉੱਭਰ ਕੇ ਸਾਹਮਣੇ ਆਇਆ ਹੈ ਕਿ ਇਸ ਕਹਾਣੀ ਦੇ ਪਾਤਰਾਂ ਦੇ ਸੰਬੰਧਾਂ ਵਿੱਚ ਇੱਕ ਮਨੋਵਿਗਿਆਨਕ ਗੁੰਝਲ ਮੌਜੂਦ ਹੈ। ਇਹ ਗੁੰਝਲ ਮੌਤ ਅਤੇ ਕਾਮ ਦੀ ਹੈ। ਸਮੁੱਚੀ ਕਹਾਣੀ ਘਟਨਾਵਾਂ 'ਚੋਂ ਕਹਾਣੀ ਦੇ ਰੂਪ ਵਿੱਚ ਨਹੀਂ ਉੱਭਰਦੀ, ਸਗੋਂ ਸੀਮਤ ਘਟਨਾਵਾਂ ਵਿਚੋਂ ਪਾਤਰਾਂ ਦਾ ਵਿਹਾਰ ਉੱਭਰਦਾ ਹੈ। ਕਹਾਣੀਕਾਰ ਕੁਦਰਤ ਦੇ ਚਿਹਨਾਂ ਨੂੰ ਆਪਣੇ ਪਾਤਰਾਂ ਬਾਰੇ ਜਾਣਕਾਰੀ ਲਈ ਵਰਤਦਾ ਹੈ। ਕਹਾਣੀ ਕਿਸੇ ਗੋਲਾਈ ਤੋਂ ਬਿਨਾਂ ਬਹੁ-ਅਰਥਾਂ ਸਮੇਤ ਆਪਣੇ ਅੰਤ ਵੱਲ ਵੱਧਦੀ ਹੈ ਜਿਸ ਵਿੱਚ ਕਾਮ, ਆਨੰਦ, ਰਿਸ਼ਤਾ-ਨਾਤਾ ਪ੍ਰਬੰਧ ਦਾ ਤਾਣਾ-ਬਾਣਾ ਕਾਫ਼ੀ ਕੁਝ ਰਲਿਆ-ਮਿਲਿਆ ਹੈ। ਦਰਸ਼ਨ ਨਾਲ ਜੁੜੇ ਸਵਾਲਾਂ ਦੇ ਜਵਾਬਾਂ ਵਾਂਗ ਹੀ ਇਸ ਕਹਾਣੀ ਦਾ ਅੰਤ ਹੁੰਦਾ ਹੈ ਜੋ ਇਸ ਕਹਾਣੀ ਦੀ ਵਿਸ਼ੇਸ਼ਤਾ ਹੈ।

- ਡਾ. ਰਵਿੰਦਰ ਕੁਮਾਰ, ਰਚਨਾ-ਵਿਰਚਨਾ : ਸਿਧਾਂਤ ਅਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007. ਇਸ ਪੁਸਤਕ ਵਿੱਚਲਾ ਲੇਖ ''ਅੰਤਰਾ : ਪੁਨਰ ਸਿਰਜਣ'' ਸੁਖਜੀਤ ਦੀ ਕਹਾਣੀ 'ਅੰਤਰਾ' ਦੀ ਬਿਰਤਾਂਤਕਾਰੀ ਨਾਲ ਸੰਬੰਧਿਤ ਹੈ। ਇਸ ਲੇਖ ਦੇ ਅਧਿਐਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਕਹਾਣੀ ਬਹੁ-ਪਾਸਾਰੀ ਅਤੇ ਬਹੁ-ਪਰਤੀ ਹੈ। ਇਸ ਕਹਾਣੀ ਨੂੰ ਕੋਈ ਇੱਕ ਪਾਤਰ ਨਹੀਂ ਬਲਕਿ ਬਿਰਤਾਂਤਕਾਰ ਦੀਆਂ ਟਿੱਪਣੀਆਂ, ਪਿੱਠ-ਭੂਮੀ 'ਚ ਆਉਂਦੀਆਂ ਆਵਾਜ਼ਾਂ, ਅੰਤਰਾਂ ਦੇ ਬੋਲ, ਕੁਮਾਰ ਗੋਸਵਾਮੀ ਦੇ ਬੋਲ ਸਾਰੇ ਮਿਲ ਕੇ ਬਿਆਨ ਕਰ ਰਹੇ ਹਨ। ਇਸ ਕਹਾਣੀ ਤੋਂ ਇਹ ਰਹੱਸ ਉਜਾਗਰ ਹੋਇਆ ਹੈ ਕਿ ਬੰਦੇ ਦੀ ਭਟਕਣ ਵੀ ਮੌਤ ਵਰਗਾ ਸਥਿਰ ਸੱਚ ਹੈ ਜੋ ਪਕੜ ਵਿੱਚ ਆਉਣਾ ਅਤਿ ਕਠਨ ਹੈ।
- ਜੋਗਿੰਦਰ ਸਿੰਘ ਰਾਹੀ ਤੇ ਰਮਿੰਦਰ ਕੌਰ, ਪੰਜਾਬੀ ਕਹਾਣੀ ਦਾ ਸਫ਼ਰ ਤੇ ਸ਼ਾਸਤਰ (ਭਾਗ ਦੂਜਾ), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2011. ਇਸ ਪੁਸਤਕ ਵਿੱਚ ਵੀਹਵੀਂ ਸਦੀ ਦੇ ਅੱਸੀਵਿਆਂ ਤੋਂ ਬਾਅਦ ਸਥਾਪਤ ਹੋ ਰਹੇ ਕਹਾਣੀਕਾਰਾਂ ਦੇ ਸਫ਼ਰ ਤੇ ਸ਼ਿਲਪ ਬਾਰੇ ਜ਼ਿਕਰ ਕਰਦਿਆਂ ਹੋਇਆਂ

ਕਹਾਣੀਕਾਰ ਜਿੰਦਰ, ਤਲਵਿੰਦਰ ਸਿੰਘ ਅਤੇ ਸੁਖਜੀਤ ਦੀਆਂ ਕਹਾਣੀਆਂ, 'ਕਤਲ', 'ਵਾਰਸ' ਅਤੇ 'ਹਜ਼ਾਰ ਕਹਾਣੀਆਂ ਦਾ ਬਾਪ' ਸੰਬੰਧੀ ਵਿਸਥਾਰ ਵਿੱਚ ਚਰਚਾ ਕੀਤੀ ਗਈ ਮਿਲਦੀ ਹੈ। ਇਸ ਵਿਚਾਰ-ਚਰਚਾ ਦੇ ਅਧਿਐਨ ਤੋਂ ਇਹਨਾਂ ਕਹਾਣੀਆਂ ਸੰਬੰਧੀ ਬੜੇ ਮੁੱਲਵਾਨ ਤੱਥਾਂ ਦੀ ਜਾਣਕਾਰੀ ਹੁੰਦੀ ਹੈ। 'ਕਹਾਣੀ 'ਕਤਲ' ਵਿੱਚ 'ਕਤਲ' ਬਾਪੂ ਦੇ ਸੁਪਨਿਆਂ ਤੇ ਸੰਵੇਦਨਾਵਾਂ ਦਾ ਹੈ। ਇਹ ਉਸਦੇ ਸੁਪਨ-ਜਗਤ ਦਾ ਕਤਲ ਹੈ। ਪ੍ਰਕ੍ਰਿਤਿਕ ਤੌਰ 'ਤੇ ਹੀ ਸੁਪਨਿਆਂ, ਇੱਛਾਵਾਂ, ਮਿਜ਼ਾਜ ਅਤੇ ਤਬੀਅਤ ਦੇ ਮੁਖ਼ਤਲਿਫ਼ ਜਾਂ ਬੇਮੇਲ ਹੋਣ ਦੇ ਕਾਰਨ ਇਹ ਇੱਕ ਹੀ ਛੱਤ ਦੀ ਪਨਾਹ ਹੇਠ ਜ਼ਿੰਦਗੀ ਜਾਂ ਰਿਸ਼ਤਿਆਂ ਦਾ 'ਕਤਲ' ਹੈ। ਤਲਵਿੰਦਰ ਸਿੰਘ ਰਚਿਤ ਕਹਾਣੀ 'ਵਾਰਸ' ਭਾਵਪੂਰਨ ਤੇ ਬੌਧਿਕ ਚੋਭ ਦੇਣ ਵਾਲੀ ਅਰਥ-ਭਰਪੂਰ ਕਹਾਣੀ ਹੈ। ਕਹਾਣੀਕਾਰ ਬੰਦੇ ਦੇ ਮਨ ਦੀ ਜਟਿਲ ਸੰਰਚਨਾ ਦੇ ਵਸਤੂਗਤ ਆਧਾਰ ਨੂੰ ਸੂਖਮ ਭਾਵੀ ਤੇ ਅਰਥ ਭਰਪੂਰ ਦ੍ਰਿਸ਼ਟੀ ਨਾਲ ਬਿਆਨਦਾ ਹੈ। ਪਰਿਵਾਰ ਜਾਂ ਔਲਾਦ ਅਸਲ ਵਾਰਸ ਨਹੀਂ ਹੈ। ਓਪਰੇ ਵਾਰਸ ਬਣੇ ਦਿਸਦੇ ਹਨ। ਵਾਰਸ ਵਾਲਾ ਧਰਮ ਨਿਭਾਉਣ ਵਾਲੇ ਅਧਰਮੀ ਹੋ ਗਏ ਦਿਸਦੇ ਹਨ। ਇਸ ਕਹਾਣੀ ਵਿੱਚ ਬੰਦੇ ਦਾ ਅਸਲ ਵਾਰਸ ਉਸਦਾ ਆਪਣਾ ਭੂਮੰਡਲ ਤੇ ਭਾਈਚਾਰਾ ਹੀ ਹੈ। ਇੱਥੇ ਬੰਦੇ ਦੀ ਰੂਹ ਦੀ ਸਾਂਝ ਵੀ ਹੈ ਤੇ ਰੱਜ ਵੀ। ਸੁਖਜੀਤ ਰਚਿਤ ਕਹਾਣੀ 'ਹਜ਼ਾਰ ਕਹਾਣੀਆਂ ਦਾ ਬਾਪ' ਦੀ ਵਿਧਾ ਵਿਡੰਬਣਾ ਦੇ ਗੁਣ ਤਕ ਮਹਿਦੂਦ ਨਾ ਰਹਿ ਕੇ ਫੈਲ ਜਾਂਦੀ ਹੈ ਤੇ ਇਹ ਫੈਲਾਅ ਪੰਜਾਬੀ ਕਹਾਣੀ ਕਲਾ ਨੂੰ ਸੁਖਜੀਤ ਦੀ ਨਵੀਂ ਦੇਣ ਹੈ। ਸੁਖਜੀਤ ਬੰਦੇ ਦੇ ਅਸਤਿਤਵ ਨੂੰ ਕਈ ਪਾਸਿਆਂ ਤੋਂ ਝੰਜੋੜਦਾ ਹੋਇਆ ਖੜੇ ਹੋਣ ਦਾ ਧਰਵਾਸ ਵੀ ਦੇਂਦਾ ਹੈ ਤੇ ਨਾਲ ਕਦੇ ਡੋਲ ਜਾਣ ਜਾਂ ਡਿੱਗ ਪੈਣ ਦੇ ਰੂਬਰੂ ਵੀ ਰੱਖਦਾ ਹੈ।

- ਰਜਨੀਸ਼ ਬਹਾਦਰ ਸਿੰਘ (ਸੰਪਾ.), ਪੰਜਾਬੀ ਕਹਾਣੀ ਦੇ ਪਾਤਰ (ਵਿਧੀ ਤੇ ਵਿਹਾਰ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2013. ਇਸ ਪੁਸਤਕ ਵਿੱਚ ਪੰਜਾਬੀ ਕਥਾ ਜਗਤ ਦੇ ਨਵੀਂ ਪੀੜ੍ਹੀ ਦੇ ਕਥਾਕਾਰਾਂ ਅਜਮੇਰ ਸਿੰਘ, ਸੁਕੀਰਤ, ਸੁਖਜੀਤ, ਸੁਰਿੰਦਰ ਨੀਰ, ਹਰਪ੍ਰੀਤ ਮੱਖਾ, ਜਸਵਿੰਦਰ ਸਿੰਘ, ਜਿੰਦਰ, ਤਲਵਿੰਦਰ, ਨਿਰਮਲ ਜਸਵਾਲ, ਬਲਬੀਰ ਪਰਵਾਨਾ, ਭਗਵੰਤ ਰਸੂਲਪੁਰੀ,

ਮੇਜਰ ਮਾਂਗਟ, ਮਨਮੋਹਨ ਬਾਵਾ, ਵਿਸ਼ਵ ਜੋਤੀ ਧੀਰ ਆਦਿ ਨੇ ਆਪਣੀ ਪਾਤਰ ਵਿਧੀ ਪ੍ਰਕਿਰਿਆ ਨੂੰ ਅਨੁਭਵਮੁਖੀ ਸੋਚ ਦੁਆਲੇ ਕੇਂਦਰਿਤ ਕੀਤਾ ਹੈ। ਇਹਨਾਂ ਕਥਾਕਾਰਾਂ ਨੇ ਆਪਣੇ ਪਾਤਰਾਂ ਬਾਰੇ ਲਿਖਦੇ ਹੋਏ ਅਨੁਭਵਤਾ ਦੇ ਪੱਖ ਨੂੰ ਜ਼ਿਆਦਾ ਉਭਾਰ ਕੇ ਪੇਸ਼ ਕੀਤਾ ਹੈ।

- ਡਾ. ਧਨਵੰਤ ਕੌਰ, ''ਸੁਖਜੀਤ ਦੀ ਕਹਾਣੀ ਨੂੰ ਸਮਝਦਿਆਂ'', ਲਕੀਰ, ਦੇਸ ਰਾਜ ਕਾਲੀ (ਸੰਪਾ.), ਜਲੰਧਰ, ਜਨਵਰੀ-ਫਰਵਰੀ, 2011 . ਇਸ ਲੇਖ ਦੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਸੁਖਜੀਤ ਦਾ ਕਹਾਣੀ ਸੰਗ੍ਰਹਿ ਮੈਂ ਰੇਪ ਨੂੰ ਇੰਜੁਆਏ ਕਰਦੀ ਆਂ ਵਿੱਚਲੀਆਂ ਛੇ ਕਹਾਣੀਆਂ ਇੱਕ ਮਨੁੱਖ ਦੇ ਦੂਜੇ ਮਨੁੱਖ ਨਾਲ ਅਸਹਿਜ, ਅਸਾਵੇਂ, ਅਸੱਭਿਅਕ ਅਤੇ ਅਣਮਨੁੱਖੀ ਵਿਹਾਰ ਉੱਤੇ ਕੇਂਦਰਿਤ ਹਨ। ਇਹ ਕਹਾਣੀਆਂ ਮਨੁੱਖੀ ਮਨ ਵਿੱਚ ਉਪਜੇ ਖ਼ੌਫਾਂ, ਖ਼ਤਰਿਆਂ, ਸ਼ੰਕਿਆਂ, ਸੰਸਿਆਂ, ਦਹਿਸ਼ਤਾਂ, ਕਪਟਾਂ, ਦੰਭਾਂ ਦੀਆਂ ਜਟਿਲ ਗੁੰਝਲਾਂ ਦੁਆਲੇ ਬੁਣੀਆਂ ਗਈਆਂ ਹਨ ਜਿਨ੍ਹਾਂ ਦੇ ਸਿਰਜਨਾ ਸੰਦਰਭ ਤਲਖ਼, ਘਿਨੌਣੇ ਤੇ ਅਣਮਨੁੱਖੀ ਹਨ। ਇਸ ਲੇਖ ਦੇ ਅਧਿਐਨ ਤੋਂ ਕਹਾਣੀਕਾਰ ਦੀ ਕਹਾਣੀ ਪ੍ਰਤਿਭਾ ਤੇ ਸਿਰਜਣ ਪ੍ਰਕਿਰਿਆ ਦੇ ਅਹਿਮ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ।
- ਡਾ. ਬਲਦੇਵ ਸਿੰਘ ਧਾਲੀਵਾਲ, ''ਪੰਜਾਬੀ ਗਲਪ ਵਿੱਚ ਨੈਤਿਕ-ਰਾਜਨੀਤਿਕ ਪ੍ਰਸਥਿਤੀਆਂ : ਕਹਾਣੀ ਮੈਂ ਰੇਪ ਨੂੰ ਇੰਜੁਆਏ ਕਰਦੀ ਆਂ ਦੇ ਪ੍ਰਸੰਗ ਵਿੱਚ'', ਸਮਦਰਸ਼ੀ, ਰਵੇਲ ਸਿੰਘ (ਸੰਪਾ.), ਪੰਜਾਬੀ ਅਕਾਦਮੀ, ਦਿੱਲੀ, ਮਈ-ਜੂਨ 2012. ਇਸ ਲੇਖ ਦੇ ਅਧਿਐਨ ਤੋਂ ਇਹ ਪਤਾ ਚਲਦਾ ਹੈ ਕਿ ਕਹਾਣੀਕਾਰ ਨੇ 'ਰੇਪ' ਸ਼ਬਦ ਨੂੰ ਬੜੇ ਹੀ ਡੂੰਘੇ ਅਤੇ ਬਹੁ-ਪਰਤੀ ਮੈਟਾਫ਼ਰ ਵਿੱਚ ਪਰਿਵਰਤਿਤ ਕੀਤਾ ਹੈ। ਇਸੇ ਤਰ੍ਹਾਂ ਰੇਪ ਨੂੰ ਇੰਜਆਏ ਕਰਨ ਵਾਲੀ ਔਰਤ ਨੂੰ ਜੈਂਡਰ ਮੁਕਤ ਕਰਕੇ ਜਿਵੇਂ ਸੱਤਾਵਾਨ ਦੇ ਪ੍ਰਤੀਕ ਵਿੱਚ ਢਾਲਿਆ ਗਿਆ ਹੈ, ਉਹ ਰਾਜਸੀ ਅਵਚੇਤਨ 'ਚ ਵਿਲੱਖਣ ਸਰੂਪ ਦੀ ਦੱਸ ਪਾਉਣ ਵਾਲਾ ਹੋ ਨਿੱਬੜਦਾ ਹੈ। ਆਪਣੀ ਸਿਰਜਣਾਤਮਕ ਸਮਰੱਥਾ ਅਤੇ ਨਵੇਂ ਪ੍ਰਯੋਗਾਂ ਕਰਕੇ ਇਹ ਕਹਾਣੀ ਹਨ੍ਹੇਰੀ ਪੜਛੱਤੀ ਉੱਤੇ ਸਿੱਟੇ ਜਾਣ ਦੇ ਉਲਟ ਕੇਂਦਰੀ ਸਥਾਨ ਹਾਸਲ ਕਰਨ ਵਿੱਚ ਕਾਮਯਾਬ ਹੋਈ ਹੈ।

- ਮੇਘਾ ਸਲਵਾਨ, ਖੋਜ-ਪ੍ਰਬੰਧ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2016 ਵਿਸ਼ਾ "1990 ਤੋਂ ਬਾਅਦ ਦੀ ਪੰਜਾਬੀ ਕਹਾਣੀ : ਸਮਾਜਿਕ-ਮਨੋਵਿਗਿਆਨਕ ਅਧਿਐਨ (ਜ਼ਿੰਦਰ, ਤਲਵਿੰਦਰ ਸਿੰਘ ਅਤੇ ਸੁਖਜੀਤ ਦੇ ਸੰਦਰਭ ਵਿੱਚ)" ਸੁਖਜੀਤ ਦੀਆਂ ਕਹਾਣੀਆਂ ਦਾ ਸਮਾਜਿਕ-ਮਨੋਵਿਗਿਆਨਕ ਅਧਿਐਨ ਡੇਰਾ ਤੰਤਰ, ਪੰਜਾਬੀ ਬੰਦੇ ਦੇ ਸਮੂਹਿਕ ਅਵਚੇਤਨ ਵਿੱਚ ਪਿਆ ਔਰਤ ਦਾ ਆਦਿ ਰੂਪ ਅਤੇ ਔਰਤ ਦੀ ਨਵੀਨ ਮਨਘੜਤ ਪੂਰਵਗ੍ਰਹਿ ਦਾ ਸਮਾਜਿਕ ਮਨੋਵਿਗਿਆਨ ਰਾਹੀਂ ਸਮਕਾਲੀ ਸਮਾਜ ਵਿੱਚ ਪਾਖੰਡ-ਆਡੰਬਰ ਥੱਲੇ ਲੁਕੇ ਹੋਏ ਯਥਾਰਥ ਨੂੰ ਨੰਗਾ ਕਰਨ ਵੱਲ ਰੁਚਿਤ ਹੈ। ਉਸਨੇ ਡੇਰੇ ਤੇ ਉਹਨਾਂ ਦੀ ਓਟ ਹੇਠ ਚੱਲਣ ਵਾਲੇ ਕੁਕਰਮਾਂ ਤੋਂ ਪਰਦਾ ਫਾਸ਼ ਕਰ ਸਮਾਜ ਦੇ ਕਰੂਪ ਪੱਖ ਦੀ ਨਿਸ਼ਾਨਦੇਹੀ ਕੀਤੀ ਹੈ। ਉਸਦੀਆਂ ਕਹਾਣੀਆਂ ਵਿੱਚ ਕਾਮ ਦੇ ਅਨੇਕ ਰੂਪ ਦਿਖਾਈ ਦਿੰਦੇ ਹਨ ਜਿਨ੍ਹਾਂ ਵਿੱਚ ਪਵਿੱਤਰਤਾ ਦੀ ਹੱਦ ਤਕ ਪੂਜੇ ਜਾਂਦੇ ਰਿਸ਼ਤਿਆਂ ਦੀ ਮਿੱਥ ਭੰਜਨ ਵਾਲੇ ਵਿਵਾਦਿਤ ਰੂਪ ਨੂੰ ਹੀ ਛੋਹਿਆ ਗਿਆ ਹੈ। ਇਸ ਤੋਂ ਇਲਾਵਾ ਰਾਜਨੀਤਿਕ ਭ੍ਰਿਸ਼ਟਾਚਾਰ, ਮਨੁੱਖੀ ਰਿਸ਼ਤਿਆਂ ਦੇ ਬਦਲਦੇ ਸਰੂਪ, ਔਰਤ ਮਨ ਦੀਆਂ ਗੁੰਝਲਾਂ ਅਤੇ ਪਰਤਾਂ ਆਦਿ ਵਿਸ਼ੇ ਉਸਦੀਆਂ ਕਹਾਣੀਆਂ ਰਾਹੀਂ ਬਾਖ਼ੂਬੀ ਪੇਸ਼ ਹੋਏ ਹਨ। ਸੁਖਜੀਤ ਦੀਆਂ ਕਹਾਣੀਆਂ ਭਾਵੇਂ ਕਾਮ, ਪਿਆਰ ਵਰਗੇ ਸਰਬਕਾਲੀ ਥੀਮ ਨਾਲ ਸੰਬੰਧਿਤ ਹੋਣ ਅਤੇ ਭਾਵੇਂ ਡੇਰਾ ਤੰਤਰ ਵਰਗੇ ਸਮਕਾਲੀ ਥੀਮ ਨਾਲ, ਇਹਨਾਂ ਦੇ ਫੋਕਸ ਵਿੱਚ ਅਣਮਨੁੱਖੀ ਵਿਵਹਾਰ ਹੀ ਰਹਿੰਦਾ ਹੈ।
- ਕੰਵਲਜੀਤ ਕੌਰ, ਖੋਜ-ਪ੍ਰਬੰਧ-2019, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ) ਵਿਸ਼ਾ-"ਅਜੀਤ ਕੌਰ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੀ ਨਾਰੀ ਸੰਵੇਦਨਾ: ਤੁਲਨਾਤਮਕ ਅਧਿਐਨ" ਵਿੱਚ ਅਧਿਆਇ "ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੀ ਨਾਰੀ ਸੰਵੇਦਨਾ" ਅਤੇ "ਅਜੀਤ ਕੌਰ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੀ ਨਾਰੀ-ਸੰਵੇਦਨਾ ਤੁਲਨਾਤਮਕ ਅਧਿਐਨ" ਵਿੱਚ ਵੀਨਾ ਵਰਮਾ ਪੱਛਮੀ ਮਾਨਸਿਕਤਾ ਦੇ ਨਵ ਪੱਖ ਨੂੰ ਉਭਾਰਦੀ ਹੋਈ ਔਰਤ ਮਨ

ਦੀਆਂ ਬਾਰੀਕੀਆਂ, ਸੰਵੇਦਨਾਵਾਂ, ਜਟਿਲਤਾਵਾਂ ਨੂੰ ਤੇ ਕਾਮ ਸੰਬੰਧ ਦੇ ਵੇਰਵਿਆਂ ਨੂੰ ਕਲਾਤਮਕ ਢੰਗ ਨਾਲ ਪੇਸ਼ ਕਰਦੀ ਹੈ। ਇਸ ਤੋਂ ਇਲਾਵਾ ਉਸਦੀਆਂ ਕਹਾਣੀਆਂ ਵਿੱਚ ਵਿਦਮਾਨ, ਬਹੁਪੱਖੀ ਵੇਰਵਿਆਂ ਨੂੰ ਔਰਤ ਦੀ ਤ੍ਰਾਸਦਿਕ ਪੇਸ਼ਕਾਰੀ ਅਤੇ ਪੱਛਮੀ ਸੱਭਿਆਚਾਰ ਵਿੱਚ ਉਲਝੇ ਪੰਜਾਬੀ ਬੰਦੇ ਦੀ ਪੇਸ਼ਕਾਰੀ ਕੀਤੀ ਹੈ। ਉਸਦੀਆਂ ਕਹਾਣੀਆਂ ਦੀ ਕੇਂਦਰੀ ਚੂਲ ਆਪਣੀ ਪਛਾਣ ਬਣਾਉਣ ਲਈ ਭਟਕਦੀ ਔਰਤ ਦੀਆਂ ਤੰਗੀਆਂ ਅਤੇ ਦੁਸ਼ਵਾਰੀਆਂ ਦੀ ਸਮਾਜਿਕ ਦੁਰਦਸ਼ਾ ਦੇ ਅਨੇਕਾਂ ਰੂਪਾਂ ਦੀ ਪੇਸ਼ਕਾਰੀ ਹੈ। ਉਸਦੀਆਂ ਕਹਾਣੀਆਂ ਪੰਜਾਬੀ ਸਮਾਜ-ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਝੰਜੋੜਦੀਆਂ ਹੋਈਆਂ ਆਪਣੀ ਕਹਿਣੀ ਅਤੇ ਕਥਨੀ ਨੂੰ ਮੁੜ ਵਿਚਾਰਨ ਲਈ ਵਾਤਾਵਰਨ ਸਿਰਜਦੀਆਂ ਹਨ ਅਤੇ ਅਲੱਗ ਮਾਹੌਲ ਨੂੰ ਵੀ ਸਿਰਜਦੀਆਂ ਹਨ।

- ਮਨਦੀਪ ਕੌਰ, ਖੋਜ-ਪ੍ਰਬੰਧ, 2008, ਸਕੂਲ ਆਫ਼ ਪੰਜਾਬੀ ਸਟੱਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਵਿਸ਼ਾ-"ਪੰਜਾਬੀ ਕਹਾਣੀ ਵਿੱਚ ਮਾਨਵੀ ਤ੍ਰਾਸਦੀ ਦੇ ਵਿਭਿੰਨ ਪਾਸਾਰ (ਸੁਜਾਨ ਸਿੰਘ, ਕੁਲਵੰਤ ਸਿੰਘ ਵਿਰਕ, ਪ੍ਰੇਮ ਪ੍ਰਕਾਸ਼, ਵਰਿਆਮ ਸੰਧੂ ਅਤੇ ਵੀਨਾ ਵਰਮਾ ਦੇ ਸੰਦਰਭ ਵਿੱਚ) ਵਿੱਚ ਅਧਿਆਇ ਵੰਡ "ਵੀਨਾ ਵਰਮਾ (ਔਰਤ ਦੀ ਵਿਲਕਦੀ ਹੂਕ)" ਰਾਹੀਂ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਔਰਤ ਦੇ ਦਰਦ ਨੂੰ ਬੜੇ ਸੰਵੇਦਨਸ਼ੀਲ ਰੂਪ ਵਿੱਚ ਸਾਕਾਰ ਕੀਤਾ ਹੈ। ਔਰਤ ਦੀ ਤ੍ਰਾਸਦੀ ਦੇ ਬਹੁ-ਧਰਾਤਲ ਪ੍ਰਸੰਗਾਂ ਦੇ ਅੰਤਰਗਤ ਵੀਨਾ ਵਰਮਾ ਨੇ ਉਨ੍ਹਾਂ ਸਥਿਤੀਆਂ-ਪ੍ਰਸਥਿਤੀਆਂ ਦਾ ਬੋਧ ਕਰਵਾਇਆ ਹੈ ਜੋ ਔਰਤ ਦੀ ਹੋਂਦ ਤੇ ਹਸਤੀ ਨੂੰ ਗ਼ਰਕ ਕਰ ਦਿੰਦੀਆਂ ਹਨ। ਕਹਾਣੀਆਂ ਅੰਦਰਲੀ ਨਿਸ਼ੰਗਤਾ ਅਤੇ ਬੇਬਾਕੀ ਔਰਤ ਦੀ ਹੂਕ ਨੂੰ ਵਡੇਰੇ ਅਰਥ ਦਿੰਦੀਆਂ ਹਨ। ਵੀਨਾ ਵਰਮਾ ਸੱਚਮੁੱਚ ਔਰਤ ਦੀ ਜਕੜੀ ਸਥਿਤੀ ਨੂੰ ਚਿਤਰਣ ਵਿੱਚ ਸਫਲ ਹੋਈ ਹੈ।
- ਕਿਰਨਦੀਪ ਸਿੰਘ ਮਨਚੰਦਾ, ਖੋਜ-ਪ੍ਰਬੰਧ, 2002, ਪੰਜਾਬੀ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਵਿਸ਼ਾ-"1980 ਤੋਂ ਬਾਅਦ ਦੀ ਪੰਜਾਬੀ ਕਹਾਣੀ ਦਾ ਰਚਨਾਤਮਕ ਵਿਸ਼ਲੇਸ਼ਣ (ਪ੍ਰੇਮ ਪ੍ਰਕਾਸ਼, ਵਰਿਆਮ ਸੰਧੂ, ਕਿਰਪਾਲ ਕਜ਼ਾਕ ਅਤੇ ਵੀਨਾ ਵਰਮਾ ਦੇ ਸੰਦਰਭ ਵਿੱਚ)" ਅਧਿਆਇ

ਵੰਡ "ਵੀਨਾ ਵਰਮਾ ਦਾ ਕਹਾਣੀ ਸੰਸਾਰ ਜਿਨਸੀ ਰਿਸ਼ਤਿਆਂ ਅਤੇ ਮਨੋਗੁੰਝਲਾਂ ਵਿੱਚ ਉਲਝੀ ਮਾਨਵੀ ਤ੍ਰਾਸਦੀ) ਦੁਆਰਾ ਵੀਨਾ ਵਰਮਾ ਦੀਆਂ ਸਮੁੱਚੀਆਂ ਕਹਾਣੀਆਂ ਵਿੱਚ ਔਰਤ-ਮਰਦ ਦੇ ਰਿਸ਼ਤੇ-ਨਾਤੇ ਨੂੰ ਨਵੇਂ ਪ੍ਰਸੰਗ ਤੋਂ ਉਭਾਰਿਆ ਗਿਆ ਹੈ। ਪੱਛਮੀ ਸਮਾਜ ਦਾ ਨਵਾਂ ਆਰਥਿਕ ਢਾਂਚੇ ਦੁਆਰਾ ਪਰਵਾਸੀ ਪੰਜਾਬੀ ਔਰਤ-ਮਰਦ ਦੇ ਰਿਸ਼ਤੇ-ਨਾਤੇ ਨੂੰ ਸੰਕੀਰਨ ਸੋਚ ਅਤੇ ਗੋਰਿਆ ਦੀ ਲਿੰਗ-ਖੁੱਲ ਦੇ ਟਕਰਾਓ ਤੋਂ ਪੈਦਾ ਹੋਣ ਵਾਲੇ ਰਿਸ਼ਤਿਆਂ ਦੀ ਟੁੱਟ-ਭੱਜ, ਮਾਨਵੀ ਅਤ੍ਰਿਪਤੀਆਂ ਦਾ ਸੰਕਟ ਅਤੇ ਵਿਸ਼ੇਸ਼ ਕਰਕੇ ਔਰਤ ਦੇ ਡੂੰਘੇ ਵਿਸ਼ਾਦ ਦੇ ਵਿਵੇਕ ਨੂੰ ਆਪਣੀਆਂ ਵਿਲੱਖਣ ਬਿਰਤਾਂਤਕ ਜੁਗਤਾਂ ਰਾਹੀਂ ਬਿਆਨ ਕੀਤਾ ਹੈ।

- ਰੁਪਿੰਦਰ ਕੌਰ, ਖੋਜ-ਪ੍ਰਬੰਧ, 2002, ਪੰਜਾਬੀ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਵਿਸ਼ਾ-"ਪਰਵਾਸੀ ਪੰਜਾਬੀ ਕਹਾਣੀ ਵਿੱਚ ਨਾਰੀ ਸੰਵੇਦਨਾ (ਬਲਵੀਰ ਕੌਰ ਸੰਘੇੜਾ, ਵੀਨਾ ਵਰਮਾ, ਕੈਲਾਸ਼ਪੁਰੀ, ਪਰਵੇਜ਼ ਸੰਧੂ, ਰਾਣੀ ਨਗੇਂਦਰ ਅਤੇ ਸੁਸ਼ੀਲ ਕੌਰ ਦੇ ਵਿਸ਼ੇਸ਼ ਸੰਦਰਭ ਵਿੱਚ)" ਅਧਿਆਇ ਵੰਡ "ਵੀਨਾ ਵਰਮਾ ਅਤੇ ਕੈਲਾਸ਼ਪੁਰੀ ਦੀਆਂ ਕਹਾਣੀਆਂ ਵਿੱਚ ਨਾਰੀ-ਸੰਵੇਦਨਾ 1. ਕਾਮੁਕ ਦਾ ਵਿਸਥਾਰ 2. ਪਿਤਾ ਪੁਰਖੀ ਪ੍ਰਤੀਕ-ਪ੍ਰਬੰਧ ਪ੍ਰਤੀ ਵਿਦਰੋਹ 3. ਔਰਤ ਦੀ ਹੋਂਦ, ਬਹੁ-ਪਾਸਾਰੀ ਤੇ ਪ੍ਰਚੰਡ ਬਿਰਤਾਂਤਕ ਨਿਭਾਅ 4. ਭਾਸ਼ਕ-ਪ੍ਰਗਟਾਅ ਦੀ ਨਿਸੰਗਤਾ 5. ਕਥਾ ਸਿਰਜਣਾ ਦੀਆਂ ਵੱਖਰੀਆਂ ਪ੍ਰਗਟਾਅ ਜੁਗਤਾਂ ਆਦਿ ਰਾਹੀਂ ਵੀਨਾ ਵਰਮਾ ਅਤੇ ਕੈਲਾਸ਼ਪੁਰੀ ਦੀਆਂ ਕਹਾਣੀਆਂ ਵਿੱਚ ਜਿਸ ਤਰ੍ਹਾਂ ਨਾਰੀ-ਸੰਵੇਦਨਾ ਨੂੰ ਚਿਤਰਿਆਂ ਗਿਆ ਉਹ ਜ਼ਿਆਦਾ ਕਾਲਪਨਿਕ ਹੀ ਨਹੀਂ, ਬਲਕਿ ਪਾਤਰਾਂ ਦੀ ਧੁਰ ਅੰਦਰਲੀ ਜ਼ਿੰਦਗੀ ਨੂੰ ਮਹਿਸੂਸ ਕਰਕੇ ਯਥਾਰਥ ਦੇ ਨੇੜੇ ਲਿਆ ਕੇ ਸੱਚ ਦੇ ਬਿਆਨ ਵਜੋਂ ਪੇਸ਼ ਕੀਤਾ ਹੈ।
- ਗੁਰਮੀਨ ਕੌਰ ਰਾਏ, ਖੋਜ-ਪ੍ਰਬੰਧ, 2005, ਪੰਜਾਬੀ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਵਿਸ਼ਾ-"ਬਰਤਾਨਵੀ ਪੰਜਾਬੀ ਕਹਾਣੀ ਵਿੱਚ ਪੰਜਾਬੀ ਸੰਵੇਦਨਾ (ਰਘਬੀਰ ਢੰਡ, ਦਰਸ਼ਨ ਧੀਰ, ਸਵਰਨ ਚੰਦਨ, ਗੋਪਾਲ ਕੈਲਾਸ਼ਪੁਰੀ ਅਤੇ ਵੀਨਾ ਵਰਮਾ ਦੇ ਵਿਸ਼ੇਸ਼ ਸੰਦਰਭ

ਵਿੱਚ)" ਅਧਿਆਇ ਵੰਡ "ਵੀਨਾ ਵਰਮਾ ਅਤੇ ਗੋਪਾਲ ਕੈਲਾਸ਼ਪੁਰੀ ਦੀਆਂ ਕਹਾਣੀਆਂ ਵਿੱਚ ਪੰਜਾਬੀ ਸੰਵੇਦਨਾ" ਹੈ। ਇਸ ਅਧਿਆਇ ਵਿੱਚ ਵੀਨਾ ਵਰਮਾ ਨੇ ਪੰਜਾਬੀ ਔਰਤ ਦੀ ਸੰਵੇਦਨਾ ਨੂੰ ਆਪਣੀਆਂ ਕਹਾਣੀਆਂ ਦੇ ਬਿਰਤਾਂਤ ਵਿੱਚ ਪਰੋ ਕੇ ਸਮੁੱਚੀਆਂ ਅਕਾਂਖਿਆਵਾਂ ਅਤੇ ਵਿਡੰਬਨਾਵਾਂ ਨੂੰ ਇੱਕ ਚਣੌਤੀ ਦਿੱਤੀ ਹੈ। ਦੋਨੋਂ ਸੰਸਕ੍ਰਿਤੀਆਂ ਦੇ ਘੋਲ ਵਿੱਚ ਪਿਸਦੀ ਪੰਜਾਬੀ ਔਰਤ ਦੀ ਤ੍ਰਾਸਦੀ ਨੂੰ ਵੀਨਾ ਵਰਮਾ ਨੇ ਦੀਆਂ ਕਹਾਣੀਆਂ ਅਨੇਕਾਂ ਪਾਸਾਰਾਂ ਵਿੱਚ ਪੇਸ਼ ਕਰਦੀਆਂ ਹਨ। ਔਰਤ ਉਸ ਦੀਆਂ ਕਹਾਣੀਆਂ ਦਾ ਕੇਂਦਰੀ ਪੈਰਾਡਾਈਮ ਹੈ। ਇਸ ਲਈ ਔਰਤ ਦੀ ਜ਼ਿੰਦਗੀ ਉੱਪਰ ਫੋਕਸ ਕਰਕੇ ਵੀਨਾ ਵਰਮਾ ਆਪਣੀਆਂ ਕਹਾਣੀਆਂ ਦੀ ਸਿਰਜਣਾ ਕਰਦੀ ਹੈ। ਸੋ ਇਸ ਅਧਿਆਇ ਵਿੱਚ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੀ ਪੰਜਾਬੀ ਔਰਤ ਦੀ ਸੰਵੇਦਨਾ ਨੂੰ ਦੋਹਰੇ ਮਾਪਦੰਡਾਂ ਨੂੰ ਹੰਢਾਉਂਦੀਆਂ ਹੋਈਆਂ ਨੂੰ ਆਪਣੀ ਬੇਵੱਸ ਜ਼ਿੰਦਗੀ ਨੂੰ ਮਜਬੂਰੀ ਵੱਸ ਜਿਊਣ ਲਈ ਪੇਸ਼ ਕੀਤਾ ਗਿਆ ਹੈ।

- ਅਮਨਿੰਦਰਪ੍ਰੀਤ, ਖੋਜ-ਪ੍ਰਬੰਧ, 2005, ਪੰਜਾਬੀ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਵਿਸ਼ਾ-"ਬਰਤਾਨਵੀ ਪੰਜਾਬੀ ਕਹਾਣੀ ਦਾ ਮਨੋਵਿਸ਼ਲੇਸ਼ਣਾਤਮਕ ਅਧਿਐਨ (ਸਵਰਨ ਚੰਦਨ, ਦਰਸ਼ਨ ਧੀਰ, ਸ਼ਿਵਚਰਨ ਗਿੱਲ, ਗੋਪਾਲ ਕੈਲਾਸ਼ਪੁਰੀ, ਵੀਨਾ ਵਰਮਾ, ਹਰਜੀਤ ਅਟਵਾਲ ਦੇ ਵਿਸ਼ੇਸ਼ ਸੰਦਰਭ ਵਿੱਚ)" ਅਧਿਆਇ ਵੰਡ "ਗੋਪਾਲ ਕੈਲਾਸ਼ਪੁਰੀ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ ਦਾ ਮਨੋਵਿਸ਼ਲੇਸ਼ਣੀ ਅਧਿਐਨ (ੳ) ਔਰਤ ਦੀ ਪਛਾਣ ਦੀ ਸਮੱਸਿਆ (ਅ) ਕਾਮਨਾਵਾਂ ਅਤੇ ਸਵੈ-ਚੇਤਨਾ (ੲ) ਮਰਦ ਦਾ ਕਾਮੁਕ ਅਤੇ ਭਾਵੁਕ ਸਥਾਪਤੀ ਪ੍ਰਤੀ ਵਿਦਰੋਹ (ਸ) ਸੰਤੁਲਿਤ ਮਾਨਵੀ ਰਿਸ਼ਤੇ ਦੀ ਖ਼ਾਹਿਸ਼ ਦੁਆਰਾ ਜਿੱਥੇ ਸਮਾਜ ਦੇ ਘਟੀਆ ਸੱਚ ਨੂੰ ਨੰਗਾ ਕੀਤਾ, ਉੱਥੇ ਹੀ ਵਧੀਆਂ ਇਨਸਾਨੀ ਜਜ਼ਬਿਆਂ ਦੀ ਮੁੱਖ ਤਸਵੀਰ ਨੂੰ ਵੀ ਪੇਸ਼ ਕੀਤਾ ਹੈ। ਇਸ ਅਧਿਆਇ ਵਿੱਚ ਵੀਨਾ ਵਰਮਾ ਦੀਆ ਕਹਾਣੀਆਂ ਦੁਆਰਾ ਪੰਜਾਬੀ ਇਸਤਰੀ ਦੀ ਸੰਜਮੀ ਚੁੱਪ, ਦਮਨ, ਸੱਭਿਆਚਾਰ ਅਤੇ ਇਸਤਰੀ ਦੇ ਅੰਤਰ-ਮਨ ਨੂੰ ਕਿਸੇ ਨਾ ਕਿਸੇ ਤਰ੍ਹਾਂ ਸਾਂਭਦੀਆਂ ਹੋਈਆਂ ਦੇ

ਯਤਨ ਨੂੰ ਪੇਸ਼ ਕੀਤਾ ਗਿਆ ਹੈ।

- ਜਸਪਾਲ ਸਿੰਘ, ਖੋਜ-ਪ੍ਰਬੰਧ, 2005, ਅਪ੍ਰੈਲ 2017, ਪੰਜਾਬੀ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, ਵਿਸ਼ਾ "ਪੰਜਾਬੀ ਕਹਾਣੀ ਵਿੱਚ ਨਾਰੀ ਚੇਤਨਾ (ਬਚਿੰਤ ਕੌਰ, ਸੁਖਵੰਤ ਕੌਰ ਮਾਨ, ਰਾਣੀ ਨਗੇਂਦਰ, ਬਲਬੀਰ ਕੌਰ ਸੰਘੇੜਾ ਅਤੇ ਵੀਨਾ ਵਰਮਾ ਦੇ ਸੰਦਰਭ ਵਿੱਚ)" ਅਧਿਆਇ ਵੰਡ "ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਨਾਰੀ ਚੇਤਨਾ, ਵਿੱਚ ਔਰਤ ਦੀ ਗੁਲਾਮੀ ਤੋਂ ਲੈ ਕੇ ਅਜੋਕੀ ਨਾਰੀ ਦੀ ਸਵੈ-ਚਿੰਤਨ ਨਾਲ ਉਤਪੰਨ ਹੋਈ ਸਵੈ-ਹੋਂਦ ਪ੍ਰਤੀ ਜਾਗਰੂਕਤਾ, ਆਰਥਿਕ-ਸਵੈ ਨਿਰਭਰਤਾ, ਨਾਰੀ ਵਿਰੋਧੀ ਸੋਚ ਪ੍ਰਤੀ ਵਿਦਰੋਹ, ਮਾਨਸਿਕ ਅਤੇ ਸਰੀਰਕ ਆਜ਼ਾਦੀ, ਦੇਹਵਾਦੀ ਤੇ ਭੋਗਵਾਦੀ ਰੁਚੀਆਂ ਦਾ ਵਿਸਥਾਰ ਅਤੇ ਔਰਤ ਅੰਦਰਲੀ ਸਕਾਰਾਤਮਕ ਭਾਵੁਕਤਾ ਨੂੰ ਬੜੀ ਬਾਰੀਕੀ ਨਾਲ ਚਿਤਰਿਆ ਹੈ।
- ਗਿੱਲ ਰਜ਼ੀਆ, ਖੋਜ-ਪ੍ਰਬੰਧ, 2016, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਵਿਸ਼ਾ "ਮਾਝੇ ਦੇ ਲੋਕ-ਗੀਤਾਂ ਦਾ ਸਮਾਜ-ਸੱਭਿਆਚਾਰਕ ਅਧਿਐਨ" ਵਿੱਚ ਅਧਿਆਇ ਵੰਡ 'ਸਮਾਜ-ਸੱਭਿਆਚਾਰਕ ਅਧਿਐਨ: ਸਿਧਾਂਤਕ ਪਰਿਪੇਖ' ਨੂੰ ਸਮਾਜ-ਸੱਭਿਆਚਾਰ ਪਰਿਭਾਸ਼ਾ ਤੇ ਸਰੂਪ, ਸੱਭਿਆਚਾਰ ਤੇ ਉਪ ਸੱਭਿਆਚਾਰ, ਸੱਭਿਆਚਾਰ ਦੇ ਲੱਛਣ, ਸੱਭਿਆਚਾਰ ਦੇ ਅੰਗ, ਸੱਭਿਆਚਾਰ ਤੇ ਸਭਿਅਤਾ, ਸੱਭਿਆਚਾਰਕ ਪਰਿਵਰਤਨ, ਮਾਝੇ ਦਾ ਭੂਗੋਲਿਕ ਖੇਤਰ, ਲੋਕ-ਗੀਤਾਂ ਦੀ ਪਰਿਭਾਸ਼ਾ ਤੇ ਸਰੂਪ, ਲੋਕ-ਗੀਤਾਂ ਦਾ ਸਰਵੇਖਣ ਆਦਿ ਨੂੰ ਡੂੰਘੇ ਅਧਿਐਨ ਦੁਆਰਾ ਘੋਖਿਆ, ਵਿਚਾਰਿਆ ਗਿਆ ਹੈ।
- ਜਸਪਾਲ ਸਿੰਘ, ਖੋਜ-ਪ੍ਰਬੰਧ, ਅਕਤੂਬਰ 2015, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਵਿਸ਼ਾ "ਪੰਜਾਬੀ ਸੱਭਿਆਚਾਰ ਦੇ ਪ੍ਰਸੰਗ ਵਿੱਚ ਪੰਜਾਬੀ ਗੀਤਕਾਰੀ ਅਤੇ ਗਾਇਕੀ ਦੇ ਬਦਲਦੇ ਸਰੋਕਾਰ (1990 ਤੋਂ ਬਾਅਦ ਦੇ ਰਿਕਾਰਡਿਡ ਗੀਤਾਂ ਦੇ ਸੰਦਰਭ ਵਿੱਚ)" ਵਿੱਚ ਅਧਿਆਇ ਤੀਜਾ "ਪੰਜਾਬੀ ਗੀਤਕਾਰੀ ਅਤੇ ਗਾਇਕੀ ਦੇ ਬਦਲਦੇ ਸਰੋਕਾਰ 1. ਪੰਜਾਬੀ

ਗੀਤਕਾਰੀ ਦੇ ਵਿਭਿੰਨ ਸਰੋਕਾਰ (ੳ) ਸੱਭਿਆਚਾਰਕ ਸਰੋਕਾਰ, ਅਧਿਆਇ ਚੌਥਾ 1990 ਤੋਂ ਬਾਅਦ ਦੀ ਗੀਤਕਾਰੀ ਅਤੇ ਗਾਇਕੀ ਦਾ ਮੁੱਲ ਤੇ ਮੁਲਾਂਕਣ (ਅ) ਸੱਭਿਆਚਾਰਕ ਪਰਿਪੇਖ ਤੋਂ ਪਾਪੂਲਰ ਸੰਗੀਤ, ਪੌਪ ਸੰਗੀਤ, ਦੇਸੀ ਪੌਪ, ਰੈਂਪ ਸੰਗੀਤ ਤੇ ਫ਼ਿਊਜਨ ਸੰਗੀਤ 1990 ਤੋਂ ਬਾਅਦ ਗਾਇਕੀ ਦੇ ਇਨ੍ਹਾਂ ਰੂਪਾਂ ਨੂੰ ਰੈਂਪ ਪੰਜਾਬੀ ਗੀਤ ਅਜੋਕੇ ਮੰਡੀਕਰਨ ਦੇ ਤਹਿਤ ਹੀ ਅਪਣਾਉਂਦਾ ਹੈ। ਜਨ ਸੰਚਾਰ ਮਾਧਿਅਮ ਜਨ ਸੱਭਿਆਚਾਰ ਅੰਦਰ ਪ੍ਰਵਾਹਿਤ ਹੋ ਕੇ ਸਿਰਫ ਅਧਿਕ ਤੋਂ ਅਧਿਕ ਲਾਭ ਕਮਾਉਣ ਦੇ ਮਕਸਦ ਤੋਂ ਵਿਚਾਰਿਆ ਗਿਆ ਹੈ।

- ਹਰਮਿੰਦਰ ਸਿੰਘ, ਖੋਜ-ਪ੍ਰਬੰਧ, 2014, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਵਿਸ਼ਾ "ਪੰਜਾਬੀ ਲੋਕਧਾਰਾ ਅਤੇ ਸਾਹਿਤ ਦਾ ਸੈਨਿਕ ਸੱਭਿਆਚਾਰਕ ਅਧਿਐਨ" ਵਿੱਚ ਅਧਿਆਇ ਪਹਿਲਾ ਸੱਭਿਆਚਾਰ ਅਤੇ ਸੈਨਿਕ ਸੱਭਿਆਚਾਰ: ਸਿਧਾਂਤਕ-ਇਤਿਹਾਸਕ ਪਰਿਪੇਖ 1. ਸੱਭਿਆਚਾਰ ਪਰਿਭਾਸ਼ਾ ਤੇ ਸਰੂਪ 2. ਸੱਭਿਆਚਾਰ ਅਤੇ ਇਸਦੇ ਪ੍ਰਮੁੱਖ ਖੇਤਰ (ੳ) ਕਿਸਾਨੀ ਸੱਭਿਆਚਾਰ (ਅ) ਦਲਿਤ ਸੱਭਿਆਚਾਰ (ੲ) ਸੈਨਿਕ ਸੱਭਿਆਚਾਰ 3. ਸੈਨਿਕ ਅਤੇ ਸੈਨਿਕ ਸੱਭਿਆਚਾਰ: ਪ੍ਰਮੁੱਖ ਪਛਾਣ ਚਿੰਨ੍ਹ ਅਧਿਆਇ ਦੂਜਾ ਪੰਜਾਬੀ ਲੋਕਧਾਰਾ ਅਤੇ ਸੈਨਿਕ ਸੱਭਿਆਚਾਰ 1. ਪੰਜਾਬੀ ਸੱਭਿਆਚਾਰ ਅਤੇ ਸੈਨਿਕ 3. ਵਿਭਿੰਨ ਲੋਕਧਾਰਾਈ ਵੰਨਗੀਆਂ (ੳ) ਲੋਕ ਕਥਾਵਾਂ ਵਿੱਚ ਸੈਨਿਕ ਸੱਭਿਆਚਾਰ (ਅ) ਲੋਕ ਕਾਵਿ ਵਿੱਚ ਸੈਨਿਕ ਸੱਭਿਆਚਾਰ (ੲ) ਚੁਟਕਲਿਆਂ ਵਿੱਚ ਸੈਨਿਕ ਸੱਭਿਆਚਾਰ (ਸ) ਅਖਾਣ ਤੇ ਮੁਹਾਵਰਿਆਂ ਵਿੱਚ ਸੈਨਿਕ ਸੱਭਿਆਚਾਰ (ਹ) ਬੁਝਾਰਤਾਂ ਵਿੱਚ ਸੈਨਿਕ ਸੱਭਿਆਚਾਰ ਅਧਿਆਇ-ਤੀਜਾ ਪੰਜਾਬੀ ਸਾਹਿਤ ਅਤੇ ਸੈਨਿਕ ਸੱਭਿਆਚਾਰ 1. ਆਦਿਕਾਲੀਨ ਸਾਹਿਤ ਖਾਸਕਰ ਵਾਰਾਂ ਵਿੱਚ ਸੈਨਿਕ ਸੱਭਿਆਚਾਰ ਅਧਿਆਇ ਚੌਥਾ ਪੰਜਾਬੀ ਲੋਕਧਾਰਾ ਅਤੇ ਸਾਹਿਤ ਵਿੱਚ ਸੈਨਿਕ ਸੱਭਿਆਚਾਰ ਦੇ ਪ੍ਰਮੁੱਖ ਪਛਾਣ ਚਿੰਨ੍ਹ ਵਿੱਚ ਪੰਜਾਬੀ ਸੱਭਿਆਚਾਰ ਵਿੱਚ ਸੈਨਿਕ ਤੇ ਸੈਨਿਕ ਸੱਭਿਆਚਾਰ ਦੇ ਪ੍ਰਮੁੱਖ ਪਾਸਾਰ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

- ਗੁਰਜੀਤ ਕੌਰ ਖੋਜ-ਪ੍ਰਬੰਧ, 2013, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਵਿਸ਼ਾ "ਭਗਤ ਬਾਣੀ ਦਾ ਸਮਾਜ-ਸੱਭਿਆਚਾਰਕ ਅਧਿਐਨ" ਵਿੱਚ ਅਧਿਆਇ ਪਹਿਲਾ ਭਗਤ ਬਾਣੀ ਸਬੰਧੀ ਸਮਾਜ-ਸੱਭਿਆਚਾਰਕ ਪੱਖ ਤੋਂ ਹੋਏ ਉਪਾਧੀ ਸਾਪੇਖ ਖੋਜ ਕਾਰਜ ਦਾ ਸਰਵੇਖਣ ਤੇ ਮੁਲਾਂਕਣ ਅਧਿਆਇ ਦੂਜਾ ਭਗਤ ਬਾਣੀ ਦੇ ਸਮਾਜ-ਸੱਭਿਆਚਾਰਕ ਅਧਿਐਨ ਦਾ ਮਾਡਲ (1) ਸਮਾਜ ਅਤੇ ਸੱਭਿਆਚਾਰ (2) ਮੱਧਕਾਲੀ ਸਮਾਜ ਅਤੇ ਸੱਭਿਆਚਾਰ (3) ਸਾਹਿਤ ਦੀ ਹੋਂਦ ਵਿਧੀ ਦੇ ਸਮਾਜ-ਸੱਭਿਆਚਾਰਕ ਆਧਾਰ ਅਧਿਆਇ ਪੰਜਵਾਂ ਭਗਤ ਬਾਣੀ ਵਿੱਚ ਸੱਭਿਆਚਾਰ ਦਾ ਸਰੂਪ (1) ਸੱਭਿਆਚਾਰਕ ਪ੍ਰਤੀਮਾਨ ਤੇ ਕਦਰਾਂ-ਕੀਮਤਾਂ (2) ਮਿੱਥ ਦੀ ਪੇਸ਼ਕਾਰੀ ਤੇ ਰੂਪਾਂਤਰਨ (4) ਭਾਸ਼ਾ ਦਾ ਸੱਭਿਆਚਾਰਕ ਅਧਿਐਨ ਨੂੰ ਵਿਚਾਰਿਆ ਗਿਆ ਹੈ।
- ਕੰਵਲਜੀਤ ਸਿੰਘ, ਖੋਜ-ਪ੍ਰਬੰਧ, 2014, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਵਿਸ਼ਾ "ਨਿਰੰਜਨ ਤਸਨੀਮ ਦੇ ਨਾਵਲਾਂ ਵਿੱਚ ਮੱਧਵਰਗੀ ਸੱਭਿਆਚਾਰ: ਵਿਚਾਰਧਾਰਾਈ ਅਧਿਐਨ" ਵਿੱਚ ਅਧਿਆਇ ਪਹਿਲਾ ਸਿਧਾਂਤਕ ਪਰਿਪੇਖ (ੳ) ਮੱਧਵਰਗੀ ਸੱਭਿਆਚਾਰ: ਸੰਕਲਪ ਤੇ ਇਤਿਹਾਸਕ ਪਰਿਪੇਖ (ਅ) ਮੱਧਵਰਗੀ ਸੱਭਿਆਚਾਰ ਅਤੇ ਨਾਵਲ ਅਧਿਆਇ ਤੀਜਾ ਨਿਰੰਜਨ ਤਸਨੀਮ ਦੇ ਨਾਵਲਾਂ ਵਿੱਚ ਮੱਧਵਰਗੀ ਸੱਭਿਆਚਾਰ ਅਧਿਆਇ ਪੰਜਵਾਂ ਨਿਰੰਜਨ ਤਸਨੀਮ ਦੇ ਨਾਵਲਾਂ ਵਿੱਚ ਮੱਧਵਰਗੀ ਸੱਭਿਆਚਾਰ ਅਤੇ ਵਿਚਾਰਧਾਰਾਈ ਪਰਿਪੇਖ: ਤੁਲਨਾਤਮਕ ਅਧਿਐਨ ਦੁਆਰਾ ਅਧਿਐਨ ਕੀਤਾ ਗਿਆ ਹੈ।
- ਬੱਲਮ ਲੀਂਬਾ, ਖੋਜ-ਪ੍ਰਬੰਧ, 2013, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਵਿਸ਼ਾ "ਮਰਾਸੀ ਕਬੀਲੇ ਦਾ ਸੱਭਿਆਚਾਰ: ਇਤਿਹਾਸ ਤੇ ਮੁਹਾਂਦਰਾ" ਅਧਿਆਇ ਪਹਿਲਾ ਸੱਭਿਆਚਾਰ ਦਾ ਵਿਕਾਸ ਤੇ ਕਬੀਲਾ ਸੱਭਿਆਚਾਰ ਅਧਿਆਇ ਦੂਜਾ ਮਰਾਸੀ ਕਬੀਲੇ ਦਾ ਸੱਭਿਆਚਾਰ: ਆਰੰਭ ਤੇ ਇਤਿਹਾਸ ਨੂੰ ਅਧਿਐਨ ਕੀਤਾ ਗਿਆ ਹੈ।

**1.5 ਖੋਜ ਦੇ ਉਦੇਸ਼:** ਕਿਸੇ ਵੀ ਖੋਜ-ਕਾਰਜ ਦੀ ਵਿਸ਼ੇ ਚੋਣ ਤੋਂ ਲੈ ਕੇ ਨੇਪਰੇ ਚਾੜ੍ਹਨ ਦੇ ਸਫ਼ਰ ਤੱਕ

ਖੋਜਾਰਥੀ ਦਾ ਕੋਈ ਨਾ ਕੋਈ ਮੰਤਵ ਜਾਂ ਉਦੇਸ਼ ਹੁੰਦਾ ਹੈ। ਉਸ ਉਦੇਸ਼ ਜਾਂ ਮੰਤਵ ਦੀ ਪ੍ਰਾਪਤੀ ਲਈ ਹੀ ਖੋਜਾਰਥੀ ਇਹ ਖੋਜ-ਕਾਰਜ ਸਮੇਂ-ਸਮੇਂ ਵਿਚਾਰ-ਵਟਾਂਦਰੇ ਰਾਹੀਂ ਆਪਣੇ ਨਿਗਰਾਨ ਦੇ ਦਿਸ਼ਾ ਨਿਰਦੇਸ਼ ਹੇਠ ਨੇਪਰੇ ਚਾੜਦਾ ਹੈ। ਸੋ ਇਸ ਖੋਜ ਪ੍ਰਬੰਧ ਦੇ ਵੀ ਕੁਝ ਉਦੇਸ਼ ਹਨ, ਜਿਹੜੇ ਹੇਠ ਲਿਖੇ ਅਨੁਸਾਰ ਹਨ:

1. ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੀ ਪਹਿਚਾਣ ਕਰਨੀ।
2. ਸੁਖਜੀਤ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਤੁਲਨਾਤਮਕ ਅਧਿਐਨ ਕਰਨਾ।
3. ਸਮਕਾਲੀ ਕਹਾਣੀਕਾਰ ਸੁਖਜੀਤ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਅਤੇ ਸਮਾਜ ਦੇ ਯਥਾਰਥ ਦਾ ਤਲਨਾਤਮਕ ਅਧਿਐਨ ਕਰਨਾ।

**1.6 ਖੋਜ ਵਿਧੀਆਂ**: ਖੋਜ-ਕਾਰਜ ਦੇ ਗਿਆਨ ਸੰਬੰਧੀ ਇਕੱਤਰ ਸਮੱਗਰੀ ਕਰਨ ਦੀਆਂ ਵਿਧੀਆਂ ਉੱਪਰ ਹੁਣ ਤੱਕ ਜਿੰਨੀ ਵੀ ਚਰਚਾ ਹੋਈ ਹੈ, ਉਸ ਸੰਬੰਧੀ ਬਹੁਤ ਸਾਰੇ ਵਿਦਵਾਨ, ਚਿੰਤਕਾਂ ਨੇ ਇਹ ਸਿੱਟਾ ਕੱਢਿਆ ਹੈ ਕਿ ਕਿਸੇ ਵੀ ਖੋਜ-ਕਾਰਜ ਨੂੰ ਇੱਕੋ ਹੀ ਵਿਧੀ ਉੱਪਰ ਅਧਾਰਿਤ ਕਰ ਦੇਣਾ ਉਚਿੱਤ ਨਹੀਂ ਹੈ। ਇਸ ਤਰ੍ਹਾਂ ਕਰਨ ਦੇ ਨਾਲ ਖੋਜ-ਕਾਰਜ ਇੱਕ ਪਾਸੜ ਹੋ ਕੇ ਇੱਕੋ ਅਨੁਸ਼ਾਸਨ ਵਿੱਚ ਬੱਝ ਕੇ ਰਹਿ ਜਾਂਦਾ ਹੈ, ਕਿਉਂਕਿ ਖੋਜ-ਕਾਰਜ ਦੇ ਅਨੁਸ਼ਾਸਨ ਸੰਬੰਧੀ ਹੋਰ ਬਹੁਤ ਸਾਰੇ ਪੱਖ ਅਣਗੌਲੇ ਰਹਿ ਜਾਂਦੇ ਹਨ, ਜਿਹੜੇ ਕਿ ਖੋਜ-ਕਾਰਜ ਦੇ ਵਿਸ਼ੇ ਚੋਣ ਤੋਂ ਲੈ ਕੇ ਨੇਪਰੇ ਚੜ੍ਹਨ ਤੱਕ ਕਿਸੇ ਨਾ ਕਿਸੇ ਰੂਪ ਵਿੱਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਜ਼ਰੂਰਤ ਹੁੰਦੀ ਹੈ ਕਿ ਸਥਿਤੀ-ਪ੍ਰਸਥਿਤੀ ਦੇ ਅਨੁਸਾਰ ਖੋਜ-ਕਾਰਜ ਵਿਧੀ ਨੂੰ ਵਰਤੋਂ ਵਿੱਚ ਲਿਆਂਦਾ ਜਾਵੇ। ਪਰ ਨਾਲ-ਨਾਲ ਇਹ ਵੀ ਖ਼ਿਆਲ ਰੱਖਣਾ ਬਣਦਾ ਹੈ ਕਿ ਖੋਜ-ਕਾਰਜ ਵਿਧੀ ਨਿਰੋਲ ਪਰੰਪਰਿਕ ਨਾ ਹੋ ਕੇ ਵਿਗਿਆਨਕ ਮਾਡਲ ਪਰ ਆਧਾਰਿਤ ਵੀ ਹੋਵੇ। ਮੂਲ ਤੌਰ ’ਤੇ ਵਿਗਿਆਨਕ ਖੋਜ-ਕਾਰਜ ਵਿਧੀਆਂ ਦੀ ਵਰਤੋਂ ਵੀਹਵੀਂ ਸਦੀ ਵਿੱਚ ਹੀ ਹੋਣੀ ਆਰੰਭ ਹੋਈ ਹੈ, ਇਸ ਤੋਂ ਪਹਿਲਾਂ ਖੋਜ-ਕਾਰਜ ਸੰਬੰਧੀ ਪਰੰਪਰਿਕ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਇਹ ਵਿਧੀਆਂ ਅੰਦਾਜ਼ੇ ਉੱਪਰ ਅਧਾਰਿਤ ਹੁੰਦੀਆਂ ਸਨ। ਵਿਗਿਆਨਕਤਾ ਤੋਂ ਭਾਵ ਸਾਹਿਤਕ ਖੋਜ-ਕਾਰਜ ਨੂੰ ਮਕੈਨੀਕਲ ਕਰਨਾ ਨਹੀਂ ਹੈ, ਕਿਉਂਕਿ ਇਹ

ਮੰਨਿਆ ਜਾਂਦਾ ਹੈ ਕਿ ਸਾਹਿਤਕ ਵਿਧਾਵਾਂ ਸੰਬੰਧੀ ਇਕੱਤਰ ਸਮੱਗਰੀ ਨੂੰ ਪ੍ਰਯੋਗਸ਼ਾਲਾ ਵਿੱਚ ਸਿੱਧ ਨਹੀਂ ਕੀਤਾ ਜਾ ਸਕਦਾ, ਪਰੰਤੂ ਇਸ ਦਾ ਸਾਹਿਤਕ ਤੱਤਾਂ ਦੀ ਦਲੀਲ ਉੱਪਰ ਸੰਪੂਰਨ ਤੌਰ 'ਤੇ ਉੱਤਰਨਾ ਲਾਜ਼ਮੀ ਹੈ। ਸਮੁੱਚਤਾ ਵਿੱਚ ਇਹ ਕਹਿ ਸਕਦੇ ਹਾਂ ਕਿ ਸਾਹਿਤਕ ਖੋਜ-ਕਾਰਜ ਸੰਬੰਧੀ ਅੰਤਰ-ਅਨੁਸ਼ਾਸਨੀ (Interdisciplinary) ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਅੰਤਰ-ਅਨੁਸ਼ਾਸਨੀ ਵਿਧੀ ਦੀ ਜ਼ਰੂਰਤ ਇਸ ਕਰਕੇ ਵੀ ਬਣ ਜਾਂਦੀ ਹੈ ਕਿਉਂਕਿ ਇਹ ਖੋਜ-ਕਾਰਜ ਸਿਰਫ਼ ਇੱਕ ਪਾਸੜ ਦੇ ਸਨਮੁੱਖ ਨਹੀਂ ਰਹਿ ਜਾਂਦਾ। ਪ੍ਰਯੋਗਸ਼ਾਲਾ ਦੁਆਰਾ ਕੀਤੀ ਗਈ ਖੋਜ ਨਾਲੋਂ ਸਾਹਿਤਕ ਖੋਜ-ਕਾਰਜ ਲਈ ਕੀਤੀ ਗਈ ਇਕੱਤਰ ਸਮੱਗਰੀ ਦਾ ਘੇਰਾ ਬਹੁਤ ਜ਼ਿਆਦਾ ਵਿਸ਼ਾਲ ਹੁੰਦਾ ਹੈ, ਜਿਸ ਦਾ ਸੂਤਰੀਕਰਨ ਕਰਨ ਲਈ ਵਿਭਿੰਨ ਪ੍ਰਕਾਰ ਦੇ ਪੈਰਾਮੀਟਰਾਂ ਦੀ ਲੋੜ ਪੈਂਦੀ ਹੈ। ਇਹਨਾਂ ਪੈਰਾਮੀਟਰਾਂ ਨੂੰ ਵੱਖ-ਵੱਖ ਖੋਜ ਵਿਧੀਆਂ ਅਨੁਸਾਰ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ। ਸੋ ਸਮਕਾਲੀ ਪੰਜਾਬੀ ਕਹਾਣੀ ਦੇ ਸੱਭਿਆਚਾਰਕ ਰੂਪਾਂਤਰਨ ਦੇ ਖੋਜ-ਕਾਰਜ ਸੰਬੰਧੀ ਇੱਕੋ ਵਿਧੀ ਨੂੰ ਲਾਗੂ ਕਰਨਾ ਮੁਸ਼ਕਲ ਨਹੀਂ, ਅਸੰਭਵ ਹੈ। ਇਸ ਦੇ ਪਾਸਾਰ ਬਹੁਤ ਸੂਖਮ ਤੇ ਖਿੰਡੇ ਹੋਏ ਹਨ, ਕਿਉਂਕਿ ਇੱਕ ਕਹਾਣੀਕਾਰ, ਇੱਕੋ ਸਮੇਂ ਕਿੰਨੀਆਂ ਹੀ ਪਹੁੰਚ ਵਿਧੀਆਂ ਨੂੰ ਅਪਨਾ ਕੇ ਕਹਾਣੀ ਦੀ ਸਿਰਜਨਾ ਕਰਦਾ ਹੈ। ਹਥਲੇ ਖੋਜ-ਕਾਰਜ **"ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ (ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਸੰਦਰਭ 'ਚ)** ਵਿੱਚ ਵਿਧੀਆਂ ਨੂੰ ਅਪਨਾ ਕੇ ਖੋਜ ਕਾਰਜ ਨੇਪਰੇ ਚਾੜ੍ਹਨਾ ਹੈ। ਸੋ ਇਸ ਖੋਜ-ਕਾਰਜ ਸੰਬੰਧੀ ਜੋ ਵਿਧੀਆਂ ਦੀ ਵਰਤੋਂ ਕੀਤੀ ਗਈ ਉਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

ੳ. ਸਮਾਜ ਸ਼ਾਸਤਰੀ ਵਿਧੀ

ਅ. ਮਨੋਵਿਗਿਆਨ ਵਿਧੀ

ੲ. ਤੁਲਨਾਤਮਕ ਵਿਧੀ

**1.6.1. ਸਮਾਜ ਸ਼ਾਸਤਰੀ ਵਿਧੀ:- (Sociological methodology)** ਜਦੋਂ ਕਿਸੇ ਵੀ ਸਮਾਜ ਨੂੰ ਡੂੰਘੀ ਨਜ਼ਰ/ਦ੍ਰਿਸ਼ਟੀ ਤੋਂ ਘੋਖਿਆ, ਵਿਚਾਰਿਆ, ਸਮਝਿਆ ਜਾਂ ਅਧਿਐਨ ਕੀਤਾ ਜਾਂਦਾ ਹੈ ਤਾਂ ਉਸ ਨੂੰ ਸਮਾਜ-ਸ਼ਾਸਤਰ ਕਿਹਾ ਜਾਂਦਾ ਹੈ। ਸਮਾਜ-ਸ਼ਾਸਤਰੀ ਅਧਿਐਨ ਵਿਧੀ ਰਾਹੀਂ ਮਨੁੱਖੀ ਜੀਵਨ ਸ਼ੈਲੀ ਦੇ ਸਮਾਜਿਕ ਪੱਖਾਂ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਸਮਾਜ-ਸ਼ਾਸਤਰ ਮਨੁੱਖ ਦੇ ਗਿਆਨ ਦਾ ਅਜਿਹਾ ਖੇਤਰ ਹੁੰਦਾ ਹੈ, ਜਿਸ ਵਿੱਚ ਮਨੁੱਖ ਸਮਾਜਿਕ ਯਥਾਰਥ ਦੇ ਸਮੁੱਚੇ ਰੂਪਾਂ ਜਾਂ ਪੱਖਾਂ ਨੂੰ ਨਿਯਮਬੱਧ ਸ਼ਾਸਤਰ ਵਜੋਂ ਵਿਚਾਰਿਆ ਜਾਂਦਾ ਹੈ। ਸਮਾਜ-ਸ਼ਾਸਤਰ ਆਪਣੇ ਆਪ ਵਿੱਚ ਇੱਕ ਵੱਡ ਆਕਾਰੀ ਦਾਇਰਾ ਹੈ। ਸਮਾਜ-ਸ਼ਾਸਤਰ ਵਿਧੀ ਮਨੁੱਖੀ ਜੀਵਨ ਸ਼ੈਲੀ ਦੇ ਉਨ੍ਹਾਂ ਸਾਰੇ ਪੱਖਾਂ ਨੂੰ ਵਿਚਾਰਦੀ ਹੈ, ਜਿਹੜੇ ਮਨੁੱਖ ਦੇ ਸਮਾਜਿਕ ਸੰਬੰਧਾਂ ਅਤੇ ਸਮਾਜਿਕ ਜੀਵਨ ਸ਼ੈਲੀ ਨੂੰ ਸਮੇਂ-ਸਮੇਂ 'ਤੇ ਪ੍ਰਭਾਵਿਤ ਕਰਦੇ ਰਹਿੰਦੇ ਹਨ। ਮਨੁੱਖੀ ਜੀਵਨ ਸ਼ੈਲੀ ਦੇ ਵਰਤ-ਵਿਵਹਾਰ ਵਿੱਚਕਾਰ ਸਮਾਜ ਸ਼ਾਸਤਰੀ ਦੁਆਰਾ ਮਨੁੱਖੀ ਸਮੂਹਿਕ ਜੀਵਨ ਦੇ ਉਦੇਸ਼ ਅਤੇ ਸਰੂਪ ਨੂੰ ਸਮਝਿਆ ਜਾ ਸਕਦਾ ਹੈ ਕਿ ਕਿਸ ਤਰੀਕੇ ਅਨੁਸਾਰ ਨਾਲ ਵੱਖਰੇ-ਵੱਖਰੇ ਸਰੂਪ ਆਪਣੀ ਹੋਂਦ ਧਾਰਨ ਕਰਕੇ ਵਿਕਾਸ ਕਰਦੇ ਹਨ। ਬਾਅਦ ਵਿੱਚ ਕਿਵੇਂ ਡਿੱਗ ਕੇ ਦੁਬਾਰਾ ਖੜ੍ਹੇ ਹੁੰਦੇ ਹਨ? ਸਮਾਜ-ਸ਼ਾਸਤਰੀ ਅਧਿਐਨ ਵਿਧੀ ਦਾ ਮੁੱਖ ਉਦੇਸ਼ ਧਾਰਮਿਕ, ਰਾਜਨੀਤਕ, ਸਮਾਜਿਕ, ਆਰਥਿਕ ਪੱਖਾਂ, ਘਟਨਾਵਾਂ ਆਦਿ ਵਿੱਚਕਾਰ ਮੂਲ ਯਥਾਰਥ ਦੀ ਖੋਜ ਕਰਨ ਦਾ ਇੱਕ ਯਤਨ ਹੈ। ਸਮਾਜ-ਸ਼ਾਸਤਰੀ ਵਿਧੀ ਦੁਆਰਾ ਸਮੁੱਚੀ ਲੋਕਾਈ ਦੇ ਆਪਸੀ ਸਮਾਜਿਕ ਸੰਬੰਧਾਂ, ਸਮੁੱਚੀ ਲੋਕਾਈ ਦੇ ਸਮੂਹਿਕ ਆਪਸੀ ਸੰਚਾਰ ਤੇ ਅੰਤਰ-ਕਿਰਿਆਵਾਂ ਦੇ ਕਾਰਨਾਂ ਅਤੇ ਪ੍ਰਭਾਵ ਦਾ ਅਧਿਐਨ ਕਰਨਾ ਹੈ। ਸਮਾਜ-ਸ਼ਾਸਤਰ ਸਬੰਧੀ ਆਨੰਦ ਸਮਾਜ-ਸ਼ਾਸਤਰ ਦਾ ਪਰਿਚਯ ਵਿੱਚ ਲਿਖਦੇ ਨੇ:

> ਸਮਾਜ-ਸ਼ਾਸਤਰ ਉਹ ਵਿਗਿਆਨ ਹੈ, ਜਿਹੜਾ ਸਮਾਜਿਕ ਕਿਰਿਆਵਾਂ ਦਾ ਵਿਸ਼ਲੇਸ਼ਣਾਤਮਕ ਬੋਧ ਕਰਾਉਣ ਦਾ ਯਤਨ ਕਰਦਾ ਹੈ, ਤਾਂ ਜੋ ਇਸ ਦੇ ਸਮਾਜਿਕ ਸਿਲਸਿਲੇ ਅਤੇ ਉਨ੍ਹਾਂ ਦੇ ਸਿੱਟਿਆਂ ਕਾਰਨ ਸਹਿਤ ਵਿਆਖਿਆ ਕੀਤੀ ਜਾ ਸਕੇ। (2)

ਸਮਾਜ-ਸ਼ਾਸਤਰ ਸਮਾਜ ਦਾ ਬਾਹਰਮੁਖੀ ਅਧਿਐਨ ਕਰਨ ਦੇ ਨਾਲ ਅੰਤਰਮੁਖੀ ਅਧਿਐਨ ਦੀ ਕਰਦਾ ਹੈ,

ਕਿਉਂਕਿ ਇਹ ਮਨੁੱਖਾਂ ਦੇ ਪਰਸਪਰ ਸਬੰਧਾਂ ਪਿੱਛੇ ਕਾਰਜਸ਼ੀਲ ਅਮੂਰਤ ਮਨੁੱਖੀ ਅੰਤਰ ਸੰਬੰਧਾਂ ਦਾ ਵਿਵੇਚਨ ਕਰਦਾ ਹੈ। *ਇਨਸਾਈਕਲੋਪੀਡੀਆ ਆਫ ਬ੍ਰਿਟੇਨਿਕਾ* (Encyclopedia of Britannica) *Volume 27* ਵਿੱਚ ਸਮਾਜ-ਸ਼ਾਸਤਰ ਨੂੰ ਪਰਿਭਾਸ਼ਤ ਕਰਦੇ ਹੋਏ ਲਿਖਿਆ ਗਿਆ ਹੈ ਕਿ:

> ਸਮਾਜ-ਸ਼ਾਸਤਰ ਮਨੁੱਖੀ ਵਿਵਹਾਰ ਦੇ ਵਿਗਿਆਨ ਦੀ ਉਹ ਸ਼ਾਖਾ ਹੈ, ਜਿਹੜੀ ਉਨ੍ਹਾਂ ਕਾਰਨਾ ਤੇ ਪ੍ਰਭਾਵਾਂ ਦਾ ਪਤਾ ਲਗਾਉਂਦੀ ਹੈ, ਜਿਹੜੇ ਮਨੁੱਖਾਂ ਅਤੇ ਸਮੂਹਾਂ ਦੀ ਕਿਰਿਆ ਅਤੇ ਅੰਤਰ-ਕਿਰਿਆ ਤੋਂ ਉਪਜਦੇ ਹਨ। ਇਹ ਹਿਦਾਜਾ, ਬਣਤਰਾਂ ਅਤੇ ਸੰਸਥਾਵਾਂ ਦਾ ਅਧਿਐਨ ਹੈ।(331)

ਸਮਾਜ-ਸ਼ਾਸਤਰ ਦੇ ਸਬੰਧ 'ਚ ਜਾਨਸਨ *ਸਮਾਜ-ਸ਼ਾਸਤਰ ਏਕ ਵਿਧੀਵਤ ਵਿਵੇਚਨ ਪੁਸਤਕ* 'ਚ ਆਖਦੇ

> ਨੇ: ਸਮਾਜ-ਸ਼ਾਸਤਰ, ਸਮਾਜਿਕ ਸਮੂਹਾਂ ਦਾ ਵਿਗਿਆਨ ਹੈ।(9)

ਸਮਾਜ-ਸ਼ਾਸਤਰ ਉਨ੍ਹਾਂ ਨਿਯਮਾਂ ਦੀ ਖੋਜ ਕਰਦਾ ਹੈ, ਜਿਨ੍ਹਾਂ ਦੁਆਰਾ ਸਮਾਜ ਦਾ ਵਿਕਾਸ ਹੁੰਦਾ ਹੈ। ਇਸ ਕਥਨ ਦੀ ਪੁਸ਼ਟੀ ਕਰਦੇ ਹੋਏ *Society: and Introductory Analysis* ਵਿੱਚ ਮੈਕਾਈਵਰ ਅਤੇ ਪੇਜ (Maciver and Page) ਦੀ ਧਾਰਨਾ ਹੈ ਕਿ:

> ਸਮਾਜ-ਸ਼ਾਸਤਰ ਸਮਾਜ ਦਾ, ਜਿਸ ਦਾ ਕਿ ਅਸੀਂ ਹਿੱਸਾ ਹਾਂ, ਵਿਧੀਗਤ ਅਧਿਐਨ ਹੈ।(5)

ਸਮਾਜ-ਸ਼ਾਸਤਰ ਸਮਾਜਿਕ ਸਬੰਧਾਂ ਦਾ ਅਧਿਐਨ ਹੈ। ਸਮਾਜ-ਸ਼ਾਸਤਰ ਸਮਾਜਿਕ ਘਟਨਾਵਾਂ ਦੇ ਪਰਸਪਰ ਸੰਬੰਧਾਂ ਤੇ ਇਨ੍ਹਾਂ ਦੇ ਸਰੂਪਾਂ ਦਾ ਅਧਿਐਨ ਕਰਦਾ ਹੈ। ਮੈਕਾਈਵਰ ਅਤੇ ਪੰਜ (Maciver and Page) ਇਸ ਕਥਨ ਦੀ ਪੁਸ਼ਟੀ ਕਰਦੇ ਹੋਏ ਲਿਖਦੇ ਹਨ ਕਿ ਸਮਾਜ ਵਿਗਿਆਨ ਸਮਾਜਿਕ ਸੰਬੰਧਾਂ ਬਾਰੇ ਹੈ, ਸੰਬੰਧਾਂ ਦੇ ਜਾਲ (ਟਕਵ) ਨੂੰ ਅਸੀਂ ਸਮਾਜ ਕਹਿੰਦੇ ਹਾਂ। ਇਸ ਪ੍ਰਕਾਰ ਸਮਾਜ-ਵਿਗਿਆਨ ਮਨੁੱਖੀ ਸਮਾਜਿਕ ਸੰਬੰਧਾਂ ਦਾ ਅਧਿਐਨ ਕਰਦਾ ਹੈ।

ਸਮਾਜ-ਸ਼ਾਸਤਰ ਸੰਪੂਰਨ ਰੂਪ ਵਿੱਚ ਸਮਾਜ ਦੀ ਨਿਰੰਤਰ ਵਿਆਖਿਆ ਅਤੇ ਵਿਸ਼ਲੇਸ਼ਣ ਕਰਦਾ ਹੈ। ਐੱਚ. ਐੱਮ. ਜਾਹਨਸਨ (H. M. Johnson) ਇਸ ਦੀ ਪੁਸ਼ਟੀ ਕਰਦਿਆਂ ਉਧਰਿਤ ਸੈਮੂਅਲ ਕੋਇਨਿੰਗ (ਮੂਲ ਲੇਖਕ), ਬਲਦੇਵ ਸਿੰਘ ਰਹਿਲ (ਅਨੁਵਾਦਕ), *ਸਮਾਜ ਵਿਗਿਆਨ ਸਮਾਜ ਦੇ*

*ਵਿਗਿਆਨ ਨਾਲ ਜਾਣ-ਪਛਾਣ* ਲਿਖਦਾ ਹੈ ਕਿ:

> ਸਮਾਨਯ ਅਤੇ ਸਮੂਹਿਕ ਮਨੁੱਖੀ ਸੰਬੰਧਾਂ ਦਾ ਇਹ ਉਹ ਵਿਗਿਆਨ ਹੈ, ਜਿਹੜਾ ਸਮਾਜਿਕ ਸਮੂਹਾਂ ਦੁਆਰਾ ਪ੍ਰਚਲਿਤ ਕਿਰਿਆਵਾਂ, ਹਿਦਾਜਾ, ਸਭਾਵਾਂ ਅਤੇ ਸੰਸਥਾਵਾਂ ਦਾ ਸਿਲਸਿਲੇਵਾਰ ਅਧਿਐਨ ਕਰਦਾ ਹੈ। ਇਸ ਨੂੰ ਸਮਾਜਿਕ-ਸੱਭਿਆਚਾਰਿਕ ਘਟਨਾਵਾਂ, ਸਧਾਰਨ ਰੂਪਾਂ ਅਤੇ ਬਹੁਪੱਖੀ ਅੰਤਰ-ਸੰਬੰਧਾਂ ਦਾ ਸਧਾਰਨੀਕ੍ਰਿਤ ਵਿਗਿਆਨ ਦੀ ਕਿਹਾ ਜਾ ਸਕਦਾ ਹੈ।(1)

ਜਿਸ ਤਰ੍ਹਾਂ ਸੈਮੂਅਲ ਕੋਇਨਿੰਗ ਨੇ ਸਮਾਜ-ਸ਼ਾਸਤਰ ਦੇ ਅੰਤਰਗਤ ਗਰੁੱਪਾਂ ਵਿੱਚ ਰਹਿ ਰਹੇ ਮਨੁੱਖਾਂ ਦੇ ਵਿਵਹਾਰ ਜਾਂ ਉਸਦੇ ਭਾਈਚਾਰੇ ਦੇ ਅੰਤਰ ਸਬੰਧਾਂ ਦੇ ਅਧਿਐਨ ਕਰਨ ਦੀ ਗੱਲ ਕੀਤੀ ਹੈ। ਉਸੇ ਤਰ੍ਹਾਂ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਡਾ. ਜਗਬੀਰ ਸਿੰਘ ਦਾ ਆਪਣੀ ਕਿਤਾਬ *ਸਮੀਖਿਆ ਵਿਹਾਰ* 'ਚ ਇਹ ਮੰਨਣਾ ਹੈ ਕਿ:

> ਸਮਾਜ-ਸ਼ਾਸਤਰ ਦਾ ਮੁੱਖ ਮੰਤ ਮਨੁੱਖ ਦੇ ਸਮਾਜਿਕ ਵਰਤਾਰੇ ਅਤੇ ਵਿਹਾਰ, ਸੰਸਥਾਵਾਂ ਅਤੇ ਪਰੰਪਰਾਵਾਂ ਦਾ ਗਿਆਨ-ਮੂਲਕ ਅਧਿਐਨ ਕਰਨਾ ਹੈ।(201)

ਇਸ ਤਰ੍ਹਾਂ ਸਮਾਜ-ਸ਼ਾਸਤਰ ਅਧਿਐਨ ਵਿਧੀ ਕੇਵਲ ਸਿਧਾਂਤਕ ਪੱਧਰ ਉੱਪਰ ਹੀ ਨਹੀਂ ਵਿਚਰਦੀ, ਬਲਕਿ ਵਰਤ-ਵਿਹਾਰਕ ਪਹੁੰਚ ਨੂੰ ਵੀ ਆਪਣੇ ਕਲਾਵੇ ਵਿੱਚ ਲੈਂਦੀ ਹੈ। ਸਭ ਤੋਂ ਪਹਿਲਾਂ ਪੱਛਮ ਵਿੱਚ ਸਮਾਜ-ਸ਼ਾਸਤਰ ਨੂੰ ਅਪਣਾਇਆ ਗਿਆ। ਮੂਲ ਰੂਪ ਵਿੱਚ ਸਮਾਜ-ਸ਼ਾਸਤਰ ਵਿਧੀ ਦੁਆਰਾ ਸਮੁੱਚੇ ਸਮਾਜ ਦਾ ਵਿਗਿਆਨਕ ਅਧਿਐਨ ਤੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਅੰਗਰੇਜ਼ੀ ਭਾਸ਼ਾ ਵਿੱਚ ਇਸ ਸ਼ਬਦ ਨੂੰ Sociology ਸ਼ਬਦ ਵਜੋਂ ਉਚਾਰਿਆ ਜਾਂਦਾ ਹੈ। ਸੋਸ਼ਿਆਲੋਜੀ ਦੋ ਸ਼ਬਦਾਂ 'ਸੋਸਿਊ' (Socio) ਅਤੇ 'ਲੌਗਸ' (Logos) ਦੇ ਯੋਗ ਤੋਂ ਬਣਿਆ ਹੈ। ਲਾਤੀਨੀ (latin) ਸ਼ਬਦ 'ਸੋਸਿਊ' ਦਾ ਅਰਥ ਸਮਾਜ ਅਤੇ ਯੂਨਾਨੀ (Greek) ਸ਼ਬਦ 'ਲੋਗਸ' ਦਾ ਅਰਥ ਅਧਿਐਨ ਜਾਂ ਵਿਗਿਆਨ ਹੈ। ਇਸ ਤਰ੍ਹਾਂ ਸੋਸ਼ਿਆਲੋਜੀ ਦਾ ਸ਼ਾਬਦਿਕ ਅਰਥ ਸਮਾਜ ਦਾ ਵਿਗਿਆਨ ਹੈ।

ਵਿਸ਼ਵ ਪ੍ਰਸਿੱਧ ਵਿਦਵਾਨ ਚਿੰਤਕ ਦੁਰਖੀਮ ਸਮਾਜ ਵਿਗਿਆਨ ਨੂੰ ਵੱਖਰੀਆਂ-ਵੱਖਰੀਆਂ ਸੰਸਥਾਵਾਂ

ਦੇ ਅਧਿਐਨ ਤੇ ਵਿਸ਼ਲੇਸ਼ਣ ਦਾ ਵਿਗਿਆਨ ਮੰਨਦਾ ਹੈ। ਇਸ ਸਬੰਧ 'ਚ ਉਧਰਿਤ, ਸੈਮੂਅਲ ਕੋਇਨਿੰਗ (ਮੂਲ ਲੇਖਕ), ਬਲਦੇਵ ਸਿੰਘ ਰਹਿਲ *ਸਮਾਜ ਵਿਗਿਆਨ: ਸਮਾਜ ਦੇ ਵਿਗਿਆਨ ਨਾਲ ਜਾਣ-ਪਛਾਣ* 'ਚ ਆਖਦੇ ਹਨ:

ਸਮਾਜ-ਵਿਗਿਆਨ ਸੰਸਥਾਵਾਂ ਦਾ ਵਿਗਿਆਨ ਹੈ ਅਤੇ ਸਮਾਜਿਕ ਸੰਗਠਨ ਅਤੇ ਸਮਾਜਿਕ ਪਰਿਵਰਤਨ ਦਾ ਵਿਗਿਆਨ ਹੈ।(1,2)

ਸਮਾਜ-ਸ਼ਾਸਤਰ ਕਿਸੇ ਇੱਕ ਵਿਅਕਤੀ ਦਾ ਅਧਿਐਨ ਨਹੀਂ, ਸਗੋਂ ਸਮੁੱਚੇ ਸਮਾਜ ਨੂੰ ਇਕਾਈ ਮੰਨ ਕੇ ਉਸਦਾ ਅਧਿਐਨ ਕਰਦਾ ਹੈ। ਸਮਾਜ-ਸ਼ਾਸਤਰੀ ਅਧਿਐਨ ਵਿਧੀ ਸਮਾਜ ਨਾਲ ਸੰਬੰਧਿਤ ਹਰ ਵਰਤਾਰੇ ਨੂੰ ਆਪਣੇ ਅਧਿਐਨ ਦੇ ਘੇਰੇ ਵਿੱਚ ਸ਼ਾਮਿਲ ਕਰਦੀ ਹੈ। ਸਮਾਜ-ਸ਼ਾਸਤਰ ਦੇ ਆਧਾਰ 'ਤੇ ਸਮਝਿਆ ਜਾ ਸਕਦਾ ਹੈ। ਇਸ ਕਥਨ ਨਾਲ ਸਹਿਮਤ ਹੁੰਦੇ ਹੋਏ *ਪ੍ਰਿੰਸੀਪਲਜ਼ ਆਫ਼ ਸੋਸਾਇਟੀ* ਵਿੱਚ ਐੱਮ. ਐੱਚ. ਗਿਡਿੰਗਜ਼ (M. H. Giddings) ਲਿਖਦੇ ਹਨ ਕਿ:

ਸਮਾਜ-ਵਿਗਿਆਨ ਸਮੁੱਚੇ ਰੂਪ ਵਿੱਚ ਸਮਾਜ ਦਾ ਕ੍ਰਮਬੱਧ ਵਰਣਨ ਅਤੇ ਵਿਆਖਿਆ ਹੈ।(9)

ਇਸ ਤਰ੍ਹਾਂ ਇਹ ਮੰਨਿਆਂ ਜਾਂਦਾ ਹੈ ਕਿ ਕੋਈ ਵੀ ਕਹਾਣੀਕਾਰ ਆਪਣੀ ਜਨਮ-ਭੂਮੀ ਅਨੁਸਾਰ ਸਮਾਜਿਕ ਪ੍ਰਾਣੀ ਹੋਣ ਕਰਕੇ, ਉਸ ਦੀ ਸਿਰਜਨਾਤਮਕ ਪ੍ਰਕਿਰਿਆ ਕਹਾਣੀ ਜਾਂ ਕੋਈ ਵੀ ਸਾਹਿਤਕ ਵਿਧਾ ਉਸ ਸਮਾਜ ਦੇ ਸਮਾਜਿਕ ਮਾਹੌਲ, ਅਣੂਆਂ ਦੀ ਸਾਰਥਿਕਤਾ ਦੀ ਮੰਗ ਕਰਦਾ ਹੈ। ਸਮਕਾਲੀ ਪੰਜਾਬੀ ਕਹਾਣੀ ਵੀ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਜ਼ਿੰਮੇਵਾਰੀਆਂ ਤੋਂ ਦੂਰ ਨਹੀਂ ਹੈ, ਇਸ ਤਰ੍ਹਾਂ ਸਾਡੇ ਹਥਲੇ ਖੋਜ-ਕਾਰਜ 'ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ (ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਸੰਦਰਭ 'ਚ) ਵਿੱਚ ਸਮਾਜ-ਸ਼ਾਸਤਰੀ ਵਿਧੀ ਤੋਂ ਅਧਿਐਨ ਕੀਤਾ ਗਿਆ ਹੈ। ਸਮਾਜ-ਸ਼ਾਸਤਰ ਵਿਧੀ ਦਾ ਸੌਖਾ ਭਾਵ ਹੈ ਕਿ ਉਹ ਸ਼ਾਸਤਰ ਜੋ ਸਮਾਜ ਦਾ ਵਿਗਿਆਨਕ ਅਧਿਐਨ ਕਰਨ ਵਾਲਾ ਸ਼ਾਸਤਰ ਹੈ। ਇਸ ਸ਼ਾਸਤਰ ਅਧੀਨ ਸਮਾਜ ਵਿੱਚ ਵੱਸਦੇ ਮਨੁੱਖਾਂ ਦੇ ਪਰਸਪਰ ਸਮਾਜਿਕ ਸੰਬੰਧਾਂ ਦਾ ਅਧਿਐਨ ਕੀਤਾ ਜਾਂਦਾ ਹੈ। ਸਮਾਜ-ਸ਼ਾਸਤਰ ਵਿੱਚ ਸਿਰਫ ਵਿਅਕਤੀ ਦੀ ਹੀ ਗੱਲ ਨਹੀਂ ਕੀਤੀ ਜਾਂਦੀ ਸਗੋਂ

ਸਮੁੱਚੇ ਸਮਾਜ ਦੀ ਅਤੇ ਵਿਭਿੰਨ ਸੰਸਥਾਵਾਂ ਉਪਰ ਵੀ ਵਿਚਾਰ ਚਰਚਾ ਕੀਤੀ ਜਾਂਦੀ ਹੈ। ਸਮਾਜ ਵਿਗਿਆਨ ਦਾ ਵਿਸ਼ਾ ਖੇਤਰ ਸਮਾਜਿਕ ਸੰਬੰਧਾਂ ਦਾ ਜਾਲ ਜਿਸ ਨੂੰ ਸਮਾਜ ਕਿਹਾ ਜਾਂਦਾ ਹੈ ਦਾ ਵਿਗਿਆਨਕ ਅਧਿਐਨ ਹੈ।

ਵਾਸਤਵ ਵਿੱਚ ਸਮਾਜ-ਸ਼ਾਸਤਰ ਦੇ ਅਧਿਐਨ ਵਿੱਚ ਰੀਤੀ ਰਿਵਾਜ, ਪਰੰਪਰਾਵਾਂ, ਸੰਸਥਾਵਾਂ ਤੇ ਸਮੂਹਿਕ ਜੀਵਨ ਨਾਲ ਸੰਬੰਧਿਤ ਸੋਚਣ ਤੇ ਜੀਵਨ ਦੇ ਢੰਗ ਵੀ ਸ਼ਾਮਿਲ ਹਨ। ਇਸ ਤਰ੍ਹਾਂ ਸਮਾਜ-ਸ਼ਾਸਤਰ ਸਮੂਹ ਵਿੱਚ ਰਹਿੰਦੇ ਮਨੁੱਖਾਂ ਦੇ ਵਿਹਾਰ ਅਤੇ ਮਨੁੱਖੀ ਭਾਈਚਾਰੇ ਦੇ ਪਰਸਪਰ ਕਾਰਜਾਂ ਦਾ ਵਿਸ਼ਲੇਸ਼ਣ ਕਰਨ ਵਿੱਚ ਸਹਾਈ ਹੁੰਦਾ ਹੈ। ਮਨੁੱਖੀ ਸੰਗਠਨਾਂ ਦੀ ਹੋਂਦ, ਵਿਕਾਸ ਤੇ ਉਦੇਸ਼ ਨੂੰ ਸਮਾਜ-ਸ਼ਾਸਤਰ ਨਿਰਧਾਰਿਤ ਕਰਦਾ ਹੈ। ਸਮਾਜ ਵਿੱਚ ਮਨੁੱਖ ਦੀਆਂ ਕੁਝ ਲੋੜਾਂ ਹੁੰਦੀਆਂ ਹਨ, ਜੋ ਕਿ ਪਰਸਪਰ ਸਹਿਯੋਗ ਨਾਲ ਹੀ ਪੂਰੀਆਂ ਹੋ ਸਕਦੀਆਂ ਹਨ। ਇਸ ਕਥਨ ਦੀ ਪੁਸ਼ਟੀ ਕਰਦੇ ਹੋਏ ਸਵਿੰਦਰਜੀਤ ਕੌਰ *ਉਧਰਿਤ, ਜਨਰਲ ਸਮਾਜ ਵਿਗਿਆਨ ਭਾਗ-1* 'ਚ ਸਮਾਜ ਸ਼ਾਸਤਰੀ ਚਿੰਤਕ ਮੈਕਾਈਵਰ, ਗੰਡਗਜ਼ ਅਤੇ ਜਿਨਬਰਗ ਦੇ ਵਿਚਾਰਾਂ ਨੂੰ ਸਪੱਸ਼ਟ ਕਰਦੀ ਹੈ ਕਿ:

> ਸਮਾਜ ਵਿਗਿਆਨ ਦਾ ਖੇਤਰ ਉਨ੍ਹਾਂ ਮਨੁੱਖਾਂ ਦਾ ਸੰਪੂਰਨ ਜੀਵਨ ਹੈ, ਜੋ ਸਮਾਜ ਦੇ ਮੈਂਬਰ ਹਨ ਅਤੇ ਉਨ੍ਹਾਂ ਵਿੱਚ ਅੰਤਰ ਕਿਰਿਆਵਾਂ ਅਤੇ ਅੰਤਰ-ਸੰਬੰਧਾਂ ਦਾ ਇੱਕ ਤਾਣਾ ਬਾਣਾ ਹੈ ਅਤੇ ਇਸ ਤਾਣੇ-ਬਾਣ ਵਿੱਚ ਸਮਾਜ ਦਾ ਹਰ ਮੈਂਬਰ ਇੱਕ ਦੂਜੇ ਨਾਲ ਸੰਬੰਧਿਤ ਹੈ।(8)

ਸੋ ਸਮਾਜ-ਸ਼ਾਸਤਰ ਮਨੁੱਖੀ ਰਿਸ਼ਤਿਆਂ, ਪਰੰਪਰਾਵਾਂ, ਰੂੜੀਆਂ, ਕਾਰਜ ਪ੍ਰਣਾਲੀਆਂ ਆਦਿ ਸਮਾਜਿਕ ਸੰਬੰਧਾਂ ਦਾ ਅਧਿਐਨ ਹੈ। ਮਨੁੱਖੀ ਸਮਾਜਿਕ ਸੰਬੰਧ ਸਮਾਜਿਕ ਅੰਤਰ-ਕਿਰਿਆਵਾਂ ਤੋਂ ਉਪਜਦੇ ਹਨ। ਇਸ ਵਿਚਾਰ ਦੀ ਪੁਸ਼ਟੀ ਕਰਦੇ ਹੋਏ ਫਰਾਂਸਿਸ ਈ. ਮਹਿਲ (Francis E. Merill) ਆਪਣੀ ਪੁਸਤਕ *Society and Culture* 'ਚ ਲਿਖਦੇ ਹਨ ਕਿ:

> ਸਮਾਜ-ਵਿਗਿਆਨ ਸਮਾਜ ਵਿੱਚਲੇ ਮਨੁੱਖ ਅਤੇ ਮਨੁੱਖਾਂ ਦੀਆ ਅੰਤਰ-ਕਿਰਿਆਵਾਂ ਦਾ ਅਧਿਐਨ ਹੈ।(8)

ਸਮਾਜ ਵਿੱਚ ਵਿਭਿੰਨ ਲੋੜਾਂ ਦੀ ਪੂਰਤੀ ਲਈ ਮਨੁੱਖ ਸਮਾਜਿਕ ਸੰਸਥਾਵਾਂ ਦਾ ਵਿਕਾਸ ਕਰਦਾ ਹੈ। ਇਸੇ ਕਥਨ ਦੀ ਪੁਸ਼ਟੀ ਕਰਦੇ ਹੋਏ ਐਨਥਨੀ ਗਿਡਿੰਨਜ਼ (Anthony Giddens)ਆਪਣੀ ਪੁਸਤਕ *ਸੋਸ਼ਿਓਲੋਜੀ* 'ਚ ਲਿਖਦੇ ਹਨ ਕਿ:

ਸਮਾਜ-ਸ਼ਾਸਤਰ ਮਨੁੱਖੀ ਸਮਾਜਿਕ ਜੀਵਨ ਸਮੂਹਾਂ ਅਤੇ ਸੰਸਥਾਵਾਂ ਦੇ ਅਧਿਐਨ ਨੂੰ ਆਖਦੇ ਹਨ।(2)

ਇਹ ਸਮਾਜਿਕ ਸੰਸਥਾਵਾਂ ਪਰਸਪਰ ਅੰਤਰ ਸੰਬੰਧਿਤ ਹੋਣ ਕਾਰਨ ਇੱਕ ਦੂਜੇ ਨੂੰ ਪ੍ਰਭਾਵਿਤ ਕਰਦੀਆਂ ਹਨ। ਸਮਾਜ-ਸ਼ਾਸਤਰ ਸਮਾਜਿਕ ਸੰਬੰਧ ਪਰਿਵਰਤਨਸ਼ੀਲ ਹੋਣ ਕਾਰਨ ਸਮਾਜਿਕ ਤੇ ਸੰਸਕ੍ਰਿਤਿਕ ਪਰਿਵਰਤਨਾਂ ਦਾ ਵੀ ਅਧਿਐਨ ਕਰਦਾ ਹੈ। ਸਮਾਜ-ਸ਼ਾਸਤਰ ਸੰਬੰਧੀ ਉਪਰੋਕਤ ਦਿੱਤੀਆਂ ਪਰਿਭਾਸ਼ਾਵਾਂ ਤੋਂ ਸਪੱਸ਼ਟ ਹੁੰਦਾ ਹੈ ਕਿ:

- ਸਮਾਜ-ਸ਼ਾਸਤਰ ਸਮਾਜ ਦਾ ਅਧਿਐਨ ਹੈ।
- ਸਮਾਜ-ਸ਼ਾਸਤਰ ਸਮਾਜਿਕ ਸੰਬੰਧਾਂ ਦਾ ਅਧਿਐਨ ਹੈ।
- ਸਮਾਜ-ਸ਼ਾਸਤਰ ਸਮਾਜਿਕ ਅੰਤਰ-ਸੰਬੰਧਾਂ ਅਤੇ ਅੰਤਰ-ਕਿਰਿਆਵਾਂ ਦਾ ਅਧਿਐਨ ਹੈ।

ਸਮਾਜ-ਸ਼ਾਸਤਰ ਸਮਾਜਿਕ ਸੰਸਥਾਵਾਂ ਤੇ ਸਮੂਹਾਂ ਦਾ ਵਿਗਿਆਨ ਹੈ। ਇਸ ਪ੍ਰਕਾਰ ਸਮਾਜ-ਸ਼ਾਸਤਰ ਸਮਾਜ ਵਿੱਚਲੇ ਮਨੁੱਖੀ ਸਮਾਜਿਕ ਸੰਬੰਧਾਂ, ਅੰਤਰ-ਕਿਰਿਆਵਾਂ, ਅੰਤਰ-ਸੰਬੰਧਾਂ ਅਤੇ ਸਮਾਜਿਕ ਸੰਸਥਾਵਾਂ ਦਾ ਵਿਗਿਆਨਿਕ ਤੇ ਵਸਤੂਗਤ ਅਧਿਐਨ ਹੈ। ਇਸ ਦਾ ਮਨੋਰਥ ਸਮੁੱਚੇ ਸਮਾਜ ਨੂੰ ਇਕਾਈ ਮੰਨ ਕੇ ਉਸਦਾ ਵਿਗਿਆਨਿਕ ਅਧਿਐਨ ਪ੍ਰਸਤੁਤ ਕਰਨਾ ਹੈ।

ਸਾਹਿਤ ਦੀਆਂ ਕਹਾਣੀਆ ਸਮਾਜ ਵਿੱਚ ਵਾਪਰਦੇ ਵਰਤਾਰਿਆਂ ਅਤੇ ਸਮਾਜਿਕ ਸਮੱਸਿਆਵਾਂ ਦਾ ਹੀ ਪ੍ਰਗਟਾਵਾ ਕਰਦੀਆਂ ਹਨ ਤੇ ਪਾਠਕਾਂ ਨੂੰ ਇਨ੍ਹਾਂ ਸਮੱਸਿਆਵਾਂ ਪ੍ਰਤੀ ਜਾਗਰੂਕ ਕਰਦੀਆਂ ਹਨ। ਕਹਾਣੀ ਸਮਾਜ ਨੂੰ ਨਵੀਂ ਦਿਸ਼ਾ, ਨਵੀਂ ਚੇਤਨਾ ਪ੍ਰਦਾਨ ਕਰਦੀ ਹੋਈ, ਸਮਾਜ ਦੇ ਪੁਨਰ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ। ਕਹਾਣੀਕਾਰ ਕਹਾਣੀ ਆਪਣੇ ਲਈ ਨਹੀਂ, ਸਗੋਂ ਪਾਠਕਾਂ ਲਈ

ਸਿਰਜਦਾ ਹੈ। ਇਸ ਲਈ ਜੋ ਉਸਦੀ ਕਹਾਣੀ ਸਮਾਜਿਕ ਸਾਰਥਕਤਾ ਨਹੀਂ ਰੱਖਦੀ, ਤਾਂ ਉਹ ਕਹਾਣੀ ਸਮਾਜ ਲਈ ਨਿਰਮੂਲ ਹੋਵੇਗੀ। ਇਸ ਪ੍ਰਕਾਰ ਕਹਾਣੀ ਦੇ ਸਮਾਜ-ਸ਼ਾਸਤਰੀ ਅਧਿਐਨ ਦੇ ਅੰਤਰਗਤ ਅਸੀਂ ਵੇਖਦੇ ਹਾਂ ਕਿ ਕਹਾਣੀ ਸਮਾਜਿਕ ਵਿਕਾਸ ਲਈ ਉਪਯੋਗੀ ਸਿੱਧ ਹੋਈ ਹੈ ਜਾਂ ਨਹੀਂ? ਕੀ ਕਹਾਣੀਕਾਰ ਨੇ ਸਮਾਜਿਕ ਬੁਰਾਈਆਂ ਨੂੰ ਦਰਸਾ ਕੇ ਸਮਾਜ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ ਜਾਂ ਨਹੀਂ? ਸਮਾਜ ਵਿੱਚ ਹੋ ਰਹੇ ਪਰਿਵਰਤਨ ਨੂੰ ਕਹਾਣੀਕਾਰ ਨੇ ਕਿਸ ਰੂਪ ਵਿੱਚ ਗ੍ਰਹਿਣ ਕੀਤਾ? ਕੀ ਉਹ ਸਮਾਜ ਨੂੰ ਅਗਵਾਈ ਪ੍ਰਦਾਨ ਕਰਨ ਦੇ ਸਮਰੱਥ ਰਿਹਾ ਹੈ? ਆਦਿ ਅਨੇਕਾਂ ਅਜਿਹੇ ਪ੍ਰਸ਼ਨ ਹਨ, ਜਿਨ੍ਹਾਂ ਦੇ ਆਧਾਰ ਤੇ ਕਹਾਣੀ ਦਾ ਸਮਾਜ-ਸ਼ਾਸਤਰੀ ਆਲੋਚਕ ਕਹਾਣੀ ਦੇ ਸਮਾਜ ਸ਼ਾਸਤਰੀ ਅਧਿਐਨ ਮਾਡਲ ਦਾ ਉਪਯੋਗ ਕਰਕੇ ਕਹਾਣੀਆਂ ਵਿੱਚ ਪੇਸ਼ ਸਮਾਜਿਕ ਸਥਿਤੀਆਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ।

ਸੋ ਵੀਨਾ ਵਰਮਾ ਅਤੇ ਸੁਖਜੀਤ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਔਰਤ-ਮਰਦ ਰਿਸ਼ਤੇ ਵਿੱਚਲੇ ਤਣਾਓ ਦੇ ਵੱਖ-ਵੱਖ ਪਹਿਲੂਆਂ ਨੂੰ ਸੁਹਿਰਦ ਦ੍ਰਿਸ਼ਟੀ ਤੋਂ ਪੇਸ਼ ਕਰਦੀਆਂ ਹਨ। ਸਮਾਜ-ਸ਼ਾਸਤਰੀ ਵਿਧੀ ਤੋਂ ਸਮਾਜ ਦੇ ਵੱਖ-ਵੱਖ ਵਰਗਾਂ ਵਿੱਚ ਸੱਭਿਆਚਾਰਕ ਰੂਪਾਂਤਰਨ ਕਾਰਨ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਵੀ ਸੱਭਿਆਚਾਰਕ ਰੂਪਾਂਤਰਨ ਆਇਆ ਹੈ। ਉਪਰੋਕਤ ਰੂਪ ਵਿੱਚ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਤੋਂ ਡਿੱਗ ਰਹੇ ਨੈਤਿਕ ਮੁੱਲਾਂ ਦਾ ਸੰਬੰਧ ਜੀਵਨ ਦੇ ਵੱਖਰੇ-ਵੱਖਰੇ ਪਹਿਲੂਆਂ ਨਾਲ ਹੈ। ਸਮਾਜ-ਸ਼ਾਸਤਰੀ ਵਿਧੀ ਦੁਆਰਾ ਸੱਭਿਆਚਾਰਕ ਰੂਪਾਂਤਰਨ ਦੇ ਇਹਨਾਂ ਨੈਤਿਕ ਮੁੱਲਾਂ ਇਹ ਪਤਨ ਲਾਲਸਾਵਾਂ ਦੀ ਬਹੁਲਤਾ ਅਤੇ ਲੋੜਾਂ ਦੀ ਅਪੂਰਤੀ ਦੋਹਾਂ ਵਿਚੋਂ ਹੀ ਪੈਦਾ ਹੋਇਆ ਹੈ, ਜਿਸ ਨੂੰ ਇਸ ਵਿਧੀ ਦੁਆਰਾ ਰੂਪਮਾਨ ਕਰਨਾ ਸੰਭਵ ਹੋ ਸਕਿਆ ਹੈ। ਸੋ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਨੂੰ ਸਮਾਜ-ਸ਼ਾਸਤਰੀ ਵਿਧੀ ਦੁਆਰਾ ਦੇਖਣ ਲਈ ਅਸੀਂ ਹੇਠ ਲਿਖੀਆਂ ਪ੍ਰਵਿਰਤੀਆਂ ਨੂੰ ਆਧਾਰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ :

1. ਨੈਤਿਕ ਕਦਰਾਂ-ਕੀਮਤਾਂ ਵਿੱਚ ਸੱਭਿਆਚਾਰਕ ਰੂਪਾਂਤਰਨ

2. ਨਵੀਂ ਤੇ ਪੁਰਾਣੀ ਪੀੜ੍ਹੀ ਦੇ ਟਕਰਾਅ ਵਿੱਚ ਤੀਬਰਤਾ ਦੇ ਕਾਰਨ ਸੱਭਿਆਚਾਰਕ ਰੂਪਾਂਤਰਨ

3. ਧਾਰਮਿਕ ਪਾਖੰਡਵਾਦ ਦਾ ਬੋਲ-ਬਾਲੇ ਕਾਰਨ ਸੱਭਿਆਚਾਰਕ ਰੂਪਾਂਤਰਨ

4. ਪਤੀ-ਪਤਨੀ ਰਿਸ਼ਤੇ ਵਿੱਚ ਸੱਭਿਆਚਾਰਕ ਰੂਪਾਂਤਰਨ

5. ਮਾਨਵੀ ਰਿਸ਼ਤਿਆਂ-ਨਾਤਿਆਂ ਵਿੱਚ ਸੱਭਿਆਚਾਰਕ ਰੂਪਾਂਤਰਨ

6. ਸੱਭਿਆਚਾਰਕ ਰੂਪਾਂਤਰਨ ਦੇ ਕਾਰਨ ਔਰਤ-ਮਰਦ ਦੇ ਵਿਆਹ-ਬਾਹਰੇ ਸੰਬੰਧ

7. ਪੱਛਮੀ ਕਦਰਾਂ-ਕੀਮਤਾਂ ਦੇ ਪ੍ਰਭਾਵ ਕਾਰਨ ਸੱਭਿਆਚਾਰਕ ਰੂਪਾਂਤਰਨ

8. ਵਿਅਕਤੀਤਵ ਦੀ ਪਛਾਣ ਦੀ ਦੌੜ ਕਾਰਨ ਸੱਭਿਆਚਾਰਕ ਰੂਪਾਂਤਰਨ ਆਦਿ।

ਇਸ ਕਰ ਕੇ ਹਥਲੇ ਖੋਜ-ਕਾਰਜ ਵਿੱਚ ਸਮਾਜ-ਸ਼ਾਸਤਰੀ ਅਧਿਐਨ ਵਿਧੀ ਤੋਂ ਵਿਸ਼ੇ ਵਿੱਚ ਸ਼ਾਮਲ ਕਹਾਣੀਕਾਰ '**ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ: ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਸੰਦਰਭ 'ਚ'** ਦੀਆਂ ਕਹਾਣੀਆਂ ਦਾ ਪ੍ਰਮੁੱਖਤਾ ਨਾਲ ਅਧਿਐਨ ਕੀਤਾ ਗਿਆ ਹੈ। ਸਮਾਜਿਕ ਯਥਾਰਥ ਨੂੰ ਰੂਪਮਾਨ ਕਰਨ ਲਈ ਸਮਾਜ-ਸ਼ਾਸਤਰੀ ਅਧਿਐਨ ਵਿਧੀ ਦੀ ਵਰਤੋਂ ਬਹੁਤ ਜ਼ਰੂਰੀ ਹੈ।

**1.6.2. ਮਨੋਵਿਗਿਆਨ ਵਿਧੀ:-** 20ਵੀਂ ਸਦੀ ਨੂੰ ਮਨੋਵਿਗਿਆਨ ਦੀ ਸਦੀ ਮੰਨਿਆ ਗਿਆ ਹੈ। ਮਨੋਵਿਗਿਆਨ ਦੇ ਵਿਕਾਸ ਵਿੱਚ ਵਾਧਾ ਮਨੁੱਖੀ ਸਭਿਅਤਾ ਦੀਆਂ ਵਿਸ਼ੇਸ਼ ਪ੍ਰਾਪਤੀਆਂ ਦੁਆਰਾ ਹੀ ਸੰਭਵ ਹੋਇਆ ਹੈ। ਬਾਹਰੀ ਜਗਤ ਅਤੇ ਮਨ ਦਾ ਬੜਾ ਗਹਿਰਾ ਸੰਬੰਧ ਹੈ। ਬਾਹਰੀ ਜਗਤ ਮਨੁੱਖ ਦੇ ਅੰਦਰੂਨੀ ਜਗਤ ਨੂੰ ਹਮੇਸ਼ਾ ਪ੍ਰਭਾਵਿਤ ਕਰਦਾ ਰਹਿੰਦਾ ਹੈ। ਮਨੋਵਿਗਿਆਨ ਦੋ ਸਬਦਾਂ ਦੇ ਮੇਲ ਤੋਂ ਬਣਿਆ ਹੈ, ਮਨ ਅਤੇ ਵਿਗਿਆਨ। ਜਿਸਦਾ ਅਰਥ ਹੈ ਮਨ ਦਾ ਵਿਗਿਆਨਕ ਅਧਿਐਨ, ਅਰਥਾਤ ਉਹ ਵਿਗਿਆਨ ਜਿਹੜਾ ਮਨੁੱਖੀ ਮਨ ਨੂੰ ਆਪਣਾ ਅਧਿਐਨ ਦਾ ਖੇਤਰ ਬਣਾਉਂਦਾ ਹੈ ਕਿਉਂਕਿ ਮਨੁੱਖੀ ਮਨ ਦੀ ਹੋਂਦ ਮਨੁੱਖੀ ਸਰੀਰ ਵਿੱਚ ਹੀ ਸੰਭਵ ਹੈ। ਮਨੋਵਿਗਿਆਨ ਮਨੁੱਖੀ ਵਿਵਹਾਰ ਦਾ ਸਰਬਪੱਖੀ ਅਧਿਐਨ ਕਰਦਾ ਹੈ।

ਮਨੋਵਿਗਿਆਨ ਸਬੰਧੀ *The Penguin Disctionary of Psychology ਦਾ ਪੈਨਗੁਇੰਨ ਡਿਕਸ਼ਨਰੀ*

*ਆਫ਼ ਸਾਇਕਾਲੋਜੀ* 'ਚ ਭਾਵ ਅਰਥ ਇਸ ਤਰ੍ਹਾਂ ਫਰਮਾਏ ਹਨ:

> ਅੰਗਰੇਜ਼ੀ ਸ਼ਬਦ ਸਾਈਕਾਲੋਜੀ)Psychology) ਨੂੰ ਪੰਜਾਬੀ ਅਤੇ ਹਿੰਦੀ ਵਿੱਚ ਮਨੋਵਿਗਿਆਨ ਕਿਹਾ ਜਾਂਦਾ ਹੈ। ਇਹ ਦੋ ਯੂਨਾਨੀ ਸ਼ਬਦਾਂ ਸਾਈਕੀ)psychic) ਯਾਨੀ ਆਤਮਾ ਅਤੇ ਲੋਗਾਸ (Logas) ਯਾਨੀ ਵਿਚਾਰਵਿਮਰਸ਼-। ਜਿਸ ਦਾ ਅਰਥ ਹੈ ਆਤਮਾ ਜਾਂ ਮਨ ਸਬੰਧੀ ਵਿਚਾਰਾਂ ਨੂੰ ਸਮਝਣਾ।(449)

ਇਸ ਨੂੰ ਮਨੁੱਖ ਦੇ ਸਮੁੱਚੇ ਵਿਅਕਤਿਤਵ ਦਾ ਅਧਿਐਨ ਕਰਨ ਵਾਲਾ ਵਿਗਿਆਨ ਕਿਹਾ ਜਾ ਸਕਦਾ ਹੈ ਭਾਵ ਮਨੁੱਖ ਦੀਆਂ ਸਰੀਰਕ ਕਿਰਿਆਵਾਂ ਨੂੰ ਉਸਦੀਆਂ ਮਾਨਸਿਕ ਕਿਰਿਆਵਾਂ ਤੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਮਨੋਵਿਗਿਆਨ ਦਾ ਆਰੰਭ ਮਨੁੱਖ ਦੀ ਉਤਪਤੀ ਤੋਂ ਹੀ ਮੰਨਿਆ ਜਾਂਦਾ ਹੈ ਪਰੰਤੂ ਵਿਧੀਪੂਰਵਕ ਅਧਿਐਨ 19ਵੀਂ ਸਦੀ ਤੋਂ ਸ਼ੁਰੂ ਹੋਇਆ। ਇਸਦਾ ਅਤੀਤ ਤਾਂ ਬਹੁਤ ਵੱਡਾ ਹੈ ਪਰੰਤੂ ਇਤਿਹਾਸ ਬਹੁਤ ਹੀ ਛੋਟਾ। ਪਹਿਲਾਂ ਮਨੋਵਿਗਿਆਨ ਨੂੰ ਦਰਸ਼ਨ ਸ਼ਾਸਤਰ ਦੀ ਕੇਵਲ ਇੱਕ ਸ਼ਾਖਾ ਸਮਝਿਆ ਜਾਂਦਾ ਸੀ। ਉਸ ਸਮੇਂ ਮਨੋਵਿਗਿਆਨੀਆਂ ਦਾ ਕਥਨ ਸੀ ਕਿ ਮਨੋਵਿਗਿਆਨ ਦਰਸ਼ਨ ਸ਼ਾਸਤਰ ਦੀ ਉਹ ਸ਼ਾਖਾ ਹੈ ਜਿਸ ਵਿੱਚ ਮਨ ਅਤੇ ਮਾਨਸਿਕ ਕਿਰਿਆਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਮਨੋਵਿਗਿਆਨ ਅੰਗਰੇਜ਼ੀ ਦੇ ਸ਼ਬਦ ਸਾਈਕਾਲੋਜੀ (Psychology) ਦਾ ਪੰਜਾਬੀ ਅਨੁਵਾਦ ਹੈ। ਸਾਈਕਾਲੋਜੀ ਸ਼ਬਦ ਯੂਨਾਨੀ ਭਾਸ਼ਾ ਦੇ ਦੋ ਸਬਦਾਂ ਸਾਈਕੀ (Psyche) ਅਤੇ ਲੋਗੋਸ) (Logos) ਤੋਂ ਮਿਲਕੇ ਬਣਿਆ ਹੈ। ਸਾਈਕੀ (Psyche) ਸ਼ਬਦ ਦਾ ਅਰਥ ਆਤਮਾ ਅਤੇ (ਲੋਗੋਸ) ਦਾ (Logos) ਅਰਥ ਵਿਚਾਰ ਕਰਨਾ ਹੈ। ਇਸ ਦਾ ਭਾਵ ਹੈ ਕਿ ਮਨੋਵਿਗਿਆਨ ਵਿੱਚ ਮਨੁੱਖ ਦੀ ਆਤਮਾ ਦਾ ਅਧਿਐਨ ਕੀਤਾ ਜਾਂਦਾ ਹੈ। ਜਿੱਥੇ ਕੁਝ ਸਮਾਂ ਪਹਿਲਾਂ ਇਸ ਨੂੰ ਸ਼ੁੱਧ ਵਿਗਿਆਨ (Pure Science) ਸਮਝਿਆ ਜਾਂਦਾ ਸੀ ਉੱਥੇ 16ਵੀਂ ਸਦੀ ਤੱਕ ਆਉਂਦੇ-ਆਉਂਦੇ ਮਨੋਵਿਗਿਆਨ ਆਪਣੇ ਸ਼ਾਬਦਿਕ ਅਰਥਾਂ ਦਾ ਨਿਖੇੜ ਕਰਕੇ ਆਤਮਾ ਦਾ ਵਿਗਿਆਨ ਮੰਨਿਆ ਜਾਣ ਲੱਗ ਪਿਆ ਕਿਉਂਕਿ ਆਤਮਾ ਦਾ ਕੋਈ ਸਵਰੂਪ ਜਾਂ ਆਕਾਰ ਨਹੀਂ ਹੁੰਦਾ ਇਸ ਲਈ ਇਹ ਪਰਿਭਾਸ਼ਾ ਬਹੁਤੀ ਦੇਰ ਤੱਕ ਪ੍ਰਵਾਨ ਨਾ ਰਹਿ ਸਕੀ ਫਿਰ ਇਸ ਨੂੰ ਮਨ ਦਾ ਵਿਗਿਆਨ ਕਿਹਾ ਜਾਣ ਲੱਗ ਪਿਆ ਪਰੰਤੂ ਮਾਨਸਿਕ

ਸ਼ਕਤੀਆਂ, ਮਾਨਸਿਕ ਕਿਰਿਆਵਾਂ ਅਤੇ ਪ੍ਰਤਿਕ੍ਰਿਆਵਾਂ ਦਾ ਸਹੀ-ਸਹੀ ਨਿਵਾਰਨ ਕਰਨ ਵਿੱਚ ਮਨੋਵਿਗਿਆਨੀ ਪੂਰੇ ਸਫਲ ਨਾ ਹੋ ਸਕੇ ਤੇ ਫਿਰ ਮਨੋਵਿਗਿਆਨ ਨੂੰ ਚੇਤਨਤਾ ਦਾ ਵਿਗਿਆਨ ਕਿਹਾ ਗਿਆ। ਚੇਤਨਤਾ ਤੋਂ ਭਾਵ ਜੋ ਮਨ ਦੀ ਵਰਤਮਾਨ ਸਥਿਤੀ ਜਾਂ ਜੋ ਮਨ ਵਿੱਚ ਇਸ ਸਮੇਂ ਹੈ। ਮਨ ਨੂੰ ਤਿੰਨ ਭਾਗਾਂ ਚੇਤਨ, ਅਰਧਚੇਤਨ ਅਤੇ ਅਵਚੇਤਨ ਵਿੱਚ ਨਿਖੇੜਿਆ ਗਿਆ ਪਰੰਤੂ ਬਾਅਦ ਵਿੱਚ ਇਹ ਪਰਿਭਾਸ਼ਾ ਵੀ ਬਹੁਤੀ ਟਿਕਾਊ ਸਾਬਤ ਨਾ ਹੋ ਸਕੀ।

ਸਰੋਜ ਦੇਵੀ ਦੀ ਪੁਸਤਕ ਵਿੱਚ "ਇਲਾ ਚੰਦ੍ਰ ਜੋਸ਼ੀ ਕੇ ਉਪਨਆਸੋ ਦਾ ਮਨੋਵਿਗਿਆਨਕ ਅਧਿਐਨ", ਵਿੱਚ ਲਿਖਿਆ ਮਿਲਦਾ ਹੈ:

> ਮਨੋਵਿਗਿਆਨ ਉਹ ਵਿਗਿਆਨ ਹੈ ਜੋ ਮਨ ਦੀਆਂ ਚੇਤਨ ਅਤੇ ਅਚੇਤਨ ਕਿਰਿਆਵਾਂ ਦਾ ਅਧਿਐਨ ਅਪਰੋਖ ਅਨੁਭੂਤੀ ਦੁਆਰਾ ਮਨੁੱਖ ਦੀਆਂ ਬਾਹਰੀ ਕਿਰਿਆਵਾਂ ਦਾ ਨਿਰੀਖਣ ਕਰਕੇ ਕਰਦਾ ਹੈ। ਮਨੋਵਿਗਿਆਨ ਮਨ ਦੀਆਂ ਪ੍ਰਕਿਰਿਆਵਾਂ ਅਤੇ ਵਿਵਹਾਰ ਦਾ ਵਿਗਿਆਨਕ ਅਧਿਐਨ ਹੈ।(04)

ਡਾ. ਆਗਿਆਜੀਤ ਸਿੰਘ, "ਸਾਧਾਰਨ ਮਨੋਵਿਗਿਆਨ" ਪੁਸਤਕ ਵਿੱਚ ਲਿਖਦੇ ਹਨ:

> ਮਨੋਵਿਗਿਆਨ ਵਿਅਕਤੀ ਦੇ ਵਿਵਹਾਰ ਅਤੇ ਅਨੁਭਵਾਂ ਦਾ ਵਿਗਿਆਨਕ ਅਧਿਐਨ ਹੈ।(04)

ਮਨੋਵਿਗਿਆਨ ਵਿਵਹਾਰ ਦੀਆਂ ਵਿਭਿੰਨ ਅਵਸਥਾਵਾਂ ਦਾ ਉਚਿਤ ਢੰਗ ਨਾਲ ਅਧਿਐਨ ਕਰਦਾ ਹੈ। ਇਸ ਵਿੱਚ ਮਨੁੱਖ ਦੀਆਂ ਉਹ ਕਿਰਿਆਵਾਂ ਸ਼ਾਮਲ ਹੁੰਦੀਆਂ ਹਨ ਜੋ ਉਸ ਦੇ ਵਿਵਹਾਰ ਨੂੰ ਪ੍ਰਭਾਵਿਤ ਕਰਦੀਆਂ ਹਨ। ਉਸ ਦੇ ਵਿਵਹਾਰ ਦੂਸਰੇ ਮਨੁੱਖਾਂ ਦੇ ਵਿਵਹਾਰ ਉਪਰ ਪ੍ਰਭਾਵ ਪਾਉਂਦਾ ਹੋਇਆ ਨਵੀਨ ਪਰਿਸਥੀਆਂ ਦਾ ਸਾਧਨ ਬਣਦਾ ਹੈ। ਡਾ. ਆਗਿਆਜੀਤ ਸਿੰਘ, "ਸਾਧਾਰਨ ਮਨੋਵਿਗਿਆਨ" ਪੁਸਤਕ ਵਿੱਚ ਲਿਖਦੇ ਹਨ:

> ਵਿਵਹਾਰ ਹੀ ਇਸ ਦਾ ਮੁੱਖ ਵਿਸ਼ਾ ਹੈ। ਵਿਵਹਾਰ ਵਿੱਚ ਵਿਅਕਤੀ ਦੇ ਅਨੁਭਵ ਅਤੇ ਤਜਰਬੇ ਆ ਜਾਂਦੇ ਹਨ। ਜਿਹੜੇ ਉਹ ਆਪਣੇ ਵਾਤਾਵਰਨ ਵਿੱਚ ਰਹਿ ਕੇ ਦੂਜਿਆਂ ਨਾਲ ਅੰਤਰ ਕਿਰਿਆਵਾਂ ਤੇ

> ਪ੍ਰਤੀਕ੍ਰਿਆਵਾਂ ਰਾਹੀ ਗ੍ਰਹਿਣ ਕਰਦੇ ਹਨ। ਵਿਵਹਾਰ ਇੱਕ ਜੀਵ ਦੇ ਕਾਰਜਾਂ ਦਾ ਹਰ ਪਹਿਲੂ ਹੈ। ਜਿਸ ਵਿੱਚ ਉਸ ਦੀਆਂ ਅੰਦਰਲੀਆਂ ਅਤੇ ਬਾਹਰਲੀਆਂ ਕਿਰਿਆਵਾਂ, ਮਾਨਸਿਕ, ਭਾਵਾਤਮਿਕ ਅਤੇ ਸਰੀਰਕ ਕਾਰਜ ਸ਼ਾਮਲ ਹਨ।(114)

ਮਨੋਵਿਗਿਆਨ ਨਾ ਮਨੁੱਖ ਦੇ ਮਨ ਤਕ ਸੀਮਤ ਹੈ ਤੇ ਨਾ ਸਿਰਫ ਉਸਦੇ ਵਿਵਹਾਰ ਦੀ ਕਿਰਿਆਸ਼ੀਲਤਾ ਤੱਕ। ਮਨੋਵਿਗਿਆਨਕ ਵਿਧੀ ਦੁਆਰਾ ਇਹ ਪਤਾ ਲਗਾਉਣ ਦੀ ਕੋਸ਼ਿਸ਼ ਲਈ ਵੱਖਰੇ-ਵੱਖਰੇ ਪ੍ਰਸ਼ਨ ਉੱਠਦੇ ਹਨ ਜਿਵੇਂ ਹੈ ਕਿ ਮਾਨਸਿਕ ਖ਼ਰਾਬੀ ਨਾਲ ਸਰੀਰ ਤੇ ਕੀ ਪ੍ਰਭਾਵ ਪੈ ਸਕਦਾ ਹੈ, ਕੀ ਗ਼ੁੱਸੇ ਦੀ ਅਵਸਥਾ ਨਾਲੋਂ ਡਰ ਦੀ ਅਵਸਥਾ ਵਿੱਚ ਦਿਲ ਦਾ ਸੰਚਾਲਨ ਵਧੇਰੇ ਹੁੰਦਾ ਹੈ? ਕੀ ਸੋਚਣ ਨਾਲ ਦਿਮਾਗ਼ ਦਾ ਜੋ ਹਿੱਸਾ ਕੰਮ ਕਰਦਾ ਹੈ ਬੋਲਣ ਪਿੱਛੋਂ ਵੀ ਉਹ ਹੀ ਹਿੱਸਾ ਕੰਮ ਆਉਂਦਾ ਹੈ? ਅਤੇ ਅਸੀਂ ਸੁਪਨੇ ਕਿਉਂ ਵੇਖਦੇ ਹਾਂ? ਆਦਿ। ਇਸ ਤਰ੍ਹਾਂ ਇਸ ਵਿੱਚ ਵਿਅਕਤੀ ਦੀਆਂ ਮਾਨਸਿਕ ਅਤੇ ਸਰੀਰਕ ਦੋਵੇਂ ਤਰ੍ਹਾਂ ਦੀਆਂ ਕਿਰਿਆਵਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਜਿਸ ਤਰ੍ਹਾਂ ਮਨੁੱਖੀ ਵਿਵਹਾਰ ਦੀ ਕੋਈ ਸੀਮਾ ਨਹੀਂ ਇਸੇ ਤਰ੍ਹਾਂ ਮਨੋਵਿਗਿਆਨ ਦੇ ਖੇਤਰ ਦੀ ਵੀ ਕੋਈ ਸੀਮਾ ਨਹੀਂ। ਭਾਵੇਂ ਮਨੁੱਖ ਦਾ ਆਪਣੇ ਆਲੇ-ਦੁਆਲੇ ਨਾਲ ਰਿਸ਼ਤਾ ਇਸਦਾ ਮੁੱਢਲਾ ਵਿਸ਼ਾ ਹੈ ਪਰ ਮਨ ਦਾ ਵਿਕਾਸ, ਮੂਲ ਪ੍ਰਵਿਰਤੀਆਂ, ਸਿੱਖਿਆ ਗ੍ਰਹਿਣ ਕਰਨ ਦੀ ਵਿਧੀ, ਪ੍ਰਤੱਖਣ ਸੰਵੇਦਨਾਵਾਂ ਰਾਹੀਂ ਸੰਕਲਪ ਉਸਾਰਨ ਦੀ ਕਿਰਿਆ, ਭਾਸ਼ਾ ਦਾ ਨਿਰਮਾਣ, ਗਿਆਨ ਗ੍ਰਹਿਣ ਕਰਨ ਦੀ ਸਮਰੱਥਾ, ਯਾਦ ਸ਼ਕਤੀ, ਸੁਪਨੇ ਯਾਦਾਂ ਅਰਥਾਤ ਸੁਚੇਤ, ਅਚੇਤ ਜਾਂ ਚੇਤਨ ਅਚੇਤਨ ਮਨ ਆਦਿ ਇਸ ਦੇ ਅਨੇਕਾਂ ਵਿਸ਼ੇ ਹਨ। ਇੰਦਰਜੀਤ ਕੌਰ ਸੰਧੂ ਮਨੋਵਿਗਿਆਨ ਵਿਧੀ ਨੂੰ ਆਪਣੀ ਪੁਸਤਕ ਮਨੋਵਿਗਿਆਨ ਮਾਨਸਿਕ ਜੀਵਨ ਦਾ ਅਧਿਐਨ 'ਚ ਇਸ ਤਰ੍ਹਾਂ ਪਰਿਭਾਸ਼ਤ ਕਰਦੇ ਹਨ ਕਿ:

> ਮਨੋਵਿਗਿਆਨ ਦਾ ਸੰਬੰਧ ਉਨ੍ਹਾਂ ਕਿਰਿਆਵਾਂ ਨਾਲ ਹੈ ਜਿਨ੍ਹਾਂ ਨੂੰ ਅਸੀਂ ਮਾਨਸਿਕ ਕਿਰਿਆਵਾਂ ਕਹਿੰਦੇ ਹਾਂ, ਜਿਵੇਂ ਸਿੱਖਣਾ, ਯਾਦ ਕਰਨਾ, ਸੋਚਣਾ, ਯੋਜਨਾ ਬਣਾਉਣਾ, ਨਿਰੀਖਣ ਕਰਨਾ, ਇੱਛਾ ਕਰਨਾ, ਪਿਆਰ ਕਰਨਾ ਅਤੇ ਘ੍ਰਿਣਾ ਕਰਨਾ ਆਦਿ।(3)

ਇਸ ਤਰ੍ਹਾਂ ਮਨੋਵਿਗਿਆਨ ਉਹ ਵਿਗਿਆਨ ਹੈ, ਜੋ ਮਨੁੱਖੀ ਮਨ ਦਾ ਅਧਿਐਨ ਕਰਦਾ ਹੈ। ਮਨੁੱਖੀ ਮਨ ਦੀ

ਹੋਂਦ ਸਰੀਰ ਵਿੱਚ ਹੀ ਸੰਭਵ ਹੈ। ਇਸ ਲਈ ਇਸ ਦਾ ਅਧਿਐਨ ਖੇਤਰ ਵੀ ਮਨੁੱਖੀ ਮਨ ਅਤੇ ਮਨੁੱਖੀ ਸਰੀਰ ਨਾਲ ਹੈ। ਮਨ ਤੋਂ ਭਾਵ ਮਾਨਸਿਕਤਾ ਤੋਂ ਹੈ। ਮਨੁੱਖੀ ਮਨ ਦਾ ਕੋਈ ਹਿੱਸਾ ਸੁਚੇਤ, ਅਰਧ ਸੁਚੇਤ ਜਾਂ ਅਵਚੇਤਨ ਜਦੋਂ ਕਿਸੇ ਵਿਸ਼ੇਸ਼ ਦਿਸ਼ਾ ਵਲ ਯਾਤਰਾ ਕਰਦਾ ਹੈ ਤਾਂ ਉਸ ਵਿਚੋਂ ਉਪਜੀਆਂ ਬਿਰਤੀਆਂ ਨੂੰ ਮਾਨਸਿਕਤਾ ਕਿਹਾ ਜਾਂਦਾ ਹੈ। ਮਨੋਵਿਗਿਆਨ ਮਨੁੱਖੀ ਵਿਵਹਾਰ ਦਾ ਅਧਿਐਨ ਕਰਦਾ ਹੈ। ਮਨੁੱਖੀ ਮਨ ਬਹੁਤ ਗੁੰਝਲਦਾਰ ਹੈ। ਗੁੰਝਲਦਾਰ ਮਨ ਗੁੰਝਲਦਾਰ ਵਿਵਹਾਰ ਦਾ ਕਾਰਨ ਬਣਦਾ ਹੈ। ਮਨੁੱਖੀ ਮਨ ਵਿੱਚ ਸਭ ਤੋਂ ਵੱਧ ਅਜਿਹੀਆਂ ਉਲਝਣਾ ਤੇ ਅਨੁਭਵ ਆਉਂਦੇ ਹਨ, ਜਿਨ੍ਹਾਂ ਨੂੰ ਦੂਜਿਆਂ ਨਾਲ ਸਾਂਝਾ ਕਰਨ ਵਿੱਚ ਸਭ ਤੋਂ ਵੱਧ ਝਿਜਕ ਹੁੰਦੀ ਹੈ। ਮਨੋਵਿਗਿਆਨ ਦਾ ਮੋਢੀ ਸਿਗਮੰਡ ਫਰਾਇਡ ਹੈ। ਇਸ ਪਿੱਛੋਂ ਯੁੰਗ ਅਤੇ ਐਡਲਰ ਨੇ ਇਸ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਫਰਾਇਡ ਅਨੁਸਾਰ ਮਨੁੱਖੀ ਸਰੀਰ ਵਾਂਗ ਮਨੁੱਖੀ ਮਨ ਵੀ ਬਿਮਾਰ ਹੋ ਜਾਂਦਾ ਹੈ।  ਬਿਮਾਰ ਮਨ ਬਿਮਾਰ ਮਾਨਸਿਕਤਾ ਦੀ ਸਿਰਜਣਾ ਕਰਦਾ ਹੈ। ਮਨੁੱਖ ਦੀਆਂ ਖ਼ਾਹਿਸ਼ਾਂ ਅਤੇ ਬਾਹਰੀ ਸਮਾਜ ਦੇ ਵਿੱਚਕਾਰ ਵਿਰੋਧ ਹੈ। ਸਮਾਜ ਦੇ ਵਿਰੋਧ ਦੇ ਬਾਵਜੂਦ ਇਹ ਦੱਬੀਆਂ-ਘੁੱਟੀਆਂ ਖ਼ਾਹਿਸ਼ਾਂ ਕਦੀ ਕਦੀ ਜਦੋਂ ਪੂਰਤੀ ਲਈ ਸਿਰ ਚੁੱਕਦੀਆਂ ਹਨ ਤਾਂ ਮਾਨਸਿਕਤਾ ਤਣਾਵ ਜਾ ਉਲਝਣਾਂ ਨੂੰ ਸੁਲਝਾਉਣ ਲਈ ਜਿਹੜੀ ਵਿਧੀ ਵਰਤੀ ਜਾਂਦੀ ਹੈ ਉਸ ਨੂੰ ਮਨੋਵਿਗਿਆਨੀ ਵਿਧੀ ਕਿਹਾ ਜਾਂਦਾ ਹੈ। ਏ.ਪੀ.ਸ਼ਰਮਾ ਦੀ ਕਿਤਾਬ ਮਨੋਵਿਗਿਆਨ ਦੀ ਜਾਣ^ਪਛਾਣ ਦੇ ਅਨੁਸਾਰ:

> ਮਨੋਵਿਗਿਆਨ ਦਾ ਸੰਬੰਧ ਸਾਡੇ ਮਨ ਨਾਲ ਹੈ। ਮਨ ਦੁਆਰਾ ਹੀ ਸਾਡੇ ਅੰਦਰ ਧਰਮ ਦਾ ਡੂੰਘਾ ਚਿੰਤਨ ਕਰਨ ਲਈ ਧਾਰਨਾਵਾਂ ਉਪਜਦੀਆਂ ਹਨ। ਮਨ ਮਾਨਸਿਕ ਕਿਰਿਆ ਦਾ ਰੂਪ ਹੈ। ਇਸਦੇ ਤਿੰਨ ਪੱਖ ਹਨ : ਗਿਆਨਕਾਰੀ, ਭਾਵਨਾਕਾਰੀ ਅਤੇ ਇੱਛਾਕਾਰੀ। ਇਨ੍ਹਾਂ ਤਿੰਨਾਂ ਨੂੰ ਮਿਲਾ ਕੇ ਹੀ ਮਾਨਸਿਕ ਕਿਰਿਆ ਪੂਰੀ ਹੁੰਦੀ ਹੈ। (16)

ਪੱਛਮੀ ਵਿਚਾਰਧਾਰਾ ਵਿੱਚ ਮਨ ਸੰਬੰਧੀ ਵਿਚਾਰਕਾਂ ਦੇ ਦੋ ਮਤ ਹਨ। ਇਕ ਮੱਤ ਅਨੁਸਾਰ ਮਨ ਸੂਖਮ ਅਤੇ ਦੂਜਾ ਮਤ ਅਨੁਸਾਰ ਮਨ ਸਥੂਲ ਹੈ। ਪੱਛਮ ਦੇ ਪ੍ਰਸਿੱਧ ਚਿੰਤਕ ਪਲੈਟੋ ਮਨ ਨੂੰ ਸੂਖਮ ਮੰਨਦਾ ਹੈ। ਪਲੈਟੋ ਨੇ ਮਨ ਲਈ ਗਰੀਕ ਭਾਸ਼ਾ ਦੇ ਸ਼ਬਦ 'ਸਾਈਕੀ' ਦੀ ਵਰਤੋਂ ਕੀਤੀ ਸੀ। ਪਲੈਟੇ ਮਨ ਨੂੰ ਸਰੀਰ ਤੋਂ ਸੁਤੰਤਰ

ਮੰਨਦਾ ਹੈ। ਇਸ ਵਿਚਾਰਧਾਰਾ ਦੇ ਉਲਟ ਅਰਸਤੂ ਮਨ ਨੂੰ ਆਤਮਾ ਦਾ ਸੁਤੰਤਰ ਸਾਰ ਤੱਤ ਮੰਨਦਾ ਹੋਇਆ ਇਸ ਨੂੰ ਅਮਰ ਤੱਤ ਦੱਸਦਾ ਹੈ। ਅਰਸਤੂ ਮਨ ਨੂੰ ਇਸ ਸਰੀਰ ਦਾ ਚਾਲਕ ਅੰਗ ਦੱਸਦਾ ਹੈ।

ਰੈਨੇ ਦਿਕਾਰਤੇ (1596-1650) ਨੂੰ ਆਧੁਨਿਕ ਮਨੋਵਿਗਿਆਨ ਦਾ ਮੋਢੀ ਮੰਨਿਆ ਜਾਂਦਾ ਹੈ। ਰੈਨੇ ਦਿਕਾਰਤੇ ਦੇ ਜਰਮਨ ਅਨੁਯਾਈ ਜਰਮਨ ਮਨੋਵਿਗਿਆਨੀ ਲਿਬਨੀਜ਼ (1647-1716) ਨੇ ਸਵੈ ਚੇਤਨ, ਚੇਤਨਾ ਅਵਚੇਤਨ, ਅਚੇਤਨ ਦੇ ਸਿਧਾਂਤ ਸਥਾਪਤ ਕੀਤੇ ਜੋ ਅੱਗੇ ਚੱਲ ਕੇ ਫ਼ਰਾਇਡ ਦੇ ਮਨੋਵਿਸ਼ਲੇਸ਼ਣ ਦਾ ਆਧਾਰ ਬਣੇ। 18 ਵੀਂ ਸਦੀ ਵਿੱਚ ਪ੍ਰਮੁੱਖ ਵਿਗਿਆਨੀ ਜੋਰਜ ਬਰਕਲੇ (1683-1773ਈ.), ਡੇਵਿਡ ਹਿਊਮ (1711-76ਈ.), ਡੇਵਿਡ ਹਾਰਟਲੇ (1705-77ਈ.), ਥਾਮਸ ਰੀਡ (1710-1896ਈ.) ਈ. ਬੀ. ਡੀ. ਕਾਂਡੀਲਾਕ ( 1714-1780ਈ.) ਹੋਏ ਹਨ ਜਿਨ੍ਹਾਂ ਨੇ ਪ੍ਰਤੱਖ ਗਿਆਨ, ਅਨੁਮਾਨ, ਕਲਪਨਾ, ਵਿਚਾਰ ਤੇ ਸੰਵੇਦਨਾ ਦਾ ਅਧਿਐਨ ਕਰਦੇ ਹੋਏ ਗਿਆਨ ਇੰਦਰੀਆਂ ਦੇ ਮਹੱਤਵ ਨੂੰ ਸਵੀਕਾਰ ਕੀਤਾ ਹੈ।

19ਵੀਂ ਸਦੀ ਵਿੱਚ ਡਾਰਵਿਨ ਚਾਰਲਿਸ (1809-22 ਈ.), ਜੇਮਜ ਵਿਲੀਅਮ (1842-1911 ਈ.), ਜਾਨ ਸਡੂਅਰਟ (1806-1873ਈ.), ਵਿਲੀਅਮ ਵੂੰਡਟ (1832-1920 ਈ.) ਨਾਲ ਆਧੁਨਿਕ ਮਨੋਵਿਗਿਆਨ ਦਾ ਅਧਿਐਨ ਸ਼ੁਰੂ ਹੋਇਆ। ਇਸ ਸਮੇਂ ਜਰਮਨ, ਫਰਾਂਸ ਅਤੇ ਬ੍ਰਿਟੇਨ ਵਿੱਚ ਵੀ ਮਨੋਵਿਗਿਆਨ ਦਾ ਅਧਿਐਨ ਸ਼ੁਰੂ ਹੋਇਆ। ਵਿਲੀਅਮ ਵੂੰਡਟ ਨੇ ਸੰਵੇਦਨਾ, ਪ੍ਰਤੱਖ ਗਿਆਨ ਅਤੇ ਵਿਚਾਰ ਆਦਿ ਮਾਨਸਿਕ ਕਿਰਿਆਵਾਂ ਦਾ ਪ੍ਰਯੋਗਾਤਮਿਕ ਅਧਿਐਨ ਕਰਕੇ ਗਿਆਨ ਇੰਦਰੀਆਂ ਦਾ ਸੰਵੇਦਨਾ ਦੇ ਵਿਕਾਸ ਵਿੱਚ ਮਹੱਤਵ ਨੂੰ ਸਵੀਕਾਰ ਕੀਤਾ। ਉਸ ਨੇ ਮਨ ਭੌਤਿਕੀ ਪ੍ਰਯੋਗ ਦੁਆਰਾ ਸੰਵੇਦਨਾ ਦੇ ਸਰੂਪ ਦਾ ਅਧਿਐਨ ਕੀਤਾ।

ਇਸ ਤੋਂ ਇਲਾਵਾ ਦੂਸਰਾ ਜਰਮਨ ਮਨੋਵਿਗਿਆਨੀ ਜਰਮਨ ਹੈਲਮ ਹੋਲਜ (1821-1894 ਈ.) ਸੀ ਜਿਸ ਨੇ ਇੰਦਰੀ ਗਿਆਨ ਉੱਤੇ ਪ੍ਰਯੋਗ ਕਰਕੇ ਸਰਵਣ ਇੰਦਰੀ, ਅਚੇਤਨ ਅਤੇ ਪ੍ਰਤੱਖ ਗਿਆਨ ਦਾ ਅਧਿਐਨ ਕੀਤਾ ਉਸ ਨੇ ਦ੍ਰਿਸ਼-ਇੰਦਰੀ ਵਿਗਿਆਨ ਦਾ ਸਿਧਾਂਤ ਸਥਾਪਿਤ ਕੀਤਾ। ਇਸ ਪ੍ਰਕਾਰ 19ਵੀਂਸਦੀ ਨੂੰ ਪ੍ਰਯੋਗਾਤਮਿਕ ਮਨੋਵਿਗਿਆਨ ਦੀ ਸਦੀ ਆਖ ਸਕਦੇ ਹਾਂ।

20 ਵੀਂ ਸਦੀ ਵਿੱਚ ਮਨੋਵਿਗਿਆਨ ਦੇ ਖੇਤਰ ਵਿੱਚ ਕਈ ਮਹੱਤਵਪੂਰਨ ਤਜਰਬੇ ਹੋਏ ਜਿਸ ਸਦਕਾ 20 ਵੀਂ ਸਦੀ ਨੂੰ ਮਨੋਵਿਗਿਆਨ ਦੀ ਸਦੀ ਮੰਨਿਆਂ ਜਾਂਦਾ ਹੈ। ਇਸ ਸਮੇਂ ਮਨ ਦੇ ਵਿਕਾਸ, ਮੂਲ ਪ੍ਰਵਿਰਤੀਆਂ, ਸਿੱਖਿਆਂ ਗ੍ਰਹਿਣ ਕਰਨ ਦੀ ਸ਼ਕਤੀ, ਪ੍ਰਤੱਖ- ਸੰਵੇਦਨਾ ਰਾਹੀਂ, ਸੰਕਲਪ ਉਸਾਰਨ ਦੀ ਕਿਰਿਆ, ਭਾਸ਼ਾ ਦਾ ਨਿਰਮਾਣ, ਯਾਦ ਸ਼ਕਤੀ, ਸੁਪਨੇ, ਯਾਦਾਂ, ਜਜ਼ਬਾਤ, ਟਕਰਾਓ, ਮਨੋ ਵਿਕਾਰ, ਚਰਿੱਤਰ, ਯੋਗਤਾ, ਅਚੇਤ, ਸੁਚੇਤ ਜਾਂ ਅਵਚੇਤਨ ਮਨ ਆਦਿ ਇਸ ਦੇ ਅਨੇਕ ਵਿਸ਼ੇ ਹੋਂਦ ਵਿੱਚ ਆਏ। ਇਹਨਾਂ ਵਿਸ਼ਿਆਂ ਦੇ ਅਧਿਐਨ ਲਈ ਕਈ ਸਕੂਲ ਹੋਂਦ ਵਿੱਚ ਆਏ।

(ੳ) ਸੰਰਚਨਾ ਵਾਦ(Structuralism)- ਸੰਰਚਨਾ ਵਾਦ ਦਾ ਪਹਿਲਾ ਤੇ ਮੋਢੀ ਸਿਧਾਂਤਕਾਰ ਅਮਰੀਕੀ ਚਿੰਤਕ ਈ. ਬੀ. ਟਿਟਚੇਨਰ ਨੂੰ ਮੰਨਿਆ ਜਾਂਦਾ ਹੈ। ਟਿਟਚੇਨਰ ਦੇ ਸਿਧਾਂਤ ਨੇ ਸਿਰਫ਼ ਅਮਰੀਕਾ ਹੀ ਨਹੀਂ ਸਗੋਂ ਵਿਸ਼ਵ ਦੇ ਮਨੋਵਿਗਿਆਨ ਨੂੰ ਦੀ ਪ੍ਰਭਾਵਿਤ ਕੀਤਾ ਹੈ।

(ਅ) ਕਿਰਿਆਤਮਿਕ(Functionalism):- ਇਹ ਸਿਧਾਂਤ ਸਰੰਚਨਾਂਵਾਂ ਵਿੱਚੋਂ ਹੀ ਨਿਕਲਿਆ ਹੋਇਆ ਮੰਨਿਆ ਜਾਂਦਾ ਹੈ ਜਿਹੜਾ ਕਿ ਸੁਚੇਤ ਮਨ ਕਿਵੇਂ ਅਤੇ ਕਿਉਂ ਕੰਮ ਕਰਦਾ ਹੈ, ਨਾਲ ਸਬੰਧ ਰੱਖਦਾ ਸੀ। ਇਸ ਸਿਧਾਂਤ ਦਾ ਪਹਿਲਾ ਚਿੰਤਕ ਵਿਲੀਅਮ ਜੇਮਜ ( 1842-1910) ਹੈ। ਇਸ ਸਿਧਾਂਤ ਦੇ ਖੇਤਰ ਵਿੱਚ ਉਸ ਦੀ ਪੁਸਤਕ Principals of Psychology ਬਹੁਤ ਪ੍ਰਸਿੱਧ ਰਹੀ। ਇਸ ਪੁਸਤਕ ਵਿੱਚ ਜੇਮਸ ਨੇ ਕਿਰਿਆ ਵਾਦੀ ਸਿਧਾਂਤ ਦਾ ਬੁਨਿਆਦੀ ਸਰੋਕਾਰ ਮਨੁੱਖ ਕੀ ਕਰਦਾ ਹੈ? ਕਿਵੇਂ ਕਰਦਾ ਹੈ? ਅਤੇ ਕਿਉਂ ਕਰਦਾ ਹੈ? ਪ੍ਰਸ਼ਨਾਂ ਦਾ ਵਿਧੀ ਵੱਧ ਵਿਵਸਥਿਤ ਅਤੇ ਤਾਰਕਿਕ ਉੱਤਰ ਲੱਭਣ ਨਾਲ ਸਬੰਧਿਤ ਹੈ।

(ੲ) ਗੈਸਟਾਲਟ ਮਨੋਵਿਗਿਆਨ- (Gastalt Psychology) ਹੈ। ਗੈਸਟ ਟਾਲਟ ਜਰਮਨ ਦਾ ਸ਼ਬਦ ਹੈ ਅਤੇ ਇਸ ਦਾ ਅਨੁਵਾਦ ਹੈ ਸ਼ਕਲ(Configuration), ਸੰਗਠਨ(Organisation) ਜਾਂ ਰੂਪ ਰੇਖਾ(Pattern)। ਗੈਸਟਾਲਟ ਮਨੋਵਿਗਿਆਨੀਆਂ ਨੇ 'ਸਿਖਣ' ਨੂੰ ਗੈਸਟਾਲਟ ਦੇ ਰੂਪ ਵਿੱਚ ਲਿਆ ਹੈ। ਇਹਨਾਂ ਅਨੁਸਾਰ ਕਿਸੇ ਵਸਤੂ ਦਾ ਗਿਆਨ ਉਸ ਦੇ ਅੰਸ਼ਾਂ ਵਿੱਚ ਨਹੀਂ ਸਗੋਂ ਪੂਰੇ

ਗੈਸਟਾਲਟ ਵਿੱਚ ਹੀ ਪ੍ਰਾਪਤ ਕੀਤਾ ਜਾਂਦਾ ਹੈ।

(ਸ) ਵਿਵਹਾਰ ਵਾਦ (Behaviourism)- ਜੋਹਨ ਬੀ. ਵਾਟਸਨ (Johan B. Watson, 1878-1958) ਨੂੰ ਵਿਵਹਾਰ ਵਾਦ ਦਾ ਮੋਢੀ ਮੰਨਿਆਂ ਜਾਂਦਾ ਹੈ।ਵਿਵਹਾਰਵਾਦੀਆਂ ਦਾ ਵਧੇਰੇ ਬਲ ਮਨੁੱਖੀ ਵਿਵਹਾਰ ਉੱਤੇ ਦਿੱਤਾ। ਇਸ ਸਿਧਾਂਤ ਅਨੁਸਾਰ ਸਿੱਖਣਾ ਅਤੇ ਅਨੁਭਵ ਗ੍ਰਹਿਣ ਕਰਨਾ ਵਿਵਹਾਰ ਦੇ ਬਦਲਾਵ ਲਈ ਮਹੱਤਵਪੂਰਨ ਸਰੋਤ ਹਨ। ਵਿਵਹਾਰਵਾਦੀਆਂ ਦਾ ਮੰਨਣਾ ਹੈ ਕਿ ਮਨੋਵਿਗਿਆਨ ਚੇਤਨਾ ਦਾ ਵਿਗਿਆਨ ਨਾ ਹੋ ਕੇ ਵਿਵਹਾਰ ਦਾ ਵਿਗਿਆਨ ਹੈ। ਇਸ ਸਿਧਾਂਤ ਦੇ ਅਧਿਐਨ ਖੇਤਰ ਵਿੱਚ ਪਸ਼ੂ-ਵਿਵਹਾਰ ਅਤੇ ਮਾਨਵ-ਵਿਵਹਾਰ ਦਾ ਅਧਿਐਨ ਕੀਤਾ ਜਾਂਦਾ ਹੈ। ਪਸ਼ੂ ਵਿਵਹਾਰ ਸਰਲ ਅਤੇ ਮਾਨਵ ਵਿਵਹਾਰ ਗੁੰਝਲਦਾਰ ਵਰਤਾਰਾ ਹੈ। ਇਸ ਦਾ ਅਧਿਐਨ ਕਰਦੇ ਸਮੇਂ ਅੰਤਰ ਦਰਸ਼ਨ ਅਤੇ ਅੰਤਰ ਪ੍ਰੇਖਣ ਵਿਧੀ ਦਾ ਤਿਆਗ ਕਰਨਾ ਚਾਹੀਦਾ ਹੈ। ਵਿਵਹਾਰਵਾਦੀ ਚਿੰਤਕਾਂ ਨੇ ਅੰਤਰ ਪ੍ਰੇਖਣ ਵਿਧੀ ਨੂੰ ਰੱਦ ਕੀਤਾ ਹੈ। ਸਿੱਖਣ ਦੀ ਪ੍ਰਕਿਰਿਆ ਨਾਲ ਸੰਬੰਧਿਤ ਪਾਵਲੋਵ ਦੁਆਰਾ ਪ੍ਰਸਤੁਤ ਕਲਾਸਕੀ ਕੰਡਿਸ਼ਨਿੰਗ ਦਾ ਮਾਡਲ ਅਤੇ ਬੀ. ਐਫ. ਸਕਿਨਰ ਦਾ ਆਪਰੈਂਟ ਕੰਡਿਸ਼ਨਿੰਗ ਦਾ ਮਾਡਲ ਵਿਵਹਾਰਵਾਦੀ ਚਿੰਤਨ ਦੀ ਵਿਸ਼ੇਸ਼ ਪ੍ਰਾਪਤੀ ਹੈ।

(ਹ) ਜੀਵ ਮਨੋਵਿਗਿਆਨ(Bio Psychology)- ਮਨੋਵਿਗਿਆਨ ਪ੍ਰਤਿ ਆਧੁਨਿਕ ਦ੍ਰਿਸ਼ਟੀਕੋਣ ਰੱਖਣ ਵਾਲਾ ਇੱਕ ਮਹੱਤਵਪੂਰਨ ਸਿਧਾਂਤ ਜੀਵ ਮਨੋਵਿਗਿਆਨ ਹੈ। ਇਹ ਸਿਧਾਂਤ ਪਦਾਰਥਵਾਦ ਦੀ ਧਾਰਨਾ ਨੂੰ ਪੇਸ਼ ਕਰਦਾ ਹੈ। ਇਸ ਸਿਧਾਂਤ ਦੁਆਰਾ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਮਨੁੱਖ ਜਾਂ ਕਿਸੇ ਜੀਵ ਦਾ ਤੰਤੂ-ਪ੍ਰਬੰਧ ਕਿਸ ਤਰ੍ਹਾਂ ਨਾਲ ਕੰਮ ਕਰਦਾ ਹੈ ਅਤੇ ਵਿਵਹਾਰ ਦੀ ਬਣਤਰ ਵਿੱਚ ਵੰਸ਼ ਕ੍ਰਮ ਦੁਆਰਾ ਇਕ ਪੀੜ੍ਹੀ ਤੇ ਦੂਜੀ ਪੀੜ੍ਹੀ ਵਿੱਚ ਜੀਵਾਣੂਆਂ ਦੀ ਕੀ ਮਹੱਤਤਾ ਹੈ। ਆਰ. ਡਬਲਯੂ.ਸਪੇਰੀ ਅਤੇ ਹੈਨਸ ਸੇਲੋ ਆਦਿ ਇਸ ਸਿਧਾਂਤ ਦੇ ਪ੍ਰਮੁੱਖ ਪਰਿਵਰਤਕ ਹਨ।

(ਕ) ਸਹਿਚਾਰਵਾਦ (Associationism)- ਅਰਸਤੂ ਨੇ ਸਭ ਤੋਂ ਪਹਿਲਾਂ ਆਪਣੇ ਨਿਬੰਧ ਮੈਮਰੀ ਵਿੱਚ

ਸਹਿਚਾਰਵਾਦ ਦੀ ਗੱਲ ਕੀਤੀ ਹੈ। ਅਰਸਤੂ ਦੇ ਵਿਚਾਰ ਅਨੁਸਾਰ ਇਕ ਵਸਤੂ ਜਾਂ ਘਟਨਾ ਦੀ ਯਾਦ ਦਿਵਾਉਂਦੀ ਹੈ। ਸਹਿਚਾਰਵਾਦ ਵਿੱਚ ਸੰਵੇਦਨਾ ਦੇ ਸਹਿਚਾਰਾਂ ਦੇ ਆਧਾਰ ਉੱਤੇ ਸਮੂਹ ਮਾਨਸਿਕ ਕਿਰਿਆਵਾਂ (ਪ੍ਰਤੱਖ ਗਿਆਨ, ਧਿਆਨ, ਵਿਚਾਰ, ਕਲਪਨਾ ਆਦਿ) ਦੀ ਵਿਆਖਿਆ ਕੀਤੀ ਜਾਂਦੀ ਹੈ।

(ਖ) ਮਨੋਵਿਸ਼ਲੇਸ਼ਣ (Psysho-analysis)- ਮਨੋਵਿਸਲੇਸ਼ਣ ਸੰਪ੍ਰਦਾਇ ਆਰੰਭ ਵਿੱਚ ਮਨੋਵਿਗਿਆਨ ਦੀ ਇੱਕ ਸ਼ਾਖਾ ਦੇ ਰੂਪ ਵਿੱਚ ਹੋਂਦ ਵਿੱਚ ਆਈ ਸੀ ਪਰ ਆਧੁਨਿਕ ਯੁੱਗ ਵਿੱਚ ਇਸ ਨੇ ਆਪਣਾ ਇਕ ਵੱਖਰਾ ਮੁਕਾਮ ਬਣਾ ਲਿਆ ਹੈ। ਇਕ ਸੁਤੰਤਰ ਅਨੁਸ਼ਾਸਨ ਵੱਜੋ ਹੋਂਦ ਗ੍ਰਹਿਣ ਕਰ ਚੁੱਕਾ ਹੈ। ਮਨੋਵਿਸ਼ਲੇਸ਼ਣ ਅੰਗਰੇਜ਼ੀ ਦੇ psysho-analysis ਦਾ ਸਮਾਨਾਰਥਕ ਹੈ ਜਿਸ ਦਾ ਅਰਥ ਹੈ 'ਮਨ ਦਾ ਵਿਸ਼ਲੇਸ਼ਣ'। ਮਨੋਵਿਸ਼ਲੇਸ਼ਣ ਮਨ ਦੇ ਚੇਤਨ ਅਤੇ ਅਚੇਤਨ ਵਿਵਹਾਰ ਦਾ ਵਿਸ਼ਲੇਸ਼ਣ ਕਰਦਾ ਹੈ। ਹਰੇਕ ਵਿਅਕਤੀ ਦਾ ਵਿਵਹਾਰ ਚੇਤਨ ਨਾਲੋਂ ਅਚੇਤਨ ਦੁਆਰਾ ਜ਼ਿਆਦਾ ਪ੍ਰਭਾਵਿਤ ਹੁੰਦਾ ਹੈ। ਅਚੇਤਨ ਦੀ ਇਸ ਖੋਜ ਦਾ ਸਿਹਰਾ ਡਾ. ਸਿਗਮੰਡ ਫ਼ਰਾਇਡ ਦੇ ਸਿਰ ਬੱਝਦਾ ਹੈ। ਇਸ ਸਿਧਾਂਤ ਵਿੱਚ ਸ਼ਖ਼ਸੀਅਤ ਦੇ ਅਧਿਐਨ ਲਈ ਫ਼ਰਾਇਡ ਦੁਆਰਾ ਈਜਾਦ ਕੀਤੇ ਤਿੰਨ ਸੰਕਲਪ ਇਦ(Id), ਈਗੋ(Ego) ਅਤੇ ਸੁਪਰ ਈਗੋ(Super Ego) ਬਾਰੇ ਜਾਣਕਾਰੀ ਦਿੱਤੀ ਹੈ। ਫ਼ਰਾਇਡ ਨੇ ਇਦ, ਈਗੋ ਅਤੇ ਸੁਪਰ ਈਗੋ ਦੇ ਆਧਾਰ ਉੱਤੇ ਮਨੁੱਖੀ ਸ਼ਖ਼ਸੀਅਤ ਦੀ ਵਿਆਖਿਆ ਕੀਤੀ। ਫ਼ਰਾਇਡ ਨੇ ਅਚੇਤਨ ਦੀ ਮਹੱਤਤਾ ਨੂੰ ਉਜਾਗਰ ਕਰਕੇ ਕੇਵਲ ਮਨੋਚਿਕਤਸਾ ਜਾਂ ਮਨੋਵਿਗਿਆਨ ਦੇ ਖੇਤਰ ਵਿੱਚ ਹੀ ਨਹੀਂ ਬਲਕਿ ਗਿਆਨ ਵਿਗਿਆਨ ਦੇ ਅਨੇਕਾਂ ਹੋਰ ਖੇਤਰਾਂ ਵਿੱਚ ਵੀ ਹਲਚਲ ਮਚਾ ਦਿੱਤੀ। ਵਿਅਕਤੀਤਵ ਦੇ ਅੰਦਰੂਨੀ ਸੰਰਚਨਾਤਮਿਕ ਤੱਤਾਂ ਨੂੰ ਫ਼ਰਾਇਡ ਕ੍ਰਮਵਾਰ ਇਦ, ਈਗੋ ਅਤੇ ਸੁਪਰ ਈਗੋ ਦਾ ਨਾਮ ਦਿੰਦਾ ਹੈ। ਮਨੁੱਖੀ ਮਨ ਦਾ ਇਕ ਭਾਗ ਇਦ ਹੈ ਜੋ ਉਸ ਦੇ ਜਨਮ ਸਮੇਂ ਤੋਂ ਹੀ ਹਾਜ਼ਰ ਹੁੰਦਾ ਹੈ। ਇਦ ਅਸਲ ਵਿੱਚ ਕਾਮ ਸ਼ਕਤੀਆਂ ਦਾ ਅਮੁੱਕ ਭੰਡਾਰ ਹੈ ਜਿਸ ਉੱਤੇ ਸਮੇਂ ਅਤੇ ਸਥਾਨ ਦੀ ਲਗਾਮ ਸਫਲ ਨਹੀਂ ਹੁੰਦੀ। ਇੱਦ ਵਿੱਚ ਮਨੁੱਖ ਦੀਆਂ ਦਮਿਤ ਇੱਛਾਵਾਂ ਵਾਸ

ਕਰਦੀਆਂ ਹਨ ਜੋ ਇਸ ਕਾਲੀ ਗੁਫ਼ਾ(ਇਦ) ਵਿੱਚੋਂ ਬਾਹਰ ਨਿਕਲਣ ਦਾ ਰਾਹ ਲੱਭਦੀਆਂ ਰਹਿੰਦੀਆਂ ਹਨ। ਇਦ ਆਪਣੀਆਂ ਅਜਿਹੀਆਂ ਇੱਛਾਵਾਂ ਦੀ ਪੂਰਤੀ ਸੁਪਨਿਆਂ, ਕਲਪਨਾਵਾਂ ਅਤੇ ਭਰਮਾਂ ਆਦਿ ਰਾਹੀ ਪੂਰਾ ਕਰਨ ਦੀ ਸਮਰੱਥਾ ਰੱਖਦੀ ਹੈ। ਇਦ ਦਾ ਸਮੁੱਚਾ ਸੰਚਾਲਨ ਅਨੰਦ ਦੇ ਧੁਰੇ ਦੁਆਲੇ ਘੁੰਮਦਾ ਹੈ। ਜਸਵੰਤ ਸਿੰਘ ਨੇਕੀ, "ਅਚੇਤਨ ਦੀ ਲੀਲ੍ਹਾ" ਵਿੱਚ ਲਿਖਦੇ ਹਨ ਕਿ:

ਇਦ ਦਾ ਕਰਮ ਸੋਚਣਾ ਵਿਚਾਰਨਾ ਨਹੀਂ, ਇਹ ਤਾਂ ਕੇਵਲ ਇੱਛਾ ਕਰਨ ਤੇ ਉਸ ਦੀ ਪੂਰਤੀ ਲਈ ਯਤਨ ਕਰਨ ਦਾ ਕੰਮ ਹੀ ਕਰਦਾ ਹੈ ਤੇ ਇੱਛਾ ਦੀ ਪੂਰਤੀ ਵੀ ਇਸ ਨੂੰ ਤਤਕਾਲ ਤੇ ਹਰ ਹਾਲ ਦਰਕਾਰ ਹੁੰਦੀ ਹੈ।(25)

ਅੰਦਰੋਂ ਉੱਠੀ ਜਾਂ ਬਾਹਰੋਂ ਮਿਲੀ ਉਤੇਜਨਾ ਸਦਕਾ ਵਿਅਕਤੀ ਦੇ ਅੰਦਰ ਤਣਾਅ ਪੈਦਾ ਹੁੰਦੇ ਹਨ। ਇਨ੍ਹਾਂ ਤਣਾਆਂ ਨੂੰ ਦੂਰ ਕਰਨ ਜਾਂ ਇਨ੍ਹਾਂ ਦਾ ਜ਼ੋਰ ਘਟਾਉਣ ਦਾ ਯਤਨ ਹੀ ਇਦ ਦੀ ਮੁੱਖ ਪ੍ਰਕਿਰਿਆ ਹੈ। ਤਣਾਅ, ਦੁੱਖ ਦਾ ਅਹਿਸਾਸ ਪੈਦਾ ਕਰਦੇ ਹਨ, ਤੇ ਇਹਨਾਂ ਦੀ ਨਿਵਿਰਤੀ ਸੁੱਖ ਅਹਿਸਾਸ ਪੈਦਾ ਕਰਦੀ ਹੈ। ਇੱਦ, ਦੁੱਖ-ਨਿਵਿਰਤ ਜਾਂ ਸੁੱਖ, ਪ੍ਰਾਪਤੀ ਦੇ ਨੇਮ ਅਨੁਸਾਰ ਹੀ ਆਪਣੀ ਕਿਰਿਆ ਸਾਧਦੀ ਹੈ।(23)

ਡਾ. ਫ਼ਰਾਇਡ ਨੇ ਆਪਣੀ ਖੋਜ ਰਾਹੀਂ ਇਹ ਸਿੱਧ ਕੀਤਾ ਕਿ 'ਚੇਤਨ' ਤਾਂ ਸਾਡੇ ਮਨ ਦਾ ਇੱਕ ਅਤਿ ਨਿੱਕਾ ਭਾਗ ਹੈ। ਮਨ ਦਾ ਵੱਡਾ ਭਾਗ ਤਾਂ 'ਅਚੇਤਨ' ਹੈ। ਜਿਵੇਂ ਪਾਣੀ ਵਿੱਚ ਪਏ ਬਰਫ਼ ਦੇ ਡਲੇ ਦਾ ਕੇਵਲ ਦਸਵਾਂ ਹਿੱਸਾ ਹੀ ਸਾਨੂੰ ਪਾਣੀ ਤੋਂ ਬਾਹਰ ਦਿਸਦਾ ਹੈ, ਓਵੇਂ ਹੀ ਮਨ ਦਾ ਦਸਵਾਂ ਹਿੱਸਾ ਜਾਂ ਇਸ ਤੋਂ ਵੀ ਘੱਟ ਚੇਤਨ ਹੁੰਦਾ ਹੈ। ਇਸ ਦੀ ਬਾਕੀ ਰਹਿੰਦੀ ਨੌਂ ਹਿੱਸੇ ਸਮਗਰੀ ਅਚੇਤਨ ਹੀ ਹੁੰਦੀ ਹੈ।(3)

ਈਗੋ- ਵਿਅਕਤੀਤਵ ਦਾ ਚੇਤਨ, ਬੌਧਿਕ ਤੇ ਵਿਵਹਾਰ ਸੱਭਿਆ ਭਾਗ ਹੈ।ਸਾਡਾ ਸਾਧਾਰਨ ਅਸਲ ਵਿੱਚ ਹਉਂ ਦੁਆਰਾ ਹੀ ਨਿਯੰਤਰਿਤ ਹੁੰਦਾ ਹੈ। ਇਦ ਦੀਆਂ ਕਾਮ-ਉਮੰਗਾਂ: ਪ੍ਰੇਰਨਾਵਾਂ ਅਤੇ ਪ੍ਰਬਲ ਇੱਛਾਵਾਂ ਨੂੰ ਬਾਹਰ ਨਿਕਲਣ ਲਈ ਈਗੋ ਦੇ ਖੇਤਰ ਵਿੱਚ ਗੁਜ਼ਰਨਾ ਪੈਂਦਾ ਹੈ। ਇਹ ਈਦ ਦੀਆਂ ਬੇ-ਪ੍ਰਵਾਹ: ਵਿਘਨਕਾਰੀ,

ਸੰਵੇਦਨਾਵਾਂ ਅਤੇ ਭਾਵਨਾਵਾਂ ਦੇ ਪ੍ਰਬਲ ਵਹਿਣ ਨੂੰ ਰੋਕ ਕੇ ਨਿਸ਼ਚਿਤ ਦਿਸ਼ਾ ਪ੍ਰਦਾਨ ਕਰਦੀ ਹੈ।

ਸੁਪਰ ਈਗੋ- ਮਨੁੱਖੀ ਮਨ ਦਾ ਤੀਜਾ ਧਰਾਤਲ ਪਰਾਹਉਂ ਹੈ। ਸੁਪਰ ਈਗੋ ਦਾ ਵਿਕਾਸ ਮਾਪਿਆਂ ਦੇ ਪ੍ਰਭਾਵ ਉੱਤੇ ਨਿਰਭਰ ਕਰਦਾ ਹੈ। ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਉਹ ਪੂਰੀ ਤਰ੍ਹਾਂ ਆਪਣੇ ਮਾਪਿਆਂ ਉੱਤੇ ਨਿਰਭਰ ਰਹਿੰਦਾ ਹੈ। ਇਹ ਨਿਰਭਰਤਾ ਕਾਫ਼ੀ ਲੰਬੇ ਸਮੇਂ ਤੱਕ ਫੈਲੀ ਹੁੰਦੀ ਹੈ। ਇਸ ਸਮੇਂ ਦੌਰਾਨ ਬੱਚਾ ਆਪਣਾ ਵਿਵਹਾਰ ਮਾਪਿਆਂ ਦੀਆਂ ਹਦਾਇਤਾਂ ਅਨੁਸਾਰ ਢਾਲਣ ਲੱਗਦਾ ਹੈ ਅਤੇ ਮਾਪਿਆਂ ਦੀ ਸਦਾਚਾਰਕ ਨੇਮਾਵਲੀ ਨੂੰ ਆਪਣੇ ਅੰਦਰ ਸਥਾਪਿਤ ਕਰਨ ਲੱਗਦਾ ਹੈ। ਇਸ ਲਈ ਪਰਾਹਉ ਨੂੰ ਮਨੁੱਖੀ ਮਨ ਦਾ ਨੈਤਿਕ ਅਤੇ ਆਦਰਸ਼ਕ ਭਾਗ ਮੰਨਿਆ ਜਾਂਦਾ ਹੈ। ਗੁਰਚਰਨ ਸਿੰਘ ਅਰਸ਼ੀ, ਆਪਣੀ ਪੁਸਤਕ *ਸਮੀਖਿਆ ਦ੍ਰਿਸ਼ਟੀਆਂ* ਵਿੱਚ ਲਿਖਦੇ ਹਨ:

> ਜਿੱਥੇ ਇਦ ਅਨੰਦ ਦੇ ਨਿਯਮ(Pleasure-Principal) ਮੁਤਾਬਕ ਤੇ ਈਗੋ ਯਥਾਰਥ ਦੇ ਨਿਯਮ(Reality-Principal) ਮੁਤਾਬਿਕ ਕਾਰਜਸ਼ੀਲ ਹੁੰਦੀ ਹੈ ਉੱਥੇ ਸੁਪਰ ਈਗੋ ਨੈਤਿਕਤਾ ਦੇ ਨਿਯਮ(Ethic-Principal) ਅਨੁਸਾਰ ਕ੍ਰਿਆਸ਼ੀਲ ਹੈ।(122)

ਪਰਾਹਉ ਮਨੁੱਖ ਦੀਆਂ ਕਾਮੁਕ ਇੱਛਾਵਾਂ, ਵਿਘਨਕਾਰੀ ਸੰਵੇਦਨਾਵਾਂ ਅਤੇ ਗੈਰ ਸਮਾਜਿਕ ਭਾਵਨਾਵਾਂ ਨੂੰ ਕਾਬੂ ਵਿੱਚ ਰੱਖਦੀ ਹੈ ਅਤੇ ਮਨੁੱਖੀ ਵਿਅਕਤੀਤਵ ਵਿੱਚ ਜ਼ਮੀਰ ਦੇ ਰੂਪ ਵਿੱਚ ਕਾਰਜਸ਼ੀਲ ਹੋ ਕੇ ਨੈਤਿਕ ਕਦਰਾਂ ਕੀਮਤਾਂ ਅਤੇ ਆਦਰਸ਼ਾਂ ਨੂੰ ਮਹੱਤਵ ਹੁੰਦੀ ਹੈ। ਡਾ. ਜਸਵੰਤ ਸਿੰਘ ਨੇਕੀ *ਅਚੇਤਨ ਦੀ ਲੀਲ੍ਹਾ* ਪੁਸਤਕ ਵਿੱਚ ਪਰਾਹਉ ਬਾਰੇ ਲਿਖਦੇ ਹਨ:

> ਇਹ ਸਾਡੀਆਂ ਪਸ਼ੂ ਬਿਰਤੀਆਂ ਨੂੰ ਬੰਨ੍ਹ ਕੇ ਰੱਖਦੀ ਹੈ ਤੇ ਇਉਂ ਸਮਾਜ, ਸੰਸਕ੍ਰਿਤੀ ਤੇ ਪਰੰਪਰਾ ਦੀ ਸੰਭਾਲ ਦਾ ਮਾਧਿਅਮ ਬਣਦੀ ਹੈ।(28)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਈਗੋ ਨੂੰ ਤਿੰਨ ਸਵਾਮੀਆਂ ਦੀ ਸੇਵਾ ਕਰਨੀ ਪੈਂਦੀ ਹੈ ਬਾਹਰੀ ਸੰਸਾਰ, ਇਦ ਅਤੇ ਅਤਿ ਹਉਮੈਂ, ਜਦ ਕਦੇ ਇਹ ਅਜਿਹਾ ਕਰਨ ਵਿੱਚ ਅਸਫਲ ਹੋ ਜਾਵੇ ਤਾਂ ਇਹ ਚਿੰਤਾ ਦੀ ਸ਼ਿਕਾਰ ਹੋ ਕੇ ਤਿੰਨਾਂ ਪ੍ਰਤੀ ਪ੍ਰਤੀਕਿਰਿਆ ਕਰਦੀ ਹੈ।

**ਮਨੋਵਿਗਿਆਨ ਪਹੁੰਚ ਵਿਧੀਆਂ**: ਮਨੋਵਿਗਿਆਨ ਦੂਜੇ ਵਿਗਿਆਨਾਂ ਵਾਂਗ ਸਰਲ ਨਹੀਂ ਹੈ ਸਗੋਂ ਇੱਕ ਜਟਿਲ ਪ੍ਰਕਾਰ ਦੀ ਪ੍ਰਕਿਰਿਆ ਹੈ ਕਿਉਂਕਿ ਮਨ ਦਾ ਵਿਕਾਸ ਅੰਤਿਮ ਅਵਸਥਾ ਵਿੱਚ ਹੋਇਆ ਜਦੋਂ ਕਿ ਭੌਤਿਕ ਪਦਾਰਥਾਂ ਦੇ ਵਿਕਾਸ ਆਰੰਭਕ ਅਵਸਥਾ ਵਿੱਚ ਹੋਇਆ ਹੈ। ਮਾਨਸਿਕ ਸੰਘਰਸ਼ ਚੇਤਨ ਤੇ ਅਚੇਤਨ ਦੋਹਾਂ ਪੱਧਰਾਂ ਤੇ ਵਾਪਰਦੇ ਹਨ ਪਰ ਅਚੇਤਨ ਸੰਘਰਸ਼ ਸਾਡੀ ਮਾਨਸਿਕ ਸਿਹਤ ਨੂੰ ਵਧੇਰੇ ਪ੍ਰਭਾਵਿਤ ਕਰਦੇ ਹਨ। ਇਸ ਲਈ ਇਹਨਾਂ ਦੇ ਸਮਾਧਾਨ ਲਈ ਜਾਂ ਇਹਨਾਂ ਵਿੱਚ ਸਮਾਯੋਜਨ ਪੈਦਾ ਕਰਨ ਵਾਲੀਆਂ ਕਈ ਪ੍ਰਕਾਰ ਦੀਆਂ ਮਨੋਵਿਧੀਆਂ ਦੀ ਮਨੋਵਿਗਿਆਨੀਆਂ ਨੇ ਖੋਜ ਕੀਤੀ ਹੈ।

1) ਦਮਨ ਅਤੇ ਦਲ਼ਨ (Repression and Suppression) ਕਿਸੇ ਪ੍ਰਤੀਕਿਰਿਆ ਦੇ ਦਮਨ ਨਾਲ ਉਸ ਦੀ ਪ੍ਰੇਰਨਾ ਖ਼ਤਮ ਨਹੀਂ ਹੋ ਜਾਂਦੀ। ਤਣਾਓ ਦੇ ਰੂਪ ਵਿੱਚ ਉਹ ਪ੍ਰੇਰਨਾ ਬਣੀ ਰਹਿੰਦੀ ਹੈ। ਸਮਾਯੋਜਨ ਨਾਲ ਉਸ ਦੀ ਤੀਬਰਤਾ ਵਿੱਚ ਕਮੀ ਹੋ ਜਾਂਦੀ ਹੈ ਪਰ ਇੱਕ ਅਨਿਸ਼ਚਿਤ ਚਿੰਤਾ ਦੇ ਆਧਾਰ ਰੂਪ ਵਿੱਚ ਮਨ ਅਤੇ ਆਚਰਨ ਨੂੰ ਪ੍ਰਭਾਵਿਤ ਕਰਦੀ ਰਹਿੰਦੀ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਵਿਅਕਤੀ ਦੀਆਂ ਦੁਖਦਾਈ ਸਿਮ੍ਰਿਤੀਆਂ ਜਿਨ੍ਹਾਂ ਦੇ ਚੇਤਨ ਵਿੱਚ ਜਾਣੂ ਨਾਲ ਕਿਸੇ ਕਿਸਮ ਦੀ ਪਰੇਸ਼ਾਨੀ ਪੈਦਾ ਹੁੰਦੀ ਹੋਵੇ, ਵਿਅਕਤੀ ਉਹਨਾਂ ਨੂੰ ਅਚੇਤਨ ਵਿੱਚ ਦਬਾ ਲੈਂਦਾ ਹੈ। ਇਸ ਪ੍ਰਕਿਰਿਆ ਨੂੰ ਦਮਨ ਦੀ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ। ਡਾ. ਨੇਕੀ, *ਅਚੇਤਨ ਦੀ ਲੀਲ੍ਹਾ* ਪੁਸਤਕ ਵਿੱਚ ਆਪਣੇ ਵਿਚਾਰ ਇਸ ਤਰ੍ਹਾਂ ਲਿਖਦੇ ਹਨ:

> ਜਦੋਂ ਵੀ ਕੋਈ ਅਚੇਤਨ ਪ੍ਰੇਰਨਾ ਸਾਡੇ ਅੰਦਰ ਚਿੰਤਾ ਜਗਾਉਂਦੀ ਹੈ ਤਾਂ ਉਸ ਨੂੰ ਚੇਤਨਾ ਵਿੱਚ ਪਹੁੰਚਣ ਤੇ ਪਹਿਲਾਂ ਹੀ ਅਚੇਤਨ ਵਿੱਚ ਦਬਾ ਲਿਆ ਜਾਂਦਾ ਹੈ। ਇਸ ਤੋਂ ਛੁੱਟ ਜਦੋਂ ਕੋਈ ਚੇਤਨ ਇੱਛਾ ਵੀ ਸਾਡੇ ਅੰਦਰ ਸੰਘਰਸ਼ ਪੈਦਾ ਕਰਦੀ ਤੇ ਚਿੰਤਾ ਦਾ ਕਾਰਨ ਬਣਦੀ ਹੈ ਤਾਂ ਵੀ ਅਚੇਤਨ ਉਸ ਨੂੰ ਅਡੋਲ ਸਾਡੇ ਵਿੱਚੋਂ ਕੱਢ ਕੇ ਆਪਣੇ ਅੰਦਰ ਸਮੋ ਲੈਂਦਾ ਹੈ। ਇਹਨਾਂ ਦੋਨਾਂ ਹਾਲਤਾਂ ਵਿੱਚ ਦਮਨ ਦੀ ਪ੍ਰਕਿਰਿਆ ਕਿਰਿਆਸ਼ੀਲ ਹੁੰਦੀ ਹੈ।34-35)

ਕਿਸੇ ਪ੍ਰਤੀਕਿਰਿਆ ਦੇ ਦਮਨ ਨਾਲ ਉਸ ਦੀ ਪ੍ਰੇਰਨਾ ਖ਼ਤਮ ਨਹੀਂ ਹੁੰਦੀ ਤਣਾਓ ਦੇ ਰੂਪ ਵਿੱਚ ਉਹ ਪ੍ਰੇਰਨਾ ਬਣੀ ਰਹਿੰਦੀ ਹੈ। ਬਰਨਾਰਡ ਹਾਰਟ, ਡਾ ਕੇ.ਟੀ. ਸਿੰਘ (ਅਨੁ.), *ਮਾਨਸਿਕ ਰੋਗ ਦਾ ਅਧਿਐਨ* , ਪੁਸਤਕ

ਵਿੱਚ ਮਨ ਦੀ ਅਜਿਹੀ ਅਵਸਥਾ ਬਾਰੇ ਲਿਖਦੇ ਹਨ:

> ਅਜਿਹੀਆਂ ਹਾਲਤਾਂ ਅੰਦਰ ਵਿਅਕਤੀ ਇਹ ਕੋਸ਼ਿਸ਼ ਕਰੇਗਾ ਕਿ ਉਨ੍ਹਾਂ ਦੁਖਦਾਈ ਯਾਦਾਂ ਨੇ ਮਨ ਵਿੱਚੋਂ ਕੱਢ ਕੇ, ਪਛਤਾਵੇ ਦੀ ਭਾਵਨਾ ਤੋਂ ਛੁਟਕਾਰਾ ਪਾ ਲਵੇ ਅਤੇ ਉਨ੍ਹਾਂ ਨੂੰ ਬੜੀ ਸਾਵਧਾਨੀ ਨਾਲ, ਆਪਣੀਆਂ ਸੋਚਾਂ ਤੋਂ ਬਾਹਰ ਰੱਖ ਕੇ, ਜਿੱਥੋਂ ਤੱਕ ਹੋ ਸਕੇ ਉਨ੍ਹਾਂ ਦੀ ਹੋਂਦ ਤੋਂ ਲਾਪਰਵਾਹੀ ਕਰੇ।(6)

2) ਆਰੋਪਣ ਅਤੇ ਪੂਰਤੀ (Projection and compenstion) ਆਪਣੇ ਅਪ੍ਰਮਾਣਿਕ ਵਿਚਾਰਾਂ ਨੂੰ ਦੂਸਰੇ ਵਿਅਕਤੀ ਉੱਪਰ ਮੜ੍ਹਨਾ ਆਰੋਪਣ ਕਹਾਉਂਦਾ ਹੈ। ਮਨੋਵਿਸ਼ਲੇਸ਼ਣ ਦੀ ਅਜਿਹੀ ਵਿਧੀ ਹੈ ਜਿਸ ਰਾਹੀ ਵਿਅਕਤੀ ਆਪਣੇ ਲੱਛਣ ਭਾਵ, ਰੁਚੀਆਂ (ਜਿਸ ਵਿੱਚ ਦੋਸ਼ ਅਤੇ ਊਣਤਾਈਆਂ ਸ਼ਾਮਲ ਹੁੰਦੇ ਹਨ) ਦੂਜਿਆਂ ਤੇ ਥੋਪ ਕੇ ਆਪ ਦੋਸ਼ ਮੁਕਤ ਮਹਿਸੂਸ ਕਰਦਾ ਹੈ। ਫ਼ਰਾਇਡ ਇਸ ਨੂੰ ਇੱਕ ਰੁਚੀ ਮੰਨਦਾ ਹੈ ਜਿਸ ਰਾਹੀ ਅਸੀਂ ਆਪਣੇ ਦਮਿਤ ਭਾਵ ਦੂਜਿਆਂ ਉੱਤੇ ਥੋਪਦੇ ਹਾਂ। ਅਰੋਪਣ ਰਾਹੀ ਵਿਅਕਤੀ ਨੂੰ ਅਪਰਾਧ ਭਾਵਨਾ ਤੋਂ ਮੁਕਤੀ ਮਿਲਦੀ ਹੈ। ਪੂਰਤੀ ਆਰੋਪਣ ਦੇ ਮੁਕਾਬਲੇ ਅਜਿਹੀ ਸੁਰੱਖਿਅਤ ਮਾਨਸਿਕ ਰਚਨਾ ਹੈ ਜਿਸ ਰਾਹੀ ਵਿਅਕਤੀ ਆਪਣੀਆਂ ਅਸਫਲਤਾਵਾਂ, ਹੀਣਤਾਵਾਂ ਅਤੇ ਅਪੂਰਨਤਾਵਾਂ ਦੀ ਰੱਖਿਆ ਕਰਦਾ ਹੈ। ਹੀਣਤਾ ਦੀ ਪੂਰਤੀ ਲਈ ਕਿਸੇ ਇੱਕ ਭਾਵ ਨੂੰ ਛੁਪਾਉਣ ਲਈ ਕਿਸੇ ਦੂਜੇ ਭਾਵ ਉੱਪਰ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ, ਜਿਸ ਨਾਲ ਕੋਈ ਦੋਸ਼ ਜਾਂ ਹੀਣਤਾ ਛੁਪ ਜਾਏ। ਡਾ. ਆਗਿਆਜੀਤ ਸਿੰਘ *ਅਸਧਾਰਣ ਮਨੋਵਿਗਿਆਨ* ਪੁਸਤਕ ਵਿੱਚ ਆਪਣੇ ਵਿਚਾਰ ਇਸ ਤਰ੍ਹਾਂ ਲਿਖਦੇ ਹਨ:

> ਜਦੋਂ ਅਸੀਂ ਇਸੇ ਕਮਜ਼ੋਰੀ ਨੂੰ ਪੂਰਾ ਕਰਨ ਲਈ ਆਪਣੀ ਤਾਕਤ ਕਿਸੇ ਹੋਰ ਪਾਸੇ ਵੱਲ ਲਗਾਉਣ ਦਾ ਯਤਨ ਕਰੀਏ, ਜਿੱਥੇ ਕੋਈ ਘਟਨਾ ਹੋਵੇ ਤਾਂ ਅਸੀਂ ਪ੍ਰਤਿ-ਪੂਰਤੀ ਦੀ ਪ੍ਰਤੀਕਿਰਿਆ ਕਰ ਰਹੇ ਹੁੰਦੇ ਹਾਂ। ਅਸੀਂ ਇੱਕ ਖੇਤਰ ਵਿੱਚਲੀ ਕਮਜ਼ੋਰੀ ਜਾਂ ਅਸਫਲਤਾ ਨੂੰ ਕਿਸ ਹੋਰ ਖੇਤਰ ਵਿੱਚ ਨਿਪੁੰਨਤਾ ਪ੍ਰਾਪਤ ਕਰ ਕੇ ਦੂਰ ਕਰਨ ਦਾ ਯਤਨ ਕਰਦੇ ਹਾਂ।(69)

3) ਆਤਮੀਕਰਣ (Identification) ਸਧਾਰਨ ਸ਼ਬਦਾਂ ਵਿੱਚ ਇਸ ਨੂੰ ਤਦਰੂਪਤਾ ਵੀ ਕਿਹਾ ਜਾ ਸਕਦਾ ਹੈ। ਇਹ ਵਿਧੀ ਆਰੋਪਣ ਵਿਧੀ ਦੇ ਬਿਲਕੁਲ ਉਲਟ ਚਲਦੀ ਹੈ। ਇਸ ਵਿਧੀ ਦੁਆਰਾ ਦੂਜਿਆਂ ਦੇ

ਵਿਵਹਾਰ ਦੇ ਪੈਟਰਨਾਂ ਨੂੰ ਆਪਣੇ ਸੁਭਾਅ ਵਿੱਚ ਰੂਪਾਂਤਰਿਤ ਕੀਤਾ ਜਾਂਦਾ ਹੈ। ਅਜਿਹੀ ਪ੍ਰਕਿਰਿਆ ਨੂੰ ਅਪਣਾਉਣ ਵਾਲੇ ਮਨੁੱਖ ਗ਼ਮਗੀਨ ਸ਼ਖ਼ਸੀਅਤ ਵਿਚੋਂ ਹੁੰਦੇ ਹਨ ਜਿਹੜੇ ਘਰੋਂ ਨਿਰਾਸ਼ਾ ਵਿੱਚ ਵਿਚਰਦੇ ਹਨ। ਕਿਸੇ ਵੀ ਪ੍ਰਕਾਰ ਦੀ ਆਲੋਚਨਾ ਨਹੀਂ ਸੁਣ ਸਕਦੇ। ਕੋਈ ਇਲਜ਼ਾਮ ਲੱਗਣ ਦੀ ਦੇਰ ਹੋਈ ਨਹੀਂ ਕਿ ਇਹ ਨਿਰਾਸ਼ਾ ਵਿੱਚ ਡੁੱਬ ਜਾਂਦੇ ਹਨ। ਉਹਨਾਂ ਵਿੱਚ ਦੂਜਿਆਂ ਨੂੰ ਖ਼ੁਸ਼ ਰੱਖਣ ਕਦੀ ਚਿੰਤਾ ਦੂਜਿਆਂ ਦੀਆਂ ਭਾਵਨਾਵਾਂ ਪ੍ਰਤਿ ਅਤਿ ਸੰਵੇਦਨਸ਼ੀਲਤਾ ਪੈਦਾ ਕਰਦੀ ਹੈ। ਇਸ ਪ੍ਰਕਾਰ ਇਸ ਵਿਧੀ ਦਾ ਮੁੱਖ ਕਾਰਜ ਆਪਣੇ ਸੁਭਾਅ ਨੂੰ ਦੂਜਿਆਂ ਦੇ ਸੁਭਾਅ ਅਨੁਸਾਰ ਢਾਲਣਾ ਹੈ। ਆਰੋਪਣ ਵਿਧੀ ਰਾਹੀ ਆਪਣੇ ਅੰਦਰ ਵਾਪਰਦੇ ਨੂੰ ਬਾਹਰ ਥੋਪਦੇ ਹਾਂ। ਆਤਮੀਕਰਣ ਵਿੱਚ ਬਾਹਰ ਵਾਪਰਦੇ ਨੂੰ ਆਪਣੇ ਅੰਦਰ ਅਚੇਤ ਹੀ ਧਾਰ ਲੈਂਦੇ ਹਾਂ। ਆਤਮੀਕਰਣ ਦੀ ਵਿਧੀ ਸਾਡੇ ਲੋਕ ਅਖਾਣ 'ਜੈਸਾ ਦੇਸ਼ ਤੈਸਾ ਭੇਸ' ਨੂੰ ਸਿੱਧ ਕਰਦੀ ਹੈ।

4) ਸੰਘਰਸ਼ ਅਤੇ ਕੁੰਠਾ (Conflict and Frustration) ਕਈ ਵਾਰ ਸਾਡੀਆਂ ਪ੍ਰੇਰਨਾਵਾਂ ਪ੍ਰਬਲ ਹੋਣ ਜਾਂ ਇੱਕ ਵਾਰ ਉਤੇਜਿਤ ਹੋ ਜਾਣ ਨਾਲ ਸੰਤੋਸ਼ਜਨਕ ਸਮਾਯੋਜਨ ਲਈ ਜ਼ੋਰ ਪਾਉਂਦੀਆਂ ਹਨ। ਇਸ ਨਾਲ ਸਰੀਰ ਵਿੱਚ ਤਣਾਓ ਆ ਜਾਂਦਾ ਹੈ। ਇਹ ਤਣਾਓ ਤਦ ਤੱਕ ਚਲਦਾ ਰਹਿੰਦਾ ਹੈ ਜਦੋਂ ਤੱਕ ਕਿ ਵਿਅਕਤੀ ਨੂੰ ਸੰਤੁਸ਼ਟੀ ਨਹੀਂ ਹੋ ਜਾਂਦੀ। ਸੰਤੁਸ਼ਟੀ ਪ੍ਰਾਪਤੀ ਵਿੱਚ ਕਈ ਤਰ੍ਹਾਂ ਦੀਆਂ ਰੁਕਾਵਟਾਂ ਆ ਜਾਂਦੀਆਂ ਹਨ। ਕਈ ਰੁਕਾਵਟਾਂ ਅੰਦਰੋਂ ਉੱਠਦੀਆਂ ਹਨ ਤੇ ਕਈ ਬਾਹਰੋਂ। ਨਿਰਾਸ਼ਾ ਬਾਹਰੋਂ ਪੈਦਾ ਹੁੰਦੀ ਹੈ। ਬਰਨਾਰਡ ਹਾਰਟ, ਡਾ.ਕੇ.ਟੀ. ਸਿੰਘ (ਅਨੁ.), ਮਾਨਸਿਕ ਰੋਗ ਦਾ ਅਧਿਐਨ , ਪੁਸਤਕ ਵਿੱਚ ਦੱਸਦੇ ਹਨ:

> ਆਪਣੀ ਜੋਸ਼ੀਲੀ ਖਿੱਚ ਤੇ ਉਹਦੇ ਨਾਲ ਲੱਗਦੀ ਦੁਬਿਧਾ ਅਤੇ ਕਿਰਿਆਵਾਂ ਦੇ ਦੱਬ ਜਾਣ ਨਾਲ ਸੰਘਰਸ਼ ਅਨਿਸਚਿਤ ਸਮੇਂ ਲਈ ਕਾਇਮ ਨਹੀਂ ਰਹਿ ਸਕਦਾ। ਇਹ ਤਾਂ ਜੀਵਕ ਆਵੱਸ਼ਕਤਾ ਹੈ ਕਿ ਹਰ ਮੁਸ਼ਕਿਲ ਦਾ ਕੋਈ ਨਾ ਕੋਈ ਹੱਲ, ਬੰਦ ਗਲੀ ਵਿਚੋਂ ਨਿਕਲਣ ਦਾ ਕੋਈ ਰਾਹ ਜ਼ਰੂਰ ਮਿਲਣਾ ਚਾਹੀਦਾ ਹੈ। ਇਹ ਜ਼ਰੂਰੀ ਹੱਲ ਕਈ ਤਰੀਕਿਆਂ ਨਾਲ ਕੱਢਿਆ ਜਾ ਸਕਦਾ ਹੈ।(52)

ਕੁਝ ਰੁਕਾਵਟਾਂ ਮਨੁੱਖ ਦੀਆਂ ਆਪਣੀਆਂ ਬਣਾਈਆਂ ਹੋਈਆਂ ਹਨ ਜਿਵੇਂ ਕਾਨੂੰਨ, ਰੀਤੀ-ਰਿਵਾਜ। ਕਈ ਵਾਰ ਵਿਰੋਧੀ ਸ਼ਕਤੀ ਅੱਗੇ ਸਾਡਾ ਵੱਸ ਨਹੀਂ ਚੱਲਦਾ, ਨਿਰਾਸ਼ਾ ਸਾਡੀ ਸਭਿਅਤਾ ਅਤੇ ਸੰਸਕ੍ਰਿਤੀ ਦਾ ਇਕ

ਉਪਯੋਗੀ ਅਤੇ ਜ਼ਰੂਰੀ ਅੰਗ ਹੈ। ਅਸਲ ਵਿੱਚ ਹੁਣ ਤੱਕ ਸੰਸਾਰ ਦੀ ਉੱਨਤੀ ਦੇ ਪਿੱਛੇ ਮਨੁੱਖ ਦੀ ਕੁੰਠਾ ਹੀ ਕਾਰਜਸ਼ੀਲ ਰਹੀ ਹੈ ਜੋ ਮਨੁੱਖ ਦੀਆਂ ਲੋੜਾਂ ਸਰਲਤਾ ਨਾਲ ਪੂਰੀਆਂ ਹੋ ਜਾਂਦੀਆਂ ਤਾਂ ਸਭਿਅਤਾ ਦਾ ਨਿਰਮਾਣ ਹੀ ਨਾ ਹੋ ਸਕਦਾ। ਅਸਫਲ ਅਤੇ ਹਾਰ ਜਾਣ ਮਗਰੋਂ ਪ੍ਰੇਰਨਾਵਾਂ ਅਤੇ ਪ੍ਰਯੋਜਨ ਕੁੰਠਿਤ ਹੋ ਜਾਣ ਨਾਲ ਆਦਮੀ ਦੇ ਵਿਹਾਰ ਵਿੱਚ ਕਾਫ਼ੀ ਬਦਲਾਓ ਆ ਜਾਂਦਾ ਹੈ ਜਾਂ ਉਹ ਨਵੇਂ ਸਮਾਯੋਜਨ ਸਾਧਦਾ ਹੈ। ਇਹਨਾਂ ਵਿੱਚ ਕੁਝ ਬੜੇ ਰਚਨਾਤਮਿਕ ਹੁੰਦੇ ਹਨ ਪਰੰਤੂ ਸਾਰੇ ਮਨੁੱਖ ਅਜਿਹੇ ਹਿਤਕਾਰੀ ਰਚਨਾਤਮਿਕ ਸਮਾਯੋਜਨ ਨਹੀਂ ਕਰ ਸਕਦੇ।

5) ਵਿਸਥਾਪਨ (Displacement or Transferonce) ਇਸ ਦੁਆਰਾ ਪ੍ਰੇਰਨਾ ਸ਼ਕਤੀ ਦਾ ਕੇਂਦਰ ਇੱਕ ਵਸਤੂ ਤੇ ਹਟਾ ਕੇ ਦੂਸਰੀ ਪ੍ਰਤਿਸਥਾਪਕ ਵਸਤੂ ਉਪਰ ਕੇਂਦਰਿਤ ਕੀਤਾ ਜਾਂਦਾ ਹੈ ਜਿਵੇਂ ਇੱਕ ਦਾ ਗੁੱਸਾ ਦੂਸਰੇ ਉੱਪਰ ਕੱਢਣਾ। ਵਿਸਥਾਪਨ ਵਿੱਚ ਸੰਵੇਗ ਆਪਣੇ ਵਾਸਤਵਿਕ ਵਿਸ਼ੇ ਤੋਂ ਹਟ ਕੇ ਕਿਸੇ ਦੂਸਰੇ ਅਣ ਲੋੜੀਂਦੇ ਵਿਸ਼ੇ ਉੱਤੇ ਕੇਂਦਰਿਤ ਹੋ ਜਾਂਦਾ ਹੈ ਪਰੰਤੂ ਇਹ ਕੰਮ ਅਵਚੇਤਨ ਪੱਧਰ ਤੇ ਹੀ ਵਾਪਰਦਾ ਹੈ। ਵਿਸਥਾਪਨ ਰਾਹੀ ਸਮਾਜਿਕ ਰਿਸ਼ਤੇ ਜਾਂ ਰੁਤਬੇ ਕਰਕੇ ਜਿਨ੍ਹਾਂ ਭਾਵਾਂ ਦਾ ਉੱਥੇ ਪ੍ਰਗਟਾਵਾ ਨਹੀਂ ਕੀਤਾ ਜਾ ਸਕਦਾ, ਅਚੇਤਨ ਹੀ ਦੂਜੇ ਥਾਂ ਜਾ ਜੁੜਦੇ ਹਨ। ਵਿਸਥਾਪਨ ਕਈ ਵਾਰੀ ਸਰੀਰਕ ਤੇ ਮਾਨਸਿਕ ਰੋਗਾਂ ਦਾ ਕਾਰਨ ਵੀ ਬਣ ਜਾਂਦਾ ਹੈ। ਇਸ ਨਾਲ ਭੈ-ਰੋਗ ਪੈਦਾ ਹੋ ਜਾਂਦਾ ਹੈ। ਕਈ ਵਾਰ ਮਨੁੱਖ ਬਿਨਾ ਵਜਾ ਹੀ ਕਿਸੇ ਵਿਅਕਤੀ ਪ੍ਰਤੀ ਈਰਖਾ, ਵੈਰ, ਵਿਰੋਧ ਅਤੇ ਗੁੱਸੇ ਵਾਲੇ ਭਾਵ ਪਾਲਦਾ ਦਿਖਾਈ ਦਿੰਦਾ ਹੈ। ਅਸਲ ਵਿੱਚ ਅਚੇਤਨ ਮਾਨਸਿਕ ਵਿਧੀ ਵਿਸਥਾਪਨ ਦਾ ਕਾਰਨ ਬਣਦੀ ਹੈ।

6) ਸਥਾਈਕਰਨ (Fixation) ਇਹ ਇੱਕ ਅਜਿਹੀ ਮਨੋ ਅਵਸਥਾ ਹੈ ਜਿਸ ਵਿੱਚ ਵਿਅਕਤੀ ਜੈਵਿਕ ਤੌਰ ਤੇ ਉੱਤੇ ਜੀਵਨ ਦੀ ਇੱਕ ਅਵਸਥਾ ਪਾਰ ਕਰ ਜਾਂਦਾ ਹੈ ਪਰ ਉਹ ਮਾਨਸਿਕ ਤੌਰ ਤੇ ਅਗਲੀ ਅਵਸਥਾ ਵਿੱਚ ਪ੍ਰਵੇਸ਼ ਕਰਨ ਤੋਂ ਅਸਮਰਥ ਰਹਿੰਦਾ ਹੈ ਜਿਵੇਂ ਇੱਕ ਵਿਅਕਤੀ ਬਚਪਨ ਦੀ ਅਵਸਥਾ ਪਾਰ ਕਰ ਜਾਣ ਤੋਂ ਬਾਅਦ ਵੀ ਆਪਣੀ ਮਾਂ ਕੋਲੋਂ ਬਚਪਨ ਵਾਲੀ ਸੁਰੱਖਿਆ ਦੀ ਇੱਛਾ ਰੱਖਦਾ ਹੈ। ਜਦੋਂ ਕਿ ਉਸ ਨੇ ਇਸ ਅਵਸਥਾ ਵਿੱਚ ਸਵੈ-ਨਿਰਭਰ ਹੋਣਾ ਹੁੰਦਾ ਹੈ। ਉਸ ਵਿੱਚ ਅਜਿਹੀਆਂ ਕਠਨਾਈਆਂ ਦਾ ਸਾਹਮਣਾ

ਕਰਨ ਦਾ ਸਾਹਸ ਨਹੀਂ ਹੁੰਦਾ। ਆਪਣੀ ਪੂਰਨ ਅਵਸਥਾ ਨਾਲ ਚਿਪਕੇ ਰਹਿਣ ਨੂੰ ਮਨੋਵਿਸ਼ਲੇਸ਼ਣ ਸਿਧਾਂਤ ਵਿੱਚ ਸਥਾਈਕਰਨ ਕਹਿੰਦੇ ਹਨ। ਅਜਿਹੇ ਵਿਅਕਤੀ ਆਪਣੀ ਪਤਨੀ ਕੋਲੋਂ ਵੀ ਪਤਨੀ ਵਾਲੇ ਵਿਵਹਾਰ ਦੀ ਥਾਂ ਮਾਂ ਵਾਲੇ ਵਿਵਹਾਰ ਦੀ ਇੱਛਾ ਰੱਖਦੇ ਹਨ। ਉਸ ਕੋਲੋਂ ਸੁਰੱਖਿਆ ਦੀ ਖ਼ੁਦ ਵਧੇਰੇ ਉਮੀਦ ਰੱਖਦੇ ਹਨ। ਇਸ ਤਰ੍ਹਾਂ ਮਨੋ ਸੰਤਾਪ ਪੈਦਾ ਹੁੰਦਾ ਹਨ। ਮਨੋ ਸੰਤਾਪ ਦੇ ਸੰਬੰਧ ਵਿੱਚ ਸਥਾਈਕਰਨ ਉਸ ਅਵਸਥਾ ਨੂੰ ਕਿਹਾ ਜਾਂਦਾ ਹੈ ਜਿਸ ਵਿੱਚ ਕਾਮੁਕਤਾ ਦਾ ਕੋਈ ਸੰਵੇਗ ਪ੍ਰੋੜ੍ਹਤਾ ਦੀ ਦਸ਼ਾ ਤੋਂ ਪਹਿਲਾਂ ਹੀ ਸਥਿਤ ਹੋ ਜਾਂਦਾ ਹੈ। ਇਸ ਸਵੇਗ ਦੀ ਆਪੂਰਣ ਅਵਿਕਸਿਤ ਦਸ਼ਾ ਨੂੰ ਸਥਿਰਤਾ ਜਾਂ ਸਥਾਈਕਰਨ ਕਹਿੰਦੇ ਹਨ।

7) ਪ੍ਰਤੀਗਮਨ (Regrassion) ਜਦੋਂ ਇੱਕ ਬੱਚਾ ਆਪਣੀਆਂ ਜੀਵਨ ਵਿਕਾਸ ਅਵਸਥਾਵਾਂ ਵਿੱਚ ਪ੍ਰਵੇਸ਼ ਨਹੀਂ ਕਰ ਪਾਉਂਦਾ ਇਸ ਨੂੰ ਸਥਾਈਕਰਨ ਕਿਹਾ ਜਾਂਦਾ ਹੈ ਪਰ ਜਦੋਂ ਆਪਣੀ ਵਿਕਸਿਤ ਅਵਸਥਾ ਤੋਂ ਪਹਿਲਾਂ ਵਾਲੀ ਬਾਲ-ਅਵਸਥਾ ਵਿੱਚ ਵਾਪਸ ਪ੍ਰਵੇਸ਼ ਕਰ ਜਾਂਦਾ ਹੈ। ਇਸ ਨੂੰ ਪ੍ਰਤੀਗਮਨ ਕਿਹਾ ਜਾਂਦਾ ਹੈ। ਇਸ ਦੁਆਰਾ ਛੱਡੇ ਹੋਏ ਵਿਵਹਾਰ ਦੇ ਲੱਛਣ ਨੂੰ ਪੁਨਰ ਸੁਰਜੀਤ ਕਰਨਾ ਹੈ ਵਜੋਂ ਉਦਾਹਰਨ ਇੱਕ ਵਿਅਕਤੀ ਬਹੁਤ ਸ਼ਰਾਬ ਪੀਂਦਾ ਸੀ ਪਰ ਉਸ ਨੇ ਕਾਫ਼ੀ ਦੇਰ ਤੋਂ ਸ਼ਰਾਬ ਪੀਣੀ ਛੱਡ ਦਿੱਤੀ ਸੀ। ਇਕ ਐਕਸੀਡੈਂਟ ਵਿੱਚ ਉਸ ਦੀ ਮਾਂ ਦੀ ਮੌਤ ਹੋ ਜਾਂਦੀ ਹੈ। ਇਸ ਚਿੰਤਾ ਕਾਰਨ ਉਹ ਫਿਰ ਸ਼ਰਾਬ ਪੀਣ ਲੱਗ ਪੈਂਦਾ ਹੈ। ਅਜਿਹੀ ਮਾਨਸਿਕ ਪ੍ਰਕਿਰਿਆ ਅਜਿਹੇ ਹਾਲਤ ਵਿੱਚ ਵਾਪਰਦੀ ਹੈ ਜਦੋਂ ਵਿਅਕਤੀ ਆਪਣੇ ਆਪ ਨੂੰ ਕਿਸੇ ਜ਼ਿੰਮੇਵਾਰੀ ਦੇ ਕਾਬਲ ਨਹੀਂ ਸਮਝਦਾ। ਡਾ. ਆਗਿਆਜੀਤ ਸਿੰਘ, *ਅਸਧਾਰਨ ਮਨੋਵਿਗਿਆਨ* ਪੁਸਤਕ ਵਿੱਚ ਪ੍ਰਤੀਗਮਨ ਬਾਰੇ ਲਿਖਦੇ ਹਨ:

> ਪ੍ਰਤੀਗਮਨ ਵਿਵਹਾਰ ਤੋਂ ਭਾਵ ਸਮੱਸਿਆ ਜਾਂ ਰੁਕਾਵਟਾਂ ਨੂੰ ਟਾਲਣਾ ਜਾਂ ਸਮਾਯੋਜਨ ਤੋਂ ਪਿੱਛੇ ਹਟਣਾ ਹੈ। ਜਦੋਂ ਵਿਅਕਤੀ ਕਿਸੇ ਸਥਿਤੀ ਦੀਆਂ ਮੰਗਾਂ ਨੂੰ ਪੂਰਾ ਕਰਨ ਦੀ ਆਸ ਨਹੀਂ ਕਰ ਸਕਦਾ ਤਾਂ ਉਹ ਬਿਮਾਰ ਆਦਮੀ ਬਣ ਕੇ ਸਮੱਸਿਆ ਤੋਂ ਦੂਰ ਹੱਟ ਦਾ ਹੈ। ਸਾਹਮਣੇ ਆਉਣ ਵਾਲੀਆਂ ਸਮੱਸਿਆਵਾਂ ਦਾ ਮੁਕਾਬਲਾ ਕਰਨ ਦੇ ਅਸਮਰਥ ਹੋਣ ਕਰਕੇ ਉਹ ਬਾਲਪੁਣੇ ਦਾ ਵਿਵਹਾਰ ਪ੍ਰਗਟਾ ਕੇ ਮੁਕਾਬਲੇ ਕਰਨ ਤੋਂ ਬਚ ਜਾਂਦਾ ਹੈ। ਜਾਂ ਫਿਰ ਬੱਚਿਆਂ ਵਾਂਗ ਕਾਰਜ ਕਰਦਾ

ਹੈ ਜਿਵੇਂ ਰੋਣਾ, ਬਿਮਾਰੀ ਦਾ ਬਹਾਨਾ ਬਣਾਉਣਾ ਜਾਂ ਖ਼ਰਮਸਤੀ ਕਰਨੀ, ਇਮਤਿਹਾਨ ਨਾ ਦੇਣ ਲਈ ਬਹਾਨਾ ਬਣਾਉਣਾ ਕਿ ਸਿਹਤ ਠੀਕ ਨਹੀਂ ਆਦਿ।"(99)

8) ਉਦਾਤੀਕਰਨ (Sublimation) ਉਦਾਤੀਕਰਨ ਤੋਂ ਭਾਵ ਪ੍ਰੇਰਨਾਦਾਇਕ ਸ਼ਕਤੀਆਂ ਨੂੰ ਸਮਾਜਿਕ ਮਾਨਤਾ ਲਈ ਪੁਨਰ-ਨਿਰਦੇਸ਼ਤ ਕਰਨਾ ਹੈ, ਜਿਵੇਂ ਕਾਮੁਕ ਉਤੇਜਨਾ ਦਾ ਸ਼ਿਕਾਰ ਵਿਅਕਤੀ ਰੁਮਾਂਟਿਕ ਜਾਂ ਅਸ਼ਲੀਲ ਸਾਹਿਤਕਾਰ ਬਣ ਜਾਵੇ। ਉਦਾਤੀਕਰਨ ਇੱਕ ਅਜਿਹੀ ਪ੍ਰਤੀਕਿਰਿਆ ਹੈ ਜੋ ਸਮਾਜਿਕ ਦ੍ਰਿਸ਼ਟੀ ਤੋਂ ਸਵੀਕ੍ਰਿਤ ਮੰਨੀ ਜਾਂਦੀ ਹੈ ਤੇ ਦੂਸਰੀਆਂ ਪ੍ਰੇਰਨਾਵਾਂ ਦੀ ਪੂਰਤੀ ਵਿੱਚ ਰੁਕਾਵਟ ਨਹੀਂ ਪਾਉਂਦੀ। ਕੁੱਝ ਲੋਕ ਅਸਫਲ ਹੋਣ ਮਗਰੋਂ ਮਾਯੂਸ ਜਾਂ ਉਦਾਸ ਹੋ ਕੇ ਨਿਰਾਸ਼ ਹੋਣ ਦੀ ਥਾਂ ਆਪਣੀ ਸ਼ਕਤੀ ਅਤੇ ਬੁੱਧੀ ਦਾ ਉਪਯੋਗ ਸਮਾਜ-ਸੇਵਾ, ਸਾਹਿਤ ਕਾਰਜ ਆਦਿ ਵਿੱਚ ਲਾ ਦਿੰਦੇ ਹਨ। ਉਹ ਆਪਣੀਆਂ ਸ਼ਕਤੀਸ਼ਾਲੀ ਰੁਚੀਆਂ ਨੂੰ ਕਿਸ ਨਵੀਂ ਦਿਸ਼ਾ ਨਵੇਂ ਮੰਤਵ ਵੱਲ ਮੋੜ ਦਿੰਦੇ ਹਨ। ਡਾ. ਆਗਿਆਜੀਤ ਸਿੰਘ, ਅਸਧਾਰਨ ਮਨੋਵਿਗਿਆਨ, ਪੁਸਤਕ ਵਿੱਚ ਉਦਾਤੀਕਰਨ ਬਾਰੇ ਲਿਖਦੇ ਹਨ:

> ਉਦਾਤੀਕਰਨ ਤੋਂ ਭਾਵ ਉਹ ਪ੍ਰਤੀਕਿਰਿਆ ਹੈ ਜਿਸ ਰਾਹੀਂ ਸਾਡੀਆਂ ਗੈਰ-ਪ੍ਰਵਾਨਿਤ ਖ਼ਾਹਿਸ਼ਾਂ ਤੇ ਕਿਰਿਆਵਾਂ ਸਮਾਜਿਕ ਇੱਛੁਕ ਪ੍ਰਣਾਲੀ ਅਨੁਸਾਰ ਨਿਰਦੇਸ਼ਤ ਕੀਤੀਆਂ ਜਾਂਦੀਆਂ ਹਨ। ਜਿਵੇਂ ਇਕ ਅਣਵਿਆਹੀ ਇਸਤਰੀ, ਜਿਸ ਨੂੰ ਬੱਚਿਆਂ ਵਿੱਚ ਦਿਲਚਸਪੀ ਹੈ। ਆਪਣੀ ਦੱਬੀ ਹੋਈ ਮਮਤਾ-ਪ੍ਰੇਰਨਾ ਦਾ ਪ੍ਰਗਟਾਵਾ ਯਤੀਮ ਬੱਚਿਆਂ ਦੀ ਸੇਵਾ ਕਰ ਕੇ ਜਾਂ ਫਿਰ ਕਿਸੇ ਬੱਚਾ ਸੁਧਾਰ ਸੰਸਥਾ ਵਿੱਚ ਕੰਮ ਕਰ ਕੇ ਕਰ ਸਕਦਾ ਹੈ। ਆਪਣੇ ਮਨੋਵੇਗਾਂ ਨੂੰ ਨਿਰਦੇਸ਼ਤ ਕਰਕੇ ਵਿਅਕਤੀ ਨਾ ਕੇਵਲ ਸਮਾਜਿਕ ਪ੍ਰਵਾਨਗੀ ਹੀ ਪ੍ਰਾਪਤ ਕਰ ਸਕਦਾ ਹੈ ਸਗੋਂ ਨਿੱਜੀ ਸੰਤੁਸ਼ਟਤਾ ਵੀ ਹਾਸਲ ਕਰ ਸਕਦਾ ਹੈ। ਹੁਨਰ, ਕਲਾ, ਸੰਗੀਤ, ਸਾਹਿਤ ਦੇ ਉੱਚ ਕੰਮ ਆਮ ਤੌਰ ਤੇ ਸਾਡੇ ਪੁਰਾਣੇ ਮਨੋਵੇਗਾਂ ਦੇ ਉਦਾਤੀਕਰਨ ਦਾ ਹੀ ਹਿੱਸਾ ਹਨ।(74-75)

9) ਤਾਰਕਿਕ (Rationalization) ਇਸ ਵਿਧੀ ਦੁਆਰਾ ਵਿਵਹਾਰ ਨੂੰ ਵਾਸਤਵਿਕ ਤਰਕ ਦੀ ਥਾਂ ਸਮਾਜਿਕ ਤਰਕ ਦੇ ਰੂਪ ਵਿੱਚ ਪ੍ਰਗਟ ਕੀਤਾ ਜਾਂਦਾ ਹੈ। ਵਾਸਤਵਿਕ ਤਰਕ ਦਾ ਸਮਾਜਿਕ ਤਰਕ ਵਿੱਚ

ਪਰਿਵਰਤਨ ਸਮਾਜਿਕ ਮਾਨਤਾ ਤੋਂ ਪ੍ਰੇਰਿਤ ਹੁੰਦਾ ਹੈ। ਇਸ ਵਿਧੀ ਦੁਆਰਾ ਮਨੁੱਖ ਆਪਣੇ ਅਸੱਭਿਅਕ ਅਤੇ ਅਪ੍ਰਮਾਣਿਕ ਵਿਚਾਰਾਂ ਨੂੰ ਸਮਾਜਿਕ ਮਾਨਤਾ ਦਿਵਾ ਕੇ ਸੱਭਿਅਕ ਅਤੇ ਪ੍ਰਮਾਣਿਤ ਬਣਾਉਣ ਦਾ ਯਤਨ ਕਰਦਾ ਹੈ। ਜਿਵੇਂ ਇਕ ਵਿਦਿਆਰਥੀ ਜਿਹੜਾ ਸਕੂਲ ਜਾਣ ਲਈ ਜਾਣ ਬੁੱਝ ਕੇ ਦੇਰੀ ਕਰ ਲੈਂਦਾ ਹੈ। ਬਹੁਤ ਬਹਾਨੇ ਕਰਦਾ ਹੈ ਕਿ ਸ਼ਾਇਦ ਘੜੀ ਹੌਲੀ ਚਲਦੀ ਹੋਵੇ ਜਾਂ ਨਾਸ਼ਤਾ ਦੇਰੀ ਨਾਲ ਮਿਲਿਆ ਹੋਵੇ। ਇੱਕ ਹੋਰ ਵਿਦਿਆਰਥੀ ਜਿਹੜਾ ਇਮਤਿਹਾਨ ਵਿੱਚ ਫੈਲ ਹੋ ਜਾਂਦਾ ਹੈ, ਆਪਣੇ ਮਿੱਤਰਾਂ ਨੂੰ ਇਹ ਦੱਸਦਾ ਹੈ ਕਿ ਅਧਿਆਪਕ ਉਸ ਨੂੰ ਪਸੰਦ ਨਹੀਂ ਕਰਦਾ ਸੀ। ਇਸ ਤਰ੍ਹਾਂ ਕਰਨ ਨਾਲ ਅਸਫਲਤਾ ਘੱਟ ਤਕਲੀਫ਼ਦੇਹ ਲੱਗਦੀ ਹੈ। ਹਨ। ਡਾ. ਆਗਿਆਜੀਤ ਸਿੰਘ, ਅਸਧਾਰਨ ਮਨੋਵਿਗਿਆਨ, ਪੁਸਤਕ ਵਿੱਚ ਲਿਖਦੇ ਹਨ:

> ਹਰ ਸਧਾਰਨ ਵਿਅਕਤੀ ਦੂਜਿਆਂ ਦੀਆਂ ਨਜ਼ਰਾਂ ਵਿੱਚ ਬੜਾ ਯੋਗ ਵਿਅਕਤੀ ਹੋਣਾ ਚਾਹੁੰਦਾ ਹੈ। ਜਦੋਂ ਕਿਸੇ ਕਾਰਨ ਉਸ ਦੀ ਯੋਗਤਾ ਤੇ ਸਵੈ-ਮਾਣਤਾ ਨੂੰ ਸੱਟ ਲੱਗਦੀ ਹੈ ਤਾਂ ਉਹ ਝੂਠੇ ਬਹਾਨੇ ਪੇਸ਼ ਕਰਨ ਕੇ ਆਪਦੀ ਇੱਜ਼ਤ ਮਾਣ ਤੇ ਸ਼ਾਨ ਨੂੰ ਬਚਾਉਂਦਾ ਹੈ। ਇਸ ਤਰ੍ਹਾਂ ਇਹ ਇਕ ਅਚੇਤ ਪ੍ਰਯੋਜਕ ਹੈ: ਜਿਸ ਰਾਹੀਂ ਅਸੀਂ ਆਪਣੀ ਯੋਗਤਾ ਦੇ ਭਾਵਾਂ ਨੂੰ ਕਾਇਮ ਰੱਖਣ ਲਈ ਅਤੇ ਆਪਣੇ ਵਿਵਹਾਰ ਨੂੰ ਠੀਕ ਸਿੱਧ ਕਰਨ ਲਈ ਇਹ ਸਭ ਕੁਝ ਕਰਦੇ ਹਾਂ।(68)

10) ਸੁਪਨੇ (Dreams) ਸੁਪਨੇ ਵਰਤਮਾਨ ਦੀਆਂ ਅਚੇਤ ਸਮੱਸਿਆਵਾਂ ਤੇ ਮਾਨਸਿਕ ਗੁੰਝਲਾਂ ਦਾ ਪ੍ਰਤੀਕਾਤਮਿਕ ਪ੍ਰਗਟਾਵਾਂ ਕਰਦੇ ਹਨ। ਸਾਡੀਆਂ ਦਮਿਤ ਇੱਛਾਵਾਂ, ਅਵਿਅਕਤ ਵਿਚਾਰ ਤੇ ਅਜਿਹੇ ਜਜ਼ਬੇ ਜੋ ਸਾਡੇ ਸਮਾਜ ਨੂੰ ਪ੍ਰਵਾਨ ਨਹੀਂ ਹੁੰਦੇ। ਇੱਥੋਂ ਤੱਕ ਕਿ ਸਾਡੀ ਪਰਾਹਉਂ ਨੂੰ ਵੀ ਉਚਿਤ ਨਹੀਂ ਲਗਦੇ। ਇਸ ਤਰ੍ਹਾਂ ਦੀਆਂ ਦਮਿਤ ਇੱਛਾਵਾਂ ਨੀਂਦ ਵੇਲੇ ਸੁਪਨਿਆਂ ਰਾਹੀਂ ਆਪਣੀ ਤ੍ਰਿਪਤੀ ਭਾਲਦੀਆਂ ਹਨ ਪਰ ਇਹ ਆਪਣੇ ਸਿੱਧੇ ਰੂਪ ਵਿੱਚ ਨਹੀਂ ਬਲਕਿ ਪ੍ਰਤੀਕਾਂ ਦਾ ਰੂਪ ਅਖ਼ਤਿਆਰ ਕਰਕੇ ਹੀ ਸੁਪਨਿਆਂ ਵਿੱਚ ਪ੍ਰਗਟ ਹੁੰਦੀਆਂ ਹਨ ਅਤੇ ਆਪਣੀ ਪੂਰਤੀ ਕਰਦੀਆਂ ਹਨ। ਜਸਵੰਤ ਸਿੰਘ ਨੇਕੀ, *ਅਚੇਤਨ ਦੀ ਲੀਲ੍ਹਾ* ਪੁਸਤਕ ਵਿੱਚ ਫਰਾਇਡ ਦੇ ਸੁਪਨਿਆਂ ਬਾਰੇ ਇਸ ਤਰ੍ਹਾਂ ਲੈਂਦੇ ਹਨ:

> ਸੁਪਨਿਆਂ ਦਾ ਅਸਲ ਮੰਤਵ ਸਾਡੀ ਨੀਂਦ ਨੂੰ ਖ਼ਰਾਬ ਕਰਨਾ ਨਹੀਂ ਸਗੋਂ ਉਸ ਨੂੰ ਕਾਇਮ ਰੱਖਣਾ

ਹੈ। ਐਸੀਆਂ ਉਤੇਜਨਾਵਾਂ ਨੂੰ ਜੋ ਸਾਡੀ ਨੀਂਦ ਨੂੰ ਭੰਗ ਕਰ ਸਕਦੀਆਂ ਹਨ ਸੁਪਨੇ ਉਨ੍ਹਾਂ ਨੂੰ ਮਨੋ-ਕਲਪਿਤ ਇੱਛਾ ਪੂਰਤੀ ਵਿੱਚ ਤਬਦੀਲ ਕਰਕੇ, ਉਹਨਾਂ ਦਾ ਭੈੜਾ ਪ੍ਰਭਾਵ ਨੀਂਦ ਉਪਰ ਨਹੀਂ ਪੈਣ ਦੇਂਦੇ।(55)

ਕੁਲਵੰਤ ਸਿੰਘ, ਸਿਗਮੰਡ ਫਰਾਇਡ ਅਤੇ ਮਨੋਵਿਸ਼ਲੇਸ਼ਣ, ਪੁਸਤਕ ਵਿੱਚ ਲਿਖਦੇ ਹਨ: "

ਫ਼ਰਾਇਡ ਨੇ ਬੜੀ ਨਿਆਂਸ਼ੀਲ ਵਿਧੀ ਨਾਲ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਬਚਪਨ ਦੀਆਂ ਲਿੰਗ ਇੱਛਾਵਾਂ ਉੱਪਰ ਦਮਨ ਪ੍ਰਵਿਰਤੀ ਸੁਪਨਿਆਂ ਵਿੱਚ ਹਲਚਲ ਮਚਾਉਣ ਦਾ ਮੂਲ ਕਾਰਨ ਬਣਦੀ ਹੈ।(53)

ਹਰਜੀਤ ਸਿੰਘ ਮਾਂਗਟ, ਮਨੋਵਿਸ਼ਲੇਸ਼ਣ , ਪੁਸਤਕ ਵਿੱਚ ਸੁਪਨੇ ਬਾਰੇ ਦੱਸਦੇ ਹਨ:

ਡਾ. ਫ਼ਰਾਇਡ ਨੇ ਪ੍ਰਯੋਗਿਕ ਮਨੋਵਿਗਿਆਨ ਦੇ ਇਸ ਸਿਧਾਂਤ ਦੀ ਆਪਣੇ ਅਨੁਭਵ ਦੇ ਆਧਾਰ ਤੇ ਵੀ ਪੁਸ਼ਟੀ ਕੀਤੀ ਹੈ। ਮੇਰੀ ਨੀਂਦ ਬਹੁਤ ਗੂੜ੍ਹੀ ਹੈ। ਇਕ ਸਵੇਰ ਜਾਗਣ ਤੇ ਪਤਾ ਲੱਗਾ ਕਿ ਰਾਤੀ ਪੋਪ ਦੀ ਮੌਤ ਦਾ ਸੁਪਨਾ ਦੇਖਿਆ ਹੈ। ਮੈਨੂੰ ਇਸ ਦੀ ਕੋਈ ਵਿਆਖਿਆ ਸਮਝ ਨਹੀਂ ਸੀ ਆ ਰਹੀ। ਤਦੇ ਮੇਰੀ ਪਤਨੀ ਨੇ ਪੁੱਛਿਆ ਕੀ ਤੁਸੀਂ ਅੱਜ ਤੜਕੇ ਗਿਰਜਿਆਂ ਦੀਆਂ ਘੰਟੀਆਂ ਦਾ ਸ਼ੋਰ ਨਹੀਂ ਸੁਣਿਆ? ਇਸ ਨਾਲ ਮੇਰੀ ਉਲਝਣ ਦਾ ਹੱਲ ਹੋ ਗਿਆ।(03)

11) ਫੈਟੇਸੀ (Fantasy) ਫੈਟੇਸੀ ਸੁਪਨਿਆਂ ਤੋਂ ਵੱਖਰੀ ਤਰ੍ਹਾਂ ਦੀ ਮਾਨਸਿਕ ਪ੍ਰਕਿਰਿਆ ਹੈ। ਇਹ ਸੁਪਨੇ ਦੇ ਉਲਟ ਪ੍ਰਕਿਰਿਆ ਹੈ ਜਿੱਥੇ ਸੁਪਨੇ ਦਾ ਸੰਬੰਧ ਨੀਂਦ ਨਾਲ ਹੈ ਉੱਥੇ ਫੈਟੇਸੀ ਦਾ ਸੰਬੰਧ ਜਾਗ੍ਰਿਤ ਅਵਸਥਾ ਨਾਲ ਹੈ। ਇਸੇ ਕਰੇ ਇਸ ਨੂੰ ਦਿਨੇ ਸੁਪਨੇ ਦੇਖਣੇ ਵੀ ਕਿਹਾ ਜਾਂਦਾ ਹੈ। ਇਸ ਅਵਸਥਾ ਵਿੱਚ ਮਨੁੱਖ ਆਪਣੀਆਂ ਦਮਿਤ ਵਿਵਰਜਿਤ, ਅਤ੍ਰਿਪਤ ਭਾਵਨਾਵਾਂ ਦੀ ਪੂਰਤੀ ਮਨੋ-ਮਨ ਕਰ ਲੈਂਦਾ ਹੈ। ਇਹ ਕਲਪਨਾ ਦੇ ਪ੍ਰਵਾਹ ਦੇ ਨਾਲ ਹੀ ਅੱਗੇ ਨਹੀਂ ਚਲਦਾ ਸਗੋਂ ਧੁੰਦਲੇ ਤੇ ਵਿਕਲੋਤਰੇ ਚਿੱਤਰਾਂ ਤੋਂ ਪ੍ਰਭਾਵਿਤ ਹੋ ਕੇ ਅੱਗੇ ਵਧਦਾ ਤੇ ਜਿਵੇਂ ਇੱਕ ਦੋ ਟਾਂਵੇਂ-ਟਾਂਵੇਂ ਸ਼ਬਦ ਪੜ੍ਹ ਲੈਣ ਜਾਂ ਸੁਣ ਲੈ ਕੈ ਪੂਰੀ ਗਾਥਾ ਸਮਝ ਲੈਣੀ ਫੈਟੇਸੀ ਅਖਵਾਉਂਦੀ ਹੈ। ਇਹ ਹਰ ਵਿਅਕਤੀ ਦੇ ਜੀਵਨ ਵਿੱਚ ਵਾਪਰਦੀ ਹੈ। ਇਹ ਵਿਧੀ ਕਈ ਵਾਰ ਵਾਸਤਵਿਕਤਾ

ਤੋਂ ਪਰੇ ਲਿਜਾ ਕੇ ਵਿਅਕਤੀ ਨੂੰ ਸੁਪਨ-ਮਈ ਸੰਸਾਰ ਵਿੱਚ ਭੇਜ ਦਿੰਦੀ ਹੈ ਅਤੇ ਵਿਅਕਤੀ ਦੀ ਸ਼ਖ਼ਸੀਅਤ ਅਸੰਗਠਿਤ ਹੋ ਜਾਂਦੀ ਹੈ। ਅਜਿਹਾ ਵਿਅਕਤੀ ਦਿਨੇ ਸੁਪਨੇ ਦਾ ਸ਼ਿਕਾਰ ਹੋ ਕਿ ਆਪਣੇ ਜੀਵਨ ਨਿਸ਼ਾਨੇ ਤੇ ਖੁੰਝ ਜਾਂਦਾ ਹੈ ਅਤੇ ਸਮਾਜ ਵਿੱਚ ਸਨਮਾਨ ਪ੍ਰਾਪਤ ਨਹੀਂ ਕਰ ਸਕਦਾ। ਫੈਟੇਸੀ ਦੋ ਤਰ੍ਹਾਂ ਦੀ ਹੁੰਦੀ ਹੈ:-ਅਣ ਉਤਪਾਦਕ ਅਤੇ ਉਤਪਾਦਕ। ਅਣ ਉਤਪਾਦਕ ਫੈਂਟੇਗੀ ਨਿੱਜ ਤੱਕ ਸੀਮਤ ਰਹਿ ਕਿ ਮਨ ਪਰਚਾਵਾ ਕਰਦੀ ਹੈ। ਫੈਟੇਸ਼ੀ ਦੀ ਉਤਪਾਦਕ ਪ੍ਰਵਿਰਤੀ ਨਿੱਜ ਤੱਕ ਸੀਮਤ ਨਾ ਰਹਿ ਕੇ ਸਮੂਹਿਕ ਤੱਕ ਆਪਣਾ ਪ੍ਰਭਾਵ ਸਿਰਜਦੀ ਹੈ। ਇਸ ਦਾ ਆਧਾਰ ਸਿਰਜਣਾ ਬਣਦਾ ਹੈ। ਇਸ ਕਰਕੇ ਇਹ ਉੱਚ ਕਾਰਜ ਸੰਪੰਨ ਹੁੰਦੀ ਹੈ। ਜੇਕਰ ਧਿਆਨ ਨਾਲ ਵਾਚੀਏ ਤਾਂ ਫੈਟੇਸੀ (ਦੋਹਾਂ ਪ੍ਰਕਾਰ ਦੀ) ਦਾ ਉਦੇਸ਼ ਸੰਤੁਸ਼ਟੀ ਦੇਣਾ ਹੈ।

12) ਪਲਾਇਨ (Escape) ਇਹ ਇੱਕ ਅਜਿਹੀ ਮਾਨਸਿਕ ਪ੍ਰਵਿਰਤੀ ਹੈ ਜਿਸ ਵਿੱਚ ਵਿਅਕਤੀ ਅਸਲ ਜ਼ਿੰਦਗੀ ਤੋਂ ਦੂਰ ਭੱਜਣ ਦੀ ਕੋਸ਼ਿਸ਼ ਕਰਦਾ ਹੈ। ਉਹ ਜ਼ਿੰਦਗੀ ਦੀਆਂ ਸਮੱਸਿਆਵਾਂ ਅਤੇ ਜ਼ਿੰਮੇਵਾਰੀਆਂ ਤੋਂ ਦੂਰ ਭੱਜਣ ਲਈ ਪਲਾਨਿੰਗ ਬਣਾਉਂਦਾ ਹੈ। ਜਿਵੇਂ ਕੋਈ ਵਿਅਕਤੀ ਪਰਿਵਾਰਕ ਜ਼ਿੰਮੇਵਾਰੀਆਂ ਦਾ ਬੋਝ ਉਠਾਉਣ ਤੋਂ ਪਲਾਇਨ ਕਰਦਾ ਹੈ। ਉਹ ਸਵੇਰੇ ਜਲਦੀ ਘਰੋਂ ਨਿਕਲ ਜਾਂਦਾ ਹੈ ਤੇ ਲੇਟ ਵਾਪਸ ਆ ਕੇ ਬਹਾਨਾ ਦਫ਼ਤਰੀ ਕੰਮ ਜ਼ਿਆਦਾ ਹੋਣ ਦਾ ਲਗਾਉਂਦਾ ਹੈ। ਇਸ ਤਰ੍ਹਾਂ ਮੁਸ਼ਕਿਲ ਤੋਂ ਭੱਜਣਾ, ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਡਰਪੋਕ ਰਵੱਈਆ ਰੱਖਣਾ ਪਲਾਇਨ ਦੀ ਨਿਸ਼ਾਨੀ ਹੈ ਪਰੰਤੂ ਇਹ ਵਿਅਕਤੀ ਦੀਆਂ ਸਮਾਜਿਕ ਲੋੜਾਂ ਪੂਰੀਆਂ ਨਹੀਂ ਕਰਦੀ ਇਸ ਕਰਕੇ ਵਿਅਕਤੀ ਵਿੱਚ ਅਸੰਤੁਲਨ ਪੈਦਾ ਹੋ ਜਾਂਦੇ ਹੈ। ਕਈ ਲੋਕ ਨਸ਼ੇ ਕਰਨ ਦੇ ਆਦੀ ਹੋ ਜਾਂਦੇ ਹਨ।

ਸਧਾਰਨ ਮਨੋਵਿਸ਼ਲੇਸ਼ਣ ਸਧਾਰਨ ਆਦਮੀ ਦੇ ਵਿਵਹਾਰ ਦੇ ਅਧਿਐਨ ਰਾਹੀ ਉਸ ਦੇ ਮਨ ਦਾ ਅਧਿਐਨ ਕਰਦਾ ਹੈ ਪਰ ਅਸਧਾਰਨ ਮਨੋਵਿਗਿਆਨ ਮਨੁੱਖ ਦੇ ਅਸਧਾਰਨ ਵਿਵਹਾਰ ਅਤੇ ਅਨੁਭਵ ਦਾ ਅਧਿਐਨ ਕਰਕੇ ਉਸ ਦੇ ਮਨ ਦੀ ਅਸਧਾਰਨਤਾ ਨੂੰ ਜਾਨਣ ਦਾ ਯਤਨ ਕਰਦਾ ਹੈ। ਇਹ ਮਨੋਵਿਸ਼ਲੇਸ਼ਣ ਸੁਪਨੇ, ਦਿਨੇ ਸੁਪਨੇ, ਸਿਮਰਤੀ, ਵਾਣੀ ਦੋਸ਼ ਅਤੇ ਸੰਮੋਹਨ ਆਦਿ ਦੀ ਵਿਆਖਿਆ ਕਰਦਾ ਹੈ ਤੇ ਉਨ੍ਹਾਂ ਦੇ ਕਾਰਨਾਂ ਦਾ ਪਤਾ ਲਗਾਉਂਦਾ ਹੈ। ਇਹ ਮਾਨਸਿਕ ਰੋਗਾਂ ਦੇ ਕਾਰਨਾਂ ਨੂੰ ਵਿਅਕਤ ਕਰਦਾ ਹੈ। ਅਸਧਾਰਨ

ਆਦਮੀ ਵਾਸਤਵਿਕਤਾ ਨੂੰ ਪਲਾਇਨ ਕਰਕੇ ਦਿਨੇ ਸੁਪਨੇ ਦਾ ਅਨੰਦ ਲੈਂਦਾ ਹੈ।

ਵਿਚਾਰ–ਚਰਚਾ ਕਰਨ ਮਗਰੋਂ ਅਸੀਂ ਕਹਿ ਸਕਦੇ ਹਾਂ ਕਿ ਮਨੋਵਿਸ਼ਲੇਸ਼ਣ ਦੀਆਂ ਵਿਧੀਆਂ ਰਾਹੀਂ ਜਿੱਥੇ ਵਿਅਕਤੀਤਵ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ, ਉੱਥੇ ਇਹ ਵਿਧੀਆਂ ਸਾਹਿਤ ਚਿੰਤਨ ਨੂੰ ਵਧੇਰੇ ਸਮਰੱਥ ਬਣਾਉਂਦੀਆਂ ਹਨ।

ਸੋ ਹਥਲੇ ਖੋਜ-ਕਾਰਜ **'ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ (ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਸੰਦਰਭ 'ਚ)** ਵਿੱਚ ਮਨੋਵਿਗਿਆਨ ਵਿਧੀ ਤੋਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੇ ਪਾਤਰਾਂ ਦੀ ਮਾਨਸਿਕ ਸਥਿਤੀ-ਪ੍ਰਸਥਿਤੀ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਸਮਝਣ ਲਈ ਉਸ ਪਰਿਵੇਸ਼ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਜਿਸਦਾ ਉਹ ਅੰਗ ਹੁੰਦੇ ਹਨ। ਕਿਉਂਕਿ ਵਿਅਕਤੀ ਦੇ ਮਨ ਦਾ ਵਿਕਾਸ ਖ਼ਲਾਅ ਵਿੱਚ ਨਹੀਂ ਹੁੰਦਾ ਬਲਕਿ ਆਪਣੇ ਪਰਿਵੇਸ਼ ਦੀ ਪ੍ਰਤੀਕਿਰਿਆ ਦੇ ਸਰੂਪ ਵਿਚੋਂ ਹੁੰਦਾ ਹੈ। ਕਹਾਣੀਕਾਰ ਵਜੋਂ ਸੁਖਜੀਤ ਤੇ ਵੀਨਾ ਵਰਮਾ ਦੀ ਖਾਸੀਅਤ ਹੀ ਇਹ ਹੈ ਕਿ ਉਹ ਪਾਤਰਾਂ ਦੀ ਮਾਨਸਿਕਤਾ ਤੇ ਵਿਹਾਰ ਨੂੰ ਸਮਕਾਲੀ ਸੱਭਿਆਚਾਰਕ ਰੂਪਾਂਤਰਨ ਦੇ ਵੱਖਰੇ-ਵੱਖਰੇ ਪੱਖਾਂ ਤੋਂ ਵਿਵਸਥਾ ਵਿੱਚ ਆਈ ਗਿਰਾਵਟ ਦੇ ਰੂਬਰੂ ਕਰਵਾ ਦਿੰਦੇ ਹਨ। ਸੁਖਜੀਤ ਤੇ ਵੀਨਾ ਵਰਮਾ ਮਨੋਵਿਗਿਆਨਿਕ ਪੱਖ ਤੋਂ ਕਹਾਣੀਆਂ ਦੇ ਆਂਤਰਿਕ ਅਤੇ ਬਾਹਰੀ ਯਥਾਰਥ ਵਿੱਚ ਸੰਤੁਲਨ ਵਜੋਂ ਪੇਸ਼ ਕਰਦੇ ਹੋਏ, ਇਹਨਾਂ ਦੋਹਾਂ ਨੂੰ ਇੱਕ-ਦੂਜੇ ਤੋਂ ਵੱਖ ਕਰਕੇ ਨਹੀਂ ਬਲਕਿ ਇੱਕ-ਦੂਜੇ ਦੇ ਪਰਸਪਰ ਅੰਤਰ-ਸੰਬੰਧ ਦੇ ਪੱਖ ਤੋਂ ਪ੍ਰਸਤੁਤ ਕਰਦੇ ਹਨ।

**1.6.3. ਤੁਲਨਾਤਮਕ ਵਿਧੀ**:–**(Comparative methodology)** 'ਤੁਲਨਾ' ਸ਼ਬਦ ਦੀ ਉਤਪੱਤੀ 'ਤੁਲਾ' ਧਾਤੂ ਤੋਂ ਹੋਈ ਹੈ, 'ਤੁਲਾ' ਭਾਵ 'ਤੱਕੜੀ' ਜਿਸ ਦੇ ਇੱਕ ਪੱਲੜੇ ਵਿੱਚ ਵਸਤੂ ਪਾ ਕੇ ਦੂਜੇ ਪੱਲੜੇ ਵਿੱਚ ਵਜ਼ਨ ਵਾਲਾ ਵੱਟਾ ਪਾ ਕੇ ਭਾਰ ਦਾ ਮੁੱਲਾਂਕਣ ਕੀਤਾ ਜਾਂਦਾ ਸੀ। ਮਹਾਨ ਕੋਸ਼ ਵਿੱਚ 'ਤੁਲਾ' ਦਾ ਅਰਥ ਹੈ – ਤੋਲਣਾ ਜਾਂ ਬਰਾਬਰੀ। ਡਾ. ਰਵਿੰਦਰ ਕੁਮਾਰ ਜੈਨ ਨੇ ਹਿੰਦੀ ਸਾਹਿਤ ਕੋਸ਼ ਭਾਗ ਦੂਜੇ ਦੀ ਪੁਸਤਕ 'ਸਾਹਿਤਕ ਅਨੁਸੰਧਾਨ ਕੇ ਆਯਾਮ' ਵਿੱਚ ਲਿਖਿਆ ਹੈ:

ਹਿੰਦੀ ਸਾਹਿਤ ਕੋਸ਼ ਮੁਤਾਬਿਕ ਤੁਲਨਾ ਸ਼ਬਦ ਤੁਲਾ ਧਾਤੂ ਦੇ ਭਾਵਵਾਚਕ ਨਾਂਵ ਤੋ ਬਣਿਆ ਹੈ। 'ਤੁਲਾ' ਤੋਂ ਤੁਲਾ ਭਾਵ ਤਰਾਜੂ ਬਣਿਆ ਹੈ।(46)

ਤੁਲਨਾਤਮਕ ਸਾਹਿਤ ਬਾਬਤ ਪੇਸ਼ੇਵਰ ਇੰਜੀਨੀਅਰ ਅਤੇ ਵਿਖਿਆਤ ਪੰਜਾਬੀ ਚਿੰਤਕ ਡਾ. ਕੁਲਦੀਪ ਸਿੰਘ ਧੀਰ ਆਪਣੀ ਪੁਸਤਕ 'ਤੁਲਨਾਤਮਕ ਸਾਹਿਤ-ਸ਼ਾਸਤਰ' ਦੇ ਆਰੰਭਕ ਪੰਨੇ 'ਤੇ ਦਰਜ ਕਰਦੇ ਹਨ:

> ਤੁਲਨਾਤਮਕ ਸ਼ਬਦ ਤੁਲਨਾ ਕਰਨ ਦੀ ਪ੍ਰਕਿਰਿਆ ਵੱਲ ਸੰਕੇਤ ਕਰਦਾ ਹੈ। ਤੁਲਨਾ ਸਮੇਂ ਵਸਤਾਂ ਨੂੰ ਇਸ ਪ੍ਰਕਾਰ ਪੇਸ਼ ਕੀਤਾ ਜਾਂਦਾ ਹੈ ਕਿ ਉਹਨਾਂ ਦੀਆਂ ਸਮਾਨਤਾਵਾਂ ਅਤੇ ਵਿਭਿੰਨਤਾਵਾਂ ਉੱਭਰ ਆਉਣ।(1)

ਅੰਜੀਲ ਕੌਰ ਨੇ ਆਪਣੇ ਖੋਜ ਪ੍ਰਬੰਧ 'ਵੰਡ ਪਿੱਛੋਂ ਪਾਕਿਸਤਾਨੀ ਅਤੇ ਭਾਰਤੀ ਪੰਜਾਬੀ ਕਵਿਤਾ ਦਾ ਤੁਲਨਾਤਮਕ ਅਧਿਐਨ' ਅਧੀਨ ਹਿੰਦੀ ਅਦਬ ਦੇ ਵਿਖਿਆਤ ਚਿੰਤਕ ਡਾ. ਐਨ. ਡੀ. ਸੇਨ ਦਾ ਹਵਾਲਾ ਪੇਸ਼ ਕਰਦੇ ਹੋਇਆ ਲਿਖਿਆ ਹੈ:

> ਤੁਲਨਾਤਮਕ ਸਾਹਿਤ ਦਾ ਸਰੋਕਾਰ ਕੇਵਲ ਦੋ ਸਾਹਿਤਾਂ ਅਰਥਾਤ ਸਾਹਿਤਕਾਰਾਂ ਦੀਆਂ ਸਮਾਨਤਾਵਾਂ ਤੇ ਅਸਮਾਨਤਾਵਾਂ ਦੇ ਬਿੰਦੂਆਂ ਨੂੰ ਛੂਹਣਾ, ਉਹਨਾਂ ਦੇ ਆਪਸੀ ਸਬੰਧਾਂ ਨੂੰ ਟਟੋਲਣਾ, ਪ੍ਰਭਾਵਾਂ, ਤੱਤਾਂ ਅਤੇ ਪ੍ਰਤੀਕਿਰਿਆਵਾਂ ਦੀ ਖੋਜ ਤੋਂ ਹੈ, ਪਰ ਇਸ ਸਭ ਦੇ ਬਾਵਜੂਦ ਤੁਲਨਾਤਮਕ ਅਧਿਐਨ ਦੀ ਸਾਰਥਿਕਤਾ, ਉਸਦਾ ਵਿਸਥਾਰ ਅਤੇ ਫੈਲਾਓ ਤਾਂ ਹੀ ਹੋ ਸਕਦਾ ਹੈ, ਜਦ ਉਹ ਜੀਵਨ ਅਤੇ ਗਿਆਨ ਦੇ ਵਿਸ਼ਾਲ ਪਸਾਰਾਂ ਨਾਲ ਜੁੜਦਾ ਹੈ। (8)

ਮੈਥਿਊ ਅਰਨਾਲਡ ਨੇ ਇਹ ਕਹਿ ਕੇ ਆਪਣਾ ਤਰਕ ਪੇਸ਼ ਕੀਤਾ ਕਿ ਕਿਸੇ ਵੀ ਸਾਹਿਤਕ ਵਰਤਾਰੇ ਨੂੰ ਉਦੋਂ ਤੱਕ ਮੂਲ ਰੂਪ ਵਿੱਚ ਨਹੀਂ ਸਮਝਿਆ ਜਾ ਸਕਦਾ, ਜਦੋਂ ਤੱਕ ਉਸ ਨੂੰ ਹੋਰ ਘਟਨਾਵਾਂ ਅਤੇ ਸਾਹਿਤਾਂ ਨਾਲ ਤੁਲਨਾਤਮਕ ਰੂਪ ਵਿੱਚ ਨਾ ਵਿਚਾਰਿਆ ਜਾਵੇ।

ਤੁਲਨਾਤਮਕ ਅਧਿਐਨ ਵਿਧੀ ਬਾਰੇ ਭਾਰਤੀ ਅਤੇ ਪੱਛਮੀ ਚਿੰਤਕਾਂ ਨੇ ਆਪਣੇ-ਆਪਣੇ ਅਨਮੋਲ

ਵਿਚਾਰ ਪ੍ਰਸਤੁਤ ਕੀਤੇ ਹਨ। ਤੁਲਨਾਤਮਕ ਅਧਿਐਨ ਵਿਧੀ ਸੰਬੰਧੀ ਵੱਖਰੇ-ਵੱਖਰੇ ਭਾਰਤੀ ਅਤੇ ਪੱਛਮੀ ਵਿਦਵਾਨਾਂ, ਚਿੰਤਕਾਂ ਦੇ ਵਿਚਾਰਾਂ ਦੇ ਆਧਾਰ ਤੇ ਇਹ ਕਹਿ ਸਕਦੇ ਹਾਂ ਕਿ ਹਰ ਦੇਸ਼, ਕੌਮ, ਰਾਜ ਦੇ ਸਮਾਜ-ਸੱਭਿਆਚਾਰਿਕ ਮਨੁੱਖੀ ਜੀਵਨ ਦੀਆਂ ਆਪਣੀਆਂ ਵਿਲੱਖਣਤਾਵਾਂ ਅਤੇ ਵਿਸ਼ੇਸ਼ਤਾਵਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਤੁਲਨਾਤਮਕ ਅਧਿਐਨ ਰਾਹੀਂ ਜਾਣਿਆ, ਸਮਝਿਆ, ਘੋਖਿਆ ਅਤੇ ਖੋਜ ਦੇ ਤੌਰ ਤੇ ਵਿਚਾਰਿਆ ਜਾਂਦਾ ਹੈ। ਅਜੋਕੇ ਸਮੇਂ ਤੁਲਨਾਤਮਕ ਅਧਿਐਨ ਵਿਧੀ ਇੱਕ ਵਿੱਦਿਅਕ ਅਹਿਮੀਅਤ ਵਾਲਾ ਵਿਸ਼ਾ ਨਹੀਂ ਰਿਹਾ, ਸਗੋਂ ਵਿਸ਼ਵ ਭਾਈਚਾਰਿਕ ਸਾਂਝ ਬਣਾਉਣ ਅਤੇ ਉਸ ਨੂੰ ਜਾਨਣ, ਸਮਝਣ, ਘੋਖਣ ਅਤੇ ਵਿਚਾਰਨ ਵਾਲਾ ਵਸੀਲਾ ਬਣ ਗਿਆ ਹੈ। ਮਨੁੱਖ ਦਾ ਆਪਸ ਵਿੱਚ ਤੁਲਨਾ ਕਰਨਾ ਹੀ ਉਸ ਨੂੰ ਮਨੁੱਖੀ ਸਭਿਅਤਾ ਦੇ ਸਮਾਜਿਕ, ਧਾਰਮਿਕ, ਰਾਜਨੀਤਿਕ, ਆਰਥਿਕ, ਮਨੋਵਿਗਿਆਨ ਅਤੇ ਸੱਭਿਆਚਾਰਿਕ ਸੰਗਠਨ ਅਤੇ ਇਸ ਦੀਆਂ ਵਿਲੱਖਣ ਇਕਾਈਆਂ ਦਾ ਬੋਧ ਕਰਵਾਉਂਦਾ ਹੈ, ਜਿਹੜਾ ਕਿ ਮਨੁੱਖਤਾ ਦੀ ਚੇਤਨਾ ਨੂੰ ਅਚੇਤ ਜਾਂ ਸੁਚੇਤ ਰੂਪ ਵਿੱਚ ਪ੍ਰਭਾਵਿਤ ਕਰਦਾ ਰਹਿੰਦਾ ਹੈ। ਮਨੁੱਖੀ ਸਭਿਅਤਾ ਤੇ ਵਿਕਾਸ ਵਿੱਚ ਤੁਲਨਾ ਇੱਕ ਮਹੱਤਵਪੂਰਣ ਰੋਲ ਨਿਭਾਉਂਦੀ ਹੈ। ਮਾਨਕ ਹਿੰਦੀ ਕੋਸ਼ ਵਿੱਚ ਰਾਮ ਚੰਦਰ ਵਰਮਾ ਤੁਲਨਾਤਮਕ ਵਿਧੀ ਨੂੰ ਮਾਨਕ ਹਿੰਦੀ ਕੋਸ਼ 'ਚ ਇਸ ਪ੍ਰਕਾਰ ਪਰਿਭਾਸ਼ਤ ਕਰਦੇ ਹਨ ਕਿ:

> ਤੁਲਨਾਤਮਕਤਾ' ਉਹ ਹੈ ਜਿਸ ਵਿੱਚ ਦੋ ਜਾਂ ਦੋ ਤੋਂ ਜ਼ਿਆਦਾ ਵਸਤੂਆਂ ਦੇ ਗੁਣਾਂ ਦੀ ਸਮਾਨਤਾ ਅਤੇ ਅਸਮਾਨਤਾ ਦਿਖਾਈ ਗਈ ਹੋਵੇ ਅਤੇ ਕਿਸੇ ਨਾਲ ਤੁਲਨਾ ਕਰਦੇ ਹੋਏ, ਵਿਚਾਰ ਕੀਤਾ ਗਿਆ ਹੋਵੇ।(565)

ਤੁਲਨਾਤਮਕ ਖੋਜ ਵਿਧੀ ਅਨੁਸਾਰ ਵੱਖਰੇ-ਵੱਖਰੇ ਪੱਖਾਂ ਜਿਵੇਂ ਕਿ ਸਮਾਜਿਕ, ਧਾਰਮਿਕ, ਰਾਜਨੀਤਿਕ, ਆਰਥਿਕ ਤੇ ਮਨੋਵਿਗਿਆਨਿਕ ਆਦਿ ਦੀ ਤੁਲਨਾ ਦੁਆਰਾ ਉਨ੍ਹਾਂ ਦੀਆਂ ਵੱਖਰਤਾਵਾਂ ਅਤੇ ਸਮਾਨਤਾਵਾਂ ਦੀ ਸੂਖਮ, ਸਰਲ ਪਰਖ-ਪੜਚੋਲ, ਘੋਖਣ ਤੇ ਵਿਚਾਰ ਕਰਨ ਤੋਂ ਹੈ। ਪਰਮਜੀਤ ਸਿੰਘ ਵਿਦਰੋਹੀ ਕਾਵਿ ਦੇ ਸੰਦਰਭ 'ਚ ਲਿਖਦੇ ਨੇ:

> ਤੁਲਨਾਤਮਕ ਸਾਹਿਤ, ਸਾਹਿਤ ਦਾ ਅਜਿਹਾ ਅਧਿਐਨ ਹੈ, ਜਿਸ ਵਿੱਚ ਇੱਕ ਤੋਂ ਵਧੇਰੇ ਸਾਹਿਤ-

> ਪਾਠਾਂ/ਧਾਰਾਵਾਂ/ਪ੍ਰਵਿਰਤੀਆਂ ਦਾ ਅਧਿਐਨ ਤੁਲਨਾ ਨੂੰ ਮੁੱਖ ਰੱਖ ਕੇ ਕੀਤਾ ਜਾਂਦਾ ਹੈ ਅਤੇ ਇਹਨਾਂ ਵਿੱਚਲੀਆਂ ਸਮਾਨਤਾਵਾਂ/ਅਸਮਾਨਤਾਵਾਂ/ਪ੍ਰਭਾਵਾਂ/ਵਿਰੋਧਾਂ ਦੀ ਸ਼ਨਾਖ਼ਤ ਕਰ ਕੇ ਵਿਸ਼ਾਲ ਦ੍ਰਿਸ਼ਟੀਕੋਣ/ਵਡੇਰੀ ਸਮਝ ਬਣਾਈ ਜਾ ਸਕਦੀ ਹੈ। ਸਾਹਿਤ ਅਤੇ ਜੀਵਨ ਦੇ ਅੰਤਰ-ਸੰਬੰਧਾਂ ਦੀ ਪਛਾਣ ਕਰ ਕੇ ਸਾਹਿਤ-ਇਤਿਹਾਸ ਦੇ ਕਿਸੇ ਬਿੰਦੂ ਦੀ ਇਤਿਹਾਸਕ ਸਾਪੇਖਤਾ ਬਾਰੇ ਠੋਸ ਸਿੱਟੇ ਕੱਢੇ ਜਾ ਸਕਦੇ ਹਨ। (25)

ਇਸ ਖੋਜ-ਕਾਰਜ ਦੇ ਸੰਦਰਭ ਵਿੱਚ ਹਰੇਕ ਰਚਨਾ ਦੇ ਵੱਖ-ਵੱਖ ਵਿਸ਼ਿਆਂ ਵਿੱਚ ਸਮਾਨਤਾਵਾਂ ਅਤੇ ਵੱਖਰਤਾਵਾਂ ਦਾ ਪਤਾ ਇਸ ਖੋਜ ਵਿਧੀ ਦੁਆਰਾ ਕੀਤਾ ਜਾ ਸਕਦਾ ਹੈ। ਤੁਲਨਾਤਮਕ ਖੋਜ ਵਿਧੀ ਤੋਂ ਭਾਵ ਵਿਸ਼ੇ-ਪੱਖ ਨੂੰ ਵੱਖਰੇ-ਵੱਖਰੇ ਰੂਪਾਂ ਤੋਂ ਤੁਲਨਾਤਮਕ ਅਧਿਐਨ ਰਾਹੀਂ ਪਰਖਣਾ, ਸਮਝਣਾ ਅਤੇ ਵਿਚਾਰਨਾ ਹੈ। ਇਸ ਤਰ੍ਹਾਂ ਤੁਲਨਾ ਦੁਆਰਾ ਉਨ੍ਹਾਂ ਦੀਆਂ ਸਮਾਨਤਾਵਾਂ ਅਤੇ ਵੱਖਰਤਾਵਾਂ ਦੀ ਪੁਸ਼ਟੀ ਕੀਤੀ ਜਾ ਸਕਦੀ ਹੈ। ਹਥਲੇ ਖੋਜ-ਕਾਰਜ ਦੇ ਅੰਤਰਗਤ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ‘ਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਤੁਲਨਾਤਮਕ ਅਧਿਐਨ (ਰਾਜਨੀਤਿਕ ਪੱਖ, ਧਾਰਮਿਕ ਪੱਖ, ਆਰਥਿਕ ਪੱਖ, ਸਮਾਜਿਕ ਪੱਖ, ਮਨੋਵਿਗਿਆਨ ਪੱਖ) ਅਤੇ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਨਾਲ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ, ਜਿਸ ਨੂੰ ਸੁਖਜੀਤ ਤੇ ਵੀਨਾ ਵਰਮਾ ਨੇ ਕਿਸ ਪੱਧਰ ‘ਤੇ ਨਿਭਾਇਆ ਹੈ ਅਤੇ ਇਸ ਵਿੱਚ ਕਿਹੜੀਆਂ-ਕਿਹੜੀਆਂ ਸਮਾਨਤਾਵਾਂ ਅਤੇ ਵੱਖਰਤਾਵਾ ਹਨ। ਇਸ ਦਾ ਪਤਾ ਤੁਲਨਾਤਮਕ ਖੋਜ ਵਿਧੀ ਦੁਆਰਾ ਹੀ ਕੀਤਾ ਜਾ ਸਕਦਾ ਹੈ। ਇਹਨਾਂ ਕਹਾਣੀਕਾਰਾਂ ਦੀ ਵਿਸ਼ਾ ਪੱਖ ਤੋਂ ਕਾਫ਼ੀ ਸਮਾਨਤਾ ਹੈ ਪਰ ਇੱਕ ਦੂਜੇ ਨਾਲੋਂ ਵੱਖਰਤਾ ਇਸ ਗੱਲ ਵਿੱਚ ਰਹੀ ਹੈ ਕਿ ਦੋਨੋਂ ਔਰਤ-ਮਰਦ ਸੰਬੰਧਾਂ ਵਿੱਚਲੀਆਂ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਤੇ ਸਥਿਤੀਆਂ-ਪਰਿਸਥਿਤੀਆਂ ਨੂੰ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਵੇਖਣ ਤੇ ਪੇਸ਼ ਕਰਨ ਦਾ ਯਤਨ ਕਰਦੇ ਹਨ। ਦੋਨੋਂ ਕਹਾਣੀਕਾਰ ਸੱਭਿਆਚਾਰਕ ਰੂਪਾਂਤਰਨ ਨੂੰ ਨੈਤਿਕ ਕਦਰਾਂ-ਕੀਮਤਾਂ ਦੀ ਟੁੱਟ-ਭੱਜ ਅਤੇ ਸੱਭਿਆਚਾਰਕ ਸੰਕਟ ਨੂੰ ਅਤੇ ਔਰਤ-ਮਰਦ ਦੇ ਮਨ ਦੀਆਂ ਤੈਹਾਂ ਨੂੰ ਫਰੋਲਣ ਦਾ ਯਤਨ ਕਰਦੇ ਹਨ। ਇਹਨਾਂ ਦੋਨੋਂ ਕਹਾਣੀਕਾਰ ਦੀਆਂ ਕਹਾਣੀਆਂ ਵਿੱਚ

ਸਮਾਜਿਕ, ਧਾਰਮਿਕ, ਰਾਜਨੀਤਿਕ, ਆਰਥਿਕ ਅਤੇ ਮਨੋਵਿਗਿਆਨਕ ਦੇ ਚੰਗੇ ਅਤੇ ਮਾੜੇ ਪੱਖਾਂ ਨੂੰ ਯਥਾਰਥ ਨਾਲ ਤੁਲਨਾ ਕਰਦੇ ਹੋਏ ਪੇਸ਼ ਕਰਦੇ ਹਨ।

ਡਾ. ਨਗੇਂਦਰ ਤੁਲਨਾਤਮਕ ਸਾਹਿਤ ਨੂੰ ਆਪਣੇ ਆਪ ਵਿੱਚ ਸੰਪੂਰਨ ਤੇ ਅੰਤਮ ਨਾ ਸਵੀਕਾਰਦੇ ਹੋਏ ਇਸ ਨੂੰ ਸਾਹਿਤ ਅਧਿਐਨ ਦੀ ਹੋਰਨਾਂ ਵਿਧੀਆਂ ਵਿੱਚੋਂ ਇੱਕ ਮੰਨਦੇ ਹਨ। ਡਾ. ਸਤਿੰਦਰ ਸਿੰਘ ਤੁਲਨਾਤਮਕ ਸਾਹਿਤ ਅਧਿਐਨ ਨੂੰ ਬਹੁ-ਦਿਸ਼ਾਵੀ ਅਤੇ ਪਰੰਪਰਾਗਤ ਬਿਆਨਦੇ ਹੋਏ ਦੱਸਦੇ ਹਨ ਕਿ ਇਸ ਵਿੱਚ ਇੱਕ ਲੇਖਕ ਦੀ ਦੂਜੇ ਲੇਖਕ ਨਾਲ ਤੁਲਨਾ, ਇੱਕ ਸਾਹਿਤ ਦੀ ਦੂਜੇ ਸਾਹਿਤ ਨਾਲ ਤੁਲਨਾ, ਇੱਕ ਸਾਹਿਤਕ ਰੂਪਾਕਾਰ ਦੀ ਦੂਜੇ ਸਾਹਿਤਕ ਰੂਪਾਕਾਰ ਨਾਲ ਤੁਲਨਾ ਸਾਹਿਤ ਦੀਆਂ ਹੋਰਨਾਂ ਕਲਾਵਾਂ ਜਾਂ ਦਰਸ਼ਨ, ਧਰਮ, ਇਤਿਹਾਸ, ਮਨੋਵਿਗਿਆਨ ਆਦਿ ਨਾਲ ਤੁਲਨਾ ਕੀਤੀ ਜਾਂਦੀ ਹੈ। ਇਹ ਤੁਲਨਾ ਇੱਕੋ ਭਾਸ਼ਾ ਦੇ ਸਾਹਿਤ ਵਿੱਚ ਵੀ ਕੀਤੀ ਜਾ ਸਕਦੀ ਹੈ ਜਾਂ ਇੱਕ ਤੋਂ ਵੱਧ ਭਾਸ਼ਾਵਾਂ ਦੇ ਸਾਹਿਤ ਵੀ।

ਸੰਖੇਪ ਰੂਪ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਤੁਲਨਾਤਮਕ ਸਾਹਿਤ ਇੱਕ ਤੋਂ ਵੱਧ ਸਾਹਿਤਾਂ ਦੇ ਇਤਿਹਾਸਮੂਲਕ ਅਤੇ ਸੁਹਜਮੂਲਕ ਪਾਸਾਰਾਂ ਨਾਲ ਸਬੰਧਤ ਹੈ, ਇੱਕ ਲੇਖਕ ਦੀ ਦੂਜੇ ਲੇਖਕ ਨਾਲ, ਇੱਕ ਸਾਹਿਤ-ਰੂਪ ਦੀ ਦੂਜੇ ਸਾਹਿਤ-ਰੂਪ ਨਾਲ ਤੁਲਨਾ, ਸਾਹਿਤ ਦੇ ਹੋਰਨਾਂ ਅੰਗਾਂ, ਕਲਾਵਾਂ, ਦਰਸ਼ਨ, ਧਰਮ, ਮਨੋਵਿਗਿਆਨ ਅਤੇ ਇਤਿਹਾਸ ਆਦਿ ਨਾਲ ਤੁਲਨਾ ਦੀ ਲੰਮੀ-ਚੌੜੀ ਪਰੰਪਰਾ ਚੱਲੀ ਆ ਰਹੀ ਹੈ। ਜਦੋਂ ਤੋਂ ਤੁਲਨਾਤਮਕ ਸਾਹਿਤ ਅਧਿਐਨ ਨੂੰ ਅਕਾਦਮਿਕ ਪਰਿਪੇਖ ਵਿੱਚ ਸਥਾਪਤ ਕਰਨ ਦੀ ਪ੍ਰਥਾ ਤੁਰੀ ਤਾਂ ਇਸ ਦੇ ਅਰਥ, ਪਰਿਭਾਸ਼ਾ, ਸਰੂਪ, ਵਿਸ਼ਾ-ਵਸਤੂ, ਥੀਮ/ਉਦੇਸ਼, ਖੇਤਰ, ਮਹੱਤਤਾ, ਸਮੱਸਿਆਵਾਂ, ਸੰਭਾਵਨਾਵਾਂ, ਸਮਾਧਾਨਾਂ ਆਦਿ ਨੂੰ ਆਧੁਨਿਕ ਪਰਿਪੇਖ ਵਿੱਚ ਨਿਸ਼ਚਿਤ ਕਰਨ ਲਈ ਕਾਰਜ ਕੀਤੇ ਜਾ ਰਹੇ ਹਨ। ਇਹ ਤੁਲਨਾਵਾਂ ਇੱਕੋ ਭਾਸ਼ਾ ਦੇ ਸਾਹਿਤ ਵਿੱਚ ਵੀ ਹੋ ਸਕਦੀਆਂ ਹਨ ਜਾਂ ਇੱਕ ਤੋਂ ਵੱਧ ਭਾਸ਼ਾਵਾਂ ਦੇ ਸਾਹਿਤ ਵਿੱਚ ਵੀ ਹੋ ਸਕਦੀਆਂ ਹਨ। ਕੁਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਤੁਲਨਾਤਮਕ ਸਾਹਿਤ ਦੇ ਉਦੇਸ਼ ਦੀ ਪੂਰਤੀ ਲਈ ਇਹ ਲਾਜ਼ਮੀ ਹੈ ਕਿ ਇਸ ਵਿਧੀ ਦੁਆਰਾ ਵਿਸ਼ਵ ਭਾਈਚਾਰੇ ਦੇ ਆਪਸੀ ਮਿਲਵਰਤਨ ਅਤੇ ਆਦਾਨ-ਪ੍ਰਦਾਨ ਦੀ ਮੂਲ ਭਾਵਨਾ ਨੂੰ ਸਮਝ ਕੇ ਰਾਸ਼ਟਰਾਂ ਦੀ ਸੀਮਤ ਤੇ ਸੰਕੋਚੀ ਹਉਮੈਂ ਤੋਂ ਮੁਕਤ ਹੋਇਆ

ਜਾ ਸਕੇ। ਇਸ ਤਰ੍ਹਾਂ ਨਾਲ ਮਾਨਵਵਾਦੀ ਤੇ ਮਨੁੱਖਵਾਦੀ ਵਿਚਾਰਾਂ ਦੀ ਸਾਂਝ ਸਥਾਪਤ ਹੋ ਸਕੇਗੀ।

1.7. **ਕਹਾਣੀ**: ਮਨੁੱਖ ਵਿੱਚ ਬਿਰਤਾਂਤਕ ਸੰਵੇਦਨਾ ਦੇ ਬੀਜ ਉਸ ਸਮੇਂ ਤੋਂ ਹੀ ਪੈਦਾ ਹੋ ਗਏ ਸਨ ਜਿਸ ਸਮੇਂ ਮਨੁੱਖ ਨੇ ਭਾਸ਼ਾ ਚੇਤਨਾ ਤੋਂ ਵੀ ਪਹਿਲਾ ਇਸ਼ਾਰਿਆਂ ਦੇ ਹਾਵਾਂ-ਭਾਵਾਂ ਨਾਲ ਜੀਵਨ ਸੰਚਾਰ ਸ਼ੁਰੂ ਕਰ ਦਿੱਤਾ ਸੀ। ਇਹ ਸੰਚਾਰ ਮਨੁੱਖ ਦੇ ਮੁੱਢ-ਕਦੀਮੀ ਜੀਵਨ ਤੋਂ ਚਲਿਆ ਆ ਰਿਹਾ ਹੈ। ਇਸ਼ਾਰਿਆਂ ਦੀ ਭਾਸ਼ਾ ਤੋਂ ਬਾਅਦ ਜਦੋਂ ਮਨੁੱਖ ਸ਼ਬਦਾਂ ਦੀ ਭਾਸ਼ਾ 'ਚ ਪ੍ਰਵੇਸ਼ ਕਰਦਾ ਹੈ ਤਾਂ ਕਹਾਣੀ ਮਨੁੱਖ ਨਾਲ ਉਸ ਸਮੇਂ ਤੋਂ ਜੀਵਨ ਦਾ ਅੰਗ ਬਣ ਕੇ ਜੁੜ ਗਈ। ਮੁੱਢ ਕਦੀਮ ਤੋਂ ਹੀ ਮਨੁੱਖ ਵਿੱਚ ਭਾਵਨਾਵਾਂ ਅਤੇ ਪ੍ਰਵੇਸ਼ ਤੋਂ ਗ੍ਰਹਿਣ ਕੀਤੇ ਅਨੁਭਵ ਨੂੰ ਅਭਿਵਿਅਕਤ ਕਰਨ ਦੀ ਰੁਚੀ ਪ੍ਰਬਲ ਰਹੀ ਹੈ। ਉਸਦੀ ਇਸੇ ਰੁਚੀ ਸਦਕਾ ਮੁਖ਼ਤਲਿਫ਼ ਕਲਾਤਮਕ ਮਾਧਿਅਮਾਂ ਦਾ ਜਨਮ ਹੋਇਆ ਹੈ ਜਿਨ੍ਹਾਂ ਵਿਚੋਂ ਸਾਹਿਤ ਵਧੇਰੇ ਸਮਰੱਥ ਅਤੇ ਸੰਭਾਵਨਾਵਾਂ ਭਰਪੂਰ ਮਾਧਿਅਮ ਹੈ। ਸਾਹਿਤ ਕਲਾਤਮਕ ਅਭਿਵਿਅੰਜਨਾ ਦਾ ਇੱਕ ਵਿਸ਼ਿਸ਼ਟ ਅਤੇ ਸ਼ਕਤੀਸ਼ਾਲੀ ਰੂਪ ਹੈ ਅਤੇ ਇਸ ਦੇ ਵਿਭਿੰਨ ਰੂਪਾਂ ਵਿਚੋਂ ਇੱਕ ਹੈ 'ਕਹਾਣੀ'। ਮਨੁੱਖੀ ਅਭਿਵਿਅੰਜਨਾ ਦੇ ਮੂਲ ਵਿੱਚ ਹੀ ਕਹਾਣੀ ਕਹਿਣ ਦਾ ਭਾਵ ਵਿਦਮਾਨ ਹੈ। ਕਹਾਣੀ ਸਮੂਹਿਕ ਅਵਚੇਤਨ ਨੂੰ ਸਿਰਜਣ, ਸੂਖਮ ਜਜ਼ਬਿਆਂ ਨੂੰ ਉਭਾਰਨ ਅਤੇ ਸੌਂਦਰਯ ਬੋਧ ਨੂੰ ਤੀਖਣ ਕਰਨ ਵਿੱਚ ਅਹਿਮ ਅਤੇ ਗੌਲਣਯੋਗ ਭੂਮਿਕਾ ਨਿਭਾਉਂਦੀ ਹੈ। ਮਨੁੱਖੀ ਅਵਚੇਤਨ ਇਸ ਨੂੰ ਦੇਸ਼, ਕਾਲ ਅਤੇ ਭਾਸ਼ਾ ਦੇ ਵਖਰੇਵਿਆਂ ਦੇ ਬਾਵਜੂਦ ਇੱਕ ਜੀਵਨ-ਜਾਚ ਵਾਂਗ ਗ੍ਰਹਿਣ ਕਰਦਾ ਹੈ। ਸਾਹਿਤਕ ਖੇਤਰ ਵਿੱਚ 'ਕਹਾਣੀ' ਸ਼ਬਦ ਦੀ ਵਰਤੋਂ ਇੱਕ ਤੋਂ ਵਧੇਰੇ ਅਰਥਾਂ ਵਿੱਚ ਹੁੰਦੀ ਆਈ ਹੈ। ਕਹਾਣੀ ਆਧੁਨਿਕ ਯੁੱਗ ਦੀ ਪ੍ਰਮੁੱਖ ਸਾਹਿਤਕ ਵਿਧਾ ਹੈ ਜੋ ਇਸ ਤੇਜ਼-ਤਰਾਰ ਤਕਨੀਕੀ ਯੁੱਗ ਵਿੱਚਲੇ ਮਨੁੱਖ ਦੀਆਂ ਬਾਰੀਕ ਤੋਂ ਬਾਰੀਕ ਗਤੀਵਿਧੀਆਂ ਨੂੰ ਪਕੜਨ 'ਤੇ ਸੂਖਮਤਾ ਸਾਹਿਤ ਡੂੰਘਾਈ ਨਾਲ ਪੇਸ਼ ਕਰਨ ਦੇ ਸਮਰੱਥ ਹੈ। ਜਿੱਥੋਂ ਤੱਕ ਕਹਾਣੀ ਦੇ ਸਰੋਕਾਰਾਂ ਦਾ ਸੰਬੰਧ ਹੈ ਇਹ ਮੁੱਖ ਰੂਪ ਵਿੱਚ ਮਾਨਵੀ ਜੀਵਨ ਦੇ ਸਰੋਕਾਰਾਂ ਨਾਲ ਜੁੜੀ ਵਿਧਾ ਹੈ। ਇਸ ਦੇ ਸਰੋਕਾਰ ਸਮੇਂ ਵਿੱਚ ਤਬਦੀਲੀ ਆਉਣ ਨਾਲ ਬਦਲਦੇ ਰਹੇ ਹਨ। ਕਹਾਣੀ ਨੇ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ, ਮਨੋਵਿਗਿਆਨ 'ਤੇ ਸੱਭਿਆਚਾਰਕ ਜੀਵਨ ਪੱਖਾਂ ਵਿੱਚ ਆਏ ਹਰ ਬਦਲਾਓ ਨੂੰ ਸ਼ਿੱਦਤ ਨਾਲ ਹੁੰਗਾਰਾ ਭਰਿਆ ਹੈ। ਕਹਾਣੀ ਵਿੱਚ ਪੇਸ਼

ਸਰੋਕਾਰਾਂ ਦਾ ਸੰਬੰਧ ਕਹਾਣੀ ਵਿੱਚ ਪੇਸ਼ ਹੋਏ ਜੀਵਨ ਬਿੰਬ ਨਾਲ ਹੁੰਦਾ ਹੈ। ਸਰੋਕਾਰਾਂ ਤੋਂ ਭਾਵ ਹੈ ਚਿੰਤਾਵਾਂ, ਇੱਛਾਵਾਂ ਅਤੇ ਅਭਿਲਾਸ਼ਾਵਾਂ। ਹਰ ਯੁੱਗ ਦੇ ਮਨੁੱਖ ਦੀਆਂ ਆਪਣੀ ਕਿਸਮ ਦੀਆਂ ਚਿੰਤਾਵਾਂ, ਅਭਿਲਾਸ਼ਾਵਾਂ, ਇੱਛਾਵਾਂ ਹੁੰਦੀਆਂ ਹਨ। ਮਨੁੱਖ ਦੀਆਂ ਇਹਨਾਂ ਇੱਛਾਵਾਂ, ਅਭਿਲਾਸ਼ਾਵਾਂ ਜਾਂ ਵਿਚਾਰਾਂ ਨੂੰ ਜਦੋਂ ਸਾਹਿਤ ਵਿੱਚ ਅਭਿਵਿਅਕਤੀ ਮਿਲਦੀ ਹੈ ਤਾਂ ਇਹ ਉਸ ਸਾਹਿਤਕ ਰਚਨਾ ਦੇ ਸਰੋਕਾਰ ਅਖਵਾਉਂਦੇ ਹਨ। ਵਰਤਮਾਨ ਸਮੇਂ ਵਸਤੂ ਯਥਾਰਥ ਦਾ ਸਰੂਪ ਸਰਲ ਨਾ ਹੋ ਕੇ ਜਟਿਲ ਅਤੇ ਗੁੰਝਲਦਾਰ ਹੋ ਗਿਆ ਹੈ। ਇਸ ਕਾਰਨ ਕਹਾਣੀ ਗਤੀਸ਼ੀਲ ਯਥਾਰਥ ਨੂੰ ਕਿਸੇ ਇੱਕ ਵਿਚਾਰਧਾਰਾ ਜਾਂ ਦ੍ਰਿਸ਼ਟੀ ਰਾਹੀਂ ਪੇਸ਼ ਕਰਨ ਦੀ ਥਾਂ ਉਸ ਨੂੰ ਉਸ ਦੇ ਚੰਗੇ-ਮੰਦੇ, ਲੁਪਤ-ਅਲੁਪਤ, ਦਿਸਦੇ-ਅਣਦਿਸਦੇ ਸਰੂਪ ਸਹਿਤ ਪੇਸ਼ ਕਰਦੀ ਹੈ। ਨਿਗੂਣੇ ਤੋਂ ਨਿਗੂਣੇ ਅਤੇ ਅਤਿ ਨਿੱਜੀ ਸਰੋਕਾਰ ਕਹਾਣੀ ਦਾ ਵਿਸ਼ਾ ਬਣ ਸਕਦੇ ਹਨ, ਜੇਕਰ ਉਨ੍ਹਾਂ ਵਿੱਚ ਮਾਨਵੀ ਸੰਵੇਦਨਾ ਨੂੰ ਝੰਜੋੜਨ ਦੀ ਸਮਰੱਥਾ ਹੋਵੇ ਸੁਖਵਿੰਦਰ ਸਿੰਘ ਰੰਧਾਵਾ ਦੀ ਪੁਸਤਕ *ਕਥਾ ਚਿੰਤਨ* ਅਨੁਸਾਰ:

> ਕਹਾਣੀ ਵਸਤੂ-ਯਥਾਰਥ ਦੇ ਕਿਸੇ ਇੱਕਹਿਰੇ ਅਨੁਭਵ, ਪਾਸਾਰ ਪੱਖ ਤੇ ਸੰਦਰਭ ਉੱਤੇ ਨਹੀਂ ਟੇਕ ਰੱਖਦੀ, ਸਗੋਂ ਇਹ ਲਗਾਤਾਰ ਬਦਲਾਉ ਦੀ ਪਰਕਿਰਿਆ ਵਿੱਚ ਪਏ ਗਤੀਸ਼ੀਲ ਯਥਾਰਥ ਨੂੰ ਉਸਦੇ ਲੁਪਤ-ਅਲੁਪਤ, ਪ੍ਰਗਟ-ਅਪ੍ਰਗਟ, ਦਿਸਦੇ-ਅਣਦਿਸਦੇ ਤੇ ਚੰਗੇ-ਮੰਦੇ ਸਮੱਗਰ ਸਰੂਪ ਸਹਿਤ ਅਕਸਣ ਦੀ ਚੇਸ਼ਟਾ ਕਰਦੀ ਹੈ।(14)

ਕਹਾਣੀ ਦੀ ਹੋਂਦ ਵਿਧੀ ਨੂੰ ਮਨੁੱਖ ਦੀ ਹੋਂਦ ਵਿਧੀ ਦੇ ਸਨਮੁੱਖ ਰੱਖ ਕੇ ਡਾ. ਟੀ.ਆਰ.ਵਿਨੋਦ ਇਹਨਾਂ ਵਿੱਚਲੇ ਸਾਂਝੇ ਤੱਤਾਂ ਦੀ ਪਛਾਣ ਕਰਵਾਉਂਦੇ ਹੋਏ ਪੰਜਾਬੀ ਕਹਾਣੀ ਅਧਿਐਨ ਕਹਿੰਦੇ ਹਨ:

> ਮਨੁੱਖ ਜਾਤੀ ਦੀ ਹੋਂਦ ਵਿਧੀ ਅਮਲ ਹੈ। ਕਹਾਣੀ ਦੀ ਵਿਲੱਖਣਤਾ ਇਸ ਗੱਲ ਵਿੱਚ ਹੈ ਕਿ ਉਹ ਅਮਲ ਦੀਆਂ ਵਿਭਿੰਨ ਪਰਤਾਂ, ਪਾਸਾਰਾਂ, ਦਸ਼ਾਵਾਂ, ਦਿਸ਼ਾਵਾਂ ਨੂੰ ਰੂਪਮਾਨ ਕਰਦੀ ਹੈ। ਅਮਲ ਸਥਿਤੀ ਨੂੰ ਗਤੀ ਪ੍ਰਦਾਨ ਕਰਦਾ ਹੈ। ਕਹਾਣੀ ਇਸ ਨਿਰੰਤਰ ਤਬਦੀਲੀ ਦੇ ਵੇਗ ਨੂੰ ਰੂਪਮਾਨ ਕਰਦੀ ਹੈ। ਵੇਗ ਵਰਣਨ ਰਾਹੀਂ ਨਹੀਂ, ਬਿਰਤਾਂਤ ਰਾਹੀਂ ਪੇਸ਼ ਹੋ ਸਕਦਾ ਹੈ। ਇਸ ਲਈ ਕਹਾਣੀ ਦੀ ਰਚਨਾ ਵਿਧੀ ਬਿਰਤਾਂਤਕ ਹੈ, ਵਰਣਨੀ ਨਹੀਂ। ਕੋਈ ਵੀ ਸਥਿਤੀ ਭਾਵੇਂ ਪ੍ਰਾਕ੍ਰਿਤਕ ਹੈ ਜਾਂ

ਸਾਂਸਕ੍ਰਿਤਿਕ ਉਹ ਵਿਰੋਧੀ ਤੱਤਾਂ ਦੀ ਬਣੀ ਹੁੰਦੀ ਹੈ। ਇਹਨਾਂ ਤੱਤਾਂ ਦੇ ਤਣਾਉ/ਟਕਰਾਉ ਵਿੱਚ ਹੀ ਸਥਿਤੀ ਦੀ ਹੋਂਦ ਅਤੇ ਗਤੀਸ਼ੀਲਤਾ ਹੈ। ਸੋ ਕਹਾਣੀ ਵਿੱਚ ਸਥਿਤੀ ਹਮੇਸ਼ਾ ਤਣਾਉ/ਟਕਰਾਉ ਰੂਪ ਵਿੱਚ ਪੇਸ਼ ਹੁੰਦੀ ਹੈ।(17-19)

1.7.1. **ਪੰਜਾਬੀ ਕਹਾਣੀ**: ਇਸ ਤਰ੍ਹਾਂ ਕਹਾਣੀ ਦਾ ਆਰੰਭ ਮਨੁੱਖੀ ਜੀਵਨ ਦੇ ਆਦਿ ਨਾਲ ਜੁੜਿਆ ਹੋਇਆ ਹੈ। ਜਦੋਂ ਮਨੁੱਖ ਬੋਲ ਕੇ ਆਪਣੀ ਗੱਲ ਸੁਣਾਉਣ, ਸਮਝਾਉਣ ਦੇ ਯੋਗ ਹੋਇਆ। ਉਸ ਸਮੇਂ ਤੋਂ ਹੀ ਕਹਾਣੀ ਦਾ ਜਨਮ ਹੋਇਆ ਮੰਨਿਆ ਜਾਣਾ ਚਾਹੀਦਾ ਹੈ, ਕਿਉਂਕਿ ਮੁੱਢਲਾ ਕਬੀਲਾ ਯੁੱਗ ਵਿੱਚ ਜਦੋਂ ਮਨੁੱਖ ਆਪਣਾ ਢਿੱਡ ਭਰਨ ਲਈ ਕੀਤੇ ਯਤਨਾਂ ਬਾਰੇ ਆਪਣੇ ਕਬੀਲੇ ਦੇ ਲੋਕਾਂ ਨੂੰ ਘਟਨਾਵਾਂ ਸੁਣਾਉਂਦਾ ਹੋਵੇਗਾ, ਉਸ ਕਾਰਜ ਵਿੱਚੋਂ ਹੀ ਕਹਾਣੀ ਉਗਮੀ ਹੋਵੇਗੀ। ਘਟਨਾਵਾਂ ਦਾ ਵਾਪਰਨਾ ਜਿੱਥੇ ਜੀਵਨ ਦਾ ਅਹਿਮ ਹਿੱਸਾ ਹੈ ਉੱਥੇ ਘਟਨਾਵਾਂ ਨੂੰ ਦੂਜਿਆਂ ਨਾਲ ਸਾਂਝਾ ਕਰਨਾ ਮਨੁੱਖੀ ਰੁਚੀ ਦੀ ਲੋੜ ਹੈ। ਇਸ ਤਰਾਂ ਕਹਾਣੀ ਮਨੁੱਖੀ ਸਭਿਅਤਾ ਦੇ ਵਿਕਾਸ ਨਾਲ ਕਦਮ ਮਲਾਈ ਚਲੀ ਆਉਂਦੀ ਹੈ। ਬਾਤਾਂ, ਬੁਝਾਰਤਾਂ, ਪਰੀ ਕਹਾਣੀਆਂ, ਲੋਕ ਕਹਾਣੀਆਂ, ਸਾਖੀਆਂ, ਸਫ਼ਰਨਾਮੇ, ਯਾਦਾਂ, ਹੱਡ-ਬੀਤੀਆਂ ਕਹਾਣੀਆਂ ਪੰਜਾਬੀ ਕਹਾਣੀ ਦੇ ਹੀ ਵੱਖੋ- ਵੱਖਰੇ ਵਿਕਾਸ ਪੜਾਅ ਅਤੇ ਕਿਸਮਾਂ ਹਨ। ਕਿਸੇ ਵੀ ਸਾਹਿਤ ਰੂਪ ਨੂੰ ਪਰਿਭਾਸ਼ਤ ਕਰਨਾ ਕਠਨ ਕਾਰਜ ਹੈ।ਵੱਖ-ਵੱਖ ਵਿਦਵਾਨ ਇਸ ਬਾਰੇ ਆਪਣੇ ਵੱਖ-ਵੱਖ ਵਿਚਾਰ ਦਿੰਦੇ ਹਨ। ਕੋਈ ਕਿਸੇ ਪੱਖ ਤੇ ਜ਼ੋਰ ਦਿੰਦਾ ਹੈ ਤੇ ਕੋਈ ਕਿਸੇ ਪੱਖ ਤੇ। ਸੋ ਕਹਾਣੀ ਦੀ ਆਤਮਾ ਦੀ ਪਹਿਚਾਣ ਲਈ ਵੱਖੋ-ਵੱਖਰੀਆਂ ਪਰਿਭਾਸ਼ਾਵਾਂ ਦੀ ਜਾਣਕਾਰੀ ਜ਼ਰੂਰੀ ਹੈ। ਐੱਚ.ਸੀ.ਬੇਟਸ ਨਿੱਕੀ ਕਹਾਣੀ ਬਾਰੇ ਆਪਣੇ ਕਿਤਾਬ *ਦਾ ਮਾਡਰਨ ਸ਼ਾਟ ਸਟੋਰੀ ਪ੍ਰੀਫੇਸ* 'ਚ ਦੱਸਦਾ ਹੈ ਕਿ:

> ਰਾਗ ਵਿੱਦਿਆ ਜਾਂ ਛਪਾਈ ਲਈ ਤਾਂ ਹਰ ਇੱਕ ਵਿਅਕਤੀ ਸਾਲਾਂ-ਬੱਧੀ ਸਖ਼ਤ ਸਿਖਲਾਈ ਦਾ ਸਮਾਂ ਗੁਜ਼ਰਨ ਲਈ ਤਿਆਰ ਹੋ ਜਾਂਦਾ ਹੈ ਪਰ ਨਿੱਕੀ ਕਹਾਣੀ ਲਿਖਣ ਲਈ, ਜੋ ਵੀ ਵਿਅਕਤੀ ਦੋ ਚਾਰ ਵਾਕ ਲਿਖ ਸਕਦਾ ਹੈ, ਸਿਖਲਾਈ ਲਈ ਸਮਾਂ ਲਗਾਉਣਾ, ਜ਼ਰੂਰੀ ਨਹੀਂ ਸਮਝਦਾ(7)

ਨਿੱਕੀ ਕਹਾਣੀ ਵਿੱਚਲੀ ਜੀਵਨ ਦੀ ਵਿਆਪਕਤਾ ਅਤੇ ਵਿਸ਼ੇ ਦੀ ਵਿਭਿੰਨਤਾ ਨੂੰ ਆਪਣੇ ਚੁਣੇ ਮੰਤਵ

ਦੀ ਸਿੱਧੀ ਲਈ, ਇਸ ਵਿੱਚਲੀ ਲਚਕ ਨੂੰ ਵੀ ਸਭ ਤੋਂ ਜ਼ਰੂਰੀ ਮੰਨਦਾ ਹੈ(15)

ਸਮਕਾਲੀ ਕਹਾਣੀ ਬਾਰ ਜੈਮਜ਼ ਡਬਲਿਊ ਲਿਨ ਆਪਣੀ ਰਚਨਾ *ਸਮਕਾਲੀ ਪੰਜਾਬੀ ਕਹਾਣੀ* ‘ਚ ਦਸਦੇ ਨੇ:

ਇੱਕ ਪਾਤਰ ਦੇ ਜੀਵਨ ਦੀ ਪਰਿਵਰਤਨਸ਼ੀਲ ਘਟਨਾ ਦਾ ਨਾਟਕੀ ਢੰਗ ਨਾਲ ਸੰਖੇਪ ਪ੍ਰਕਥਨ ਹੀ ਕਹਾਣੀ ਹੈ।ਕਹਾਣੀ ਵਿੱਚ ਤੀਖਣਤਾ ਲਈ ਕਹਾਣੀਕਾਰ ਆਪਣੀ ਕਹਾਣੀ ਵਿੱਚ ਨਾਟਕੀਅਤਾਂ ‘ਤੇ ਬਲ ਦਿੰਦਾ ਹੈ ਜਿਸ ਕਾਰਨ ਕਹਾਣੀ ਵਿੱਚ ਇੱਕ ਅਨੋਖੀ ਚਮਕ ਆ ਜਾਂਦੀ ਹੈ। ਇਸੇ ਗੱਲ ਤੇ ਜ਼ੋਰ ਦਿੰਦੇ ਗੁਰਮੁਖ ਸਿੰਘ ਜੀਤ ਕਹਿੰਦੇ ਹਨ "ਕਿਸੇ ਗੱਲ ਦੇ ਨਾਟਕੀ ਬਿਆਨ ਨੂੰ ਕਹਾਣੀ ਆਖਦੇ ਹਨ। (20)

ਇਸੇ ਤਰ੍ਹਾਂ ਕਹਾਣੀ ਇੱਕ ਨਿਸ਼ਚਿਤ ਮੰਤਵ ਜਾਂ ਪ੍ਰਭਾਵ ਦਾ ਹੀ ਨਾਟਕੀ ਰੂਪ ਹੈ। ਇਸ ਤੋਂ ਇਲਾਵਾ ਕਹਾਣੀ ਵਿੱਚ ਪਾਠਕ ਜਾਂ ਸਰੋਤੇ ਨੂੰ ਟੁੰਬਣ ਵਾਲੀ ਨਾਟਕੀਅਤਾ ਹੋਣੀ ਚਾਹੀਦੀ ਹੈ ਅਜਿਹੇ ਵਰਣਨ ਤੋਂ ਬਗੈਰ ਕਹਾਣੀ, ਕਹਾਣੀ ਨਹੀਂ ਕਹੀ ਜਾ ਸਕਦੀ ਤੇ ਨਾਲ ਹੀ ਕਹਾਣੀ ਵਿੱਚ ਸੰਖੇਪਤਾ ਹੋਣੀ ਚਾਹੀਦੀ ਹੈ।ਕਹਾਣੀ ਵਿੱਚ ਸੰਖੇਪਤਾ ਤੋਂ ਕਈ ਵਾਰ ਇਹ ਸ਼ੱਕ ਪੈਦਾ ਹੁੰਦਾ ਹੈ ਕਿ ਕਹਾਣੀ ਸਾਧਾਰਨ ਜਿਹੀ ਕਲਾਕ੍ਰਿਤ ਹੈ ਪਰ ਕਹਾਣੀ ਦੇ ਪਾਤਰ ਜ਼ਰੂਰ ਸਾਧਾਰਨ ਹੁੰਦੇ ਹਨ ਪਰ ਕਹਾਣੀਕਾਰ ਉਨ੍ਹਾਂ ਦੀ ਅਸਧਾਰਨਤਾ ਨੂੰ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਇੱਕ ਥਾਂ ਦਲੀਪ ਕੌਰ ਟਿਵਾਣਾ ਵੀ ਕਹਾਣੀ ਕਲਾ ‘ਚ ਲਿਖਦੀ ਹੈ ਕਿ:

ਅੱਜ ਦੀ ਕਹਾਣੀ ਮਨੁੱਖ ਨੂੰ ਹੈਰਾਨ ਕਰਨ ਲਈ ਉਸ ਦੀ ਉਤਸੁਕਤਾ ਜਗਾਉਣ ਲਈ ਅਸਾਧਾਰਨ ਪਾਤਰ ਅਸਾਧਾਰਨ ਘਟਨਾਵਾਂ ਲੱਭ-ਲੱਭ ਕੇ ਨਹੀਂ ਲਿਆਉਂਦੀ ਸਗੋਂ ਉਹ ਸਾਧਾਰਨ ਮਨੁੱਖ ਦੀ ਸਾਧਾਰਨ ਜ਼ਿੰਦਗੀ ਦੀ ਹੀ ਗੱਲ ਕਰਦੀ ਹੈ।(8)

ਕਿਉਂਕਿ ਅਕਾਰ ਵਿੱਚ ਛੋਟੀ ਹੋਣ ਕਾਰਨ ਨਿੱਕੀ ਕਹਾਣੀ ਬਾਰੇ ਕਈ ਆਲੋਚਕ ਇਸ ਗੱਲ ਤੇ ਜ਼ੋਰ ਦਿੰਦੇ ਸਨ ਕਿ ਜ਼ਿਆਦਾ ਕਹਾਣੀਕਾਰ ਆਪਣੀ ਇੱਕ ਨਿੱਕੀ ਕਹਾਣੀ ਵਿੱਚ ਇੱਕ ਮੁਖੀ ਪਾਤਰ ਜਾਂ ਇੱਕ ਮੁਖੀ ਘਟਨਾ ਦੀ ਹੀ ਚੋਣ ਕਰੇ ਤਾਂ ਕਿ ਉਹ ਇਸ ਨੂੰ ਨਿੱਕੀ ਹੀ ਰੱਖ ਕੇ ਕਲਾਤਮਕ ਤੇ ਪ੍ਰਭਾਵਸ਼ਾਲੀ ਤਰੀਕੇ ਨਾਲ

ਨਿਭਾਅ ਸਕੇ, ਪਰ ਅੱਜ ਦੀ ਕਹਾਣੀ ਅਜਿਹੀ ਨਹੀਂ ਹੈ, ਮਿਸਾਲ ਦੇ ਤੌਰ ਤੇ ਅਸੀਂ ਵਰਿਆਮ ਸੰਧੂ, ਵੀਨਾ ਵਰਮਾ ਤੇ ਲਾਲ ਸਿੰਘ ਦੀਆਂ ਕਹਾਣੀਆਂ ਦੇਖ ਸਕਦੇ ਹਾਂ। ਬੇਟਸ, ਨਿੱਕੀ ਕਹਾਣੀ ਵਿੱਚਲੀ ਜੀਵਨ ਦੀ ਵਿਆਪਕਤਾ ਅਤੇ ਵਿਸ਼ੇ ਦੀ ਭਿੰਨਤਾ ਨੂੰ ਆਪਣੇ ਚੁਣੇ ਮੰਤਵ ਦੀ ਸਿੱਧੀ ਲਈ ਇਸ ਵਿੱਚਲੀ ਲਚਕ ਨੂੰ ਸਭ ਤੋਂ ਜ਼ਰੂਰੀ ਮੰਨਦਾ ਹੈ ਇੰਞ ਵੀ ਕਿਹਾ ਜਾ ਸਕਦਾ ਹੈ ਕਿ ਉਹ ਸ਼ੈਲੀ ਨੂੰ ਮਹਾਨਤਾ ਦਿੰਦਾ ਹੈ ਜਿਹੜੀ ਵੱਖ-ਵੱਖ ਮਸਾਲੇ ਨੂੰ ਆਪਣੇ ਆਸ਼ੇ ਅਨੁਸਾਰ ਢਾਲਦੀ ਹੈ। ਇਸ ਨੇ ਨਿੱਕੀ ਕਹਾਣੀ ਦੀ ਨਬਜ਼ ਪਕੜ ਕੇ ਉਸ ਦੀ ਖ਼ਾਸੀਅਤ ਲੱਭੀ ਹੈ ਕਿਉਂਕਿ ਇਹ ਇਸ ਦੀ ਲਚਕ ਹੀ ਹੈ ਜਿਸ ਕਾਰਨ ਕਹਾਣੀ ਸਮੇਂ ਦੀ ਲੋੜ ਅਤੇ ਹਵਾ ਅਨੁਸਾਰ ਆਪਣਾ ਰੂਪ ਬਦਲ ਕੇ ਮਨੁੱਖਤਾ ਦੀ ਸੇਵਾ ਕਰਦੀ ਹੈ ਅਤੇ ਉਸ ਦੇ ਜਜ਼ਬਾਤ ਆਪਣੇ ਜ਼ਮੀਰ ਵਿੱਚ ਜਜ਼ਬ ਕਰਦੀ ਹੈ। ਬਦਲ ਕੇ ਮਨੁੱਖਤਾ ਦੀ ਸੇਵਾ ਕਰਦੀ ਹੈ ਅਤੇ ਉਸਦੇ ਜਜ਼ਬਾਤ ਆਪਣੇ ਜ਼ਮੀਰ ਵਿੱਚ ਜਜ਼ਬ ਕਰਦੀ ਹੈ। ਐੱਚ.ਜੀ ਵੈਲਸ ਦੁਆਰਾ ਕਹਾਣੀ ਨੂੰ ਗਿਣਤੀ-ਮਿਣਤੀ ਦੇ ਸ਼ਬਦਾਂ ਵਿੱਚ ਲਿਖਣ ਅਤੇ ਇੱਕ ਖ਼ਾਸ ਸਮੇਂ ਵਿੱਚ ਇਸ ਨੂੰ ਬੰਨ੍ਹਣ ਲਈ ਕਹਿਣ ਦੀ ਪ੍ਰਵਿਰਤੀ ਬਹੁਤ ਸਾਰੇ ਹੋਰ ਆਲੋਚਕਾਂ ਵਿੱਚ ਵੇਖੀ ਜਾ ਸਕਦੀ ਹੈ। ਪਰੰਤੂ ਇਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਕਹਾਣੀ ਦੀ ਲੰਬਾਈ ਵਿਸ਼ੇ ਦੇ ਵਿਸਤਾਰ ਨਾਲ ਸੰਬੰਧਿਤ ਹੈ ਤੇ ਨਾਲ ਹੀ ਲੇਖਕ ਵੱਲੋਂ ਵਿਸ਼ੇ ਨੂੰ ਨਿਭਾਉਣ ਲਈ ਅਪਣਾਏ ਗਏ ਦ੍ਰਿਸ਼ਟੀਕੋਣ ਨਾਲ ਹੀ ਵਿਸ਼ੇ ਨੂੰ ਇੱਕ ਦ੍ਰਿਸ਼ਟੀਕੋਣ ਵਾਲਾ ਸਾਹਿਤਕਾਰ ਸੌ ਸ਼ਬਦਾਂ ਵਿੱਚ ਵੀ ਨਿਪਟਾ ਸਕਦਾ ਹੈ ਜਦਕਿ ਕੋਈ ਦੂਸਰੇ ਦ੍ਰਿਸ਼ਟੀਕੋਣ ਵਾਲਾ ਸਾਹਿਤਕਾਰ ਉਸੇ ਵਿਸ਼ੇ ਦਾ ਨਿਭਾਅ ਪੂਰੇ ਨਾਵਲ ਵਿੱਚ ਵੀ ਕਰ ਸਕਦਾ ਹੈ, ਅਸਲ ਵਿੱਚ ਵਿਸ਼ਾ ਤੇ ਉਸਦੇ ਨਿਭਾਅ ਦੀਆਂ ਅੰਦਰੂਨੀ ਲੋੜਾਂ ਰਚਨਾ ਦੇ ਛੋਟੇ ਜਾਂ ਵੱਡੇ ਹੋਣ ਦਾ ਨਿਰਣਾ ਕਰਦੀ ਹੈ ਸਮੇਂ ਦੀ ਇਸ ਉਪਰ ਕੋਈ ਪਾਬੰਦੀ ਨਹੀਂ।ਕੁਝ ਲੇਖਕ ਨਿੱਕੀ ਕਹਾਣੀ ਦੀ ਬਣਤਰ ਨੂੰ ਵਧੇਰੇ ਮਹੱਤਵਪੂਰਨ ਮੰਨਦੇ ਹਨ। ਫਰਾਂਸ ਦੇ ਪ੍ਰਸਿੱਧ ਕਹਾਣੀਕਾਰ ਮੋਪਾਸਾਂ ਅਨੁਸਾਰ ਨਿੱਕੀ ਕਹਾਣੀ ਦਾ ਇੱਕ ਨਿਸ਼ਚਿਤ ਮੁੱਡ, ਮੱਧ ਤੇ ਅੰਤ ਹੋਣਾ ਚਾਹੀਦਾ ਹੈ, ਉਸ ਦੀ ਬਣਤਰ ਤੇ ਜ਼ੋਰ ਦੇਣ ਦਾ ਮੁੱਖ ਕਾਰਨ ਇਹੀ ਹੈ ਕਿ ਮੁੱਢ ਵਿਚੋਂ ਮੱਧ ਨੇ ਨਿਕਲਣਾ ਹੈ ਤੇ ਮੱਧ ਵਿਚੋਂ ਅੰਤ ਨੇ। ਇਸ ਤਰ੍ਹਾਂ ਬਾਹਰੋਂ ਵੱਖ-ਵੱਖ ਦਿਸਣ ਵਾਲੇ ਕਹਾਣੀ ਦੇ ਅੰਗ ਅੰਤਰ-ਸੰਬੰਧਿਤ ਹੁੰਦੇ ਹਨ। ਇਸੇ ਕਾਰਨ ਹੀ ਸਟੀਵਕਸਨ ਇਨ੍ਹਾਂ ਦੇ ਆਪਸੀ

ਸੰਬੰਧਾਂ ਨੂੰ ਹੱਡ-ਮਾਸ ਦਾ ਰਿਸ਼ਤਾ ਦੱਸਦਾ ਹੈ। ਛੋਟੇ ਆਕਾਰ ਦੀ ਰਚਨਾ ਹੋਣ ਕਾਰਨ ਮੁੱਢ ਤੇ ਅੰਤ ਵੱਲ ਕਹਾਣੀਕਾਰ ਨੂੰ ਉਚੇਚਾ ਧਿਆਨ ਦੇਣਾ ਪੈਂਦਾ ਹੈ। ਜੋ ਆਲੋਚਨਾ ਕਹਾਣੀ ਨੂੰ ਲਕੀਰੀ ਬਿਆਨ ਮਾਤਰ ਮੰਨਦੇ ਹਨ, ਉਹ ਉਸਦੇ ਆਦਿ, ਮੱਧ ਤੇ ਅੰਤ ਦੀ ਗੱਲ ਕਰਦੇ ਹਨ। ਪਰ ਅਜੋਕੀ ਕਹਾਣੀ ਇਸ ਤਰ੍ਹਾਂ ਦੇ ਲਕੀਰੀ ਬਿਆਨ ਨੂੰ ਸਵੀਕਾਰ ਨਹੀਂ ਕਰਦੀ। ਇਹ ਕਹਾਣੀਕਾਰ ਉਪਰ ਨਿਰਭਰ ਕਰਦਾ ਹੈ ਕਿ ਉਹ ਕਹਾਣੀ ਅੰਤ ਤੋਂ ਸ਼ੁਰੂ ਕਰੇ ਕਿ ਬਾਕੀ ਹਿੱਸਾ ਫਲੈਸ਼ ਬੈਕ ਰਾਹੀਂ ਪ੍ਰਸਤੁਤ ਕਰੇ ਜਾਂ ਆਦਿ ਅੰਤ ਵਿੱਚ ਇੱਕੋ ਹੀ ਘਟਨਾ ਦਾ ਦੁਹਰਾਓ ਕਰੇ ਜਾਂ ਮੱਧ ਤੋਂ ਸ਼ੁਰੂ ਕਰ ਕੇ ਫਿਰ ਆਦਿ ਤੋਂ ਆਰੰਭ ਕਰ ਦੇਵੇ। ਮਨੋਵਿਗਿਆਨਕ ਵਿਧੀਆਂ ਨੇ ਵੀ ਇਸ ਲਕੀਰੀ ਬਿਆਨ ਨੂੰ ਤੋੜਨ ਵਿੱਚ ਹਿੱਸਾ ਪਾਇਆ ਹੈ। ਅਜੋਕੀ ਉੱਘੜ-ਦੁਘੜੀ ਸਮਾਜਿਕ ਯਥਾਰਥ ਜਾਂ ਐਬਸਰਡਿਟੀ ਨੇ ਵੀ ਪੁਰਾਤਨ ਤਕਨੀਕ ਨੂੰ ਬਦਲਕੇ ਰੱਖ ਦਿੱਤਾ ਹੈ। ਸ਼ੁਰੂ-ਸ਼ੁਰੂ ਵਿੱਚ ਕਹਾਣੀਆਂ ਨੂੰ ਬਾਤਾਂ ਪਾਉਣਾ ਕਿਹਾ ਜਾਂਦਾ ਹੈ। ਬਾਤ ਸੁਣਨ ਤੇ ਸੁਣਾਉਣ ਦਾ ਸ਼ੌਕ ਸ਼ੁਰੂ ਤੋਂ ਹੀ ਪੰਜਾਬੀਆਂ ਨੂੰ ਰਿਹਾ ਹੈ ਪਰੰਤੂ ਅਜੋਕੀ ਜਾਗ੍ਰਿਤੀ ਤੋਂ ਪਹਿਲਾਂ ਸਾਰਾ ਪਿੜ ਲੌਕਿਕ ਬਾਤਾਂ, ਰੁਮਾਂਚਿਤ, ਧਾਰਮਿਕ ਸਾਖੀਆਂ ਤੇ ਮਿਥਿਹਾਤਸਕ ਕਥਾਵਾਂ ਨੇ ਮੱਲ੍ਹੀ ਰੱਖਿਆ ਸੀ।ਪੰਜ ਪਾਣੀਆਂ ਦੀ ਧਰਤੀ ਪੰਜਾਬ ਵਿੱਚ ਲੋਕ ਗੀਤ ਦੀ ਤਰ੍ਹਾਂ ਲੋਕ ਕਹਾਣੀਆਂ ਦੀ ਵੀ ਭਰਮਾਰ ਰਹੀ ਹੈ। ਇੱਕ ਵਿਅਕਤੀ ਦੀ ਕਿਰਤ ਹੋਣ ਤੇ ਵੀ ਇਹ ਸਭ ਦੀ ਸਾਂਝੀ ਕਿਰਤ ਬਣ ਕੇ ਰਹਿ ਗਈ। ਆਸ਼ੂਤੋਸ਼ ਭੱਟਾਚਾਰੀਆ ਦੇ ਬੰਗਾਲ ਦੀ ਲੋਕ ਧਾਰਾ ਵਿੱਚ ਲੇਖ ਮੌਲਿਕ ਸਾਹਿਤ ਦਾ ਅਨੁਵਾਦ ਕਰਦੇ ਡਾ. ਕਰਮਜੀਤ ਲਿਖਦੇ ਹਨ ਕਿ:

> ਆਮ ਤੌਰ ਤੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮੂਲ ਰੂਪ ਵਿੱਚ ਮੌਲਿਕ ਸਾਹਿਤ ਵਿਅਕਤੀ ਦੀ ਸਿਰਜਣਾ ਹੈ। ਮੁੜ ਸਿਰਜਣ ਦੀ ਪ੍ਰਕ੍ਰਿਆ ਵਿੱਚ ਅਤੇ ਲਗਾਤਾਰ ਪਰਿਵਰਤਨ ਵਿੱਚ ਪੈਣ ਕਾਰਨ ਇਹ ਸਮੂਹ ਦੀ ਪੈਦਾਵਾਰ ਬਣ ਜਾਂਦਾ ਹੈ ਇਸ ਤਰ੍ਹਾਂ ਮੌਲਿਕ ਸਾਹਿਤ ਵਿਅਕਤੀ ਵਿਸ਼ੇਸ਼ ਤੋਂ ਪੈਦਾ ਹੋਈ ਸਮੂਹਿਕ ਤੌਰ ਤੇ ਪੁਨਰ-ਸਿਰਜਿਤ ਕਰਦਾ ਹੈ।(179)

ਇਸ ਤਰ੍ਹਾਂ ਪਹਿਲਾਂ ਇਹ ਲੋਕ ਕਹਾਣੀਆਂ ਮੌਲਿਕ ਰੂਪ ਵਿੱਚ ਪੀੜ੍ਹੀ-ਦਰ-ਪੀੜ੍ਹੀ ਚੱਲਦੀਆਂ ਰਹੀਆਂ। ਬਾਅਦ ਵਿੱਚ ਇਨ੍ਹਾਂ ਨੂੰ ਲਿਪੀਬੱਧ ਕੀਤਾ ਗਿਆ।ਇਹ ਚਿਰਕਾਲ ਤੋਂ ਸਾਡੀ ਮਾਨਸਿਕ, ਸਰੀਰਕ ਤੇ

ਆਤਮਿਕ ਭੁੱਖ ਤ੍ਰਿਪਤਾਉਣ ਦੇ ਹਰਮਨ ਪਿਆਰੇ ਸਾਧਨ ਵੀ ਬਣੀਆਂ ਰਹੀਆਂ ਹਨ। ਪਰ ਅੱਜ ਕੱਲ੍ਹ ਮਨ ਪ੍ਰਚਾਵੇ ਦਾ ਸਾਧਨ ਟੀ.ਵੀ. ਬਣ ਗਿਆ। ਉਹੀ ਪੁਰਾਣੀਆਂ ਲੋਕ ਕਥਾਵਾਂ ਟੀ.ਵੀ. ਸੀਰੀਅਲ ਬਣਾ ਕੇ ਦਿਖਾਈਆਂ ਜਾਂਦੀਆਂ ਹਨ। ਬੱਚੇ ਚੰਨ-ਚਾਨਣੀਆਂ ਰਾਤਾਂ ਤੇ ਸਿਆਲੀ ਰਾਤਾਂ ਵਿੱਚ ਕਹਾਣੀਆਂ ਸੁਣਨ ਦੀ ਬਜਾਏ ਦੇਖਣਾ ਜ਼ਿਆਦਾ ਪਸੰਦ ਕਰਦੇ ਹਨ। ਪੁਰਾਤਨ ਕਥਾ-ਕਹਾਣੀ ਸਾਹਿਤ ਸਾਡਾ ਕੌਮੀ ਵਿਰਸਾ ਹੈ, ਇਸ ਲਈ ਸਾਂਭ ਸੰਭਾਲ ਸਾਡਾ ਕੌਮੀ ਫ਼ਰਜ਼ ਹੈ। ਉੱਨ੍ਹੀਵੀਂ ਸਦੀ ਦੀ ਪਿਛਲੀ ਚੌਥਾਈ ਤੱਕ ਤਾਂ ਇਹ ਲੋਕ-ਬੁੱਲ੍ਹਾਂ ਉੱਤੇ ਹੀ ਖੇਡਦਾ ਰਿਹਾ ਅਤੇ ਲਿਖਤੀ ਰੂਪ ਪ੍ਰਾਪਤ ਨਾ ਕਰ ਸਕਿਆ। ਉੱਨ੍ਹੀਵੀਂ ਸਦੀ ਦੇ ਦੂਜੇ ਅੱਧ ਵਿੱਚ ਜਦੋਂ ਪੰਜਾਬ ਵਿੱਚ ਅੰਗਰੇਜ਼ੀ ਰਾਜ ਸਥਾਪਿਤ ਹੋ ਗਿਆ ਤੇ ਲੁਧਿਆਣੇ ਦੇ ਈਸਾਈ ਮਿਸ਼ਨ ਦਾ ਵੀ ਕਾਫ਼ੀ ਪ੍ਰਚਾਰ ਹੋ ਗਿਆ ਤਾਂ ਇੱਥੇ ਈਸਾਈ ਸਾਹਿਤ ਪੰਜਾਬੀ ਵਿੱਚ ਵੀ ਲਿਖਿਆ ਤੇ ਛਾਪਿਆ ਜਾਣ ਲੱਗਿਆ। ਇਨ੍ਹਾਂ ਨੇ ਨਾਵਲ ਤੇ ਕਹਾਣੀ ਨੂੰ ਵੀ ਪ੍ਰਚਾਰ ਅਧਿਐਨ ਵਜੋਂ ਆਪਣਾ ਲਿਆ। ਜਿੱਥੇ ਇੱਕ ਪਾਸੇ ਕੁਝ ਮੌਲਿਕ ਤੇ ਆਧਾਰਿਤਗਲਪ ਰਚਨਾ ਦਾ ਵੀ ਜਨਮ ਹੋਇਆ। ਕਈ ਪ੍ਰਕਾਰ ਦੇ ਟ੍ਰੈਕਟਾਂ ਦੀ ਵੀ ਰਚਨਾ ਕੀਤੀ ਗਈ।ਈਸਾਈ ਮਿਸ਼ਨਰੀਆਂ ਨੇ ਮੂਲ ਰੂਪ ਵਿੱਚ ਦੋ ਪ੍ਰਕਾਰ ਦਾ ਸਾਹਿਤ ਪੈਦਾ ਕੀਤਾ ਗਿਆ ਸਾਹਿਤ ਤੇ ਕਲਪਨਾ ਸਾਹਿਤ। ਜਿਸ ਦਾ ਉਦੇਸ਼ ਧਰਮ ਪ੍ਰਚਾਰ ਹੀ ਸੀ। ਗੁਰਚਰਨ ਸਿੰਘ ਅਰਸ਼ੀ *ਕਹਾਣੀ ਸਬੰਧੀ ਸਮੀਖਿਆ ਦਰਸ਼ਨ* ਵਿੱਚ ਲਿਖਦੇ ਨੇ:

> ਧਰਮ ਪ੍ਰਚਾਰਕ ਮਿਸ਼ਨਰੀਆਂ ਨੂੰ ਪਤਾ ਸੀ ਕਿ ਉਨ੍ਹਾਂ ਦੇ ਮੰਤਵ ਦੀ ਪੂਰਤੀ ਲਈ ਕਹਾਣੀ ਰੂਪ ਸਭ ਤੋਂ ਸਹਾਇਕ ਸਿੱਧ ਹੋ ਸਕਦਾ ਹੈ, ਕਿਉਂਕਿ ਕਹਾਣੀ-ਕਲਾ ਵਿੱਚ ਪ੍ਰਚਾਰ ਨੂੰ ਆਪਣੇ ਵਿੱਚ ਸਮਾਂ ਲੈਣ ਦੀ ਸ਼ਕਤੀ ਵਧੇਰੇ ਹੈ।(92)

ਸੋ ਈਸਾਈ ਮਿਸ਼ਨਰੀਆਂ ਨੇ ਕਾਫ਼ੀ ਮਾਤਰਾ ਵਿੱਚ ਕਹਾਣੀਆਂ ਦੀ ਰਚਨਾ ਕੀਤੀ ਇਨ੍ਹਾਂ ਬਾਰੇ ਅਨੁਮਾਨ ਹੈ ਕਿ ਇਹ ਕਹਾਣੀਆਂ ਸੌ ਦੇ ਕਰੀਬ ਹੋਣਗੀਆਂ। ਈਸਾਈ ਮਿਸ਼ਨਰੀਆਂ ਦੀਆਂ ਕੁਝ ਰਚਨਾਵਾਂ ਦੇ ਪੰਜਾਬੀ ਵਿੱਚ ਅਨੁਵਾਦ ਨੇ ਵੀ ਪੰਜਾਬੀ ਸਾਹਿਤ ਵਿੱਚ ਕਾਫ਼ੀ ਵਾਧਾ ਕੀਤਾ ਹੈ ਜਿਵੇਂ 'ਬਾਈਬਲ', 'ਮਸੀਹੀ' ਮੁਸਾਫ਼ਰ ਦੀ ਯਾਤਰਾ' ਤੇ 'ਪਿਲਗ੍ਰਿਮਜ਼ ਪ੍ਰੋਗ੍ਰੈਸ' ਆਦਿ। ਅਸਲ ਵਿੱਚ ਇਹੀ ਪੰਜਾਬੀ ਗਲਪ ਸਾਹਿਤ ਦੇ ਮੋਢੀ ਸਨ।

ਪਾਦਰੀਆਂ ਦੀ ਧਰਮ ਪ੍ਰਚਾਰਕ, ਧਰਮ ਪਲਟਣ ਅਤੇ ਕਹਾਣੀ ਰਚਣ ਦੀਆਂ ਕਾਰਵਾਈਆਂ ਦੇ ਪ੍ਰਤੀਕਰਮ ਵਜੋਂ ਸਿੰਘ ਸਭਾ ਲਹਿਰ ਚਲੀ। 1873 ਵਿੱਚ ਅੰਮ੍ਰਿਤਸਰ ਵਿਖੇ ਪਹਿਲੀ ਤੇ ਬਾਅਦ ਵਿੱਚ ਲਾਹੌਰ ਪਿਸ਼ਾਵਰ ਅਤੇ ਰਾਵਲ ਪਿੰਡੀ ਵਿੱਚ ਵੀ ਸਿੰਘ ਸਭਾਵਾਂ ਸਥਾਪਤ ਕੀਤੀਆਂ ਗਈਆਂ। ਇਸ ਲਹਿਰ ਦੇ ਸੰਚਾਲਕਾਂ ਵਿਚੋਂ ਭਾਈ ਵੀਰ ਸਿੰਘ ਪ੍ਰਮੁੱਖ ਸਨ। ਇਸ ਸੰਸਥਾ ਨੇ ਪਾਦਰੀਆਂ ਦੇ ਚੋਪਤੱਰੀਆਂ ਤੋਂ ਪ੍ਰੇਰਨਾ ਲੈ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਟ੍ਰੈਕਟ ਛਾਪੇ। ਭਾਈ ਵੀਰ ਸਿੰਘ ਦੇ ਬਹੁਤ ਸਾਰੇ ਟ੍ਰੈਕਟ 'ਗੁਰੂ ਨਾਨਕ ਚਮਤਕਾਰ', 'ਕਲਗ਼ੀਧਰ ਚਮਤਕਾਰ' ਆਦਿ ਪੁਸਤਕਾਂ ਵਿਚੋਂ ਇਕੱਤਰ ਕਰਕੇ ਮੁੜ ਛਾਪੇ ਗਏ। ਜੇਕਰ ਦੇਖਿਆ ਜਾਏ ਤਾਂ ਇਹ ਟ੍ਰੈਕਟ ਆਪਣੇ ਆਪ ਵਿੱਚ ਸੁਤੰਤਰ ਕਹਾਣੀਆਂ ਹੀ ਜਾਪਦੀਆਂ ਹਨ ਇਨ੍ਹਾਂ ਦੇ ਵਿਸ਼ਾ ਵਸਤੂ ਤਾਂ ਭਾਵੇਂ ਇਤਿਹਾਸ ਹੈ ਪਰ ਇਨ੍ਹਾਂ ਦੀ ਗੋਦ, ਵਾਰਤਾਲਾਪ ਤੇ ਪਾਤਰ ਉਸਾਰੀ ਉੱਤੇ ਕਰਤਾ ਦੀ ਆਪਣੀ ਕਲਾ ਤੇ ਕਲਪਨਾ ਦੀ ਛਾਪ ਲੱਗੀ ਹੁੰਦੀ ਹੈ।ਡਾ. ਸਵਿੰਦਰ ਸਿੰਘ ਉੱਪਲ ਆਧੁਨਿਕ ਕਹਾਣੀ ਸਬੰਧੀ ਆਪਣਾ ਮੱਤ ਦਿੰਦੇ ਹਨ ਕਿ:

> ਆਧੁਨਿਕ ਕਹਾਣੀ ਅਜੋਕੇ ਸਮੇਂ ਦਾ ਉਹ ਪ੍ਰਫੁੱਲਿਤ ਬੂਟਾ ਹੈ ਜਿਹੜਾ ਲੋਕ-ਕਹਾਣੀ ਦੀ ਭੂਮੀ ਵਿਚੋਂ ਪੁੰਗਰਿਆ ਹੈ, ਜਨਮ-ਸਾਖੀਆਂ ਦੇ ਲਿਖਤੀ ਰੂਪ ਰਾਹੀਂ ਨਿੱਘ ਮਾਣਦਾ ਰਿਹਾ ਹੈ, ਅਤੇ ਚਰਿੱਤਰ ਉਪਾਖਿਆਨ ਦੀ ਸੁਤੰਤਰ ਹੋਣ ਦੀ ਨਮੀ ਪ੍ਰਾਪਤ ਕਰਕੇ ਅੱਜ ਸੈਂਕੜੇ ਰੰਗ ਬਿਰੰਗੇ ਖਿੜੇ ਫੁੱਲਾਂ ਸਦਕਾ ਆਪਣੇ ਪੂਰੇ ਜੋਬਨ ਵਿੱਚ ਝੂਮ ਰਿਹਾ ਹੈ। ਇਸ ਦੀਆਂ ਜੜ੍ਹਾਂ ਵਿੱਚ ਗੁਣਾਢੇ ਵਰਗੇ ਮਹਾਨ ਲਿਖਾਰੀਆਂ ਨੇ ਆਪਣੇ ਸਮੁੱਚੇ ਜੀਵਨ ਅਨੁਭਵ ਦਾ ਖ਼ੂਨ ਸਿੰਜਿਆ ਹੈ। ਸਾਧਾ ਫ਼ਕੀਰਾਂ, ਰਮਤਿਆਂ ਨੇ ਆਪਣੇ ਉੱਤੇ ਬਚਨਾਂ ਤੇ ਸੁੱਚੇ ਸੁਖ਼ਨਾਂ ਰਾਹੀਂ ਆਪਣੇ ਕੀਮਤੀ ਅਧਿਆਤਮਕ ਵਿਚਾਰਾਂ ਦੀ ਵਡਮੁੱਲੀ ਖਾਦ ਪਾਈ ਹੈ ਅਤੇ ਪੰਜਾਬ ਦੇ ਨਿਡਰ ਅਤੇ ਜਾਨ ਉੱਤੇ ਖੇਡਣ ਵਾਲੇ ਹਜ਼ਾਰਾਂ ਲੋਕ ਨੇ ਕਹਾਣੀ ਦੀ ਖ਼ੁਸ਼ਬੂ ਨੂੰ ਸਾਰੇ ਲਾਗਵੇਂ ਦੇਸ਼ਾਂ ਵਿੱਚ ਪਹੁੰਚਾ ਕੇ ਇਸ ਦੀ ਧਾਕ ਜਮਾਈ ਹੈ। ਇਸ ਤਰ੍ਹਾਂ ਆਧੁਨਿਕ ਪੰਜਾਬੀ ਨਿੱਕੀ ਕਹਾਣੀ ਦੇ ਖ਼ਮੀਰ ਵਿੱਚ ਸਦੀਆਂ ਦੇ ਗਲਪ-ਸਾਹਿਤ ਦੀ ਵਿਰਾਸਤ ਹੈ, ਜਿਸ ਕਾਰਨ ਇਹ ਪੰਜਾਬੀਆਂ ਨੂੰ ਮਾਣ ਨਾਲ ਸਿਰ ਉੱਚਾ ਕਰਨ ਦਾ ਸਾਹਸ ਤੇ ਬਲ ਬਖ਼ਸ਼ਦੀ ਹੈ (40)

ਗੁਰਮੀਤ ਕਲੱਰ ਮਾਜਰੀ ਕਹਾਣੀ ਸਬੰਧੀ *ਕਹਾਣੀ ਬਿਰਤਾਂਤ* 'ਚ ਲਿਖਦੇ ਨੇ:

> ਪੰਜਾਬੀ ਕਹਾਣੀ ਨੂੰ ਇਸ ਪੱਧਰ ਤੇ ਪਹੁੰਚਾਉਣ ਵਾਲੇ ਉਹ ਲੋਕ ਸਨ ਜਿਨ੍ਹਾਂ ਨੂੰ ਪੱਛਮੀ ਸੱਭਿਆਚਾਰ ਦਾ ਭਰਵਾਂ ਗਿਆਨ ਸੀ ਅਤੇ ਨਿਸ਼ਚੇ ਹੀ ਉਹ ਭਾਰਤੀ ਅਰਥ ਵਿਵਸਥਾ ਦੇ ਬਦਲਦੇ ਧਰਾਤਲਾਂ ਨਾਲ ਜੁੜੇ ਸਨ।(16)

ਉਂਜ ਤਾਂ ਸਾਡੇ ਦੇਸ਼ ਪੰਜਾਬ ਤੇ ਕਈ ਧਾੜਵੀਆਂ ਨੇ ਹਮਲੇ ਕੀਤੇ, ਟਿਕੇ ਤੇ ਰਾਜ ਵੀ ਕੀਤਾ, ਆਪਣੀ ਸੰਸਕ੍ਰਿਤੀ, ਭਾਸ਼ਾ ਅਤੇ ਸੱਭਿਆਚਾਰ ਦੁਆਰਾ ਪੰਜਾਬੀਆਂ ਦੀ ਜੀਵਨ ਜਾਂਚ ਨੂੰ ਪ੍ਰਭਾਵਿਤ ਵੀ ਕੀਤਾ ਪਰ ਪੰਜਾਬ 'ਤੇ ਅੰਗਰੇਜ਼ਾਂ ਦਾ ਕਬਜ਼ਾ ਅਤੇ ਫਲਸਰੂਪ ਰਹਿਣੀ ਬਹਿਣੀ ਤੇ ਪਿਆ ਪ੍ਰਭਾਵ ਕੁਝ ਵਧੇਰੇ ਹੀ ਉੱਘੜਵਾਂ ਹੈ। ਉਹਨਾਂ ਦੀ ਭਾਸ਼ਾ ਤੇ ਸੱਭਿਆਚਾਰ ਬਾਕੀ ਹਮਲਾਵਰਾਂ, ਕਬਜਾਕਾਰਾਂ ਨਾਲੋਂ ਬਹੁਤ ਜ਼ਿਆਦਾ ਭਿੰਨਤਾ ਵਾਲੀ ਸੀ। ਵਖਰੇਵੇਂ ਦੇ ਨਾਲ-ਨਾਲ ਸਾਡੇ ਨਾਲੋਂ ਵੱਧ ਵਿਗਿਆਨਕ ਹੋਣ ਕਰਕੇ ਪ੍ਰਭਾਵਕਾਰੀ ਵੀ ਸੀ। ਇਸ ਪ੍ਰਭਾਵ ਨੇ ਪੰਜਾਬੀ ਜੀਵਨ ਦੇ ਨਾਲ-ਨਾਲ ਸਾਹਿਤ ਵਿੱਚ ਵੀ ਪਹਿਚਾਣਯੋਗ ਤਬਦੀਲੀ ਵਰਤਾਈ। ਇਸ ਤਬਦੀਲੀ ਦੇ ਪ੍ਰਤੱਖ ਵਖਰੇਵੇਂ ਨੇ ਆਧੁਨਿਕਤਾ ਦਾ ਸੰਕਲਪ ਦਿੱਤਾ। ਆਧੁਨਿਕਤਾ ਇੱਕ ਅਜਿਹਾ ਪੜਾਅ ਹੈ ਜੋ ਸਪੱਸ਼ਟ ਭਾਂਤ ਨਵੀਨਤਾ ਦੀ ਸ਼ੁਰੂਆਤ ਦਾ ਸੂਚਕ ਹੈ। ਇਸ ਤਰ੍ਹਾਂ ਪ੍ਰਾਚੀਨ ਅਤੇ ਮੱਧਕਾਲੀਨ ਕਹਾਣੀ ਦੀ ਨਿਰੰਤਰ ਇਤਿਹਾਸਕ ਲੜੀ ਵਿੱਚ ਆਧੁਨਿਕਤਾ ਅਜਿਹਾ ਮੋੜ ਹੈ ਜਿੱਥੇ ਅਸੀਂ ਹੁਣ ਵਰਤਮਾਨ ਦੀ ਹਰ ਕਸੌਟੀ ਦੀ ਸ਼ੁਰੂਆਤ ਕਰਦੇ ਹਾਂ। ਇਸੇ ਲਈ ਰਵਾਇਤੀ ਕਹਾਣੀ ਦੇ ਸਨਮੁਖ ਕਹਾਣੀ ਦਾ ਆਪਣਾ ਇੱਕ ਵੱਖਰਾ ਸਰੂਪ ਮੁਹਾਂਦਰਾ ਹੈ। ਆਧੁਨਿਕ ਪੰਜਾਬੀ ਕਹਾਣੀ ਦੇ ਇਤਿਹਾਸ ਵਿੱਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ 1913 ਵਿੱਚ ਲਿਖੀ ਗਈ 'ਪ੍ਰਤਿਮਾ' ਕਹਾਣੀ ਨਾਲ ਗੱਲ ਸ਼ੁਰੂ ਕੀਤੀ ਜਾਂਦੀ ਹੈ। ਇਸਾਈ ਮਿਸ਼ਨਰੀਆਂ ਦੇ ਚੌਪੱਤਰੇ, ਭਾਈ ਵੀਰ ਸਿੰਘ ਦੇ ਟ੍ਰੈਕਟ ਅਤੇ ਇਹਨਾਂ ਦੇ ਸਮਕਾਲੀ ਲੇਖਕ, ਹੀਰਾ ਸਿੰਘ ਦਰਦ, ਗੁਰਮੁਖ ਸਿੰਘ ਮੁਸਾਫ਼ਰ, ਮੋਹਨ ਸਿੰਘ ਦਿਵਾਨਾ ਅਤੇ ਨਾਨਕ ਸਿੰਘ ਹੋਰਾਂ ਵੱਲੋਂ ਲਿਖੀਆਂ ਸੁਧਾਰਵਾਦੀ, ਆਦਰਸ਼ਵਾਦੀ ਕਹਾਣੀਆਂ, ਪੰਜਾਬੀ ਕਹਾਣੀ ਦੇ ਮੁੱਢਲੇ ਸੁਹਿਰਦ ਯਤਨ ਹਨ। ਇਹ ਲੇਖਕ ਘਟਨਾਵਾਂ ਅਤੇ ਵਿਚਾਰਾਂ ਨੂੰ ਆਪਣੇ ਵਿਰਸੇ ਵਿੱਚ ਅਤੇ ਰੂਪ ਵਿਧੀ ਅੰਗਰੇਜ਼ੀ ਕਹਾਣੀ ਅਨੁਸਾਰ ਗ੍ਰਹਿਣ

ਕਰਕੇ ਪੰਜਾਬੀ ਕਹਾਣੀ ਦਾ ਮੁਹਾਂਦਰਾ ਪ੍ਰਦਾਨ ਕਰਨ ਲਈ ਯਤਨਸ਼ੀਲ ਰਹੇ ਹਨ। ਵੀਹਵੀਂ ਸਦੀ ਦੇ ਤੀਜੇ ਦਿਹਾਕੇ ਵਿੱਚ ਅਕਾਲੀ, ਫੁਲਵਾੜੀ, ਪ੍ਰੀਤਮ, ਕਿਰਤੀ ਆਦਿ ਰਸਾਲਿਆਂ ਨੂੰ ਕਹਾਣੀ ਦਾ ਮੂੰਹ ਮੱਥਾ ਸੰਵਾਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਵੀਹਵੀਂ ਸਦੀ ਦੇ ਚੌਥੇ ਦਹਾਕੇ ਵਿੱਚ ਅੰਗਰੇਜ਼ੀ ਵਿਦਿਆ ਦੇ ਪਸਾਰ ਦੇ ਨਤੀਜੇ ਜੋਂ ਫਰਾਇਡਵਾਦ, ਮਾਰਕਸਵਾਦ, ਪੂੰਜੀਵਾਦ ਅਜਿਹੀਆਂ ਲਹਿਰਾਂ ਪੰਜਾਬੀ ਲੇਖਕਾਂ ਦੀ ਚੇਤਨਾ ਨੂੰ ਪ੍ਰਭਾਵਿਤ ਕਰਕੇ ਆਪਣੇ ਪ੍ਰਭਾਵਾਂ ਦੀ ਸਾਹਿਤ ਵਿੱਚ ਦਖ਼ਲ ਅੰਦਾਜ਼ੀ ਵਧਾਉਂਦੀਆਂ ਹਨ। ਪਹਿਲੋਂ-ਪਹਿਲ ਇਹ ਨਵੀਂ ਚੇਤਨਾ ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ, ਸੁਜਾਨ ਸਿੰਘ ਅਤੇ ਮੋਹਨ ਸਿੰਘ ਦੀਆਂ ਕਹਾਣੀਆਂ ਵਿੱਚ ਪ੍ਰਗਟ ਹੋਣ ਲੱਗਦੀ ਹੈ ਫਿਰ ਇਹਨਾਂ ਵਿੱਚ ਬਲਵੰਤ ਗਾਰਗੀ, ਦੇਵਿੰਦਰ ਸਤਿਆਰਥੀ, ਸੰਤੋਖ ਸਿੰਘ ਧੀਰ, ਨੌਰੰਗ ਸਿੰਘ, ਸਰਿੰਦਰ ਸਿੰਘ ਨਰੂਲਾ, ਨਵਤੇਜ ਸਿੰਘ, ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਕੁਲਵੰਤ ਸਿੰਘ ਵਿਰਕ, ਸੁਰਜੀਤ ਸਿੰਘ ਸੇਠੀ, ਅੰਮ੍ਰਿਤਾ ਪ੍ਰੀਤਮ ਆਦਿ ਦਰਜਨਾਂ ਨਾਂ ਹੋਰ ਸ਼ਾਮਲ ਹੋ ਜਾਂਦੇ ਹਨ। ਇਹਨਾਂ ਲੇਖਕਾਂ ਨੇ ਕਹਾਣੀ ਨੂੰ ਅਦਾਰਸ਼ ਅਤੇ ਰਹੱਸ ਵੱਲ ਮੋੜ ਕੇ ਯਥਾਰਥ ਨਾਲ ਜੋੜਿਆ। ਸਧਾਰਨ ਮਨੁੱਖ ਦੀ ਸਾਧਾਰਨਤਾ ਨੂੰ ਕੇਂਦਰੀ ਮੁੱਦਾ ਬਣਾਇਆ। ਮਨੁੱਖੀ ਮਨ ਦੀਆਂ ਸੰਵੇਦਨਾਵਾਂ ਨੂੰ ਬੋਲ ਪ੍ਰਦਾਨ ਕੀਤੇ। ਸਥਿਤੀਆਂ ਨੂੰ ਕਾਲਪਨਿਕ ਰੂਪ ਦਿੱਤਾ। ਅਣਗੌਲ਼ਿਆ ਨੂੰ ਗੌਲਣਯੋਗ ਬਣਾਇਆ। ਸਿੱਟੇ ਵਜੋਂ, ਯਥਾਰਥਵਾਦੀ ਅਤੇ ਪ੍ਰਗਤੀਵਾਦੀ ਕਹਾਣੀ ਮੁੱਖ ਧਾਰਾ ਵਜੋਂ ਉੱਭਰ ਆਈ। ਪੰਜਵੇਂ ਦਹਾਕੇ ਵਿੱਚ ਇਸ ਧਾਰਾ ਦੇ ਸਮਵਿਥ ਹੀ ਸੁਰਜੀਤ ਸਿੰਘ ਸੇਠੀ, ਪ੍ਰੇਮ ਪ੍ਰਕਾਸ਼, ਗਿੱਲ ਚੌਹਾਨ, ਤਰਸੇਮ ਨੀਲਗਿਰੀ ਹੋਰਾਂ ਨੇ ਆਧੁਨਿਕਤਾਵਾਦੀ ਕਹਾਣੀਆਂ ਲਿਖੀਆਂ, ਭਾਵ ਮਨੁੱਖ ਦੀਆਂ ਵਿਅਕਤੀਗਤ ਸਮੱਸਿਆਵਾਂ, ਇੱਛਾਵਾਂ, ਤਣਾਵਾਂ ਨੂੰ ਮੂਰਤੀਮਾਨ ਕੀਤਾ। ਆਧੁਨਿਕਤਾਵਾਦ, ਵਿਚਿੱਤਰਤਾ ਅਤੇ ਹੈਰਾਨੀਜਨਕ ਪੇਸ਼ਕਾਰੀ ਵੱਲ ਰੁਚਿਤ ਸੀ। ਯਥਾਰਥਵਾਦੀਆਂ ਨੇ ਆਮ ਸਧਾਰਨ ਲੋਕਾਈ ਦੇ ਮਸਲਿਆਂ ਨੂੰ ਜਿਊਂਦੇ ਜਾਗਦੇ ਲੋਕਾਂ ਦੇ ਪ੍ਰਤੀਕਰਮ ਦੁਆਰਾ ਸਿਰਜਿਆ। ਔਰਤ ਕਹਾਣੀਕਾਰਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਅਤੇ ਦਲੀਪ ਕੌਰ ਟਿਵਾਣਾ,ਪ੍ਰਭਜੋਤ ਕੌਰ, ਬਚਿੰਤ ਕੌਰ, ਚੰਦਨ ਨੇਗੀ, ਅਜੀਤ ਕੌਰ ਆਦਿ ਨੇ ਨਾਰੀ ਮਨ ਦੀ ਯਥਾਰਥਕ ਪੇਸ਼ਕਾਰੀ ਦਾ ਰਾਹ ਅਪਣਾਇਆ। ਸੰਨ ਸੰਨਤਾਲੀ ਵਿੱਚ ਮਿਲੀ ਦੇਸ ਦੀ

ਅਜ਼ਾਦੀ ਅਤੇ ਦੇਸ਼ ਦੀ ਵੰਡ ਨੇ ਬਟਵਾਰੇ ਦੌਰਾਨ ਵਾਪਰੀਆਂ ਦਿਲ ਕੰਬਾਊ ਘਟਨਾਵਾਂ ਨੂੰ ਕਹਾਣੀ ਦਾ ਵਿਸ਼ਾ ਬਣਾਇਆ ਜਿਸ ਦੇ ਫਲਸਰੂਪ ਦੇਸ਼ ਵੰਡ ਨਾਲ ਸੰਬੰਧਿਤ ਕਹਾਣੀ ਦਾ ਆਪਣਾ ਇੱਕ ਵੱਖਰਾ ਸਥਾਨ ਨਿਸ਼ਚਿਤ ਹੋਇਆ ਹੈ। ਨਾਨਕ ਸਿੰਘ, ਦੁੱਗਲ, ਵਿਰਕ, ਮੁਸਾਫ਼ਰ, ਸੁਜਾਨ ਸਿੰਘ, ਗੁਰਬਚਨ ਭੁੱਲਰ, ਮਹਿੰਦਰ ਸਿੰਘ ਸਰਨਾ ਵੰਡ ਨਾਲ ਸੰਬੰਧਿਤ ਕਹਾਣੀ ਦੇ ਉੱਘੜਵੇਂ ਹਸਤਾਖ਼ਰ ਹਨ। ਅਰੰਭ ਤੋਂ ਹੀ ਭਾਵੇਂ ਕਹਾਣੀ ਵਿੱਚ ਨਾਰੀ ਮਨ ਨੂੰ ਪ੍ਰਤੀਬਿੰਬਤ ਕੀਤਾ ਜਾਂਦਾ ਰਿਹਾ ਹੈ ਅਤੇ ਮਰਦ ਲੇਖਕਾਂ ਨੇ ਵੀ ਇਸ ਵਰਗ ਦੀ ਪੇਸ਼ਕਾਰੀ ਪ੍ਰਤਿ ਕਲਾ ਦੀ ਯਥਾਯੋਗ ਵਰਤੋਂ ਕੀਤੀ ਹੈ ਪਰ ਕਹਾਣੀ ਖੇਤਰ ਵਿੱਚ ਸ਼ਾਮਲ ਹੋਈਆਂ ਉਪਰੋਕਤ ਵਰਣਿਤ ਇਸਤਰੀ ਕਹਾਣੀਕਾਰਾਂ ਨੇ ਮਰਦ ਲੇਖਕਾਂ ਨਾਲੋਂ ਵੱਖਰੀ ਭਾਂਤ ਦੀ ਦ੍ਰਿਸ਼ਟੀ, ਮਸਲੇ ਅਤੇ ਪੇਸ਼ਕਾਰੀ ਦਾ ਸਬੂਤ ਦਿੱਤਾ ਹੈ। ਛੇਵੇਂ, ਸੱਤਵੇਂ, ਅੱਠਵੇਂ, ਨੌਵੇਂ ਦਹਾਕਿਆਂ ਵਿੱਚ ਲਿਖੀ ਗਈ ਪੰਜਾਬੀ ਕਹਾਣੀ ਸਰਲ ਤੋਂ ਜਟਿਲ ਅਤੇ ਫਿਰ ਜਟਿਲਤਰ ਹੁੰਦੀ ਗਈ ਹੈ। ਕਥਾਨਕ ਵਿੱਚ ਉਪ-ਕਥਾਨਕਾਂ ਦੀ ਸ਼ਮੂਲੀਅਤ, ਸੰਘਣੀ, ਬਹੁ- ਪਰਤੀ, ਬਹੁ- ਪਸਾਰੀ ਸੰਰਚਨਾ ਅਤੇ ਪਾਤਰੀਕਰਨ ਦੀਆਂ ਨਵੀਨ ਵਭਿੰਨ ਵਿਧੀਆਂ ਕਹਾਣੀ ਨੂੰ ਜਟਿਲ ਅਤੇ ਤਣਾਉ ਯੁਕਤ ਬਣਾਉਂਦੀਆਂ ਹਨ। ਅਜੀਤ ਕੌਰ, ਰਘੁਬੀਰ ਢੰਡ, ਗੁਰਬਚਨ ਭੁੱਲਰ, ਵਰਿਆਮ ਸੰਧੂ, ਪ੍ਰੇਮ ਪ੍ਰਕਾਸ਼, ਰਾਮ ਸਰੂਪ ਅਣਖੀ, ਅਤਰਜੀਤ, ਗੁਰਦੇਵ ਰੁਪਾਣਾ, ਜਸਵੰਤ ਸਿੰਘ ਵਿਰਦੀ, ਜਸਬੀਰ ਭੁੱਲਰ, ਪ੍ਰੇਮ ਗੋਰਖੀ, ਬਲਦੇਵ ਸਿੰਘ, ਦਲਬੀਰ ਚੇਤਨ, ਜੋਗਿੰਦਰ ਕੈਰੋਂ, ਜੋਗਿੰਦਰ ਨਿਰਾਲਾ, ਨਰਪਿੰਦਰ ਰਤਨ, ਭੁਪਿੰਦਰ ਸਿੰਘ, ਪਰਗਟ ਸਿੱਧੂ, ਮੋਹਨ ਭੰਡਾਰੀ, ਤਰਸੇਮ , ਰਾਜਿੰਦਰ ਕੌਰ, ਮਹੀਪ ਸਿੰਘ, ਕੁਲਦੀਪ ਬੱਗਾ, ਗੁਰਮੁਖ ਸਿੰਘ ਜੀਤ, ਲੋਚਨ ਬਖ਼ਸ਼ੀ, ਸਵਿੰਦਰ ਸਿੰਘ ਉੱਪਲ, ਤਾਰਨ ਗੁਜਰਾਲ, ਕਾਨਾ ਸਿੰਘ, ਬਲਜੀਤ ਕੌਰ ਬਲੀ, ਕਿਰਪਾਲ ਕਜ਼ਾਕ ਵਜਹੇ ਕਹਾਣੀਕਾਰ, ਪੰਜਾਬੀ ਕਹਾਣੀ ਨੂੰ ਬਾਕੀ ਸਾਹਿਤਿਕ ਵਿਧਾਵਾਂ ਵਿੱਚੋਂ ਸ੍ਰੇਸ਼ਠ ਹੋਣ ਦਾ ਗੌਰਵ ਪ੍ਰਦਾਨ ਕਰਨ ਹਿਤ ਸੁਦ੍ਰਿੜ੍ਹ ਰਹੇ ਹਨ।

ਪਾਕਿਸਤਾਨੀ ਪੰਜਾਬੀ ਕਹਾਣੀ ਦਾ ਵੀ ਇੱਕ ਨਿਸ਼ਚਿਤ ਮਹੱਤਵ ਹੈ। ਦੇਸ਼ ਦੀ ਅਜ਼ਾਦੀ, ਦੇਸ਼ ਦੀ ਵੰਡ, ਪਾਕਿਸਤਾਨ ਦੀ ਕਾਇਮੀ ਅਤੇ ਬਟਵਾਰੇ ਦਾ ਦੁਖਾਂਤ ਪਾਕਿਸਤਾਨੀ ਪੰਜਾਬੀ ਕਹਾਣੀਕਾਰਾਂ ਵਾਸਤੇ

ਬਹੁਤ ਜਟਿਲ, ਵਿਰੋਧ - ਮੁਖੀ ਮਸਲੇ ਹਨ। 1960 ਤੱਕ ਉਹਨਾਂ ਨੂੰ ਸਮਝ ਹੀ ਨਹੀਂ ਆਈ ਕਿ ਇਹਨਾਂ ਮਸਲਿਆਂ ਵਿੱਚੋਂ ਕਿਸ ਬਾਰੇ ਲਿਖਣ ਪਰ ਅਫ਼ਜ਼ਲ ਅਹਿਸਾਨ ਅਹਿਸਨ ਰੰਧਾਵਾ, ਸਲੀਮ ਖਾਂ ਗਿਮੀ, ਹਨੀਫ਼ ਬਾਵਾ, ਮਨਸ਼ਾ ਯਾਦ, ਕੰਵਲ ਮੁਸ਼ਤਾਕ ਅਤੇ ਬਾਅਦ ਵਿੱਚ ਅਫ਼ਜ਼ਲ ਤੌਸੀਫ, ਇਲਿਆਸ ਘੁੰਮਣ, ਹਾਮਿਦ ਬੇਗ, ਤੌਕੀਰ ਚੁਗਤਾਈ ਆਦਿ ਲੇਖਕਾਂ ਨੇ ਉੱਤਮ ਗਲਪ ਰਚਨਾਵਾਂ ਦਿੱਤੀਆਂ ਹਨ। ਇਹਨਾਂ ਦੀਆਂ ਕਹਾਣੀਆਂ ਵਿੱਚ ਵੰਡ ਦੇ ਦੁਖਾਂਤ ਦੀਆਂ ਸਿਮ੍ਰਿਤੀਆਂ ਅਤੇ ਪਾਕਿਸਤਾਨੀ ਸ਼ਾਸਨ ਦੀ ਜਕੜ ਸੰਬੰਧੀ ਮਸਲੇ ਪੇਸ਼ਕ੍ਰਿਤ ਹਨ। ਲੋਕਰਾਜੀ ਪ੍ਰਕਿਰਿਆ ਦੀ ਕਮਜ਼ੋਰੀ ਕਾਰਨ ਇਹਨਾਂ ਦਾ ਪ੍ਰਗਟਾਵਾ ਸਪੱਸ਼ਟ ਹੋਣ ਦੀ ਥਾਂ ਪ੍ਰਤੀਕਮਈ ਵਧੇਰੇ ਹੈ। ਇਹਨਾਂ ਵਿੱਚ ਵੀ ਇਸਲਾਮਕ ਅਵਚੇਤਨ ਅਤੇ ਉਰਦੂ ਮੁਹਾਵਰਾ ਪ੍ਰਮੁੱਖ ਰਹਿੰਦੇ ਹਨ। ਪੰਜਾਬੀ ਕਹਾਣੀ ਦਾ ਇੱਕ ਮਹੱਤਵਪੂਰਨ ਖੇਤਰ ਪਰਵਾਸੀ ਕਹਾਣੀ ਹੈ। ਪਹਿਲ ਇੰਗਲੈਂਡ ਵਾਸੀਆਂ ਨੇ ਕੀਤੀ ਪਰ ਯੂਰਪ ਦੇ ਹੋਰ ਦੇਸ਼ਾਂ ਅਤੇ ਅਮਰੀਕਾ, ਅਫ਼ਰੀਕਾ, ਕੈਨੇਡਾ, ਜਪਾਨ ਆਦਿ ਮੁਲਕਾਂ 'ਚ ਵੱਸਦੇ ਪੰਜਾਬੀਆਂ ਦਾ ਵੀ ਇਸ ਨੂੰ ਭਰਵਾਂ ਯੋਗਦਾਨ ਪ੍ਰਾਪਤ ਹੈ। ਨਸਲਵਾਦ, ਪੀੜੀ ਪਾੜਾ, ਪਰਿਵਾਰ ਸੰਕਟ, ਸੱਭਿਆਚਾਰ, ਭਾਸ਼ਾ ਦੇ ਭਵਿੱਖੀ ਮਸਲੇ ਇਸ ਕਹਾਣੀ ਦੇ ਮੱਖ ਸਰੋਕਾਰ ਹਨ। ਰਘਬੀਰ ਢੰਡ, ਸਵਰਨ ਚੰਦਨ, ਪ੍ਰੀਤਮ ਵਸਧੂ, ਦਰਸ਼ਨ ਧੀਰ, ਅਮਨਪਾਲ ਸਾਰਾ, ਜਰਨੈਲ ਸਿੰਘ, ਸ਼ਿਵਚਰਨ ਗਿੱਲ, ਕੈਲਾਸ਼ ਪੁਰੀ, ਤਰਸੇਮ ਨੀਲਗਿਰੀ, ਰਾਣੀ ਨਗੇਂਦਰ, ਹਰਜੀਤ ਅਟਵਾਲ, ਵੀਨਾ ਰਮਾ, ਪਰਵੇਜ਼ ਸੰਧੂ, ਸੁਰਜੀਤ ਕਲਸੀ, ਪਰਮਜੀਤ ਮੋਮੀ, ਸਾਧੂ ਬਿਨਿੰਗ, ਬਲਬੀਰ ਮੋਮੀ, ਬਲਬੀਰ ਕੌਰ ਸੰਘੇੜਾ ਸਰਗਰਮ ਕਹਾਣੀਕਾਰ ਹਨ।

ਨੌਵੇਂ ਦਹਾਕੇ ਤੋਂ ਬਾਅਦ ਪੰਜਾਬੀ ਕਹਾਣੀ ਵਿੱਚ ਗਿਣਾਤਮਿਕਤਾ ਦੇ ਨਾਲ ਗੁਣਾਤਮਿਕ ਪੱਖੋਂ ਫਿਰ ਪਰਿਵਰਤਨ ਵਾਪਰਦਾ ਹੈ। ਦੇਸ਼ ਵੰਡ, ਰਾਸ਼ਟਰ ਨਿਰਮਾਣ, ਨੈਕਸਲਾਈਟ ਸੰਕਟ, ਹਰੀ ਕ੍ਰਾਂਤੀ, ਲਹਿਰਾਂ ਤੋਂ ਬਾਅਦ ਪੰਜਾਬ ਸਮੱਸਿਆ, ਮੰਡੀਕਰਨ, ਪੂੰਜੀਵਾਦੀ ਉਭਾਰ, ਮੀਡੀਏ ਦਾ ਪਸਾਰ, ਸਮਾਜਵਾਦ ਤੋਂ ਮੂੰਹ - ਫੇਰ, ਅਮਰੀਕੀ ਚਿਹਤ ਕੁਝ ਅਜਿਹੇ ਮਸਲੇ ਹਨ ਜੋ ਅਗਲੇ ਪੰਦਰਾਂ ਸਾਲਾਂ ਦੀ ਕਹਾਣੀ ਦੀ ਵਸਤੂ ਚੋਣ ਅਤੇ ਦ੍ਰਿਸ਼ਟੀਕੋਣ ਦਾ ਆਧਾਰ ਬਣਦੇ ਹਨ। ਵੱਖ - ਵੱਖ ਜਾਤਾਂ , ਕਿੱਤਿਆਂ, ਧਰਮਾਂ, ਖੇਤਰਾਂ, ਸਮਾਜਿਕ

ਰਗਾਂ ਦੇ ਇਹ ਕਹਾਣੀਕਾਰ ਆਪੋ - ਆਪਣੇ ਅਨੁਭਵਾਂ ਸੰਗ ਕੋਈ ਨਾ ਕੋਈ ਵਿਲੱਖਣਤਾ ਲੈ ਕੇ ਚਿੱਤਰਪਟ ਤੇ ਉੱਭਰਦੇ ਰਹੇ ਹਨ। ਪੇਂਡੂ ਜੀਵਨ ਸੰਬੰਧੀ ਲਿਖਣ ਵਾਲੇ ਯਥਾਰਥਵਾਦੀ ਅਤੇ ਸ਼ਹਿਰੀ ਲੇਖਕ ਫੈਂਟਸੀ ਜਿਹੀਆਂ ਜੁਗਤਾਂ ਵਲ ਪ੍ਰੇਰੇ ਗਏ ਹਨ। ਇਸਤਰੀ ਲੇਖਕਾਵਾਂ ਸਵੈ ਦੀ ਪਛਾਣ, ਔਰਤ ਮਰਦ ਸੰਬੰਧ, ਮਰਦਾਂ ਦਾ ਔਰਤ ਪ੍ਰਤੀ ਦ੍ਰਿਸ਼ਟੀਕੋਣ ਅਤੇ ਨਵ - ਪ੍ਰਵਿਰਤੀਆਂ ਪ੍ਰਤਿ ਟਕਰਾਅ ਅਤੇ ਤਣਾਅ ਨੂੰ ਆਧਾਰ ਬਣਾਉਂਦੀਆਂ ਹਨ। ਸਮੁੱਚੇ ਤੌਰ ਤੇ ਕਹਾਣੀਕਾਰਾਂ ਦੀ ਚੇਤਨਾ ਦਾ ਝੁਕਾਅ ਰਾਜਨੀਤਿਕ ਰੂਪ ਧਾਰਦਾ ਹੈ। ਨਵ-ਚਿੰਨ੍ਹ ਅਤੇ ਪ੍ਰਤੀਕ ਵਰਤੋਂ ਵਿੱਚ ਆਉਂਦੇ ਹਨ। ਨਵੀਂ ਪ੍ਰਕਾਰ ਦੀ ਮਿਲਗੋਭਾ ਸ਼ਬਦਾਵਲੀ ਪ੍ਰਚਲਿਤ ਹੋਈ ਹੈ। ਹਿੰਦੀ ਦੀ ਘੁਸਪੈਠ ਅਤੇ ਅੰਗਰੇਜ਼ੀ ਦਾ ਦਖ਼ਲ ਵਧਿਆ ਹੈ। ਵਿਸ਼ਵੀਕਰਨ ਦਾ ਬੋਲਬਾਲਾ ਹੋਇਆ ਹੈ। ਫਲਸਰੂਪ, ਕੰਪਿਊਟਰੀਕਰਨ, ਤੇਜ਼ ਰਫ਼ਤਾਰ ਆਵਾਜਾਈ ਅਤੇ ਸੰਚਾਰ ਪ੍ਰਣਾਲੀ, ਉੱਤਰਤਨਧਾਰਾ ਨੇ ਆਧੁਨਿਕ ਦਿਸ਼ਟੀਆਂ ਨੂੰ ਚਿਤਰਪਟ ਤੇ ਲਿਆਂਦਾ ਹੈ। ਅੰਤਰਰਾਸ਼ਟਰੀ ਸੈਮੀਨਾਰਾਂ, ਕਾਨਫ਼ਰੰਸਾਂ ਨੇ ਪੰਜਾਬੀ ਕਹਾਣੀ ਨੂੰ ਵਿਸ਼ਵਪੱਧਰੀ ਦਿਸ਼ਟੀ ਦੇ ਰੂ–ਬ-ਰੂ ਕੀਤਾ ਹੈ। ਸੰਕੀਰਨਤਾ, ਉਦਾਰਵਾਦ ਵਿੱਚ ਬਦਲੀ ਹੈ। ਪੂੰਜੀਵਾਦ ਦੀਆਂ ਸਮੂਹ ਅਲਾਮਤਾਂ ਕਹਾਣੀ ਦਾ ਵਸਤੂ ਬਣ ਰਹੀਆਂ ਹਨ। ਬੇਕਾਰੀ, ਬੇਵਸਾਹੀ, ਚਿੰਤਾ, ਧਾਰਮਿਕ ਪਰਤਾਊ, ਦੁੱਖ, ਤਕਲੀਫ਼ਾਂ, ਅਜੋਕੇ ਮਨੁੱਖ ਦੇ ਤਣਾਓ ਦਾ ਕਾਰਨ ਬਣਦੇ ਹਨ ਜਿਨ੍ਹਾਂ ਦਾ ਪੰਜਾਬੀ ਕਹਾਣੀ ਨੇ ਭਰਪੂਰ ਵਰਣਨ ਕੀਤਾ ਹੈ।

ਵਿਸ਼ਵੀਕਰਨ ਦੀਆਂ ਪ੍ਰਕਿਰਿਆ ਅਧੀਨ ਨਵ-ਉਤਪਾਦਨ ਵਿਧੀਆਂ, ਵਿਦਿਆ ਦੇ ਪਸਾਰ ਅਤੇ ਮੀਡੀਏ ਦੇ ਕਾਰਨ ਪੰਜਾਬੀਆਂ ਦੀ ਖੇਤੀਕਾਰੀ ਜੀਵਨ ਜਾਚ ਦੀ ਨਗਰੀਕਰਨ ਵੱਲ ਰੂਪਾਂਤਰ ਦੀ ਦਿਸ਼ਾ ਅਤੇ ਹੋਰ ਸਮਕਾਲੀ ਸਮੱਸਿਆਵਾਂ ਨਵੇਂ ਕਹਾਣੀਕਾਰਾਂ ਦੀ ਪਸੰਦ ਦਾ ਚੋਣ ਖੇਤਰ ਹੈ। ਵਰਿਆਮ ਸੰਧੂ, ਜਸਵਿੰਦਰ ਸਿੰਘ, ਜਰਨੈਲ ਸਿੰਘ, ਅਮਨਪਾਲ ਸਾਰਾ, ਇਲਿਆਸ ਘੁੰਮਣ, ਅਵਤਾਰ ਬਿਲਿੰਗ, ਮਨਮੋਹਨ ਬਾਵਾ, ਬਲਜਿੰਦਰ ਨਸਰਾਲੀ, ਬਲਦੇਵ ਧਾਲੀਵਾਲ, ਅਜਮੇਰ ਸਿੱਧੂ, ਜ਼ਿੰਦਰ, ਤਲਵਿੰਦਰ ਸਿੰਘ, ਬਲਵਿੰਦਰ ਗਰੇਵਾਲ, ਐੱਸ ਬਲਵੰਤ, ਗੁਰਦੇਵ ਸਿੰਘ ਚੰਦੀ, ਸੁਖਵੰਤ ਕੌਰ ਮਾਨ ਇਸ ਖੇਤਰ ਦੀ ਕਹਾਣੀ ਦੇ ਹਸਤਾਖ਼ਰ ਹਨ। ਵਿਸ਼ਵੀਕਰਨ ਦੀਆਂ ਅਲਾਮਤਾਂ ਇਹਨਾਂ ਦੀਆਂ ਕਹਾਣੀਆਂ ਦੀ ਮੁੱਖ ਸੁਰ ਹੈ।

ਉਪਭੋਗੀ ਮਾਨਵਸਕਤਾ ਇਸ ਕਹਾਣੀ ਦਾ ਕੇਂਦਰੀ ਮੁੱਦਾ ਹੈ। ਅਜਿਹੀ ਮਾਨਸਿਕਤਾ ਹੁਣ ਪੰਜਾਬੀ ਸਮਾਜ ਦੇ ਹੇਠਲੇ ਵਰਗਾਂ ਤੱਕ ਵੀ ਰਸਾਈ ਕਰ ਗਈ ਹੈ। ਰਾਖਵੇਂਕਰਨ ਦੀ ਨੀਤੀ ਤਹਿਤ ਨੌਕਰੀ ਪੇਸ਼ਾ ਦਲਿਤ ਵਰਗ ਅਤੇ ਬਹੁ ਗਿਣਤੀ ਕਾਮਾ ਦਲਿਤ ਵਰਗ ਦੀ ਆਪਸੀ ਕਸ਼ਮਕਸ਼ ਦੇ ਨਾਲ-ਨਾਲ ਸੁਵਰਨ ਜਾਤੀਆਂ ਨਾਲ ਟਕਰਾਅ ਦੀ ਸਥਿਤੀ 'ਚ ਆ ਜਾਣ ਨਾਲ ਹੋਰ ਵੀ ਸੰਕਟਸ਼ੀਲ ਸਥਿਤੀਆਂ ਉਸ ਦੇ ਰੂ–ਬ-ਰੂ ਹੋ ਰਹੀਆਂ ਹਨ। ਰਚਨਾਤਮਿਕ ਸ਼ਕਤੀ ਤੋਂ ਵਿਛੁੰਨਿਆ ,ਕਿਰਤ ਸ਼ਕਤੀ ਵੱਲ ਪਿੱਠ ਕਰੀ ਖੜ੍ਹਾ ,ਬੇਰੁਜ਼ਗਾਰੀ ਨਾਲ ਜੂਝ ਰਿਹਾ ਇਹ ਵਰਗ ਹੋਰ ਵੀ ਜ਼ਿਆਦਾ ਛਟਪਟਾਉਂਦਾ ਹੋਇਆ ਕਹਾਣੀ ਵਿੱਚ ਪੇਸ਼ ਹੋ ਰਿਹਾ ਹੈ। ਅਤਰਜੀਤ, ਪ੍ਰੇਮ ਗੋਰਖੀ, ਗੁਰਮੀਤ ਕੜਿਆਵਲੀ, ਲਾਲ ਸਿੰਘ, ਭਗਵੰਤ ਰਸੂਲਪੁਰੀ, ਸੁਖਦੇਵ ਮਾਦਪੁਰੀ, ਬਲਬੀਰ ਮਾਧੋਪੁਰੀ, ਮੱਖਣ ਮਾਨ, ਜਿੰਦਰ ਆਦਿ ਇਸ ਵਰਗ ਦੇ ਨੁਮਾਇੰਦਾ ਕਹਾਣੀਕਾਰ ਹਨ।

ਇਸ ਤਰ੍ਹਾਂ ਉਪਰੋਕਤ ਵਿਚਾਰ-ਚਰਚਾ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਵਰਤਮਾਨ ਪੰਜਾਬੀ ਕਹਾਣੀ ਵਿਕਸਿਤ ਪੂੰਜੀਵਾਦੀ ਪੱਛਮੀ ਮੁਲਕਾਂ ਦੀ ਵਿਸ਼ਵੀਕਰਨ ਦੇ ਪਰਦੇ ਪਿੱਛੇ ਹੋਂਦ ਵਿੱਚ ਲਿਆਂਦੀ ਜਾ ਰਹੀ ਨਵ-ਬਸਤੀਵਾਦੀ ਨੀਤੀ ਤੋਂ ਸੁਚੇਤ ਹੈ। ਇਹ ਪੂੰਜੀਵਾਦ ਦੇ ਹੱਥਕੰਡਿਆਂ ਦਾ ਭਾਂਡਾ ਚੁਰਾਹੇ ਵਿੱਚ ਭੰਨਣ ਲਈ ਕਾਰਜਸ਼ੀਲ ਹੈ। ਇਸ ਦੇ ਨਾਲ ਹੀ ਮੱਧ ਵਰਗ ਦੀਆਂ ਨੀਤੀ ਪਰਕ ਚਲਾਕੀਆਂ ਅਤੇ ਹਾਸ਼ੀਆਗ੍ਰਸਤ ਸੱਭਿਆਚਾਰਕ ਤਣਾਵਾਂ ਨੂੰ ਵਿਭਿੰਨ ਪਸਾਰਾਂ ਸਹਿਤ ਸਿਰਜਣ ਦੇ ਪੂਰੀ ਤਰ੍ਹਾਂ ਸਮਰੱਥ ਹੈ। ਕਹਾਣੀ ਦੀ ਮੁੱਢਲੀ ਸਿਰਜਣਾ ਬਾਰੇ ਬਲਦੇਵ ਸਿੰਘ ਧਾਲੀਵਾਲ ਪੰਜਾਬੀ ਆਪਣੀ ਕਿਤਾਬ *ਕਹਾਣੀ ਦਾ ਇਤਿਹਾਸ* ਵਿੱਚ ਕਹਿੰਦਾ ਹੈ ਕਿ:

> ਆਪਣੇ ਆਦਿ-ਕਾਲੀ ਸਰੂਪ ਅਨੁਸਾਰ ਬਿਰਤਾਂਤ ਦਾ ਉਸ ਵਿੱਚ ਕੁੱਝ ਕੁ ਬਿਰਤਾਂਤਕ ਜੁਗਤਾਂ ਦਾ ਇਸਤੇਮਾਲ ਕਰ ਲਿਆ ਜਾਂਦਾ ਸੀ। ਜਿਵੇਂ ਭਾਵਾਂ/ਵਿਚਾਰਾਂ ਨੂੰ ਕੜੀਦਾਰ ਪ੍ਰਬੰਧ 'ਚ ਰੱਖਣਾ-ਗੱਲ ਨੂੰ ਵਧਾ ਚੜ੍ਹਾਅ ਕੇ ਦੱਸਣਾ ਅਤੇ ਦ੍ਰਿਸ਼ਟਾਂਤਕ ਢੰਗ ਨਾਲ ਕਹਿਣਾ ਆਦਿ, ਇਉਂ ਸਰੋਤੇ ਨੂੰ ਦੱਸੀ ਜਾ ਰਹੀ ਗੱਲ ਸੁਣ ਕੇ ਕੋਈ ਸੂਚਨਾ ਵੀ ਮਿਲ ਜਾਂਦੀ ਸੀ ਅਤੇ ਬਿਰਤਾਂਤਕ ਰਸ ਵੀ ਪ੍ਰਾਪਤ ਹੋ ਜਾਂਦਾ ਸੀ। ਇਹੀ ਬਿਰਤਾਂਤਕ ਸੰਵੇਦਨਾ ਵੈਦਿਕ ਕਾਲ ਦੀ ਯੁੱਗ-ਚੇਤਨਾ ਅਨੁਕੂਲ ਆਪਣੇ ਨਿੱਖੜਵੇਂ ਰੂਪ

ਵਿੱਚ ਮਿੱਥ-ਕਥਾ ਦੇ ਰੂਪ 'ਚ ਸਾਹਮਣੇ ਆਈ।(29)

ਇਹ ਇੱਕ ਸਰਵ ਪ੍ਰਵਾਨਿਤ ਇਤਿਹਾਸਿਕ ਸਚਾਈ ਹੈ ਕਿ ਪੰਜਾਬੀ ਜਨ-ਜੀਵਨ ਵਿੱਚ ਆਧੁਨਿਕਤਾ ਦਾ ਪ੍ਰਵੇਸ਼ ਪੱਛਮ ਤੋਂ ਪ੍ਰੇਰਿਤ ਹੈ। ਜਦੋਂ ਪੱਛਮੀ ਗਿਆਨ-ਵਿਗਿਆਨ ਅਤੇ ਸਾਹਿਤ ਨਾਲ ਸਾਡਾ ਵਾਹ ਪੈਂਦਾ ਹੈ ਤਾਂ ਇਸ ਨਾਲ ਸਾਡੀ ਇਤਿਹਾਸਿਕ ਨਿਰੰਤਰਤਾ ਕਿਸੇ ਸਹਿਜ ਵਿਕਾਸ ਦੀ ਬਜਾਏ ਆਰੋਪਿਤ ਦਬਾਵਾਂ, ਪ੍ਰਭਾਵਾਂ ਅਧੀਨ ਆਧੁਨਿਕਤਾ ਦੇ ਰਾਹ ਪੈਂਦੀ ਹੈ। ਆਧੁਨਿਕ ਸਾਹਿਤ ਦੀਆਂ ਸਾਰੀਆਂ ਵਿਧਾਵਾਂ (ਆਧੁਨਿਕ ਕਵਿਤਾ, ਆਧੁਨਿਕ ਕਹਾਣੀ, ਨਾਵਲ, ਇਕਾਂਗੀ ਆਦਿ) ਪੰਜਾਬੀ ਸਾਹਿਤ ਵਿੱਚ ਪੱਛਮੀ ਸਾਹਿਤ ਤੋਂ ਪ੍ਰਭਾਵਿਤ ਹੋ ਕੇ ਪ੍ਰਵੇਸ਼ ਕਰਦੀਆਂ ਹਨ। ਪੰਜਾਬੀ ਸਾਹਿਤ ਵਿੱਚ ਆਧੁਨਿਕ ਕਹਾਣੀ ਦਾ ਆਗਮਨ ਇਸੇ ਇਤਿਹਾਸਕ ਪਰਿਪੇਖ ਵਿੱਚ ਹੁੰਦਾ ਹੈ। ਪਰ ਮੁੱਢਲੇ ਦੌਰ ਵਿੱਚ ਪੰਜਾਬੀ ਕਹਾਣੀ ਅਨੁਵਾਦਿਤ ਆਧਾਰਿਤ ਰਚਨਾਵਾਂ ਤੋਂ ਤੁਰ ਕੇ ਮੌਲਿਕਤਾ ਤੱਕ ਦੇ ਵੱਖ-ਵੱਖ ਪੜਾਵਾਂ ਦੁਆਰਾ ਸਫ਼ਰ ਤੈਅ ਕਰਦੀ ਹੈ। ਸੋ ਇਹਨਾਂ ਪੜਾਵਾਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ:

- **ਪਹਿਲਾ ਪੜਾਅ 1913-1935 ਆਦਰਸ਼ਵਾਦੀ, ਸੁਧਾਰਵਾਦੀ ਪੰਜਾਬੀ ਕਹਾਣੀ:-** ਪੰਜਾਬੀ ਕਹਾਣੀ ਦਾ ਪਹਿਲਾ ਪੜਾਅ ਪ੍ਰਤੀਮਾਨ ਮੂਲਕ ਕਹਾਣੀ ਜਾਂ ਆਦਰਸ਼ਵਾਦੀ, ਸੁਧਾਰਵਾਦੀ ਹੈ। ਇਸ ਪੜਾਅ ਦਾ ਸਮਾਂ 1913-1935 ਈ. ਤੱਕ ਮੰਨਿਆ ਜਾਂਦਾ ਹੈ। ਪੰਜਾਬੀ ਜਨ-ਜੀਵਨ ਦੇ ਰਾਜਨੀਤਿਕ ਸੱਭਿਆਚਾਰਕ ਇਤਿਹਾਸ ਵਿੱਚ ਇਹ ਸਮਾਂ ਅੰਗਰੇਜ਼ੀ ਸਾਮਰਾਜ ਦੀ ਪ੍ਰਭੁਤਾ ਅਤੇ ਰਾਜਸੀ ਨੀਤੀ ਦੇ ਸਨਮੁੱਖ ਧਰਾਸਾਈ ਹੋਣ ਦੀ ਸਥਿਤੀ ਦਾ ਬਦਲ ਭਾਲਦੀ ਪੰਜਾਬੀ ਚੇਤਨਾ ਦੇ ਸੰਕਟ ਦਾ ਹੈ। ਪੰਜਾਬੀ ਸਾਹਿਤ ਵਿੱਚ ਇਸਦਾ ਪ੍ਰਗਟਾਵਾ ਸਿੱਖ ਨਵ-ਜਾਗਰਣ ਦੇ ਸੰਪਰਦਾਇਕ ਚਰਿੱਤਰ ਵਿੱਚ ਸੁਧਾਰਵਾਦੀ ਚੇਤਨਾ ਦਾ ਲਖਾਇਕ ਹੈ। ਪੰਜਾਬੀ ਕਹਾਣੀ ਵਿੱਚ ਪ੍ਰਤੀਮਾਨ ਮੂਲਕ ਪੰਜਾਬੀ ਕਹਾਣੀ ਇਸ ਪੜਾਅ ਵਿੱਚ ਉਪਜੀ ਹੈ। ਇਸ ਆਦਰਸ਼ਵਾਦੀ, ਸੁਧਾਰਵਾਦੀ ਪੜਾਅ ਦੇ ਕਹਾਣੀਕਾਰ ਇਸ ਪ੍ਰਕਾਰ ਹਨ- **ਮੋਹਨ ਸਿੰਘ ਵੈਦ**, (ਨਾਵਲਾਂ ਅਤੇ ਕਹਾਣੀਆਂ ਤੋਂ ਇਲਾਵਾ ਜੀਵਨ ਦੇ ਦੰਪਤੀ ਜੀਵਨ, ਸਰੀਰਕ ਅਰੋਗਤਾ, ਵਿਹਾਰਕ ਮਸਲਿਆਂ ਅਤੇ ਵਪਾਰ ਆਦਿ ਨਾਲ ਸੰਬੰਧਿਤ ਬਹੁ-ਮੁੱਲੀ ਪੁਸਤਕਾਂ ਪੰਜਾਬੀ ਪਾਠਕਾਂ ਦੀ ਝੋਲੀ 'ਚ

ਪਾਈਆਂ ਹਨ। ਬਲਦੇਵ ਸਿੰਘ ਧਾਲੀਵਾਲ *ਪੰਜਾਬੀ ਕਹਾਣੀ ਦਾ ਇਤਿਹਾਸ* ਆਖਦੇ ਨੇ ਮੋਹਨ ਸਿੰਘ ਵੈਦ ਦੇ ਕਹਾਣੀ-ਸੰਗ੍ਰਹਿ ਇਸ ਪ੍ਰਕਾਰ ਹਨ: ਸਿਆਣੀ ਮਾਤਾ (1918), ਰੰਗ ਬਰੰਗੇ ਫੁੱਲ (1927), ਹੀਰੇ ਦੀਆਂ ਕਣੀਆਂ (1927) ਉਪਰੋਕਤ ਕਹਾਣੀ ਸੰਗ੍ਰਹਿ ਦੀਆਂ ਕੁਝ ਕਹਾਣੀਆਂ ਅਨੁਵਾਦਿਤ ਵੀ ਕਹਿ ਸਕਦੇ ਹਾਂ।(34)

**ਹੀਰਾ ਸਿੰਘ ਦਰਦ-** ਆਸ ਦੀ ਤੰਦ ਤੇ "ਪੰਜਾਬੀ ਸੱਧਰਾਂ" ਕਹਾਣੀ ਸੰਗ੍ਰਹਿ। ਪੰਜਾਬੀ ਕਹਾਣੀ ਵਿੱਚ ਪ੍ਰਤੀਮਾਨ ਮੂਲਕ ਕਹਾਣੀ ਦੀ ਪ੍ਰਤੀਨਿਧਤਾ ਚਰਨ ਸਿੰਘ ਸ਼ਹੀਦ, ਨਾਨਕ ਸਿੰਘ, ਗੁਰਬਖ਼ਸ਼ ਸਿੰਘ, ਗੁਰਮੁਖ ਸਿੰਘ ਮੁਸਾਫ਼ਰ ਅਤੇ ਮੋਹਨ ਸਿੰਘ ਵੈਦ ਆਦਿ ਕਹਾਣੀਕਾਰ ਕਰਦੇ ਹਨ। **ਚਰਨ ਸਿੰਘ ਸ਼ਹੀਦ** ਨੇ ਆਪਣੇ ਕਹਾਣੀ ਸੰਗ੍ਰਹਿ "ਹੱਸਦੇ ਹੰਝੂ" ਵਿੱਚ ਆਪਣੀ ਬਿਰਤਾਂਤਕਤਾ ਨੂੰ ਸੁਧਾਰਵਾਦ ਦੇ ਆਦਰਸ਼ ਨਾਲ ਪ੍ਰਗਟਾਉਂਦਾ ਹੈ। ਉਹ ਆਪਣੀਆਂ ਕਹਾਣੀਆਂ ਰਾਹੀਂ ਸਮਾਜਿਕ ਕੁਰੀਤੀਆਂ 'ਤੇ ਫੋਕਸ ਕਰਦਾ ਹੈ। ਠਾਣੇਦਾਰੀ, ਨੀਂਦਰ ਹਰਾਮ, ਇਸਤਰੀ ਸਭਾ, ਛੇੜ, ਕਾਤਲ-ਪ੍ਰੇਮੀ, ਦਿਲ ਦਾ ਸਾਬੁਨ ਆਦਿ ਕਹਾਣੀਆਂ ਨਾਲ ਸ਼ਹੀਦ ਸਮਾਜ ਦੀਆਂ ਗ਼ਲਤ ਰਵਾਇਤਾਂ ਅਤੇ ਕੀਮਤਾਂ 'ਤੇ ਸੰਵੇਦਨਸ਼ੀਲ ਵਿਅੰਗ ਕਰਦਾ ਹੈ। ਪਰ ਵਿਅੰਗ ਨੂੰ ਵੀ ਚਰਨ ਸਿੰਘ ਸ਼ਹੀਦ ਸਮਾਜ ਸੁਧਾਰ ਵਿੱਚ ਨਿਹਿਤ ਕਰਦਾ ਹੈ। ਡਾ. ਸਵਿੰਦਰ ਸਿੰਘ ਉੱਪਲ *ਪੰਜਾਬੀ ਕਹਾਣੀਕਾਰ* ਕਹਿੰਦੇ ਹਨ ਕਿ:

> ਚਰਨ ਸਿੰਘ ਸ਼ਹੀਦ ਨੇ ਸੰਜੀਦਾ ਵਿਸ਼ਿਆਂ ਸੰਬੰਧਿਤ ਕਹਾਣੀਆਂ ਵੀ ਲਿਖੀਆਂ ਹਨ। ਜਿਵੇਂ "ਗ਼ਰੀਬਣੀ ਦੇ ਦੇਸੀ ਇਲਾਜ" ਪਰ ਉਸ ਦੀਆਂ ਉਹ ਕਹਾਣੀਆਂ ਹੀ ਚੰਗੀਆਂ ਹਨ, ਜਿਨ੍ਹਾਂ ਵਿੱਚ ਹਾਸ ਰਸ ਮਿਲਦਾ ਹੈ।(56)

**ਬਲਵੰਤ ਸਿੰਘ ਚਤਰਥ-**('ਪੁਸ਼ਪ-ਪਿਟਾਰੀ' ਕਹਾਣੀ ਸੰਗ੍ਰਹਿ), **ਨਾਨਕ ਸਿੰਘ-** ਪੰਜਾਬੀ ਨਾਵਲ ਦਾ ਪਿਤਾਮਾ ਮੰਨੇ ਜਾਣ ਵਾਲੇ ਮਹਾਨ ਲੇਖਕ ਨੇ ਨਾਵਲਾਂ ਤੋਂ ਇਲਾਵਾ ਕਈ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾ ਕੇ ਪੰਜਾਬੀ ਕਹਾਣੀ ਨੂੰ ਵਿਸ਼ੇ ਅਤੇ ਕਲਾਤਮਕਤਾ ਪੱਖੋਂ ਹੋਰ ਖ਼ੂਬਸੂਰਤ ਬਣਾਇਆ ਹੈ। ਹੰਝੂਆਂ ਦੇ ਹਾਰ (1934), "ਸੱਧਰਾਂ" (1936), ਮਿੱਧੇ ਹੋਏ ਫੁੱਲ (1938), ਸੁਪਨਿਆਂ ਦੀ ਕਬਰ

(1950), ਸਵਰਗ ਤੇ ਉਸਦੇ ਵਾਰਸ (1972) ਅਤੇ ਮੇਰੀਆਂ ਕਹਾਣੀਆਂ (1973) ਆਦਿ ਨਾਨਕ ਸਿੰਘ ਦੇ ਮਹੱਤਵਪੂਰਨ ਕਹਾਣੀ ਸੰਗ੍ਰਹਿ ਹਨ। ਡਾ. ਧਰਮਪਾਲ ਸਿੰਘ *ਪੰਜਾਬੀ ਸਾਹਿਤ ਦਾ ਇਤਿਹਾਸ* ਦੇ ਅਨੁਸਾਰ:

> ਨਾਨਕ ਸਿੰਘ ਦੀਆਂ ਕਹਾਣੀਆਂ ਵਿੱਚ ਇੱਕ ਅਜਿਹਾ ਰਸ ਹੈ ਜਿਸ ਨੇ ਪੰਜਾਬੀ ਪਾਠਕਾਂ ਦੀਆਂ ਢਹਿੰਦੀਆਂ ਆਸ਼ਾਵਾਂ ਨੂੰ ਆਸ ਦੀਆਂ ਕਿਰਨਾਂ ਦਿਖਾਈਆਂ। ਉਸ ਦੀਆਂ ਕਹਾਣੀਆਂ ਵਿੱਚ ਸਮਾਜ ਸੁਧਾਰ, ਮਾਨਵਤਾਵਾਦ, ਇਸਤਰੀ ਜਾਤੀ ਅਤੇ ਨੀਵੀਂ ਜਾਤੀ ਦੇ ਲੋਕਾਂ ਨਾਲ ਹਮਦਰਦੀ ਹੈ। ਉਸ ਦੀਆਂ ਕਹਾਣੀਆਂ ਵਿੱਚਲੇ ਬੇਲੋੜੇ ਬਿਰਤਾਂਤਕ ਦ੍ਰਿਸ਼ਟਾਂਤ ਕਹਾਣੀਆਂ ਨੂੰ ਪ੍ਰਭਾਵਹੀਣ ਬਣਾਉਂਦੇ ਹਨ।(558)

**ਲਾਲ ਸਿੰਘ ਕਮਲਾ ਅਕਾਲੀ-** ਲਾਲ ਸਿੰਘ ਇੱਕ ਅਜਿਹਾ ਕਹਾਣੀਕਾਰ ਹੈ, ਜਿਸਦੀ ਕਹਾਣੀ "ਕਮਲਾ ਅਕਾਲੀ' ਜੋ 1921 ਵਿੱਚ ਅਕਾਲੀ ਅਖ਼ਬਾਰ 'ਚ ਛਪੀ ਸੀ। ਉਹ ਇੰਨੀ ਪ੍ਰਸਿੱਧ ਹੋਈ ਕਿ ਕਮਲਾ ਅਕਾਲੀ ਇਸ ਕਹਾਣੀਕਾਰ ਦਾ ਤਖ਼ੱਲਸ ਬਣ ਗਿਆ। ਉਂਜ ਇਨ੍ਹਾਂ ਦੀ ਕਹਾਣੀ "ਸਰਬਲੋਹ ਦੀ ਵਹੁਟੀ' ਨੂੰ ਪਹਿਲੀ ਪੰਜਾਬੀ ਕਹਾਣੀ ਵੀ ਮੰਨਿਆ ਜਾਂਦਾ ਹੈ। **ਗੁਰਬਖ਼ਸ਼ ਸਿੰਘ ਪ੍ਰੀਤਲੜੀ-** ਸੰਨ 1933 ਵਿੱਚ "ਪ੍ਰੀਤਲੜੀ' ਨਾਂ ਦਾ ਰਸਾਲਾ ਕੱਢਣਾ ਸ਼ੁਰੂ ਕੀਤਾ। ਉਸੇ ਦੇ ਕਹਾਣੀ ਸੰਗ੍ਰਹਿ ਇਸ ਪ੍ਰਕਾਰ ਹਨ- ਪ੍ਰੀਤ ਕਹਾਣੀਆਂ (1938), ਅਸਮਾਨੀ ਮਹਾਂਨਦੀ (1940), ਵੀਣਾ ਵਿਨੋਦ (1942), ਪ੍ਰੀਤਾਂ ਦੇ ਪਹਿਰੇਦਾਰ (1946), ਭਾਬੀ ਮੈਨਾ (1946), ਜ਼ਿੰਦਗੀ ਵਾਰਸ ਹੈ (1960), ਰੰਗ ਸਹਿਕਦਾ ਦਿਲ (1970), ਗੁਰਬਖ਼ਸ਼ ਸਿੰਘ ਨੇ ਆਪਣੀ ਸਮੁੱਚੀ ਰਚਨਾਵਾਂ ਵਿੱਚ ਨਾਵਲ, ਕਹਾਣੀ, ਵਾਰਤਕ ਆਦਿ ਵਿੱਚ ਕੇਂਦਰੀ ਸਥਾਨ ਆਪ ਦੇ ਪ੍ਰੀਤ ਫ਼ਲਸਫ਼ੇ "ਪਿਆਰ ਕਬਜ਼ਾ ਨਹੀਂ ਪਹਿਚਾਣ ਹੈ'' ਨੂੰ ਦਿੱਤਾ ਹੈ। **ਗੁਰਮੁਖ ਸਿੰਘ ਮੁਸਾਫ਼ਰ-** ਗੁਰਮੁਖ ਸਿੰਘ ਮੁਸਾਫ਼ਰ ਆਜ਼ਾਦੀ ਸੰਗਰਾਮ 'ਚ ਸ਼ਾਮਲ ਹੋਣ ਵਾਲਾ ਆਜ਼ਾਦੀ ਘੁਲਾਟੀਆ ਸੀ। ਉਹ ਇੱਕ ਚੇਤਨ ਕਵੀ ਅਤੇ ਕਹਾਣੀਕਾਰ ਸੀ। ਉਸ ਦੇ ਕਹਾਣੀ ਸੰਗ੍ਰਹਿ ਇਸ ਪ੍ਰਕਾਰ ਹਨ- ਵੱਖਰੀ ਦੁਨੀਆ (1949), ਸਭ ਅੱਛਾ (1949), ਆਲ੍ਹਣੇ ਦੇ ਬੋਟ (1955), ਸਸਤਾ ਤਮਾਸ਼ਾ (1956), ਕੰਧਾਂ ਬੋਲ ਪਈਆਂ (1960), ਉਹ

ਸੁਤੰਤਰਤਾ ਸੰਗਰਾਮ ਦੌਰਾਨ ਪ੍ਰਾਪਤ ਹੋਏ ਅਨੁਭਵ ਨੂੰ ਯਥਾਰਥਵਾਦੀ ਦ੍ਰਿਸ਼ਟੀ ਤੋਂ ਬਾਖ਼ੂਬੀ ਪੇਸ਼ ਕਰਦਾ ਹੈ।

**ਜੋਸ਼ਵਾ ਫ਼ਜਲਦੀਨ-** ਜੋਸ਼ਵਾ ਫ਼ਜ਼ਲਦੀਨ ਪਹਿਲੇ ਪੜਾਅ ਦੀ ਕਹਾਣੀ ਦਾ ਇੱਕੋ ਇੱਕ ਨਾਮਵਰ ਮੁਸਲਮਾਨ ਲੇਖਕ ਹੈ। "ਅਦਬੀ ਅਫ਼ਸਾਨੇ (1934), ਇਖ਼ਲਾਕੀ ਕਹਾਣੀਆਂ (1935), ਨਿੰਦੀਆਂ ਕਹਾਣੀਆਂ (1936) ਆਦਿ ਉਸਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਹਨ।

ਇਸ ਤਰ੍ਹਾਂ ਪਹਿਲੇ ਪੜਾਅ ਦੀ ਕਹਾਣੀ ਆਪਣੀ ਅਥਾਹ ਸੰਚਾਰ ਯੋਗਤਾ ਕਰਕੇ ਪਛਾਣੀ ਜਾਂਦੀ ਹੈ। ਇਸ ਪੜਾਅ ਦੇ ਬਿਰਤਾਂਤਕਾਰ ਦੇ ਸਾਹਮਣੇ ਸਮਾਜ ਸੁਧਾਰ ਜਾਂ ਆਜ਼ਾਦੀ ਲਈ ਸੰਘਰਸ਼ ਦਾ ਇੱਕ ਨਿਸ਼ਚਿਤ ਉਦੇਸ਼ ਹੁੰਦਾ ਸੀ, ਜਿਸਨੂੰ ਉਹ ਲਕੀਰੀ ਬਿਰਤਾਂਤ ਰਾਹੀਂ ਪੇਸ਼ ਕਰਦਾ ਸੀ। ਇਸ ਦੌਰ ਦੀਆਂ ਸਾਰੀਆਂ ਕਹਾਣੀਆਂ ਵਿੱਚ ਅਸਲ-ਪੁਰਖ ਬਿਰਤਾਂਤਕ ਜੁਗਤ ਦੀ ਵਰਤੋਂ ਕੀਤੀ ਗਈ। ਕਹਾਣੀ ਦਾ ਬਿਰਤਾਂਤ ਸਾਧਾਰਣ ਹੋਣ ਦੇ ਨਾਲ-ਨਾਲ ਆਦਿ, ਮੱਧ ਅਤੇ ਅੰਤ ਵਾਲਾ ਸੀ। ਬਲਦੇਵ ਸਿੰਘ ਧਾਲੀਵਾਲ ਦਾ ਮੁੱਢਲੀ ਪੰਜਾਬੀ ਕਹਾਣੀ ਦੇ ਪਹਿਲੇ ਪੜਾਅ ਬਾਰੇ *ਪੰਜਾਬੀ ਕਹਾਣੀ ਦਾ ਇਤਿਹਾਸ* ਵਿਚਾਰ ਦਿੰਦੇ ਹੋਏ ਕਹਿੰਦਾ ਹੈ ਕਿ:

> ਮੁੱਢਲੀ ਆਧੁਨਿਕ ਪੰਜਾਬੀ ਕਹਾਣੀ ਵਿੱਚ ਵੀ ਬੁਨਿਆਦੀ ਤੱਤ ਉਹੀ ਹਨ ਜਿਹੜੇ ਮੱਧਕਾਲੀ ਬਿਰਤਾਂਤਕ ਰਚਨਾਵਾਂ ਦੀ ਹੋਂਦ ਵਿਧੀ ਦੇ ਮੂਲ ਆਧਾਰ ਹਨ, ਜਿਵੇਂ ਘਟਨਾ, ਪਾਤਰ ਅਤੇ ਗਲਪ ਭਾਸ਼ਾ ਆਦਿ ਪਰ ਮੂਲ ਅੰਤਰ ਇਹ ਹੈ ਕਿ ਆਧੁਨਿਕ ਚੇਤਨਾ ਨਾਲ ਉਨ੍ਹਾਂ ਦੇ ਸਰੂਪ ਵਿੱਚ ਕੁੱਝ ਨਵੇਂ ਪਹਿਲੂ ਸ਼ਾਮਲ ਹੋ ਗਏ ਹਨ।(40 -41)

ਪ੍ਰਤੀਮਾਨ ਮੂਲਕ ਕਹਾਣੀ ਵਿੱਚ ਨਾਇਕ ਦੀ ਪਛਾਣ ਦਾ ਆਧਾਰ ਵਿਸ਼ੇਸ਼ ਗੁਣਾਂ ਦਾ ਧਾਰਨੀ ਹੋਣਾ ਹੈ। ਨਾਇਕ ਪ੍ਰਤੀਕੂਲ ਪ੍ਰਸਥਿਤੀਆਂ ਨੂੰ ਆਪਣੇ ਅਸਧਾਰਨ ਗੁਣਾਂ ਦੇ ਆਧਾਰ 'ਤੇ ਫ਼ਤਿਹ ਕਰਦਾ ਹੋਇਆ ਪਾਠਕਾਂ ਨੂੰ ਨੇਕੀ, ਸਦਾਚਾਰ ਇਮਾਨਦਾਰੀ ਆਦਿ ਨੈਤਿਕ ਕਦਰਾਂ ਧਾਰਨ ਕਰਨ ਦੀ ਸਿੱਖਿਆ ਦਿੰਦਾ ਹੈ। ਇਸ ਤਰ੍ਹਾਂ ਉਪਰੋਕਤ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਪਹਿਲੇ ਪੜਾਅ ਦੀ ਪੰਜਾਬੀ ਕਹਾਣੀ ਇਕਹਿਰੀ ਬਣਤਰ, ਲਕੀਰੀ ਬਿਰਤਾਂਤ, ਉਦੇਸ਼ ਮੁਖਤਾ ਅਤੇ ਕਥਾ-ਰਸ ਦੀ ਭਰਪੂਰਤਾ ਆਦਿ ਮੁੱਖ ਵਿਸ਼ੇਸ਼ਤਾਵਾਂ

ਕਾਰਨ ਆਪਣੀ ਇੱਕ ਅਲੱਗ ਪਛਾਣ ਬਣਾਉਂਦੀ ਹੈ।

- **ਦੂਜਾ ਪੜਾਅ ਪ੍ਰਗਤੀਵਾਦੀ ਯਥਾਰਥਵਾਦੀ ਪੰਜਾਬੀ ਕਹਾਣੀ (1936-1965):-** ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਹਿਲੇ ਪੜਾਅ ਦੀ ਪੰਜਾਬੀ ਕਹਾਣੀ ਵਿੱਚ ਵੀ ਲੌਕਿਕ, ਯਥਾਰਥਵਾਦੀ ਅਤੇ ਇਤਿਹਾਸਕ ਤੱਤਾਂ ਦੀ ਹੋਂਦ ਭਰਪੂਰ ਮਾਤਰਾ ਵਿੱਚ ਪ੍ਰਾਪਤ ਹੁੰਦੀ ਹੈ ਅਤੇ ਇਸ ਪਹਿਲੇ ਪੜਾਅ ਦੀ ਕਹਾਣੀ ਨੂੰ ਆਧੁਨਿਕ ਕਹਾਣੀ ਕਿਹਾ ਜਾ ਸਕਦਾ ਹੈ। ਵੀਹਵੀਂ ਸਦੀ ਤੇ ਤੀਜੇ ਦਹਾਕੇ ਦਾ ਅੱਧ ਕੁ ਸਮਾਂ ਲੰਘਣ ਤੋਂ ਬਾਅਦ ਪੰਜਾਬੀ ਕਹਾਣੀ ਦੀ ਰਚਨਾ-ਦ੍ਰਿਸ਼ਟੀ ਵਿੱਚ ਅਜਿਹਾ ਸੁਹਜਾਤਮਕ ਪਰਿਵਰਤਨ ਵੇਖਣ ਨੂੰ ਮਿਲਦਾ ਹੈ ਜਿਸ ਨਾਲ ਪੰਜਾਬੀ ਕਹਾਣੀ ਅਧਿਆਤਮਵਾਦ, ਆਦਰਸ਼ਵਾਦ ਅਤੇ ਰੁਮਾਂਚਕ ਸੁਧਾਰਵਾਦ ਤੋਂ ਪੂਰੀ ਤਰ੍ਹਾਂ ਮੁਕਤ ਹੋ ਕੇ ਵਿਚਰਨ ਲੱਗਦੀ ਹੈ। ਡਾ. ਬਲਦੇਵ ਸਿੰਘ ਧਾਲੀਵਾਲ *ਪੰਜਾਬੀ ਕਹਾਣੀ ਦਾ ਇਤਿਹਾਸ* ਅਨੁਸਾਰ:

> ਅਜਿਹੇ ਪਰਿਵਰਤਨ ਦੀ ਕਨਸੋਅ ਪਹਿਲਾਂ ਨਾਨਕ ਸਿੰਘ, ਸ਼ਹੀਦ, ਦਰਦ, ਪ੍ਰੀਤਲੜੀ ਅਤੇ ਮੁਸਾਫ਼ਰ ਦੀਆਂ ਕੁੱਝ ਕਹਾਣੀਆਂ ਰਾਹੀਂ ਵੀ ਮਿਲਨੀ ਆਰੰਭ ਹੋ ਗਈ ਸੀ। ਪਰ ਸੰਤ ਸਿੰਘ ਸੇਖੋਂ (ਸਮਾਚਾਰ), ਮੋਹਨ ਸਿੰਘ (ਨਿੱਕੀ ਨਿੱਕੀ ਵਾਸ਼ਨਾ), ਦੇਵਿੰਦਰ ਸਤਿਆਰਥੀ (ਕੁੰਗ ਪੋਸ਼), ਕਰਤਾਰ ਸਿੰਘ, ਦੁੱਗਲ (ਸਵੇਰ ਸਾਰ) ਅਤੇ ਸੁਜਾਨ ਸਿੰਘ (ਦੁਖ-ਸੁਖ) ਦੀਆਂ ਕਹਾਣੀਆਂ ਇਸੇ ਪਰਿਵਰਤਨ ਦੀ ਤਕੜੀ ਅਧਾਰਸ਼ਿਲਾ ਹੋ ਨਿਬੜੀਆਂ।(44)

ਬਲਦੇਵ ਸਿੰਘ ਧਾਲੀਵਾਲ ਦੀ ਪੁਸਤਕ *ਪੰਜਾਬੀ ਕਹਾਣੀ ਦਾ ਇਤਿਹਾਸ* ਅਨੁਸਾਰ:

> ਪੰਜਾਬੀ ਕਹਾਣੀ ਦੇ ਇਸ ਨਵੇਂ ਰੂਪ ਵਿੱਚ ਕਹਾਣੀ ਇਸ ਸਮੇਂ ਦੇ ਜੀਵਨ ਅਨੁਸਾਰ ਆਪਣੇ ਅੰਦਰ ਬਦਲਾਵ ਲਿਆਉਂਦੀ ਹੈ। ਇਸ ਪਰਿਵਰਤਿਤ ਕਥਾ-ਚੇਤਨਾ ਨੂੰ ਸਿਖਰ ਤੇ ਪਹੁੰਚੇ ਸੁਤੰਤਰਤਾ ਸੰਗਰਾਮ ਦੂਜੇ ਵਿਸ਼ਵ ਯੁੱਧ, ਪੂੰਜੀਵਾਦੀ ਚੇਤਨਾ ਨਾਲ ਵਰੋਸਾਏ ਮੱਧ ਵਰਗੀ ਵਿਅਕਤੀਵਾਦ, ਲੋਕਤੰਤਰੀ ਸੰਕਲਪਾਂ ਤੋਂ ਪ੍ਰੇਰਿਤ ਬਰਾਬਰੀਵਾਦ ਅਤੇ ਵਿਗਿਆਨ ਤੇ ਦਰਸ਼ਨ ਦੇ ਖੇਤਰ ਦੀਆਂ ਵਿਭਿੰਨ ਲਭਤਾਂ ਨੇ ਠੋਸ ਧਰਾਤਲ ਪ੍ਰਦਾਨ ਕੀਤਾ। ਨਿਊਟਨ ਦੇ ਗਤੀ ਸਿਧਾਂਤ, ਡਾਰਵਿਨ ਦੇ ਵਿਕਾਸ ਸਿਧਾਂਤ, ਮਾਰਕਸ ਦੇ ਦਵੰਦਵਾਦੀ ਇਤਿਹਾਸਕ ਭੌਤਿਕਵਾਦ ਅਤੇ ਫਰਾਇਡ ਦੇ

> ਮਨੋਵਿਸ਼ਲੇਸ਼ਣ ਦੇ ਸਿਧਾਂਤ ਨੇ ਬ੍ਰਹਿਮੰਡ, ਸਮਾਜ, ਵਿਅਕਤੀ ਅਤੇ ਮਨ ਨੂੰ ਸਮਝਣ ਦੇ ਨਵੇਂ ਕੋਣ ਸਾਹਮਣੇ ਲਿਆਂਦੇ। ਵਿਸ਼ੇਸ਼ ਤੌਰ ਤੇ ਮਾਰਕਸਵਾਦ, ਜਿਸ ਦੀਆਂ ਜੜ੍ਹਾਂ ਪੰਜਾਬ ਵਿੱਚ ਪਹਿਲਾਂ ਹੀ ਲੱਗ ਚੁੱਕੀਆਂ ਸਨ, ਇਸ ਨੇ ਪੰਜਾਬੀ ਕਹਾਣੀਕਾਰਾਂ ਨੂੰ ਝੰਜੋੜਨ ਦੀ ਹੱਦ ਤੱਕ ਪ੍ਰਭਾਵਿਤ ਕੀਤਾ।(44)

ਬਲਦੇਵ ਸਿੰਘ ਧਾਲੀਵਾਲ ਦਾ *ਪੰਜਾਬੀ ਕਹਾਣੀ ਦਾ ਇਤਿਹਾਸ* ਦੇ ਅਨੁਸਾਰ ਮੰਨਣਾ ਹੈ ਕਿ:

> ਮੁੱਢਲੇ ਰੂਪ ਵਿੱਚ ਇਸ ਲਹਿਰ ਦਾ ਹਾਂ-ਪੱਖੀ ਪ੍ਰਭਾਵ ਇਹ ਪਿਆ ਕਿ ਪੰਜਾਬੀ ਕਹਾਣੀਕਾਰਾਂ ਨੇ ਧਰਮ-ਨਿਰਪੇਖ ਦ੍ਰਿਸ਼ਟੀਕੋਣ ਰਾਹੀਂ ਸਾਮੰਤਵਾਦ ਅਤੇ ਪੂੰਜੀਵਾਦ ਦੀਆਂ ਮਨੁੱਖ-ਵਿਰੋਧੀ ਕਦਰਾਂ-ਕੀਮਤਾਂ ਵਿਰੁੱਧ ਬੜੇ ਜੋਸ਼ ਨਾਲ ਸੰਘਰਸ਼ ਵਿੱਢਿਆ।(45)

ਇਸ ਪੜਾਅ ਦੇ ਪ੍ਰਮੁੱਖ ਕਹਾਣੀਕਾਰ ਇਸ ਪ੍ਰਕਾਰ ਹਨ: **ਡਾ. ਮੋਹਨ ਸਿੰਘ ਦੀਵਾਨਾ**- ਡਾ. ਮੋਹਨ ਸਿੰਘ ਦੀਵਾਨਾ ਦਾ ਖੇਤਰ ਖੋਜ ਅਤੇ ਆਲੋਚਨਾ ਹੈ ਪਰੰਤੂ ਇਸ ਦੇ ਨਾਲ-ਨਾਲ ਡਾ. ਦੀਵਾਨਾ ਨੇ ਕਵਿਤਾ ਅਤੇ ਕਹਾਣੀ ਰਚਨਾ ਕਰ ਕੇ ਨਾਮਣਾ ਖੱਟਿਆ ਹੈ। ਉੱਤਮ ਕਹਾਣੀਆਂ (1938), ਦੇਵਿੰਦਰ ਬਤੀਸੀ (1956), ਰੰਗ ਤਮਾਸ਼ੇ (1951), ਪਰਾਂਟੀ (1955) ਆਦਿ ਉਨ੍ਹਾਂ ਦੇ ਕਹਾਣੀ ਸੰਗ੍ਰਹਿ ਹਨ। ਇਸੇ ਪੱਖੋਂ ਉਹ ਯਥਾਰਥਵਾਦੀ ਮਾਨਵਵਾਦੀ ਕਹਾਣੀਆਂ ਰਚਦੇ ਹਨ। ਕਲਾਤਮਕ ਪੱਖੋਂ ਰਮਜ਼ਾਂ ਭਰੀ ਸ਼ੈਲੀ ਅਤੇ ਤਿੱਖਾ ਵਿਅੰਗ ਉਨ੍ਹਾਂ ਦੀ ਅਲੱਗ ਪਹਿਚਾਣ ਹੈ। **ਸ.ਸ. ਅਮੋਲ-** ਸ.ਸ. ਅਮੋਲ ਦੀ ਮੁੱਖ ਪਛਾਣ ਮੱਧਕਾਲੀ ਸਾਹਿਤ ਦੇ ਵਿਸ਼ੇਸ਼ੱਗ ਵੱਜੋ ਬਣੀ। ਉਨ੍ਹਾਂ ਦਾ ਦ੍ਰਿਸ਼ਟੀਕੋਣ ਮਾਨਵਵਾਦੀ ਸੀ। ਅਮੋਲ ਕਹਾਣੀਆਂ (1938), ਰੋਂਦੀ ਦੁਨੀਆ (1942), ਵੇਲੇ ਕੁਵੇਲੇ (1955), ਉਸ ਦੇ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ। **ਨੌਰੰਗ ਸਿੰਘ-** ਨੌਰੰਗ ਸਿੰਘ ਲੋਕ-ਗੀਤ ਇਕੱਠੇ ਕਰਨ ਵਾਲਾ ਖੋਜੀ ਵਿਦਵਾਨ ਹੈ। ਉਸਨੇ ਆਪਣੀਆਂ ਕਹਾਣੀਆਂ ਦਾ ਆਧਾਰ ਯਥਾਰਥਵਾਦ, ਪ੍ਰਗਤੀਵਾਦ ਨੂੰ ਬਣਾਇਆ ਹੈ। ਉਸਦੇ ਪ੍ਰਮੁੱਖ ਕਹਾਣੀ ਸੰਗ੍ਰਹਿ ਇਸ ਪ੍ਰਕਾਰ ਹਨ: ਬੋਝਲ ਪੰਡ (1940), ਭੁੱਖੀਆਂ ਰੂਹਾਂ (1942), ਮਿਰਜ਼ੇ ਦੀ ਜੂਹ (1955), ਅੰਨ੍ਹਾ ਖੂਹ (1956), ਬੂਹਾ ਖੁੱਲ੍ਹ ਗਿਆ (1958) ਆਦਿ। **ਮੋਹਨ ਸਿੰਘ-** ਮੋਹਨ ਸਿੰਘ ਪੰਜਾਬੀ ਦੇ ਪ੍ਰਸਿੱਧ ਕਵੀ

ਹੋਣ ਦੇ ਨਾਲ-ਨਾਲ ਕਹਾਣੀ ਕਲਾ ਵਿੱਚ ਵੀ ਉਚੇਰਾ ਸਥਾਨ ਰੱਖਦੇ ਸੀ। ਉਨ੍ਹਾਂ ਨੇ ਇੱਕੋ-ਇੱਕ ਕਹਾਣੀ ਸੰਗ੍ਰਹਿ "ਨਿੱਕੀ ਨਿੱਕੀ ਵਾਸ਼ਨਾ' ਨਾਲ ਪੰਜਾਬੀ ਕਹਾਣੀ ਨੂੰ ਹੋਰ ਅਗੇਰੇ ਵਧਾਉਂਦਾ ਨਜ਼ਰੀ ਪੈਂਦਾ ਹੈ। ਮੋਹਨ ਸਿੰਘ ਦੀ ਰਚਨਾ-ਦ੍ਰਿਸ਼ਟੀ ਮਨੋ-ਯਥਾਰਥਵਾਦ ਦੀ ਧਾਰਨੀ ਹੈ। **ਸੰਤ ਸਿੰਘ ਸੇਖੋਂ-** ਪੰਜਾਬੀ ਸਾਹਿਤ ਦੇ ਬਾਬਾ ਬੋਹੜ ਦੇ ਨਾਂ ਨਾਲ ਸਨਮਾਨਿਤ ਸੰਤ ਸਿੰਘ ਸੇਖੋਂ ਬਹੁਪੱਖੀ ਲੇਖਕ ਸੀ। ਉਨ੍ਹਾਂ ਨੇ ਕਵਿਤਾ, ਨਾਟਕ, ਨਾਵਲ ਅਤੇ ਆਲੋਚਨਾ ਦੇ ਖੇਤਰਾਂ ਵਿੱਚ ਵੀ ਆਪਣੀ ਧਾਕ ਜਮਾਈ ਅਤੇ ਮਾਰਕਸਵਾਦ ਨੂੰ ਪੰਜਾਬੀ ਸਾਹਿਤ ਵਿੱਚ ਸਥਾਪਿਤ ਕਰਨ ਵਾਲੇ ਅਗਲਿਆਂ 'ਚੋਂ ਉਹ ਸਭ ਤੋਂ ਮੁਹਰਲੀ ਕਤਾਰ 'ਚ ਸ਼ਾਮਲ ਸੀ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦੇ ਕਹਾਣੀ ਸੰਗ੍ਰਹਿ ਇਸ ਪ੍ਰਕਾਰ ਹਨ: ਸਮਾਚਾਰ, ਕਾਮੇ ਤੇ ਯੋਧੇ (1948), ਅੱਧੀ ਵਾਟ (1951), ਤੀਜਾ ਪਹਿਰ (1956), ਸਿਆਣਪਾਂ (1981)।

ਡਾ. ਧਰਮਪਾਲ ਸਿੰਗਲ *ਪੰਜਾਬੀ ਸਾਹਿਤ ਦਾ ਇਤਿਹਾਸ* ਦੇ ਅਨੁਸਾਰ ਕਹਿੰਦੇ ਨੇ:

> ਸੇਖੋਂ ਨੇ ਆਪਣੀਆਂ ਕਹਾਣੀਆਂ ਵਿੱਚ ਸਮਾਜਿਕ ਆਰਥਿਕ ਸਮੱਸਿਆਵਾਂ ਨੂੰ ਚਿਤਰਿਆ ਹੈ ਅਤੇ ਧਾਰਮਿਕ ਅਡੰਬਰਾਂ ਤੇ ਚੋਟ ਕੀਤੀ ਹੈ। ਸੇਖੋਂ ਦੀਆਂ ਕਹਾਣੀਆਂ ਵਿੱਚ ਮਲਵਈ ਰੰਗਣ ਵੀ ਚੋਖੀ ਹੈ।(559)

**ਸੁਜਾਨ ਸਿੰਘ-** ਸੁਜਾਨ ਸਿੰਘ ਇਸ ਪੜਾਅ ਦਾ ਚਰਚਿਤ ਕਹਾਣੀਕਾਰ ਹੈ। ਸੁਜਾਨ ਸਿੰਘ ਨੇ ਕਿਰਤੀ ਵਰਗ ਦੀਆਂ ਕਹਾਣੀਆਂ ਦੀ ਯਥਾਰਥਵਾਦੀ ਦ੍ਰਿਸ਼ਟੀਕੋਣ ਤੋਂ ਪੇਸ਼ਕਾਰੀ ਕੀਤੀ ਹੈ। ਉਹ ਆਪਣੀਆਂ ਕਹਾਣੀਆਂ ਵਿੱਚ ਮਾਰਕਸਵਾਦ ਵਰਗ ਵੰਡ ਆਦਿ ਵਿਸ਼ਿਆਂ ਉੱਤੇ ਖੁੱਲ੍ਹ ਕੇ ਵਿਚਾਰ ਰੱਖਦਾ ਹੈ। ਡਾ. ਧਰਮਪਾਲ ਸਿੰਗਲ ਦੀ ਕਿਤਾਬ *ਪੰਜਾਬੀ ਸਾਹਿਤ ਦਾ ਇਤਿਹਾਸ* ਅਨੁਸਾਰ:

> ਉਸ ਦੀਆਂ ਮੁੱਢਲੀਆਂ ਕਹਾਣੀਆਂ ਤਾਂ ਸੰਬੰਧਿਤ ਵਾਤਾਵਰਣ ਦੀ ਫ਼ੋਟੋਗਰਾਫੀ ਲਗਦੀਆਂ ਹਨ ਪਰ ਦੁਖ-ਸੁਖ ਕਹਾਣੀ ਸੰਗ੍ਰਹਿ ਵਿੱਚਲੀਆਂ ਕਹਾਣੀਆਂ ਦੁੱਖ-ਸੁੱਖ ਬਰਦਾਸਤ ਕਰ ਰਹੇ ਆਮ ਮਨੁੱਖ ਦਾ ਜੀਵਨ ਯਥਾਰਥ ਹਨ। ਉਸ ਨੇ ਆਪਣੀਆਂ ਕਹਾਣੀਆਂ ਵਿੱਚ ਗਰੀਬ ਕਿਸਾਨ, ਮਜ਼ਦੂਰ, ਇਸਤਰੀ ਸ਼੍ਰੇਣੀ ਦਾ ਦਰਦ, ਮਿੱਲ ਮਜ਼ਦੂਰਾਂ ਅਤੇ ਹੇਠਲੀ ਮੱਧ ਸ਼੍ਰੇਣੀ ਨਾਲ ਸੰਬੰਧਿਤ

ਹੋਰ ਵਰਗਾਂ ਦੇ ਪਾਤਰਾਂ ਦੀ ਵੇਦਨਾਮਈ ਸਥਿਤੀ ਦਾ ਵਰਣਨ ਕੀਤਾ ਹੈ।(559)

ਸੁਜਾਨ ਸਿੰਘ ਨੇ ਦੁੱਖ-ਸੁੱਖ (1939), ਦੁੱਖ ਸੁੱਖ ਤੋਂ ਪਿਛੋਂ (1943), ਸ ਰੰਗ (1949), ਨਰਕਾਂ ਦੇ ਦੇਵਤੇ(1951), ਨਵਾਂ ਰੰਗ (1952), ਮਨੁੱਖ ਤੇ ਪਸ਼ੂ (1954), ਸਵਾਲ-ਜਵਾਬ (1962),ਕਲਗੀ ਦੀਆਂ ਅਣੀਆਂ (1966), ਪੰਨ ਤੇ ਸਰਾਂ (1967), ਸੱਤ ਸੁਰਾਂ (1976) ਅਮਰ ਸੁਰ ਰਿਸ਼ਮਾਂ (1982), ਸ਼ਹਿਰ ਤੇ ਗਰਾਂ (1985), ਵੱਡੇ ਦੀਆਂ ਵਡਿਆਈਆਂ (1991), ਸਾਰੇ ਪੱਤੇ (1992) ਆਦਿ ਕਹਾਣੀ ਸੰਗ੍ਰਿਹਾਂ ਦੀ ਰਚਨਾ ਕੀਤੀ ਹੈ। **ਦਵਿੰਦਰ ਸਤਿਆਰਥੀ-** ਦਵਿੰਦਰ ਸਤਿਆਰਥੀ ਨੇ ਆਪਣੀ ਪਛਾਣ ਭਾਵੇਂ ਲੋਕ-ਗੀਤ ਇੱਕਤਰ ਕਰਕੇ ਬਣਾਈ ਪਰੰਤੂ ਇਸ ਤੋਂ ਇਲਾਵਾ ਉਨ੍ਹਾਂ ਨੇ ਵਾਰਤਕ, ਨਾਵਲ ਅਤੇ ਕਹਾਣੀ ਰਚਨਾ ਵਿੱਚ ਆਪਣੇ ਅਹਿਮ ਅਤੇ ਨਿੱਗਰ ਯੋਗਦਾਨ ਪਾਇਆ। ਦਵਿੰਦਰ ਸਤਿਆਰਥੀ ਦੇ ਕਹਾਣੀ ਸੰਗ੍ਰਹਿ ਇਸ ਪ੍ਰਕਾਰ ਹਨ- ਕੁੰਗ ਪੋਸ਼ (1941), ਸੋਨਾ ਗਾਚੀ (1951), ਦੇਵਤਾ ਡਿੱਗ ਪਿਆ (1955), ਤਿੰਨ ਬੂਹਿਆਂ ਵਾਲਾ ਘਰ (1961), ਪੈਰਿਸ ਦਾ ਆਦਮੀ (1970), ਸੂਈ ਬਾਜਾਰ (1981), ਛਤਰੀ ਵਾਲਾ (1987), ਲੋਕਾ ਦੇਸ਼ ਹੈ ਕੋਲੰਬੂ (1991), ਸੇਦੀ ਗਲੀ (1999) (ਚੋਣਵੀਆਂ ਕਹਾਣੀਆਂ)। ਡਾ. ਸਵਿੰਦਰ ਸਿੰਘ ਉੱਪਲ ਆਪਣੀ ਪੁਸਤਕ *ਪੰਜਾਬੀ ਕਹਾਣੀ ਸਰੂਪ, ਸਿਧਾਂਤ ਤੇ ਵਿਕਾਸ* ਕਹਿੰਦਾ ਹੈ ਕਿ:

> ਵਿਧੀ ਪੱਖੋਂ ਉਸ ਨੇ ਪੰਜਾਬੀ ਕਹਾਣੀ ਵਿੱਚ ਕੁਝ ਸਫਲ ਤਜਰਬੇ ਵੀ ਕੀਤੇ ਹਨ। 'ਗੋਮਤੀ ਦੀ ਪਿਆਸ' ਉਸ ਦੀ ਲੰਬੀ ਕਹਾਣੀ ਹੈ।(352)

**ਕਰਤਾਰ ਸਿੰਘ ਦੁੱਗਲ:** ਕਰਤਾਰ ਸਿੰਘ ਦੁੱਗਲ ਨੇ ਨਾਵਲ, ਨਾਟਕ, ਕਵਿਤਾ ਅਤੇ ਵਾਰਤਕ ਦੇ ਖੇਤਰ ਵਿੱਚ ਵੀ ਆਪਣੀ ਪਛਾਣ ਬਣਾਈ ਹੈ। ਉਸ ਦੀ ਕਹਾਣੀ ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ: ਸਵੇਰ ਸਾਰ (1941), ਪਿੱਪਲ ਪੱਤੀਆਂ (1942), ਕੁੜੀ ਕਹਾਣੀ ਕਰਦੀ ਗਈ (1943) ਡੰਗਰ (1944), ਕੱਚਾ ਦੁੱਧ (1945), ਅੱਗ ਖਾਣ ਵਾਲੇ (1948), ਨਵਾਂ ਘਰ (1950), ਨਵਾਂ ਆਦਮੀ (1951), ਲੜਾਈ ਨਹੀਂ (1952), ਫੁੱਲ ਤੋੜਨਾ ਮਨ੍ਹਾ ਹੈ (1953), ਕਰਾਮਾਤ (1957), ਗੌਰਜ (1958), ਪਾਰੇ ਮੈਰੇ

(1960), ਇੱਕ ਛਿੱਟ ਚਾਨਣ ਦੀ (1963), ਸਭੈ ਸਾਂਝੀਵਾਲ ਸਦਾਇਣ (1966), ਮਾਜ੍ਹਾ ਨਹੀਂ ਮੋਇਆ (1971), ਸੋਨਾਰ ਬੰਗਲਾ (1976), ਢੋਇਆ ਹੋਇਆ ਬੂਹਾ (1978), ਇੱਕਰਾਰਾਂ ਵਾਲੀ ਰਾਤ (1979), ਤ੍ਰਿਕਾਲਾਂ ਵੇਲੇ (1983), ਹੰਸਾ ਆਦਮੀ (1986), ਪੈਣਗੇ ਵੈਣ ਡੂੰਘੇ (1993), ਭਾਬੀ ਜਾਨ (1995), ਮੌਤ ਇੱਕ ਗੁੰਚੇ ਦੀ (1995), ਮਿੱਟੀ ਮੁਸਲਮਾਨ ਦੀ (1999) ਆਦਿ। ਕਰਤਾਰ ਸਿੰਘ ਦੁੱਗਲ ਦੀਆਂ ਕਹਾਣੀਆਂ ਤੇ ਅਸ਼ਲੀਲ ਹੋਣ ਦੇ ਦੋਸ਼ ਵੀ ਲੱਗਦੇ ਰਹੇ ਹਨ ਪਰੰਤੂ ਦੁੱਗਲ ਮਨੋਵਾਦ ਦੀ ਪ੍ਰਵਿਰਤੀ ਰਾਹੀਂ ਪੰਜਾਬੀ ਕਹਾਣੀ ਨੂੰ ਨਵੀਂ ਪਛਾਣ ਦਿੰਦਾ ਹੈ। ਕਿਰਪਾਲ ਸਿੰਘ ਕਸੇਲ ਦੀ ਕਿਤਾਬ *ਪੰਜਾਬੀ ਸਾਹਿਤ ਦਾ ਇਤਿਹਾਸ* ਦੇ ਅਨੁਸਾਰ:

> ਦੁੱਗਲ ਨੂੰ ਕਹਾਣੀ ਕਲਾ ਦੀ ਪੂਰਨ ਤੌਰ ਤੇ ਸੋਝੀ ਹੈ ਤੇ ਇਹ ਇੱਕ ਅਸਲੀਅਤ ਹੈ ਕਿ ਉਸ ਦੀਆਂ ਕਹਾਣੀਆਂ ਤਕਨੀਕ ਦੇ ਪੱਖੋਂ ਪੰਜਾਬੀ ਦੇ ਸਾਰੇ ਕਹਾਣੀਕਾਰਾਂ ਨਾਲੋਂ ਸੰਪੂਰਨ ਹਨ। ਗੋਂਦ ਦੀ ਪਕਿਆਈ ਵਿਸ਼ੇ ਦੀ ਸੁਚੱਜੀ ਚੋਣ ਤੇ ਉਸ ਦਾ ਨਿਭਾ, ਕਹਾਣੀ ਦੀ ਤੌਰ ਵਿਸ਼ੇ ਅਨੁਸਾਰ ਤਿੱਖੀ ਜਾਂ ਮੱਠੀ ਮਾਤਰਾਂ ਦਾ ਮਨੋ-ਵਿਸ਼ਲੇਸ਼ਣ ਬਾਰੀਕ ਤੇ ਤਿੱਖੀਆਂ ਛੁਹਾਂ ਨਾਲ ਲੋੜੀਂਦਾ ਵਾਤਾਵਰਣ ਬੰਨ੍ਹ ਕੇ ਅਖੀਰ ਵਿੱਚ ਪਾਠਕਾਂ ਦੇ ਮਨਾਂ ਤੇ ਇੱਕ ਬੱਝਵਾਂ ਪ੍ਰਭਾਵ ਪਾ ਕੇ ਸੁਝਾਉ ਦੇ ਕੇ ਕਹਾਣੀ ਨੂੰ ਸੰਪੂਰਨ ਕਰਨਾ ਇਹ ਦੁੱਗਲ ਦੀ ਕਲਾ ਦੇ ਉੱਘੜਵੇਂ ਪਹਿਲੂ ਹਨ।(395)

**ਸੁਰਿੰਦਰ ਸਿੰਘ ਨਰੂਲਾ:** ਸੁਰਿੰਦਰ ਸਿੰਘ ਦੀ ਪਛਾਣ ਭਾਵੇਂ ਇੱਕ ਨਾਵਲਕਾਰ ਦੇ ਤੌਰ ਤੇ ਬਣੀ ਪਰ ਉਸ ਦਾ ਆਲੋਚਨਾ, ਇਤਿਹਾਸ ਲੇਖਣ ਅਤੇ ਕਹਾਣੀ-ਰਚਨਾ ਦੇ ਖੇਤਰ ਵਿੱਚ ਵੀ ਯੋਗਦਾਨ ਅਹਿਮ ਹੈ। ਨਰੂਲਾ ਵਿਸ਼ੇਸ਼ਕਰ ਸਹਿਰੀ ਮੱਧ-ਸ਼੍ਰੇਣੀ ਨੂੰ ਆਧਾਰ ਬਣਾ ਕੇ ਕਹਾਣੀ ਰਚਨਾ ਕਰਦਾ ਹੈ। ਨਰੂਲਾ ਨੇ 'ਰੂਪ ਦੇ ਪਰਛਾਵੇਂ (1953), ਲੋਕ ਪਰਲੋਕ (1955), ਜੰਜਾਲ (1962), ਗਲੀ ਗੁਆਂਢ (1980), ਨਟਰਾਜ ਦੀ ਵਾਪਸੀ (1988), ਪੰਛੀ ਦੀ ਉਡਾਣ (1999) ਆਦਿ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। **ਅੰਮ੍ਰਿਤਾ ਪ੍ਰੀਤਮ:** ਇਸ ਦੌਰ ਦੀ ਕਹਾਣੀ ਵਿੱਚ ਅੰਮ੍ਰਿਤਾ ਪ੍ਰੀਤਮ ਨੇ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਇਲਾਵਾ ਹੋਰ ਵਿਚਾਰਧਾਰਾਵਾਂ ਦੇ ਪ੍ਰਭਾਵ ਹੇਠ ਕਹਾਣੀ ਰਚਨਾ ਵੀ ਕੀਤੀ। 26 ਵਰ੍ਹੇ ਬਾਅਦ

(1943), ਕੁੰਜੀਆਂ (1944), ਨੇੜੇ - ਨੇੜੇ (1946), ਆਖਰੀ ਖ਼ਤ (1956), ਗੋਜਰ ਦੀਆਂ ਪਰੀਆਂ (1960), ਚਾਨਣ ਦਾ ਹਾਉਕਾ (1962), ਜੰਗਲੀ ਬੂਟੀ (1968), ਅਜਨਬੀ (1970), ਇਸ ਤੋਂ ਇਲਾਵਾ ਕੁਝ ਚੋਣਵੇਂ ਕਹਾਣੀ ਸੰਗ੍ਰਹਿ ਪੰਜ ਵਰ੍ਹੇ ਲੰਮੀ ਸੜਕ (1969), ਹੀਰੇ ਦੀ ਕਣੀ (1977), ਲਟੀਆ ਦੀ ਛੋਕਰੀ (1977), ਇੱਕ ਸ਼ਹਿਰ ਦੀ ਮੌਤ (1978), ਤੀਸਰੀ ਔਰਤ (1978), ਮਿੱਟੀ ਦੀ ਜਾਤ (1990), ਉਹ ਆਦਮੀ (1992), ਉਹ ਔਰਤ (1992) ਆਦਿ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਏ।

ਬਲਦੇਵ ਸਿੰਘ ਧਾਲੀਵਾਲ *ਪੰਜਾਬੀ ਕਹਾਣੀ ਦਾ ਇਤਿਹਾਸ* ਅਮ੍ਰਿਤਾ ਪ੍ਰੀਤਮ ਬਾਰੇ ਆਖਦੇ ਨੇ:

> ਅੰਮ੍ਰਿਤਾ ਪ੍ਰੀਤਮ ਦੀ ਯਥਾਰਥਵਾਦੀ ਦ੍ਰਿਸ਼ਟੀ ਭਾਵੇਂ ਕੁਝ ਰੁਮਾਂਟਿਕ ਹੈ ਪਰ ਇਸ ਦੇ ਬਾਵਜੂਦ ਉਸ ਨੇ ਔਰਤ ਮਨ ਦੇ ਅਨੁਭਵ ਨੂੰ ਯਥਾਰਥਕ ਢੰਗ ਨਾਲ ਚਿਤਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ।(59)

ਇਸ ਪੜਾਅ ਦਾ ਇੱਕ ਹੋਰ ਪ੍ਰਮੁੱਖ ਕਹਾਣੀਕਾਰ **ਸੰਤੋਖ ਸਿੰਘ ਧੀਰ** ਹੈ। ਉਸ ਦੀ ਰਚਨਾ-ਦ੍ਰਿਸ਼ਟੀ ਪ੍ਰਗਤੀਵਾਦੀ ਹੈ। ਧੀਰ ਦੀ ਕਹਾਣੀ ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ : ਸਿੱਟਿਆਂ ਦੀ ਛਾਂ (1950), ਸਵੇਰ ਹੋਣ ਤੱਕ (1955), ਸਾਂਝੀ ਕੰਧ (1958), ਸ਼ਰਾਬ ਦਾ ਗਿਲਾਸ (1970), ਮੇਰੀਆਂ ਕਹਾਣੀਆਂ (2002) ਸੰਤੋਖ ਸਿੰਘ ਧੀਰ ਕਿਰਤੀ ਸ਼੍ਰੇਣੀ ਨਾਲ ਸੰਬੰਧਿਤ ਪਾਤਰਾਂ ਦੀ ਮਨੋਅਵਸਥਾ ਪ੍ਰਸਤੁਤ ਕਰਦਾ ਹੈ। ਧੀਰ ਦੀਆਂ ਕਹਾਣੀਆਂ ਵਿਚੋਂ ਮਿਹਨਤਕਸਾਂ ਦਾ ਜੀਵਨ ਯਥਾਰਥ ਨਜ਼ਰੀ ਪੈਂਦਾ ਹੈ। ਇਸੇ ਪੜਾਅ ਦੀ ਪ੍ਰਸਿੱਧ ਕਹਾਣੀਕਾਰ **ਦਲੀਪ ਕੌਰ ਟਿਵਾਣਾ** ਹੈ। ਟਿਵਾਣਾ ਆਪਣੀ ਕਹਾਣੀਆਂ ਦਾ ਵਿਸ਼ਾ ਖੇਤਰ ਭਾਰਤੀ ਸਮਾਜ ਵਿੱਚਲੀ ਔਰਤ ਦਾ ਸ਼ੋਸਣ ਮਰਦ ਦੀਆਂ ਵਧੀਕੀਆਂ ਨੂੰ ਬਣਾਉਂਦੀ ਹੈ। ਟਿਵਾਣਾ ਮਹਿਸੂਸ ਕਰਦੀ ਹੈ ਕਿ ਮੁੱਢ ਤੋਂ ਹੀ ਮਰਦ ਇਸਤਰੀ ਨੂੰ ਲਤਾੜਦਾ ਆ ਰਿਹਾ ਹੈ। ਦਲੀਪ ਕੌਰ ਟਿਵਾਣਾ ਨੇ ਕਈਂ ਕਹਾਣੀਆਂ ਮਨੋਵਿਗਿਆਨਕ ਦ੍ਰਿਸ਼ਟੀਕੋਣ ਵਾਲੀਆਂ ਵੀ ਰਚੀਆਂ ਹਨ। ਦਲੀਪ ਕੌਰ ਟਿਵਾਣਾ ਦੇ ਜਿਹੜੇ ਕਹਾਣੀ ਸੰਗ੍ਰਹਿ ਪ੍ਰਾਪਤ ਹੋਏ ਹਨ ਉਹ ਇਸ ਪ੍ਰਕਾਰ ਹਨ। ਪ੍ਰਬਲ ਵਹਿਣ (1954), ਵੈਰਾਗੇ ਨੈਣ (1957),

ਵੇਦਨਾ (1958), ਤੂੰ ਭਰੀ ਹੁੰਗਾਰਾ (1960), ਸਾਧਨਾ (1971), ਯਾਤਰਾ (1976), ਤੇਰਾ ਕਮਰਾ ਮੇਰਾ ਕਮਰਾ (1979), ਮੇਰੀਆਂ ਸਾਰੀਆਂ ਕਹਾਣੀਆਂ (1990), ਮੇਰੀ ਪ੍ਰਤੀਨਿਧ ਰਚਨਾ (1995) ਆਦਿ। ਇਸੇ ਪੜਾਅ ਦਾ ਇੱਕ ਹੋਰ ਕਹਾਣੀਕਾਰ **ਗੁਰਨਾਮ ਸਿੰਘ ਤੀਰ** ਹੈ। ਤੀਰ ਨੇ ਵਿਅੰਗਾਤਮਕ ਵਿਧੀ ਰਾਹੀਂ ਕਹਾਣੀ ਰਚਨਾ ਕੀਤੀ ਹੈ। ਗੁਰਨਾਮ ਸਿੰਘ ਤੀਰ ਨੇ ਕਹਾਣੀ ਸੰਗ੍ਰਹਿ ਪੰਜਾਬੀ ਕਹਾਣੀ ਦੀ ਝੋਲੀ ਪਾਏ ਹਨ। ਅੱਧੀ ਰਾਤ ਦੀਆਂ ਹਾਕਾਂ (1948) ਅਤੇ ਗੁੜ੍ਹਤੀ (1948) ਵਿਅੰਗ ਸਿਰਜਣਾ ਗੁਰਨਾਮ ਸਿੰਘ ਤੀਰ ਦੀ ਪ੍ਰਮੁੱਖ ਕਹਾਣੀ ਜੁਗਤ ਹੈ। ਪੰਜਾਬੀ ਕਹਾਣੀ ਨੂੰ ਵਿਸ਼ਵ ਸਾਹਿਤ ਵਿੱਚ ਇੱਕ ਵਿਸ਼ੇਸ਼ ਮੁਕਾਮ ਤੱਕ ਪਹੁੰਚਾਉਣ ਵਾਲਾ ਕਹਾਣੀਕਾਰ **ਕੁਲਵੰਤ ਸਿੰਘ ਵਿਰਕ** ਹੈ। ਵਿਰਕ ਨੇ ਦੂਜੇ ਪੜਾਅ ਦੀ ਪੰਜਾਬੀ ਕਹਾਣੀ ਨੂੰ ਇੱਕ ਉਚੇਰੇ ਮੁਕਾਮ ਤੱਕ ਪਹੁੰਚਾਇਆ। ਵਿਰਕ ਦੇ ਕਹਾਣੀ ਸੰਗ੍ਰਹਿ ਇਸ ਪ੍ਰਕਾਰ ਹਨ: ਛਾਹ ਵੇਲਾ (1944), ਧਰਤੀ ਤੇ ਅਕਾਸ਼ (1951), ਤੂੜੀ ਦੀ ਪੰਡ (1954), ਏਕਸ ਦੇ ਹਮ ਬਾਰਿਕ (1955), ਦੁੱਧ ਦਾ ਛੱਪੜ (1957), ਗੋਲ੍ਹਾਂ (1961)। ਨਵੇਂ ਲੋਕ (1967), ਆਤਿਸ਼ਬਾਜੀ (1984) ਬਲਦੇਵ ਸਿੰਘ ਧਾਲੀਵਾਲ ਦੀ ਪੁਸਤਕ *ਪੰਜਾਬੀ ਕਹਾਣੀ ਦਾ ਇਤਿਹਾਸ* ਅਨੁਸਾਰ:

> ਸਰਲ ਬਿਰਤਾਂਤ, ਮਨੋਵਿਗਿਆਨਕ ਛੋਹਾਂ ਰਾਹੀਂ ਪਾਤਰ-ਉਸਾਰੀ ਉੱਤਮ-ਪੁਰਖੀ ਬਿਰਤਾਂਤਣ ਅਤੇ ਸਟਿੰਗ ਇਸ ਦਾ ਟੇਲ' ਉਸ ਦੀ ਕਹਾਣੀ ਦੇ ਉੱਭਰਵੇਂ ਲੱਛਣ ਹਨ।(59)

ਦੂਜੇ ਪੜਾਅ ਦਾ ਇੱਕ ਹੋਰ ਪ੍ਰਸਿੱਧ ਕਹਾਣੀਕਾਰ **ਮਹਿੰਦਰ ਸਿੰਘ ਸਰਨਾ** ਹੈ। ਮਹਿੰਦਰ ਸਿੰਘ ਸ਼ਰਨਾ ਨੇ ਪੰਜਾਬੀ ਕਹਾਣੀ ਜਗਤ ਨੂੰ ਹੇਠ ਲਿਖੇ ਕਹਾਣੀ ਸੰਗ੍ਰਹਿ ਦਿੱਤੇ ਹਨ। ਜਿਵੇਂ ਪੱਥਰ ਦੇ ਆਦਮੀ (1949), ਸ਼ਗਨਾਂ ਭਰੀ ਸਵੇਰ (1951), ਸੁਪਨਿਆਂ ਦੀ ਸੀਮਾ (1958), ਵੰਝਲੀ ਤੇ ਵਿੱਲਕਣੀ (1959), ਛਵੀਆਂ ਦੀ ਰੁੱਤ (1961), ਕਲਿੰਗਾ (1968), ਸੁੰਦਰ ਘਾਟੀ ਦੀ ਸਹੁੰ (1980), ਸੂਹਾ ਸਾਲੂ ਸੂਹਾ ਗੁਲਾਬ (1980), ਕਾਲਾ ਬੱਦਲ ਕੂਲੀ ਧੁੱਪ (1984), ਨਵੇਂ ਯੁੱਗ ਦੇ ਵਾਰਸ (1991), ਔਰਤ ਈਮਾਨ (1993) ਮੇਰੀਆਂ ਚੋਣਵੀਆਂ ਕਹਾਣੀਆਂ (1993) ਆਦਿ। ਇਸ ਪੜਾਅ ਦਾ ਇੱਕ ਹੋਰ ਕਹਾਣੀਕਾਰ **ਸਵਿੰਦਰ ਸਿੰਘ ਉੱਪਲ** ਹੈ। ਉੱਪਲ ਨੇ ਕੁੜੀ ਪੋਠੋਹਾਰ ਦੀ (1950), ਢਹਿੰਦੇ ਮੁਨਾਰੇ (1954), ਭਰਾ-ਭਰਾਵਾਂ ਦੇ

(1958), ਦੁੱਧ ਤੇ ਬੁੱਧ (1967), ਵਾਸਾ ਸਵਰਗ ਦਾ (2002) ਆਦਿ ਕਹਾਣੀ ਸੰਗ੍ਰਿਹਾਂ ਦੀ ਰਚਨਾ ਕੀਤੀ ਹੈ। ਡਾ. ਬਲਦੇਵ ਸਿੰਘ ਧਾਲੀਵਾਲ ਦੀ ਪੁਸਤਕ *ਪੰਜਾਬੀ ਕਹਾਣੀ ਦਾ ਇਤਿਹਾਸ* ਅਨੁਸਾਰ:

> ਉਹ ਆਪਣੇ ਯਥਾਰਥਵਾਦੀ ਮਾਨਵਵਾਦੀ ਦ੍ਰਿਸ਼ਟੀਕੋਣ ਰਾਹੀਂ ਥੁੜੇ-ਟੁੱਟੇ ਵਰਗਾਂ ਦੇ ਅੰਦਰਲੇ ਸੰਸਾਰ ਨੂੰ ਜ਼ੁਬਾਨ ਦੇਣ ਦਾ ਯਤਨ ਕਰਦਾ ਹੈ। ਉਸਦੀ ਕਥਾ-ਸ਼ੈਲੀ ਦਾ ਨਿਵੇਕਲਾ ਗੁਣ ਪੋਠੋਹਾਰੀ ਰੰਗਣ ਵਾਲੀ ਠੇਠ ਭਾਸ਼ਾ, ਮਨੋਵਿਗਿਆਨਕ ਛੋਹਾਂ ਰਾਹੀਂ ਚਰਿੱਤਰ ਉਸਾਰੀ ਅਤੇ ਯਥਾਰਥਕ ਦ੍ਰਿਸ਼-ਚਿੱਤਰ ਹਨ।(71)

**ਪ੍ਰਭਜੋਤ ਕੌਰ** ਇਸ ਪੜਾਅ ਦੀ ਇਸਰਤੀ ਕਹਾਣੀਕਾਰਾਂ ਵਿੱਚ ਆਦਰਯੋਗ ਸਥਾਨ ਰੱਖਦੀ ਹੈ।ਉਨ੍ਹਾਂ ਨੇ ਕਿਣਕੇ (1952), ਅਮਨ ਦੇ ਨਾਂ (1956), ਜ਼ਿੰਦਗੀ ਦੇ ਕੁਝ ਪਲ (1962) ਆਦਿ ਕਹਾਣੀ ਸੰਗ੍ਰਿਹਾਂ ਦੀ ਰਚਨਾ ਕੀਤੀ ਹੈ। ਇਸੇ ਪੜਾਅ ਦਾ ਇੱਕ ਹੋਰ ਕਹਾਣੀਕਾਰ **ਜਸਵੰਤ ਸਿੰਘ ਵਿਰਦੀ** ਹੈ। ਜਸਵੰਤ ਸਿੰਘ ਵਿਰਦੀ ਨੇ ਗਮ ਦਾ ਸਾਕਾ (1977), ਪਾਵਰ ਹਾਊਸ (1974), ਨੁੱਕਰ ਵਾਲੀ ਗਲੀ (1975), ਜ਼ਿੰਦਗੀ (1976) ਆਦਿ ਕਹਾਣੀ ਸੰਗ੍ਰਹਿ ਲਿਖੇ ਹਨ। ਦੂਜੇ ਪੜਾਅ ਵਿੱਚ ਸਾਨੂੰ ਇੱਕ ਹੋਰ ਕਹਾਣੀਕਾਰ **ਸੁਰਜੀਤ ਸਿੰਘ ਸੇਠੀ** ਦੀਆਂ ਕਹਾਣੀਆਂ ਰਚੀਆਂ ਮਿਲਦੀਆਂ ਹਨ। ਸੇਠੀ ਦੇ "ਐਵੇਂ ਜ਼ਰਾ (1943), ਮਹੀਵਾਲ (1946), ਕੌੜੇ ਘੁੱਟ (1955) ਅੰਗਰੇਜ਼ ਅੰਗਰੇਜ਼ ਸਨ (1957), ਡੂੰਘੇ ਪਾਣੀਆਂ ਦੇ ਹਾਣੀ (1965), ਸਲਾਮ (1966), ਮੇਰੀ ਕਹਾਣੀ ਦਾ ਸਫ਼ਰ (1971) ਆਦਿ ਕਹਾਣੀ ਸੰਗ੍ਰਿਹਾਂ ਦੀ ਰਚਨਾ ਕਰਕੇ ਪੰਜਾਬੀ ਕਹਾਣੀ ਨੂੰ ਹੋਰ ਅਗੇਰੇ ਤੋਰਿਆ ਹੈ। ਗੁਰਦਿਆਲ ਸਿੰਘ ਦੁਆਰਾ ਲਿਖੀ ਕਹਾਣੀ ਨਾਲ ਦੂਜੇ ਪੜਾਅ ਦੀ ਪ੍ਰਗਤੀਵਾਦੀ ਯਥਾਰਥਵਾਦੀ ਪੰਜਾਬੀ ਕਹਾਣੀ ਹੋਰ ਗੰਭੀਰ, ਵਿਸ਼ਾਲ ਅਤੇ ਵਿਸ਼ੇ ਪੱਖੋਂ ਵੰਨ-ਸੁਵੰਨੀ ਹੋ ਨਿਬੜਦੀ ਹੈ। ਗੁਰਦਿਆਲ ਸਿੰਘ ਦੇ ਨਿਮਨ ਲਿਖਤ ਕਹਾਣੀ ਸੰਗ੍ਰਹਿ ਮਿਲਦੇ ਹਨ। ਜਿਵੇਂ ਸੱਗੀ ਫੁੱਲ (1962), ਚੰਨ ਦਾ ਬੂਟਾ (1964), ਓਪਰਾ ਘਰ (1965), ਕੁੱਤਾ ਤੇ ਆਦਮੀ (1972), ਬਿਗਾਨਾ ਪਿੰਡ (1981), ਰੁੱਖੇ ਮਿੱਸੇ ਬੰਦੇ (1982), ਚੋਣਵੀਆਂ ਕਹਾਣੀਆਂ (1989), ਪੱਕਾ ਟਿਕਾਣਾ (1989), ਜਿਉਂਦਿਆਂ ਦੇ ਮੇਲੇ (2000), ਗੁਰਦਿਆਲ ਸਿੰਘ ਦੀ ਰਚਨਾ-ਵਸਤੂ ਦਾ ਖੇਤਰ ਮਾਲਵੇ ਖੇਤਰ ਦੀ ਨਿਮਨ

ਕਿਸਾਨੀ ਅਤੇ ਕਿਰਤੀ ਵਰਗ ਹੈ। ਉਂਝ ਕੁਝ ਕਹਾਣੀਆਂ ਉਸ ਨੇ ਸ਼ਹਿਰੀ ਮੱਧਵਰਗੀ ਜੀਵਨ ਨੂੰ ਆਧਾਰ ਬਣਾ ਕੇ ਵੀ ਰਚੀਆਂ ਹਨ। ਬਲਦੇਵ ਸਿੰਘ ਧਾਲੀਵਾਲ ਦਾ *ਪੰਜਾਬੀ ਕਹਾਣੀ ਦਾ ਇਤਿਹਾਸ* ਪੁਸਤਕ ਅਨੁਸਾਰ ਵਿਚਾਰ ਹੈ ਕਿ:

> ਉਹ ਆਪਣੀ ਸਹਿਜ ਪ੍ਰਗਤੀਵਾਦ ਦੀ ਧਾਰਨੀ ਰਚਨਾ-ਦ੍ਰਿਸ਼ਟੀ ਰਾਹੀਂ ਜਿੱਥੇ ਨਿਮਨ ਵਰਗਾਂ ਦੇ ਸ਼ੋਸ਼ਣ ਦੀ ਗੱਲ ਕਰਦਾ ਹੈ, ਉੱਥੇ ਨਿਮਨ ਵਰਗਾਂ ਦੇ ਸ਼ੋਸ਼ਣ ਦੀ ਗੱਲ ਵੀ ਕਰਦਾ ਹੈ ਅਤੇ ਨਿਮਨ ਵਰਗਾਂ ਦੇ ਜਾਤ-ਪਾਤੀ ਸੰਸਕਾਰਾਂ ਨਾਲ ਘੱਟ ਰਹੇ ਵਿਵਹਾਰ ਨੂੰ ਵੀ ਉਨ੍ਹਾਂ ਦੇ ਕਾਰਜ ਰਾਹੀਂ ਉਜਾਗਰ ਕਰਦਾ ਹੈ। ਜੀਵੰਤ ਜੀਵਨ ਦ੍ਰਿਸ਼ ਵਾਰਤਾਲਾਪੀ ਭਾਸ਼ਾ ਮਲਵਈ ਉਪਭਾਸ਼ਾ ਦੀ ਭਰਪੂਰ ਵਰਤੋਂ ਅਤੇ ਸਹਿਜ ਬਿਰਤਾਂਤ ਸਿਰਜਣਾ ਉਸ ਦੀਆਂ ਪ੍ਰਮੁੱਖ ਕਥਾ-ਜੁਗਤਾਂ ਹਨ।(81)

ਇਸ ਦੌਰ ਦੀ ਕਹਾਣੀ ਸ਼ੁੱਧ ਰੂਪ ਵਿੱਚ ਇੱਕ ਨਿੱਕੇ ਗਲਪੀ ਬਿੰਬ ਦੀ ਸਿਰਜਣਾ ਕਰਦੀ ਹੈ, ਜਿਹੜੀ ਆਪਣੇ ਆਪ ਵਿੱਚ ਸੰਪੂਰਣ ਅਤੇ ਅਰਥ ਭਰਪੂਰ ਹੁੰਦੀ ਹੈ। ਕਈ ਕਥਾ ਤੰਦਾਂ ਜਾਂ ਗੁੰਝਲਦਾਰ ਕਥਾਨਕ ਦੀ ਥਾਂ ਘਟਨਾ ਦਾ ਇੱਕ ਅਜਿਹਾ ਸੰਦਰਭ ਚੁਣਿਆ ਜਾਂਦਾ ਹੈ। ਜਿਹੜਾ ਆਪਣੇ ਵਿਕਾਸ ਦੇ ਅੰਤਿਮ ਪੜਾਓ ਵਿੱਚ ਵਿਚਾਰ ਨੂੰ ਪੁਸ਼ਟ ਕਰਦਾ ਨਜ਼ਰ ਆਉਂਦਾ ਹੈ। ਰਤਨ ਸਿੰਘ ਜੱਗੀ *ਖੋਜ ਪਤ੍ਰਿਕਾ* ਗਲਪ ਵਿਸ਼ੇਸ਼ ਅੰਕ ਅਨੁਸਾਰ:

> ਹੁਨਰੀ ਕਹਾਣੀ ਕੇਵਲ ਭਾਵਨਾ ਅਤੇ ਵਿਚਾਰ ਦਾ ਸਮਾਵੇਸ਼ ਜਾਂ ਪ੍ਰਦਰਸ਼ਨ ਹੀ ਨਹੀਂ ਕਰਦਾ, ਸਗੋਂ ਇਸ ਦੇ ਸ਼ਿਲਪ ਨੂੰ ਕਲਾਤਮਕਤਾ ਸਰੂਪ ਵਿਧਾਨ ਵੀ ਦਿੰਦੀ ਹੈ।(331)

ਹੁਨਰੀ ਕਹਾਣੀ ਦੇ ਬਿਰਤਾਂਤਕੀ ਸੰਗਠਨ ਵਿੱਚ ਘਟਨਾਵਾਂ ਦਾ ਕ੍ਰਮ ਇੰਜ ਵਿਉਂਤਿਆ ਜਾਂਦਾ ਹੈ ਕਿ ਘਟਨਾ ਆਦਿ ਮੱਧ-ਅੰਤ ਦੇ ਕ੍ਰਮਿਕ ਵਿਕਾਸ ਵਿੱਚ ਸਿਖਰ ਤਕ ਵੀ ਪਹੁੰਚੇ ਅਤੇ ਅੰਤ ਸਮੱਸਿਆ ਦਾ ਸੁਲਝਾਓ ਜਾਂ ਸੰਭਾਵੀ ਹੱਲ ਪ੍ਰਤਿ ਸੁਝਾਓ ਜ਼ਰੂਰ ਪੇਸ਼ ਕਰੇ। ਪ੍ਰਤੀਮਾਨ ਮੂਲਕ ਕਹਾਣੀ ਨਾਲੋਂ ਹੁਨਰੀ ਕਹਾਣੀ ਦੀ ਘਟਨਾਵੀ ਵਿਉਂਤ ਵਿੱਚ ਕਿਤੇ ਕਲਾਤਮਕਤਾ ਨਜ਼ਰ ਆਉਂਦੀ ਹੈ। ਇਸ ਦੌਰ ਦੀ ਜ਼ਿਆਦਾਤਰ ਕਹਾਣੀ ਖੁੱਲ੍ਹੇ ਅੰਤ ਵਾਲੀ ਨਹੀਂ, ਸਗੋਂ ਬੰਦ ਅੰਤ ਵਾਲੀ ਹੈ। ਇਸ ਦੌਰ ਦੀ ਕਹਾਣੀ ਘਟਨਾ ਦਾ ਮਹਿਜ ਵਰਣਨ ਨਹੀਂ

ਕਰਦੀ, ਸਗੋਂ ਵਰਣਨ ਦੀ ਥਾਂ ਦ੍ਰਿਸ਼ ਨੂੰ ਤਰਜ਼ੀਹ ਦਿੰਦੀ ਹੈ। ਰਤਨ ਸਿੰਘ ਜੱਗੀ ਦਾ *ਖੋਜ ਪਤ੍ਰਿਕਾ, ਗਲਪ ਵਿਸ਼ੇਸ਼ ਅੰਕ* 'ਚ ਵਿਚਾਰ ਹੈ ਕਿ:

> ਅਜੋਕੀ ਹੁਨਰੀ ਕਹਾਣੀ ਇਸ ਗੱਲ ਦੀ ਮੰਗ ਕਰਦੀ ਹੈ ਕਿ ਇਸ ਵਿੱਚ ਵਿਸਤਾਰ, ਲਮਕਾਉ ਅਤੇ ਪਲਾਟ ਪ੍ਰਬਲਤਾ ਦੀ ਥਾਂ ਗਹਿਰਾਈ ਵਿਸ਼ਲੇਸ਼ਣ ਅਤੇ ਸੰਕੇਤਗਤ ਸ਼ੈਲੀ ਹੋਵੇ। ਹੁਣ ਪੰਜਾਬੀ ਨਿੱਕੀ ਕਹਾਣੀ ਵਿੱਚ ਕਥਾ ਰਸ ਦੀ ਥਾਂ ਸੂਖਮਤਾ ਤੇ ਵਿਸ਼ਲੇਸ਼ਣ ਦੀ ਬਿਰਤੀ ਸਾਕਾਰ ਹੁੰਦੀ ਜਾ ਰਹੀ ਹੈ। (334)

ਇਸ ਦੌਰ ਦੀ ਕਹਾਣੀ ਵਿੱਚ ਸ਼ੁੱਧ ਰੂਪ ਵਿੱਚ ਇੱਕ ਨਿੱਕੇ ਗਲਪੀ ਬਿੰਬ ਦੀ ਸਿਰਜਨਾ ਕੀਤੀ ਗਈ ਹੈ। ਗੁੰਝਲਦਾਰ ਕਥਾਨਕ ਦੀ ਥਾਂ ਘਟਨਾ ਦਾ ਇੱਕ ਅਜਿਹਾ ਸੰਦਰਭ ਚੁਣਿਆ ਗਿਆ ਜਿਹੜਾ ਬੜੇ ਛੋਟੇ ਜਿਹੇ ਵਾਪਰਨ ਸਮੇਂ ਵਿੱਚ ਵਿਚਾਰ ਨੂੰ ਪੁਸ਼ਟੀ ਪ੍ਰਦਾਨ ਕਰ ਸਕਦਾ ਹੈ। ਇਸ ਤਰ੍ਹਾਂ ਹੁਨਰੀ ਪੰਜਾਬੀ ਕਹਾਣੀ ਆਪਣੀ ਯਾਨਰਿਕ ਵਿਲੱਖਣਤਾ ਨੂੰ ਸਥਾਪਤ ਕਰਦੀ ਹੈ ਅਤੇ ਇਸਦਾ ਮਾਡਲ ਸਿਰਜਦੀ ਹੈ। ਆਪਣੀ ਇਕਹਿਰੀ ਕਥਾਨਕ-ਵਿਉਂਤ ਅਤੇ ਫੋਕਸੀਕਰਨ ਦੀ ਸਪਸ਼ਟਤਾ ਦੇ ਬਾਵਜੂਦ ਇਹ ਸੁਨਿਸ਼ਚਿਤ ਗਲਪੀ ਬਿੰਬ ਸਿਰਜਣ ਦੇ ਸਮਰੱਥ ਰਹੀ ਹੈ। ਇਸੇ ਸਰਲਤਾ, ਇਕਾਗਰਤਾ ਕਾਰਨ ਇਸਦੀ ਸੰਚਾਰਯੋ ਗਤਾ ਵਿਅਕਤੀਕ੍ਰਿਤ ਸੰਵਾਦਕਤਾ ਦੀ ਕਹਾਣੀ ਦੇ ਮੁਕਾਬਲੇ ਕਿਤੇ ਵੱਧ ਹੈ। ਇਸਦੀ ਪੜ੍ਹਨ ਯੋਗਤਾ ਅਤੇ ਕਹਾਣੀ ਰਸ ਅਥਾਹ ਹੈ। ਆਪਣੇ ਨਿੱਕੇ ਆਕਾਰ ਦੇ ਵਿੱਚ ਸਮੇਂ, ਸਥਾਨ ਅਤੇ ਕਾਰਜ ਦੀ ਏਕਤਾ ਦੇ ਨਾਲ-ਨਾਲ ਪ੍ਰਭਾਵ ਨੂੰ ਇਕਾਗਰ ਰੱਖਣ ਦਾ ਸੁਚੇਤ ਪ੍ਰਯਤਨ ਕਹਾਣੀ ਨੂੰ ਸਪਸ਼ਟਤਾ ਅਤੇ ਗਹਿਰਾਈ ਬਖ਼ਸ਼ਦਾ ਹੈ। ਦੂਜੇ ਪੜਾਅ ਦੀ ਕਹਾਣੀ ਦੇ ਬਿਰਤਾਂਤ ਬਾਰੇ ਡਾ। ਧਨਵੰਤ ਕੌਰ *ਪੰਜਾਬੀ ਕਹਾਣੀ ਸ਼ਾਸਤਰ* 'ਚ ਆਪਣੇ ਵਿਚਾਰ ਇਸ ਪ੍ਰਕਾਰ ਪੇਸ਼ ਕਰਦੀ ਹੈ:

> ਇਸ ਕਹਾਣੀ ਦਾ ਵਕਤਾ ਕਈ ਵਾਰ ਗ਼ੈਰ-ਬਿਰਤਾਂਤਕ ਸੰਚਾਰ ਰਾਹੀਂ ਕਹਾਣੀ ਦੇ ਸੁਹਜ ਨੂੰ ਵੀ ਤਿਲਾਂਜਲੀ ਦਿੰਦਾ ਰਿਹਾ। ਪਰ ਆਮ ਕਰਕੇ ਸਰਬਗਿਆਤਾ ਦੀ ਹੈਸੀਅਤ ਵਿੱਚ ਸਰਬੱਗ ਵਰਣਨ ਕਰਦਾ ਅਤੇ ਨਿਮਨਪੁਰਖੀ ਬਿਰਤਾਂਤ ਸਿਰਜਦਾ ਇਹ ਕਹਾਣੀਕਾਰ ਸੁਨਿਸ਼ਚਿਤ ਗਲਪੀ ਬਿੰਬ

ਸਿਰਜਣ ਵੱਲ ਰੁਚਿਤ ਰਿਹਾ।(24)

- **ਤੀਜਾ ਪੜਾਅ: ਵਸਤੂਮੁਖੀ ਯਥਾਰਥਵਾਦੀ ਪੰਜਾਬੀ ਕਹਾਣੀ (1966 -1990):** ਕੋਈ ਵੀ ਸਾਹਿਤਕ ਵਿਧਾ ਹਮੇਸ਼ਾ ਇੱਕੋ ਦਾਇਰੇ 'ਚ ਸਥਿਰ ਜਾ ਬੱਝ ਕੇ ਨਹੀਂ ਰਹਿੰਦੀ, ਸਗੋਂ ਇਹ ਇੱਕ ਗਤੀਸ਼ੀਲ ਵਰਤਾਰਾ ਹੈ। ਜਿਸ ਵਿੱਚ ਸਮੇਂ ਅਨੁਸਾਰ ਬਦਲਾਵ ਲਾਜ਼ਮੀ ਹਨ। ਨਵੇਂ ਦਹਾਕੇ ਦੇ ਅੱਧ ਤੱਕ ਅਪੜਦਿਆਂ ਪੰਜਾਬੀ ਕਹਾਣੀ ਵਿੱਚ ਰੂਪਗਤ ਅਤੇ ਵਿਸ਼ੇ ਪੱਖ ਤੋਂ ਤਬਦੀਲੀਆਂ ਵਾਪਰਦੀਆਂ ਹਨ, ਜਿਨ੍ਹਾਂ ਕਰਕੇ ਇਸ ਨੇ ਦੂਜੇ ਪੜਾਅ ਨੂੰ ਉਲੰਘ ਕੇ ਤੀਜੇ ਪੜਾਅ ਵਿੱਚ ਕਦਮ ਰੱਖਣ ਦਾ ਹੰਭਲਾ ਮਾਰਨਾ ਸੀ। ਇਸ ਸਮੇਂ ਇੱਕ ਪਾਸੇ ਤਾਂ ਆਜ਼ਾਦੀ ਪ੍ਰਾਪਤ ਹੋਣ ਤੋਂ ਬਾਅਦ ਭਾਰਤੀਆਂ ਦੀਆਂ ਸਮੂਹ ਸਮੱਸਿਆਵਾਂ ਦੇ ਹੱਲ ਹੋਣ ਦੀ ਭ੍ਰਾਂਤੀ ਟੁੱਟਣੀ ਸ਼ੁਰੂ ਹੁੰਦੀ ਹੈ। ਪੂੰਜੀਵਾਦ ਦੇ ਵਿਕਸਿਤ ਹੋਣ ਕਰਕੇ ਭਾਰਤ ਤੇ ਸਰਕਾਰੀ ਸਮਾਜਵਾਦੀ ਸੰਕਲਪ ਦਾ ਜਲਵਾ ਫਿੱਕਾ ਪੈਣਾ ਸ਼ੁਰੂ ਹੁੰਦਾ ਹੈ। ਮੱਧ ਵਰਗ ਅਸੰਤੁਸ਼ਟੀ ਅਤੇ ਬੇਬਸੀ ਵੱਲ ਵੱਧਦਾ ਨਜ਼ਰੀ ਪੈਂਦਾ ਹੈ। ਪੰਜਾਬ ਵਿਭਾਜਨ, ਨਕਸਲਵਾੜੀ ਲਹਿਰ ਅਤੇ ਸਿੱਖ ਖਾੜਕੂਵਾਦ ਆਦਿ ਚੁਨੌਤੀਆਂ ਪੰਜਾਬੀਆਂ ਮੂਹਰੇ ਮੂੰਹ ਅੱਡ ਖਲੋ੍ਹ ਜਾਂਦੀਆਂ ਹਨ। ਦੂਜੇ ਪਾਸੇ ਕੇਂਦਰ ਅਤੇ ਪੰਜਾਬ ਇੱਕ ਟਕਰਾਵ ਦੀ ਸਥਿਤੀ ਵਿਚੋਂ ਗੁਜ਼ਰਦੇ ਹਨ। ਪਰੰਤੂ ਭਾਰਤ ਸਰਕਾਰ ਵੱਲੋਂ ਹਰੀ ਕ੍ਰਾਂਤੀ ਦੇ ਵਿਖਾਏ ਸੁਪਨੇ ਰਾਹੀਂ ਅਤੇ ਪੰਜਾਬੀਆਂ ਦੇ ਜ਼ਿਆਦਾ ਤੋਂ ਜ਼ਿਆਦਾ ਪਰਵਾਸ ਧਾਰਨ ਕਰਕੇ ਮਾਹੌਲ ਵਿੱਚ ਪੁਨਰ ਨਿਰਮਾਣ ਵਿੱਚ ਬਦਲਾਵ ਆ ਜਾਂਦਾ ਹੈ। ਇਸ ਪੜਾਅ ਤੱਕ ਪੰਜਾਬੀ ਕਹਾਣੀ ਆਪਣਾ ਖੇਤਰ ਪੰਜਾਬ ਤੋਂ ਬਾਹਰ ਪਾਕਿਸਤਾਨ ਅਤੇ ਪਰਵਾਸੀਆਂ ਸਦਕਾ ਸਮੁੱਚੇ ਵਿਸ਼ਵ ਵਿੱਚ ਆਪਣਾ ਕੈਨਵਸ ਫੈਲਾਉਣ 'ਚ ਸਫਲ ਹੁੰਦੀ ਹੈ। ਪੰਜਾਬੀ ਕਹਾਣੀ ਦੀ ਮੁੱਖ ਧਾਰਾ ਭਾਵੇਂ ਪੂਰਬੀ ਪੰਜਾਬ ਵਿੱਚ ਰਚੀ ਜਾ ਰਹੀ ਕਹਾਣੀ ਹੀ ਬਣੀ ਰਹਿੰਦੀ ਹੈ, ਪਰ ਪਰਵਾਸੀ ਪੰਜਾਬੀ ਕਹਾਣੀ ਅਤੇ ਪਾਕਿਸਤਾਨੀ ਪੰਜਾਬੀ ਕਹਾਣੀ ਵੀ ਨਾਲ-ਨਾਲ ਗਤੀਸ਼ੀਲ ਰਹਿੰਦੀ ਹੈ। ਇਸ ਪੜਾਅ ਵਿੱਚ ਜਿੱਥੇ ਵਿਸ਼ਾ-ਵਸਤੂ ਦਾ ਕੈਨਵਸ ਵਿਸ਼ਾਲ ਹੁੰਦਾ ਹੈ, ਉੱਥੇ ਰੂਪਕ ਪੱਖੋਂ ਵੀ ਭਾਰੀ ਤਬਦੀਲੀ ਵਾਪਰਦੀ ਹੈ ਅਤੇ ਨਿੱਕੀ ਪੰਜਾਬੀ ਕਹਾਣੀ ਦੇ ਸਮਵਿੱਥ ਕਹਾਣੀ ਦਾ ਇੱਕ ਹੋਰ ਨਵਾਂ ਰੂਪ ਲੰਮੀ ਕਹਾਣੀ ਆ ਖੜਦਾ ਹੈ , ਜੋ ਵਿਦਵਾਨਾਂ, ਕਹਾਣੀ ਆਲੋਚਕਾਂ ਅਤੇ ਕਹਾਣੀ ਇਤਿਹਾਸਕਾਰਾਂ ਵਿੱਚ ਚਰਚਾ ਦਾ ਵਿਸ਼ਾ ਬਣਿਆ ਰਹਿੰਦਾ ਹੈ।

ਕਈ ਵਿਦਵਾਨ ਆਲੋਚਕ ਲੰਮੀ ਕਹਾਣੀ ਨੂੰ ਨਿੱਕੀ ਕਹਾਣੀ ਦੇ ਅੰਤਰਗਤ ਹੀ ਮੰਨਦੇ ਹਨ ਪਰੰਤੂ ਕਈ ਵਿਦਵਾਨ ਆਲੋਚਕ ਇਸਨੂੰ ਵੱਖਰੀ ਵਿਧਾ ਦੇ ਆਧਾਰ ਤੇ ਪਰਖਦੇ ਹਨ ਅਤੇ ਅੰਤ ਵਿੱਚ ਲੰਮੀ ਕਹਾਣੀ ਨੂੰ ਇੱਕ ਅਲੱਗ ਵਿਧਾ ਮੰਨ ਲਿਆ ਜਾਂਦਾ ਹੈ। ਸੋ ਇਸ ਪੜਾਅ ਤੱਕ ਅੱਪੜ ਕੇ ਪੰਜਾਬੀ ਕਹਾਣੀ ਆਪਣੀ ਪੂਰਬਲੀ ਨਿੱਕੀ ਕਹਾਣੀ ਦੀ ਪਰਿਭਾਸ਼ਾ ਨੂੰ ਵੀ ਬਦਲ ਰਹੀ ਪ੍ਰਤੀਤ ਹੁੰਦੀ ਹੈ। ਇਸ ਪੜਾਅ ਦੇ ਪ੍ਰਮੁੱਖ ਕਹਾਣੀਕਾਰ ਦਾ ਵੇਰਵਾ ਇਸ ਪ੍ਰਕਾਰ ਹੈ।

- **ਸ਼ਿਵਦੇਵ ਸੰਧਾਵਾਲੀਆਂ: ਤੀਜੇ ਪੜਾਅ ਦੇ ਕਹਾਣੀਕਾਰਾਂ ਵਿੱਚ ਸ਼ਿਵਦੇਵ**: ਸੰਧਾਵਾਲੀਆ ਇੱਕ ਚਰਚਿਤ ਕਹਾਣੀਕਾਰ ਹੈ। ਉਸਨੇ ਉਹ ਨਹੀਂ ਆਇਆ (1987), ਪੁੱਠਾ ਗੇੜ (1990), ਸੁਫ਼ਨੇ ਜਾਗਦੇ ਹਨ (1992) ਆਦਿ ਕਹਾਣੀ ਸੰਗ੍ਰਹਿ ਰਚੇ ਹਨ। ਉਸਨੇ ਆਪਣੀਆਂ ਕਹਾਣੀਆਂ 'ਚ ਆਦਿ-ਵਾਸੀਆਂ ਦੇ ਰਹਿਣ-ਸਹਿਣ, ਦੂਜੇ ਵਿਸ਼ਵ ਯੁੱਧ ਦਾ ਦ੍ਰਿਸ਼ ਜਾਂ ਹਾਲ ਵਰਣਨ ਅਤੇ ਆਜ਼ਾਦ ਹਿੰਦ ਫ਼ੌਜ ਨਾਲ ਸੰਬੰਧਿਤ ਇਤਿਹਾਸਕ ਕਥਾਵਾਂ ਨੂੰ ਵਿਸ਼ਾ ਬਣਾ ਕੇ ਪੇਸ਼ ਕੀਤਾ ਹੈ। ਤੀਜੇ ਪੜਾਅ ਦੇ ਕਹਾਣੀਕਾਰ 'ਚ **ਅਜੀਤ ਸਿੰਘ ਪੱਤੋਂ** ਨੂੰ ਵੀ ਸ਼ਾਮਲ ਕੀਤਾ ਜਾਂਦਾ ਹੈ। ਪੱਤੋਂ ਨੇ ਦੋ ਕਹਾਣੀ ਸੰਗ੍ਰਿਹਾਂ ਦੀ ਰਚਨਾ ਕੀਤੀ। ਇੱਕੋ ਮਿੱਟੀ ਦੇ ਪੁੱਤ (1987) ਅਤੇ ਨੂਰ ਤੇ ਨਾਰ (1993) ਅਜੀਤ ਸਿੰਘ ਪੱਤੋਂ ਦੀਆਂ ਕਹਾਣੀਆਂ ਦਾ ਰਚਨਾ-ਵਸਤੂ ਮਾਲਵੇ ਦੇ ਖੇਤ-ਮਜ਼ਦੂਰਾਂ, ਨਿਮਨ ਕਿਸਾਨੀ ਜੀਵਨ ਨਾਲ ਸੰਬੰਧਿਤ ਹੈ। ਇਸੇ ਪੜਾਅ ਦਾ ਅਗਲਾ ਕਹਾਣੀਕਾਰ **ਇੰਦਰ ਸਿੰਘ ਖ਼ਾਮੋਸ਼** ਹੈ। ਉਸ ਦੀਆਂ ਕਹਾਣੀਆਂ ਵਿੱਚ ਪ੍ਰਮੁੱਖ ਤੌਰ ਤੇ ਮੱਧ ਸ਼੍ਰੇਣੀ ਦਾ ਜੀਵਨ ਯਥਾਰਥ ਪੇਸ਼ ਕੀਤਾ ਹੋਇਆ ਮਿਲਦਾ ਹੈ। ਉਸ ਦੀ ਸਭ ਤੋਂ ਚਰਚਿਤ ਕਹਾਣੀ ""ਬਹੂ'' ਹੈ। ਉਸਦਾ ਕਹਾਣੀ ਸੰਗ੍ਰਹਿ ਤੱਤਾ ਲਹੂ ਠੰਢਾ ਲਹੂ (1975) ਵਿੱਚ ਪ੍ਰਕਾਸ਼ਿਤ ਹੋਇਆ ਮਿਲਦਾ ਹੈ। ਵਸਤੂਵਾਦੀ ਯਥਾਰਥਵਾਦੀ ਪੰਜਾਬੀ ਕਹਾਣੀ ਦੇ ਇਸ ਪੜਾਅ ਵਿੱਚ **ਰਾਮ ਸਰੂਪ ਅਣਖੀ** ਦਾ ਨਾਂ ਇੱਕ ਵਿਸ਼ੇਸ਼ ਸਥਾਨ ਰੱਖਦਾ ਹੈ। ਰਾਮ ਸਰੂਪ ਅਣਖੀ ਨੇ ਸੁੱਤਾ ਨਾਗ (1966), ਕੱਚਾ ਧਾਗਾ (1967), ਮਨੁੱਖ ਦੀ ਮੌਤ (1968), ਟੀਸੀ ਦਾ ਬੇਰ (1970), ਕੰਧ ਵਿੱਚ ਉੱਗਿਆ ਦਰੱਖਤ (1971), ਖਾਰਾ ਦੁੱਧ (1973), ਅੱਧਾ ਆਦਮੀ (1977), ਸਵਾਲ ਦਰ ਸਵਾਲ (1980), ਛੱਪੜੀ ਵਿਹੜਾ (1982), ਕਦੋਂ ਫਿਰਨਗੇ ਦਿਨ (1985), ਰੱਤ ਦਾ ਕੁੰਗੂ

(1987), ਜਵ੍ਹਾਰਭਾਟਾ (1989), ਹੱਡੀਆਂ (1989), ਮਿੱਟੀ ਦੀ ਜਾਤ (1989), ਅਣਖੀ ਦੀਆਂ ਕਹਾਣੀਆਂ (1989), ਕਿੱਧਰ ਜਾਵਾਂ (1992), ਲੋਹੇ ਦਾ ਗੇਟ (1992), ਛੱਡ ਕੇ ਨਾ ਜਾਹ (1994), ਚਿੱਟੀ ਕਬੂਤਰੀ (2000), ਨਵੀਂ ਫ਼ਸਲ (2002), ਤੂੰ ਵੀ ਮੁੜ ਆ ਸਟੀਕ (2005), ਚੋਣਵੀਂਆਂ, ਸੁਗੰਧਾਂ ਜਿਹੇ ਲੋਕ (2005)। **ਮਨਮੋਹਨ ਬਾਵਾ** ਇਸ ਪੜਾਅ ਦਾ ਪ੍ਰਮੁੱਖ ਕਹਾਣੀਕਾਰ ਹੈ। ਕਹਾਣੀ ਦੇ ਖੇਤਰ ਵਿੱਚ ਮਨਮੋਹਨ ਬਾਵਾ ਨੇ ਚਾਰ ਕਹਾਣੀ ਸੰਗ੍ਰਹਿ ਰਚੇ ਹਨ। ਉਹਨਾਂ ਚੋਂ ਇੱਕ ਰਾਤ (1961), ਚਿੱਟੇ ਘੋੜੇ ਦਾ ਸਵਾਰ (1983), ਅਜਾਤ ਸੁੰਦਰੀ (1996), ਨਰ- ਬਲੀ (2000) ਕਹਾਣੀ ਸੰਗ੍ਰਹਿ ਪ੍ਰਾਪਤ ਹੁੰਦੇ ਹਨ। ਵਸਤੂਮੁਖੀ ਯਥਾਰਥਮੁਖੀ ਪੜਾਅ ਦੇ ਕਹਾਣੀਕਾਰਾਂ ਵਿੱਚ **ਪ੍ਰੇਮ ਪ੍ਰਕਾਸ਼** ਇੱਕ ਚਰਚਿਤ ਕਹਾਣੀਕਾਰ ਹੈ। ਪ੍ਰੇਮ ਪ੍ਰਕਾਸ਼ ਦੇ ਸਾਨੂੰ ਜੋ ਕਹਾਣੀ ਸੰਗ੍ਰਹਿ ਪ੍ਰਾਪਤ ਹੁੰਦੇ ਹਨ। ਉਹ ਇਸ ਪ੍ਰਕਾਰ ਹਨ: ਕੱਚਕੜੇ (1966), ਨਮਾਜ਼ੀ (1971), ਮੁਕਤੀ (1980), ਸਵੇਤਾਂਬਰ ਨੇ ਕਿਹਾ ਸੀ (1983), ਪ੍ਰੇਮ ਕਹਾਣੀਆਂ (1986), ਕੁਝ ਅਣਕਿਹਾ ਵੀ (1990), ਰੰਗਮੰਚ ਤੇ ਭਿਖਸ਼ੂ (1995), ਕਥਾ ਅਨੰਤ (1995) (ਸਮੁੱਚੀਆਂ ਕਹਾਣੀਆਂ) ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦਾ ਵਿਸ਼ਾ ਆਮ ਤੌਰ ਤੇ ਮੱਧਵਰਗੀ ਔਰਤ-ਮਰਦ ਦੇ ਰਿਸ਼ਤਿਆਂ ਨਾਲ ਸੰਬੰਧਿਤ ਹੁੰਦਾ ਹੈ। ਉਸਨੇ ਨਕਸਲਬਾੜੀ ਲਹਿਰ, ਆਰਥਿਕ, ਸਮਾਜਿਕ, ਸਮੱਸਿਆਵਾਂ ਸੰਬੰਧੀ ਵੀ ਕਹਾਣੀ ਰਚਨਾ ਕੀਤੀ ਹੈ। ਡਾ. ਬਲਦੇਵ ਸਿੰਘ ਧਾਲੀਵਾਲ ਦੀ ਪੁਸਤਕ *ਪੰਜਾਬੀ ਕਹਾਣੀ ਦੀ ਇੱਕ ਸਦੀ ਇਤਿਹਾਸਮੂਲਕ ਪ੍ਰਵਚਨ* ਅਨੁਸਾਰ:

- ਪ੍ਰੇਮ ਪ੍ਰਕਾਸ਼ ਦਾ ਕੇਂਦਰੀ ਪਾਤਰ ਉਹ ਮੱਧਵਰਗੀ ਵਿਅਕਤੀ ਬਣਦਾ ਹੈ ਜਿਹੜਾ ਆਪਣੀਆਂ ਪੂੰਜੀਵਾਦੀ ਮਾਨਤਾਵਾਂ ਕਾਰਨ ਪਰੰਪਰਕ ਜੀਵਨ-ਜਾਂਚ ਤੋਂ ਪੂਰਨ ਭਾਂਤ ਉਕਤਾ ਚੁੱਕਾ ਹੁੰਦਾ ਹੈ। ਜਟਿਲ ਕਥਾਨਕ ਮਨੋਵਿਗਿਆਨਕ ਛੋਹਾਂ ਬੜੀ ਪਾਤਰ-ਉਸਾਰੀ, ਪੋਰਾਣਿਕ ਮੋਟਿਫ਼ਾ ਦਾ ਆਧੁਨਿਕ ਰੂਪਾਂਤਰਨ ਅਤੇ ਉੱਤਮ-ਪੁਰਖੀ ਬਿਰਤਾਂਤਕਾਰ ਰਾਹੀਂ ਬਿਰਤਾਂਤ ਸਿਰਜਣਾ ਉਸ ਦੀ ਕਹਾਣੀ ਕਲਾ ਦੇ ਉੱਭਰਵੇਂ ਲੱਛਣ ਹਨ।(85)

ਇਸ ਪੜਾਅ ਦੀਆਂ ਔਰਤ ਕਹਾਣੀਕਾਰਾਂ ਵਿੱਚ ਅਜੀਤ ਕੌਰ ਇੱਕ ਚਰਚਿਤ ਕਹਾਣੀਕਾਰਾ ਹੈ। ਉਸ ਨੇ

ਗੁਲਬਾਨੋ (1963), ਮਹਿਕ ਦੀ ਮੌਤ (1966), ਬੁੱਤ ਸ਼ਿਕਨ (1966), ਫ਼ਾਲਤੂ ਔਰਤ (1974), ਸਾਵੀਆਂ ਚਿੜੀਆਂ (1981), ਮੌਤ ਅਲੀ ਬਾਬੇ ਦੀ (1985), ਨਾ ਮਾਰੋ (1990), ਨਵੰਬਰ ਚੁਰਾਸੀ (1996) ਆਦਿ ਕਹਾਣੀ ਸੰਗ੍ਰਿਹਾਂ ਦੀ ਰਚਨਾ ਕੀਤੀ ਹੈ। ਇਸੇ ਪੜਾਅ ਵਿੱਚ ਗੁਰਦੇਵ ਰੁਪਾਣਾ ਨੇ ਮਾਲਵੇ ਦੇ ਪੇਂਡੂ ਜਨ-ਜੀਵਨ ਤੋਂ ਲੈ ਕੇ ਸ਼ਹਿਰੀ ਜੀਵਨ ਨੂੰ ਆਪਣਾ ਵਿਸ਼ਾ ਖੇਤਰ ਬਣਾ ਕੇ ਕਹਾਣੀਆਂ ਰਚੀਆਂ ਹਨ। ਰੁਪਾਣਾ ਨੂੰ ਸਹਿਜ ਬਿਰਤਾਂਤ ਸਿਰਜਣ ਵਾਲਾ ਕਹਾਣੀਕਾਰ ਮੰਨਿਆ ਜਾਂਦਾ ਹੈ। ਰੁਪਾਣਾ ਨੇ ਇੱਕ ਟੋਟਾ ਔਰਤ (1970), ਆਪਣੀ ਅੱਖ ਦਾ ਜਾਦੂ (1978), ਡਿਫੈਂਸ ਲਾਈਨ (1988) ਆਦਿ ਕਹਾਣੀ ਸੰਗ੍ਰਿਹਾਂ ਦੀ ਰਚਨਾ ਕੀਤੀ ਹੈ। ਡਾ. ਬਲਦੇਵ ਸਿੰਘ ਧਾਲੀਵਾਲ ਦੀ ਪੰਜਾਬੀ ਕਹਾਣੀ ਦੀ ਇੱਕ ਸਦੀ ਇਤਿਹਾਸਮੂਲਕ ਪ੍ਰਵਚਨ ਅਨੁਸਾਰ:

> ਉਹ ਆਪਣੀ ਮਾਨਵਵਾਦੀ ਯਥਾਰਥਵਾਦੀ ਦੀ ਧਾਰਨੀ ਰਚਨਾ-ਦ੍ਰਿਸ਼ਟੀ ਰਾਹੀਂ ਖਲਨਾਇਕ ਸਮਝੇ ਜਾਂਦੇ ਮਨੁੱਖਾਂ ਦੇ ਧੁਰ ਅੰਦਰ ਡੂੰਘਾਈ ਵਿੱਚ ਛੁਪੀ ਮਾਨਵਤਾ ਦੀ ਕਾਤਰ ਨੂੰ ਵੀ ਪਛਾਣ ਸਕਣ ਦੀ ਸਮਰੱਥਾ ਰੱਖਦਾ ਹੈ।(93)

ਇਸ ਪੜਾਅ ਦੀ ਔਰਤ ਕਹਾਣੀਕਾਰਾਂ ਵਿੱਚ **ਸੁਖਵੰਤ ਕੌਰ** ਮਾਨ ਨੇ ਵੀ ਕਹਾਣੀ ਜਗਤ ਵਿੱਚ ਆਪਣਾ ਇੱਕ ਵੱਖਰਾ ਮੁਕਾਮ ਬਣਾਇਆ ਹੈ। ਉਹਨਾਂ ਦੇ ਕਹਾਣੀ ਸੰਗ੍ਰਹਿ ਇਸ ਪ੍ਰਕਾਰ ਹਨ: ਭੱਖੜੇ ਦੇ ਫੁੱਲ (1981), ਤ੍ਰੇੜ (1984), ਇਸਦੇ ਬਾਵਜੂਦ (1985), ਮਿੱਟੀ ਦਾ ਮੋਹ (1999) ਆਦਿ। **ਮੋਹਨ ਭੰਡਾਰੀ** ਤੀਜੇ ਪੜਾਅ ਦਾ ਚਰਚਿਤ ਕਹਾਣੀਕਾਰ ਹੈ। ਉਸਨੇ ਤਿਲਚੌਲੀ (1965), ਮਨੁੱਖ ਦੀ ਪੈੜ (1967), ਕਾਠ ਦੀ ਲੱਤ (1975), ਪਛਾਣ (1987), ਬਰਫ਼ ਲਤਾੜੇ ਰੁੱਖ (1994), ਚੋਣਵੀਂਆਂ ਕਹਾਣੀਆਂ, ਮੂਨ ਦੀ ਅੱਖ (1995), ਤਣ-ਪੱਤਣ (1998) ਕਹਾਣੀ ਸੰਗ੍ਰਹਿ ਦੀ ਰਚਨਾ ਕੀਤੀ ਹੈ। **ਗੁਰਬਚਨ ਭੁੱਲਰ** ਇਸੇ ਪੜਾਅ ਦਾ ਪ੍ਰਸਿੱਧ ਕਹਾਣੀਕਾਰ ਹੈ। ਉਸਨੇ ਓਪਰਾ-ਮਰਦ (1969), ਸੂਹੇ ਫੁੱਲ (1970), ਕਥਾ-ਭਾਰਤੀ (1972), ਸੁਬਹ ਕਿਤਨੀ ਖ਼ੂਬਸੂਰਤ ਹੈ (1985), ਵਖਤਾਂ ਮਾਰੇ (1975), ਮੈਂ ਗ਼ਜ਼ਨਵੀ ਨਹੀਂ (1985), ਦੀਵੇ ਵਾਂਗ ਬਲਦੀ ਅੱਖ (1986), ਮਾਨਸ ਦੀ ਜਾਤਿ (1988) ਸੰਪਾਦਿਤ, ਬਿਖਰੇ ਟਾਪੂ (ਸੰਪਾ)

(1996), ਪੰਜਾਬੀ ਕਹਾਣੀ ਕੋਸ਼ (ਸੰਪਾ) (1999), ਅਗਨੀ ਕਲਸ਼ (2002) ਤਿੰਨ ਮੂਰਤੀਆਂ ਵਾਲਾ ਮੰਦਰ (2001) ਬਾਅਦ 'ਚ ਮੋਹਨ ਭੰਡਾਰੀ ਨੇ ਕਹਾਣੀਆਂ ਦੀ ਕਹਾਣੀ ਪੁਸਤਕ ਵਿੱਚ ਆਪਣੀਆਂ ਸਮੁੱਚੀਆਂ ਕਹਾਣੀਆਂ ਪ੍ਰਕਾਸ਼ਿਤ ਕੀਤੀਆਂ। ਇਸੇ ਪੜਾਅ ਦੀ ਇੱਕ ਹੋਰ ਪ੍ਰਸਿੱਧ ਕਹਾਣੀਕਾਰਾ **ਬਚਿੰਤ ਕੌਰ** ਹੈ। ਬਚਿੰਤ ਕੌਰ ਨੇ ਮੰਜ਼ਿਲ (1972), ਸੂਹਾ ਰੰਗ ਸਿਹਾਅ ਰੰਗ (1974), ਭੁੱਬਲ ਦੀ ਅੱਗ (1977), ਖੁਰੇ ਹੋਏ ਰੰਗ (1979), ਕਿਆਰੀ ਲੌਗਾਂ ਦੀ (1983), ਮੁਕਲਾਵੇ ਵਾਲੀ ਰਾਤ (1989) ਆਦਿ ਕਹਾਣੀ ਸੰਗ੍ਰਹਿ ਦੀ ਰਚਨਾ ਕੀਤੀ ਹੈ। ਤੀਜੇ ਪੜਾਅ ਦੀ ਕਹਾਣੀ ਵਿੱਚ **ਜਸਬੀਰ ਭੁੱਲਰ** ਨੇ ਵਿਸ਼ੇਸ਼ ਨਾਮਣਾ ਖੱਟਿਆ ਹੈ। ਉਸਨੇ ਨਿੱਕੀ ਕਹਾਣੀ ਤੋਂ ਇਲਾਵਾ ਲੰਮੀ ਕਹਾਣੀ ਦੀ ਰਚਨਾ ਵੀ ਕੀਤੀ ਹੈ। ਜਸਬੀਰ ਭੁੱਲਰ ਨੇ ਕੋਰਾ ਕਾਗਜ (1966), ਸੁੱਕੀ ਨਦੀ ਦੇ ਤੈਰਾਕ (1976), ਪੌਦਿਆਂ ਵਾਂਗ ਉੱਗੇ ਜਿਸਮ (1977), ਨੋ ਮੈਨਜ਼ ਲੈਂਡ (1977), ਵਾਵਰੋਲਾ (1980), ਲੰਮੀ ਕਹਾਣੀ, ਅਲੀ ਬਾਬਾ ਤੇ ਪਾਗਲ ਹਵਾ (1988), ਸਮੁੰਦਰ ਵੱਲ ਖੁੱਲ੍ਹਦੀ ਖਿੜਕੀ (1995), ਜੰਗਲ ਟਾਪੂ (1989) ਆਦਿ ਕਹਾਣੀ ਸੰਗ੍ਰਹਿ ਰਚੇ ਹਨ। ਭੁੱਲਰ ਨੇ ਸੈਨਿਕ ਜੀਵਨ, ਪੇਂਡੂ ਅਤੇ ਸ਼ਹਿਰੀ ਜੀਵਨ ਨੂੰ ਆਧਾਰ ਬਣਾ ਕੇ ਕਹਾਣੀ ਰਚਨਾ ਕੀਤੀ ਹੈ। ਕਹਾਣੀ ਲੇਖਕਾਂ ਦੀ ਨਵੀਂ ਪੀੜ੍ਹੀ ਵਿੱਚ ਬਲਦੇਵ ਸਿੰਘ (ਸੜਕਨਾਮਾ) ਇੱਕ ਪ੍ਰਸਿੱਧ ਕਹਾਣੀਕਾਰ ਹੈ ਜਿਸਨੇ ਪੰਜਾਬੀ ਕਹਾਣੀ ਨੂੰ ਵੰਨ-ਸੁਵੰਨ ਵਿਸ਼ਿਆਂ ਦੀਆਂ ਵੰਨਗੀਆਂ ਰਾਹੀਂ ਅਮੀਰ ਕੀਤਾ ਹੈ। ਬਲਦੇਵ ਸਿੰਘ ਦੀ ਸਮੁੱਚੀ ਗਲਪ ਰਚਨਾ ਉੱਤੇ ਉਸਦੇ ਕਿਤੇ ਅਤੇ ਅਨੁਭਵ ਦਾ ਪ੍ਰਭਾਵ ਪ੍ਰਤੱਖ ਨਜ਼ਰ ਪੈਂਦਾ ਹੈ। ਡਾ. ਸੁਰਜੀਤ ਬਰਾੜ *ਬਲਦੇਵ ਸਿੰਘ ਦਾ ਕਥਾ ਜਗਤ* 'ਚ ਲਿਖਦੇ ਨੇ ਕਿ:

> ਬਲਦੇਵ ਸਿੰਘ ਨਿੱਕੀ ਜਿਹੀ ਘਟਨਾ ਨੂੰ ਹੋਰ ਛੋਟੀਆਂ-ਛੋਟੀਆਂ ਉਪ- ਕਥਾਵਾਂ ਨਾਲ ਜੋੜ ਕੇ ਬਹੁਤ ਹੀ ਅਹਿਮ ਬਣਾ ਦਿੰਦਾ ਹੈ। ਹਰ ਕਹਾਣੀ ਵਿੱਚ ਸੁਭਾਵਿਕਤਾ ਦੇ ਨਾਲ-ਨਾਲ ਉਤਸੁਕਤਾ ਤੇ ਰੌਚਕਤਾ ਵੀ ਕਾਇਮ ਰਹਿੰਦੀ ਹੈ। ਉਹ ਛੋਟੇ-ਛੋਟੇ ਕਥਾ-ਅੰਸਾਂ ਲੜੀਆਂ ਨੂੰ ਜੋੜਨ ਸਮੇਂ ਕਹਾਣੀ ਦੇ ਸਮੁੱਚੇ ਪ੍ਰਭਾਵ ਨੂੰ ਖਿੰਡਣ ਨਹੀਂ ਦਿੰਦਾ।(69)

ਬਲਦੇਵ ਸਿੰਘ ਦੇ ਜਿਹੜੇ ਕਹਾਣੀ ਸੰਗ੍ਰਹਿ ਪ੍ਰਾਪਤ ਹੁੰਦੇ ਹਨ ਉਹ ਇਸ ਪ੍ਰਕਾਰ ਹਨ: ਗਿੱਲੀਆਂ ਛਿਟੀਆਂ

ਦੀ ਅੱਗ (1977), ਚਿੜੀਆ ਖਾਨਾ (1979), ਹਵੇਲੀ ਦੀ ਛਾਵੇਂ ਖੜ੍ਹਾ ਰੱਬ (1982), ਸਵੇਰੇ ਦੀ ਲੋਅ (1989), ਝੱਖੜ ਤੇ ਪਰਿੰਦੇ (1994), ਮਿੱਟੀ ਰੁਦਨ ਕਰੇ (1996), ਨਾਵਲ (1998), ਹਨੇਰੇ ਸਵੇਰੇ (2001), ਮੇਰੀਆਂ ਚੋਣਵੀਆਂ ਕਹਾਣੀਆਂ (2003), ਪੰਜਵਾਂ ਚਿਰਾਗ਼ (2005) ਆਦਿ। ਬਲਦੇਵ ਸਿੰਘ ਨੇ ਨਿਮਨ ਕਿਸਾਨੀ, ਖੇਤ-ਮਜਦੂਰ, ਡਰਾਈਵਰੀ ਦਾ ਧੰਦਾ, ਪੰਜਾਬ ਸੰਕਟ ਅਤੇ ਵੇਸਵਾ-ਜੀਵਨ ਆਦਿ ਵਿਸ਼ਿਆਂ 'ਤੇ ਉੱਚ ਪਾਏ ਦੀ ਕਹਾਣੀਆਂ ਦੀ ਸਿਰਜਣਾ ਕੀਤੀ ਹੈ। ਨਿੱਕੀ ਕਹਾਣੀ ਦੀ ਪਰਿਭਾਸ਼ਾ ਅਤੇ ਤੱਤਾਂ ਨੂੰ ਜਾਂ ਸਿਧਾਂਤ ਨੂੰ ਬਦਲਣ ਵਾਲਾ ਕਹਾਣੀਕਾਰ **ਵਰਿਆਮ ਸਿੰਘ ਸੰਧੂ** ਹੈ। ਵਰਿਆਮ ਸੰਧੂ ਨੇ ਲੋਹੇ ਦੇ ਹੱਥ (1971), ਅੰਗ-ਸੰਗ (1981), ਭੱਜੀਆਂ ਬਾਹੀਂ (1987), ਕਥਾ-ਧਾਰਾ (1993), ਚੌਥੀ ਕੂਟ (1999), ਤਿਲ ਫੁੱਲ (2000), ਸਮੁੱਚੀਆਂ ਕਹਾਣੀਆਂ, ਜੱਟ ਦੀ ਜੂਨ ਅਤੇ ਚੋਣਵੀਆਂ ਕਹਾਣੀਆਂ ਪ੍ਰਕਾਸ਼ਿਤ ਕਰਵਾ ਕੇ ਪੰਜਾਬੀ ਕਹਾਣੀ ਨੂੰ ਵਿਸ਼ੇ ਅਤੇ ਰੂਪਕ ਪੱਖੋਂ ਹੋਰ ਗਹਿਰਾਈ ਦਿੱਤੀ ਹੈ। ਵਰਿਆਮ ਸਿੰਘ ਸੰਧੂ ਨੇ ਪੰਜਾਬ-ਸੰਕਟ ਦਲਿਤ ਚੇਤਨਾ, ਨਕਸਲਬਾੜੀ ਲਹਿਰ, ਕਿਰਸਾਨੀ ਅਤੇ ਅਧਿਆਪਕ ਵਰਗ ਆਦਿ ਨੂੰ ਆਪਣੀ ਕਥਾ-ਵਸਤੂ ਦੇ ਕੇਂਦਰ ਬਿੰਦੂ ਵੱਜੋ ਸਿਰਜਿਆ ਹੈ। ਜੋਗਿੰਦਰ ਸਿੰਘ ਰਾਹੀਂ, ਰਮਿੰਦਰ ਕੌਰ *ਪੰਜਾਬੀ ਕਹਾਣੀ ਦਾ ਸਫ਼ਰ ਤੇ ਸ਼ਾਸਤਰ ਭਾਗ ਦੂਜਾ* 'ਚ ਕਹਿੰਦੇ ਨੇ ਅਨੁਸਾਰ:

> ਲੰਮੀ ਕਹਾਣੀ ਦਾ ਪ੍ਰਤੀਨਿਧ ਕਹਾਣੀਕਾਰ ਵਰਿਆਮ ਸੰਧੂ ਹੈ। ਇਸ ਦੀਆਂ ਕਹਾਣੀਆਂ ਵਿੱਚ ਕਈ ਉਪ-ਬਿਰਤਾਂਤ ਮੁੱਖ ਬਿਰਤਾਂਤ ਨਾਲ ਜੁੜਦੇ ਹਨ। ਇਸ ਨਾਲ ਕਹਾਣੀ ਲੰਮੀ ਵੀ ਹੁੰਦੀ ਹੈ ਤੇ ਅਰਥਾਂ ਵਿੱਚ ਗਹਿਰਾਈ ਵੀ ਆਉਂਦੀ ਹੈ।(169-170)

ਬਲਦੇਵ ਸਿੰਘ ਧਾਲੀਵਾਲ ਨੇ ਵਰਿਆਮ ਸਿੰਘ ਸੰਧੂ ਦੀ ਕਹਾਣੀ ਲਿਖਤ ਨੂੰ *ਪੰਜਾਬੀ ਕਹਾਣੀ ਦਾ ਇਤਿਹਾਸ* 'ਚ ਕੁਝ ਇਸ ਤਰ੍ਹਾਂ ਬਿਆਨ ਕੀਤਾ ਹੈ ਕਿ:

> ਜਟਿਲ, ਵਿਸਥਾਰ ਮਈ ਅਤੇ ਕਲਾਤਮਕ ਬਿਰਤਾਂਤ ਦੀ ਸਿਰਜਣਾ ਵਿੱਚ ਵਿਸ਼ੇਸ਼ ਮੁਹਾਰਤ ਹੋਣ ਕਰਕੇ ਜਟਿਲ ਲੰਮੀ ਕਹਾਣੀ ਦਾ ਰੂਪਾਕਾਰ ਉਸ ਦੇ ਨਾਂ ਨਾਲ ਹੀ ਜੁੜ ਗਿਆ ਹੈ।(159)

ਮੁਸਲਿਮ ਅਵਚੇਤਨ ਨੂੰ ਆਪਣੀ ਕਥਾ-ਵਸਤੂ ਰਾਹੀਂ ਬਿਆਨ ਕਰਨ ਵਾਲੇ ਵਿਰਲੇ ਕਹਾਣੀਕਾਰਾਂ 'ਚੋਂ

**ਗੁਲਜ਼ਾਰ ਮੁਹੰਮਦ ਗੋਰੀਆ** ਇੱਕ ਇਸ ਪੜਾਅ ਦਾ ਚਰਚਿਤ ਕਹਾਣੀਕਾਰ ਹੈ। ਉਸਨੇ ਚਿੱਤਰ ਦੀ ਉਡੀਕ (1980), ਜੈਕਸ਼ਨ (1993), ਘੋੜ ਸਵਾਰ (2005) ਆਦਿ ਕਹਾਣੀ ਸੰਗ੍ਰਹਿ ਨਾਲ ਆਪਣੀ ਹਾਜ਼ਰੀ ਹੈ। ਤੀਜੇ ਪੜਾਅ ਦੇ ਭਾਰਤੀ ਪੰਜਾਬ ਦੇ ਕਹਾਣੀਕਾਰਾਂ ਨੂੰ ਇੱਕ-ਇੱਕ ਕਰਕੇ ਬਿਆਨ ਕਰਨਾ ਇੱਕ ਕਠਿਨ ਕਾਰਜ ਹੈ।

ਅਸੀਂ ਉਪਰੋਕਤ ਕਹਾਣੀਕਾਰਾਂ 'ਚ ਇਸ ਪੜਾਅ ਦੇ ਕੁੱਝ ਪ੍ਰਮੁੱਖ ਕਹਾਣੀਕਾਰਾਂ ਦੀ ਚਰਚਾ ਹੀ ਕਰ ਸਕੇ ਹਾਂ। ਇਨ੍ਹਾਂ ਤੋਂ ਇਲਾਵਾ ਭਾਰਤੀ ਪੰਜਾਬੀ ਕਹਾਣੀਕਾਰਾਂ 'ਚ ਪਰਸ਼ੋਤਮ ਗਿੱਲ, ਰਤਨ ਸਿੰਘ ਕੰਵਲ, ਕਿਰਪਾਲ ਕਜ਼ਾਕ, ਜਸਵੰਤ ਦੀਦ, ਮਿੱਤਰ ਸੈਨ ਮੀਤ, ਮੋਨੋਜੀਤ, ਜਸਬੀਰ ਸਿੰਘ, ਗੁਰਦੇਵ ਸਿੰਘ ਬੇਦੀ, ਪ੍ਰੀਤਮ ਲੁਧਿਆਣਵੀ ਆਦਿ ਕਹਾਣੀਕਾਰਾਂ ਨੇ ਆਪਣੀ ਕਹਾਣੀ ਰਚਨਾ ਰਾਹੀਂ ਪੰਜਾਬੀ ਕਹਾਣੀ ਨੂੰ ਨਵੇਂ ਦਿਸਹਿਦੇ ਅਤੇ ਦਿਸਾਵਾਂ ਦਿੱਤੀਆਂ।

ਤੀਜੇ ਪੜਾਅ ਦੀ ਕਹਾਣੀ ਦੇ ਦੋ ਪੜਾਅ ਹੋਰ ਵੀ ਹਨ, ਇੱਕ ਪਾਕਿਸਤਾਨੀ ਪੰਜਾਬੀ ਕਹਾਣੀ ਤੇ ਦੂਜਾ ਪਰਵਾਸੀ ਪੰਜਾਬੀ ਕਹਾਣੀ ਜਿਸ ਦਾ ਵੇਰਵਾ ਅੱਗੇ ਲਿਖੇ ਅਨੁਸਾਰ ਹੈ।

**1.7.1.1. ਪਾਕਿਸਤਾਨੀ ਪੰਜਾਬੀ ਕਹਾਣੀ**: ਪਾਕਿਸਤਾਨ ਦੇ ਹੋਂਦ ਵਿੱਚ ਆਉਣ ਨਾਲ ਭਾਵੇਂ ਇੱਕ ਵਾਰੀ ਪੰਜਾਬੀ ਸਾਹਿਤ ਵਿੱਚ ਖੜੋਤ ਜਿਹੀ ਆ ਗਈ। ਜੋਸ਼ੂਆ ਫਜ਼ਲਦੀਨ ਨੂੰ ਪਾਕਿਸਤਾਨੀ ਪੰਜਾਬੀ ਕਹਾਣੀ ਦਾ ਪਹਿਲਾ ਕਹਾਣੀਕਾਰ ਕਿਹਾ ਜਾ ਸਕਦਾ ਹੈ। ਵੀਹਵੀਂ ਸਦੀ ਦੇ ਛੇਵੇਂ ਦਹਾਕੇ ਦੀ ਸ਼ੁਰੂਆਤ ਵਿੱਚ ਅਬਦੁਲ ਮਜੀਰ ਭੱਟੀ, ਵੱਕਾਰ ਅੰਬਾਲਵੀ ਤੇ ਨਜ਼ਰ ਫਾਤਿਮਾ ਆਦਿ ਕਹਾਣੀਕਾਰਾਂ ਨੇ ਕਹਾਣੀ ਰਚਨਾ ਜਾਰੀ ਰੱਖੀ। ਬਲਦੇ ਸਿੰਘ ਧਾਲੀਵਾਲ *ਪੰਜਾਬੀ ਕਹਾਣੀ ਦੀ ਇੱਕ ਸਦੀ ਇਤਿਹਾਸਮੂਲਕ ਪ੍ਰਵਚਨ* ‘ਚ ਪੰਜਾਬੀ ਕਹਾਣੀ ਬਾਰੇ ਦੱਸਦੇ ਹਨ ਕਿ:

> ਪਾਕਿਸਤਾਨ ਵਿੱਚ ਸਰਕਾਰੇ-ਦਰਬਾਰੇ ਅਤੇ ਅਕਾਦਮਿਕ ਸੰਸਥਾਵਾਂ ਵਿੱਚ ਪੰਜਾਬੀ ਭਾਸ਼ਾ ਦੀ ਸਥਿਤੀ ਦੁਜੈਲੀ ਹੋਣ ਦੇ ਬਾਵਜੂਦ ਉੱਥੇ ਕਹਾਣੀ-ਰਚਨਾ ਅਤੇ ਕਹਾਣੀ-ਸੰਬੰਧ ਖੋਜ-ਕਾਰਜ ਦੇ ਖੇਤਰ ਵਿੱਚ ਕਾਫ਼ੀ ਕੰਮ ਹੋ ਰਿਹਾ ਹੈ, ਭਾਵੇਂ ਪੂਰਬੀ ਪੰਜਾਬੀ ਦੀ ਤੁਲਨਾ ਵਿੱਚ ਇਹ ਬਹੁਤ ਘੱਟ

> ਲੱਗਦਾ ਹੈ। ਵਿਭਿੰਨ ਪੰਜਾਬੀ ਰਸਾਲਿਆਂ ਵਿੱਚ ਪ੍ਰਕਾਸ਼ਿਤ ਕਹਾਣੀਆਂ ਤੋਂ ਇਲਾਵਾ ਕੁਝ ਰਸਾਲਿਆਂ ਨੇ ਵਿਸ਼ੇਸ਼ ਕਹਾਣੀ ਅੰਕ ਵੀ ਕੱਢੇ ਹਨ। ਪੰਜਾਬੀ ਅਦਬ ਕਹਾਣੀ ਨਵੰਬਰ 1960 ਈ: ਤੇ ਪੰਜ ਦਰਿਆ ਨਵੰਬਰ 1975 ਈ: ਇਸ ਪੱਖੋਂ ਉੱਲੇਖ ਯੋਗ ਹਨ।(160)

ਪਾਕਿਸਤਾਨੀ ਪੰਜਾਬੀ ਕਹਾਣੀਕਾਰਾਂ ਨਾਲ ਜਾਣ-ਪਛਾਣ ਤੋਂ ਪਹਿਲਾਂ ਉਹਨਾਂ ਹਾਲਾਤਾਂ ਦਾ ਵੀ ਜਾਇਜ਼ਾ ਲੈਣਾ ਜ਼ਰੂਰੀ ਜਾਪਦਾ ਹੈ, ਜਿਨ੍ਹਾਂ ਵਿੱਚ ਪਾਕਿਸਤਾਨੀ ਪੰਜਾਬੀ ਲੇਖਕਾਂ ਨੇ ਆਪਣੀ ਮਾਂ ਬੋਲੀ ਵਿੱਚ ਲਿਖਣਾ ਆਰੰਭਿਆ ਅਤੇ ਪੰਜਾਬੀ ਜ਼ੁਬਾਨ ਨੂੰ ਉਚੇਰਾ ਸਥਾਨ ਦਿਵਾਉਣ ਲਈ ਘਾਲਣਾ ਘੱਲੀ। ਅਫ਼ਜ਼ਲ ਅਹਿਸਾਨ ਰੰਧਾਵਾ, ਅਬਦੁਲ ਗ਼ਫ਼ੂਰ ਕੁਰੈਸ਼ੀ, ਸ਼ਰੀਫ਼ ਕੁੰਜਾਹੀ, ਫ਼ਖਰ ਜ਼ਮਾਨ ਅਤੇ ਹੋਰ ਅਨੇਕਾਂ ਸਾਹਿਤਕਾਰਾਂ ਨੇ ਤਨ-ਮਨ-ਧਨ ਨਾਲ ਇਸ ਭਾਸ਼ਾ ਨੂੰ ਸਥਾਪਿਤ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਿਸਦੇ ਨਤੀਜੇ ਵੱਜੋਂ ਪਾਕਿਸਤਾਨ ਵਿੱਚ ਪੰਜਾਬੀ ਜ਼ੁਬਾਨ ਨੂੰ ਸਰਕਾਰੀ ਪੱਧਰ ਉੱਤੇ ਉਚਿਤ ਮਾਨਤਾ ਮਿਲੀ।ਜਿਹੜੇ ਕਹਾਣੀਕਾਰਾਂ ਨੇ ਆਪਣੀ ਪਛਾਣ ਬਣਾਈ ਹੈ। ਉਨ੍ਹਾਂ 'ਚ ਪ੍ਰਮੁੱਖ ਕਹਾਣੀਕਾਰ ਇਸ ਪ੍ਰਕਾਰ ਹਨ।

**ਅਕਬਰ ਲਾਹੌਰੀ:** ਅਕਬਰ ਲਾਹੌਰੀ ਪਾਕਿਸਤਾਨੀ ਪੰਜਾਬੀ ਕਹਾਣੀਕਾਰਾਂ ਵਿੱਚ ਇੱਕ ਚਰਚਿਤ ਕਹਾਣੀਕਾਰ ਹੈ। ਅਕਬਰ ਲਾਹੌਰੀ ਨੇ ਜੋ ਕਹਾਣੀ ਸੰਗ੍ਰਹਿ ਰਚੇ ਹਨ ਉਹ ਇਸ ਪ੍ਰਕਾਰ ਹਨ। ਅਕਬਰ ਕਹਾਣੀਆਂ (1976), ਹਾਸੇ ਤੇ ਹਾਉਕੇ, ਰਾਣੀ ਦੀਆਂ ਰਮਜ਼ਾਂ, ਛਿਲਤਰਾਂ ਆਦਿ। ਅਕਬਰ ਲਾਹੌਰੀ ਦੀ ਵਿਸ਼ਾ ਚੋਣ ਪੇਂਡੂ ਜੀਵਨ ਨਾਲ ਸੰਬੰਧਿਤ ਹੈ ਅਤੇ ਕਲਾ ਪੱਖੋਂ ਉਹ ਸਰਲ ਬਿਰਤਾਂਤ, ਵਿਅੰਗ ਅਤੇ ਪ੍ਰਤੀਕਾਤਮ ਸ਼ੈਲੀ ਅਪਣਾਉਂਦਾ ਹੈ। ਪਾਕਿਸਤਾਨੀ ਪੰਜਾਬੀ ਕਹਾਣੀਕਾਰਾਂ ਵਿੱਚ ਅਨਵਰ ਅਲੀ ਵਿਸ਼ੇਸ਼ ਸਥਾਨ ਰੱਖਦਾ ਹੈ। **ਅਨਵਰ ਅਲੀ** ਨੇ ਕਾਲੀਆਂ ਇੱਟਾਂ ਕਾਲੇ ਰੋੜ (1972), ਨੂਰੀ (1973), ਦੋ ਕਹਾਣੀ ਸੰਗ੍ਰਹਿਾਂ ਦੀ ਰਚਨਾ ਕੀਤੀ ਹੈ। ਅਨਵਰ ਅਲੀ ਨੇ ਡਾਇਰੀ ਦੀਆਂ ਕਥਾ ਜੁਗਤਾਂ ਦੀ ਰਪੂਰ ਵਰਤੋਂ ਕੀਤੀ ਹੈ। **ਰਹਿਕਸਾਂ ਮਲਿਕ** ਉਰਦੂ ਦੀ ਪ੍ਰਸਿੱਧ ਕਹਾਣੀਕਾਰਾ ਰਹੀ ਹੈ। ਪੰਜਾਬੀ ਵਿੱਚ ਉਸਨੇ ਚਿੜੀਆਂ ਦੀ ਮੌਤ (1981) ਵਿੱਚ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕੀਤਾ ਹੈ। ਉਸਦਾ ਕਥਾ-ਵਸਤੂ ਮੱਧਵਰਗੀ ਔਰਤ ਦੇ ਜੀਵਨ ਦੁਵਾਲੇ ਘੁੰਮਦਾ ਹੈ। ਪਾਕਿਸਤਾਨੀ ਪੰਜਾਬੀ ਕਹਾਣੀਕਾਰਾਂ ਵਿੱਚ **ਹੁਸੈਨ ਸ਼ਾਦ** ਨੇ ਸ਼ਹਿਰ ਤੇ ਸੁਫਲੇ

(1986), ਹਾਉਕੇ ਰਦਾ ਚਾਅ ਕਹਾਣੀ ਸੰਗ੍ਰਹਿ ਲਿਖਕੇ ਆਪਣੀ ਰਪੂਰ ਹਾਜ਼ਰੀ ਹੈ। ਪਾਕਿਸਤਾਨੀ ਪੰਜਾਬੀ ਕਹਾਣੀਕਾਰਾਂ 'ਚ ਆਮ ਤੌਰ ਤੇ ਜ਼ਿਆਦਾਤਰ ਕਹਾਣੀਕਾਰਾਂ ਨੇ ਇੱਕ-ਇੱਕ ਜਾਂ ਦੋ-ਦੋ ਕਹਾਣੀ ਸੰਗ੍ਰਹਿ ਦੀ ਰਚਨਾ ਕੀਤੀ ਹੈ ਪਰੰਤੂ ਇਸ ਪੱਖੋਂ **ਅਫ਼ਜ਼ਲ ਤੌਸੀਫ਼** ਦੇ ਕਹਾਣੀ ਸਫ਼ਰ ਦੀ ਸ਼ਲਾਘਾ ਕਰਨੀ ਬਣਦੀ ਹੈ। ਉਸਨੇ ਪੰਜਾਬੀ ਕਹਾਣੀ ਨੂੰ ਗਿਣਾਤਮਕਤਾ ਅਤੇ ਗੁਣਾਤਮਕਤਾ ਦੋਹਾਂ ਪੱਖਾਂ ਤੋਂ ਅੱਗੇ ਤੋਰਿਆ ਹੈ। ਉਸਨੇ ਟਾਹਲੀ ਮੇਰੇ ਬੱਚੜੇ (1988), ਪੰਛੀਵਾਂ ਬੰਦਾ (1998), ਮਾਈ ਅਨਾਰਾਂ ਵਾਲੀ (1999), ਅਮਨ ਵੇਲੇ ਮਿਲਾਂਗੇ (2002) ਕਹਾਣੀ ਸੰਗ੍ਰਿਹਾਂ ਦੀ ਰਚਨਾ ਕੀਤੀ ਹੈ। ਉਸਦੇ ਕਹਾਣੀ ਸੰਗ੍ਰਹਿ "ਟਾਹਲੀ ਮੇਰੇ ਬੱਚੜੇ ਨੂੰ 1994 ਦਾ ਅਕੈਡਮੀ ਅਵਾਰਡ ਵੀ ਪ੍ਰਾਪਤ ਹੋਇਆ ਹੈ। **ਮਲਿਕ ਮੇਹਰ ਅਲੀ**: ਪਾਕਿਸਤਾਨੀ ਪੰਜਾਬੀ ਕਹਾਣੀਕਾਰਾਂ 'ਚ ਮਲਿਕ ਮੇਹਰ ਅਲੀ ਨੇ "ਢਾਹ ਲੱਗੀ ਬਸਤੀ' ਕਹਾਣੀ ਸੰਗ੍ਰਹਿ ਰਾਹੀਂ ਆਪਣੀ ਰਵੀਂ ਹਾਜ਼ਰੀ  ਹੈ। ਮਲਿਕ ਮੇਹਰ ਅਲੀ ਨੇ ਆਪਣੀ ਕਥਾ-ਵਸਤੂ ਦਾ ਖੇਤਰ ਦਲਿਤ ਵਰਗ ਨੂੰ ਬਣਾਇਆ ਹੈ। ਮਲਿਕ ਮੇਹਰ ਅਲੀ ਤੋਂ ਇਲਾਵਾ ਪਾਕਿਸਤਾਨੀ ਪੰਜਾਬੀ ਕਹਾਣੀਕਾਰਾਂ ਵਿੱਚ ਜ਼ੂਬੇਰ ਰਾਣਾ, ਇਲਿਆਸ ਘੁੰਮਣ, ਕਾਸ਼ਮ ਜਲਾਲ, ਮਕਸੂਦ ਸਾਹਿਬ ਆਦਿ ਕਹਾਣੀਕਾਰਾਂ ਦੀਆਂ ਕਹਾਣੀਆਂ ਚਰਚਿਤ ਰਹੀਆਂ ਹਨ। ਸਮੁੱਚੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਪਾਕਿਸਤਾਨੀ ਕਹਾਣੀ ਕਲਾਤਮਕਤਾ ਪੱਖੋਂ ਭਾਵੇਂ ਭਾਰਤੀ ਪੰਜਾਬੀ ਕਹਾਣੀ ਦੀ ਤੁਲਨਾ ਵਿੱਚ ਥੋੜ੍ਹੀ ਪਛੜ ਜਾਂਦੀ ਹੈ, ਪਰੰਤੂ ਵਿਸ਼ਿਆਂ ਦੀ ਵੰਨ-ਸੁਵੰਨਤਾ ਕਰਕੇ ਇਸ ਦਾ ਇੱਕ ਆਪਣਾ ਅਲੱਗ ਮੁਕਾਮ ਹੈ। ਬਿਰਤਾਂਤਕ ਪੱਖੋਂ ਪਾਕਿਸਤਾਨੀ ਪੰਜਾਬੀ ਕਹਾਣੀ ਵਿੱਚ ਜ਼ਿਆਦਾਤਰ ਸਰਲ, ਸਪਾਟ, ਬਿਰਤਾਂਤਕਾਰੀ ਰਾਹੀਂ ਦੀ ਕਹਾਣੀ ਰਚਨਾ ਕੀਤੀ ਜਾ ਰਹੀ ਹੈ ਪਰੰਤੂ ਅਜੋਕੇ ਦੌਰ ਵਿੱਚ ਪਾਕਿਸਤਾਨੀ ਪੰਜਾਬੀ ਕਹਾਣੀ ਬਿਰਤਾਂਤਕਾਰ ਬਿਰਤਾਂਤ ਦੀਆਂ ਲਗਪਗ ਸਾਰੀਆਂ ਜੁਗਤਾਂ ਵਰਤ ਰਹੇ ਹਨ।

**1.7.1.2. ਪਰਵਾਸੀ ਪੰਜਾਬੀ ਕਹਾਣੀ**: ਤੀਜੇ ਪੜਾਅ ਦੀ ਕਹਾਣੀ ਦਾ ਇੱਕ ਹੋਰ ਪਾਸਾਰ ਪਰਵਾਸੀ ਪੰਜਾਬੀ ਕਹਾਣੀ ਵਿਚੋਂ ਆਪਣਾ ਆਕਾਰ ਗ੍ਰਹਿਣ ਕਰਦਾ ਹੈ। ਪਰਵਾਸੀ ਪੰਜਾਬੀ ਗਲਪਕਾਰ ਲਗਪਗ ਸੱਤਵੇਂ ਦਹਾਕੇ ਵਿੱਚ ਕਹਾਣੀ ਸਿਰਜਣਾ ਦੇ ਖੇਤਰ ਵਿੱਚ ਯਤਨਸ਼ੀਲ ਦਿਖਾਈ ਦਿੰਦੇ ਹਨ। ਇਹ ਸਾਹਿਤ

ਬ੍ਰਿਟੇਨ, ਅਮਰੀਕਾ, ਕੈਨੇਡਾ, ਆਸਟ੍ਰੇਲੀਆ ਅਤੇ ਹੋਰ ਦੇਸਾਂ ਵਿੱਚ ਵੀ ਰਚਿਆ ਜਾਣ ਲੱਗ ਪਿਆ। ਪਰਵਾਸੀ ਪੰਜਾਬੀ ਦੀ ਅਗਵਾਈ ਕਰਨ ਵਾਲੇ ਕਹਾਣੀਕਾਰਾਂ 'ਚ ਰਘੁਬੀਰ ਢੰਡ, ਪ੍ਰੀਤਮ ਸਿੱਧੂ, ਜਗਜੀਤ ਬਰਾੜ, ਸਵਰਨ ਚੰਦਨ, ਰਵਿੰਦਰ ਰਵੀ ਆਦਿ ਕਹਾਣੀਕਾਰ ਹਨ। ਇਹ ਉਹ ਕਹਾਣੀਕਾਰ ਹਨ ਜਿਨ੍ਹਾਂ ਨੇ ਕਹਾਣੀ ਰਚਨਾ ਪਰਵਾਸੀ ਹੋਣ ਤੋਂ ਪਹਿਲਾਂ ਹੀ ਆਰੰਭ ਕੀਤੀ ਹੋਈ ਸੀ। ਪਰੰਤੂ ਪਰਵਾਸੀ ਪੰਜਾਬੀ ਕਹਾਣੀ ਦੇ ਸੰਸਥਾਪਕਾਂ ਵੱਜੋਂ ਇਹ ਕਹਾਣੀਕਾਰ ਪਰਵਾਸੀ ਪੰਜਾਬੀ ਕਹਾਣੀ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਪਰੋਕਤ ਕਹਾਣੀਕਾਰਾਂ ਤੋਂ ਇਲਾਵਾ ਪਰਵਾਸੀ ਚੇਤਨਾ ਨੇ ਸ਼ਿਵਚਰਨ ਗਿੱਲ, ਤਰਸੇਮ ਨੀਲਗਿਰੀ, ਹਰਜੀਤ ਅਟਵਾਲ, ਕੈਲਾਸ਼ਪੁਰੀ, ਦਰਸ਼ਨ ਧੀਰ, ਅਮਨਪਾਲ ਸਾਰਾ, ਜਰਨੈਲ ਸਿੰਘ, ਬਲਦੇਵ ਸਿੰਘ, ਵੀਨਾ ਵਰਮਾ, ਪ੍ਰਵੇਜ਼ ਸੰਧੂ, ਸ਼ਸੀ ਸਮੁੰਦਰਾ, ਰਾਣੀ ਨਗੇਂਦਰ ਆਦਿ ਕਈ ਸਮਰੱਥ ਕਹਾਣੀਕਾਰ ਪੰਜਾਬੀ ਗਲਪ ਦੇ ਲੜ ਲਾਏ ਹਨ, ਜਿਨ੍ਹਾਂ ਨੇ ਪੰਜਾਬੀ ਕਹਾਣੀ ਨੂੰ ਅੰਤਰਰਾਸ਼ਟਰੀ ਪਛਾਣ ਨਾਲ ਪਾਰ ਸੱਭਿਆਚਾਰਕ ਪ੍ਰਸੰਗ ਹੀ ਨਹੀਂ ਦਿੱਤਾ ਬਲਕਿ ਪੰਜਾਬੀ ਕਹਾਣੀ ਨੂੰ ਕਥਾ-ਵਸਤੂ ਅਤੇ ਸ਼ੈਲੀ ਪੱਖੋਂ ਵੰਨ-ਸੁਵੰਨਤਾ ਅਤੇ ਨਿਵੇਕਲੀ ਪ੍ਰਸਿਥਤੀਆਂ ਪ੍ਰਦਾਨ ਕੀਤੀਆਂ ਹਨ। ਡਾ. ਧਨਵੰਤ ਕੌਰ *ਪੰਜਾਬੀ ਕਹਾਣੀ ਸ਼ਾਸਤਰ* ਅਨੁਸਾਰ:

> ਪਰਵਾਸੀ ਪੰਜਾਬੀ ਕਹਾਣੀ ਦਾ ਆਧਾਰ ਪਰਵਾਸੀ ਯਥਾਰਥ ਦੀ ਉਹ ਵਿਜੋਗੀ ਸੰਵੇਦਨਾ ਹੈ ਜਿਹੜੀ ਪਰਵਾਸੀ ਵਰਤਾਰੇ ਦੀ ਦੁਖਾਂਤਕ ਪਰ ਲਾਜ਼ਮ ਹੋਣੀ ਹੈ। ਪਰਵਾਸ ਪ੍ਰਾਪਤੀ ਵਿਚੋਂ ਬਹੁਤ ਕੁਝ ਖੁੱਸਣ ਅਤੇ ਬਹੁਤ ਕੁਝ ਨਵੇਂ ਦੀ ਤਲਾਸ਼ ਦਾ ਵਰਤਾਰਾ ਹੈ। ਪਰਵਾਸੀ ਇੱਕ ਪਾਸੇ ਆਪਣੇ ਵਤਨ ਤੋਂ ਆਪਣੀ ਮਾਂ ਬੋਲੀ ਤੋਂ ਆਪਣੇ ਭਾਈਚਾਰਕ ਮਾਣਾਂ ਤਾਣਾਂ ਤੋਂ ਮਿਲਣ ਵਾਲੀਆਂ ਜਨਮਾਂਤਰੀ ਸੁਰੱਖਿਆਵਾਂ ਤੋਂ, ਸੁਖਦ ਅਹਿਸਾਸਾਂ ਤੋਂ ਵਾਂਝਾ ਹੋ ਜਾਂਦਾ ਹੈ ਅਤੇ ਦੂਜੇ ਪਾਸੇ ਪਰਦੇਸੀ ਅਣਪਛਾਤੀਆਂ ਜੀਵਨ ਜਾਚਾਂ ਅਤੇ ਵੱਖਰੀਆਂ ਜੀਵਨ ਦ੍ਰਿਸ਼ਟੀਆਂ ਦੇ ਰੂਬਰੂ ਹੁੰਦਾ ਹੈ। ਅਜਿਹੀ ਸਥਿਤੀ ਵਿੱਚ ਦਰ ਬਦਰ ਹੋਈ ਮਨੁੱਖੀ ਹੋਂਦ ਆਪਣੀ ਮੂਲ ਸੱਭਿਆਚਾਰਕ ਪਛਾਣ ਵੱਲ ਹੀ ਨਹੀਂ ਅਹੁਲਦੀ ਆਪਣੀ ਚੇਤਨੀ ਅਵਚੇਤਨੀ ਸੰਸਕਾਰਗਤ ਵਿਰਾਸਤ ਨਾਲ ਧੁਰ ਅੰਦਰ

> ਇੱਕ ਅਸਤਿਤਵਿਕ ਪੁਜ਼ੀਸ਼ਨ ਵੀ ਲੈਂਦੀ ਹੈ। ਇਸੇ ਪੁਜ਼ੀਸ਼ਨ ਨਾਲ ਉਹ ਆਪਣੀ ਨਿਆਰੀ ਮਾਨਵੀ ਹੋਂਦ ਨੂੰ ਸਥਾਪਿਤ ਕਰਨ ਵੱਲ ਤੁਰਦਾ ਹੈ ਅਤੇ ਇਸੇ ਨਾਲ ਉਹ ਪਾਰ ਸੱਭਿਆਚਾਰਕ ਸੰਦਰਭਾਂ ਵਿੱਚ ਉੱਭਰਦੇ ਸਰਾਪਾਂ, ਸੰਤਾਪਾਂ, ਹੁੰਦੀਆਂ ਪ੍ਰਾਪਤੀਆਂ ਤੇ ਮਿਲਦੇ ਵਰਾਂ ਨੂੰ ਮੁਖ਼ਾਤਬ ਹੁੰਦਾ ਹੈ। (87)

ਪਰਵਾਸੀ ਪੰਜਾਬੀ ਕਹਾਣੀ ਦੇ ਪ੍ਰਮੁੱਖ ਕਹਾਣੀਕਾਰਾਂ ਦੇ ਵੇਰਵਾ ਇਸ ਪ੍ਰਕਾਰ ਹੈ।

**ਕੈਲਾਸਪੁਰੀ:** ਕੈਲਾਸਪੁਰੀ ਨੇ ਨਾਵਲ, ਵਾਰਤਕ, ਕਵਿਤਾ ਦੇ ਖੇਤਰ ਤੋਂ ਇਲਾਵਾ ਕਹਾਣੀ ਵਿੱਚ ਵੀ ਨਾਮਣਾ ਖੱਟਿਆ ਹੈ। ਉਸਨੇ ਇੱਕ ਸ਼ੱਕ (1964), ਲੇਡੀ ਮਾਰਗਰੇਟ (1978), ਕਲੰਕਣੀ (1980) ਆਦਿ ਕਹਾਣੀ ਸੰਗ੍ਰਿਹਾਂ ਦੀ ਸਿਰਜਣਾ ਕੀਤੀ ਹੈ। ਕੈਲਾਸਪੁਰੀ ਦੀਆਂ ਗਾਲਪਨਿਕ ਰਚਨਾਵਾਂ ਦਾ ਕੇਂਦਰੀ ਧੁਰਾ ਮਨੋਵਿਗਿਆਨ ਕਿਹਾ ਜਾ ਸਕਦਾ ਹੈ। ਕੈਲਾਸਪੁਰੀ ਨੇ ਭਾਰਤ ਦੀ ਉਸ ਔਰਤ ਨੂੰ ਵਿਸ਼ੇ ਵੱਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਜੋ ਜਨਮਦੀ ਤਾਂ ਭਾਰਤੀ ਸਮਾਜ ਅੰਦਰ ਹੈ ਪਰੰਤੂ ਉਸਨੂੰ ਵਿਚਰਨਾ ਬਾਹਰਲੇ ਮੁਲਕਾਂ ਦੀਆਂ ਕਦਰਾਂ-ਕੀਮਤਾਂ 'ਚ ਪੜਦਾ ਹੈ। ਬਲਦੇਵ ਸਿੰਘ ਧਾਲੀਵਾਲ *ਪੰਜਾਬੀ ਕਹਾਣੀ ਦੀ ਇੱਕ ਸਦੀ* 'ਚ ਲਿਖਦੇ ਨੇ ਕਿ:

> ਪੂਰਬੀ ਤੇ ਪੱਛਮੀ ਸੰਸਕ੍ਰਿਤੀਆਂ ਦੇ ਪੁੜਾਂ 'ਚ ਪਿਸਦੀ ਔਰਤ ਦਾ ਦਰਦ ਕੈਲਾਸ਼ਪੁਰੀ ਕੀਆਂ ਕਹਾਣੀਆਂ ਦਾ ਮੂਲ ਅਨੁਭਵ ਹੈ। ਪ੍ਰਗੀਤਕ ਬਿਆਨ, ਵਿਅੰਗ-ਸਿਰਜਣਾ ਅਤੇ ਬੇਬਾਕ ਬਿਆਨੀ ਉਸ ਦੀ ਕਹਾਣੀ ਕਲਾ ਦੇ ਮੂਲ ਲੱਛਣ ਹਨ।(141)

ਪਰਵਾਸੀ ਪੰਜਾਬੀ ਕਹਾਣੀਕਾਰਾਂ ਵਿੱਚ ਰਘੁਬੀਰ ਢੰਡ ਇੱਕ ਪ੍ਰਬੁੱਧ ਕਹਾਣੀਕਾਰ ਹੈ। ਉਸਨੇ ਬੋਲੀ ਧਰਤੀ (1972), ਉਸ ਪਾਰ (1975), ਕਾਇਆ ਕਲਪ (1980), ਕੁਰਸੀ (1988), ਕਾਲੀ ਨਦੀ ਦਾ ਸੇਕ (1991) ਆਦਿ ਕਹਾਣੀ ਸੰਗ੍ਰਿਹ ਸਿਰਜ ਕੇ ਪੰਜਾਬੀ ਸਾਹਿਤ ਨੂੰ ਹੋਰ ਸੰਘਣਤਾ ਬਖ਼ਸ਼ੀ ਹੈ। ਪਰਵਾਸੀ ਪੰਜਾਬੀ ਕਹਾਣੀਕਾਰਾਂ ਵਿੱਚ ਦਰਸ਼ਨ ਧੀਰ ਇੱਕ ਪ੍ਰਮੁੱਖ ਅਤੇ ਪ੍ਰਬੱਧ ਕਹਾਣੀਕਾਰ ਵੱਜੋਂ ਵੇਖਿਆ ਜਾਂਦਾ ਹੈ। ਦਰਸ਼ਨ ਧੀਰ ਨੇ ਲੂਣੀ ਮਹਿਕ (1972), ਮਰਦਾ ਸੱਚ (1976), ਦਿਸਹੱਦੇ ਤੋਂ ਪਾਰ (1987), ਡਰਿਆ

ਮਨੁੱਖ (1993) ਆਦਿ ਕਹਾਣੀ ਸੰਗ੍ਰਹਿ ਲਿਖੇ ਹਨ। **ਸ਼ਿਵਚਰਨ ਸਿੰਘ ਗਿੱਲ:** ਸ਼ਿਵਚਰਨ ਸਿੰਘ ਗਿੱਲ ਨੇ ਇੰਗਲੈਂਡ ਦੀ ਧਰਤੀ ਤੇ ਵਸੇਬਾ ਕੀਤਾ ਅਤੇ ਉਸਨੇ ਦੋਵੇਂ ਪੂਰਬੀ ਅਤੇ ਪੱਛਮੀ ਸਭਿਆਚਾਰਾਂ ਨੂੰ ਆਪਣੀ ਕਥਾ-ਵਸਤੂ ਦਾ ਆਧਾਰ ਬਣਾਇਆ ਹੈ। ਉਸਨੇ ਗਊ ਹੱਤਿਆ (1975), ਰੂਹ ਦਾ ਸਰਾਪ (1981), ਭੈਅ ਦੇ ਪਰਛਾਵੇਂ (1985), ਬਦਰੰਗ (1989), ਖਰਾ - ਖੋਟਾ (1993), ਸਾਹਾਂ ਦਾ ਭਾਰ (1999), ਮਰਦਾਵੀਂ ਔਰਤ (2001) ਆਦਿ ਕਹਾਣੀ ਸੰਗ੍ਰਿਹਾਂ ਦੀ ਰਚਨਾ ਕੀਤੀ ਹੈ। ਪਰਵਾਸੀ ਪੰਜਾਬੀ ਕਹਾਣੀਕਾਰਾਂ 'ਚ **ਰਵਿੰਦਰ ਰਵੀ** ਬਹੁਪੱਖੀ ਅਤੇ ਵੰਨ-ਸੁਵੰਨੀ ਕਹਾਣੀ ਸਿਰਜਣ ਵਾਲਾ ਕਹਾਣੀਕਾਰ ਹੈ। ਰਵਿੰਦਰ ਰਵੀ ਨੇ ਚਰਾਵੀ (1963), ਜੁਰਮ ਦੇ ਪਾਤਰ (1968), ਸ਼ਹਿਰ ਵਿੱਚ ਜੰਗਲ (1969), ਕੋਨ ਪ੍ਰਤੀਕੋਨ (1971), ਮੈਲੀ ਪੁਸਤਕ (1973), ਜਿੱਥੇ ਦੀਵਾਰਾਂ ਨਹੀਂ (1978), ਅਘਰਵਾਸੀ (1984), ਕੰਪਿਊਟਰ ਕਲਚਰ (1985), ਸਮੇਂ ਦੇ ਨਾਲ-ਨਾਲ (1989), ਆਪਣੇ ਆਪਣੇ ਟਾਪੂ (1992), ਖੰਭਾਂ ਵਾਲੇ ਪਿੰਜਰੇ (2001), ਚੋਣਵੀਆਂ ਕਹਾਣੀਆਂ (2002) ਆਦਿ ਕਹਾਣੀ ਸੰਗ੍ਰਹਿ ਰਚੇ ਹਨ। ਰਵਿੰਦਰ ਰਵੀ ਦੀ ਕਹਾਣੀ ਰਚਨਾ ਦਾ ਸਫ਼ਰ ਭਾਵੇਂ ਭਾਰਤੀ ਪੰਜਾਬ ਅੰਦਰ ਰਹਿੰਦੇ ਹੀ ਸ਼ੁਰੂ ਹੋ ਗਿਆ ਸੀ ਪਰੰਤੂ ਉਸ ਦੀ ਵਿਲੱਖਣ ਪਛਾਣ ਪਰਵਾਸ ਧਾਰਨ ਤੋਂ ਬਾਅਦ ਹੀ ਬਣੀ ਹੈ। ਪੰਜਾਬੀ ਕਹਾਣੀ ਪ੍ਰਾਪਤੀਆਂ ਤੇ ਸੰਭਾਵਨਾਵਾਂ 'ਤੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਵੱਲੋਂ ਆਯੋਜਕ ਦੂਜੀ ਵਿਸ਼ਵ ਪੰਜਾਬੀ ਸਾਹਿਤ ਕਾਨਫ਼ਰੰਸ 5-7, ਦਸੰਬਰ, 2012 ਅਨੁਸਾਰ:

> ਰਵਿੰਦਰ ਰਵੀ ਦੀਆਂ ਕਹਾਣੀਆਂ ਦਾ ਭਿੰਨ-ਭਿੰਨ ਖਿੱਤਿਆਂ ਵਿੱਚ ਵੱਸਦੇ ਭਿੰਨ-ਭਿੰਨ ਸਭਿਆਚਾਰਾਂ ਦੇ ਜੀਵਨ ਫ਼ਲਸਫ਼ੇ ਤੇ ਵਿਸ਼ਵ ਦ੍ਰਿਸ਼ਟੀਕੋਣ ਨੂੰ ਉਹ ਪੰਜਾਬੀ ਸੱਭਿਆਚਾਰ ਦੇ ਪ੍ਰਸੰਗ ਵਿੱਚ ਤੁਲਨਾਤਮਕ ਪਰਿਪੇਖ ਤੇ ਜੁੱਟਾਂ ਰਾਹੀਂ ਪ੍ਰਸਤੁਤ ਕਰਨ ਦਾ ਕਲਾਤਮਕ ਪ੍ਰਯੋਗ ਕਰਦਾ ਹੈ। (62)

ਪਰਵਾਸੀ ਪੰਜਾਬੀ ਕਹਾਣੀਕਾਰਾਂ 'ਚ **ਸਵਰਨ ਚੰਦਨ** ਇੱਕ ਸਥਾਪਿਤ ਕਹਾਣੀਕਾਰ ਹੈ। ਸਵਰਨ ਚੰਦਨ ਨੇ ਗਲਪ ਦੇ ਖੇਤਰ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ। ਉਸਨੇ ਉੱਜੜਿਆ ਖੂਹ (1974), ਪੁੰਨ ਦਾ ਸਾਕ (1982), ਖਾਲੀ ਪਲਾਂ ਦੀ ਸਾਂਝ (1987), ਲਾਲ ਚੌਂਕ (1989), ਕੁਆਰ ਗੰਦਲ

(1991), ਬਜ਼ੁਰਗ ਬਾਬਾ 'ਤੇ ਭੀੜ (1996), ਬੰਦ ਗੁਫ਼ਾਵਾਂ (2000) ਆਦਿ ਕਹਾਣੀ ਸੰਗ੍ਰਿਹਾਂ ਦੀ ਰਚਨਾ ਕੀਤੀ ਹੈ। **ਜਰਨੈਲ ਸਿੰਘ** ਪਰਵਾਸੀ ਪੰਜਾਬੀ ਕਹਾਣੀਕਾਰਾਂ 'ਚ ਸ਼ਿਰੋਮਣੀ ਸਥਾਨ ਰੱਖਦਾ ਹੈ। ਸੰਨ 1988 ਵਿੱਚ ਜਰਨੈਲ ਸਿੰਘ ਕੈਨੇਡਾ ਆ ਗਿਆ। ਜਰਨੈਲ ਸਿੰਘ ਨੇ ਭਾਰਤ 'ਚ ਰਹਿੰਦੇ ਹੋਏ ਤਿੰਨ ਕਹਾਣੀ ਸੰਗ੍ਰਹਿ ਲਿਖੇ ਜੋ ਇਸ ਪ੍ਰਕਾਰ ਹਨ: ਮੈਨੂੰ ਕੀ (1981), ਮਨੁੱਖ ਤੇ ਮਨੁੱਖ (1983), ਸਮੇਂ ਦੇ ਹਾਣੀ (1987)। ਪਰੰਤੂ ਜੋ ਪਛਾਣ ਜਰਨੈਲ ਸਿੰਘ ਨੂੰ ਉਸਦੇ ਕਹਾਣੀ ਸੰਗ੍ਰਹਿ ਜੋ ਕੈਨੇਡਾ ਜਾ ਕੇ ਪ੍ਰਕਾਸ਼ਿਤ ਕੀਤਾ (ਦੋ ਟਾਪੂ) ਨੇ ਦਵਾਈ ਹੈ। ਉਹ ਪਹਿਲੇ ਤਿੰਨ ਕਹਾਣੀ ਸੰਗ੍ਰਹਿ 'ਚ ਨਹੀਂ ਮਿਲਦੀ। ਕੈਨੇਡਾ ਵੱਸਣ ਤੋਂ ਬਾਅਦ ਜਰਨੈਲ ਸਿੰਘ ਨੇ ਦੋ ਟਾਪੂ (1999), ਕਥਾ-ਪੰਧ (2003), ਪ੍ਰਤੀਨਿਧ ਕਹਾਣੀਆਂ, ਟਾਵਰਜ਼ (2005) ਅਤੇ ਕਾਲੇ ਵਰਕੇ (2015) ਕਹਾਣੀ ਸੰਗ੍ਰਿਹਾਂ ਦੀ ਰਚਨਾ ਕੀਤੀ ਹੈ। ਪਰਵਾਸ 'ਚ ਲਿਖੀ ਕਹਾਣੀਆਂ ਨਾਲ ਜਰਨੈਲ ਸਿੰਘ ਨਿੱਕੀ ਕਹਾਣੀ ਤੋਂ ਲੰਮੀ ਕਹਾਣੀ ਵੱਲ ਵੱਧਦਾ ਨਜ਼ਰੀ ਪੈਂਦਾ ਹੈ। ਪੰਜਾਬੀ ਕਹਾਣੀ ਪ੍ਰਾਪਤੀਆਂ ਤੇ ਸੰਭਾਵਨਾਵਾਂ ‘ਤੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਵੱਲੋਂ ਆਯੋਜਕ *ਦੂਜੀ ਵਿਸ਼ਵ ਪੰਜਾਬੀ ਸਾਹਿਤ ਕਾਨਫ਼ਰੰਸ* 5-7, ਦਸੰਬਰ, 2012 ਅਨੁਸਾਰ:

> ਦੋ ਟਾਪੂ ਦੇ ਬਿਰਤਾਂਤ ਵਕਤਾ ਦੀ ਸਥਿਤੀ ਸਰਬ-ਗਿਆਤਾ ਵਾਲੀ ਹੈ। ਇਸੇ ਕਾਰਨ ਜਰਨੈਲ ਸਿੰਘ ਦੀ ਕਥਾਕਾਰੀ ਵਿੱਚ ਸਾਰੀਆਂ ਘਟਨਾਵਾਂ ਤੇ ਉਨ੍ਹਾਂ ਵਿੱਚ ਛੁਪੇ ਪਰਵਾਸੀ ਹੋਏ ਪੰਜਾਬੀਆਂ ਦੀ ਦੁਖਾਂਤਕ ਪਰਸਥਿਤੀ ਉੱਘੜ ਕੇ ਸਾਹਮਣੇ ਆਉਂਦੀ ਹੈ।(62)

ਇਹਨਾਂ ਕਹਾਣੀਕਾਰਾਂ ਤੋਂ ਇਲਾਵਾ ਪਰਵਾਸੀ ਪੰਜਾਬੀ ਕਹਾਣੀਕਾਰਾਂ 'ਚ ਹੋਰ ਕਈ ਵਿਸ਼ੇਸ਼ ਕਹਾਣੀਕਾਰ ਜਿਨ੍ਹਾਂ 'ਚ ਬਲਬੀਰ ਸਿੰਘ ਮੋਮੀ, ਪ੍ਰੀਤਮ ਸਿੱਧੂ ਸੰਤੋਖ ਧਾਲੀਵਾਲ, ਤਰਸੇਮ ਨੀਲਗਿਰੀ ਅਤੇ ਵੀਨਾ ਵਰਮਾ ਆਦਿ ਸ਼ਾਮਲ ਹਨ। ਇਹਨਾਂ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਨਾਲ ਪਰਵਾਸੀ ਪੰਜਾਬੀ ਕਹਾਣੀ ਨੂੰ ਇੱਕ ਨਵਾਂ ਮੁਹਾਂਦਰਾ ਅਤੇ ਨਿਵੇਕਲੀ ਪਛਾਣ ਦਿੱਤੀ ਹੈ।

ਉਪਰੋਕਤ ਵਿਚਾਰ ਤੋਂ ਬਾਅਦ ਕਿਹਾ ਜਾਂਦਾ ਹੈ ਕਿ ਤੀਜੇ ਪੜਾਅ ਦੀ ਪੰਜਾਬੀ ਕਹਾਣੀ ਵਸਤੂ ਅਤੇ ਰੂਪਕ ਪੱਖ ਤੋਂ ਦੂਜੇ ਪੜਾਅ ਦੀ ਪੰਜਾਬੀ ਕਹਾਣੀ ਤੋਂ ਵਖਰੇਵਾਂ ਰੱਖਦੀ ਹੈ। ਜੇਕਰ ਦੂਜੇ ਪੜਾਅ ਦੀ

ਕਹਾਣੀ ਦੀ ਵਸਤੂ ਪੱਖੋਂ ਪੜਚੋਲ ਕਰੀਏ ਤਾਂ ਅਸੀਂ ਵੇਖਾਂਗੇ ਕਿ ਉਹ ਕਿਸੇ ਇੱਕ ਘਟਨਾ ਦਾ ਬਿਰਤਾਂਤ ਸਿਰਜਦੀ ਹੈ। ਅਰਥਾਤ ਦੂਜੇ ਪੜਾਅ ਦੀ ਕਹਾਣੀ ਦੇ ਪਾਤਰ ਕਿਸੇ ਇਕਹਿਰੀ ਸਮੱਸਿਆ ਵਿੱਚ ਘਿਰੇ ਬੰਦੇ ਦਾ ਕਥਾ-ਬਿੰਬ ਬਣ ਕੇ ਉੱਭਰਦੇ ਹਨ। ਇਸਦੇ ਵਿਪਰੀਤ ਤੀਜੇ ਪੜਾਅ ਦੀ ਪੰਜਾਬੀ ਕਹਾਣੀ ਜੀਵਨ ਦੀ ਘਟਨਾ ਤਾਂ ਇੱਕੋ ਲੈਂਦੀ ਹੈ ਪਰੰਤੂ ਉਸ ਘਟਨਾ ਨੂੰ ਉਪਘਟਨਾਵਾਂ ਨਾਲ ਜਾਂ ਮੁੱਖ ਬਿਰਤਾਂਤ ਨੂੰ ਉਪ-ਬਿਰਤਾਂਤਾਂ ਨਾਲ ਜੋੜ ਕੇ ਉਸ ਘਟਨਾ ਦੇ ਵੱਖ-ਵੱਖ ਦ੍ਰਿਸ਼ਟੀਕੋਣ ਪੇਸ਼ ਕਰਦੀ ਹੈ। ਜਿੱਥੇ ਦੂਜੇ ਪੜਾਅ ਦੀ ਪੰਜਾਬੀ ਕਹਾਣੀ ਪਾਠਕ ਨੂੰ ਕੀ ਹੋਇਆ ਅਤੇ ਕਿਵੇਂ ਹੋਇਆ ਦੇ ਰਹੱਸ ਨਾਲ ਜੋੜ ਕੇ ਬਿਰਤਾਂਤ ਦੇ ਅਖੀਰ ਤੱਕ ਜੋੜੇ ਰੱਖਦੀ ਹੈ। ਉੱਥੇ ਤੀਜੇ ਪੜਾਅ ਦੀ ਪੰਜਾਬੀ ਕਹਾਣੀ ਕੀ ਹੋਇਆ ਅਤੇ ਕਿਵੇਂ ਹੋਇਆ ਦੀ ਥਾਂ ਤੇ ਕਿਉਂ ਹੋਇਆ ਦੇ ਰਹੱਸ ਜਾਂ ਕਹਾਣੀ ਜੁਗਤ ਨਾਲ ਜੋੜਦੀ ਪ੍ਰਤੀਤ ਹੁੰਦੀ ਹੈ। ਜਿੱਥੇ ਦੂਜੇ ਪੜਾਅ ਦੀ ਕਹਾਣੀ ਦਾ ਇੱਕ ਮੁੱਢ, ਮੱਧ ਅਤੇ ਅੰਤ ਸਿਖਰ ਹੁੰਦਾ ਸੀ ਉੱਥੇ ਤੀਜੇ ਪੜਾਅ ਦੀ ਕਹਾਣੀ ਦਾ ਬਿਰਤਾਂਤ ਸਮਾਂ ਭੰਜਨ ਦੀਆਂ ਜੁਗਤਾਂ (ਅੱਗਲਝਾਤ, ਪਿੱਛਲਝਾਤ) ਵਰਤ ਕੇ ਬਿਰਤਾਂਤ ਨੂੰ ਮੱਧ ਤੋਂ ਵੀ ਸ਼ੁਰੂ ਕਰ ਸਕਦਾ ਹੈ ਅੰਤ ਤੋਂ ਵੀ ਇਸ ਪੜਾਅ ਦੀ ਕਹਾਣੀ ਦਾ ਕੋਈ ਇੱਕ ਸਿਖਰ ਨਾ ਹੋ ਕੇ ਕਈ ਨਿੱਕੇ-ਨਿੱਕੇ ਸਿਖਰ ਹੋਣ ਲਗ ਪਏ। ਬਲਦੇਵ ਸਿੰਘ ਧਾਲੀਵਾਲ ਦੀ ਪੰਜਾਬੀ ਕਹਾਣੀ ਦਾ ਇਤਿਹਾਸ ਕਿਤਾਬ ਮੁਤਾਬਿਕ:

> ਕਹਾਣੀ ਵਿੱਚ ਬਿਰਤਾਂਤਕਾਰ ਦੀ ਸਥਿਤੀ ਦੇ ਪੱਖ ਤੋਂ ਵੇਖੀਏ ਤਾਂ ਤੀਜੇ ਪੜਾਅ ਦੀ ਪੰਜਾਬੀ ਕਹਾਣੀ ਵਿੱਚ ਬਿਰਤਾਂਤਕਾਰ ਦੀ ਸੂਤਰਧਾਰ ਵਾਲੀ ਭੂਮਿਕਾ ਮੂਲੋਂ ਹੀ ਅਲੋਪ ਹੋ ਜਾਂਦੀ ਹੈ। ਉਹ ਪਾਤਰ ਰੂਪ ਹੋ ਕੇ ਬਿਰਤਾਂਤ ਸਿਰਜਦਾ ਹੈ। ਪ੍ਰੇਮ ਪ੍ਰਕਾਸ਼ ਦੀਆਂ ਉੱਤਮਪੁਰਖੀ ਬਿਰਤਾਂਤਕਾਰੀ ਰਾਹੀਂ ਸਿਰਜੀਆਂ ਕਹਾਣੀਆਂ ਵਿੱਚ ਤਾਂ ਅਜਿਹਾ ਹੈ ਹੀ, ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿੱਚ ਅਨਯ ਪੁਰਖੀ ਬਿਰਤਾਂਤਕਾਰ ਰਾਹੀਂ ਸਿਰਜੇ ਬਿਰਤਾਂਤ ਵਿੱਚ ਵੀ ਬਿਰਤਾਂਤਕਾਰ ਇੱਕ ਪਾਤਰ ਰੂਪ ਹੋਣ ਦੀ ਥਾਂ ਸਮੂਹ ਪਾਤਰਾਂ ਵਿੱਚ ਆਪਣੇ ਵਜੂਦ ਨੂੰ ਇਉਂ ਛੁਪਾ ਲੈਂਦਾ ਹੈ ਕਿ ਉਸ ਦੀ ਸੂਖਮ ਹੋਂਦ ਨੂੰ ਸਮੂਰਤ ਰੂਪ 'ਚ ਨਹੀਂ ਪਛਾਣਿਆ ਜਾ ਸਕਦਾ, ਸਿਰਫ਼ ਉਸਦੇ ਪ੍ਰਭਾਵ ਨੂੰ ਕਹਾਣੀ

ਦੀ ਕੇਂਦਰੀ ਧੁਨੀ ਰਾਹੀਂ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ ਦੂਜੇ ਪੜਾਅ ਦੀ ਕਹਾਣੀ ਦਾ ਸਥੂਲ ਬਿਰਤਾਂਤਕਾਰ ਤੀਜੇ ਪੜਾਅ ਦੀ ਕਹਾਣੀ ਵਿੱਚ ਸੂਖਮ ਹੋਂਦ ਵਾਲਾ ਹੋ ਜਾਂਦਾ ਹੈ।(279)

ਸੋ ਤੀਜੇ ਪੜਾਅ ਦੀ ਪੰਜਾਬੀ ਕਹਾਣੀ ਇਕਹਿਰੇ ਬਿਰਤਾਂਤਕ ਮਾਡਲ ਵਾਲੀ ਨਾ ਹੋ ਕੇ ਘਟਨਾ ਦੀ ਵਿਭਿੰਨ ਇਕਾਈਆਂ ਨੂੰ ਜਟਿਲ ਢੰਗ ਨਾਲ ਉਲਝੀਆਂ ਹੋਈਆਂ ਪੇਸ਼ ਕਰਦੀ ਹੈ, ਜਿਸ ਕਾਰਨ ਇਹ ਬਹੁ-ਪਸਾਰੀ ਜੁੱਸੇ ਵਾਲੇ ਜਟਿਲ ਬਿਰਤਾਂਤ ਮਾਡਲ ਸਿਰਜਣ ਵਾਲੀ ਹੋ ਨਿੱਬੜਦੀ ਹੈ। ਸੋ ਸਮੁੱਚੇ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਵਸਤੂ ਅਤੇ ਰੂਪ ਪੱਖੋਂ ਤੀਜੇ ਪੜਾਅ ਦੀ ਕਹਾਣੀ ਪਹਿਲੇ ਦੋਹਾਂ ਪੜਾਵਾਂ ਤੋਂ ਵਿਲੱਖਣਤਾ ਰੱਖਦੀ ਹੋਈ ਆਪਦੀ ਨਿਵੇਕਲੀ ਪਛਾਣ ਬਣਾਉਂਦੀ ਹੈ।

**ਚੌਥਾ ਪੜਾਅ: 1991 ਤੋਂ ਬਾਅਦ ਸਮਕਾਲ ਉੱਤਰ ਯਥਾਰਥਵਾਦੀ ਤੱਕ ਦਾ:** ਉਤਰ ਯਥਾਰਥਵਾਦੀ ਪੰਜਾਬੀ ਕਹਾਣੀ ਨੌਵੇਂ ਦਹਾਕੇ ਦੇ ਮੁੱਢਲੇ ਸਮੇਂ ਵਿੱਚ ਹੀ ਨਵੇਂ ਕਥਾ-ਮਾਡਲ ਸਿਰਜਣ ਵਾਲੇ ਕਹਾਣੀਕਾਰ ਸਾਹਮਣੇ ਆਏ। ਇਨ੍ਹਾਂ ਕਹਾਣੀਕਾਰਾਂ ਦੀਆਂ ਰਚਨਾਵਾਂ ਨੇ ਪੰਜਾਬੀ ਨੂੰ ਇੱਕ ਨਵੇਂ ਪੜਾਅ 'ਚ ਲਿਆ ਖੜ੍ਹਾ ਕੀਤਾ। ਇਸ ਪਰਿਵਰਤਨ ਦੇ ਪਿਛੋਕੜ ਵਿੱਚ ਜੋ ਤੱਥ ਸਾਹਮਣੇ ਆਏ ਹਨ। ਬਲਦੇਵ ਸਿੰਘ ਧਾਲੀਵਾਲ *ਪੰਜਾਬੀ ਕਹਾਣੀ ਦਾ ਇਤਿਹਾਸ* 'ਚ ਉਹਨਾਂ ਨੂੰ ਆਪਣੇ ਸ਼ਬਦਾ ਵਿੱਚ ਇਸ ਤਰ੍ਹਾਂ ਬਿਆਨ ਕਰਦੇ ਹਨ ਕਿ:

> "ਸਮਾਜਵਾਦੀ ਸੁਪਨੇ ਦਾ ਤਹਿਸ਼-ਨਹਿਸ਼ ਹੋਣਾ, ਕੰਪਿਊਟਰ ਯੁੱਗ ਦੀ ਸੰਚਾਰ-ਕ੍ਰਾਂਤੀ ਗਲੋਬਲਾਈਜੇਸ਼ਨ ਦੇ ਵਰਤਾਰੇ ਦਾ ਪ੍ਰਚੰਡ ਰੂਪ 'ਚ ਉੱਭਰਨਾ ਆਦਿ ਅੰਤਰਰਾਸ਼ਟਰੀ ਵਰਤਾਰੇ ਪ੍ਰਮੁੱਖ ਰੂਪ 'ਚ ਮੰਨੇ ਗਏ ਹਨ।(284)

ਇਸ ਪੜਾਅ ਦੇ ਕਹਾਣੀਕਾਰਾਂ ਦਾ ਇਸ ਚੌਥੀ ਪੀੜ੍ਹੀ ਵਿੱਚ ਪੈਦਾ ਹੋਣਾ ਨਹੀਂ ਬਲਕਿ ਉਹਨਾਂ ਦੀ ਉਹ ਰਚਨਾ-ਦ੍ਰਿਸ਼ਟੀ ਹੈ। ਜਿਸ ਨਾਲ ਉਹ ਕਥਾ ਵਸਤੂ ਦੀ ਪੇਸ਼ਕਾਰੀ ਤੀਜੇ ਪੜਾਅ ਦੇ ਕਹਾਣੀਕਾਰਾਂ ਤੋਂ ਨਿਵੇਕਲੇ ਅੰਦਾਜ਼ ਨਾਲ ਕਰਦੇ ਹਨ। ਇਸ ਪੜਾਅ ਦੇ ਪ੍ਰਮੁੱਖ ਕਹਾਣੀਕਾਰ ਇਸ ਪ੍ਰਕਾਰ ਹਨ:

**ਐੱਸ. ਬਲਵੰਤ:** ਚੌਥੇ ਪੜਾਅ ਦਾ ਪ੍ਰਤੀਨਿਧ ਕਹਾਣੀਕਾਰ ਐੱਸ ਬਲਵੰਤ ਹੈ। ਉਸਨੇ ਮਹਾਂਨਗਰ

(1995), ਕਹਾਣੀ ਸੰਗ੍ਰਹਿ ਰਚਕੇ ਪੰਜਾਬੀ ਕਹਾਣੀ ਨੂੰ ਨਵੇਂ ਪੜਾਅ ਵੱਲ ਮੋੜਿਆ ਹੈ। ਉਹ ਸ਼ਹਿਰੀ ਸਭਿਅਤਾ ਦੇ ਵੰਨ-ਸੁਵੰਨੇ ਪੱਖਾਂ ਨੂੰ ਆਪਣੀ ਕਹਾਣੀ ਰਾਹੀਂ ਪੇਸ਼ ਕਰਦਾ ਹੈ। ਇਸ ਨਵੇਂ ਪੜਾਅ ਦਾ ਚਰਚਿਤ ਕਹਾਣੀਕਾਰ **ਜਸਵਿੰਦਰ ਸਿੰਘ** ਹੈ। ਉਹਨਾਂ ਨੇ ਆਲੋਚਨਾ ਦੇ ਖੇਤਰ ਵਿੱਚ ਨਾਮਣਾ ਖੱਟਣ ਤੋਂ ਇਲਾਵਾ ਗਲਪ ਦੇ ਖੇਤਰ ਵਿੱਚ ਵੀ ਆਪਣਾ ਵਡਮੁੱਲਾ ਯੋਗਦਾਨ ਦਿੱਤਾ ਹੈ। ਉਸ ਦੇ ਕਹਾਣੀ ਸੰਗ੍ਰਹਿ ਖੂਹ-ਖਾਤੇ (1989), ਘਰ ਦਾ ਜੀਅ (2004) ਆਦਿ ਹਨ। ਇਸ ਪੜਾਅ ਦਾ ਇੱਕ ਹੋਰ ਪ੍ਰਸਿੱਧ ਕਹਾਣੀਕਾਰ **ਤਲਵਿੰਦਰ ਸਿੰਘ** ਹੈ। ਉਸਨੇ ਰਾਤ ਚਾਨਣੀ (1992), ਨਾਇਕ ਦੀ ਮੌਤ (1997), ਵਿੱਚਲੀ ਔਰਤ (2001), ਜਲਧਾਰਾ (2006) ਆਦਿ ਕਹਾਣੀ ਸੰਗ੍ਰਹਿ ਰਚੇ ਹਨ। ਰਿਸ਼ਤਿਆਂ ਦੇ ਬਦਲਦੇ ਪਰਿਪੇਖ ਨੂੰ ਆਧਾਰ ਬਣਾ ਕੇ ਕਹਾਣੀ ਰਚਨਾ ਕਰਨ ਵਾਲਾ ਕਹਾਣੀਕਾਰ **ਬਲਵੀਰ ਪਰਵਾਨਾ** ਹੈ। ਉਸਨੇ ਗਾਥਾ ਇੱਕ ਪਿੰਡ ਦੀ (1996), ਧੂੰਆਂ (2004) ਆਦਿ ਕਹਾਣੀ ਸੰਗ੍ਰਿਹਾਂ ਦੀ ਰਚਨਾ ਕੀਤੀ ਹੈ। ਬਲਵੀਰ ਪਰਵਾਨਾ ਦਾ ਮੁੱਖ ਖੇਤਰ ਔਰਤ-ਮਰਦ ਦੇ ਵਿਵਰਜਿਤ ਰਿਸ਼ਤਿਆਂ-ਨਾਤਿਆਂ ਦੇ ਬਦਲਦੇ ਸਰੂਪ ਨੂੰ ਬਿਆਨ ਕਰਨਾ ਹੈ। **ਜਿੰਦਰ:** ਚੌਥੇ ਪੜਾਅ ਦੇ ਸਥਾਪਿਤ ਕਹਾਣੀਕਾਰਾਂ ਵਿੱਚ ਜਿੰਦਰ ਇੱਕ ਪ੍ਰਸਿੱਧ ਕਹਾਣੀਕਾਰ ਹੈ। ਉਸਨੇ ਮੈਂ, ਕਹਾਣੀ ਤੇ ਉਹ (1990 ), ਤੁਸੀਂ ਨਹੀਂ ਸਮਝ ਸਕਦੇ (1996), ਬੇਲੋੜੇ (1997), ਨਹੀਂ ਮੈਂ ਨਹੀਂ (2000), ਬਿਨਾਂ ਵਜ੍ਹਾ ਤਾਂ ਨਹੀਂ (2004) ਆਦਿ ਕਹਾਣੀ ਸੰਗ੍ਰਹਿ ਰਚਕੇ ਇਸ ਪੜਾਅ ਦੇ ਸਿਰਮੌਰ ਕਹਾਣੀਕਾਰਾਂ ਚ ਆਪਣੀ ਨਿਵੇਕਲੀ ਥਾਂ ਬਣਾਈ ਹੈ। ਜਿੰਦਰ ਸ਼ਹਿਰੀ ਮੱਧ-ਵਰਗ ਨੂੰ ਆਪਣੀ ਕਥਾ-ਵਸਤੂ ਵੱਜੋਂ ਪੇਸ਼ ਕਰਦਾ ਹੈ। **ਮਨਿੰਦਰ ਸਿੰਘ ਕਾਂਗ:** ਚੌਥੇ ਪੜਾਅ ਦੇ ਕਹਾਣੀਕਾਰਾਂ ਵਿੱਚ ਮਨਿੰਦਰ ਸਿੰਘ ਕਾਂਗ ਇੱਕ ਸਥਾਪਿਤ ਕਹਾਣੀਕਾਰ ਹੈ। ਉਸਨੇ ਉਦਾਸੀਆਂ (1981), ਵਿਰਲਾਪ (1986), ਜੂਨ (1998) ਆਦਿ ਕਹਾਣੀ ਸੰਗ੍ਰਹਿ ਪੰਜਾਬੀ ਕਹਾਣੀ ਦੀ ਝੋਲੀ ਪਾਏ ਹਨ। ਮਨਿੰਦਰ ਕਾਂਗ ਨੇ ਪ੍ਰਮੁੱਖ ਤੌਰ ਤੇ ਸ਼ਹਿਰੀ ਮੱਧ-ਵਰਗ ਦੀ ਦੋਹਰੇ ਮਿਆਰਾਂ ਵਾਲੀ ਜ਼ਿੰਦਗੀ, ਔਰਤ-ਮਰਦ ਦੇ ਰਿਸ਼ਤਿਆਂ ਨੂੰ ਆਪਣੀ ਕਥਾ-ਵਸਤੂ ਦਾ ਆਧਾਰ ਬਣਾਇਆ ਹੈ। **ਭਗਵੰਤ ਰਸੂਲਪੁਰੀ** ਨੇ ਚੌਥੇ ਪੜਾਅ ਦੀ ਕਹਾਣੀ ਨੂੰ ਆਪਣੀ ਕਹਾਣੀ ਰਚਨਾ ਦੁਬਾਰਾ ਨਵੇਂ ਦਿਸਹਿਦੇ ਪ੍ਰਦਾਨ ਕੀਤੇ ਹਨ। ਉਸਨੇ ਚਾਨਣ ਦੀ ਲੀਕ (1992), ਮੈਂ, ਸ਼ੈਤਾਨ ਤੇ ਇੰਦੂਮਣੀ

(1996), ਤੀਜਾ ਨੇਤਰ (2005) ਆਦਿ ਕਹਾਣੀ ਸੰਗ੍ਰਹਿ ਲਿਖੇ ਹਨ। ਦਲਿਤ ਸ਼੍ਰੇਣੀ ਅਤੇ ਔਰਤ-ਮਰਦ ਦੇ ਜਿਨਸੀ ਸੰਬੰਧ ਉਸ ਦੀ ਕਥਾ ਚੋਣ ਰਹੇ ਹਨ। ਇਨ੍ਹਾਂ ਕਹਾਣੀਕਾਰਾਂ ਤੋਂ ਇਲਾਵਾ **ਜਸਬੀਰ ਰਾਣਾ**, **ਅਜਮੇਰ ਸਿੱਧੂ**, **ਦੇਸਰਾਜ ਕਾਲੀ** ਆਦਿ ਹੋਰ ਪ੍ਰਮੁੱਖ ਕਹਾਣੀਕਾਰਾਂ ਦੇ ਨਾਂ ਲਏ ਜਾ ਸਕਦੇ ਹਨ। ਉਪਰੋਕਤ ਵਿਚਾਰ-ਚਰਚਾ ਦੇ ਪੱਖ ਤੋਂ ਕਿਹਾ ਜਾ ਸਕਦਾ ਹੈ ਕਿ ਚੌਥੇ ਪੜਾਅ ਦੀ ਪੰਜਾਬੀ ਕਹਾਣੀ ਨੇ ਆਪਣਾ ਰਚਨਾ- ਵਸਤੂ ਨਵ-ਪੂੰਜੀਵਾਦੀ ਪਦਾਰਥਕ ਕਦਰਾਂ-ਕੀਮਤਾਂ ਦੇ ਦਖ਼ਲ, ਰਿਸ਼ਤਿਆਂ ਤੇ ਬਦਲਦੇ ਪਰਿਪੇਖ, ਖ਼ੂਨੀ ਰਿਸ਼ਤਿਆਂ 'ਚ ਕਾਮੁਕ ਸੰਬੰਧਾਂ ਕਰਕੇ ਆਈਆਂ ਧਾਰਮਿਕ ਸਥਿਤੀਆਂ, ਦਲਿਤ ਵਰਗ ਦੇ ਜੀਵਨ ਦੀ ਅੰਦਰੂਨੀ ਕਸ਼ਮਕਸ਼ ਆਦਿ ਨਿਵੇਕਲੇ ਸਰੋਕਾਰ ਨਿਭਾਏ ਹਨ। ਚੌਥੇ ਪੜਾਅ ਦੀ ਕਹਾਣੀ ਨੂੰ ਪੂਰਵਲੀ ਕਹਾਣੀ ਨਾਲੋਂ ਵਧੇਰੇ ਵਿੱਥ ਰਚਨਾ-ਵਸਤੂ ਪੱਖੋਂ ਹੀ ਨਹੀਂ, ਸਗੋਂ ਬਿਰਤਾਂਤ ਦੇ ਸੰਗਠਨ ਪੱਖੋਂ ਵੀ ਰੱਖੀ ਹੈ। ਇਸ ਦਾ ਬਿਰਤਾਂਤਕਾਰ ਘਟਨਾ ਵਰਣਨ ਦੀ ਥਾਂ ਸੰਕੇਤਕ ਬਿਰਤਾਂਤ ਨੂੰ ਵਧੇਰੇ ਮਹੱਤਵ ਦਿੰਦਾ ਹੈ। ਬਲਦੇਵ ਸਿੰਘ ਧਾਲੀਵਾਲ ਚੌਥੇ ਪੜਾਅ ਦੀ ਪੰਜਾਬੀ ਕਹਾਣੀ ਪਾਤਰ ਦੇ ਸਬੰਧ 'ਚ ਆਪਣੀ ਪੁਸਤਕ *ਪੰਜਾਬੀ ਕਹਾਣੀ ਦਾ ਇਤਿਹਾਸ* ਆਖਦੇ ਨੇ:

> ਚੌਥੇ ਪੜਾਅ ਦੀ ਪੰਜਾਬੀ ਕਹਾਣੀ ਪਾਤਰ ਦੇ ਅਵਚੇਤਨ ਨੂੰ ਸਰਵਉੱਚ ਮੰਨ ਕੇ ਉਸ ਕ੍ਰਮ ਨੂੰ ਉਲਟਾ ਦਿੰਦੀ ਹੈ ਜਿਹੜਾ ਤੀਜੇ ਪੜਾਅ ਦੀ ਕਹਾਣੀ ਚੇਤਨ ਅਤੇ ਅਵਚੇਤਨ ਦੇ ਦਵੰਦ ਦੀ ਸਿਰਜਣਾ ਸਮੇਂ ਚੇਤਨ ਨੂੰ ਪ੍ਰਭਾਵਸ਼ਾਲੀ ਬਣਾ ਕੇ ਚਿਤਰਦੀ ਸੀ।(302)

ਸੋ ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਚੌਥੇ ਪੜਾਅ ਦੀ ਸਮਕਾਲੀ ਪੰਜਾਬੀ ਕਹਾਣੀ ਨੇ ਕਹਾਣੀ ਵਿਕਾਸ ਵਿੱਚ ਆਪਣਾ ਬਹੁਮੁੱਲਾ ਯੋਗਦਾਨ ਪਾਇਆ ਹੈ। ਸਮਕਾਲੀ ਕਹਾਣੀ ਦੇ ਪੱਖ ਤੋਂ ਅਸੀਂ ਕਹਿ ਸਕਦੇ ਹਾਂ ਕਿ ਮਨੁੱਖ ਆਪਣੇ ਬਾਹਰੀ ਜੀਵਨ ਤੋਂ ਟੁੱਟ ਕੇ ਅੰਦਰਲੇ ਜੀਵਨ ਤਣਾਅ ਝੱਲਦਾ ਹੈ। ਅਜੋਕੇ ਮਨੁੱਖ ਨੂੰ ਉਸ ਦੀ ਸੱਭਿਆਚਾਰਕ ਰੂਪਾਂਤਰਨ ਦੇ ਪੱਖ ਤੋਂ ਰਾਜਨੀਤਿਕ, ਸੱਭਿਆਚਾਰਕ, ਸਮਾਜਿਕ, ਧਾਰਮਿਕ ਤੇ ਆਰਥਿਕਤਾ ਦੇ ਨਵੇਂ ਪਾਸਾਰ ਸਾਹਮਣੇ ਆਏ ਹਨ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪਰਿਪੇਖਾਂ ਵਿੱਚਲੇ ਉਤਰਾਵਾਂ-ਚੜ੍ਹਾਵਾਂ ਨੇ ਜ਼ਿੰਦਗੀ ਨੂੰ ਜਟਿਲ ਤੇ ਬਹੁ-ਪਾਸਾਰੀ ਬਣਾ

ਦਿੱਤਾ ਹੈ। ਹੁਣ ਜੀਵਨ ਲਕੀਰੀ, ਸਿੱਧਾ ਸਾਦਾ, ਸਰਲ ਅਤੇ ਇਕਹਿਰਾ ਨਹੀਂ ਰਿਹਾ। ਅਜਿਹੀ ਸਥਿਤੀ ਵਿੱਚ ਸਮਕਾਲੀ ਕਹਾਣੀ ਵੀ ਗੁੰਝਲਦਾਰ, ਜਟਿਲ ਬਹੁ-ਪਾਸਾਰੀ ਅਤੇ ਵਲਾਵੇਂਦਾਰ ਹੋਣ ਕਰਕੇ ਲੰਮੀ ਕਹਾਣੀ ਵਿੱਚ ਤਬਦੀਲ ਹੋ ਗਈ ਹੈ। ਜਿੱਥੇ ਨਿੱਕੀ ਕਹਾਣੀ ਜ਼ਿੰਦਗੀ ਦੀ ਕਿਸੇ ਇੱਕ ਸਾਧਾਰਨ ਘਟਨਾ ਨੂੰ ਪੇਸ਼ ਕਰਦੀ ਸੀ ਅਤੇ ਉਸਦਾ ਇੱਕ ਨਿਸ਼ਚਿਤ ਆਦਿ, ਮੱਧ , ਅੰਤ ਅਤੇ ਸਿਖਰ ਹੁੰਦੇ ਸੀ। ਇਸਦੇ ਮੁਕਾਬਲੇ ਸਮਕਾਲੀ ਕਹਾਣੀ ਵਿੱਚ ਇੱਕ ਘਟਨਾ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਪੇਸ਼ ਕੀਤਾ ਜਾਂਦਾ ਹੈ। ਅਜੋਕੀ ਕਹਾਣੀ ਸਮਾਂ ਭੰਜਨ ਬਿਰਤਾਂਤ ਸਿਰਜਦੀ ਹੈ। ਇਹ ਮੱਧ ਤੋਂ ਵੀ ਸ਼ੁਰੂ ਹੋ ਸਕਦੀ ਹੈ ਅਤੇ ਅੰਤ ਤੋਂ ਵੀ। ਸਮਕਾਲੀ ਕਹਾਣੀ ਦਾ ਕੋਈ ਇੱਕ ਸਿਖਰ ਨਾ ਹੋ ਕੇ ਨਿੱਕੇ -ਨਿੱਕੇ ਕਈ ਸਿਖਰ ਹੋ ਸਕਦੇ ਹਨ।

**1.7.1.3. ਸਮਕਾਲੀ ਪੰਜਾਬੀ ਕਹਾਣੀ ਦਾ ਭਾਵ ਅਰਥ:** ਸਮਕਾਲੀ ਪੰਜਾਬੀ ਕਹਾਣੀ ਦਾ ਭਾਵ ਅਰਥ ਹੈ ਕਿ ਸਮਕਾਲ/ਵਰਤਮਾਨ ਸਮੇਂ ਦੌਰਾਨ ਨਵ-ਉਦਾਰਵਾਦ ਤੇ ਵਿਸ਼ਵੀਕਰਨ ਤਹਿਤ, ਮੰਡੀ ਦਾ ਪ੍ਰਭਾਵ, ਗਿਆਨ, ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ, ਮਨੋਵਿਗਿਆਨ ਸਥਿਤੀਆਂ-ਪ੍ਰਸਥਿਤੀਆਂ, ਨਵਾਂ ਮੀਡੀਆ, ਤਕਨਾਲੋਜੀ ਅਤੇ ਪਾਠਕ ਦੀ ਬਦਲੀ ਹੋਈ ਮਾਨਸਿਕਤਾ ਨਵੀਆਂ ਚੁਨੌਤੀਆਂ ਪੜਾਅ ਦਰ ਪੜਾਅ ਲੈ ਕੇ ਪੰਜਾਬੀ ਕਹਾਣੀ ਦੇ ਸਨਮੁੱਖ ਹੁੰਦੇ ਹਨ। ਇਸ ਸਮੇਂ ਵਿੱਚ ਵਾਪਰੀਆਂ ਤਬਦੀਲੀਆਂ ਨੇ ਮਨੁੱਖੀ ਮਾਨਸਿਕਤਾ ਨੂੰ ਚਕਾਚੌਂਧ ਕਰਕੇ ਮਨੁੱਖੀ ਸਮਾਜ ਦੀ ਇਤਿਹਾਸਿਕ ਗਤੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਸ ਬਦਲੇ ਹੋਏ ਸਮੁੱਚੇ ਢਾਂਚੇ ਕਾਰਨ ਵੱਖਰੇ-ਵੱਖਰੇ ਪੜਾਵਾਂ ਵਿਚੋਂ ਸਮਕਾਲੀ ਕਹਾਣੀ ਅੱਗੇ ਅਜਿਹੀਆਂ ਚੁਨੌਤੀਆਂ ਪੇਸ਼ ਹੋਈਆ ਜਿਸ ਤਹਿਤ ਕਹਾਣੀ ਦੀ ਵਿਧਾ, ਵਿਸ਼ੇ ਅਤੇ ਵਿਧਾਗਤ ਅਧਿਐਨਾਂ ਵਿੱਚ ਵੱਡੀਆਂ ਤਬਦੀਲੀਆਂ ਪੈਦਾ ਹੋ ਗਈਆਂ ਹਨ। ਜੈਂਡਰ ਸਿਧਾਂਤ, ਸਮਲਿੰਗੀ ਸਿਧਾਂਤ, ਅਜਬ-ਗ਼ਜ਼ਬ ਸਿਧਾਂਤ ਆਦਿ ਜੈਂਡਰ ਅਧਾਰਿਤ ਪਹਿਚਾਨਾਂ ਨੇ ਮਨੁੱਖਤਾ ਦੀ ਔਰਤ ਅਤੇ ਮਰਦ ਤੋਂ ਅਗਾਂਹ ਵੀ ਇੱਕ ਨਵੀਂ ਵਰਗ ਵੰਡ ਪੈਦਾ ਕਰ ਦਿੱਤੀ ਹੈ। ਹਾਸ਼ੀਆਗਤ ਪਛਾਣ (ਨਾਰੀ ਅਤੇ ਦਲਿਤ ਚੇਤਨਾ), ਉਤਰ-ਆਧੁਨਿਕ ਜੀਵਨ ਜਾਚ, ਔਰਤ ਮਰਦ ਸਬੰਧ, ਸਮਲਿੰਗੀ ਸੰਬੰਧ, ਮਨੁੱਖ ਦੀ ਖੰਡਿਤ ਮਾਨਸਿਕਤਾ, ਭੋਗੀ ਬਿਰਤੀ, ਦਵੰਦਮਈ ਦ੍ਰਿਸ਼ਟੀਕੋਣ, ਦੇਹ ਵਪਾਰ, ਮੱਧ ਸ਼੍ਰੇਣੀ ਦੀ ਦਿਸ਼ਾਹੀਣਤਾ, ਪੱਛਮੀ

ਰਿਸ਼ਤਿਆਂ ਦਾ ਪ੍ਰਭਾਵ, ਕਿਰਸਾਣੀ ਸਥਿਤੀ, ਨੈਤਿਕ ਮੁੱਲਾਂ ਦੀ ਗਿਰਾਵਟ, ਜਾਤੀਗਤ ਹੀਣਤਾ, ਪ੍ਰਵਾਸ ਦਾ ਦੁਖਾਂਤ, ਮਨੁੱਖੀ ਰਿਸ਼ਤਿਆਂ ਦਾ ਤਿੜਕਣਾ, ਧਰਮ ਅਤੇ ਰਾਜਨੀਤੀ ਵਿੱਚ ਔਰਤ ਦਾ ਸ਼ੋਸ਼ਣ ਆਦਿ ਪੰਜਾਬੀ ਕਹਾਣੀ ਦੇ ਵੱਖਰੇ-ਵੱਖਰੇ ਨਵੇਂ ਪੜਾਅ ਹਨ। ਜਿੱਥੇ ਸਮੁੱਚੀ ਪੰਜਾਬੀ ਕਹਾਣੀ ਇਨ੍ਹਾਂ ਨਵੇਂ ਵੱਖ-ਵੱਖ ਪੜਾਵਾਂ ਦੁਆਰਾ ਵੱਖ-ਵੱਖ ਵਿਸ਼ਿਆਂ ਨੂੰ ਛੂਹ ਰਹੀ ਹੈ ਉੱਥੇ ਹੀ ਨਾਰੀ ਚੇਤਨਾ ਅਤੇ ਦਲਿਤ ਚੇਤਨਾ ਪੰਜਾਬੀ ਕਹਾਣੀ ਦੇ ਮੁੱਖ ਵਿਸ਼ੇ ਬਣੇ ਹੋਏ ਹਨ। ਡਾ. ਧਨਵੰਤ ਕੌਰ ਪੰਜਾਬੀ ਕਹਾਣੀ ਸ਼ਾਸਤਰ ' 'ਚ ਆਖਦੇ ਨੇ:

> ਪਿਛਲੇ ਸਮੇਂ ਵਿੱਚ ਦੋ ਵਿਸ਼ੇ ਅਥਾਹ ਦਿਲਚਸਪੀ ਦਾ ਬਾਇਸ ਬਣੇ ਹਨ। ਇਹ ਵਿਸ਼ੇ ਹਨ: ਔਰਤ ਅਤੇ ਦਲਿਤ। ਸਮਾਜ ਵਿੱਚ ਔਰਤ ਅਤੇ ਦਲਿਤ/ਸ਼ੋਸ਼ਿਤ ਦੋਵੇਂ ਮਨੁੱਖੀ ਪਰਵਰਗ ਨਾਲ ਜੁੜੀਆਂ ਹੋਂਦਾਂ ਹਨ ਪਰ ਮਾਨਵੀ ਅਧਿਐਨਾਂ ਨੇ ਸਮਾਜ ਵਿੱਚ ਔਰਤ ਅਤੇ ਦਲਿਤ/ਸ਼ੋਸ਼ਿਤ ਦੀ ਹਾਸ਼ੀਆਗ੍ਰਸਤ ਸਥਿਤੀ ਨੂੰ ਪ੍ਰਮਾਣਿਤ ਹੀ ਨਹੀਂ ਕੀਤਾ, ਇਹਨਾਂ ਦੀ ਸਥਿਤੀ ਰਾਹੀਂ ਮਨੁੱਖੀ ਪਰਵਰਗ ਦੀ ਆਪਣੇ ਹੀ ਹਮਜਾਤਾਂ ਪ੍ਰਤੀ ਵਧੀਕੀ ਦਾ ਅਮਾਨਵੀ ਵਿਵੇਕ ਬੜੀ ਦਿਆਨਤਦਾਰੀ ਨਾਲ ਪ੍ਰਸਤੁਤ ਕੀਤਾ ਹੈ।(78)

ਉਹ ਤਕਨਾਲੋਜੀ ਦੇ ਯੁੱਗ ਵਿੱਚ ਗਿਆਨ ਤੇ ਮਨੋਰੰਜਨ ਦੀਆਂ ਵਸਤਾਂ ਨਾਲ ਘਿਰਿਆ ਪਿਆ ਹੈ। ਉਹ ਮਿੰਟਾਂ ਸਕਿੰਟਾਂ ਵਿੱਚ ਇੰਟਰਨੈੱਟ ਤੋਂ ਕੁਝ ਵੀ ਡਾਊਨਲੋਡ ਕਰ ਕੇ ਮਨਚਾਹੇ ਮਨੋਰੰਜਨ ਵਿਚੋਂ ਗੁਜ਼ਰ ਸਕਦਾ ਹੈ। ਮੰਡੀ ਦੀ ਭੀੜ ਵਿੱਚ ਪਾਠਕ ਕਿਸੇ ਸੰਜੀਦਾ, ਗਿਆਨ ਭਰਪੂਰ ਅਤੇ ਮਨ ਦੀ ਭਟਕਣਾ ਨੂੰ ਸ਼ਾਂਤ ਕਰਨ ਵਾਲੀ ਅਜਿਹੀ ਕਹਾਣੀ ਦੀ ਤਲਾਸ਼ ਵਿੱਚ ਹੈ ਜੋ ਕਿਸੇ ਵਿਰਲੇ ਕਹਾਣੀਕਾਰ ਦੀ ਜਾਦੂਮਈ ਕਲਮ ਵਿੱਚ ਹੀ ਛੁਪੀ ਹੋ ਸਕਦੀ ਹੈ। ਸਮਕਾਲੀ ਕਹਾਣੀਕਾਰ ਸਮਕਾਲੀ ਸਮਾਜਿਕ, ਸੱਭਿਆਚਾਰਕ ਤੇ ਆਰਥਿਕ ਪ੍ਰਸਥਿਤੀਆਂ ਵਿੱਚ ਘਿਰੇ ਹੋਣ ਕਰਕੇ ਕਹਾਣੀ ਵਿੱਚ ਪਾਠਕ ਲਈ ਜ਼ਿਆਦਾਤਰ ਸਵਾਦਲੇ ਅਤੇ ਭਖੇ ਹੋਏ ਵਿਸ਼ੇ ਹੀ ਲੈਂਦਾ ਹੈ। ਮੰਡੀ ਦੇ ਇਸ ਯੁੱਗ ਵਿੱਚ ਕਹਾਣੀਕਾਰ ਉਤਪਾਦਨ ਕਰਦਾ ਹੈ ਅਤੇ ਖਪਤਕਾਰੀ ਸਮਾਜ (ਪਾਠਕ) ਦੀ ਮੰਗ ਅਨੁਸਾਰ ਹੀ ਦਾਅ ਪੇਚ ਵਰਤਦਾ ਹੈ। ਇਸ ਬਦਲੇ ਹੋਏ ਸੰਸਾਰ ਵਿੱਚ ਕੇਵਲ ਸਧਾਰਨ

ਮਨੁੱਖ ਹੀ ਨਹੀਂ ਬਲਕਿ ਲੇਖਕ ਵੀ ਕਈ ਵਾਰ ਵਿਚਾਰਧਾਰਕ ਤੌਰ 'ਤੇ ਮੰਡੀ ਦੇ ਹਿੱਸੇ ਵਜੋਂ ਕਾਰਜ ਕਰਦਾ ਹੈ। ਭੀਮ ਇੰਦਰ ਸਿੰਘ *ਮਾਰਕਸਵਾਦ, ਨਵ-ਮਾਰਕਸਵਾਦ ਅਤੇ ਉੱਤਰ ਆਧੁਨਿਕਤਾਵਾਦ* 'ਚ ਕਹਿੰਦੇ ਨੇ:

> ਮੌਜੂਦਾ ਪੂੰਜੀਵਾਦ ਨੇ ਸਾਡੇ ਸਾਹਿਤਕਾਰਾਂ ਨੂੰ ਇੱਕ ਅਜਿਹੀ ਸਥਿਤੀ ਵਿੱਚ ਪਹੁੰਚਾ ਦਿੱਤਾ ਹੈ, ਜਿੱਥੇ ਉਹ ਆਮ ਲੋਕਾਂ ਨਾਲੋਂ ਤੋੜ-ਵਿਛੋੜਾ ਕਰ ਚੁੱਕੇ ਹਨ ਅਤੇ ਉਹ ਅਗਾਂਹਵਧੂ ਸਿਆਸਤ ਨਾਲੋਂ ਵੀ ਟੁੱਟ ਚੁੱਕੇ ਹਨ। ਕੇਵਲ ਉਨ੍ਹਾਂ ਦਾ ਲੇਖਨ ਹੀ ਨਹੀਂ, ਬਲਕਿ ਉਹ ਖੁਦ ਵੀ ਮੰਡੀ ਵਿੱਚ ਵਿਕਣ ਵਾਲੀ ਵਸਤੂ ਬਣ ਕੇ ਰਹਿ ਗਏ ਹਨ।(118)

ਪਰ ਸਾਹਿਤ ਉਤਪਾਦਨ ਹੁੰਦੇ ਹੋਏ ਵੀ ਆਪਣੀ ਸਾਰੀ ਸਾਕਾਰਤਮਕ ਭੂਮਿਕਾ ਨਹੀਂ ਛੱਡਦਾ ਤੇ ਵਿਚਾਰਧਾਰਕ ਗ਼ੁਲਾਮੀ ਦੇ ਦੌਰ ਵਿੱਚ ਹਮੇਸ਼ਾ ਖਪਿਆਂ, ਅੰਤਰ-ਵਿਰੋਧਾਂ ਅਤੇ ਖ਼ਾਮੋਸ਼ੀ ਰਾਹੀਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਆਪਣੀ ਉਸਾਰੂ ਭੂਮਿਕਾ ਨਿਭਾਉਂਦਾ ਰਹਿੰਦਾ ਹੈ। ਹੁਣ ਪੰਜਾਬੀ ਕਹਾਣੀ ਵਿੱਚ ਨਾਰੀ ਸਰੋਕਾਰ ਪਹਿਲਾਂ ਵਾਂਗ ਆਦਰਸ਼ ਨਹੀਂ ਰਹਿੰਦੇ ਬਲਕਿ ਬਹੁ-ਰੂਪੀ ਹੋ ਜਾਂਦੇ ਹਨ। ਸਮਕਾਲੀ ਪੰਜਾਬੀ ਕਹਾਣੀਆਂ ਦੇ ਨਾਮ ਅਤੇ ਸਿਰਲੇਖ ਔਰਤ ਮਰਦ ਸੰਬੰਧਾਂ ਜਾਂ ਔਰਤ ਦੀ ਸਥਿਤੀ ਨੂੰ ਸਿੱਧੇ ਰੂਪ ਵਿੱਚ ਪਰਿਭਾਸ਼ਤ ਕਰਦੇ ਹਨ। ਇਸ ਸਮੇਂ ਦੀ ਕਹਾਣੀ ਵਿਚੋਂ ਅਨਪੜ੍ਹ ਅਤੇ ਸਧਾਰਨ ਔਰਤ ਤਾਂ ਲਗਭਗ ਮਨਫ਼ੀ ਹੀ ਕਰ ਦਿੱਤੀ ਗਈ ਹੈ। ਇਹਨਾਂ ਕਹਾਣੀਆਂ ਵਿੱਚ ਔਰਤ ਦੀਆਂ ਕੋਰੀਆਂ ਭਾਵਨਾਵਾਂ ਨੂੰ ਕਾਮ ਪ੍ਰਵਿਰਤੀ ਰਾਹੀਂ ਭੰਗ ਹੁੰਦਿਆਂ ਦਿਖਾਇਆ ਗਿਆ ਹੈ। ਨਾਰੀ ਦਾ ਇਕਦਮ ਬਦਲਿਆ, ਭਿਅੰਕਰ ਅਤੇ ਘਿਨੌਣਾ ਸਰੂਪ ਕੇਵਲ ਸਮਕਾਲੀ ਕਹਾਣੀ ਦੇ ਹਿੱਸੇ ਹੀ ਆਇਆ ਹੈ। ਧਨਵੰਤ ਕੌਰ ਦਾ *ਪੰਜਾਬੀ ਕਹਾਣੀ ਸ਼ਾਸਤਰ* ਅਨੁਸਾਰ ਮੰਨਣਾ ਹੈ ਕਿ:

> ਸਮਕਾਲੀ ਪੰਜਾਬੀ ਕਹਾਣੀ ਬਾਰੇ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਇਸਦਾ ਮੁੱਖ ਆਕਰਸ਼ਣ ਔਰਤ/ਚੇਤਨਾ ਹੈ। ਔਰਤ ਦਾ ਅਤਿ ਨਿੱਜੀ, ਅਤਿ ਰੁਮਾਂਚਕਾਰੀ ਅਤੇ ਅਤਿ ਅਧੁਘਟਨੀ ਅਨੁਭਵ ਜਿਸ ਕਿਸਮ ਨਾਲ ਅਤੇ ਜਿੰਨੀ ਤਾਦਾਦ ਵਿੱਚ ਅੱਜ ਕਹਾਣੀ ਦਾ ਵਿਸ਼ਾ ਬਣ ਰਿਹਾ ਹੈ। ਉਨ੍ਹਾਂ ਸ਼ਾਇਦ ਪਹਿਲਾਂ ਕਦੇ ਵੀ ਨਹੀਂ ਸੀ। ਪਿਛਲੇ ਸਮੇਂ ਵਿੱਚ ਔਰਤ ਕਹਾਣੀਕਾਰਾਂ

ਨਾਲੋਂ ਵੀ ਕਿੱਤੇ ਵੱਧ ਮਰਦ ਕਹਾਣੀਕਾਰਾਂ ਨੇ ਔਰਤ ਨੂੰ ਆਪਣੀ ਕਹਾਣੀ ਦਾ ਮਰਕਜ਼/ਮੁੱਖ ਪਾਤਰ/ਮੁੱਖ ਵਕਤਾ ਮਿੱਥ ਕੇ ਕਹਾਣੀ ਦਾ ਬਿਰਤਾਂਤਕੀ ਸੰਗਠਨ ਸਿਰਜਿਆ ਹੈ।(78)

ਸਮਕਾਲੀ ਪੰਜਾਬੀ ਕਹਾਣੀਕਾਰ ਦੇ ਚੌਥੇ ਪੜਾਅ ਵਿੱਚਲੇ ਕਹਾਣੀਕਾਰ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ, ਧਾਰਮਿਕ, ਰਾਜਨੀਤਿਕ, ਆਰਥਿਕ ਅਤੇ ਮਨੋਵਿਗਿਆਨਕ ਪੱਖਾਂ ਨੂੰ ਜਿੱਥੇ ਸੁਤੰਤਰ ਅਤੇ ਸਦੀਵੀ ਸਿਰਜਣਾ ਤੋਂ ਕਰਦੇ ਹਨ, ਉੱਥੇ ਆਪ ਵੀ ਸਮਕਾਲੀ ਯੁੱਗ ਬਿਰਤਾਂਤ ਦੇ ਜੀਵਨ ਯਥਾਰਥ ਨੂੰ ਵੱਖਰੇ-ਵੱਖਰੇ ਦ੍ਰਿਸ਼ਟੀਕੋਣਾਂ ਤੋਂ ਪੇਸ਼ ਕਰ ਰਹੇ ਹਨ। ਜਿਸ ਦੁਆਰਾ ਔਰਤ-ਮਰਦ ਨਵੇਂ ਦਿਸਹੱਦਿਆਂ ਦਾ ਰਾਹ ਪ੍ਰਾਪਤ ਕਰਨ ਲਈ ਹਮੇਸ਼ਾ ਕੋਸ਼ਿਸ਼ ਵਿੱਚ ਰਹਿਣ। ਸਮਕਾਲੀ ਪੰਜਾਬੀ ਕਹਾਣੀ ਦਾ ਸਮੁੱਚਾ ਧਰਾਤਲ ਹੀ ਨਾਰੀ ਦੀ ਹੀਣੀ ਸਥਿਤੀ ਵਾਲੇ ਸੰਸਕਾਰਾਂ ਨੂੰ ਤਿਆਗਦਾ, ਵੰਗਾਰਦਾ ਅਤੇ ਪਿੱਛੇ ਛੱਡਦਾ ਹੋਇਆ ਨਵੀਂ ਸਪੇਸ ਦੀ ਮੰਗ ਨੂੰ ਉਤੇਜਿਤ ਕਰ ਰਿਹਾ ਹੈ। ਸਮਕਾਲ ਵਿੱਚ ਨਾਰੀ ਦਾ ਸਰੂਪ ਜਿੱਥੇ ਅਸੁਰੱਖਿਅਤ, ਅਸ਼ਾਂਤ ਅਤੇ ਸੁੰਗੜਿਆ ਹੋਇਆ ਹੈ, ਉੱਥੇ ਪਹਿਲਾਂ ਨਾਲੋਂ ਬਦਲਿਆ ਅਤੇ ਵਿਗੜਿਆ ਹੋਇਆ ਵੀ ਹੈ। ਨਾਰੀ ਦਾ ਡਰਿਆ, ਸਹਿਮਿਆ, ਭੋਲਾ, ਸ਼ਰਮੀਲਾ ਅਤੇ ਆਦਰਸ਼ ਸਰੂਪ ਸਮਕਾਲੀ ਕਹਾਣੀ ਦਾ ਵਿਸ਼ਾ ਨਹੀਂ ਹੈ। ਬੇਸ਼ੱਕ ਇਹਨਾਂ ਕਹਾਣੀਆਂ ਵਿੱਚ ਪੜ੍ਹੀ-ਲਿਖੀ ਨਾਰੀ ਦੇ ਵਧੇਰੇ ਫ਼ੈਸਲੇ ਅੱਜ ਵੀ ਪਿਤਰਕੀ ਸਿਸਟਮ ਦੇ ਹੱਥ ਵਿੱਚ ਹਨ ਪਰ ਹੁਣ ਔਰਤ ਮਰਦ ਅੱਗੇ ਤਰਲੇ ਮਿੰਨਤਾਂ ਨਹੀਂ ਕਰਦੀ ਸਗੋਂ ਪ੍ਰਸਥਿਤੀਆਂ ਨਾਲ ਜੂਝਣ ਅਤੇ ਲੜਨ ਦੀ ਸ਼ਕਤੀ ਰੱਖਦੀ ਹੈ। ਸਮਕਾਲ ਵਿੱਚ ਸਦੀਆਂ ਤੋਂ ਬਣੀਆਂ ਔਰਤ ਵਿਰੋਧੀ ਮਿੱਥਾਂ, ਪੈਮਾਨੇ ਅਤੇ ਨੈਤਿਕਤਾ ਟੁੱਟਦੇ ਹਨ। ਭਾਵੇਂ ਕਹਾਣੀ ਵਿੱਚ ਔਰਤ ਇੱਕ ਸ਼ਕਤੀਸ਼ਾਲੀ ਪਾਤਰ ਵਜੋਂ ਸਾਹਮਣੇ ਆਉਂਦੀ ਹੈ ਪਰ ਅਣਗਿਣਤ ਕਹਾਣੀਆਂ ਔਰਤ ਦੀ ਸ਼ਕਤੀ ਨੂੰ ਸਮਝੌਤਿਆਂ, ਸਮਰਪਣਾਂ, ਅਪ੍ਰਵਾਨਗੀਆਂ ਅਤੇ ਜਿਸਮੀ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਵੀ ਦਿਖਾਉਂਦੀਆਂ ਹਨ। ਪੰਜਾਬੀ ਕਹਾਣੀ ਵਿੱਚ ਔਰਤ ਦੀ ਨਿਰੋਲ ਅਜ਼ਾਦੀ, ਸੁਰੱਖਿਆ, ਸ਼ਾਂਤੀ, ਸ਼ਕਤੀ ਅਤੇ ਮੁਕਤੀ ਦਾ ਸਮੁੱਚਾ ਧਰਾਤਲ ਅਜੇ ਪੰਜਾਬੀ ਕਹਾਣੀ ਦੇ ਹਿੱਸੇ ਨਹੀਂ ਆਇਆ। ਔਰਤ ਮੁਕਤੀ, ਔਰਤ ਸੁਰੱਖਿਆ ਅਤੇ ਔਰਤ ਨਾਲ ਇੱਕ ਮਨੁੱਖ ਦੇ ਤੌਰ 'ਤੇ ਵਿਵਹਾਰ ਕਰਨ ਲਈ ਜਿੱਥੇ ਪੰਜਾਬੀ ਕਹਾਣੀ

ਸਿਰਤੋੜ ਯਤਨ ਕਰ ਰਹੀ ਹੈ ਉੱਥੇ ਹੀ ਬਹੁਤ ਸਾਰੀਆਂ ਕਹਾਣੀਆਂ ਵਿੱਚ ਉਹ ਇੱਕ ਵਸਤੂ ਵਜੋਂ ਹੀ ਪੇਸ਼ ਕੀਤੀ ਗਈ ਹੈ। ਹੁਣ ਕਹਾਣੀ ਜ਼ਿਆਦਾਤਰ ਪੜ੍ਹੀ-ਲਿਖੀ, ਸ਼ਹਿਰੀ, ਨੌਕਰੀਪੇਸ਼ਾ ਅਤੇ ਮਹਾਂਨਗਰੀ ਔਰਤ ਉਪਰ ਹੀ ਕੇਂਦਰਿਤ ਹੈ। ਇਹ ਨੌਕਰੀਪੇਸ਼ਾ ਤੇ ਪੜ੍ਹੀ-ਲਿਖੀ ਮਾਡਰਨ ਔਰਤ ਵੀ ਅਸੁਰੱਖਿਆ ਅਤੇ ਅਸ਼ਾਂਤੀ ਵਿੱਚ ਭਟਕ ਰਹੀ ਹੈ। ਸੁਚੇਤ ਪੱਧਰ 'ਤੇ ਇਸ ਔਰਤ ਨੂੰ ਆਪਣੀ ਸਥਿਤੀ ਸੁਰੱਖਿਅਤ ਜਾਪਦੀ ਹੈ ਪਰ ਅਚੇਤ ਪੱਧਰ 'ਤੇ ਉਹ ਹਰ ਪੱਖੋਂ ਸ਼ੋਸ਼ਿਤ, ਅਸ਼ਾਂਤ ਅਤੇ ਅਸੁਰੱਖਿਆ ਦੇ ਦੌਰ ਵਿਚੋਂ ਗੁਜ਼ਰ ਰਹੀ ਹੈ। ਬਹੁਤੀਆਂ ਕਹਾਣੀਆਂ ਵਿੱਚ ਔਰਤ ਆਪਣੀ ਅਜ਼ਾਦੀ ਦੇ ਅਰਥਾਂ ਨੂੰ ਕੇਵਲ ਦੇਹ ਵਿਖਾਵੇ ਅਤੇ ਵਧੇਰੇ ਮਰਦਾਂ ਨਾਲ ਸਰੀਰਕ ਸੰਬੰਧ ਬਣਾਉਣ ਤੱਕ ਹੀ ਸੀਮਿਤ ਸਮਝਦੀ ਹੈ। ਉਹ ਨਾ ਤਾਂ ਮਰਦ ਵਜੋਂ ਵਿਚਰ ਰਹੀ ਹੈ, ਨਾ ਹੀ ਔਰਤ ਵਜੋਂ ਅਤੇ ਨਾ ਹੀ ਮਨੁੱਖ ਵਜੋਂ। ਜੀਵਨ ਦੇ ਹਰ ਖੇਤਰ ਵਿੱਚ ਆਪਣੀ ਬੁੱਧੀ, ਵਿਵੇਕ, ਲਗਨ ਅਤੇ ਮਿਹਨਤ ਨਾਲ ਮਰਦ ਦੇ ਬਰਾਬਰ ਵਿਚਰਨ ਵਾਲੀ ਨਾਰੀ ਹਾਲੀ ਵੀ ਹਾਸ਼ੀਆਗਤ ਹੈ।

ਉਪਰੋਕਤ ਰੂਪ ਵਿੱਚ ਚੌਥਾ ਪੜਾਅ: 1991 ਤੋਂ ਬਾਅਦ ਸਮਕਾਲ ਉੱਤਰ ਯਥਾਰਥਵਾਦੀ ਯੁੱਗ ਵਿੱਚ ਸੁਖਜੀਤ ਤੇ ਵੀਨਾ ਵਰਮਾ ਸਮਕਾਲੀ ਔਰਤ ਨੂੰ ਵਿਸ਼ਵੀਕਰਨ ਦੇ ਸੰਦਰਭ ਵਿੱਚ ਚਿਤਰਨ ਲਈ ਮੋਹਰੀ ਭੂਮਿਕਾ ਨਿਭਾਉਂਦੇ ਹਨ। ਇਹ ਦੋਨੋਂ ਕਹਾਣੀਕਾਰ ਪੰਜਾਬੀ ਕਹਾਣੀ ਵਿੱਚ ਔਰਤ ਸਥਿਤੀ ਭਾਵਨਾ ਅਤੇ ਔਰਤ ਚੇਤਨਾ ਦੀ ਗੱਲ ਲਗਾਤਾਰ ਕਰਦੇ ਹਨ। ਸੁਖਜੀਤ ਤੇ ਵੀਨਾ ਵਰਮਾ ਭਾਵੇਂ ਵਿਵਹਾਰਿਕ ਰੂਪ ਵਿੱਚ ਕਿਸੇ ਨਾਰੀਵਾਦੀ ਅੰਦੋਲਨ ਪ੍ਰਵਿਰਤੀ ਜਾਂ ਨਾਰੀਵਾਦ ਦੇ ਕਿਸੇ ਸਿਧਾਂਤ ਨਾਲ ਕੋਈ ਸੰਬੰਧ ਨਹੀਂ ਰੱਖਦੇ ਪਰੰਤੂ ਫਿਰ ਵੀ ਉਹਨਾਂ ਨੇ ਚੇਤਨ/ਅਵਚੇਤਨ ਪੱਧਰ 'ਤੇ ਹਮੇਸ਼ਾ ਹੀ ਨਪੀੜੀ ਜਾ ਰਹੀ ਔਰਤ ਨਾਲ ਸੰਵੇਦਨਾਤਮਕ ਅਨੁਭੂਤੀ ਦਰਸਾਈ ਹੈ। ਕਹਾਣੀ ਵਿੱਚ ਔਰਤ ਚੇਤਨਾ ਸਹਿਜ ਜਾਂ ਅਸਹਿਜ, ਸੁਚੇਤ ਜਾਂ ਅਚੇਤ ਪੱਧਰ ਉੱਤੇ ਵਿਕਸਿਤ ਹੁੰਦੀ ਰਹੀ ਹੈ। ਉਹ ਔਰਤ ਮਨ ਦੀਆਂ ਅਤ੍ਰਿਪਤ ਖ਼ਾਹਿਸ਼ਾਂ, ਲੁਕਵੀਂਆਂ ਸਚਾਈਆਂ, ਸਮਕਾਲੀ ਸਥਿਤੀਆਂ, ਅਭਿਆਸਾਂ ਅਤੇ ਤੱਥਾਂ ਨੂੰ ਨੇੜਿਓਂ ਘੋਖਣ ਅਤੇ ਦ੍ਰਿਸ਼ਮਾਨ ਕਰਨ ਦਾ ਯਤਨ ਕਰਦੀ ਰਹੀ ਹੈ। ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦਾ ਪੜਾਅ ਔਰਤ ਸੰਵੇਦਨਾ ਕਿਧਰੇ ਵੀ ਵਿਸਫੋਟਕ ਵਿਦਰੋਹੀ ਰੂਪ ਅਖ਼ਤਿਆਰ ਨਹੀਂ ਕਰਦੀਆਂ, ਉਹ ਪਿਤਰਕੀ ਸਮਾਜ ਅਧੀਨ ਵਿੱਚ ਵਿਚਰ

ਰਹੀ ਨਾਰੀ ਦੀ ਵਿਕਸਿਤ ਹੋ ਰਹੀ ਚੇਤਨਾ ਵੱਲ ਇਸ਼ਾਰਾ ਕਰਦੀ ਹੈ। ਇਹ ਕਹਾਣੀ ਮੱਧਵਰਗੀ ਨਿਮਨ ਜਮਾਤਾਂ ਦੀ ਸਧਾਰਨ ਤੇ ਅਨਪੜ੍ਹ ਔਰਤ ਉਪਰ ਵਧੇਰੇ ਧਿਆਨ ਕੇਂਦਰਿਤ ਕਰਦੀ ਹੈ। ਪੜ੍ਹੀ-ਲਿਖੀ ਅਤੇ ਨੌਕਰੀਪੇਸ਼ਾ ਔਰਤ ਇਸ ਸਮੇਂ ਦੀ ਕਹਾਣੀ ਦੇ ਹਿੱਸੇ ਘੱਟ ਹੀ ਆਈ ਹੈ। ਇਹਨਾਂ ਦੋਨੋਂ ਕਹਾਣੀਕਾਰ ਦੀਆਂ ਕਹਾਣੀਆਂ ਵਿੱਚ ਔਰਤ ਦੀ ਹੋਂਦ ਅਤੇ ਹੋਣੀ ਦਾ ਪੜਾਅ ਪੂਰਵ-ਨਿਰਧਾਰਿਤ ਮਿੱਥਾਂ ਅਨੁਸਾਰ ਹੀ ਤੈਅ ਹੁੰਦਾ ਆ ਰਿਹਾ ਹੈ। ਇਹਨਾਂ ਦੀਆਂ ਕਹਾਣੀਆਂ ਦਾ ਪੜਾਅ ਫ਼ਿਰਕੂ ਫਸਾਦਾਂ ਵਿੱਚ ਘਿਰੀ ਔਰਤ, ਪੁਨਰ-ਵਿਆਹ, ਦਾਜ ਪ੍ਰਥਾ, ਅਣਜੋੜ ਵਿਆਹ, ਟਕਾ ਵਿਆਹ, ਵੇਸਵਾ ਪ੍ਰਥਾ, ਬਾਲ ਵਿਆਹ ਤੇ ਮਰਦ ਦੀ ਔਰਤ ਪ੍ਰਤੀ ਧੱਕਾਸ਼ਾਹੀ ਆਦਿ ਸਮੱਸਿਆਵਾਂ ਵਾਲਾ ਉੱਭਰ ਕੇ ਸਾਹਮਣੇ ਆਉਂਦਾ ਹੈ। ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦਾ ਪੜਾਅ ਨਾਰੀ ਸੋਚ ਸਥਿਤੀ ਅਤੇ ਸਰੋਕਾਰ ਦੇ ਪੱਖ ਤੋਂ ਤੇਜ਼ੀ ਨਾਲ ਬਦਲਦਾ ਆ ਰਿਹਾ ਹੈ। ਇਹਨਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਦਾ ਪੜਾਅ ਔਰਤ ਮਰਦ ਦੇ ਲੁਕੇ ਹੋਏ ਸੱਚ, ਭਰੂਣ ਹੱਤਿਆ, ਇੱਕ ਤੋਂ ਵਧੇਰੇ ਮਰਦਾਂ ਨਾਲ ਸਰੀਰਕ ਸੰਬੰਧ, ਬਜਾਰੂ ਔਰਤ, ਔਰਤ ਅਜ਼ਾਦੀ ਦੀ ਮਿੱਥ, ਨਵੇਂ ਮੀਡੀਆ ਵਿੱਚ ਨਾਰੀ ਸਥਿਤੀ, ਪੂੰਜੀਵਾਦ ਅਤੇ ਉਤਰ-ਆਧੁਨਿਕ ਜੀਵਨ ਵਿੱਚ ਔਰਤ ਸਥਿਤੀ ਅਤੇ ਪਰਵਾਸੀ ਔਰਤ ਦਾ ਰੂਪਾਂਤਰਨ ਹੋਇਆ ਸਰੂਪ ਆਦਿ ਨਵੇਂ ਨਾਰੀ ਸਰੋਕਾਰ ਵਿਕਸਿਤ ਹੁੰਦੇ ਹਨ। ਸਮਕਾਲੀ ਕਹਾਣੀ ਵਿਚੋਂ ਸਧਾਰਨ ਅਤੇ ਅਨਪੜ੍ਹ ਔਰਤ ਲਗਭਗ ਮਨਫ਼ੀ ਹੀ ਹੋ ਜਾਂਦੀ ਹੈ। ਇਸ ਸਮੇਂ ਦੀ ਕਹਾਣੀ ਨੇ ਔਰਤ ਨੂੰ ਨਵੀਂ ਤੇ ਵਿਲੱਖਣ ਭਾਂਤ ਘੜਿਆ, ਵਿਚਾਰਿਆ ਅਤੇ ਪੇਸ਼ ਕੀਤਾ ਹੈ। ਨਾਰੀ ਦਾ ਇਕਦਮ ਬਦਲਿਆ, ਉਲਝਿਆ, ਕੁਰਾਹੇ ਪਿਆ, ਪੱਛਮੀ ਜੀਵਨ-ਜਾਚ ਵਿੱਚ ਫਸਿਆ, ਚੇਤੰਨ, ਭਿਅੰਕਰ ਅਤੇ ਘਿਨੌਣਾ ਸਰੂਪ ਕੇਵਲ ਸਮਕਾਲੀ ਪੰਜਾਬੀ ਕਹਾਣੀ ਦੇ ਹੀ ਹਿੱਸੇ ਆਇਆ ਹੈ। ਸਮਕਾਲੀ ਪੰਜਾਬੀ ਕਹਾਣੀ ਦੇ ਪੱਖ ਤੋਂ ਸੁਖਜੀਤ ਤੇ ਵੀਨਾ ਵਰਮਾ ਦਾ ਸਮੁੱਚਾ ਧਰਾਤਲ ਨਾਰੀ ਦੀ ਹੀਣੀ ਸਥਿਤੀ ਵਾਲੇ ਸੰਸਕਾਰਾਂ ਨੂੰ ਤਿਆਗਦਾ, ਵੰਗਾਰਦਾ ਅਤੇ ਪਿੱਛੇ ਧੱਕਦਾ ਹੋਇਆ ਨਵੇਂ ਸਥਾਨ ਦੀ ਮੰਗ ਨੂੰ ਉਤੇਜਿਤ ਕਰਦਾ ਹੈ। ਸਮਕਾਲੀ ਪੰਜਾਬੀ ਕਹਾਣੀ ਵਿੱਚ ਔਰਤ ਸਥਿਤੀਆਂ-ਪ੍ਰਸਥਿਤੀਆਂ ਨਾਲ ਲੜਨ ਅਤੇ ਜੂਝਣ ਦੀ ਸ਼ਕਤੀ ਰੱਖਦੀ ਹੈ। ਔਰਤ ਪ੍ਰਤੀ ਬਣੀਆਂ ਹੋਈਆਂ ਮਿੱਥਾਂ, ਪੈਮਾਨੇ ਅਤੇ ਨੈਤਿਕਤਾ ਕਹਾਣੀ ਵਿੱਚ ਟੁੱਟਦੇ

ਜਾਪਦੇ ਹਨ। ਭਾਵੇਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਔਰਤ ਇੱਕ ਸ਼ਕਤੀਸ਼ਾਲੀ ਪਾਤਰ ਵਜੋਂ ਸਾਹਮਣੇ ਆਉਂਦੀ ਹੈ, ਪਰ ਅਣਗਿਣਤ ਕਹਾਣੀਆਂ ਅਜੇ ਵੀ ਔਰਤ ਦੀ ਸ਼ਕਤੀ ਨੂੰ ਸਮਝੌਤਿਆਂ, ਸਮਰਪਣਾਂ, ਅਪ੍ਰਵਾਨਗੀਆਂ ਅਤੇ ਜਿਸਮੀ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਪੇਸ਼ ਹੋਈਆਂ ਹਨ। ਇਹਨਾਂ ਕਹਾਣੀਕਾਰ ਦੀਆਂ ਕਹਾਣੀਆਂ ਨਾਰੀ ਚੇਤਨਾ ਦਾ ਜਿਹੜਾ ਪੜਾਅ ਸਾਹਮਣੇ ਲਿਆ ਰਹੀਆਂ ਹਨ ਉਹ ਨਾਰੀ ਦੀਆਂ ਮਾਨਵੀ ਸੰਭਾਵਨਾਵਾਂ ਦਾ ਠੋਸ ਬਿੰਬ ਸਿਰਜ ਕੇ ਉਸਨੂੰ ਜ਼ਿੰਦਗੀ ਦੇ ਮੈਦਾਨ ਵਿੱਚ ਜੂਝਣ ਅਤੇ ਜਿੱਤਣ ਲਈ ਪ੍ਰੇਰਿਤ ਕਰਦੀਆਂ ਹਨ। ਔਰਤ ਦੀ ਸੁਰੱਖਿਆ, ਅਜ਼ਾਦੀ, ਸ਼ਕਤੀ, ਸ਼ਾਂਤੀ ਅਤੇ ਮੁਕਤੀ ਦਾ ਸਮੁੱਚਾ ਧਰਾਤਲ ਅਜੇ ਵੀ ਸਮਕਾਲੀ ਪੰਜਾਬੀ ਕਹਾਣੀ ਦੇ ਹਿੱਸੇ ਨਹੀਂ ਆਇਆ ਪਰ ਫਿਰ ਵੀ ਸਮਕਾਲੀ ਪੰਜਾਬੀ ਕਹਾਣੀ ਔਰਤ ਦੀ ਨਰੋਈ ਅਤੇ ਮਜ਼ਬੂਤ ਸਥਿਤੀ ਨੂੰ ਪੇਸ਼ ਕਰਨ ਲਈ ਯਤਨਸ਼ੀਲ ਹੈ।

## 1.8. ਸੱਭਿਆਚਾਰ: ਭਾਵ ਅਰਥ, ਸੱਭਿਆਚਾਰਕ ਰੂਪਾਂਤਰਨ ਦੇ ਭਾਵ ਅਰਥ, ਸੱਭਿਆਚਾਰਕ ਰੂਪਾਂਤਰਨ ਦੇ ਕਾਰਨ, ਸੱਭਿਆਚਾਰਕ ਰੂਪਾਂਤਰਨ ਦੇ ਪੱਖ:

**1.8.1. ਸੱਭਿਆਚਾਰ: ਭਾਵ ਅਰਥ :** ਜਨਮ ਲੈਣ ਉਪਰੰਤ ਹਰ ਮਨੁੱਖ ਨੂੰ ਸੰਪੂਰਨ ਮਨੁੱਖ ਬਣਨ ਲਈ ਜਿਵੇਂ ਹਵਾ, ਪਾਣੀ, ਖੁਰਾਕ ਅਤੇ ਇੱਕ ਵਿਸ਼ੇਸ਼ ਕਿਸਮ ਦੇ ਭੌਤਿਕ ਵਾਤਾਵਰਣ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਸੱਭਿਆਚਾਰ ਵਾਤਾਵਰਣ ਵੀ ਮਨੁੱਖ ਦੀ ਮੁੱਢਲੀ ਸਿਰਜਕ ਲੋੜ ਹੈ। ਭਾਵ ਅਰਥ ਵਜੋਂ ਸੱਭਿਆਚਾਰ ਨੂੰ ਵਿਚਾਰਦਿਆਂ ਸਭਯ+ਅਚਾਰ ਦੀ ਸੰਧੀ ਦੇ ਰੂਪ ਵਿੱਚ ਹਿੰਦੀ ਦੇ ਦੋ ਸ਼ਬਦਾਂ ਨੂੰ ਵੇਖਿਆ ਜਾ ਸਕਦਾ ਹੈ। ਇਹਨਾਂ ਤੋਂ ਭਾਵ ਸੋਧੇ ਹੋਏ ਜਾਂ ਸਧੇ ਹੋਏ ਵਿਵਹਾਰ ਤੋਂ ਹੈ। ਅੰਗ੍ਰੇਜ਼ੀ ਵਿੱਚ ਸੱਭਿਆਚਾਰ ਨੂੰ ਕਲਚਰ (Culture) ਕਿਹਾ ਜਾਂਦਾ ਹੈ ਇਹ ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ Cultura ਤੋਂ ਬਣਿਆ ਹੈ ਜਿਸ ਤੋਂ ਭਾਵ ਕਿਸੇ ਪ੍ਰਕਾਰ ਦਾ ਵਿਕਾਸ ਜਾਂ ਉਸਾਰੂ ਕੰਮ ਹੈ ਇਉਂ ਇਹਨਾਂ ਪਰੰਪਰਕ ਸ਼ਬਦਾਂ ਦੇ ਅਰਥ ਵਿਚਾਰਦਿਆਂ ਸੱਭਿਆਚਾਰ ਭਾਵ ਵਾਚੀ ਅਰਥ ਖੇਤਰ ਵਿੱਚ ਪ੍ਰਵੇਸ਼ ਹੁੰਦਾ ਪ੍ਰਤੀਤ ਹੁੰਦਾ ਹੈ। ਇੱਥੇ ਆਕੇ ਸੱਭਿਆਚਾਰ ਦੀ ਪਰਿਭਾਸ਼ਾ ਦਾ ਸੁਆਲ ਥੋੜ੍ਹਾ ਹੋਰ ਉਲਝਦਾ ਹੈ। ਭਾਵ ਵਾਚੀ ਅਰਥਾਂ ਤੋਂ ਭਾਵ ਉਪਰੋਕਤ Cultura ਸ਼ਬਦ ਦੇ ਅਰਥਾਂ ਤੋਂ ਹੈ। ਲੇਸਾਇਲ ਏ. ਵਾਈਟ ਦੇ ਸ਼ਬਦਾਂ ਵਿੱਚ ਸਭਿਆਚਾਰ ਤੋਂ ਭਾਵ ਅਜਿਹੀਆਂ ਵਿਸ਼ੇਸ਼ ਸਥੂਲ

ਸੰਸਾਰੀ ਵਸਤਾਂ ਅਤੇ ਘਟਨਾਵਾਂ ਤੋਂ ਹੈ, ਜੋ ਕਿ ਪ੍ਰਤੀਕ ਯੋਗਤਾ ਉਤੇ ਆਧਾਰਿਤ ਹਨ; ਇਨ੍ਹਾਂ ਦਾ ਆਧਾਰ ਵੱਖ-ਵੱਖ ਸੰਦ, ਹਥਿਆਰ, ਭਾਂਡੇ, ਵਸਤਰ, ਗਹਿਣੇ, ਰਸਮਾਂ, ਸੰਸਥਾਵਾਂ, ਵਿਸ਼ਵਾਸ, ਰੀਤੀ-ਰਿਵਾਜ, ਮੌਜ-ਮੇਲੇ ਵਾਲੀਆਂ ਖੇਡਾਂ, ਕਲਾ-ਕ੍ਰਿਤਾਂ ਅਤੇ ਭਾਸ਼ਾਵਾਂ ਆਦਿ ਹਨ। ਇਸ ਮੁਤਾਬਿਕ ਸੱਭਿਆਚਾਰ ਸਮੁੱਚੇ ਵਿਕਾਸ ਜਾਂ ਕਿਸੇ ਵੀ ਉਸਾਰੂ ਕੰਮ ਨਾਲ ਜਾ ਜੁੜਦਾ ਹੈ।ਪ੍ਰਸਿਧ ਮਾਨਵ-ਵਿਗਿਆਨੀ ਬਰਾਨੀਸਲਾਵ ਮੈਲਿਨੋਵਸਕੀ ਨੇ ਸਭਿਆਚਾਰ ਨੂੰ ਪਰਿਭਾਸ਼ਾਬੱਧ ਕਰਦਿਆਂ ਲਿਖਿਆ ਹੈ ਕਿ ਸਭਿਆਚਾਰ ਉਹ ਜੰਤਰ ਹੈ, ਜਿਸ ਰਾਹੀਂ ਮਨੁੱਖ ਆਪਣੀਆਂ ਸਰੀਰਕ ਲੋੜਾਂ ਪੂਰੀਆਂ ਕਰਦਾ ਹੈ। ਭੁੱਖ, ਪਿਆਸ, ਸੁਰੱਖਿਆ ਅਤੇ ਕਾਮ ਤ੍ਰਿਪਤੀ, ਉਹ ਪ੍ਰਾਥਮਿਕ ਲੋੜਾਂ ਹਨ ਜਿਨ੍ਹਾਂ ਦੀ ਪੂਰਤੀ ਅਤੇ ਸੰਤੁਸ਼ਟੀ ਉਪਰਾਂਤ ਗੌਣ ਲੋੜਾਂ ਉਤਪੰਨ ਹੁੰਦੀਆਂ ਹਨ। ਇਹ ਲੋੜਾਂ ਸਰਵਵਿਆਪਕ ਹਨ, ਇਸ ਲਈ ਸਭਿਆਚਾਰ ਵੀ ਸਰਵਵਿਆਪਕ ਹੈ। ਇਸ ਤਰ੍ਹਾਂ ਕਈ ਵਾਰ ਇਸਨੂੰ ਸੰਸਾਰ ਸੱਭਿਆਚਾਰ, ਮਨੁੱਖੀ ਸੱਭਿਆਚਾਰ, ਭਾਰਤੀ ਸੱਭਿਆਚਾਰ, ਭਾਰਤੀ ਪੇਂਡੂ ਜਾਂ ਸ਼ਹਿਰੀ ਸੱਭਿਆਚਾਰ ਆਦਿ ਵਜੋਂ ਭਾਵ ਵਾਚੀ ਅਰਥਾਂ ਵਿੱਚ ਵਰਤਿਆ ਜਾਂਦਾ ਹੈ ਇਸ ਨੂੰ ਵਿਸ਼ੇਸ਼ ਪੱਖ ਤੋਂ ਸਪਸ਼ਟ ਕਰਦੇ ਗੁਰਬਖ਼ਸ਼ ਸਿੰਘ ਫਰੈਂਕ *ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ* 'ਚ ਲਿਖਦੇ ਹਨ ਕਿ:

> ਸੱਭਿਆਚਾਰ ਦਾ ਸਬੰਧ ਹਮੇਸ਼ਾ ਕਿਸੇ ਜਨ ਸਮੂਹ ਜਾਂ ਸਮਾਜ ਨਾਲ ਹੁੰਦਾ ਹੈ ਜਿਸ ਦੇ ਨਾਂ ਨਾਲ ਇਹ ਸੱਭਿਆਚਾਰ ਜਾਣਿਆ ਜਾਂਦਾ ਹੈ।(12)

ਸੱਭਿਆਚਾਰ ਇੱਕ ਵਿਸ਼ਾਲ ਵਰਤਾਰਾ ਹੈ, ਜਿਸ ਵਿੱਚ ਮਨੁੱਖੀ ਜੀਵਨ ਦੇ ਸਾਰੇ ਸੂਖਮ ਅਤੇ ਸਥੂਲ ਪਹਿਲੂ ਸ਼ਾਮਲ ਹੁੰਦੇ ਹਨ। ਇਹ ਪ੍ਰਕਿਰਤੀ ਦੇ ਸਮਾਨੰਤਰ ਸਿਰਜਿਆ ਹੋਇਆ ਅਰਥਾਂ ਅਤੇ ਮੁੱਲਾਂ ਦਾ ਸੰਸਾਰ ਹੈ। ਡਾ. ਜਗਬੀਰ ਸਿੰਘ *ਸਮੀਖਿਆ ਵਿਹਾਰ* 'ਚ ਆਖਦੇ ਨੇ:

> ਦੂਜੇ ਸ਼ਬਦਾਂ ਵਿੱਚ ਸੱਭਿਆਚਾਰ ਮਨੁੱਖ ਦੀ ਸਿਰਜਨਾਤਮਿਕ ਪ੍ਰਤਿਭਾ ਦਾ ਉਹ ਚਮਤਕਾਰ ਹੈ ਜੋ ਉਸ ਨੂੰ ਹੋਰਨਾਂ ਪ੍ਰਾਣਧਾਰੀ ਜੀਵਾਂ ਨਾਲੋਂ ਨਿਖੇੜ ਕੇ ਵਿਲੱਖਣ ਭਾਂਤ ਦੀ ਜੀਵਨ ਵਿਧੀ ਦਾ ਧਾਰਨੀ ਬਣਾ ਦਿੰਦਾ ਹੈ।(11)

ਇਸ ਤਰ੍ਹਾਂ ਇੱਕ ਵਿਸ਼ੇਸ਼ ਇਤਿਹਾਸਿਕ ਪੜਾਅ 'ਤੇ ਮਨੁੱਖ ਦੇ ਕੁਦਰਤੀ ਸ਼ਕਤੀਆਂ ਨਾਲ ਹੁੰਦੇ

ਲਗਾਤਾਰ ਸੰਘਰਸ਼ ਦੌਰਾਨ ਹੋਂਦ ਵਿੱਚ ਆਇਆ ਸੱਭਿਆਚਾਰ ਦਾ ਇਹ ਵਰਤਾਰਾ ਆਪਣੀ ਵਿਲੱਖਣ ਅਤੇ ਸੁਤੰਤਰ ਹੋਂਦ ਦਾ ਧਾਰਨੀ ਹੁੰਦਾ ਹੈ। ਡਾ. ਜਸਵਿੰਦਰ ਸਿੰਘ *ਪੰਜਾਬੀ ਸੱਭਿਆਚਾਰ: ਪਛਾਣ ਚਿੰਨ੍ਹ* 'ਚ ਕਹਿੰਦੇ ਹਨ ਕਿ:

> ਇਹ ਪ੍ਰਕਿਰਤੀ ਉੱਪਰ ਮਨੁੱਖੀ ਅਮਲ ਦੇ ਫਲਸਰੂਪ ਸਿਰਜਿਆ ਗਿਆ ਅਜਿਹਾ ਮੌਲਿਕ, ਵੱਖਰਾ ਅਤੇ ਨਵੀਨ ਪ੍ਰਬੰਧ ਹੈ, ਜਿਸ ਦੀ ਆਪਣੀ ਸੁਤੰਤਰ ਹੋਂਦ ਹੁੰਦੀ ਹੈ।(6)

ਇਸ ਤਰ੍ਹਾਂ ਸਾਧਾਰਨ ਤੌਰ ਤੇ ਮਨੁੱਖਾਂ ਦਾ ਉਹ ਸਮੂਹ ਜਿਹੜਾ ਆਪਣੀਆਂ ਬੁਨਿਆਦੀ ਲੋੜਾਂ ਲਈ ਇੱਕ ਦੂਸਰੇ ਉੱਪਰ ਨਿਰਭਰ ਹੁੰਦਾ ਹੈ, ਸਮਾਜ ਅਖਵਾਉਂਦਾ ਹੈ। ਸਮਾਜ ਦੇ ਸਾਰੇ ਮੈਂਬਰ ਆਪਸੀ ਸੰਬੰਧਾਂ, ਪਰਸਪਰ ਵਿਹਾਰ, ਅੰਤਰ-ਨਿਰਭਰਤਾ, ਸਾਂਝੇ ਰੀਤੀ-ਰਿਵਾਜਾਂ ਅਤੇ ਪਰੰਪਰਾਵਾਂ ਕਰਕੇ ਇੱਕ ਦੂਸਰੇ ਨਾਲ ਮਾਨਸਿਕ ਤੌਰ ਤੇ ਜੁੜੇ ਹੁੰਦੇ ਹਨ। ਉਹ ਮਨੁੱਖੀ ਲੋੜਾਂ ਅਤੇ ਅਕਾਂਖਿਆਵਾਂ ਦੀ ਪੂਰਤੀ ਵਾਸਤੇ ਸਾਂਝ ਪਾਲਦੇ ਹਨ ਅਤੇ ਆਪਣੀਆਂ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਸੱਭਿਆਚਾਰਕ ਸਮੱਸਿਆਵਾਂ ਸਾਂਝੇ ਤੌਰ ਤੇ ਹੱਲ ਕਰਨ ਦਾ ਯਤਨ ਕਰਦੇ ਹਨ। ਇਸੇ ਲਈ ਮੈਕਾਈਵਰ ਨੇ ਸਮਾਜ ਨੂੰ ਸਮਾਜਿਕ ਸੰਬੰਧਾਂ ਦਾ ਤਾਣਾ-ਬਾਣਾ ਕਿਹਾ ਜਾਂਦਾ ਹੈ। ਸਭਿਆਚਾਰ ਸਮਾਜ ਵਿਚੋਂ ਹੀ ਉਪਜਦਾ ਹੈ।ਇਹ ਮਨੁੱਖ ਦੁਆਰਾ ਸਿਰਜਿਆ ਜਾਂਦਾ ਹੈ। ਇਉਂ ਮਨੁੱਖ, ਸਮਾਜ ਤੇ ਸੱਭਿਆਚਾਰ ਸਾਰੇ ਇੱਕ ਦੂਸਰੇ ਉਪਰ ਨਿਰਭਰ ਹਨ।ਇਸ ਦੇ ਨਤੀਜੇ ਵਜੋਂ ਕਈ ਨਵੇਂ ਹਾਵ-ਭਾਵ ਅਤੇ ਪੂਜਾ ਦੇ ਅਨੇਕਾਂ ਨਵੇਂ ਢੰਗ ਜਨਮੇ। ਇਹੀ ਸੱਭਿਆਚਾਰ ਦਾ ਮੁੱਢ ਸੀ। ਜਗਜੀਤ ਕੌਰ ਜੌਲੀ ਆਪਣੀ ਕਿਤਾਬ *ਪਾਕਿਸਤਾਨੀ ਪੰਜਾਬੀ ਕਵਿਤਾ ਸਮਾਜ-ਸੱਭਿਆਚਾਰਕ ਅਧਿਐਨ* 'ਚ ਲਿਖਦੇ ਨੇ:

> ਸੱਭਿਆਚਾਰ ਦੋ ਪਰਸਪਰ ਹੋਂਦਾਂ ਹਨ ਜੋ ਇੱਕ ਦੂਜੇ ਤੇ ਆਸਰਿਤ ਹਨ, ਇਸੇ ਲਈ ਅਜੋਕੇ ਸਾਹਿਤ-ਸ਼ਾਸਤਰੀਆਂ ਨੇ 'ਸਮਾਜ ਸੱਭਿਆਚਾਰ' ਪਦ ਦੀ ਵਰਤੋਂ ਸਮਾਸੀ ਰੂਪ ਵਿੱਚ ਕਰਨੀ ਵਧੇਰੇ ਉਚਿਤ ਸਮਝੀ ਹੈ।(201)

ਪ੍ਰੋ. ਕ੍ਰਿਸ਼ਨ ਸਿੰਘ ਨੇ ਇਸ ਸੰਬੰਧ ਵਿੱਚ *ਆਏ ਇੰਨਕਲਾਬ ਕੌਰਾਹੇ ਕਿਉਂ* 'ਚ ਲਿਖਿਆ ਹੈ ਕਿ:

ਪਸ਼ੂ ਪਰਿੰਦਿਆਂ ਨੂੰ ਤਾਂ ਆਪਣੀ ਜ਼ਿੰਦਗੀ ਸਮਾਜਿਕ ਬਣਾਉਣ ਦੀ ਮਜਬੂਰੀ ਨਹੀਂ। ਉਹ ਤਾਂ ਬਾਇਲੋਜੀਕਲ ਪੱਧਰ ਉਪਰ ਜਿਉਂਦੇ ਹਨ। ਬੰਦਾ ਤਾਂ ਪਸ਼ੂ ਤੋਂ ਬੰਦਾ ਬਣਿਆ ਹੀ ਹੈ ਸਮਾਜ ਦਾ ਬਣਾਇਆ ਸਮਾਜਿਕ ਕਿਸਮ ਦਾ ਬਣਾਇਆਂ ਬੰਦਾ ਬਤੌਰ ਸਮਾਜ, ਆਰਥਕ ਸਮਾਜਿਕ ਢੰਗ ਰਾਹੀਂ ਆਪਣੀ ਜ਼ਿੰਦਗੀ ਵਾਸਤੇ ਕੁਦਰਤ ਨਾਲ ਜਦੋਂ-ਜਹਿਦ ਕਰਦਾ ਹੈ।(183)

ਆਪਣੀ ਸਮਾਜਿਕ ਚੇਤਨਤਾ ਕਾਰਨ ਹੀ ਮਨੁੱਖੀ ਦਿਮਾਗ ਵਿਗਿਆਨ ਦੀਆਂ ਕਾਢਾਂ ਕੱਢਣ ਲੱਗਾ। ਮੁੱਢਲੇ ਮਨੁੱਖ ਨੇ ਹੌਲੀ ਹੌਲੀ ਸਮਾਜਿਕ ਸਮੂਹ ਬਣਾ ਲਏ। ਇਸੇ ਵਿਚੋਂ ਪੈਦਾ ਹੋਇਆ ਸੱਭਿਆਚਾਰ ਅੱਜ ਵਿਸ਼ਾਲ ਭਾਵ ਅਰਥ ਗ੍ਰਹਿਣ ਕਰ ਗਿਆ ਹੈ।ਅਜੋਕੇ ਸਮੇਂ ਦੇ ਸੱਭਿਆਚਾਰ ਨੂੰ ਜਾਣਨ ਤੋਂ ਪਹਿਲਾਂ ਸੰਖੇਪ ਰੂਪ ਵਿੱਚ ਭਾਰਤੀ ਸੱਭਿਆਚਾਰ ਤੇ ਝਾਤ ਮਾਰ ਲੈਣੀ ਚਾਹੀਦੀ ਹੈ। ਵਿਦਿਆਲਕਾਰ ਦੀ ਕਿਤਾਬ *ਭਾਰਤੀ ਸੱਭਿਆਚਾਰ ਦੀ ਰੂਪ-ਰੇਖਾ* ਅਨੁਸਾਰ:

ਵੈਦਿਕ ਯੁੱਗ ਨਾਲ ਭਾਰਤੀ ਸੱਭਿਆਚਾਰ ਦਾ ਆਰੰਭ ਮੰਨਿਆ ਗਿਆ ਹੈ। ਉਸ ਸਮੇਂ ਦੀ ਸਮਾਜਿਕ ਵਿਵਸਥਾ ਵਿੱਚ ਔਰਤ ਦਾ ਸਥਾਨ ਬਹੁਤ ਉੱਚਾ ਸੀ। ਉਸਨੂੰ ਪੁਰਸ਼ਾਂ ਵਾਂਗ ਉੱਚੀ ਸਿੱਖਿਆ ਪ੍ਰਾਪਤ ਕਰਨ ਅਤੇ ਜੀਵਨ ਸਾਥੀ ਚੁਣਨ ਦੀ ਖੁੱਲ੍ਹ ਸੀ। ਵਿਧਵਾ-ਵਿਆਹ ਦਾ ਰਿਵਾਜ ਪ੍ਰਚਲਿਤ ਸੀ। ਸਮਾਜ ਵਿੱਚ ਊਚ ਨੀਚ ਵੀ ਘੱਟ ਸੀ। ਬ੍ਰਾਹਮਣ, ਕਸ਼ਤ੍ਰੀ, ਵੈਸ਼, ਸ਼ੂਦਰ ਇਹ ਸ਼ਬਦ ਪਿਛਲੇ ਵੈਦਿਕ ਸਾਹਿਤ ਤੋਂ ਮਿਲਣ ਲੱਗਦੇ ਹਨ। ਇਨ੍ਹਾਂ ਵਿਚੋਂ ਸ਼ੂਦਰ ਉਹ ਦਾਸ ਸਨ ਜੋ ਆਰੀਆ ਦੇ ਸਮਾਜ ਵਿੱਚ ਹੇਠਲੇ ਵਰਗ ਦੇ ਰੂਪ ਵਿੱਚ ਸ਼ਾਮਲ ਹੋ ਗਏ ਸਨ। ਉਹ ਅਸਲ ਵਿੱਚ ਆਰੀਆਂ ਤੋਂ ਵੱਖ ਜਾਤੀ ਅਤੇ ਵੱਖਰੇ ਵਰਣ, ਭਾਵ ਰੰਗ ਦੇ ਸਨ ਅਤੇ ਉਨ੍ਹਾਂ ਨਾਲ ਵਿਆਹ ਦੀ ਰੋਕ ਸੀ। ਵੰਸ਼ ਦਾ ਅਰਥ ਜਨਸਾਧਾਰਣ ਸੀ ਅਤੇ ਬ੍ਰਾਹਮਣ ਅਤੇ ਕਸ਼ਤ੍ਰੀ ਜਨਸਾਧਾਰਣ ਤੋਂ ਉਚੇਚੇ ਵਰਗਾਂ ਦੇ ਰੂਪ ਵਿੱਚ ਸਥਾਪਿਤ ਸਨ। ਉਨ੍ਹਾਂ ਵਰਗਾਂ ਦੇ ਵੱਖਰੇ ਵੱਖਰੇ ਹੋਣ ਦਾ ਇਸ ਤੋਂ ਵਧੇਰੇ ਕੁਝ ਅਰਥ ਉਸ ਸਮੇਂ ਤੱਕ ਨਹੀਂ ਸੀ। ਉਨ੍ਹਾਂ ਵਿੱਚੋਂ ਇੱਕ ਵਰਗ ਤੋਂ ਦੂਜੇ ਵਰਗ ਵਿੱਚ ਜਾਣਾ ਆਉਣਾ ਸੌਖਾ ਹੋ ਸਕਦਾ ਸੀ ਤੇ ਉਨ੍ਹਾਂ ਵਿੱਚ ਵਿਆਹ ਜਾਂ ਖਾਣ-ਪੀਣ ਦਾ ਕੋਈ ਬੰਧਨ ਨਹੀਂ ਸੀ।(62)

ਜਸਵਿੰਦਰ ਸਿੰਘ ਦੀ ਪੁਸਤਕ *ਪੰਜਾਬੀ ਸੱਭਿਆਚਾਰ ਪਛਾਣ-ਚਿੰਨ੍ਹ* ਅਨੁਸਾਰ:

> ਸੱਭਿਆਚਾਰ ਦੀ ਵੱਖਰੀ ਤੇ ਨਿਵੇਕਲੀ ਪਹਿਚਾਣ ਸਥਾਪਿਤ ਕਰਨ ਦੇ ਯਤਨਾਂ ਵਿੱਚ ਗਿਆਨ-ਵਿਗਿਆਨ ਦੇ ਅਨੇਕ ਅਨੁਸ਼ਾਸਨਾਂ ਵਿੱਚ ਕਾਰਜਸ਼ੀਲ ਵਿਭਿੰਨ ਮਾਡਲ-ਵਿਧੀਆਂ ਦੀ ਸਹਾਇਤਾ ਲਈ ਜਾਂਦੀ ਹੈ, ਜਿਸ ਕਾਰਨ ਸੱਭਿਆਚਾਰ ਦੇ ਖੇਤਰ ਵਿੱਚ ਕਈ ਵਾਰੀ ਸਵੈ-ਵਿਰੋਧੀ, ਅਸਪਸ਼ਟ ਅਤੇ ਅਵਿਗਿਆਨਕ ਧਾਰਨਾਵਾਂ ਸਥਾਪਤ ਹੋ ਜਾਂਦੀਆਂ ਹਨ।(3)

ਸੱਭਿਆਚਾਰ ਮਨੁੱਖ ਦੀ ਵਿਸ਼ੇਸ਼ ਪ੍ਰਾਪਤੀ ਹੈ। ਇਹ ਮਨੁੱਖੀ ਜੀਵਨ ਜਿਤਨਾ ਹੀ ਵਿਸ਼ਾਲ ਅਤੇ ਮਹੱਤਵਪੂਰਨ ਵਰਤਾਰਾ ਹੈ। ਪੰਜਾਬੀ ਵਿੱਚ ਇਹ ਹਿੰਦੀ ਦੇ ਸ਼ਬਦ 'ਸੰਸਕ੍ਰਿਤ' ਦੇ ਪਰਿਆਏ ਵਜੋਂ ਪ੍ਰਚਲਿਤ ਹੋਇਆ ਹੈ। ਅੰਗਰੇਜ਼ੀ ਵਿੱਚ ਇਸ ਦਾ ਸਮਾਨਾਅਰਥ ਸ਼ਬਦ 'ਕਲਚਰ' ਮੰਨਿਆ ਜਾਂਦਾ ਹੈ। ਮੂਲ ਰੂਪ ਵਿੱਚ ਇਹ ਲਾਤੀਨੀ ਭਾਸ਼ਾ ਦਾ ਸ਼ਬਦ ਹੈ ਜੋ ਫਰਾਂਸੀਸੀ ਰਾਹੀਂ ਅੰਗਰੇਜ਼ੀ ਵਿੱਚ ਆਇਆ। ਸੱਭਿਆਚਾਰ ਨੂੰ ਪਰਿਭਾਸ਼ਤ ਕਰਨਾ ਇੱਕ ਜਟਿਲ ਸਮੱਸਿਆ ਹੈ। ਫਿਰ ਵੀ ਮਾਨਵ ਸ਼ਾਸਤਰੀਆਂ ਨੇ ਇਸ ਨੂੰ ਪਰਿਭਾਸ਼ਤ ਕਰਨ ਦੇ ਪ੍ਰਯਤਨ ਕੀਤੇ ਹਨ ਅਤੇ ਉਨ੍ਹਾਂ ਵਿੱਚ ਸੱਭਿਆਚਾਰ ਦੇ ਕਈ ਗੁਣਾਂ, ਪੱਖਾਂ ਅਤੇ ਪਹਿਲੂਆਂ ਉਪਰ ਸਹਿਮਤੀ ਜਾਂ ਇੱਕ ਰਾਇ ਮਿਲਦੀ ਹੈ। ਪੰਜਾਬੀ ਵਿੱਚ ਸੱਭਿਆਚਾਰ ਅਤੇ ਸੰਸਕ੍ਰਿਤੀ ਦੋ ਅਜਿਹੇ ਸ਼ਬਦ ਹਨ ਜਿਨ੍ਹਾਂ ਨੂੰ ਸਮਾਨ ਅਰਥਾਂ ਵਿੱਚ ਵਰਤਿਆ ਜਾਂਦਾ ਹੈ। ਕੁਝ ਇੱਕ ਵਿਦਵਾਨਾਂ ਨੇ ਸੱਭਿਆਚਾਰ ਅਤੇ ਸੰਸਕ੍ਰਿਤੀ ਨੂੰ ਵੱਖਰੇ-ਵੱਖਰੇ ਅਰਥਾਂ ਵਿੱਚ ਵੀ ਪ੍ਰਯੋਕਤ ਕੀਤਾ ਹੈ। ਫਿਰ ਵੀ ਜ਼ਿਆਦਾਤਰ ਇਹ ਦੋਵੇਂ ਸਮਾਨ ਅਰਥਾਂ ਦੇ ਵਾਚਕ ਸਮਝੇ ਜਾਂਦੇ ਹਨ।ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਸੱਭਿਆਚਾਰ ਅੰਗਰੇਜ਼ੀ ਦੇ ਸ਼ਬਦ 'ਕਲਚਰ' ਦਾ ਪਰਿਆਇਵਾਚੀ ਹੈ। ਕਲਚਰ ਦੇ ਕੋਸ਼ਗਤ ਅਰਥ ਹਨ: ਵਾਹੀ, ਖੇਤੀ, ਕਿਸਾਨੀ, ਸਾਧਨਾ, ਸੰਸਕ੍ਰਿਤੀ ਤੇ ਸੱਭਿਆਚਾਰ। ਸ਼ਬਦ ਕਲਚਰ ਦਾ ਮੂਲ ਲਾਤੀਨੀ ਸ਼ਬਦ 'ਕਲਟਸ' ਹੈ ਜਿਹੜਾ ਅੰਗਰੇਜ਼ੀ ਦੇ ਸ਼ਬਦ 'ਕਲਟੀਵੇਟ' ਵਾਂਗ ਹੀ ਵੱਖੋ-ਵੱਖਰੀਆਂ ਸਥਿਤੀਆਂ ਲਈ ਵਰਤਿਆ ਜਾਂਦਾ ਹੈ ਜਿਵੇਂ ਜ਼ਮੀਨ ਦੀ ਵਾਹੀ ਲਈ, ਮਨ-ਸਾਧਣ ਲਈ, ਗਿਆਨ ਪ੍ਰਾਪਤ ਕਰਨ ਲਈ, ਸਵੈਪੂਰਨਤਾ ਲਈ, ਧਰਮ ਪਾਲਣ ਲਈ ਆਦਿ। *ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ* ਗੁਰਬਖ਼ਸ਼ ਸਿੰਘ ਫਰੈਂਕ ਦਾ ਵਿਚਾਰ ਹੈ ਕਿ:

ਅੰਗਰੇਜ਼ੀ ਵਿੱਚ 'ਕਲਚਰ' ਦੇ ਅਰਥਾਂ ਦਾ ਵਿਕਾਸ ਖੇਤੀ ਤੋਂ ਲੈ ਕੇ ਸ਼ਖਸੀਅਤ ਦੀ ਸਾਧਨਾ ਅਤੇ ਵਿਕਾਸ ਤੱਕ ਦੇ ਸਮੁੱਚੇ ਵਰਤਾਰੇ ਤੱਕ ਹੋਇਆ ਹੈ।(41)

ਰਾਮਧਾਰੀ ਸਿੰਘ ਦਿਨਕਰ ਦੀ ਕਿਤਾਬ *ਸੰਸਕ੍ਰਿਤੀ ਦੇ ਚਾਰ ਅਧਿਆਇ* ਅਨੁਸਾਰ:

ਸੰਸਕ੍ਰਿਤੀ ਅਜਿਹੀ ਚੀਜ਼ ਹੈ ਜਿਸ ਦੇ ਲੱਛਣਾਂ ਨੂੰ ਤਾਂ ਅਸੀਂ ਜਾਣ ਸਕਦੇ ਹਾਂ ਪਰੰਤੂ ਉਸਦੀ ਪਰਿਭਾਸ਼ਾ ਨਹੀਂ ਦੇ ਸਕਦਾ ਕੱਪੜੇ ਪਹਿਨਣ ਅਤੇ ਭੋਜਨ ਕਰਨ 'ਚ ਜਿਹੜੀ ਕਲਾ ਹੈ ਇਹੀ ਸੰਸਕ੍ਰਿਤੀ ਦਾ ਭਾਗ ਹੈ।(652)

ਇਸ ਤਰ੍ਹਾਂ ਮਨੁੱਖ ਨੂੰ ਆਪਣੇ ਆਪੇ ਦੀ ਸੋਝੀ ਆਉਣ ਦੇ ਸਮੇਂ ਤੋਂ ਹੀ ਸੱਭਿਆਚਾਰ ਦੀ ਸਿਰਜਣਾ ਆਰੰਭ ਹੋ ਗਈ। ਸੱਭਿਆਚਾਰ ਤੇ ਸਮਾਜ ਇੱਕ ਦੂਸਰੇ ਦੇ ਵਿਰੋਧੀ ਸੰਕਲਪ ਨਹੀਂ ਸਗੋਂ ਪੂਰਕ ਹਨ।ਸਮਾਜਿਕ ਵਿਕਾਸ ਦੀ ਕਹਾਣੀ ਸੱਭਿਆਚਾਰਕ ਵਿਕਾਸ ਦੀ ਕਹਾਣੀ ਹੈ। ਮਨੁੱਖ ਅਤੇ ਕੁਦਰਤ ਦੀ ਟੱਕਰ ਮੁੱਢ-ਕਦੀਮੀ ਹੈ। ਇਸ ਟੱਕਰ ਦੌਰਾਨ ਮਨੁੱਖੀ ਸਮਾਜ ਵਿੱਚ ਕੁਝ ਰਸਮਾਂ, ਸੰਸਥਾਵਾਂ ਅਤੇ ਮਾਨਤਾਵਾਂ ਹੋਂਦ ਵਿੱਚ ਆ ਜਾਂਦੀਆਂ ਹਨ। ਇਹੀ ਸੱਭਿਆਚਾਰ ਦਾ ਆਰੰਭ ਬਿੰਦੂ ਮੰਨੀਆਂ ਜਾ ਸਕਦੀਆਂ ਹਨ। ਮੁੱਢਲੇ ਪੜਾਅ ਤੇ ਮਨੁੱਖ ਆਪਣੀ ਹੋਂਦ ਕਾਇਮ ਰੱਖਣ ਲਈ ਅਤੇ ਆਰਥਿਕ-ਸਮਾਜਿਕ ਸੁਰੱਖਿਆ ਲਈ ਜੋ ਕੁਝ ਵੀ ਕਰਦਾ ਸੀ ਉਸੇ ਵਿੱਚੋਂ ਸੱਭਿਆਚਾਰ ਪੈਦਾ ਹੋਇਆ। ਜਿਹੜੇ ਰੀਤੀ-ਰਿਵਾਜ ਇੱਕ ਪੀੜ੍ਹੀ ਕਰਦੀ ਸੀ, ਅਚੇਤ ਹੀ ਉਹ ਉਸ ਤੋਂ ਅਗਲੀ ਪੀੜ੍ਹੀ ਗ੍ਰਹਿਣ ਕਰ ਲੈਂਦੀ। ਇੰਜ ਸੱਭਿਆਚਾਰ ਦੀ ਇੱਕ ਪਰੰਪਰਾ ਬਣ ਗਈ। ਕੁਝ ਰੂੜ੍ਹੀਆਂ ਤੇ ਰੀਤੀ-ਰਿਵਾਜ ਪ੍ਰਚਲਿਤ ਹੋ ਗਏ। ਨਵੀਆਂ ਲੋੜਾਂ ਅਨੁਸਾਰ ਇਨ੍ਹਾਂ ਵਿੱਚ ਅਦਲਾ-ਬਦਲੀ ਤੇ ਵਾਧੇ-ਘਾਟੇ ਹੁੰਦੇ ਰਹੇ। ਮਨੁੱਖ ਜਿਹੜੀਆਂ ਚੀਜ਼ਾਂ ਤੋਂ ਡਰਦਾ ਸੀ, ਉਨ੍ਹਾਂ ਦੀ ਪੂਜਾ ਕਰਨ ਲੱਗ ਪਿਆ। ਇਸ ਵਿੱਚੋਂ ਬਹੁ-ਰੀਤਾਂ, ਪੂਜਾ-ਵਿਧੀਆਂ, ਅਨੁਸ਼ਠਾਨਾਂ ਤੇ ਧਰਮ ਦਾ ਆਰੰਭ ਹੋਇਆ। *ਮਾਨਵ ਔਰ ਸੰਸਕ੍ਰਿਤੀ* ਦੇ ਅਨੁਸਾਰ ਸ਼ਿਆਮ ਚਰਨ ਦੂਬੇ ਦਾ ਮੰਨਣਾ ਹੈ ਕਿ:

ਸੱਭਿਆਚਾਰ ਨੂੰ ਕਿਸੇ ਵਿਸ਼ੇਸ਼ ਵਿਅਕਤੀ ਸਮੂਹ ਦੀ ਜੀਵਨ-ਵਿਧੀ, ਸੋਚ-ਵਿਧੀ, ਵਿਵਹਾਰ-ਵਿਧੀ ਅਤੇ ਜੀਵਨ ਪ੍ਰਤੀ ਪਹੁੰਚ ਦੁਆਰਾ ਸਮਝਿਆ ਜਾ ਸਕਦਾ ਹੈ।(69)

ਐਡਵਰਡ ਬੀ. ਰਾਇਟਰ ਨੇ ਸਭਿਆਚਾਰ ਦੇ ਮੁੱਖ 9 ਅੰਗ ਜਾਂ ਪੱਖ ਮੰਨੇ ਹਨ ਜਿੰਨ੍ਹਾਂ ਪੱਖਾਂ ਜਰੀਏ ਸੱਭਿਆਚਾਰ ਨੂੰ ਸਮਝਿਆ ਜਾ ਸਕਦਾ ਹੈ। ਇਸ ਦਾ ਵੇਰਵਾ ਅੱਗੇ ਲਿਖੇ ਅਨੁਸਾਰ ਹੈ:- 1. ਭਾਸ਼ਾ 2. ਪਦਾਰਥਿਕ ਲੱਛਣ- ਪਹਿਹਰਾਵਾ, ਕੱਪੜੇ, ਭਾਂਡੇ, ਸੰਦ ਆਦਿ 3. ਕਲਾ 4. ਮਿਥਿਹਾਸ ਤੇ ਵਿਗਿਆਨ 5. ਧਾਰਮਿਕ ਜੀਵਨ 6. ਸਮਾਜਿਕਤਾ 7. ਆਰਥਿਕਤਾ 8. ਰਾਜਨੀਤੀ 9. ਯੁੱਧ

ਸੱਭਿਆਚਾਰ ਇੱਕ ਜਟਿਲ ਵਰਤਾਰਾ ਹੈ। ਡਾ. ਗੁਰਬਖ਼ਸ਼ ਸਿੰਘ ਫਰੈਂਕ ਨੇ ਸੱਭਿਆਚਾਰ ਨੂੰ ਤਿੰਨ ਰੂਪਾਂ ਵਿੱਚ ਵੰਡਿਆ ਹੈ। ਉਸ ਅਨੁਸਾਰ ਮਨੁੱਖੀ ਕਦਰਾਂ-ਕੀਮਤਾਂ ਦੇ ਪ੍ਰਗਟ ਹੋਣ ਦੇ ਤਿੰਨ ਵੱਖ-ਵੱਖ ਖੇਤਰ ਹਨ। ਮਨੁੱਖੀ ਵਿਹਾਰ ਦੇ ਪੈਟਰਨ, ਪਦਾਰਥਕ ਵਰਤਾਰੇ ਅਤੇ ਬੌਧਿਕ ਵਰਤਾਰੇ। ਇਨ੍ਹਾਂ ਤਿੰਨਾਂ ਦੇ ਹੀ ਅਨੁਕੂਲ ਸੱਭਿਆਚਾਰ ਦੇ ਤਿੰਨ ਮੁੱਖ ਅੰਗ ਕੀਤੇ ਜਾ ਸਕਦੇ ਹਨ।

ਪਦਾਰਥਕ ਸੱਭਿਆਚਾਰ ਵਿੱਚ ਮਨੁੱਖੀ ਜੀਵਨ ਵਿੱਚ ਕੰਮ ਆਉਣ ਵਾਲੀਆਂ ਉਹ ਵਸਤੂਆਂ ਸ਼ਾਮਲ ਹਨ ਜਿਹੜੀਆਂ ਕਿਸੇ ਪ੍ਰਕਿਰਿਆ ਵਿੱਚੋਂ ਲੰਘਕੇ ਅਸਲੀ ਰੂਪ ਨੂੰ ਗ੍ਰਹਿਣ ਕਰਨ ਤੋਂ ਬਾਅਦ ਕੋਈ ਅਜਿਹਾ ਪ੍ਰਭਾਵ ਅਖ਼ਤਿਆਰ ਕਰ ਲੈਣ ਜਿਸ ਨਾਲ ਸੁਚੱਜੇਪਣ ਦੀ ਝਲਕ ਪਵੇ ਜਿਵੇਂ ਲੱਕੜੀ ਤੋਂ ਬਣਨ ਵਾਲੀਆਂ ਚੀਜ਼ਾਂ ਮੇਜ਼, ਕੁਰਸੀ ਆਦਿ ਨੂੰ ਉਦਾਹਰਣ ਵਜੋਂ ਵੇਖਿਆ ਜਾ ਸਕਦਾ ਹੈ। ਪ੍ਰਤਿਮਾਨਕ ਸੱਭਿਆਚਾਰ, ਸੱਭਿਆਚਾਰ ਦਾ ਉਹ ਅੰਗ ਹੈ ਜਿਹੜਾ ਮਨੁੱਖੀ ਵਿਹਾਰ ਲਈ ਪ੍ਰਤੀਮਾਨ ਜਾਂ ਨਿਯਮ ਸਥਾਪਿਤ ਕਰਦਾ ਹੈ ਅਤੇ ਇਸ ਨੂੰ ਅਗਵਾਈ ਦੇਂਦਾ ਹੈ। ਹਰੇਕ ਸਮਾਜ ਦੇ ਆਪਣੇ ਪ੍ਰਤੀਮਾਨ ਹੁੰਦੇ ਹਨ। ਇਹ ਕਿਸੇ ਮਨੁੱਖ ਨੂੰ ਸਿਖਾਉਣੇ ਨਹੀਂ ਪੈਂਦੇ, ਸਹਿਜੇ ਹੀ ਸਿੱਖੇ ਜਾਂਦੇ ਹਨ। ਹੌਲੀ-ਹੌਲੀ ਅਜਿਹੀਆਂ ਕਦਰਾਂ-ਕੀਮਤਾਂ ਨਿਸ਼ਚਿਤ ਹੋ ਜਾਂਦੀਆਂ ਹਨ ਜੋ ਮਨੁੱਖ ਦੀਆਂ ਰੁਚੀਆਂ, ਜੀਵਨ ਬਸਰ ਕਰਨ ਦੇ ਤਰੀਕਿਆਂ ਅਤੇ ਰਿਸ਼ਤੇ-ਨਾਤਿਆਂ ਦੀ ਲੜੀ ਸਭ ਨੂੰ ਪ੍ਰਭਾਵਿਤ ਕਰਦੀਆਂ ਹਨ। ਸੱਭਿਆਚਾਰਕ ਸਿਸਟਮ ਦੇ ਤੀਜੇ ਅੰਕ ਨੂੰ ਅਸੀਂ ਬੌਧਾਤਮਿਕ ਸੱਭਿਆਚਾਰ ਕਿਹਾ ਹੈ। ਇਸ ਵਿੱਚ ਵਿਚਾਰ, ਸੰਕਲਪ ਅਤੇ ਵਿਸ਼ਵਾਸ ਆਦਿ ਆ ਜਾਂਦੇ ਹਨ। ਸਾਹਿਤ, ਕਲਾ, ਧਰਮ, ਮਿਥਿਹਾਸ, ਫ਼ਲਸਫ਼ਾ, ਸਾਰਾ ਕੁਝ ਇਸ ਅੰਗ ਵਿੱਚ ਆਉਂਦਾ ਹੈ। ਆਪਣੀ ਕਿਤਾਬ *ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ* ਗੁਰਬਖ਼ਸ਼ ਸਿੰਘ ਫਰੈਂਕ ਮੰਨਦੇ ਹਨ ਕਿ:

ਜੇ ਪ੍ਰਤਿਮਾਨਕ ਸੱਭਿਆਚਾਰ ਸਮਾਜਿਕ ਕਾਰਜ ਦੀ ਉਚਿੱਤਤਾ ਜਾਂ ਅਣਉਚਿਤਤਾ ਬਾਰੇ ਮਿਆਰ ਕਾਇਮ ਕਰਦਾ ਹੈ ਤਾਂ ਇਨ੍ਹਾਂ ਮਿਆਰਾਂ ਦਾ ਮੋਮਾਂ ਉਹ ਫ਼ਲਸਫ਼ਾ, ਸੰਸਾਰ ਦ੍ਰਿਸ਼ਟੀਕੋਣ ਜਾਂ ਵਿਸ਼ਵਾਸ ਹੁੰਦੇ ਹਨ ਜਿਨ੍ਹਾਂ ਨੂੰ ਸਮਾਜ ਨੇ ਆਪਣੀਆਂ ਉਪਰੋਕਤ ਸਿਰਜਨਾਵਾਂ ਵਿੱਚ ਰਚਣੇਈ ਢੰਗ ਨਾਲ ਸਾਕਾਰ ਕੀਤਾ ਹੁੰਦਾ ਹੈ।(41)

ਇਹ ਵਿਆਖਿਆ ਸਪੱਸ਼ਟ ਕਰਦੀ ਹੈ ਕਿ ਸੱਭਿਆਚਾਰ ਦੇ ਤੀਸਰੇ ਅੰਗ ਨੂੰ ਮਨੁੱਖੀ ਸੋਚ ਤੇ ਵਿਚਾਰ ਨਾਲ ਜੋੜਿਆ ਜਾ ਸਕਦਾ ਹੈ। ਸੱਭਿਆਚਾਰ ਵਿੱਚ ਬਹੁਤ ਕੁਝ ਸ਼ਾਮਲ ਹੁੰਦਾ ਹੈ। ਇਸ ਵਿੱਚ ਨਾ ਕੇਵਲ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਲਈ ਕੀਤੇ ਭਾਂਤ-ਭਾਂਤ ਦੇ ਯਤਨ ਹੀ ਸ਼ਾਮਲ ਹਨ ਬਲਕਿ ਇਨ੍ਹਾਂ ਸਦਕਾ ਹੋਂਦ ਵਿੱਚ ਆਉਣ ਵਾਲੀਆਂ ਕਈ ਪ੍ਰਕਾਰ ਦੀਆਂ ਸੰਸਥਾਵਾਂ ਵੀ ਸ਼ਾਮਲ ਹਨ। ਜਿਸ ਸੱਭਿਆਚਾਰ ਵਿੱਚ ਮਨੁੱਖ ਰਹਿੰਦਾ ਹੈ, ਉਸਨੂੰ ਉਹ ਅਗਲੀ ਪੀੜ੍ਹੀ ਦੇ ਹਵਾਲੇ ਕਰਨਾ ਚਾਹੁੰਦਾ ਹੈ। ਇਸ ਨਾਲ ਰਸਮੀ ਤੇ ਗ਼ੈਰ-ਰਸਮੀ ਸਿੱਖਿਆ-ਪ੍ਰਣਾਲੀ ਹੋਂਦ ਵਿੱਚ ਆਉਂਦੀ ਹੈ। ਸਮਾਜ ਦੀਆਂ ਆਰਥਿਕ ਲੋੜਾਂ ਦੀ ਪੂਰਤੀ ਲਈ ਆਰਥਿਕ ਸੰਗਠਨ ਹੋਂਦ ਵਿੱਚ ਆਉਂਦਾ ਹੈ। ਸਮਾਜ ਨੂੰ ਨਿਯੰਤਰਨ ਵਿੱਚ ਰੱਖਣ ਲਈ ਰਾਜਨੀਤਿਕ ਸੰਗਠਨ ਹੋਂਦ ਵਿੱਚ ਆਉਂਦਾ ਹੈ ਅਤੇ ਸਮਾਜ ਨੂੰ ਠੀਕ ਪ੍ਰਕਾਰ ਚਲਾਉਣ ਲਈ ਮੁੱਖ ਭੂਮਿਕਾ ਸਮਾਜਿਕ ਸੰਗਠਨ ਦੀ ਹੁੰਦੀ ਹੈ।ਕਿਸੇ ਵੀ ਸੱਭਿਆਚਾਰ ਵਿੱਚੋਂ ਮਨੁੱਖ ਦੇ ਵਰਤਮਾਨ ਅਤੇ ਅਤੀਤ ਦੋਹਾਂ ਨੂੰ ਦੇਖਿਆ ਜਾ ਸਕਦਾ ਹੈ। ਸੋ ਸੱਭਿਆਚਾਰ ਦਾ ਇਤਿਹਾਸ ਵੀ ਹੁੰਦਾ ਹੈ ਜਿਸ ਰਾਹੀਂ ਸਾਨੂੰ ਪਤਾ ਲਗਦਾ ਹੈ ਕਿ ਕਿਸੇ ਸੱਭਿਆਚਾਰਕ ਪ੍ਰਬੰਧ ਵਿੱਚੋਂ ਵਰਤਮਾਨ ਸਮੇਂ ਦੇ ਸੱਭਿਆਚਾਰ ਦਾ ਰੂਪ ਹੋਂਦ ਵਿੱਚ ਆਇਆ ਹੈ। ਇਸ ਨੂੰ ਸਮੁੱਚਾ ਜੀਵਨ-ਢੰਗ ਵੀ ਕਿਹਾ ਜਾਂਦਾ ਹੈ। ਇਸ ਵਿੱਚੋਂ ਮਨੁੱਖ ਦੇ ਪੁਰਾਣੇ ਅਤੇ ਨਵੇਂ ਜੀਵਨ ਨੂੰ ਅਨੁਭਵ ਕੀਤਾ ਜਾ ਸਕਦਾ ਹੈ। ਹਰ ਦੇਸ਼, ਕੌਮ ਜਾਤੀ ਦਾ ਆਪਣਾ ਸੱਭਿਆਚਾਰ ਵਿਰਸਾ ਹੁੰਦਾ ਹੈ। ਉਦਾਹਰਨ ਵਜੋਂ ਕਿਸੇ ਸੱਭਿਆਚਾਰ ਵਿੱਚ ਖਾਣਾ ਜਮੀਨ ਤੇ ਬੈਠਕੇ ਖਾਧਾ ਜਾਂਦਾ ਹੈ, ਕਿਸੇ ਵਿੱਚ ਬਾਕਾਇਦਾ ਡਾਈਨਿੰਗ ਟੇਬਲ ਤੇ, ਕਿਧਰੇ ਚੀਨੀ ਦੇ ਬਰਤਨਾਂ ਵਿੱਚ, ਕਿਧਰੇ ਮਿੱਟੀ ਦੇ ਬਰਤਨਾਂ ਵਿੱਚ।ਵਿਭਿੰਨ ਕਾਲ-ਖੰਡਾਂ ਦੇ ਸੱਭਿਆਚਾਰ ਨੂੰ ਵੇਖ ਕੇ ਇਹ ਤੱਥ ਸਾਫ਼ ਉੱਘੜ ਕੇ ਸਾਹਮਣੇ ਆਉਂਦਾ ਹੈ ਕਿ ਸੱਭਿਆਚਾਰ ਇੱਕ ਨਿਰੰਤਰ

ਪਰਿਵਰਤਨਸ਼ੀਲ ਪ੍ਰਕ੍ਰਿਆ ਹੈ।ਇਹ ਜੜ੍ਹ ਨਹੀਂ ਹੁੰਦਾ। ਮਾਈਕਲ ਹਾਰਾਲੰਬਸ ਅਤੇ ਰੌਬਿਨ ਹੈਂਡਲ ਦੀ ਲਿਖਤ ਸੋਸਾਲੋਜੀ ਥੀਮ ਅਤੇ ਪ੍ਰਸਪੈਕਟਿਵ ਅਨੁਸਾਰ:

> ਸੱਭਿਆਚਾਰ ਵਿੱਚ ਦੋ ਮਹੱਤਵਪੂਰਨ ਗੁਣ ਹਨ: ਪਹਿਲਾ ਇਹ ਸਿੱਖਿਆ ਜਾਂਦਾ ਹੈ, ਦੂਸਰਾ ਇਹ ਪੀੜ੍ਹੀ ਦਰ ਪੀੜ੍ਹੀ ਵੰਡਿਆ ਜਾਂਦਾ ਹੈ। ਇਸ ਤੋਂ ਬਿਨਾਂ ਮਾਨਵੀ-ਸਮਾਜ ਦਾ ਹੋਣਾ ਸੰਭਵ ਨਹੀਂ।(3)

ਇਸ ਤਰ੍ਹਾਂ ਦੇ ਅਧਿਐਨ ਰਾਹੀਂ ਹੀ ਜਾਣਿਆ ਜਾ ਸਕਦਾ ਹੈ ਕਿ ਸੱਭਿਆਚਾਰ ਨੇ ਬਦਲਦੇ ਸਮੇਂ ਨਾਲ ਕੀ ਵਿਕਾਸ ਕੀਤਾ ਹੈ। ਅਤੇ ਉਹ ਕਿਹੜੇ ਰੂਪਾਂ ਰਾਹੀਂ ਲੰਘਦਾ ਹੋਇਆ ਵਰਤਮਾਨ ਅਵਸਥਾ ਤਕ ਪਹੁੰਚਿਆ ਹੈ।ਆਰ. ਫਰਿਥ *ਐਲੀਮੈਂਟ ਆਫ਼ ਸੋਸ਼ਲ ਆਰਗਨਾਈਜ਼ੇਸ਼ਨ* ਅਨੁਸਾਰ:

> ਜਦੋਂ ਇਹ ਕਿਹਾ ਜਾਂਦਾ ਹੈ ਕਿ ਸਮਾਜ ਉਨ੍ਹਾਂ ਵਿਅਕਤੀਆਂ ਦਾ ਸਮੂਹ ਹੈ ਜਿਨ੍ਹਾਂ ਦੀ ਇੱਕ ਵਿਸ਼ੇਸ਼ ਜੀਵਨ ਜਾਚ ਹੋਵੇ ਤਾਂ ਸੱਭਿਆਚਾਰ ਉਹ ਜੀਵਨ ਜਾਚ ਹੈ। ਜੇ ਸਮਾਜ, ਸਮਾਜੀ ਰਿਸ਼ਤਿਆਂ ਦਾ ਸਮੂਹ ਹੈ ਤਾਂ ਸੱਭਿਆਚਾਰ ਉਨ੍ਹਾਂ ਰਿਸ਼ਤਿਆਂ ਦਾ ਮੂਲ ਹੈ। ਸਮਾਜ ਮਨੁੱਖੀ ਤੱਤ, ਵਿਅਕਤੀਆਂ ਦੇ ਸਮੂਹ ਅਤੇ ਉਨ੍ਹਾਂ ਦੇ ਆਪਸੀ ਸਬੰਧਾਂ ਤੇ ਜ਼ੋਰ ਦਿੰਦਾ ਹੈ। ਸੱਭਿਆਚਾਰ ਉਨ੍ਹਾਂ ਭੌਤਿਕ ਜਾਂ ਗ਼ੈਰ ਭੌਤਿਕ ਸੋਮਿਆਂ 'ਤੇ ਜ਼ੋਰ ਦਿੰਦਾ ਹੈ ਜਿਨ੍ਹਾਂ ਦੀ ਵਰਤੋਂ ਵਿਅਕਤੀ ਕਰਦੇ ਹਨ। ਇਹ ਤੱਤ ਮਨੁੱਖੀ ਕਿਰਿਆਵਾਂ ਲਈ ਸਹਾਇਕ ਹੁੰਦਾ ਹੈ। ਵਿਹਾਰਕ ਪੱਖ ਤੋਂ ਵੇਖਦਿਆਂ ਸੱਭਿਆਚਾਰ ਇੱਕ ਉਹ ਵਿਵਹਾਰ ਹੈ ਜਿਸ ਨੂੰ ਸਮਾਜ ਰਾਹੀਂ ਪ੍ਰਾਪਤ ਕੀਤਾ ਗਿਆ ਹੈ। ਇਸ ਵਿੱਚ ਸਮਾਜਿਕ ਕਿਰਿਆਵਾਂ ਵੀ ਸ਼ਾਮਲ ਹਨ।(27)

ਡਾ. ਗੁਰਬਖਸ਼ ਸਿੰਘ ਫਰੈਂਕ ਦੀ ਕਿਤਾਬ *ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ* ਅਨੁਸਾਰ:

> ਸੱਭਿਆਚਾਰ ਇੱਕ ਜੁੱਟ ਅਤੇ ਜਟਿਲ ਸਿਸਟਮ ਹੈ ਜਿਸ ਕਿਸੇ ਮਨੁੱਖੀ ਸਮਾਜ ਦੇ ਨਿਸ਼ਚਿਤ ਇਤਿਹਾਸਕ ਪੜਾਅ ਉੱਤੇ ਪ੍ਰਚਲਿਤ ਕਦਰਾਂ-ਕੀਮਤਾਂ ਅਤੇ ਉਨ੍ਹਾਂ ਨੂੰ ਪ੍ਰਗਟ ਕਰਦੇ ਮਨੁੱਖੀ ਵਿਚਾਰ ਦੇ ਪੈਟਰਨ ਅਤੇ ਪਦਾਰਥਕ ਤੇ ਬੌਧਿਕ ਵਰਤਾਰੇ ਸ਼ਾਮਲ ਹੁੰਦੇ ਹਨ। (23)

ਸੱਭਿਆਚਾਰ ਬਾਰੇ ਐਡਵਰਡ ਬੀ-ਟਾਇਲਰ *ਪਰਮਿਟਿਵ ਕਲਚਰ* 'ਚ ਲਿਖਦੇ ਨੇ ਕਿ:

> ਸੱਭਿਆਚਾਰ ਇੱਕ ਅਜਿਹੀ ਜਟਿਲ ਇਕਾਈ ਹੈ ਜਿਸ ਵਿੱਚ ਗਿਆਨ ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ, ਰੀਤੀ ਰਿਵਾਜ ਅਤੇ ਹੋਰ ਕਈ ਯੋਗਤਾਵਾਂ ਤੇ ਆਦਤਾਵਾਂ ਜੋ ਮਨੁੱਖ ਨੇ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕੀਤੀਆਂ ਹੋਣ, ਸ਼ਾਮਿਲ ਹਨ।(1)

ਡਾ. ਪਰਮਿੰਦਰ ਸਿੰਘ *ਆਧੁਨਿਕ ਪੰਜਾਬੀ ਸਾਹਿਤ ਸਿਧਾਂਤ ਤੇ ਵਿਹਾਰ* ਦੇ ਅਨੁਸਾਰ ਵਿਚਾਰ ਹੈ ਕਿ:

> ਹਰ ਮਨੁੱਖੀ ਸਮਾਜ ਵਿੱਚ ਵਰਤੋਂ ਵਿਹਾਰ ਇੱਕ ਦੂਜੇ ਸਮਾਜਾਂ ਨਾਲੋਂ ਭਿੰਨ ਹੁੰਦਾ ਹੈ। ਉਸਦੀ ਨਿਵੇਕਲੀ ਪਛਾਣ ਉਸ ਸਮੇਂ ਵਿੱਚ ਹੀ ਪਈ ਹੁੰਦੀ ਹੈ। ਉਹ ਹਰ ਤਰ੍ਹਾਂ ਦੇ ਵਸਤ-ਵਰਤਾਰੇ ਅਤੇ ਵਿਚਾਰ ਜੋ ਇੱਕ ਮਨੁੱਖੀ ਸਮਾਜ ਨੂੰ ਦੂਜੇ ਮਨੁੱਖੀ ਸਮਾਜ ਨਾਲੋਂ ਨਿਖੇੜਦੇ ਹਨ ਉਹ ਸਮਾਜ ਦਾ ਸੱਭਿਆਚਾਰ ਕਹਿਲਾਉਂਦੇ ਹਨ। ਇਸਨੂੰ ਕਾਲ-ਕ੍ਰਮ ਤੇ ਤਰਤੀਬ ਵਿੱਚ ਰੱਖਕੇ ਦੇਖਣਾ, ਪਰਖਣਾ ਅਤੇ ਉਸਦਾ ਸਰਬਪੱਖੀ ਮੁਲਾਂਕਣ ਕਰਨਾ ਇਸਦੀ ਇਤਿਹਾਸਿਕ ਦ੍ਰਿਸ਼ਟੀ ਹੈ।(95)

ਉਪਰੋਕਤ ਰੂਪ ਵਿੱਚ ਭਾਰਤੀ ਸੱਭਿਆਚਾਰ ਦੀ ਇਹੀ ਪਹਿਚਾਣ ਹੈ ਕਿ ਚਾਹੇ ਉਸਦਾ ਪਤਨ ਹੁੰਦਾ ਰਿਹਾ ਪਰ ਪਤਨ ਹੋਣ ਤੋਂ ਬਾਅਦ ਫਿਰ ਉਹ ਚਮਕਦੇ ਰੰਗਾਂ ਵਾਂਗ ਪੈਦਾ ਹੁੰਦਾ ਰਿਹਾ ਜੋ ਸਾਰੀ ਦੁਨੀਆ ਨੂੰ ਅੱਜ ਵੀ ਆਕਰਸ਼ਿਤ ਕਰਦਾ ਹੈ। ਮੂਲ ਰੂਪ ਵਿੱਚ ਸੱਭਿਆਚਾਰ ਮਨੁੱਖੀ ਜੀਵਨ ਸ਼ੈਲੀ ਦਾ ਜਗਤ ਹੁੰਦਾ ਹੈ। ਇਹ ਮਨੁੱਖ ਦੇ ਸਮੁੱਚੇ ਸੁਭਾਅ ਨੂੰ ਸੰਕੇਤਾਂ ਅਤੇ ਪ੍ਰਤੀਕਾਂ ਰਾਹੀਂ ਪ੍ਰਗਟਾਉਂਦਾ ਹੈ ਅਤੇ ਅਗਲੀ ਪੀੜ੍ਹੀ ਨੂੰ ਸੌਂਪਦਾ ਹੈ। ਇਸ ਦੁਆਰਾ ਮਨੁੱਖ ਨਾ ਕੇਵਲ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦਾ ਹੈ, ਸਗੋਂ ਆਪਣੀਆਂ ਬਾਹਰੀ ਲੋੜਾਂ ਦੇ ਨਾਲ-ਨਾਲ ਅੰਦਰੂਨੀ ਲੋੜਾਂ ਦੀ ਪੂਰਤੀ ਵੀ ਕਰਦਾ ਹੈ। ਅਜੋਕੇ ਸਮੇਂ ਸੱਭਿਆਚਾਰ ਨੂੰ ਸਮੁੱਚੇ ਜੀਵਨ ਢੰਗ ਦੇ ਅਰਥਾਂ ਵਿੱਚ ਅਪਣਾਇਆ ਜਾਣ ਲੱਗਾ ਹੈ, ਜਿਸ ਵਿੱਚ ਮਨੁੱਖ ਦੀਆਂ ਪਦਾਰਥਕ, ਬੌਧਿਕ ਅਤੇ ਅਧਿਆਤਮਕ ਲੋੜਾਂ ਸ਼ਾਮਲ ਹੁੰਦੀਆਂ ਹਨ। ਸੱਭਿਆਚਾਰ ਭਾਵ ਅਰਥ, ਪੱਖ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਸਮੁੱਚੀ ਮਨੁੱਖਤਾ ਦੇ ਵਿਕਾਸ ਬਾਰੇ ਗਿਆਨ ਹੋਣਾ ਜ਼ਰੂਰੀ ਸੀ। ਕਿਉਂਕਿ ਭਾਵ ਅਰਥ,ਪੱਖ ਪ੍ਰਕ੍ਰਿਆ ਨੂੰ ਸਮਝਣ ਲਈ ਸੱਭਿਆਚਾਰ ਅਤੇ ਇਸ ਦੀਆਂ ਸਿਰਜਨਾਵਾਂ ਦੀ ਸਿਰਜਣ ਪ੍ਰਕ੍ਰਿਆ ਨੂੰ ਸਮਝਣਾ ਜ਼ਰੂਰੀ ਹੈ। ਇਸ ਵਿੱਚੋਂ ਹੀ ਸੱਭਿਆਚਾਰਕ ਅਧਿਐਨ ਦਾ ਭਾਵ ਅਰਥ, ਪੱਖ

ਉੱਭਰਦਾ ਹੈ। ਸੱਭਿਆਚਾਰ ਇੱਕ ਅਜਿਹਾ ਵਿਗਿਆਨਕ ਸੰਕਲਪ ਅਤੇ ਪੱਖ ਹੈ, ਜਿਹੜਾ ਸੱਭਿਆਚਾਰ ਦਾ ਅਧਿਐਨ ਵਿਧੀਵਤ ਤੇ ਵਿਗਿਆਨਕ ਢੰਗ ਨਾਲ ਕਰਦਾ ਹੈ। ਕਿਸੇ ਵੀ ਲੋਕ-ਸਮੂਹ ਦੇ ਖੇਤਰ ਦੀ ਪਛਾਣ ਉੱਥੋਂ ਦੇ ਵਿਸ਼ੇਸ਼ ਸੱਭਿਆਚਾਰਕ ਜੀਵਨ ਕਰਕੇ ਹੁੰਦੀ ਹੈ, ਕਿਉਂਕਿ ਵਿਲੱਖਣ ਤੇ ਵਿਸ਼ੇਸ਼ ਭੂਗੋਲਿਕ ਹਾਲਤਾਂ ਵਿੱਚ ਵਿਕਸਿਤ ਹੁੰਦੀ ਅਰਥ ਵਿਵਸਥਾ, ਇਤਿਹਾਸਕ ਪਰੰਪਰਾ ਅਤੇ ਜ਼ਿੰਦਗੀ ਜਿਊਣ ਨੂੰ ਨਿਯਮਤ ਕਰਨ ਵਾਲਾ ਸੱਭਿਆਚਾਰ ਜੀਵਨ ਹਰੇਕ ਲੋਕ-ਸਮੂਹਿਕ ਖੇਤਰ ਦਾ ਆਪਣਾ ਅਲੱਗ ਅਤੇ ਵਿਸ਼ੇਸ਼ ਹੁੰਦਾ ਹੈ। ਇਸ ਵਿਸ਼ੇਸ਼ ਸੱਭਿਆਚਾਰ ਨਾਲ ਮਨੁੱਖੀ ਜੀਵਨ ਦਾ ਬਹੁਤ ਹੀ ਨਜ਼ਦੀਕੀ ਰਿਸ਼ਤਾ ਹੁੰਦਾ ਹੈ। ਹਰ ਸੱਭਿਆਚਾਰ ਮਨੁੱਖ ਦੇ ਹੋਸ਼ ਸੰਭਾਲਣ ਤੇ ਮਾਨਸਿਕਤਾ ਵਿਕਸਿਤ ਹੋਣ ਤੋਂ ਪਹਿਲਾਂ ਹੀ ਅਜਿਹਾ ਭੂਗੋਲਿਕ, ਧਾਰਮਿਕ, ਰਾਜਨੀਤਿਕ ਵਾਤਾਵਰਣ ਸਿਰਜ ਲੈਂਦਾ ਹੈ ਕਿ ਉਸ ਸੱਭਿਆਚਾਰਕ ਪ੍ਰਬੰਧ ਅਧੀਨ ਰਹਿ ਰਹੇ ਮਨੁੱਖ ਦਾ ਵਿਵਹਾਰ, ਸੋਚ ਅਤੇ ਚੇਤਨਤਾ ਉਸ ਵਿਵਸਥਾ ਅਨੁਸਾਰ ਵਿਕਸਿਤ ਹੋ ਸਕੇ। ਇਸ ਤਰ੍ਹਾਂ ਦੇ ਵਿਸ਼ੇਸ਼ ਸੱਭਿਆਚਾਰਕ ਜੀਵਨ ਵਿੱਚ ਰਹਿ ਕੇ ਹੀ ਮਨੁੱਖ ਆਪਣੇ ਵਿਅਕਤਿਤਵ ਨੂੰ ਵਿਸ਼ੇਸ਼ ਭੂਗੋਲਿਕ ਖੇਤਰ ਵਿੱਚ ਸੰਵਾਰਦਾ ਤੇ ਸਮਝਦਾ ਹੈ। ਡਾ. ਸੁਸ਼ੀਲ ਸ਼ਰਮਾ ਨੇ ਸੱਭਿਆਚਾਰ ਦੇ ਭਾਵ ਅਰਥ, ਪੱਖ ਬਾਰੇ ਆਪਣੇ ਵਿਚਾਰ *ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ* ਪੇਸ਼ ਕੀਤੇ ਹਨ ਕਿ:

> ਸੱਭਿਆਚਾਰ ਆਪਣੇ ਆਪ ਵਿੱਚ ਇੱਕ ਅਤਿ ਵਿਸ਼ਾਲ ਸੰਕਲਪ ਹੈ ਜਿਸ ਵਿੱਚ ਕਿਸੇ ਜਨ-ਸਮੂਹ ਜਾਂ ਮਨੁੱਖੀ ਜੀਵਨ ਦੇ ਹਰ ਖੇਤਰ ਵਿੱਚਲੀਆਂ ਉਹ ਕਿਰਿਆਵਾਂ ਤੇ ਉਹਨਾਂ ਨੂੰ ਕਰਨ ਦੇ ਢੰਗ ਆ ਜਾਂਦੇ ਹਨ ਜੋ ਉਸ ਮਨੁੱਖੀ ਸਮਾਜ ਨੂੰ ਦੂਜੇ ਸਮਾਜਾਂ ਨਾਲੋਂ ਨਿਖੇੜਦੇ ਹਨ।(29)

ਮੂਲ ਰੂਪ ਵਿੱਚ ਮਨੁੱਖ ਦਾ ਵਿਕਾਸ ਵਿਸ਼ੇਸ਼ ਖਿੱਤੇ ਦੇ ਸੱਭਿਆਚਾਰਕ ਜੀਵਨ ਵਿਚੋਂ ਹੀ ਹੁੰਦਾ ਹੈ। ਸਭ ਤੋਂ ਜ਼ਿਆਦਾ ਮਨੁੱਖ ਨੇ ਆਪਣਾ ਕੇਂਦਰੀ ਧਿਆਨ ਸੰਸਾਰਿਕ ਪਦਾਰਥਿਕ ਵਸਤੂਆਂ ਤੇ ਭੌਤਿਕ ਵਿਕਾਸ ਵੱਲ ਕੇਂਦਰਿਤ ਕੀਤਾ ਹੋਇਆ ਹੈ ਜਿਵੇਂ ਕਿ ਚੰਗਾ ਖਾਣਾ, ਚੰਗਾ ਪਹਿਨਣਾ, ਚੰਗਾ ਰਹਿਣ-ਸਹਿਣ, ਚੰਗਾ ਘਰ-ਬਾਰ ਆਦਿ। ਕੁੱਲ ਮਿਲਾ ਕੇ ਮਨੁੱਖ ਜੀਵਨ ਦੀਆਂ ਸਾਰੀਆਂ ਸੁੱਖ ਸਹੂਲਤਾਂ ਪ੍ਰਾਪਤ ਕਰਨ ਦੀ ਭੱਜ-ਦੌੜ ਵਿੱਚ ਰਹਿੰਦਾ ਹੈ। ਇਸ ਤਰ੍ਹਾਂ ਕਿਸੇ ਵੀ ਸੱਭਿਆਚਾਰ ਜੀਵਨ ਨੂੰ ਵਿਲੱਖਣ ਤੇ ਵਿਸ਼ੇਸ਼ ਬਣਾਉਣ,

ਸਮਝਣ ਤੇ ਸੰਵਾਰਨ ਲਈ ਨਿੱਕੀ-ਨਿੱਕੀ ਜੱਦੋ-ਜਹਿਦ ਵਿਚੋਂ ਲੰਘਣਾ ਪੈਂਦਾ ਹੈ। ਇਹ ਜੱਦੋ-ਜਹਿਦਾਂ ਹੀ ਇੱਕ ਵਿਸ਼ੇਸ਼ ਸੱਭਿਆਚਾਰ ਜੀਵਨ ਦੀ ਵਿਸ਼ੇਸ਼ ਪਛਾਣ ਹੈ। ਡਾ. ਗੁਰਮੀਤ ਸਿੰਘ ਸੱਭਿਆਚਾਰ ਦੇ ਭਾਵ ਅਰਥ, ਪੱਖ ਨੂੰ *ਮੀਡੀਆ, ਸੱਭਿਆਚਾਰ ਤੇ ਪੰਜਾਬੀ ਸੱਭਿਆਚਾਰ* ਖੋਜ ਦਰਪਣ, ਅੰਕ 2008 ਪਰਿਭਾਸ਼ਿਤ ਕਰਦੇ ਹੋਏ ਕਹਿੰਦੇ ਹਨ ਕਿ:

> ਸੱਭਿਆਚਾਰ ਨੂੰ ਕਿਸੇ ਸਮੂਹ ਦੀ ਜੀਵਨ ਜਾਚ ਅਤੇ ਉਸਦੇ ਮੁੱਲਾਂ ਤੱਕ ਹੀ ਸੀਮਤ ਰੱਖਦੇ ਹਨ। ਦੂਸਰੇ ਵਿਦਵਾਨ ਇਸ ਵਿੱਚ ਵਿਚਾਰ ਅਤੇ ਕਦਰਾਂ-ਕੀਮਤਾਂ ਦੇ ਨਾਲ-ਨਾਲ ਮਨੁੱਖ ਦੀ ਸਮੁੱਚੀ ਪਦਾਰਥਕ ਉੱਨਤੀ ਨੂੰ ਵੀ ਸ਼ਾਮਲ ਕਰਦੇ ਹਨ।(123)

ਇਹਨਾਂ ਚਿੰਤਕਾਂ ਵਿਚੋਂ ਈ.ਬੀ.ਟਾਇਲਰ ਵਿਸ਼ੇਸ਼ ਤੌਰ ਤੇ ਆਉਂਦਾ ਹੈ, ਜਿਸਨੇ ਪਹਿਲੀ ਵਾਰ "1871' ਵਿੱਚ 'ਕਲਚਰ' ਸ਼ਬਦ ਨੂੰ ਵਿਚਾਰ ਕੇ ਪ੍ਰਯੋਗ ਵਿੱਚ ਲਿਆਂਦਾ ਹੈ, ਜਿਸਨੂੰ ਸਾਰੇ ਮਾਨਵ ਵਿਗਿਆਨੀਆਂ ਅਤੇ ਸੱਭਿਆਚਾਰ ਵਿਗਿਆਨੀਆਂ ਨੇ ਪ੍ਰਮਾਣਿਕ ਰੂਪ ਵਜੋਂ ਮਾਨਤਾ ਦਿੱਤੀ ਗਈ ਹੈ। ਇਸ ਬਾਰੇ ਈ.ਬੀ.ਟਾਇਲਰ *ਪ੍ਰੀਮੇਟਿਵ ਕਲਚਰ* 'ਚ ਕਹਿੰਦਾ ਹੈ ਕਿ:

> ਸੱਭਿਆਚਾਰ ਉਹ ਜਟਿਲ ਸਮੂਹ ਹੈ, ਜਿਸ ਵਿੱਚ ਗਿਆਨ, ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ ਤੇ ਰੀਤੀ-ਰਿਵਾਜ ਅਤੇ ਹੋਰ ਸਭ ਸਮਰੱਥਾਵਾਂ ਤੇ ਆਦਤਾਂ ਆ ਜਾਂਦੀਆਂ ਹਨ, ਜਿਹੜੀਆਂ ਮਨੁੱਖ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕਰਦਾ ਹੈ।(4)

ਸਮੁੱਚੇ ਰੂਪ ਵਿੱਚ ਇਹ ਕਹਿ ਸਕਦੇ ਹਾਂ ਕਿ ਸੱਭਿਆਚਾਰ ਵਿੱਚ ਵਧੀਆ ਜੀਵਨ-ਜਾਚ, ਵਧੀਆ ਆਚਰਨ-ਵਿਹਾਰ ਤੇ ਜੀਵਨ ਦੇ ਮੂਲ ਆਧਾਰਾਂ ਬਾਰੇ ਗੱਲ ਕੀਤੀ ਜਾਂਦੀ ਹੈ। ਅਜਿਹੇ ਸਮਾਜ ਵਿਚੋਂ ਹੀ ਸਮੁੱਚੀ ਮਨੁੱਖਤਾ ਨੂੰ ਸੱਭਿਆਚਾਰ ਹਾਸਲ ਹੁੰਦਾ ਹੈ, ਜਿਹੜਾ ਉਸਨੂੰ ਪਸ਼ੂ ਸਮਾਜ ਤੋਂ ਵੱਖਰਾ ਕਰਕੇ ਵਿਸ਼ੇਸ਼ ਤੇ ਵਿਲੱਖਣ ਰੂਪ ਵਿੱਚ ਪੇਸ਼ ਕਰਦਾ ਹੈ। ਗੁਰਬਖ਼ਸ਼ ਸਿੰਘ ਫਰੈਂਕ *ਸੱਭਿਆਚਾਰ ਤੇ ਪੰਜਾਬੀ ਸੱਭਿਆਚਾਰ* 'ਚ ਦਿੱਤੀ ਗਈ ਪਰਿਭਾਸ਼ਾ ਇਸ ਦੇ ਬਹੁਤ ਸਾਰੇ ਤੱਤਾਂ ਨੂੰ ਆਪਣੇ ਵਿੱਚ ਸਮੋਂਦੀ ਹੋਈ ਇਸ ਪ੍ਰਕਾਰ ਪਰਿਭਾਸ਼ਿਤ ਕਰਦੀ ਹੈ ਕਿ :

> ਸੱਭਿਆਚਾਰ ਇੱਕ ਜੁੱਟ ਅਤੇ ਜਟਿਲ ਸਿਸਟਮ ਹੈ, ਜਿਸ ਵਿੱਚ ਕਿਸੇ ਮਨੁੱਖੀ ਸਮਾਜ ਦੇ ਨਿਸ਼ਚਿਤ ਇਤਿਹਾਸਿਕ ਪੜਾਅ ਉੱਤੇ ਪ੍ਰਚਲਿਤ ਕਦਰਾਂ-ਕੀਮਤਾਂ ਅਤੇ ਉਹਨਾਂ ਨੂੰ ਪ੍ਰਗਟ ਕਰਦੇ ਮਨੁੱਖੀ ਵਿਵਹਾਰ ਦੇ ਪੈਟਰਨ ਅਤੇ ਪਦਾਰਥਕ ਅਤੇ ਬੌਧਿਕ ਵਰਤਾਰੇ ਸ਼ਾਮਲ ਹੁੰਦੇ ਹਨ।(15)

ਸੱਭਿਆਚਾਰ ਇੱਕ ਅਜਿਹਾ ਸਮੂਹਿਕ, ਵਿਸਾਲ ਤੇ ਜਟਿਲ ਵਰਤਾਰਾ ਹੈ। ਜਿਸ ਵਿੱਚ ਮਨੁੱਖੀ ਜੀਵਨ ਦੇ ਇਤਿਹਾਸਕ, ਪਦਾਰਥਕ ਅਤੇ ਬੌਧਿਕ ਆਦਿ ਵਰਤਾਰਿਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਇਸ ਕਰਕੇ ਸਮੁੱਚੀ ਮਨੁੱਖਤਾ ਦੁਆਰਾ ਸਿਰਜਿਆ ਗਿਆ ਸਮੁੱਚਾ ਸਮਾਜਿਕ-ਪ੍ਰਬੰਧ, ਆਚਾਰ-ਵਿਹਾਰ ਆਦਿ ਸਾਰੇ ਵਰਤ-ਵਰਤਾਰੇ ਸੱਭਿਆਚਾਰ ਦੇ ਅੰਤਰਗਤ ਆ ਜਾਂਦੇ ਹਨ, ਜਿਹੜੇ ਨਿਰੰਤਰ ਪ੍ਰਵਾਹਿਤ ਹੁੰਦੇ ਰਹਿੰਦੇ ਹਨ। ਡਾ. ਜਸਵਿੰਦਰ ਸਿੰਘ ਵੀ ਸੱਭਿਆਚਾਰ ਦੀ ਪਰਿਭਾਸ਼ਾ ਨੂੰ ਆਪਣੇ ਸ਼ਬਦਾਂ ਰਾਹੀ ਸਪਸ਼ਟ ਕਰਦੇ ਹੋਏ *ਪੰਜਾਬੀ ਸੱਭਿਆਚਾਰ : ਪਛਾਣ ਚਿੰਨ੍ਹ* 'ਚ ਕਹਿੰਦੇ ਹਨ ਕਿ :

> ਸੱਭਿਆਚਾਰ ਦੀ ਪਰਿਭਾਸ਼ਾ, ਸੁਭਾਅ ਤੇ ਸਾਰ ਦਾ ਇਹ ਮੂਲ ਆਧਾਰ ਹੈ ਕਿ ਇਹ ਪ੍ਰਕਿਰਤੀ ਉਪਰ ਮਨੁੱਖੀ ਅਮਲ ਦੇ ਫਲਸਰੂਪ ਸਿਰਜਿਆ ਗਿਆ ਅਜਿਹਾ ਮੌਲਿਕ, ਵੱਖਰਾ ਅਤੇ ਨਵੀਨ ਪ੍ਰਬੰਧ ਹੈ, ਜਿਸਦੀ ਆਪਣੀ ਸੁਤੰਤਰ ਹੋਂਦ ਹੈ। ਇਸਨੂੰ ਪ੍ਰਕਿਰਤੀ ਅਤੇ ਸੱਭਿਆਚਾਰ ਦੇ ਵਿਰੋਧ ਰਾਹੀਂ ਦਰਸਾਇਆ ਜਾ ਸਕਦਾ ਹੈ।(7)

ਸਮਾਜ ਵਿੱਚ ਵਸ ਰਹੇ ਹੋਏ ਮਨੁੱਖਤਾ ਦੇ ਜੀਵਨ ਨਾਲ ਸੰਬੰਧਿਤ ਸਾਰੀਆਂ ਜੀਵਨ ਵਿਧੀਆਂ, ਢੰਗ-ਤਰੀਕੇ, ਜੀਵਨ-ਜਾਚ ਅਤੇ ਸਮੁੱਚੀਆਂ ਮਨੁੱਖੀ ਕਿਰਿਆਵਾਂ ਸੱਭਿਆਚਾਰ ਦੇ ਦਾਇਰੇ ਵਿੱਚ ਆ ਜਾਂਦੀਆਂ ਹਨ, ਜਿਹੜੀਆਂ ਮਨੁੱਖ ਨੂੰ ਪਸ਼ੂ ਸਮਾਜ ਨਾਲੋਂ ਵੱਖਰਾ ਰੂਪ ਦਿੰਦੀਆਂ ਹਨ। ਸਮੁੱਚੀ ਮਨੁੱਖਤਾ ਨੇ ਆਪਣੇ ਸ਼ੁਰੂਆਤ ਸਮੇਂ ਤੋਂ ਹੀ ਆਪਣੇ ਜੀਵਨ ਨੂੰ ਖ਼ੁਸ਼ਹਾਲ ਭਰਪੂਰ ਤੇ ਸੁਖਾਲਾ ਕਰਨ ਲਈ ਸੰਘਰਸ਼ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸ ਦਾ ਇਹ ਸੰਘਰਸ਼ ਪ੍ਰਕਿਰਤਿਕ ਵਾਤਾਵਰਣ ਦੇ ਵਿਰੋਧ ਵਿੱਚ ਚੱਲ ਰਿਹਾ ਸੀ। ਅਜਿਹਾ ਕਰਨ ਸਮੇਂ ਮਨੁੱਖ ਨੇ ਇਹ ਮਹਿਸੂਸ ਕੀਤਾ ਕਿ ਇਹ ਕੰਮ ਇਕੱਲੇਕਾਰੇ ਮਨੁੱਖ ਲਈ ਸੰਭਵ ਨਹੀਂ ਹੈ ਤਾਂ ਉਸਨੇ ਸਮੂਹਿਕਤਾ ਵਿੱਚ ਰਲ-ਮਿਲ ਕੇ ਇਹ ਕੰਮ ਕੀਤਾ। ਜਿਹੜੀਆਂ ਪ੍ਰਕਿਰਤਿਕ ਸ਼ਕਤੀਆਂ

ਉੱਪਰ ਉਸ ਦੀ ਵਾਹ ਨਾ ਚੱਲੀ, ਉਨ੍ਹਾਂ ਨੂੰ ਮਨੁੱਖ ਰੱਬ ਦੀ ਰਜ਼ਾ ਮੰਨ ਕੇ ਉਨ੍ਹਾਂ ਅੱਗੇ ਆਪਣਾ ਸਿਰ ਝੁਕਾ ਲਿਆ। ਇਸ ਸੌਖਾਈ ਅਤੇ ਔਖਾਈ ਵਿਚੋਂ ਲੰਘਦੇ ਹੋਏ ਜਿਹੜੀ ਜੀਵਨ ਨੁਹਾਰ ਸਮੁੱਚੇ ਮਨੁੱਖ ਸਾਹਮਣੇ ਆਈ, ਉਹ ਮਨੁੱਖ ਦਾ ਸੱਭਿਆਚਾਰਕ ਰੂਪ ਧਾਰਨ ਕਰ ਗਿਆ। ਸਮੁੱਚਤਾ ਵਿੱਚ ਇਹ ਕਹਿ ਸਕਦੇ ਹਾਂ ਕਿ ਸਮਾਜ ਅਤੇ ਸੱਭਿਆਚਾਰ ਦੋਵੇਂ ਰੂਪ ਆਪਸ ਵਿੱਚ ਅੰਤਰ-ਸੰਬੰਧਿਤ ਵਰਤਾਰੇ ਹਨ। ਇਹਨਾਂ ਨੂੰ ਇੱਕ ਦੂਸਰੇ ਤੋਂ ਅਲੱਗ ਨਹੀਂ ਜਾ ਸਕਦਾ। ਸਮਾਜਿਕ ਜੀਵਨ ਵਿਚੋਂ ਹੀ ਹਰ ਕਿਸੇ ਸੱਭਿਆਚਾਰ ਦੀ ਸਿਰਜਣਾ ਹੁੰਦੀ ਆ ਰਹੀ ਹੈ। ਮੂਲ ਰੂਪ ਵਿੱਚ ਸਾਡਾ ਪੰਜਾਬੀ ਸੱਭਿਆਚਾਰ ਨਿਰੰਤਰ ਪਰਿਵਰਤਨਸ਼ੀਲ ਰੂਪ ਵਾਲਾ ਰਿਹਾ ਹੈ। ਸ਼ੁਰੂਆਤ ਸਮੇਂ ਤੋਂ ਹੀ ਇਸ ਸੱਭਿਆਚਾਰ ਵਿੱਚ ਕਾਫ਼ੀ ਜ਼ਿਆਦਾ ਪਰਿਵਰਤਨ ਵਾਪਰ ਚੁੱਕੇ ਹਨ। ਸਮੇਂ-ਸਮੇਂ 'ਤੇ ਵੱਖਰੇ-ਵੱਖਰੇ ਹਮਲਾਵਰ ਜਦ ਵੀ ਇੱਥੇ ਆਉਂਦੇ ਸਨ ਤਾਂ ਸਾਰੇ ਹੀ ਹਮਲਾਵਰ ਆਪਣੀ ਛਾਪ ਇੱਥੇ ਛੱਡ ਜਾਂਦੇ ਸਨ। ਵਰਤਮਾਨ ਯੁੱਗ ਵਿੱਚ ਤੇ ਪਿਛਲੇ ਸੌ ਸਾਲਾਂ ਵਿੱਚ ਇੱਥੇ ਬਹੁਤ ਸਾਰੇ ਬਦਲਾਅ ਆਏ। ਵਰਤਮਾਨ ਯੁੱਗ ਇੰਟਰਨੈੱਟ ਤੇ ਕੰਪਿਊਟਰ ਦਾ ਯੁੱਗ ਹੈ, ਅਜਿਹੇ ਕਾਰਨ ਕਰਕੇ ਹੀ ਬਹੁਤੇ ਲੋਕ ਇੱਕ ਦੂਜੇ ਦੇ ਸੱਭਿਆਚਾਰ ਨੂੰ ਜਲਦੀ ਅਪਣਾਉਣ ਦੀ ਪ੍ਰਵਿਰਤੀ ਰੱਖਦੇ ਸਨ ਜਦੋਂ ਕਿ ਪਹਿਲਾਂ ਤਕਨਾਲੋਜੀ ਦੇ ਸਾਧਨਾਂ ਦੀ ਬਹੁਤ ਜ਼ਿਆਦਾ ਕਮੀ ਸੀ, ਕਿਉਂਕਿ ਅਜਿਹੇ ਕਾਰਨ ਕਰਕੇ ਹੀ ਬਹੁਤੇ ਲੋਕ ਵੀ ਹੱਥ ਨਾਲ ਕੰਮ ਕਰਕੇ ਹੀ ਗੁਜ਼ਾਰਾ ਕਰਨ ਨੂੰ ਤਰਜ਼ੀਹ ਦਿੰਦੇ ਸਨ। ਉਹਨਾਂ ਕੋਲ ਸਾਧਨ ਦੀ ਵੀ ਬਹੁਤ ਜ਼ਿਆਦਾ ਕਮੀ ਹੁੰਦੀ ਸੀ। ਵਰਤਮਾਨ ਤੋਂ ਤਕਰੀਬਨ 100 ਸਾਲ ਪਹਿਲਾਂ ਦੇ ਸਮਾਜ ਸੱਭਿਆਚਾਰ ਵਿੱਚ ਖੇਤੀ ਕਰਨ ਦੇ ਢੰਗ ਤਰੀਕੇ ਵੀ ਪੁਰਾਣੇ ਸਮਿਆਂ ਦੇ ਸਨ, ਕਿਉਂਕਿ ਪੰਜਾਬ ਦਾ ਵਧੇਰੇ ਅਰਥਚਾਰਾ ਖੇਤੀਬਾੜੀ 'ਤੇ ਆਧਾਰਿਤ ਸੀ। ਉਸ ਸਮੇਂ ਖੇਤੀਬਾੜੀ ਕਰਨ ਦੇ ਢੰਗ ਤਰੀਕੇ ਵੀ ਪੁਰਾਣੇ ਸਨ, ਅਜੋਕੇ ਸਮੇਂ ਤਾਂ ਤਕਨਾਲੋਜੀ ਦੇ ਸਾਧਨਾਂ ਨੇ ਖੇਤੀਬਾੜੀ ਕਰਨ ਲਈ ਸੌਖਾਈ ਕਰ ਦਿੱਤੀ ਹੈ, ਪ੍ਰੰਤੂ ਪਹਿਲਾਂ ਲੋਕ ਪਸ਼ੂ ਪਾਲਣ ਦੇ ਨਾਲ-ਨਾਲ ਖੇਤੀਬਾੜੀ ਵੀ ਕਰਦੇ ਸਨ, ਜਿਸ ਕਰਕੇ ਉਸਨੂੰ ਖੇਤੀਬਾੜੀ ਕਾਮਿਆਂ ਦੀ ਵੀ ਬਹੁਤ ਜ਼ਿਆਦਾ ਜ਼ਰੂਰਤ ਹੁੰਦੀ ਸੀ। ਮਸ਼ੀਨੀ ਯੁੱਗ ਦੇ ਸੱਭਿਆਚਾਰ ਨੇ ਵਰਤਮਾਨ ਸਮੇਂ ਇਸ ਜ਼ਰੂਰਤ ਨੂੰ ਸੰਪੂਰਨ ਰੂਪ ਵਿੱਚ ਖ਼ਤਮ ਕਰ ਦਿੱਤਾ ਹੈ। ਅੱਜ ਤਕਨਾਲੋਜੀ ਦੇ ਵਿਕਾਸ ਕਾਰਨ ਹਰੇਕ ਘਟਨਾ-ਦੁਰਘਟਨਾ ਦੀ ਜਾਣਕਾਰੀ

ਸਾਨੂੰ ਬੜੀ ਜਲਦੀ ਘਰ ਬੈਠੇ ਹੀ ਮਿਲ ਜਾਂਦੀ ਹੈ। ਡਾ. ਜਸਵਿੰਦਰ ਸਿੰਘ ਨੇ ਵਰਤਮਾਨ ਸੰਸਾਰ ਨੂੰ ਇੱਕ ਗਲੋਬਲ ਪਿੰਡ ਵਜੋਂ ਪਰਿਭਾਸ਼ਤ ਕਰਕੇ ਪੰਜਾਬੀ ਸੱਭਿਆਚਾਰ ਬਦਲਾਵ, ਚੁਨੌਤੀਆਂ ਅਤੇ ਸੰਭਾਵਨਾਵਾਂ ਖੋਜ ਦਰਪਣ ਲੋਕਧਾਰਾ ਵਿਸ਼ੇਸ਼ ਅੰਕ, 2005, ਸਪਸ਼ਟੀਕਰਨ ਦਿੱਤਾ ਹੈ ਕਿ:

> ਸੰਸਾਰ ਮੰਡੀ, ਆਵਾਜਾਈ ਦੇ ਵਸੀਲਿਆਂ ਗਿਆਨ ਅਤੇ ਸੰਚਾਰ ਤਕਨਾਲੋਜੀ ਦੀ ਸਪੀਡ ਨੇ ਸਮੁੱਚੇ ਸੰਸਾਰ ਦੇ ਹਰੇਕ ਮੁਲਕ ਨੂੰ ਆਪਣੇ ਨੈੱਟਵਰਕ ਨਾਲ ਜੋੜ ਲਿਆ ਹੈ।(1)

ਸਮੁੱਚੇ ਗਲੋਬਲ ਪਿੰਡ ਹੋਣ ਦੇ ਕਾਰਨ ਸੰਸਾਰ ਦੇ ਸਾਰੇ ਸਮਾਜ ਇੱਕ ਦੂਸਰੇ ਨਾਲ ਅੰਤਰ-ਸੰਬੰਧਿਤ ਹੋ ਰਹੇ ਹਨ। ਵਰਤਮਾਨ ਸਮੇਂ ਅਸੀਂ ਦੂਜੇ ਮੁਲਕਾਂ ਦੇ ਸੱਭਿਆਚਾਰ ਨੂੰ ਸੰਪੂਰਨ ਰੂਪ ਵਿੱਚ ਅਪਣਾਉਣ ਦਾ ਯਤਨ ਕਰ ਰਹੇ ਹਨ, ਪ੍ਰੰਤੂ ਨਾਲ ਹੀ ਉਹ ਸਾਡੇ ਸੱਭਿਆਚਾਰ ਨੂੰ ਅਪਣਾ ਰਹੇ ਹਨ। ਇਸ ਤਰ੍ਹਾਂ ਸਮਾਜ ਅਤੇ ਸੱਭਿਆਚਾਰ ਦੋਵੇਂ ਆਪਸ ਵਿੱਚ ਅੰਤਰ-ਸੰਬੰਧਿਤ ਹਨ। ਸਮਾਜ ਸਮਾਜਿਕ ਸੰਬੰਧਾਂ ਉਪਰ ਆਧਾਰਿਤ ਹੋਣ ਕਰਕੇ ਸੱਭਿਆਚਾਰਕ ਨੈਤਿਕ-ਮੁੱਲਾਂ ਦਾ ਬਹੁਤ ਜ਼ਿਆਦਾ ਮਹੱਤਵਪੂਰਨ ਰੋਲ ਕਰਦਾ ਹੈ। ਇਸ ਗੱਲ ਦਾ ਸਪਸ਼ਟੀਕਰਨ ਕਿੰਗਜ਼ਲੇ ਡੇਵਿਡ ਦੀ *ਮਨੁੱਖੀ ਸਮਾਜ* ਕਿਤਾਬ 'ਚੋਂ ਲਈ ਇਸ ਪਰਿਭਾਸ਼ਾ ਤੋਂ ਹੋ ਜਾਂਦੀ ਹੈ ਕਿ: ਮਨੁੱਖੀ ਸਮਾਜ ਦਾ ਅਧਿਐਨ ਸੱਭਿਆਚਾਰ ਦਾ ਅਧਿਐਨ ਹੈ।(2)

ਇਸ ਤਰ੍ਹਾਂ ਸਪੱਸ਼ਟ ਹੈ ਕਿ ਸਮੁੱਚੀ ਮਨੁੱਖਤਾ ਵਿੱਚ ਸਮਾਜ ਅਤੇ ਸੱਭਿਆਚਾਰ ਦੀ ਹੋਂਦ ਇੱਕ ਦੂਜੇ ਤੋਂ ਬਿਨਾਂ ਸੰਭਵ ਨਹੀਂ ਹੈ। ਸੱਭਿਆਚਾਰ ਦੇ ਭਾਵ ਅਰਥ, ਪੱਖ ਬਾਰੇ ਸਿਧਾਂਤਕ ਤੌਰ 'ਤੇ ਕੋਈ ਬਹੁਤ ਜ਼ਿਆਦਾ ਕੰਮ ਹੋਇਆ ਨਹੀਂ ਮਿਲਦਾ। ਸਿਧਾਰਥ ਕੁਮਾਰ *ਜਗਰਾਤਾ-ਸਮਾਜ ਸੱਭਿਆਚਾਰਕ ਅਧਿਐਨ* ਆਖਦਾ ਹੈ ਕਿ:

> ਐਲ.ਐਸ.ਵਿਗੋਤਸਕੀ (L.S.Vygotsky) ਜੋ ਰੂਸੀ ਮਨੋਵਿਗਿਆਨੀ ਸੀ, ਨੇ ਸਮਾਜ ਸੱਭਿਆਚਾਰਕ ਅਧਿਐਨ ਵਿਧੀ ਨੂੰ ਮਨੋਵਿਗਿਆਨ ਦੇ ਖੇਤਰ ਵਿੱਚ ਪਹਿਲੀ ਵਾਰ ਲਾਗੂ ਕਰਨ ਬਾਰੇ ਸੋਚਿਆ।(34)

ਜੇਕਰ ਸਮੁੱਚੀ ਮਨੁੱਖਤਾ ਅਤੇ ਉਸ ਦੀਆਂ ਸਮਾਜਿਕ ਇਕਾਈਆਂ ਦਾ ਅਧਿਐਨ ਕਰਨਾ ਹੋਵੇ ਤਾਂ

ਸੱਭਿਆਚਾਰ ਦੇ ਭਾਵ ਅਰਥ, ਪੱਖ ਦੁਆਰਾ ਹੀ ਹੋ ਸਕਦਾ ਹੈ। ਵਿਗੋਤਸਕੀ ਨੇ ਸੱਭਿਆਚਾਰ ਦੇ ਭਾਵ ਅਰਥ, ਪੱਖ ਅਧਿਐਨ ਬਾਰੇ *ਅਪਲਾਇੰਗ ਵਿਗੋਤਸਕੀ ਸ਼ੋਸਿਓਕਲਚਰ ਥੀਉਰੀ ਆਫ਼ ਆਰਟ* 'ਚ ਕਿਹਾ ਹੈ, ਉਹ ਬੱਚੇ ਦੀ ਭਾਸ਼ਾ ਸਿੱਖਣ ਦੀ ਯੋਗਤਾ, ਸੱਭਿਆਚਾਰ ਦਾ ਗਿਆਨ ਅਤੇ ਉਸਦੇ ਬੌਧਿਕ, ਮਾਨਸਿਕ ਵਿਕਾਸ ਨਾਲ ਸੰਬੰਧਿਤ ਸੀ। ਉਸਨੇ ਕਿਹਾ ਕਿ ਜਦ ਵੀ ਬੱਚਾ ਵਿਕਾਸ ਕਰਦਾ ਹੈ ਤਾਂ ਉਸਦੇ ਦਿਮਾਗ ਨੂੰ ਸੱਭਿਆਚਾਰ ਦੇ ਜਿਹੜੇ ਵੀ ਭਾਵ ਅਰਥ, ਪੱਖ ਵਰਤ-ਵਰਤਾਰੇ ਪ੍ਰਭਾਵਿਤ ਕਰਦੇ ਹਨ, ਉਨ੍ਹਾਂ ਦਾ ਜ਼ਿਕਰ ਇਸ ਤਰ੍ਹਾ ਕੀਤਾ ਗਿਆ ਹੈ :

> ਵਿਗੋਤਸਕੀ ਦੀ ਇਸ ਵਿਧੀ ਅਨੁਸਾਰ ਸੱਭਿਆਚਾਰ ਦੇ ਨਾਲ ਨਾਲ ਪਰਸਪਰ ਸਮਾਜਿਕ ਪ੍ਰਭਾਵ 'ਤੇ ਭਾਸ਼ਾ ਤਾਂ ਇੱਕ ਦੂਸਰੇ ਨੂੰ ਪ੍ਰਭਾਵਿਤ ਕਰਦੇ ਹੀ ਹਨ ਪਰ ਇਸਦੇ ਨਾਲ ਹੀ ਬੱਚੇ ਦਾ ਦਿਮਾਗੀ ਵਿਕਾਸ ਵੀ ਪ੍ਰਭਾਵਿਤ ਹੁੰਦਾ ਹੈ। ਸਮਾਜ- ਸੱਭਿਆਚਾਰਕ ਵਿਧੀ ਵਿੱਚ ਸਿੱਖਣ ਦੀ ਪ੍ਰਕਿਰਿਆ ਇੱਕ ਸਮਾਜਿਕ ਸਥਿਤੀ ਵਿੱਚ ਵਾਪਰਦੀ ਹੈ ਤੇ ਇਹ ਪ੍ਰਕਿਰਿਆ ਸਭ ਤੋਂ ਪਹਿਲਾਂ ਅਧਿਆਪਕ ਤੇ ਸਿੱਖਿਅਕ ਵਿੱਚਕਾਰ ਤੇ ਫਿਰ ਬੱਚੇ ਦੇ ਮਨ ਅੰਦਰ ਵਾਪਰਦੀ ਹੈ।(173)

ਵਿਗੋਤਸਕੀ ਮਨੋਵਿਗਿਆਨੀ ਦ੍ਰਿਸ਼ਟੀ ਤੋਂ ਸਮੁੱਚੀ ਮਨੁੱਖਤਾ ਦੀਆਂ ਮਾਨਸਿਕ ਕਿਰਿਆਵਾਂ ਨੂੰ ਵਿਚਾਰਨ, ਜਾਚਣ ਤੇ ਸਮਝਣ ਉੱਪਰ ਜ਼ੋਰ ਦਿੰਦਾ ਸੀ। ਉਹ ਕਹਿੰਦਾ ਸੀ ਕਿ ਮਨੁੱਖਤਾ ਦੇ ਸਮੁੱਚੇ ਵਰਤ-ਵਿਹਾਰ ਨੂੰ ਵਿਚਾਰਨ, ਜਾਚਣ ਤੇ ਸਮਝਣ ਲਈ ਉਸਦੇ ਸੱਭਿਆਚਾਰ ਦੇ ਭਾਵ ਅਰਥ, ਪੱਖ ਵਰਤ-ਵਰਤਾਰਿਆਂ ਨੂੰ ਜਾਣਨਾ ਜ਼ਰੂਰੀ ਹੈ। ਵਿਗੋਤਸਕੀ ਦੁਆਰਾ ਦਿੱਤਾ ਗਿਆ ਇਹ ਸੰਕਲਪ ਪਹਿਲਾਂ ਮਨੋਵਿਗਿਆਨ ਦੇ ਖੇਤਰ ਤੱਕ ਹੀ ਸੀਮਿਤ ਸੀ, ਪ੍ਰੰਤੂ ਬਾਅਦ ਵਿੱਚ ਇਸ ਨੇ ਵਿਕਾਸ ਕਰ ਲਿਆ ਤੇ ਇਸਦੀ ਵਰਤੋਂ ਸੱਭਿਆਚਾਰ ਦੇ ਭਾਵ ਅਰਥ, ਪੱਖ ਦੇ ਵਰਤ-ਵਰਤਾਰਿਆਂ ਵਿੱਚ ਵੀ ਕੀਤੀ ਜਾਣ ਲੱਗ ਪਈ। ਸੱਭਿਆਚਾਰ ਦਾ ਭਾਵ ਅਰਥ, ਪੱਖ ਇੱਕ ਅਜਿਹਾ ਅਧਿਐਨ ਖੇਤਰ ਹੈ, ਜਿਹੜਾ ਸਮੁੱਚੀ ਮਨੁੱਖਤਾ ਦੇ ਜੀਵਨ-ਪ੍ਰਬੰਧ ਦੇ ਸਮੁੱਚੇ ਵਰਤ-ਵਰਤਾਰਿਆਂ ਨੂੰ ਜਿਵੇਂ ਰਾਜਨੀਤਿਕ, ਆਰਥਿਕ, ਧਾਰਮਿਕ, ਸੰਚਾਰ ਸਾਧਨ, ਸਮਾਜ-ਸੱਭਿਆਚਾਰ ਵਰਤਾਰੇ, ਇਤਿਹਾਸ, ਕਲਾ, ਸਾਹਿਤ ਤੇ ਦਰਸ਼ਨ ਆਦਿ ਦਾ ਅਧਿਐਨ ਸੱਭਿਆਚਾਰ ਦੇ ਭਾਵ ਅਰਥ, ਪੱਖ

ਦ੍ਰਿਸ਼ਟੀ ਤੋਂ ਕੀਤਾ ਜਾਂਦਾ ਹੈ। ਸਿਧਾਰਥ ਕੁਮਾਰ ਸੱਭਿਆਚਾਰ ਦੇ ਭਾਵ ਅਰਥ, ਪੱਖ ਨੂੰ ਆਪਣੀ ਵਿਸ਼ੇਸ਼ ਪੁਸ਼ਟੀ ਦੁਆਰਾ *ਸਮਾਜ ਸੱਭਿਆਚਾਰਕ ਅਧਿਐਨ* 'ਚ ਪਰਿਭਾਸ਼ਤ ਕਰਦਾ ਹੈ ਕਿ:

> ਸੱਭਿਆਚਾਰਕ ਅਧਿਐਨ ਤੋਂ ਭਾਵ ਅਜਿਹਾ ਅਧਿਐਨ ਹੈ, ਜਿਸ ਵਿੱਚ ਅਧਿਐਨ ਅਧੀਨ ਵਰਤਾਰੇ ਦੇ ਵਿਸ਼ਲੇਸ਼ਣ ਰਾਹੀਂ ਸੰਬੰਧਿਤ ਸਮਾਜ ਦੀ ਨੁਹਾਰ, ਉਸਦੇ ਤੱਤਾਂ ਅਤੇ ਜੀਵਨ ਮੁੱਲਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।(33)

ਉਪਰੋਕਤ ਰੂਪ ਵਿੱਚ ਅਜਿਹੇ ਅਧਿਐਨ ਦਾ ਖੇਤਰ ਸੱਭਿਆਚਾਰ ਦੇ ਭਾਵ ਅਰਥ, ਪੱਖਾਂ ਸੰਬੰਧੀ ਅਜਿਹੇ ਚਿੰਨ੍ਹ ਹੁੰਦੇ ਹਨ, ਜਿਨ੍ਹਾਂ ਉੱਪਰ ਕਿਸੇ ਵੀ ਸੱਭਿਆਚਾਰ ਦੇ ਭਾਵ ਅਰਥ, ਪੱਖ ਦੇ ਵਰਤ-ਵਰਤਾਰਿਆਂ ਦੀ ਨੀਂਹ ਰੱਖੀ ਹੁੰਦੀ ਹੈ। ਕਿਉਂਕਿ ਅਜਿਹਾ ਹੀ ਅਧਿਐਨ ਸਮੁੱਚੀ ਲੋਕਾਈ ਦੇ ਮਾਨਸਿਕ ਵਰਤ-ਵਿਵਹਾਰਾਂ ਦਾ ਅਧਿਐਨ ਕਰਨ ਵਿੱਚ ਸਫਲ ਹੁੰਦਾ ਹੈ। ਇਨ੍ਹਾਂ ਵਿਚੋਂ ਹੀ ਸਾਡੇ ਸੱਭਿਆਚਾਰ ਦੀ ਸਮੁੱਚੀ ਤਸਵੀਰ ਦਾ ਉਭਾਰ ਹੁੰਦਾ ਹੈ। ਇਹ ਤਸਵੀਰ ਸਮੁੱਚੀ ਮਨੁੱਖਤਾ ਦੇ ਸਮਾਜ, ਸੱਭਿਆਚਾਰ, ਅਰਥ ਵਿਵਸਥਾ, ਭਾਈਚਾਰਕ ਸਾਂਝ ਤੇ ਸਮੁੱਚੇ ਜੀਵਨ-ਪ੍ਰਬੰਧ ਇੱਥੋਂ ਤੱਕ ਕਿ ਮਨੁੱਖਤਾ ਦੇ ਸਮਾਜਿਕ, ਰਾਜਨੀਤਿਕ, ਆਰਥਿਕ ਜੀਵਨ-ਪ੍ਰਬੰਧ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਅਜਿਹੇ ਪੱਖ ਆਦਿ ਕਾਲ ਤੋਂ ਵਰਤਮਾਨ ਸਮੇਂ ਤੱਕ ਸਮੁੱਚੀ ਮਨੁੱਖਤਾ ਦੀ ਜ਼ਿੰਦਗੀ ਵਿੱਚ ਖ਼ਾਸ ਭੂਮਿਕਾ ਨਿਭਾਅ ਰਹੇ ਹਨ। ਜਦ ਵੀ ਇਨ੍ਹਾਂ ਦਾ ਅਧਿਐਨ ਕੀਤਾ ਜਾਂਦਾ ਹੈ ਤਾਂ ਇਹਨਾਂ ਵਿਚੋਂ ਸੱਭਿਆਚਾਰ ਦੇ ਭਾਵ ਅਰਥ, ਪੱਖ ਦੇ ਵਰਤ-ਵਰਤਾਰੇ ਪ੍ਰਗਟ ਹੁੰਦੇ ਹਨ ਹੈ। ਜਿਨ੍ਹਾਂ ਵਿੱਚ ਸਮੁੱਚੀ ਮਨੁੱਖਤਾ ਦੀਆਂ ਮਨ ਦੀਆਂ ਵਿਸ਼ੇਸ਼ ਤੇ ਵਿਲੱਖਣ ਪਰਤਾਂ ਨੂੰ ਫਰੋਲਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅੰਤ ਵਿੱਚ ਇਹ ਕਹਿ ਸਕਦੇ ਹਾਂ ਕਿ ਸੱਭਿਆਚਾਰ ਦਾ ਭਾਵ ਅਰਥ ਹੀ ਇਹਨਾਂ ਸਮਾਜਿਕ ਸੰਸਥਾਵਾਂ, ਰਾਜਨੀਤਿਕ, ਜਾਤੀਗਤ, ਆਰਥਿਕ ਅਤੇ ਧਾਰਮਿਕ ਸੰਸਥਾਵਾਂ ਦਾ ਅਧਿਐਨ ਕਰਨ ਲਈ ਉਪਯੁਕਤ ਪੱਖ ਮੰਨਿਆ ਜਾ ਸਕਦਾ ਹੈ।

**1.8.2. ਸੱਭਿਆਚਾਰਕ ਰੂਪਾਂਤਰਨ ਦੇ ਭਾਵ ਅਰਥ:** ਸੱਭਿਆਚਾਰ ਕਦੇ ਵੀ ਸਥਿਰ ਨਹੀਂ ਹੁੰਦਾ। ਇਹ ਨਿਰੰਤਰ ਰੂਪਾਂਤਰਨ ਹੋਂਦ ਹੈ।ਮਨੁੱਖ ਆਪਣੀਆਂ ਲੋੜਾਂ ਦੀ ਪੂਰਤੀ ਲਈ ਪ੍ਰਕ੍ਰਿਤੀ ਤੇ ਨਿਰਭਰ ਹੈ। ਉਹ ਮੁੱਢ

ਕਾਲ ਤੋਂ ਹੀ ਪ੍ਰਕ੍ਰਿਤੀ ਨਾਲ ਨਿਰੰਤਰ ਘੋਲ ਕਰਦਾ ਆ ਰਿਹਾ ਹੈ। ਇਸ ਘੋਲ ਦੌਰਾਨ ਮਨੁੱਖ ਪ੍ਰਕ੍ਰਿਤੀ ਦੇ ਪ੍ਰਬੰਧ ਨੂੰ ਕਿਸੇ ਨਾ ਕਿਸੇ ਹੱਦ ਤੱਕ ਸਮਝ ਕੇ ਉਸ ਸਮਝ ਦੇ ਆਧਾਰ ਉੱਤੇ ਆਪਣੀ ਹੋਂਦ ਦੀ ਰਾਖੀ ਲਈ ਅਜਿਹੇ ਸੰਦਾਂ ਦੀ ਸਿਰਜਣਾ ਕਰਦਾ ਆ ਰਿਹਾ ਹੈ ਜਿਨ੍ਹਾਂ ਦੀ ਵਰਤੋਂ ਨਾਲ ਪ੍ਰਾਕ੍ਰਿਤਕ ਸ਼ਕਤੀਆਂ ਨੂੰ ਆਪਣੀਆਂ ਲੋੜਾਂ ਦੇ ਅਨੁਕੂਲ ਢਾਲ ਸਕੇ। ਮਨੁੱਖ ਨੇ, ਹੋਸ਼ ਸੰਭਾਲਦਿਆਂ ਹੀ, ਕੁਦਰਤ ਦੇ ਨਿੱਤ-ਬਦਲਦੇ ਵੰਨ-ਸੁਵੰਨੇ ਰੂਪਾਂ ਨੂੰ ਵੇਖਿਆਂ, ਜੋ ਆਦਿ ਮਨੁੱਖ ਨੂੰ ਬਹੁਤ ਅਸਚਰਜ ਲੱਗਦੇ ਸਨ। ਇਨ੍ਹਾਂ ਰੂਪਾਂ ਵਿਚੋਂ ਉਸਨੂੰ ਕਈ ਅਦ੍ਰਿਸ਼ਟ ਸ਼ਕਤੀਆਂ ਦਾ ਅਹਿਸਾਸ ਹੋਇਆ।ਮਨੁੱਖ ਦੀ ਬੁੱਧੀ ਨੇ ਉਸਨੂੰ ਵੰਗਾਰਿਆ ਤਾਂ ਉਹ ਬ੍ਰਹਿਮੰਡ ਦੀ ਸੰਚਾਲਕ ਸ਼ਕਤੀ ਦੀ ਭਾਲ ਵਿੱਚ ਲੱਗ ਗਿਆ। ਜਿਹੜੀਆਂ ਸ਼ਕਤੀਆਂ ਤੋਂ ਉਹ ਡਰ ਗਿਆ ਉਨ੍ਹਾਂ ਨੂੰ ਪ੍ਰਸੰਨ ਕਰਨ ਲਈ ਉਸਨੇ ਕਈ ਢੰਗ ਅਤੇ ਵਿਧੀਆਂ ਅਪਣਾਈਆਂ। ਜਿਨ੍ਹਾਂ ਸ਼ਕਤੀਆਂ ਨੇ ਉਸ ਦੀਆਂ ਸਮੱਸਿਆਵਾਂ ਨੂੰ ਸੁਲਝਾਇਆ ਅਤੇ ਵਿਹਲੇ ਸਮੇਂ ਵਿੱਚ ਉਸਨੂੰ ਅਨੰਦ ਪ੍ਰਦਾਨ ਕੀਤਾ, ਉਨ੍ਹਾਂ ਲਈ ਉਸਦੇ ਮਨ ਵਿੱਚ ਸ਼ਰਧਾ ਭਾਵ ਉਤਪੰਨ ਹੋਇਆ। ਸਪੱਸ਼ਟ ਹੈ ਕਿ ਸੱਭਿਆਚਾਰ ਵਿੱਚ ਰੂਪਾਂਤਰਨ ਆਉਂਦੇ ਰਹਿੰਦੇ ਹਨ। ਕਿਉਂਕਿ ਮਨੁੱਖੀ ਜੀਵਨ ਨਾਲ ਸੰਬੰਧਿਤ ਕਾਰ-ਵਿਹਾਰ, ਕਦਰਾਂ-ਕੀਮਤਾਂ, ਪ੍ਰਤੀਮਾਨ ਪੈਟਰਨ ਆਦਿ ਸੱਭਿਆਚਾਰ ਨੂੰ ਇੱਕ ਸੰਗਠਿਤ ਅਤੇ ਨਿਸ਼ਚਿਤ ਪ੍ਰਬੰਧ ਵਿੱਚ ਢਾਲਦੇ ਹਨ। ਇਸ ਪ੍ਰਕਾਰ ਮਨੁੱਖੀ ਚੇਤਨਾ ਦੇ ਸਾਰੇ ਸੰਕਲਪ, ਮਨੁੱਖ ਦਾ ਵਤੀਰਾ, ਜੀਵਨ-ਜਾਚ, ਕਦਰਾਂ-ਕੀਮਤਾਂ, ਪ੍ਰਤੀਮਾਨ ਆਦਿ ਬਹੁਤ ਸਾਰੀਆਂ ਸਥੂਲ ਅਤੇ ਸੂਖਮ ਸਿਰਜਣਾਵਾਂ ਸੱਭਿਆਚਾਰ ਦੇ ਘੇਰੇ ਵਿੱਚ ਆਉਂਦੀਆਂ ਹਨ। ਸੱਭਿਆਚਾਰ ਇੱਕ ਗਤੀਸ਼ੀਲ ਵਰਤਾਰਾ ਹੈ ਜੋ ਹਮੇਸ਼ਾ ਰੂਪਾਂਤਰਨ ਪ੍ਰਕਿਰਿਆ ਵਿੱਚ ਰਹਿੰਦਾ ਹੈ। ਡਾ ਪੁਸ਼ਪਿੰਦਰ ਕੌਰ ਰੂਪਾਂਤਰਨ ਭਾਵ ਅਰਥ ਬਾਰੇ *ਪਰਵਾਸੀ ਪੰਜਾਬੀ ਗਲਪ ਵਿੱਚ ਮਨੁੱਖੀ ਰਿਸ਼ਤਿਆਂ ਦਾ ਰੂਪਾਂਤਰਨ* 'ਚ ਕਹਿੰਦੀ ਹੈ ਕਿ:

> ਰੂਪਾਂਤਰਨ ਦਾ ਸਮਾਨਾਰਥਕ ਅੰਗਰੇਜ਼ੀ ਭਾਸ਼ਾ ਵਿੱਚ ਸ਼ਬਦ Transformation ਹੈ। ਜਿਸ ਦੇ ਕੋਸ਼ਗਤ ਅਰਥ ਬਾਹਰੀ ਰੂਪ ਜਾਂ ਦਿੱਖ ਵਿੱਚ ਤਬਦੀਲੀ, ਹਾਲਾਤ ਜਾਂ ਵਿਅਕਤਿਤਵ ਵਿੱਚ ਤਬਦੀਲੀ, ਬਦਲ ਜਾਣਾ ਹਨ। ਰੂਪਾਂਤਰਨ ਲਈ ਅੰਗਰੇਜ਼ੀ ਭਾਸ਼ਾ ਵਿੱਚ ਸ਼ਬਦ

Metamorphism ਵੀ ਵਰਤਿਆ ਜਾਂਦਾ ਹੈ। ਜਿਸ ਦੇ ਅਰਥ ਵਿਕਾਸ ਦੌਰਾਨ ਆਈਆਂ ਤਬਦੀਲੀਆਂ, ਸਮੇਂ ਦੇ ਕਾਲ ਕ੍ਰਮ ਅਨੁਸਾਰ ਵਿਕਾਸਵਾਦੀ ਪਰਿਵਰਤਨ ਹਨ।(29)

ਸੱਭਿਆਚਾਰਕ ਰੂਪਾਂਤਰਨ ਸਬੰਧੀ ਡਾ. ਭੁਪਿੰਦਰ ਸਿੰਘ ਖਹਿਰਾ ਆਪਣੀ ਪੁਸਤਕ *ਲੋਕਧਾਰਾ ਭਾਸ਼ਾਂ ਤੇ ਸੱਭਿਆਚਾਰ* 'ਚ ਲਿਖਦੇ ਹਨ:

> ਸੱਭਿਆਚਾਰਕ ਰੂਪਾਂਤਰਨ, ਸੱਭਿਆਚਾਰ ਵਿੱਚ ਆਉਣ ਵਾਲੇ ਉਹਨਾਂ ਪਰਿਵਰਤਨਾਂ ਲਈ ਵਰਤਿਆ ਜਾਂਦਾ ਹੈ, ਜਿਹੜੇ ਸੱਭਿਆਚਾਰ ਦੀ ਮੂਲ ਪਰੰਪਰਾ ਦੇ ਅੰਤਰਗਤ ਨਿਰੰਤਰ ਆਉਂਦੇ ਰਹਿੰਦੇ ਹਨ। ਇਹਨਾਂ ਪਰਿਵਰਤਨਾਂ ਸਦਕਾ, ਪੁਰਾਣੇ ਤੱਤ ਨਵਾਂ ਪ੍ਰਸੰਗ ਧਾਰਨ ਕਰਦੇ ਹਨ। ਬੇਲੋੜੇ ਤੱਤ ਆਪਣਾ ਨਿਖੇਧ ਕਰਦੇ ਹਨ। ਪੁਰਾਤਨ ਅਤੇ ਪਰੰਪਰਾਗਤ ਕਦਰਾਂ ਕੀਮਤਾਂ ਦੇ ਪ੍ਰਸੰਗ ਵਿੱਚ ਨਵੀਂ ਕਦਰਾਂ ਕੀਮਤਾਂ ਸਿਰਜੀਆਂ ਜਾਂਦੀਆਂ ਹਨ। ਇਹਨਾਂ ਪਰਿਵਰਤਨਾਂ ਕਾਰਨ ਸੱਭਿਆਚਾਰ ਦੀ ਪਰੰਪਰਾ ਦਾ ਪ੍ਰਸੰਗ ਨਹੀਂ ਬਦਲਦਾ। ਪੁਰਾਣੇ ਰੂਪਾਂ ਨੂੰ ਆਧਾਰ ਬਣਾ ਕੇ ਨਵੇਂ ਰੂਪਾਂ ਦੀ ਸਿਰਜਣ ਪ੍ਰਕਿਰਿਆ ਨੂੰ ਹੀ ਰੂਪਾਂਤਰਨ ਕਿਹਾ ਜਾਂਦਾ ਹੈ। ਬਦਲ ਰਹੀਆਂ ਪਰਿਸਥਿਤੀਆਂ ਦੇ ਪ੍ਰਸੰਗ ਵਿੱਚ ਪੁਰਾਣੇ ਰੂਪਾਂ ਨੂੰ ਰੰਗ ਬਦਲਣਾ ਪੈਂਦਾ ਹੈ, ਜਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਨਵੀਂਆਂ ਰੂਪਾਂਤਰਨ ਹੈ। ਰੂਪਾਂਤਰਨ ਨਿਰੰਤਰ ਪ੍ਰਕਿਰਿਆ ਹੈ ਜਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਸੱਭਿਆਚਾਰ ਦੇ ਵਿਕਾਸ ਦੀ ਧੀਮੀ ਪ੍ਰਕਿਰਿਆ ਹੈ।(156)

ਸੱਭਿਆਚਾਰਕ ਰੂਪਾਂਤਰਨ ਇੱਕ ਅਹਿਮ, ਅਟੱਲ ਪਰ ਅਤਿਅੰਤ ਸੂਖਮ ਪ੍ਰਕਿਰਿਆ ਹੈ। ਕੁਦਰਤ ਦੇ ਨਿਯਮ ਅਧੀਨ ਪ੍ਰਕਿਰਤੀ ਅੰਦਰ ਹਰ ਸ਼ੈ ਨਿਰੰਤਰ ਗਤੀ ਦੇ ਅਮਲ ਵਿਚੋਂ ਲੰਘ ਰਹੀ ਹੈ। ਸਭਿਆਚਾਰ ਰੂਪਾਂਤਰ ਦੇ ਸੰਦਰਭ ਵਿੱਚ ਸਭਿਆਚਾਰ ਵਿਗਿਆਨੀਆਂ ਨੇ ਪਰਿਵਰਤਨ ਜਾਂ ਤਬਦੀਲੀ ਦੀ ਥਾਂ ਰੂਪਾਂਤਰ ਸ਼ਬਦ ਨੂੰ ਤਰਜੀਹ ਦਿੱਤੀ ਹੈ। ਸੱਭਿਆਚਾਰ ਰੂਪਾਂ ਦਾ ਪਰਿਵਰਤਨ ਹੈ ਪਰ ਪਰਿਵਰਤਨ ਅਤੇ ਰੂਪਾਂਤਰਣ ਸ਼ਬਦਾਂ ਦੇ ਅਰਥਾਂ 'ਚ ਅੰਤਰ ਹੈ। ਪਰਿਵਰਤਨ ਇੱਕ-ਦਮ ਤੇਜ਼ੀ ਨਾਲ ਵਾਪਰਦਾ ਹੈ, ਉੱਥੇ ਰੂਪਾਂਤਰ ਦੀ ਪ੍ਰਕਿਰਿਆ ਧੀਮੀ ਹੁੰਦੀ ਹੈ। ਇਉਂ ਸਮਾਜ ਕੁੱਝ ਵਸਤ-ਵਰਤਾਰੇ ਰੂੜ੍ਹ ਹੋ ਕੇ ਸਭਿਆਚਾਰ ਦਾ ਹਿੱਸਾ ਬਣ

ਜਾਂਦੇ ਹਨ। ਸੋ ਸੱਭਿਆਚਾਰਕ ਰੂਪਾਂਤਰਨ ਸਭਿਆਚਾਰ ਵਿੱਚ ਆਉਣ ਵਾਲੇ ਪਰਿਵਰਤਨ ਲਈ ਹੀ ਵਰਤਿਆ ਜਾਂਦਾ ਹੈ। ਰੂਪਾਂਤਰ ਪ੍ਰਕਿਰਿਆ ਏਨੀ ਹੌਲੀ ਅਤੇ ਲੰਮੇ ਸਮੇਂ ਤੱਕ ਫੈਲੀ ਹੁੰਦੀ ਹੈ ਕਿ ਇਹ ਮਹਿਸੂਸ ਹੀ ਨਹੀਂ ਹੁੰਦੀ, ਜਦਕਿ ਦੂਜੇ ਸਭਿਆਚਾਰ ਏਨੀ ਤੇਜ਼ੀ ਨਾਲ ਬਦਲ ਰਹੇ ਹੁੰਦੇ ਹਨ ਕਿ ਪਹਿਲਾਂ ਸਭਿਆਚਾਰ ਖੜੋਤ ਦੀ ਅਵਸਥਾ ਵਿੱਚ ਲੱਗਦੇ ਹਨ। ਇਸ ਨੂੰ ਨਾਪਿਆ ਤੋਲਿਆ ਵੀ ਨਹੀਂ ਜਾ ਸਕਦਾ। ਰੂਪਾਂਤਰ ਪੁਰਾਣੇ ਰੂਪਾਂ ਨੂੰ ਅਧਾਰ ਬਣਾ ਕੇ ਨਵੇਂ ਦੀ ਸਿਰਜਨ ਪ੍ਰਕਿਰਿਆ ਹੈ। ਸੋ ਇਹ ਲਚਕਦਾਰ ਪ੍ਰਕਿਰਿਆ ਹੈ, ਜਿਸ ਨਾਲ਼ ਸਭਿਆਚਾਰ ਦੇ ਅੰਗਾਂ ਵਿੱਚ ਨਵੀਆਂ ਵਸਤ-ਵਿਚਾਰਾਂ ਦਾ ਅਵਾਸ ਤੇ ਢਾਹ-ਮੁਖੀ ਵਸਤ-ਵਿਚਾਰਾਂ ਦਾ ਨਿਕਾਸ ਹੁੰਦਾ ਰਹਿੰਦਾ ਹੈ। ਸੱਭਿਆਚਾਰਕ ਰੂਪਾਂਤਰਨ ਆਰਥਿਕ, ਰਾਜਸੀ ਜਾਂ ਵਿਗਿਆਨਿਕ ਤਬਦੀਲੀਆਂ ਸੱਭਿਆਚਾਰ ਨੂੰ ਸਿੱਧੇ-ਅਸਿੱਧੇ ਢੰਗ ਨਾਲ ਬਦਲਦੀਆਂ ਹਨ। ਪੰਜਾਬੀ ਸੱਭਿਆਚਾਰ ਵਿੱਚ ਪਿਛਲੀ ਇੱਕ ਸਦੀ ਤੋਂ ਬਹੁਤ ਤੇਜ਼ੀ ਨਾਲ ਪਰਿਵਰਤਨ ਵਾਪਰੇ ਹਨ। ਇਹਨਾਂ ਤਬਦੀਲੀਆਂ ਨੇ ਨਾ ਸਿਰਫ਼ ਕੰਮ ਕਰਨ ਦੇ ਢੰਗ ਅਤੇ ਸਾਡੀਆਂ ਲੋੜਾਂ ਨੂੰ ਬਦਲਿਆ ਹੈ ਸਗੋਂ ਸਾਡੇ ਮਨੋਰਥਾਂ ਅਤੇ ਸਾਡੀ ਮਨੋਬਣਤਰ ਨੂੰ ਵੀ ਬਦਲਿਆ ਹੈ ਅਤੇ ਹੋਰ ਬਦਲਣਾ ਹੈ। ਹੁਣ ਪੰਜਾਬਣ ਆਪਣੇ ਮਾਹੀ ਨੂੰ ਨਹੀਂ ਕਹੇਗੀ ਕਿ, ਲੈ ਦੇ ਮੈਨੂੰ ਮਖਮਲ ਦੀ ਪੱਖੀ ਘੁੰਗਰੂਆਂ ਵਾਲੀ। ਸਗੋਂ ਹੁਣ ਸੁਖ ਸਹੂਲਤਾਂ ਦੇ ਨਵੇਂ ਸਾਧਨ ਆਉਣ ਲੱਗੇ ਹਨ ਅਤੇ ਸੰਚਾਰ ਸਾਧਨ ਮਨੁੱਖ ਨੂੰ ਬਾਹਰਲੀ ਦੁਨੀਆ ਨਾਲ ਇਸ ਤਰ੍ਹਾਂ ਜੋੜ ਰਹੇ ਹਨ ਕਿ ਨਾ ਕੇਵਲ ਮਨ ਉੱਤੇ ਸਗੋਂ ਜੀਵਨ ਉੱਤੇ ਸੰਸਾਰ ਵਿਆਪੀ ਹਾਲਤਾਂ ਅਸਰ ਕਰਦੀਆਂ ਹਨ। ਇਹਨਾਂ ਤਬਦੀਲੀਆਂ ਨੇ ਪੰਜਾਬੀਆਂ ਨੂੰ ਨਵੀਆਂ ਵੰਗਾਰਾਂ ਪੇਸ਼ ਕੀਤੀਆਂ ਹਨ। ਪੰਜਾਬੀਆਂ ਨੇ ਆਪਣੇ ਸੱਭਿਆਚਾਰ ਦੇ ਨਕਸ਼ ਨੁਹਾਰ ਘੜਨ ਅਤੇ ਇਹਨਾਂ ਨੂੰ ਇਤਿਹਾਸ ਦੇ ਪੁੱਠੇ-ਸਿੱਧੇ ਦਬਾਵਾਂ ਦੇ ਬਾਵਜੂਦ ਹੋਰ ਹੁਸੀਨ ਬਣਾਉਣ ਵਿੱਚ ਅਸਾਧਾਰਨ ਦ੍ਰਿੜਤਾ ਦਾ ਸਬੂਤ ਦਿੱਤਾ ਹੈ। ਇਸ ਤੋਂ ਇਹ ਆਸ ਬੱਝਦੀ ਹੈ ਕਿ ਇਸ ਦਾ ਭਵਿੱਖ ਸ਼ਾਨਦਾਰ ਹੋਵੇ। ਸਭਿਆਚਾਰ ਰੂਪਾਂਤਰ ਇੱਕ ਅਹਿਮ, ਅਟੱਲ ਪਰ ਸੂਖ਼ਮ ਪਰ ਗੁੰਝਲਦਾਰ ਪ੍ਰਕਿਰਿਆ ਹੈ। ਹਰ ਸੱਭਿਆਚਾਰ ਦਵੰਦਵਾਦ, ਭੌਤਿਕਵਾਦ ਦੇ ਮੂਲ ਨਿਯਮਾਂ ਅਨੁਸਾਰ ਆਪਣੀ ਵਿਸ਼ੇਸ਼ ਪ੍ਰਕਿਰਤਕ ਪ੍ਰਕਿਰਿਆ ਅਨੁਸਾਰ ਨਿਰੰਤਰ ਰੁਪਾਂਤਰਿਤ ਹੁੰਦਾ ਰਹਿੰਦਾ ਹੈ। ਇਸ ਤੋਂ ਪਹਿਲਾਂ ਹੋਰ

ਸੱਭਿਆਚਾਰਕ ਉਪ-ਅੰਗ 'ਚ ਪਰਿਵਰਤਨ ਹੁੰਦਾ ਹੈ। ਸਭਿਆਚਾਰ ਰੂਪਾਂਤਰ ਇਕ-ਦਮ ਤੱਟ, ਫੌਰੀ ਵਰਤਾਰਾ ਨਹੀਂ ਹੈ, ਸਗੋਂ ਸਭਿਆਚਾਰ ਰੂਪਾਂਤਰ ਇੱਕ ਅਤਿਅੰਤ ਪੇਚੀਦਾ, ਸੂਖਮ, ਬਹੁ-ਪਰਤੀ ਅਤੇ ਮੱਧਮ ਰਫ਼ਤਾਰ ਨਾਲ ਵਾਪਰਦਾ ਵਰਤਾਰਾ ਹੈ। ਸੱਭਿਆਚਾਰ ਰੂਪਾਂਤਰਣ ਦੀ ਪ੍ਰਕਿਰਿਆ ਦਾ ਮੂਲ ਆਧਾਰ ਆਰਥਿਕ ਪ੍ਰਬੰਧ ਅਤੇ ਇਸ ਪ੍ਰਬੰਧ ਵਿੱਚ ਆਏ ਪਰਿਵਰਤਨਾਂ ਦਾ ਅਨੁਕੂਲ ਹੁੰਦਾ ਹੈ।

ਸਭਿਆਚਾਰ ਦੇ ਸੰਬੰਧ ਵਿੱਚ ਇਕ ਨਿਰਪੇਖ ਸੱਚਾਈ ਇਹ ਹੈ ਕਿ ਇਹ ਬਦਲਦਾ ਰਹਿੰਦਾ ਹੈ। ਜਦੋ ਅਸੀਂ ਖੜੋਤ ਦਾ ਸ਼ਿਕਾਰ ਹੋਏ ਸਭਿਆਚਾਰਾ ਦੀ ਗੱਲ ਕਰਦੇ ਹਾਂ, ਤਾਂ ਅਸੀਂ ਉਹਨਾਂ ਸਭਿਆਚਾਰਾ ਦੇ ਸੰਬੰਧ ਵਿੱਚ ਇਕ ਸਾਪੇਖਕ ਸੱਚ ਕਹਿ ਰਹੇ ਹੁੰਦੇ ਹਾਂ। ਇਹਨਾਂ ਦੀ ਤਬਦੀਲੀ ਬਹੁਤ ਹੋਲੀ ਹੁੰਦੀ ਹੈ। ਜਦਕਿ ਦੂਸਰੇ ਸਭਿਆਚਾਰਾ ਦੀ ਹੁੰਦੀ ਤਬਦੀਲੀ ਕਾਰਨ ਇਹ ਸੱਭਿਆਚਾਰ ਖੜੋਤ ਦਾ ਸ਼ਿਕਾਰ ਹੋਏ ਦਿਖ ਦੇ ਹਨ। ਸੱਭਿਆਚਾਰਕ ਤਬਦੀਲੀ ਆਪਣੇ ਆਪ ਨਹੀ ਆਉਂਦੀ ਸਗੋ ਕਿਸੇ ਨਾ ਕਿਸੇ ਸੰਘਰਸ਼ ਦਾ ਸਿੱਟਾ ਹੁੰਦੀ ਹੈ। ਕਈ ਵਾਰ ਚੰਗੀ ਤਬਦੀਲੀ ਨੂੰ ਵੀ ਵਿਅਕਤੀਗਤ ਤੇ ਸਮਾਜਿਕ ਪੱਧਰ ਉੱਤੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਤਬਦੀਲੀ ਵਿਅਕਤੀ ਜਾ ਫਿਰ ਸਮਾਜ ਦੀ ਇੱਛਾ ਉੱਤੇ ਨਿਰਭਰ ਨਹੀਂ ਕਰਦੀ ਸਗੋਂ ਇਹ ਪ੍ਰਕਿਰਤੀ ਦਾ ਨਿਯਮ ਹੈ ਅਤੇ ਪ੍ਰਕਿਰਤੀ ਮਨੁੱਖੀ ਸਮਾਜ ਦਾ ਹੋਂਦ ਚੋਖਟਾ ਹੈ। ਮਨੁੱਖੀ ਸਮਾਜ ਲਈ ਅਨੁਕੂਲਣ ਸਮੱਸਿਆਵਾਂ ਪੈਦਾ ਕਰਨ ਲਈ ਪ੍ਰਕਿਰਤੀ ਵਿੱਚ ਤਬਦੀਲੀਆਂ ਵਾਪਰਦੀਆਂ ਰਹਿੰਦੀਆਂ ਹਨ। ਮਨੁੱਖ ਇਹਨਾਂ ਦਾ ਹੱਲ ਲੱਭਦਾ ਹੈ। ਇਹ ਹੱਲ ਮਨੁੱਖ ਅਤੇ ਪ੍ਰਕਿਰਤੀ ਨੂੰ ਬਦਲਦੇ ਹਨ ਅਤੇ ਕਈ ਹੋਰ ਸਮੱਸਿਆਵਾਂ ਨੂੰ ਵੀ ਜਨਮ ਦਿੰਦੇ ਹਨ। ਇਸ ਤੋ ਇਲਾਵਾ ਕਿ ਸਭਿਆਚਾਰ ਆਦਤ ਬਣ ਜਾਂਦਾ ਹੈ ਜਿਸ ਨੂੰ ਬਦਲਣਾ ਹਮੇਸ਼ਾ ਹੀ ਕਸ਼ਟਦਾਇਕ ਹੁੰਦਾ ਹੈ, ਸਮਾਜ ਵਿਗਿਆਨੀ ਪਰਿਵਰਤਨ ਦੇ ਵਿਰੋਧ ਦੇ ਕਈ ਹੋਰ ਕਾਰਨ ਗਿਣਾਉਦੇ ਹਨ, ਜਿਵੇਂ ਬਜੁਰਗਾਂ ਦਾ ਪੁਰਾਤਨ ਮੁੱਖ ਹੋਣਾ,ਪਵੇ ਬਾਰੇ ਅਨਿਸਚਿੱਤਤਾ ਅਤੇ ਇਸ ਦਾ ਡਰ ,ਨਵੇ ਨੂੰ ਲਾਗੂ ਕਰਨ ਵਿੱਚ ਆਉਦੇ ਖਰਚੇ, ਬੀਤੇ ਦਾ ਸਤਿਕਾਰ ਅਤੇ ਸਥਿਰਤਾ ਵਿੱਚ ਖਾਸ ਵਰਗਾ ਦੀ ਦਿਲਚਸਪੀ ਹੋਣਾ, ਇਹ ਸਾਰੀਆਂ ਗੱਲਾਂ ਪਰਿਵਰਤਨ ਨੂੰ ਧੀਮਾ ਕਰ ਸਕਦੀਆਂ ਹਨ, ਜਾ ਪਿੱਛੇ ਪਾ ਸਕਦੀਆਂ ਹਨ, ਰੋਕ ਨਹੀਂ ਸਕਦੀਆਂ। ਸਮਾਜ ਵਿਗਿਆਨੀ ਅਤੇ ਮਾਨਵ ਵਿਗਿਆਨੀ ਸੱਭਿਆਚਾਰਕ

ਰੁਪਾਂਤਰਨ ਦੇ ਕਾਰਨਾਂ ਨੂੰ ਤਿੰਨ ਹਿੱਸਿਆਂ ਵਿੱਚ ਵੰਡਦੇ ਹਨ: ਪ੍ਰਕਿਰਤਕ ਮਾਹੌਲ ਵਿੱਚ ਆਏ ਪਰਿਵਰਤਨ, ਸਮਾਜ ਦੇ ਅੰਦਰੋਂ ਪੈਦਾ ਹੋਏ ਕਾਰਨ ਅਤੇ ਸਮਾਜ ਦੇ ਬਾਹਰੋਂ ਆਏ ਕਾਰਨ।

ਪ੍ਰਕਿਰਤਕ ਮਾਹੌਲ - ਇਹਨਾਂ ਵਿੱਚੋਂ ਪ੍ਰਕਿਰਤਕ ਮਾਹੌਲ ਵਿੱਚ ਪਰਿਵਰਤਨ ਹੋਲੀ ਅਤੇ ਹਜ਼ਾਰਾਂ ਸਾਲਾਂ ਦੇ ਅਰਸੇ ਵਿੱਚ ਫੈਲਦੇ ਹਨ, ਇਹ ਅਚਨਚੇਤ ਅਤੇ ਤਬਾਹਕੁਨ ਹੁੰਦੇ ਹਨ।ਜਦੋਂ ਕਿਸੇ ਕੁਦਰਤੀ ਵਰਤਾਰੇ ਕਾਰਨ ਪੂਰੇ ਦੇ ਪੂਰੇ ਮਨੁੱਖੀ ਸਮੂਹ ਨੂੰ ਆਪਣਾ ਰਿਹਾਇਸ਼ ਸਥਾਨ ਬਦਲਣਾ ਪੈਂਦਾ ਹੈ, ਉਦਾਹਰਣ ਵਜੋਂ ਸੋਕਾ ਪੈਣ ਕਾਰਨ, ਕਾਲ ਦੀ ਹਾਲਤ ਵਿੱਚ। ਇਸ ਹਾਲਤ ਵਿੱਚ ਇਕ ਪੂਰਾ ਸੱਭਿਆਚਾਰਕ ਜੁੱਟ ਨਵੇ ਪ੍ਰਕਿਰਤਕ ਮਾਹੌਲ ਨੂੰ ਅਪਣਾ ਲੈਂਦਾ ਹੈ ਅਤੇ ਜੇ ਇਹ ਮਾਹੌਲ ਪਹਿਲਾਂ ਨਾਲੋਂ ਵੱਖਰਾ ਹੋਵੇ,ਤਾ ਫਰਕ ਅਨੁਸਾਰ ਆਪਣੇ ਆਪ ਨੂੰ ਢਾਲ ਲੈਂਦਾ ਹੈ

ਸਮਾਜ ਦੇ ਅੰਦਰੋਂ ਪੈਦਾ ਹੋਏ ਕਾਰਨ - ਸਮਾਜ ਦੇ ਅੰਦਰੋਂ ਪੈਦਾ ਹੋਏ ਕਾਰਨ ਤੋ ਭਾਵ ਕਾਢ ਜਾ ਲੱਭਤ ਤੋ ਹੈ।ਕਾਢ ਜਾ ਲੱਭਤ ਦੋ ਤਰ੍ਹਾਂ ਦੀ ਹੁੰਦੀ ਹੈ ਇਕ ਜਦੋਂ ਵਸਤੂ ਪ੍ਰਕਿਰਤੀ ਵਿੱਚ ਹੋਵੇ ਪਰ ਅਜੇ ਮਨੁੱਖੀ ਗਿਆਨ ਅਤੇ ਵਰਤੋਂ ਦਾ ਹਿੱਸਾ ਨਾ ਹੋਵੇ ਦੂਜਾ ਜਦੋਂ ਕੋਈ ਵਸਤੂ ਮਨੁੱਖੀ ਗਿਆਨ ਅਤੇ ਵਰਤੋਂ ਦਾ ਹਿੱਸਾ ਤਾ ਪਹਿਲਾਂ ਤੋ ਹੀ ਹੋਵੇ ਪਰ ਇਸਦੇ ਸਮੁੱਚੇ ਅੰਸ਼ਾਂ ਨੂੰ ਨਵੀ ਤਰਾਂ ਸੁਮੇਲ ਕੇ ਨਵੀ ਵਰਤੋਂ ਵਿੱਚ ਲਿਆਂਦਾ ਹੋਵੇ।

ਸਮਾਜ ਦੇ ਬਾਹਰੋਂ ਆਏ ਕਾਰਨ - ਸਮਾਜ ਦੇ ਬਾਹਰੋਂ ਆਏ ਕਾਰਨਾਂ ਵਿੱਚ ਅੰਸ਼ ਪਾਸਾਰ ਨੂੰ ਪਹਿਲੀ ਥਾਂ ਦਿਤੀ ਗਈ ਹੈ। ਇਕ ਸਮਾਜ ਵੱਲੋਂ ਕੀਤੀ ਕਾਢ ਨੂੰ ਦੂਜੇ ਸਮਾਜ ਦੁਆਰਾ ਅਪਣਾ ਲੈਣ ਨੂੰ ਅਮਲ ਖਿਡਾਉ ਜਾ ਅੰਸ਼ ਪਾਸਾਰ ਆਖਦੇ ਹਨ।

ਸੱਭਿਆਚਾਰਕ ਪਰਿਵਰਤਨ ਦੇ ਇਸ ਸਰੂਪ ਦੀ ਵਿਲੱਖਣਤਾ ਇਹ ਹੈ ਕਿ ਜਦੋਂ ਦੋ ਸਭਿਆਚਾਰ ਇੱਕ ਦੂਜੇ ਦੇ ਸਿਧੇ ਸੰਪਰਕ ਵਿੱਚ ਆਉਂਦੇ ਹਨ ਤਾਂ ਅਨੁਕੂਲਣ ਪ੍ਰਤਿਕਰਮ ਜਾਂ ਟਕਰਾਅ ਉਤਪੰਨ ਹੁੰਦਾ ਹੈ, ਉਸ ਨੂੰ ਸੱਭਿਆਚਾਰੀਕਰਨ ਕਹਿੰਦੇ ਹਨ। ਸੱਭਿਆਚਾਰੀਕਰਨ ਦਾ ਮੁੱਖ ਆਧਾਰ ਇੱਕ ਸੱਭਿਆਚਾਰ ਦੀ ਦੂਸਰੇ ਉੱਤੇ ਰਾਜਸੀ ਜਿੱਤ, ਦਬਾਉ ਅਤੇ ਦਮਨ ਵਾਲਾ ਵੀ ਹੋ ਸਕਦਾ ਹੈ। ਇਹ ਪਰਿਵਰਤਨ ਸਹਿਜ ਵੀ ਅਤੇ ਆਰੋਪਤ ਜਾਂ ਦਬਾਉਪੂਰਣ ਦੋਹਾਂ ਤਰਾਂ ਦਾ ਹੋ ਸਕਦਾ ਹੈ, ਜਿਸ ਕਾਰਨ ਇਹ ਪ੍ਰਕਿਰਿਆ ਸੁਖਾਵੀਂ,

ਸੁਭਾਵਕ ਅਤੇ ਸੰਤੁਲਿਤ ਹੋਣ ਦੀ ਥਾਂ ਕਈ ਵਾਰੀ ਵਿਨਾਸ਼ਮੂਲਕ, ਦਬਾਉਮੂਲਕ ਅਤੇ ਦਮਨ ਦਾ ਰੂਪ ਹੁੰਦੀ ਹੈ। ਜਿਸ ਤੋਂ ਵਿਭਿੰਨ ਵਿਪਰੀਤ ਪ੍ਰਭਾਵ, ਪ੍ਰਤਿਕਰਮ, ਵਿਰੋਧ ਟਕਰਾਉ, ਅਸੁੰਤਲਨ ਅਤੇ ਵਿਰੂਪਣ ਉਤਪੰਨ ਹੁੰਦੇ ਹਨ।

ਵਿਸ਼ਵੀਕਰਨ ਦੇ ਇਸ ਵਰਤਾਰੇ ਨਾਲ ਸਮੁੱਚੇ ਸਮਾਜ ਦੇ ਵਿਭਿੰਨ ਪਸਾਰਾਂ ਉਪਰ ਫ਼ੈਸਲਾਕੁਨ ਪ੍ਰਭਾਵ ਪੈਦਾ ਹੈ। ਵਿਸ਼ਵੀਕਰਨ ਸੁਤੰਤਰ ਵਪਾਰ ਦੇ ਕੇਂਦਰ ਬਿੰਦੂ ਤੇ ਖੜ੍ਹਾ ਹੋਕੇ ਸਮੁੱਚੇ ਵਿਸ਼ਵ ਨੂੰ ਮੰਡੀ ਵਿੱਚ ਰੂਪਾਂਤਰਨ ਕਰਕੇ ਇੱਕ ਉਪਭੋਗੀ ਸਮਾਜ ਦੀ ਸਿਰਜਣਾ ਕਰਨਾ ਚਾਹੁੰਦਾ ਹੈ। ਇਸ ਸਮਾਜ ਅੰਦਰ ਉਹ ਮਨੁੱਖ ਨੂੰ ਸਿਰਫ਼ ਉਪਭੋਗਤਾ ਦਾ ਜੀਵ ਹੀ ਨਹੀਂ ਬਣਾਉਂਦਾ ਸਗੋਂ ਉਸ ਦੀ ਸੋਚ, ਵਰਤਾਰਾ ਅਤੇ ਜੀਵਨ ਦ੍ਰਿਸ਼ਟੀ ਅਤੇ ਸਮੁੱਚੇ ਮਾਡਲ ਨੂੰ ਇਸ ਤਰ੍ਹਾਂ ਰੂਪਾਂਤਰਿਤ ਕਰਦਾ ਹੈ ਕਿ ਉਸ ਕੋਲ ਬਦਲਵੇਂ ਸੁਪਨੇ ਖ਼ਤਮ ਹੋ ਜਾਂਦੇ ਹਨ। ਵਿਸ਼ਵੀਕਰਨ ਤੋਂ ਪਹਿਲਾਂ ਭਾਰਤ ਬਰਤਾਨਵੀ ਸਾਮਰਾਜ ਦੇ ਪ੍ਰਭਾਵ ਅਧੀਨ ਸੀ। ਇਹ ਪ੍ਰਭਾਵ ਕਲਾਸੀਕਲ ਸਾਮਰਾਜੀ ਉਸ ਸਰੂਪ ਦਾ ਸੀ, ਜਿਸ ਸਰੂਪ ਵਿੱਚ ਬਰਤਾਨਵੀ ਬਸਤੀਵਾਦ ਦੀ ਪ੍ਰਾਥਮਿਕਤਾ ਭਾਰਤ ਦੀ ਦੌਲਤ ਨੂੰ ਲੁੱਟਣਾ ਸੀ। ਇਸ ਲੁੱਟ ਲਈ ਉਸ ਨੂੰ ਕਾਨੂੰਨ ਅਤੇ ਸੈਨਿਕ ਪ੍ਰਬੰਧ ਸਖ਼ਤ ਕਰਨੇ ਪਏ ਸਨ, ਪਰੰਤੂ ਵਿਸ਼ਵੀਕਰਨ ਅੰਦਰ ਉਹ ਅਜਿਹੇ ਕਾਨੂੰਨ ਅਤੇ ਸੈਨਿਕ ਸ਼ਕਤੀ ਤੋਂ ਮੁਕਤ ਹੋ ਕੇਲੋਂ ਇੱਕ ਅਜਿਹੇ ਪ੍ਰਬੰਧ ਦੀ ਸਿਰਜਣਾ ਕਰਦਾ ਹੈ, ਜਿਹੜਾ ਵਧੇਰੇ ਸੂਖਮ ਹੈ। ਇਹ ਵਿਕਸਿਤ ਪੂੰਜੀਵਾਦ ਦਾ ਵਿੱਤੀ ਪੂੰਜੀ ਵਿੱਚ ਰੂਪਾਂਤਰਨ ਹੋ ਜਾਣ ਦਾ ਪੜਾਅ ਹੈ, ਜਿਹੜਾ ਮਨੁੱਖੀ ਜੀਵਨ ਨੂੰ ਸੱਭਿਆਚਾਰਕ ਰੂਪਾਂਤਰਨ ਵਿੱਚ ਢਾਲ ਦੇਂਦਾ ਹੈ। ਭਾਰਤੀ ਸਮਾਜ ਜੋ ਇੱਕ ਬੰਦ ਸਮਾਜ ਸੀ, ਉਸ ਨੂੰ ਖੁੱਲ੍ਹੇ ਰੂਪ ਵਿੱਚ ਬਦਲ ਦਿੱਤਾ ਹੈ। ਸਾਡੇ ਜੀਵਨ ਸੱਭਿਆਚਾਰ ਦੇ ਛੋਟੇ ਤੋਂ ਛੋਟੇ ਪਸਾਰ ਅੰਦਰ ਵਿਸ਼ਵੀਕਰਨ ਪ੍ਰਵੇਸ਼ ਕਰ ਗਿਆ ਹੈ। ਮਨੁੱਖੀ ਰਿਸ਼ਤੇ, ਨੈਤਿਕਤਾ, ਆਦਤਾਂ, ਪਹਿਰਾਵਾ, ਖਾਣ-ਪੀਣ ਅਤੇ ਮਨੋਰੰਜਨ ਉਪਰ ਇਸ ਦਾ ਪ੍ਰਤੱਖ ਪ੍ਰਭਾਵ ਸਹਿਜੇ ਹੀ ਨਜ਼ਰੀਂ ਪੈ ਜਾਂਦਾ ਹੈ। ਇਸ ਨੇ ਸਾਡੇ ਪਰੰਪਰਾਗਤ ਸੱਭਿਆਚਾਰ ਉਪਰ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ। ਆਮ ਤੌਰ 'ਤੇ ਇਸ ਨੂੰ ਸਾਡੇ ਸੱਭਿਆਚਾਰ ਉਪਰ ਪੱਛਮੀ ਹਮਲੇ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਇਹ ਮਹਿਜ਼ ਹਮਲਾ ਨਹੀਂ ਹੈ ਇਹ ਸਾਡੀ ਸਮੁੱਚੀ ਸਮਾਜੀ ਜ਼ਿੰਦਗੀ ਵਿੱਚ

ਇੱਕ ਅਜਿਹੇ ਸੱਭਿਆਚਾਰ ਨੂੰ ਪ੍ਰਵੇਸ਼ ਕਰਵਾਉਂਦਾ ਹੈ ਜਿਹੜਾ ਸੱਭਿਆਚਾਰ ਪੂੰਜੀ ਅਤੇ ਉਪਭੋਗਤਾ ਨੂੰ ਵਰੋਸਾਇਆ ਹੋਇਆ ਹੈ। ਇਸ ਨਾਲ ਪੰਜਾਬੀ ਸੱਭਿਆਚਾਰ ਦੀ ਪ੍ਰਮਾਣਿਕ ਪਛਾਣ ਤਾਂ ਖ਼ਤਮ ਹੋ ਹੀ ਰਹੀ ਹੈ ਤੇ ਨਾਲੋਂ- ਨਾਲ ਪੂੰਜੀਵਾਦ ਉਪਭੋਗਤਾ ਸਮੁੱਚੇ ਰਿਸ਼ਤਿਆਂ ਅੰਦਰ ਘਰ ਕਰ ਰਹੀ ਹੈ। ਇਹ ਦੇਖਣ ਨੂੰ ਜਿੰਨੀ ਲੁਭਾਵਣੀ ਲੱਗਦੀ ਹੈ। ਇਹ ਓਨੀ ਹੀ ਮਨੁੱਖ ਅੰਦਰ ਉਪਰਾਮਤਾ, ਨਿਰਾਸ਼ਾ ਅਤੇ ਓਪਰੇਪਣ ਦੀ ਭਾਵਨਾ ਪੈਦਾ ਕਰਦੀ ਹੈ। ਸਾਰ ਤੱਤ ਦੇ ਰੂਪ ਵਿੱਚ ਇਸ ਸਮੁੱਚੇ ਸਮਾਜਚਾਰੇ ਨੇ ਵਿਕਾਸਸ਼ੀਲ ਦੇਸ਼ਾਂ ਦੇ ਸੱਭਿਆਚਾਰ ਨੂੰ ਆਪਣੀ ਗ੍ਰਿਫ਼ਤ ਵਿੱਚ ਲੈ ਲਿਆ ਹੈ। ਉਪਭੋਗੀ ਸਮਾਜ ਦੀਆਂ ਤਹਿਆਂ ਵਿੱਚ ਕਾਰਜਸ਼ੀਲ ਵਿਚਾਰਧਾਰਾ ਨੂੰ ਫੜਦਿਆਂ ਹੋਇਆਂ *ਸੱਭਿਆਚਾਰ ਦੇ ਭ੍ਰਿਸ਼ਟਾਚਾਰ* ਵਿੱਚੋਂ ਲਏ ਨਿਮਨ ਲਿਖਤ ਕਥਨ ਹੋਰ ਸਪਸ਼ਟ ਕਰ ਦਿੰਦਾ ਹੈ:

> ਉਪਭੋਗੀ ਸਮਾਜ ਦੀਆਂ ਕਦਰਾਂ-ਕੀਮਤਾਂ ਤੇ ਵਿਚਾਰ ਜੋ ਪੱਛਮ ਦੀ ਸੂਚਨਾ ਤੇ ਦਿਲ-ਪਰਚਾਵਾ ਪ੍ਰੋਗਰਾਮਾਂ ਵਿੱਚ ਸਾਕਾਰੇ ਗਏ ਹਨ ਅਤੇ ਉਹਦੇ ਇਸ਼ਤਿਹਾਰਾਂ ਵਿੱਚ ਪ੍ਰਗਟਾਏ ਜਾਂਦੇ ਹਨ, ਉਹ ਵਿਕਾਸਸ਼ੀਲ ਦੇਸ਼ਾਂ ਦੇ ਹਿੱਤਾਂ ਤੇ ਮਨੋਰਥਾਂ ਦੇ ਵਿਰੁੱਧ ਹਨ। ਇਸ ਤਰ੍ਹਾਂ ਦੀ ਪੱਛਮੀ ''ਸੂਚਨਾ'' ਜਿੱਥੇ ਪਰੰਪਰਾਗਤ ਜੀਵਨ-ਢੰਗ ਅਤੇ ਸੱਭਿਆਚਾਰਕ ਪਛਾਣ ਦੇ ਉਲਟ ਜਾਂਦੀ ਹੈ, ਉੱਥੇ ਆਸਾਂ ਤੇ ਸੰਭਾਵਨਾਵਾਂ ਵਿੱਚਕਾਰ ਟਕਰਾਓ ਪੈਦਾ ਕਰਦੀ ਹੈ ਅਤੇ ਆਮ ਲੋਕਾਂ ਤੇ ਮੁੱਠੀ ਭਰ ਧਨਾਢ ਤੇ ਉੱਪਰਲੇ ਲੋਕਾਂ ਵਿੱਚਕਾਰ ਓਪਰੇਪਣ ਨੂੰ ਵਧਾਉਂਦੀ ਹੈ। ਇਹਦੇ ਸਿੱਟੇ ਵੱਜੋ, ਬਹੁਤ ਸਾਰੇ ਲੋਕ ਨਿਰਾਸਤਾ ਤੇ ਉਪਰਾਮਤਾ, ਹਾਰੂ ਰੁਚੀਆਂ, ਨਿਰਾਸ਼ਾਵਾਦੀ ਦ੍ਰਿਸ਼ਟੀਕੋਣ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਉਹਨਾਂ ਨੂੰ ਆਪਣੇ ਭਵਿੱਖ ਵਿੱਚ ਵਿਸ਼ਵਾਸ ਨਹੀਂ ਰਹਿੰਦਾ।(63)

**1.8.3. ਸੱਭਿਆਚਾਰਕ ਰੂਪਾਂਤਰਨ ਦੇ ਕਾਰਨ:** ਇਸ ਪ੍ਰਕਾਰ ਰੂਪਾਂਤਰਨ ਦੇ ਸ਼ਾਬਦਿਕ ਅਰਥ ਦਾ ਭਾਵ ਹੈ ਕਿ ਕਿਸੇ ਮੂਲ ਵਰਤ-ਵਰਤਾਰੇ ਕਾਰਨ ਮਨੁੱਖੀ ਜੀਵਨ ਸ਼ੈਲੀ ਵਿੱਚ ਆਈ ਤਬਦੀਲੀ ਹੈ। ਜੋਗਿੰਦਰ ਸਿੰਘ ਕੈਰੋਂ ਦੇ *ਖੋਜ ਦਰਪਣ*, ਜਨਵਰੀ 1998, ਸੈਂਚੀ 29 ਅਨੁਸਾਰ:

> ਰੂਪਾਂਤਰਨ ਦੇ ਸ਼ਾਬਦਿਕ ਅਰਥਾਂ ਤੋਂ ਹੀ ਸਪੱਸ਼ਟ ਹੈ ਕਿ ਪ੍ਰਬੰਧ ਜਾਂ ਵਸਤੂ ਦੇ ਬਾਹਰੀ ਰੂਪ ਵਿੱਚ

ਕੋਈ ਪਰਿਵਰਤਨ ਪੈਦਾ ਹੋ ਜਾਂਦਾ ਹੈ।(52)

ਸੱਭਿਆਚਾਰ ਆਪਣੀ ਹਰ ਕਿਰਤ ਨੂੰ ਸੰਭਾਲ ਕੇ ਆਪਣੇ ਅੰਦਰ ਸਮੋਈ ਤੁਰਿਆ ਜਾਂਦਾ ਹੈ। ਸੱਭਿਆਚਾਰਕ ਵਿਰਸਾ ਰੂਪਾਂਤਰਿਤ ਹੁੰਦਾ ਹੈ, ਖ਼ਤਮ ਨਹੀਂ ਹੁੰਦਾ। ਇਹ ਕਥਨ ਇਸ ਰੂਪ ਵਿੱਚ ਸ਼ਾਇਦ ਉਲਾਰ ਲੱਗੇ ਪਰ ਪਦਾਰਥਕ ਸੱਭਿਆਚਾਰ ਵਿੱਚ ਹੀ ਇਸ ਦਾ ਸਪਸ਼ਟ ਪ੍ਰਮਾਣ ਮਿਲਦਾ ਹੈ। ਪਦਾਰਥਕ ਖੇਤਰ ਵਿੱਚਲੀ ਹਰ ਨਵੀਂ ਕਾਢ ਨਾਲ ਆਪਣੀਆਂ ਪਿਛਲੀਆਂ ਪ੍ਰਾਪਤੀਆਂ ਨੂੰ ਨਾਲ ਲੈ ਕੇ ਚੱਲਦੀ ਹੈ। ਜੇਕਰ ਪਿਛਲਾ ਕੁਝ ਖ਼ਤਮ ਹੰਦਾ ਹੈ ਤਾਂ ਉਸ ਦੀ ਥਾਂ ਅਦਲ-ਬਦਲ ਨਾਲ ਉਸ ਵਰਗਾ ਕੁਝ ਨਵਾਂ ਲੈ ਲੈਂਦਾ ਹੈ। ਪੰਜਾਬ ਉੱਪਰ ਅਨੇਕਾਂ ਹਮਲੇ ਹੁੰਦੇ ਰਹੇ। ਅਨੇਕਾਂ ਕੌਮਾਂ ਇਸ ਦੀ ਛਾਤੀ ਨੂੰ ਲਤਾੜਦੀਆਂ ਰਹੀਆਂ। ਫਿਰ ਵੀ ਇਸ ਵਿਸ਼ਾਲ ਕੌਮ ਨੇ ਹਾਰ ਨਹੀਂ ਮੰਨੀ। ਨਤੀਜੇ ਵਜੋਂ ਇਸ ਦੇ ਸੱਭਿਆਚਾਰਕ ਵਿਰਸੇ ਦੇ ਅਨੇਕ ਅੰਗ ਆਪਣੇ ਮੌਲਿਕ ਰੂਪ ਵਿੱਚ ਅੱਜ ਤੱਕ ਸੁਰੱਖਿਅਤ ਹਨ। ਇਹੀ ਕਾਰਨ ਹੈ ਕਿ ਪੰਜਾਬੀ ਸੱਭਿਆਚਾਰ ਨੂੰ ਵਿਦੇਸ਼ਾਂ ਵਿੱਚ ਵੀ ਵੱਖਰਾ ਅਨੁਭਵ ਕੀਤਾ ਜਾ ਸਕਦਾ ਹੈ। ਬਾਹਰੋਂ ਆਉਣ ਵਾਲੀਆਂ ਕੌਮਾਂ ਤੋਂ ਇਹ ਬਹੁਤ ਕੁਝ ਗ੍ਰਹਿਣ ਕਰਦਾ ਰਿਹਾ ਹੈ। ਪਰ ਇਸ ਵਿੱਚ ਮੂਲ ਰੂਪਾਂਤਰਨ ਅੰਗਰੇਜ਼ੀ ਸਾਮਰਾਜ ਦੇ ਪ੍ਰਭਾਵ ਕਾਰਨ ਆਇਆ। ਵਿਗਿਆਨਿਕ ਤਕਨੀਕੀ ਤਰੱਕੀ, ਵਿੱਦਿਆ ਦਾ ਵਿਕਾਸ ਅਤੇ ਨਿੱਤ ਨਵੇਂ ਵਿਚਾਰਾਂ ਦੇ ਪ੍ਰਸਾਰ ਨਾਲ ਪਰੰਪਰਾਗਤ ਸੋਚਣੀ ਵਿੱਚ ਤਿੱਖੀਆਂ ਤਬਦੀਲੀਆਂ ਆਈਆਂ ਹਨ। ਜੋਗਿੰਦਰ ਸਿੰਘ ਕੈਰੋਂ *ਪੰਜਾਬੀ ਲੋਕਧਾਰਾ ਅਧਿਐਨ* 'ਚ ਲਿਖਦੇ ਹਨ ਕਿ:

> ਸੱਭਿਆਚਾਰ ਦੀ ਉਹ ਕਿਰਿਆਸ਼ੀਲ ਗਤੀਵਿਧੀ ਹੈ ਜਿਹੜੀ ਅਚੇਤ ਅਤੇ ਸੁਚੇਤ ਪੱਧਰ ਉੱਪਰ ਬਹੁਤ ਸਾਰੇ ਪ੍ਰਕਾਰਜਾਂ ਨੂੰ ਨਿਭਾਉਂਦੀ ਹੈ।(16)

ਸੱਭਿਆਚਾਰਕ ਰੂਪਾਂਤਰਨ ਦੀ ਪ੍ਰਕਿਰਿਆ ਸੱਭਿਆਚਾਰ ਦੇ ਕੁਝ ਅੰਗਾਂ ਵਿੱਚ ਧੀਮੀ ਅਤੇ ਕੁਝ ਵਿੱਚ ਤੇਜ਼ ਗਤੀ ਨਾਲ ਚਲਦੀ ਰਹਿੰਦੀ ਹੈ। ਡਾ. ਜਸਵਿੰਦਰ ਸਿੰਘ ਸੱਭਿਆਚਾਰਕ ਰੂਪਾਂਤਰਨ ਦੇ ਭਾਵ, ਅਰਥ ਬਾਰੇ ਆਪਣੇ ਵਿਚਾਰਾਂ ਦੀ ਪੁਸ਼ਟੀ ਕਰਦੇ *ਪੰਜਾਬੀ ਸੱਭਿਆਚਾਰ: ਪਛਾਣ ਚਿੰਨ੍ਹ* ਵਿੱਚ ਕਹਿੰਦੇ ਹਨ ਕਿ:

> ਸੱਭਿਆਚਾਰਕ ਰੂਪਾਂਤਰਨ ਦੀ ਪ੍ਰਕਿਰਿਆ ਦਾ ਮੂਲ ਆਧਾਰ ਆਰਥਿਕ ਪ੍ਰਬੰਧ ਅਤੇ ਇਸ ਪ੍ਰਬੰਧ ਵਿੱਚ ਆਏ ਪਰਿਵਰਤਨਾਂ ਅਨੁਕੂਲ ਹੁੰਦਾ ਹੈ, ਭਾਵੇਂ ਇਹ ਪ੍ਰਭਾਵ ਬਿਲਕੁਲ ਸਿੱਧਾ, ਸਰਲ, ਪ੍ਰਤੱਖ ਅਤੇ ਫੌਰੀ ਨਾ ਵੀ ਹੋਵੇ। ਇਸ ਤੋਂ ਵੀ ਅੱਗੇ ਵਿਗਿਆਨ ਅਤੇ ਟੈਕਨਾਲੋਜੀ ਵਿੱਚ ਹੋਈ ਉੱਨਤੀ ਦਾ ਵੀ ਸੱਭਿਆਚਾਰਕ ਰੂਪਾਂਤਰਨ 'ਤੇ ਅਹਿਮ ਅਸਰ ਹੁੰਦਾ ਹੈ।(162)

ਮੂਲ ਤੌਰ ‘ਤੇ ਇਹ ਰੂਪਾਂਤਰਨ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਪੱਖ ਤੋਂ ਕਦੇ ਅੰਦਰੂਨੀ ਤੇ ਕਦੇ ਬਾਹਰੀ ਰੂਪ ਵਿੱਚ ਸਹਿਜੇ-ਸਹਿਜੇ ਵਾਪਰਦਾ ਰਹਿੰਦਾ ਹੈ। ਡਾ. ਰਵਿੰਦਰ ਰਵੀ ਦੀ ਪੁਸਤਕ *ਪੰਜਾਬ ਦੀ ਆਰਥਿਕਤਾ* ਦੇ ਅਨੁਸਾਰ:

> ਸੱਭਿਆਚਾਰਕ ਤਬਦੀਲੀ ਕਿਸੇ ਖਿਲਾ ਵਿੱਚ ਨਹੀਂ ਵਾਪਰਦੀ ਸਗੋਂ ਨਵੇਂ ਹਾਲਾਤ ਦੇ ਪ੍ਰਸੰਗ ਵਿੱਚ ਪੁਰਾਣੇ ਦਾ ਹੀ ਗੁਣਾਤਮਕ ਰੂਪਾਂਤਰਨ ਹੁੰਦੀ ਹੈ।(243)

ਸਮਾਜ ਵਿੱਚ ਰਹਿੰਦੇ ਲੋਕਾਂ ਵਿੱਚ ਨਵੀਂ ਚੇਤਨਤਾ ਆਉਣ ਕਾਰਨ ਅਤੇ ਨਵੀਨ ਕੀਮਤਾਂ ਗ੍ਰਹਿਣ ਕਰਨ ਕਾਰਨ ਪੁਰਾਣੇ ਸੱਭਿਆਚਾਰ ਵਿੱਚ ਪਰਿਵਰਤਨ ਆਉਂਦੇ ਰਹਿੰਦੇ ਹਨ। ਸੱਭਿਆਚਾਰ ਸਮਾਜਿਕ ਵਰਤਾਰਾ ਹੈ। ਸਮਾਜ ਵਿੱਚ ਸਮਾਜਿਕ, ਆਰਥਿਕ, ਰਾਜਨੀਤਿਕ, ਨੈਤਿਕ ਰੂਪਾਂਤਰਨ ਆਉਣ ਨਾਲ ਸੱਭਿਆਚਾਰ ਵਿੱਚ ਵੀ ਰੂਪਾਂਤਰਨ ਆਉਂਦਾ ਰਹਿੰਦਾ ਹੈ। ਵਿਦਿਆ ਅਲੰਕਾਰ *ਭਾਰਤੀ ਸੱਭਿਆਚਾਰ ਦੀ ਰੂਪਰੇਖਾ* ਅਨੁਸਾਰ:

> ਭਾਰਤੀ ਸਭਿਆਚਾਰ ਵਿੱਚ ਸਭ ਤੋਂ ਵੱਡਾ ਸਨਾਤਨੀ ਤੱਤ ਇਹ ਹੈ ਕਿ ਉਸਦਾ ਲਗਾਤਾਰ ਵਿਕਾਸ, ਪਤਨ ਤੇ ਰੂਪਾਂਤਰਨ ਹੁੰਦਾ ਹੈ। ਉਹ ਨਿਰਜੀਵ ਪੱਥਰ ਵਾਂਗ ਇੱਕ ਰੂਪ ਤੇ ਅਚੱਲ ਨਹੀਂ ਰਿਹਾ ਸਗੋਂ ਜਿਉਂਦੇ ਪ੍ਰਾਣੀ ਵਾਂਗ ਉਹ ਪਨਪਦਾ, ਪੱਕਦਾ ਤੇ ਗਰਨਾਉਂਦਾ ਰਿਹਾ ਹੈ।ਇੱਕ ਵਾਰ ਮੁਰਝਾ ਕੇ ਨਸ਼ਟ ਹੋਇਆ ਪ੍ਰਤੀਤ ਹੋਣ ਪਿੱਛੋਂ ਉਹ ਪੁਨਰ ਜਨਮ ਪਾ ਲੈਂਦਾ ਹੈ।(243)

ਇਸ ਤਰ੍ਹਾਂ ਵਿਕਸਿਤ ਪੱਛਮੀ ਸੱਭਿਆਚਾਰ ਦਾ ਪੰਜਾਬੀ ਸੱਭਿਆਚਾਰ ਉੱਤੇ ਪ੍ਰਭਾਵੀ ਹਮਲਾ, ਪੱਛਮੀ ਜਗਤ ਦੀਆਂ ਪਦਾਰਥਕ ਨਿਹਮਤਾਂ, ਤਕਨੀਕੀ ਜੁਗਤਾਂ ਅਤੇ ਮੀਡੀਆ ਨੇ ਪੰਜਾਬੀਆਂ ਦੀ ਜੀਵਨ-

ਵਿਧੀ, ਚੱਜ-ਆਚਾਰ, ਵਿਚਾਰਾਂ, ਵਰਤ-ਵਿਹਾਰਾਂ, ਮਾਨਸਿਕ ਵਰਤਾਰਿਆਂ ਦੇ ਅੰਦਰੂਨੀ ਤੇ ਬਾਹਰੀ ਪਾਸਾਰਾਂ ਵਿੱਚ ਅਨੇਕਾਂ ਰੂਪਾਂਤਰਨ ਨੂੰ ਜਨਮ ਦਿੱਤਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਅਜਿਹੇ ਕਾਰਨ ਨੂੰ ਸਮਝਦੇ ਹੋਏ ਡਾ. ਜਸਵਿੰਦਰ ਸਿੰਘ *ਪੰਜਾਬੀ ਸੱਭਿਆਚਾਰ: ਪਛਾਣ ਚਿੰਨ੍ਹ* 'ਚ ਕਹਿੰਦੇ ਹਨ ਕਿ:

> ਸੱਭਿਆਚਾਰਕ ਰੂਪਾਂਤਰਨ ਵਿੱਚ ਇੱਕ ਵਰਨਣਯੋਗ ਪਹਿਲੂ ਇਹ ਹੈ ਕਿ ਆਧੁਨਿਕ ਯੁੱਗ ਵਿੱਚ ਇਸ ਅਮਲ ਦਾ ਮੂਲ ਸੋਮਾ ਗਤੀਕਾਰ ਅੰਦਰੂਨੀ ਸਹਿਜ ਵਿਕਾਸ ਨਾਲੋਂ ਵੱਧ ਬਹਿਰੂਨੀ ਰਾਜਸੀ ਸ਼ਕਤੀਆਂ, ਆਰਥਿਕ ਪਰਿਸਥਿਤੀਆਂ, ਵਿਗਿਆਨਕ ਲਭਤਾਂ, ਤਕਨੀਕੀ ਉੱਨਤੀ ਤੇ ਸੱਭਿਆਚਾਰਕ ਹਮਲੇ ਹੈ।(164)

ਮਾਇਆਮੁਖੀ ਹੋਇਆ ਪੰਜਾਬੀ ਸਮਾਜ ਅਜਿਹੀ ਜੀਵਨ-ਸ਼ੈਲੀ ਵੱਲ ਮੁੜ ਰਿਹਾ ਹੈ ਜਿੱਥੇ ਭ੍ਰਿਸ਼ਟਾਚਾਰ ਦੀ ਸਿਖਰ ਹੈ, ਨੈਤਿਕਤਾ ਖੀਣ ਹੈ, ਰਿਸ਼ਤਿਆਂ ਦਾ ਵਿਨਾਸ਼, ਲਿਫ਼ਾਫ਼ੇਬਾਜ਼ੀ, ਸ਼ੋਸ਼ੇਬਾਜ਼ੀ, ਸਵਾਰਥ, ਧੋਖਾ, ਹੈਂਕੜ ਆਦਿ ਬਿਮਾਰੀਆਂ ਦੀ ਭਰਮਾਰ ਹੈ। ਅਸਲ ਵਿੱਚ ਸੱਭਿਆਚਾਰ ਦਾ ਮੰਡੀਕਰਨ ਤੇ ਮਨੁੱਖਤਾ ਦਾ ਹੋ ਰਿਹਾ ਵਣਜੀਕਰਨ ਪੰਜਾਬੀ ਸਮਾਜ ਦੀ ਸ਼ਨਾਖ਼ਤ ਸਾਹਮਣੇ ਪ੍ਰਸ਼ਨ-ਚਿੰਨ੍ਹ ਖੜ੍ਹੇ ਕਰ ਰਿਹਾ ਹੈ। ਨਿਰਸੰਦੇਹ ਵਿਸ਼ਵੀਕਰਨ ਨੇ ਸਾਡੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਬਦਲਿਆ ਹੈ। ਸਾਡੇ ਪਹਿਰਾਵੇ, ਖਾਣ-ਪੀਣ, ਰਹਿਣ-ਸਹਿਣ, ਵਰਤ ਵਿਹਾਰ, ਭਾਸ਼ਾ ਆਦਿ ਉੱਪਰ ਬਹੁ ਪੱਧਰੀ ਤੇ ਬਹੁ-ਪਾਸਾਰੀ ਪ੍ਰਭਾਵ ਪਏ ਹਨ ਜੋ ਕੁਝ ਹੱਦ ਤੱਕ ਜਾਇਜ਼ ਵੀ ਹਨ ਪਰ ਇਨ੍ਹਾਂ ਪਹਿਲੂਆਂ ਵਿੱਚ ਭ੍ਰਾਂਤੀਮੂਲਕ ਪੱਧਰ ਦੀ ਹੋ ਰਹੀ ਤਬਦੀਲੀ ਸੱਭਿਆਚਾਰਕ ਸ੍ਵੈ- ਹੀਣਤਾ ਨੂੰ ਜਨਮ ਦੇ ਰਹੀ ਹੈ ਜਿਸ ਨੂੰ ਸੰਜੀਦਗੀ ਨਾਲ ਵਿਸਥਾਰ ਵਿੱਚ ਵਾਚਣ ਦੀ ਜ਼ਰੂਰਤ ਹੈ। ਡਾ. ਜਸਵਿੰਦਰ ਸਿੰਘ ਦੀ ਪੁਸਤਕ *ਪੰਜਾਬੀ ਸੱਭਿਆਚਾਰ: ਪਛਾਣ ਚਿੰਨ੍ਹ* ਅਨੁਸਾਰ:

> ਸੱਭਿਆਚਾਰਕ ਪਰਿਵਰਤਨ ਦੀ ਦਿਸ਼ਾ ਪ੍ਰਮੁਖ ਰੂਪ ਵਿੱਚ ਸਮਾਜਿਕ, ਆਰਥਿਕ ਪ੍ਰਬੰਧਾਂ ਦੇ ਇਤਿਹਾਸ ਅਨੁਕੂਲ ਹੀ ਹੁੰਦੀ ਹੈ।(85)

ਹਰੇ ਇਨਕਲਾਬ ਤੋਂ ਬਾਅਦ ਅਰਥਚਾਰੇ ਵਿੱਚ ਆਈਆਂ ਗੁਣਾਤਮਕ ਤਬਦੀਲੀਆਂ ਨੇ ਪੰਜਾਬੀ ਜੀਵਨ-ਜਾਚ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ। ਮਿੱਟੀ ਨਾਲ ਮਿੱਟੀ ਹੋਏ ਰਹਿਣ ਵਾਲੇ ਪੰਜਾਬੀਆਂ ਅੰਦਰ

ਜ਼ਿੰਦਗੀ ਦੀਆਂ ਸੁਖ ਸਹੂਲਤਾਂ ਪ੍ਰਤੀ ਜਾਗ੍ਰਿਤੀ ਆਉਣੀ ਸ਼ੁਰੂ ਹੋਈ ਪਰ ਮਾੜਾ ਪੱਖ ਇਹ ਰਿਹਾ ਕਿ ਉਸ ਦੇ ਸਰੋਕਾਰ ਕਿਰਤ ਨਾਲੋਂ ਟੁੱਟ ਗਏ ਅਤੇ ਉਸ ਦਾ ਰੁਝਾਨ ਲੋੜਾਂ ਦੀ ਥਾਂ ਵਿਲਾਸਤਾ ਵਾਲੀਆਂ ਚੀਜ਼ਾਂ ਵੱਲ ਵਧਿਆ। 1990 ਤੋਂ ਬਾਅਦ ਜਦੋਂ ਵਿਸ਼ਵੀਕਰਨ ਦੀ ਪ੍ਰਕਿਰਿਆ ਜ਼ੋਰ ਫੜਦੀ ਹੈ ਤਾਂ ਸੂਚਨਾ, ਤਕਨਾਲੋਜੀ ਤੇ ਸੰਚਾਰ ਮਾਧਿਅਮਾਂ ਦੇ ਪ੍ਰਸਾਰ ਨਾਲ ਜਿੱਥੇ ਗਿਆਨ ਵਿਗਿਆਨ ਦਾ ਬੇਰੋਕ ਵਹਾਅ ਪੰਜਾਬ ਦੇ ਬੰਦ ਸਮਾਜਿਕ ਦਾਇਰਿਆਂ ਨੂੰ ਖੋਲ੍ਹਦਾ ਹੋਇਆ ਤਰੱਕੀ ਵੱਲ ਲੈ ਕੇ ਜਾਂਦਾ ਹੈ ਉੱਥੇ ਅੰਤਰ-ਰਾਸ਼ਟਰੀ ਪਾਸਾਰ ਗ੍ਰਹਿਣ ਕਰਦੇ ਹੋਏ ਪੰਜਾਬੀ ਨਾ ਸਿਰੇ ਚਕਾਚੌਂਧ ਵਾਲੀ ਨਵੀਂ ਜੀਵਨ-ਸ਼ੈਲੀ ਨੂੰ ਜੀ ਆਇਆਂ ਹੀ ਆਖਦੇ ਹਨ ਸਗੋਂ ਪੱਛਮੀ ਪਹਿਰਾਵਾ, ਪੱਛਮੀ ਰੰਗ ਦਾ ਖਾਣ-ਪੀਣ, ਰਹਿਣ-ਸਹਿਣ ਤੇ ਵਰਤ ਵਿਹਾਰ ਉਨ੍ਹਾਂ ਦੀ ਸੋਚ ਉੱਤੇ ਭਾਰੂ ਹੋਇਆ ਨਜ਼ਰ ਆਉਂਦਾ ਹੈ ਤੇ ਪੰਜਾਬੀ ਸੱਭਿਆਚਾਰ ਪ੍ਰਤੀ ਅਲਗਾਵ ਦੀ ਰੁਚੀ ਪੈਦਾ ਹੁੰਦੀ ਹੈ। ਪੰਜਾਬੀਆਂ ਦੇ ਖਪਤ ਸੱਭਿਆਚਾਰ ਵੱਲ ਉੱਲਰਨ ਦੇ ਵੇਰਵੇ ਇਸ ਦੌਰ ਦੀਆਂ ਸਮਕਾਲੀ ਪੰਜਾਬੀ ਕਹਾਣੀਆਂ ਵਿੱਚ ਥਾਂ-ਥਾਂ ਮਿਲਦੇ ਹਨ। ਮੰਡੀ ਸੱਭਿਆਚਾਰ ਦੀ ਉਪਜ ਬਹੁਤ ਸਾਰੀਆਂ ਕਹਾਣੀਆਂ ਲੋਕ-ਮਨ ਨੂੰ ਉਪਭੋਗੀ ਸੱਭਿਆਚਾਰ ਨਾਲ ਜੋੜਨ ਦਾ ਕਾਰਗਰ ਵਸੀਲਾ ਵੀ ਬਣਦੀਆਂ ਹਨ।

ਉਪਰੋਕਤ ਚਰਚਾ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਸੱਭਿਆਚਾਰ ਮਨੁੱਖ ਦਾ ਭਾਵ ਅਰਥ ਹੁੰਦਾ ਹੈ। ਇਹ ਮਨੁੱਖ ਦੇ ਸਮੁੱਚੇ ਸੁਭਾਅ ਨੂੰ ਸੰਕੇਤਾਂ ਅਤੇ ਪ੍ਰਤੀਕਾਂ ਰਾਹੀਂ ਪ੍ਰਗਟਾਉਂਦਾ ਰਹਿੰਦਾ ਹੈ ਅਤੇ ਅਗਲੀ ਪੀੜ੍ਹੀ ਨੂੰ ਸੌਂਪਦਾ ਰਹਿੰਦਾ ਹੈ। ਇਸ ਦੁਆਰਾ ਮਨੁੱਖ ਨਾ ਕੇਵਲ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦਾ ਹੈ, ਸਗੋਂ ਆਪਣੀਆਂ ਬਾਹਰੀ ਲੋੜਾਂ ਦੇ ਨਾਲ-ਨਾਲ ਅੰਦਰੂਨੀ ਲੋੜਾਂ ਦੀ ਵੀ ਪੂਰਤੀ ਕਰਦਾ ਹੈ। ਵਰਤਮਾਨ ਸਮੇਂ ਦੇ ਵਰਤ-ਵਰਤਾਰੇ ਨੇ ਅਜੋਕੇ ਪੰਜਾਬੀ ਬੰਦੇ ਅੰਦਰ ਉੱਚੇ ਪੱਧਰ ਦੇ ਰਹਿਣ-ਸਹਿਣ, ਵਿਅਕਤੀਵਾਦੀ ਕਦਰਾਂ-ਕੀਮਤਾਂ, ਸ੍ਵੈ ਦੇ ਵਡੱਪਣ ਦੀ ਭੁੱਖ ਅਤੇ ਰਾਤੋਂ ਰਾਤ ਅਮੀਰ ਹੋ ਜਾਣ ਦੀ ਲਾਲਸਾ ਨੂੰ ਪੈਦਾ ਕੀਤਾ। ਉਸ ਦੀ ਜ਼ਿੰਦਗੀ ਦੇ ਹਰ ਪਹਿਲੂ ਉੱਪਰ ਬਹੁ-ਪੱਧਰੀ ਤੇ ਬਹੁ-ਪਾਸਾਰੀ ਪ੍ਰਭਾਵ ਪਾਇਆ। ਜਿੱਥੇ ਅਜੋਕਾ ਮਨੁੱਖ ਸੱਭਿਆਚਾਰਕ ਰੂਪਾਂਤਰਨ ਦੇ ਕਾਰਨ ਵੱਧ ਤੋਂ ਵੱਧ ਪੈਸਾ ਕਮਾਉਣ, ਵਧੀਆ ਤੇ ਸੋਹਣੀ ਜ਼ਿੰਦਗੀ ਜਿਊਣ ਅਤੇ ਸੰਪੂਰਨ ਸੁਖ ਸਹੂਲਤਾਂ ਹੰਢਾਉਣ ਦੀ ਪ੍ਰਬਲ ਇੱਛਾ ਅਧੀਨ ਜਿੱਥੇ ਉਹ

ਬਹੁਤ ਸਾਰੇ ਨੈਤਿਕ ਕਦਰਾਂ-ਕੀਮਤਾਂ, ਮੁੱਲਾਂ ਦਾ ਘਾਣ ਤੇ ਮਾਣ ਮਰਯਾਦਾ ਦਾ ਉਲੰਘਣ ਕਰ ਰਿਹਾ ਹੈ, ਉੱਥੇ ਆਪ ਸਹੇੜੀਆਂ ਚਿੰਤਾਵਾਂ, ਦਵੰਦਾਂ ਭਟਕਣ, ਕਾਹਲ, ਉਤੇਜਨਾ ਤੇ ਇਕੱਲਤਾ ਜਿਹੀਆਂ ਅਲਾਮਤਾਂ ਵਿੱਚ ਗ੍ਰਸਿਆ ਹੋਇਆ ਹੈ। ਅੱਜ ਦੇ ਪੰਜਾਬੀ ਬੰਦੇ ਦਾ ਦੁਖਾਂਤ ਇਹ ਹੈ ਕਿ ਨਾ ਤਾਂ ਉਸ ਦੇ ਪੈਰ ਸੱਭਿਆਚਾਰਕ ਧਰਾਤਲ ਤੇ ਹਨ ਅਤੇ ਨਾ ਹੀ ਪੂਰੇ ਤੌਰ 'ਤੇ ਪੱਛਮੀ ਸੱਭਿਆਚਾਰ ਦਾ ਅਨੁਸਾਰੀ ਹੁੰਦਾ ਹੋਇਆ ਕਿਸੇ ਨਵੇਂ ਸੱਭਿਆਚਾਰ ਦੇ ਸਥੂਲ ਆਧਾਰਾਂ ਦੀ ਸਿਰਜਣ ਹੀ ਕਰ ਪਾਇਆ ਹੈ। ਅਸਲ ਵਿੱਚ ਉਸ ਦੀਆਂ ਜੜ੍ਹਾਂ ਤਾਂ ਜਗੀਰਦਾਰੀ ਪ੍ਰਬੰਧ ਵਿੱਚ ਹਨ ਅਤੇ ਉਲਝਿਆ ਹੋਇਆ ਹੈ ਪੂੰਜੀਵਾਦੀ ਖਪਤ ਸੱਭਿਆਚਾਰ ਦੀਆਂ ਤਬਾਹਕੁਨ ਰੁਚੀਆਂ ਵਿੱਚ। ਇਸ ਸਾਰੀ ਦੌੜ ਦਾ ਨੁਕਸਾਨ ਇਹ ਹੋਇਆ ਕਿ ਪੰਜਾਬੀ ਰਹਿਤ, ਪੰਜਾਬੀ ਜੀਣ-ਥੀਣ ਤੇ ਪੰਜਾਬੀ ਸੱਭਿਆਚਾਰ ਦੇ ਅਹਿਮ ਚਿੰਨ੍ਹਾਂ ਨੂੰ ਨਿਰੰਤਰ ਤਿਲਾਂਜਲੀ ਦਿੰਦਾ ਹੋਇਆ ਉਹ ਚਕਾਚੌਂਧ ਵਾਲੀ ਜ਼ਿੰਦਗੀ ਜਿਊਣ ਲਈ ਪੈਸਾ ਮੁਖੀ ਬਣ ਬੈਠਾ ਹੈ। ਇਸ ਖ਼ਾਤਰ ਉਹ ਚੋਰੀ, ਠੱਗੀ, ਰਿਸ਼ਵਤ, ਝੂਠ, ਮੱਕਾਰੀ, ਫ਼ਰੇਬ ਆਦਿ ਸਭ ਵਿੰਗੇ-ਟੇਢੇ, ਨਜਾਇਜ਼ ਤਰੀਕੇ ਅਪਣਾਉਂਦਾ ਹੈ ਜਿੱਥੇ ਮਨੁੱਖ ਨੈਤਿਕਤਾ ਗਿਰਾਵਟ ਵੱਲ ਲਾਜ਼ਮੀ ਤੌਰ ’ਤੇ ਜਾ ਰਿਹਾ ਹੈ। ਇਸ ਤਰ੍ਹਾਂ ਇਹ ਵਰਤ-ਵਰਤਾਰਾ ਜਿੱਥੇ ਵਿਸ਼ਵ ਪੱਧਰ 'ਤੇ ਪੰਜਾਬ ਅਤੇ ਪੰਜਾਬੀ ਨੂੰ ਵੱਖਰੀ ਪਹਿਚਾਣ ਦੇ ਰਿਹਾ ਹੈ, ਉੱਥੇ ਸੱਭਿਆਚਾਰਕ ਰੂਪਾਂਤਰਨ ਦੇ ਪ੍ਰਸੰਗ ਵਿੱਚ ਬਹੁਤ ਸਾਰੇ ਸੰਭਾਵੀ ਕਾਰਨਾਂ ਨੂੰ ਵੀ ਪੈਦਾ ਕਰ ਰਿਹਾ ਹੈ। ਨਿਰਸੰਦੇਹ ਕੁਝ ਜ਼ਿੰਮੇਵਾਰ ਪੰਜਾਬੀਆਂ ਵੱਲੋਂ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਵਿੱਚ ਪੰਜਾਬ ਅਤੇ ਪੰਜਾਬੀਆਂ ਦੀ ਪ੍ਰਤੀਨਿਧਤਾ ਕਰਨਾ, ਇਸ ਦੇ ਨਾਲ ਹੀ ਵੱਡੇ-ਵੱਡੇ ਬਿਜ਼ਨਸ ਅਤੇ ਉੱਚ ਅਹੁਦਿਆਂ 'ਤੇ ਕੰਮ ਕਰ ਰਹੇ ਬਹੁਤ ਸਾਰੇ ਪੰਜਾਬੀਆਂ ਦੀ ਹਿੰਮਤ, ਮਿਹਨਤ ਤੇ ਪਹਿਲਕਦਮੀ ਕਾਬਲਏ-ਦਾਦ ਹੈ, ਪਰ ਨਾਲ-ਨਾਲ ਯੂਰੋ-ਅਮਰੀਕੀ ਸਭਿਆਚਾਰਾਂ ਦੇ ਰੰਗ ਵਿੱਚ ਰੰਗੀ ਜਾ ਰਹੀ ਸਾਡੀ ਨੌਜਵਾਨ ਪੀੜ੍ਹੀ ਦੀ ਪੰਜਾਬੀ ਸੱਭਿਆਚਾਰ ਪ੍ਰਤੀ ਬੇਮੁਖਤਾ ਹੋ ਰਹੀ ਹੈ। ਕੁਝ ਅਜਿਹੇ ਸੱਭਿਆਚਾਰਕ ਰੂਪਾਂਤਰਨ ਦੇ ਕਾਰਨ ਹਨ ਜੋ ਸੱਭਿਆਚਾਰਕ ਪੱਖ ਤੋਂ ਸਾਡੇ ਸਾਹਮਣੇ ਵੱਡੀ ਚੁਨੌਤੀ ਹਨ। ਇਸ ਪ੍ਰਕਾਰ ਜਿਵੇਂ-ਜਿਵੇਂ ਵਿਸ਼ਵੀਕਰਨ ਦਾ ਵਰਤਾਰਾ ਜ਼ੋਰ ਫੜ ਰਿਹਾ ਹੈ ਤਿਉਂ-ਤਿਉਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਬਚਾਓ ਲਈ ਚਰਚੇ ਵੱਖ-ਵੱਖ ਪੱਧਰ 'ਤੇ ਜ਼ੋਰ ਫੜ ਰਹੇ ਹਨ। ਭਾਰੂ

ਸਭਿਆਚਾਰਾਂ ਨਾਲ ਟਕਰਾਅ ਜਾਂ ਸੰਵਾਦ ਦੀ ਸਥਿਤੀ ਵਿੱਚ ਵਿਚਰਦੀਆਂ ਕੌਮਾਂ ਲਈ ਬਚਾਓ ਦੇ ਅਜਿਹੇ ਮਸਲੇ ਵਿਚਾਰਨੇ ਜ਼ਰੂਰੀ ਵੀ ਹੋ ਜਾਂਦੇ ਹਨ। ਸੱਭਿਆਚਾਰਕ ਰੂਪਾਂਤਰਨ ਦੇ ਇਹਨਾਂ ਖ਼ਤਰਿਆਂ ਬਾਰੇ ਭਾਵੁਕ ਕਨਸੋਆਂ ਸਿਰਜਦੇ ਕੁਝ ਵਿਸ਼ੇਸ਼ ਕਾਰਨ ਹਨ ਜਿਵੇਂ ਕਿ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਸਿਸਟਮ ਵਿੱਚ ਆਈ ਗਿਰਾਵਟ ਕਾਰਨ ਪੈਦਾ ਹੋਏ ਮਾਨਵੀ ਨਿਘਾਰਾਂ ਬਾਰੇ ਚੇਤੰਨ ਹੋਣ ਦੀ ਜ਼ਰੂਰਤ ਹੈ। ਮੁੱਖ ਰੂਪ 'ਚ ਰੂਪਾਂਤਰਨ ਦੇ ਪੰਜ ਪੱਖ ਹੁੰਦੇ ਹਨ ਜਿਨ੍ਹਾਂ ਨੂੰ ਇਸ ਖੋਜ ਦੌਰਾਨ ਅਧਾਰ ਬਣਾਇਆ ਗਿਆ ਹੈ ਉਹਨਾਂ ਦਾ ਵਰਣਨ ਇਸ ਤਰ੍ਹਾਂ ਹੈ –

1. **ਸਮਾਜਿਕ ਪੱਖ:-** ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ ਅਤੇ ਉਸਦੀ ਆਪਣੀ ਇੱਕ ਸਭਿਅਤਾ, ਇਤਿਹਾਸ ਅਤੇ ਸਮਾਜਿਕ ਪੱਖ ਹੈ। ਮਨੁੱਖ ਸਮਾਜ ਵਿੱਚ ਰਹਿੰਦਿਆਂ ਹੋਇਆਂ ਵਿਭਿੰਨ ਤਰ੍ਹਾਂ ਦੀਆਂ ਸਿਰਜਨਾਵਾਂ ਕਰਦਾ ਆਇਆ ਹੈ। ਜੇਕਰ ਸਾਹਿਤ ਸਿਰਜਣਾ ਦੀ ਗੱਲ ਕਰੀਏ ਤਾਂ ਇਹ ਮਨੁੱਖ ਦੀ ਬਹੁਤ ਵੱਡੀ ਪ੍ਰਾਪਤੀ ਹੈ। ਮਨੁੱਖ ਦੁਆਰਾ ਸਿਰਜੀਆਂ ਗਈਆਂ ਵਿਭਿੰਨ ਤਰ੍ਹਾਂ ਦੀਆਂ ਸਾਹਿਤਕ ਕਿਰਤਾਂ ਦਾ ਅਧਿਐਨ ਵਿਭਿੰਨ ਤਰ੍ਹਾਂ ਦੀਆਂ ਅਧਿਐਨ ਵਿਧੀਆਂ ਰਾਹੀਂ ਕੀਤਾ ਜਾਂਦਾ ਰਿਹਾ ਹੈ। ਸਮਾਜਿਕ ਪੱਖ ਬਾਰੇ ਜੇਕਰ ਗੱਲ ਕੀਤੀ ਜਾਵੇ ਤਾਂ ਇਸਦਾ ਸਿੱਧਾ ਸੰਬੰਧ ਮਨੁੱਖ ਨਾਲ ਜੁੜਦਾ ਹੈ, ਕਿਉਂਕਿ ਵਿਅਕਤੀਆਂ ਦੇ ਸੰਗਠਨ ਨਾਲ ਹੀ ਸਮਾਜਿਕ ਪੱਖ ਹੋਂਦ ਵਿੱਚ ਆਉਂਦਾ ਹੈ। ਆਮ ਬੋਲ-ਚਾਲ ਵਿੱਚ ਵਿਅਕਤੀਆਂ ਦੇ ਸਮੂਹ ਨੂੰ ਹੀ ਸਮਾਜਿਕ ਪੱਖ ਕਹਿ ਦਿੱਤਾ ਜਾਂਦਾ ਹੈ। ਕੁਝ ਵਿਦਵਾਨ ਵੀ ਵਿਅਕਤੀਆਂ ਦੇ ਸਮੂਹ ਨੂੰ ਹੀ ਸਮਾਜਿਕ ਪੱਖ ਦਾ ਨਾਂ ਦਿੰਦੇ ਹਨ। ਹੈਰੀ ਸ਼ਾਵ *ਡਿਕਸ਼ਨਰੀ ਆਫ਼ ਲਿਟਰੇਰੀ ਟਰਮਸ* 'ਚ ਸਮਾਜ ਬਾਰੇ ਆਖਦੇ ਹਨ:

> ਸਮਾਜ ਤੋਂ ਭਾਵ ਆਮ ਤੌਰ ਤੇ ਜਾਂ ਅਕਸਰ ਹੀ ਉਹਨਾਂ ਵਿਅਕਤੀਆਂ ਤੋਂ ਹੈ, ਜਿਹੜਾ ਵਿਅਕਤੀਆਂ ਦਾ ਇੱਕ ਸੰਗਠਿਤ ਸਮੂਹ ਹੁੰਦਾ ਹੈ, ਜੋ ਇੱਕ ਸਮੁਦਾਇ ਦੇ ਮੈਂਬਰਾਂ ਵਾਂਗ ਰਹਿ ਰਹੇ ਹੋਣ।(349)

ਉਪਰੋਕਤ ਪਰਿਭਾਸ਼ਾ ਵਿੱਚ ਵਿਅਕਤੀਆਂ ਦੇ ਸੰਗਠਿਤ ਸਮੂਹ ਨੂੰ ਹੀ ਸਮਾਜਿਕ ਪੱਖ ਦਾ ਨਾਂ ਦਿੱਤਾ ਗਿਆ ਹੈ, ਪਰੰਤੂ ਸਮਾਜ ਵਿਗਿਆਨੀ ਸਮਾਜਿਕ ਪੱਖ ਦੀ ਪਰਿਭਾਸ਼ਾ ਕੁਝ ਵੱਖਰੇ ਤਰੀਕੇ ਨਾਲ ਪੇਸ਼ ਕਰਦੇ ਹਨ ਜਿਵੇਂ ਮੈਕਾਈਵਰ ਅਤੇ ਪੇਜ *ਸੋਸਾਇਟੀ ਇਜ ਦਾ ਵੈਬ ਆਫ ਰਲੇਸ਼ਨਸ਼ਿਪ* 'ਚ ਲਿਖਿਆ ਹੈ:

> ਉਹ ਸਮਾਜ ਨੂੰ ਵਿਅਕਤੀਆਂ ਦਾ ਸਮੂਹ ਨਹੀਂ ਸਗੋਂ ਇੱਕ ਅਜਿਹਾ ਤਾਣਾ ਸਮਝਦੇ ਹਨ, ਜੋ ਮਨੁੱਖਾਂ ਦੇ ਸਮਾਜਿਕ ਸੰਬੰਧਾਂ ਨਾਲ ਬਣਿਆ ਹੁੰਦਾ ਹੈ। ਸਮਾਜ ਸਮਾਜਿਕ ਸੰਬੰਧਾਂ ਦਾ ਤਾਣਾ ਹੈ।(5)

ਇਸ ਤਰ੍ਹਾਂ *ਇੰਟਰਨੈਸ਼ਨਲ ਇੰਨਸਾਈਕਲੋਪੀਡੀਆ ਆਫ਼ ਸੋਸ਼ਲ ਸਾਇੰਸ (vol-1)* ਅਨੁਸਾਰ

> ਮਨੁੱਖ ਅਤੇ ਸਮਾਜਿਕ ਪੱਖ ਇੱਕ ਦੂਸਰੇ ਲਈ ਅਨਿਵਾਰੀ ਹਨ। ਸਮਾਜਿਕ ਪੱਖ ਦੇ ਪ੍ਰਮੁੱਖ ਰੂਪ ਵਿੱਚ ਤਿੰਨ ਬੁਨਿਆਦੀ ਲੱਛਣ ਹਨ:
>
> (ੳ) ਇਹ ਪ੍ਰਤੱਖ ਖੇਤਰੀ ਸੀਮਾ ਵਿੱਚ ਬੱਝਾ ਹੁੰਦਾ ਹੈ।
>
> (ਅ) ਇਹ ਸੰਰਚਨਾਤਮਿਕ ਤੇ ਸਾਂਸਕ੍ਰਿਤਕ ਪੱਖ ਤੋਂ ਵੱਖਰਾ ਹੁੰਦਾ ਹੈ।
>
> (ੲ) ਇਹ ਉਸ ਬਾਹਰਮੁਖੀ ਹੋਂਦ ਦਾ ਮਾਲਕ ਹੁੰਦਾ ਹੈ, ਜੋ ਵਿਅਕਤੀਆਂ ਦੀ ਇੱਛਾ ਅਤੇ ਕਿਰਿਆ ਤੋਂ ਨਿਰਲੇਪ ਹੁੰਦਾ ਹੈ।(7)

ਸਮਾਜਿਕ ਪੱਖ ਬਾਰੇ ਬਹੁਤ ਸਾਰੇ ਵਿਦਵਾਨਾਂ ਨੇ ਵੱਖਰੀ ਤਰ੍ਹਾਂ ਦੇ ਵਿਚਾਰ ਪੇਸ਼ ਕੀਤੇ ਹਨ। ਸਮਾਜਿਕ ਪੱਖ ਨੂੰ ਸਮਝਣ ਲਈ ਇਸਦੇ ਦੋ ਸਰੂਪਾਂ ਨੂੰ ਸਮਝਣਾ ਜ਼ਰੂਰੀ ਹੈ। ਸਮਾਜਿਕ ਪੱਖ ਦਾ ਇੱਕ ਤਾਂ ਸਮਾਨਯ ਸਰੂਪ (general form of society) ਹੁੰਦਾ ਹੈ ਅਤੇ ਦੂਜਾ ਸਮਾਜਿਕ ਪੱਖ ਦਾ ਵਿਸ਼ੇਸ਼ ਰੂਪ (particular form of society) ਹੁੰਦਾ ਹੈ। ਵਿਸ਼ੇਸ਼ ਸਮਾਜਿਕ ਪੱਖ ਅਰਥਾਤ ਇੱਕ ਸਮਾਜਿਕ ਪੱਖ ਤੋਂ ਮਤਲਬ ਵਿਅਕਤੀਆਂ ਦੇ ਉਸ ਸਮੂਹ ਤੋਂ ਹੁੰਦਾ ਹੈ ਜਿਨ੍ਹਾਂ ਵਿੱਚ ਖ਼ਾਸ ਕਿਸਮ ਦੇ ਗੂੜ੍ਹੇ ਸੰਬੰਧ ਪਾਏ ਜਾਂਦੇ ਹੋਣ, ਜਿਵੇਂ ਭਾਰਤੀ ਸਮਾਜਿਕ ਪੱਖ, ਅਮਰੀਕਨ ਸਮਾਜਿਕ ਪੱਖ ਆਦਿ। ਇੱਕ ਸਮਾਜਿਕ ਪੱਖ ਮੂਰਤ ਹੁੰਦਾ ਹੈ, ਕਿਉਂਕਿ ਇਹ ਖ਼ਾਸ ਵਿਅਕਤੀਆਂ ਦਾ ਸਮੂਹ ਹੁੰਦਾ ਹੈ, ਜਿੰਨ੍ਹਾਂ ਵਿੱਚ ਵਿਸ਼ੇਸ਼ ਪ੍ਰਕਾਰ ਦੇ ਸਮਾਜਿਕ ਸੰਬੰਧ ਪਾਏ ਜਾਂਦੇ ਹਨ। ਵਿਸ਼ੇਸ਼ ਪ੍ਰਕਾਰ ਦੇ ਸਮਾਜਿਕ ਸੰਬੰਧ ਇਸ ਲਈ ਹੁੰਦੇ ਹਨ ਕਿ ਹਰ ਸਮਾਜ ਦੀ ਵਿਸ਼ੇਸ਼ ਸੰਸਕ੍ਰਿਤੀ ਹੁੰਦੀ ਹੈ, ਜਿਸ ਵਿੱਚ ਉਸਦੇ ਮੈਂਬਰ ਸਮਾਨਯ ਰੂਪ ਨਾਲ ਭਾਗ ਲੈਂਦੇ ਹਨ। ਉਸ ਦੀ ਇਹ ਵਿਸ਼ੇਸ਼ ਸੰਸਕ੍ਰਿਤੀ ਹੀ ਉਸਨੂੰ ਦੂਜੇ ਸਮਾਜਾਂ ਨਾਲੋਂ ਵੱਖਰਾ ਕਰਦੀ ਹੈ। ਇਸ ਦੇ ਇਲਾਵਾ ਆਮ ਤੌਰ ਤੇ ਹਰੇਕ ਵਿਸ਼ੇਸ਼ ਸਮਾਜਿਕ ਪੱਖ ਦਾ ਸੰਬੰਧ ਕਿਸੇ ਨਿਸ਼ਚਿਤ ਭੂਗੋਲਿਕ ਤੇ ਸੱਭਿਆਚਾਰਕ ਖੇਤਰ ਨਾਲ ਹੁੰਦਾ ਹੈ। ਸਮਾਜਿਕ ਪੱਖ ਜਾਂ

ਸਮਾਨਯ ਸਮਾਜਿਕ ਪੱਖ ਦਾ ਅਰਥ 'ਇੱਕ ਸਮਾਜਿਕ ਪੱਖ' ਜਾਂ 'ਵਿਸ਼ੇਸ਼ ਸਮਾਜਿਕ ਪੱਖ' ਨਾਲੋਂ ਭਿੰਨ ਹੈ। ਸਮਾਜਿਕ ਪੱਖ ਵਿਅਕਤੀਆਂ ਦੇ ਸਮੂਹ ਨੂੰ ਨਹੀਂ, ਬਲਕਿ ਉਨ੍ਹਾਂ ਦੇ ਵਿੱਚ ਪਾਏ ਜਾਣ ਵਾਲੇ ਸਮਾਜਿਕ ਸੰਬੰਧਾਂ ਦੇ ਜਾਲ ਨੂੰ ਕਹਿੰਦੇ ਹਨ। ਸਮਾਜਿਕ ਪੱਖ ਸਮਾਜਿਕ ਸੰਬੰਧਾਂ ਦਾ ਜਾਲ ਹੋਣ ਕਾਰਨ ਅਮੂਰਤ ਹੁੰਦਾ ਹੈ, ਜਦੋਂ ਕਿ ਇੱਕ ਸਮਾਜਿਕ ਪੱਖ ਵਿਸ਼ੇਸ਼ ਵਿਅਕਤੀਆਂ ਦਾ ਸਮੂਹ ਹੋਣ ਕਾਰਨ ਮੂਰਤ ਹੁੰਦਾ ਹੈ। ਸਮਾਜਿਕ ਪੱਖ ਵਿੱਚ ਸਮਾਜਿਕ ਸੰਬੰਧਾਂ ਦੀ ਪੂਰਨ ਵਿਵਸਥਾ ਸ਼ਾਮਲ ਹੁੰਦੀ ਹੈ।

ਸੋ ਉਪਰੋਕਤ ਵਿਚਾਰ-ਚਰਚਾ ਨੂੰ ਮੱਦੇਨਜ਼ਰ ਰੱਖਦਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸਮਾਜਿਕ ਪੱਖ ਇਕੱਲਾ ਸਮੂਹ ਮਾਤਰ ਨਹੀਂ, ਸਗੋਂ ਇਹ ਮਨੁੱਖਾਂ ਦੇ ਆਪਸੀ ਸੰਬੰਧਾਂ ਅਤੇ ਵਰਤ-ਵਤੀਰਿਆਂ ਦਾ ਤਾਣਾ ਹੈ। ਅਜਿਹੇ ਸਮਾਜਿਕ ਸੰਬੰਧਾਂ ਵਿੱਚ ਮਾਨਸਿਕ ਤੱਤ ਹੁੰਦਾ ਹੈ, ਜਿਸ ਕਰਕੇ ਸੰਬੰਧਾਂ ਦੀ ਚੇਤਨਤਾ ਹੋਂਦ ਅਖ਼ਤਿਆਰ ਕਰਦੀ ਹੈ। ਹਰੇਕ ਸਮਾਜਿਕ ਪੱਖ ਦੇ ਕੁਝ ਜ਼ਰੂਰੀ ਤੱਤ ਹੁੰਦੇ ਹਨ ਜਿਵੇਂ ਕਿ-ਅੰਤਰ-ਨਿਰਭਰਤਾ, ਭਿੰਨਤਾ, ਸਮਾਨਤਾ, ਮਨੁੱਖੀ ਵਿਵਹਾਰ, ਉਦੇਸ਼, ਪ੍ਰਾਪਤੀ ਆਦਿ। ਅਜਿਹੀ ਪ੍ਰਕਾਰ ਦੀਆਂ ਸਮਾਨਤਾਵਾਂ ਕਰਕੇ ਹੀ ਸਮਾਜਿਕ ਪੱਖ ਹੋਂਦ ਵਿੱਚ ਆਉਂਦਾ ਹੈ। ਲਿੰਗ, ਉਮਰ, ਯੋਗਤਾ ਆਦਿ ਬਹੁਤ ਸਾਰੀਆਂ ਮਨੁੱਖੀ ਭਿੰਨਤਾਵਾਂ ਮਿਲਦੀਆਂ ਹਨ, ਲਿੰਗ ਦੀ ਭਿੰਨਤਾ ਪ੍ਰਮੁੱਖ ਭਿੰਨਤਾ ਕਹੀ ਜਾ ਸਕਦੀ ਹੈ। ਅਜਿਹੀ ਵਿਭਿੰਨ ਤਰ੍ਹਾਂ ਦੀ ਭਿੰਨਤਾ ਮਨੁੱਖ ਨੂੰ ਇੱਕ ਦੂਸਰੇ ਦਾ ਸਹਿਯੋਗੀ ਬਣਾਉਂਦੀ ਹੈ। ਕੋਈ ਵੀ ਮਨੁੱਖ ਆਪਣੀ ਹਰੇਕ ਜ਼ਰੂਰਤ ਆਪ ਪੂਰੀ ਨਹੀਂ ਕਰ ਸਕਦਾ। ਮਨੁੱਖ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਕਰਨ ਲਈ ਦੂਸਰਿਆਂ ਉੱਪਰ ਨਿਰਭਰ ਹੋਣਾ ਪੈਂਦਾ ਹੈ, ਜਿਸ ਨਾਲ ਸਮਾਜਿਕ ਸੰਬੰਧਾਂ ਦੀ ਗਿਣਤੀ ਵੱਧਦੀ ਜਾਂਦੀ ਹੈ ਅਤੇ ਅਜਿਹੀ ਪ੍ਰਕਿਰਿਆ ਹੀ ਸਮਾਜਿਕ ਪੱਖ ਦਾ ਨਿਰਮਾਣ ਕਰਦੀ ਹੈ।

2. **ਮਨੋਵਿਗਿਆਨਕ ਪੱਖ:** ਮਨੋਵਿਗਿਆਨਿਕ ਪੱਖ ਦੋ ਸਬਦਾਂ ਦੇ ਮੇਲ ਤੋਂ ਬਣਿਆ ਹੈ, ਮਨ ਅਤੇ ਵਿਗਿਆਨ। ਜਿਸਦਾ ਅਰਥ ਹੈ ਮਨ ਦਾ ਵਿਗਿਆਨਕ ਅਧਿਐਨ, ਅਰਥਾਤ ਉਹ ਵਿਗਿਆਨ ਜਿਹੜਾ ਮਨੁੱਖੀ ਮਨ ਨੂੰ ਆਪਣਾ ਅਧਿਐਨ ਦਾ ਖੇਤਰ ਬਣਾਉਂਦਾ ਹੈ, ਕਿਉਂਕਿ ਮਨੁੱਖੀ ਮਨ ਦੀ ਹੋਂਦ ਮਨੁੱਖੀ ਸਰੀਰ ਵਿੱਚ ਹੀ ਸੰਭਵ ਹੈ। ਮਨੋਵਿਗਿਆਨਿਕ ਪੱਖ ਮਨੁੱਖੀ ਵਿਵਹਾਰ ਦਾ ਸਰਬਪੱਖੀ ਅਧਿਐਨ ਕਰਦਾ ਹੈ। ਇਸ

ਨੂੰ ਮਨੁੱਖ ਦੇ ਸਮੁੱਚੇ ਵਿਅਕਤਿਤਵ ਦਾ ਅਧਿਐਨ ਕਰਨ ਵਾਲਾ ਵਿਗਿਆਨ ਕਿਹਾ ਜਾ ਸਕਦਾ ਹੈ ਭਾਵ ਮਨੁੱਖ ਦੀਆਂ ਸਰੀਰਕ ਕਿਰਿਆਵਾਂ ਨੂੰ ਉਸਦੀਆਂ ਮਾਨਸਿਕ ਕਿਰਿਆਵਾਂ ਤੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਮਨੋਵਿਗਿਆਨਿਕ ਪੱਖ ਦਾ ਆਰੰਭ ਮਨੁੱਖ ਦੀ ਉਤਪਤੀ ਤੋਂ ਹੀ ਮੰਨਿਆ ਜਾਂਦਾ ਹੈ ਪਰੰਤੂ ਵਿਧੀਪੂਰਵਕ ਅਧਿਐਨ 19ਵੀਂ ਸਦੀ ਤੋਂ ਸ਼ੁਰੂ ਹੋਇਆ। ਇਸਦਾ ਅਤੀਤ ਤਾਂ ਬਹੁਤ ਵੱਡਾ ਹੈ ਪਰੰਤੂ ਇਤਿਹਾਸ ਬਹੁਤ ਹੀ ਛੋਟਾ। ਮਨੋਵਿਗਿਆਨਿਕ ਪੱਖ ਦੀ ਸਭ ਤੋਂ ਸਾਧਾਰਨ ਤੇ ਸੰਖੇਪ ਪਰਿਭਾਸ਼ਾ ਇਹ ਹੈ, "ਮਨ ਸੰਬੰਧੀ ਵਿਗਿਆਨ ਮਨੋ-ਵਿਗਿਆਨ ਹੈ।"ਮਨੋਵਿਗਿਆਨਿਕ ਪੱਖ ਨੂੰ ਮਨ-ਸੰਬੰਧੀ ਵਿਗਿਆਨ ਕਹਿਣ ਨਾਲ ਇਹ ਸਪਸ਼ਟ ਨਹੀਂ ਹੁੰਦਾ ਕਿ ਮਨ ਸ਼ਬਦ ਦਾ ਪ੍ਰਯੋਗ ਕਿਸ ਅਰਥ ਵਿੱਚ ਕੀਤਾ ਗਿਆ ਹੈ। ਇਸ ਲਈ ਅਰਥ ਦੀ ਸਪਸ਼ਟਤਾ ਅਤੇ ਪਰਿਭਾਸ਼ਾ ਦੀ ਸੁਬੋਧਤਾ ਲਈ ਮਨੋ-ਵਿਗਿਆਨ ਪੱਖ ਨੂੰ ਮਾਨਸਿਕ ਅਨੁਭਵਾਂ ਜਾਂ ਕਾਰਜਾਂ ਦਾ ਵਿਗਿਆਨ ਕਹਿਣਾ ਚਾਹੀਦਾ ਹੈ। ਮਨੁੱਖ ਦੇ ਮਨ ਵਿੱਚ, ਹਰ ਵੇਲੇ ਕੋਈ ਨਾ ਕੋਈ ਵਿਚਾਰ ਚਲਦੇ ਹੀ ਰਹਿੰਦੇ ਹਨ। ਇੱਛਾਵਾਂ ਤੇ ਚੇਸ਼ਟਾਵਾਂ ਉੱਠਦੀਆਂ ਹੀ ਰਹਿੰਦੀਆਂ ਹਨ। ਅੱਡ-ਅੱਡ ਪ੍ਰਕਾਰ ਦੀਆਂ ਕਈ ਅਨੁਭੂਤੀਆਂ ਉਹ ਅਨੁਭਵ ਕਰਦਾ ਹੀ ਰਹਿੰਦਾ ਹੈ। ਇਹਨਾਂ ਸਭ ਵਿਚਾਰਾਂ,ਇੱਛਾਵਾਂ ਅਤੇ ਅਨੁਭੂਤੀਆਂ ਦੀ ਪੜਤਾਲ ਅਤੇ ਵਿਆਖਿਆ ਕਰਨ ਵਾਲੇ ਵਿਗਿਆਨ ਨੂੰ ਮਨੋਵਿਗਿਆਨਿਕ ਪੱਖ ਕਹਿੰਦੇ ਹਨ। ਮਨੋਵਿਗਿਆਨਿਕ ਪੱਖ ਇੱਕ ਵਿਅਕਤੀ ਦੇ ਮਨ ਅਰਥਾਤ ਮਾਨਸਿਕ ਅਨੁਭਵ ਜਾਂ ਵਰਤ-ਵਰਤਾਰਿਆਂ ਦਾ ਅਧਿਐਨ ਨਹੀਂ ਹੈ। ਇੱਕ ਵਿਅਕਤੀ ਦੇ ਮਨ ਦੇ ਅਧਿਐਨ ਦੇ ਆਧਾਰ ਉੱਤੇ ਕਿਸੇ ਵਿਗਿਆਨ ਦੀ ਉਸਾਰੀ ਸੰਭਵ ਵੀ ਨਹੀਂ ਹੈ। ਮਾਨਸਿਕ ਵਰਤ-ਵਰਤਾਰਿਆਂ ਦੇ ਅਧਿਐਨ ਨੂੰ ਵਿਗਿਆਨ ਦਾ ਰੂਪ ਦੇਣ ਲਈ ਦੂਜੇ ਵਿਅਕਤੀਆਂ ਤੇ ਪ੍ਰਾਣੀਆਂ ਦੇ ਮਨ ਨੂੰ ਖੜ੍ਹਨਾ ਅਤੇ ਸਮਝਣਾ ਵੀ ਲੋੜੀਂਦਾ ਹੈ।

ਮਨੋਵਿਗਿਆਨਿਕ ਪੱਖ ਮਨ ਦਾ ਵਿਗਿਆਨ ਅਧਿਐਨ ਹੈ, ਜਿਸ ਵਿੱਚ ਨਾ ਸਿਰਫ਼ ਬੌਧਿਕ ਬਲਕਿ ਸੰਵੇਗਾਤਮਕ ਅਨੁਭਵ ਵੀ ਆਉਂਦੇ ਹਨ ਅਤੇ ਇਸ ਵਿੱਚ ਪ੍ਰੇਰਕ ਸ਼ਕਤੀਆਂ, ਕ੍ਰਿਆਵਾਂ ਅਤੇ ਵਿਹਾਰ ਸ਼ਾਮਲ ਹੁੰਦੇ ਹਨ।

ਜੇ.ਐਸ. ਵਾਲੀਆ ਦੀ ਕਿਤਾਬ *ਸਿੱਖਿਆ ਮਨੋਵਿਗਿਆਨ ਦੀਆਂ ਬੁਨਿਆਦਾਂ* 'ਚ ਕ੍ਰੋ ਐਂਡ ਕ੍ਰੋ ਦੇ

ਮਨੋਵਿਗਿਆਨ ਸਬੰਧੀ ਵਿਚਾਰ ਹਨ ਕਿ:

ਮਨੋਵਿਗਿਆਨ ਮਨੁੱਖੀ ਵਿਹਾਰ ਅਤੇ ਮਨੁੱਖੀ ਸੰਬੰਧਾਂ ਦਾ ਅਧਿਐਨ ਹੈ(4)

ਉਪਰੋਕਤ ਅਧਿਐਨ ਇਹ ਸਿੱਧ ਕਰਦਾ ਹੈ ਕਿ ਚਿੰਤਕਾਂ ਦੀ ਖੋਜ ਆਤਮਾ ਤੋਂ ਸ਼ੁਰੂ ਹੋ ਕੇ ਮਨ ਅਤੇ ਇਸ ਦੀਆਂ ਮਹੀਨ ਪਰਤਾਂ ਫਰੋਲਣ ਵੱਲ ਚਿੰਤਨਸ਼ੀਲ ਰਹੀ ਹੈ। ਮਨੋਵਿਗਿਆਨਿਕ ਪੱਖ ਤੋਂ ਦਾਰਸ਼ਨਿਕਾਂ ਅਤੇ ਮਨੋਵਿਗਿਆਨੀਆਂ ਦੀਆਂ ਮਨ ਸੰਬੰਧੀ ਖੋਜ-ਵਿਧੀਆਂ ਵਿੱਚ ਅੰਤਰ ਲੱਭ ਸਕਦੇ ਹਾਂ। ਜਿੱਥੇ ਮਨੋਵਿਗਿਆਨੀ ਇਸ ਖੋਜ ਨੂੰ ਵਿਗਿਆਨਕ ਆਧਾਰ ਪ੍ਰਦਾਨ ਕਰਦਾ ਹੈ, ਉੱਥੇ ਦਾਰਸ਼ਨਿਕਾਂ ਦੀ ਖੋਜ ਵਧੇਰੇ ਕਰਕੇ ਅਨੁਭਵ ਉੱਤੇ ਹੀ ਆਧਾਰਿਤ ਰਹੀ ਹੈ। ਇਨ੍ਹਾਂ ਸਾਰੀਆਂ ਪਰਿਭਾਸ਼ਾਵਾਂ ਦਾ ਨਿਚੋੜ ਹੈ ਕਿ ਮਨੋਵਿਗਿਆਨਿਕ ਪੱਖ ਜੀਵੰਤ ਪ੍ਰਾਣੀਆਂ ਦੇ ਮਨ ਦੇ ਵਿਹਾਰ ਦਾ ਅਧਿਐਨ ਹੈ।

3. **ਧਾਰਮਿਕ ਪੱਖ:-** ਧਾਰਮਿਕ ਪੱਖ ਸਮਾਜਿਕ ਚੇਤਨਤਾ ਦਾ ਉਹ ਦਾਰਸ਼ਨਿਕ ਪ੍ਰਗਟਾਵਾ ਹੈ, ਜਿਹੜਾ ਮੱਧ ਯੁੱਗ ਵਿੱਚ ਮਾਨਵੀ ਚੇਤਨਾ ਦਾ ਦ੍ਰਿਸ਼ਟੀਮੂਲਕ ਬਿੰਦੂ ਬਣ ਕੇ ਸਾਹਮਣੇ ਆਇਆ। ਧਾਰਮਿਕ ਪੱਖ ਕਿਸੇ ਅਦਿੱਖ ਸ਼ਕਤੀ ਪ੍ਰਤੀ ਸ਼ਰਧਾ ਪੂਰਵਕ ਹੋਣ ਕਾਰਨ ਇਹ ਮਨੁੱਖੀ ਚੇਤਨਾ ਵਿੱਚ ਪਵਿੱਤਰਤਾ ਦਾ ਰੂਪ ਧਾਰਨ ਕਰ ਗਿਆ। ਹੌਲੀ-ਹੌਲੀ ਧਾਰਮਿਕ ਪੱਖ ਮਨੁੱਖੀ ਜੀਵਨ ਵਿੱਚ ਏਨਾ ਡੂੰਘਾ ਉਤਰ ਗਿਆ ਕਿ ਉਸ ਨੇ ਮਨੁੱਖ ਦੀ ਹਰੇਕ ਸਰਗਰਮੀ ਅਤੇ ਸੱਭਿਆਚਾਰ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ। ਇਸ ਨਾਲ ਧਾਰਮਿਕ ਪੱਖ ਮਨੁੱਖੀ ਜੀਵਨ ਦਾ ਕੇਂਦਰੀ ਸਰੋਕਾਰ ਬਣ ਗਿਆ। ਸਮੇਂ-ਸਮੇਂ ਇਸ ਦੇ ਵਿਰੁੱਧ ਉੱਠਣ ਵਾਲੀਆਂ ਧਾਰਮਿਕ ਲਹਿਰਾਂ ਵਿੱਚ ਵੱਖਰੇ ਧਰਮ ਦੇ ਸਰੂਪ ਰਾਹੀਂ ਸਾਹਮਣੇ ਆਉਣ ਲੱਗੀਆਂ ਇਉਂ ਭਾਰਤੀ ਸਮਾਜ ਵਿੱਚ ਹਜ਼ਾਰ ਸਾਲ ਤੋਂ ਵੱਧ ਧਾਰਮਿਕ ਪੱਖ ਵਿਭਿੰਨ ਰੂਪਾਂ ਵਿੱਚ ਸਾਹਮਣੇ ਆਇਆ ਦੇਖਿਆ ਜਾ ਸਕਦਾ ਹੈ। ਇਉਂ ਧਾਰਮਿਕ ਪੱਖ ਦੀ ਲੰਮੀ ਇਤਿਹਾਸਕ ਪ੍ਰਕਿਰਿਆ ਨੇ ਮਨੁੱਖੀ ਸਮਾਜ ਅਤੇ ਸੋਚਣੀ ਨੂੰ ਨਿਰੰਤਰ ਪ੍ਰਭਾਵਿਤ ਕੀਤਾ। ਇਸੇ ਕਰਕੇ ਅਕਸਰ ਧਾਰਮਿਕ ਪੱਖ ਨੂੰ ਸਮਾਜ ਅਤੇ ਸੱਭਿਆਚਾਰ ਦਾ ਜਨਮ ਦਾਤਾ ਵੀ ਸਵੀਕਾਰ ਕਰ ਲਿਆ ਜਾਂਦਾ ਹੈ। ਗੁਰਬਖ਼ਸ਼ ਸਿੰਘ ਫਰੈਂਕ *ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ* 'ਚ ਕਹਿੰਦਾ ਹੈ ਕਿ:

ਧਰਮ ਨੂੰ ਕਈ ਵਾਰੀ ਸੱਭਿਆਚਾਰ ਦਾ ਸਮਾਨਾਰਥੀ, ਇਸ ਦਾ ਜਨਮਦਾਤਾ, ਇਸ ਦਾ ਆਧਾਰ ਜਾਂ ਇਸ ਦੀ ਚਾਲਕ ਸ਼ਕਤੀ ਦੱਸਿਆ ਜਾਂਦਾ ਹੈ। ਪਰ ਅਸਲ ਵਿੱਚ ਧਰਮ ਆਪ ਇੱਕ ਸੱਭਿਆਚਾਰਕ ਸਿਰਜਣਾ ਹੈ। ਇਸ ਦੇ ਚਿੰਤਨ ਦਾ ਪਿੜ ਕਿਉਂਕਿ ਦਿਸਦੇ ਵਰਤਾਰਿਆਂ ਦੇ ਅਨਜਾਣੇ ਅਤੇ ਅਗਿਆਤ ਖੇਤਰ ਹਨ ਜਾਂ ਫਿਰ ਜੀਵਨ ਦੇ ਉਹ ਖੇਤਰ ਹਨ, ਜਿਨ੍ਹਾਂ ਵਿੱਚ ਅਨਿਸ਼ਚਿਤਤਾ ਪਾਈ ਜਾਂਦੀ ਹੈ, ਜਿਹੜੀ ਮਨੁੱਖੀ ਦੁਬਿਧਾ ਅਤੇ ਕਿਸੇ ਅਟੱਲ ਮੁਸੀਬਤ ਦੇ ਲਟਕਵੇਂ ਡਰ ਦਾ ਆਧਾਰ ਵੀ ਬਣੀ ਰਹਿੰਦੀ ਹੈ, ਇਸ ਲਈ ਮਨੁੱਖੀ ਵਿਕਾਸ ਦੇ ਪਹਿਲੇ ਪੜਾਵਾਂ ਉੱਤੇ ਧਰਮ ਜ਼ਿੰਦਗੀ ਜਿੰਨਾ ਹੀ ਸਰਬ-ਵਿਆਪਕ ਹੁੰਦਾ ਹੈ।(79)

ਧਾਰਮਿਕ ਪੱਖ ਸੱਭਿਆਚਾਰਕ ਰੂਪਾਂਤਰਨ ਕਾਰਨ ਨਿਰਨਾਇਕ ਭੂਮਿਕਾ ਨਿਭਾਉਣ ਵਾਲਾ ਦ੍ਰਿਸ਼ਟੀਗਤ ਵਰਤਾਰਾ ਬਣ ਗਿਆ ਹੈ। ਇਸ ਸਮੁੱਚੇ ਪ੍ਰੀਦ੍ਰਿਸ਼ ਵਰਤਾਰੇ ਨੂੰ ਸਮਝਣ ਲਈ *ਪੰਜਾਬੀ ਸੱਭਿਆਚਾਰ ਦਾ ਭਵਿੱਖ* 'ਚ ਅਮਰਜੀਤ ਗਰੇਵਾਲ ਦਾ ਨਿਮਨ ਲਿਖਤ ਕਥਨ ਧਿਆਨ ਕੇਂਦਰਿਤ ਰਹਿਣਾ ਚਾਹੀਦਾ ਹੈ ਕਿ:

ਧਾਰਮਿਕ ਸੰਸਥਾਵਾਂ ਤੇ ਧਾਰਮਿਕ ਚਿੰਨ੍ਹਾਂ ਨੂੰ ਵਰਤ ਕੇ ਆਪਣੇ ਰਾਜਨੀਤਕ ਤੇ ਆਰਥਿਕ ਮਨਸੂਬੇ ਪੂਰੇ ਕਰਨ ਲਈ ਧਨਾਢ ਕਿਰਸਾਣੀ ਨੇ ਸਭ ਤੋਂ ਪਹਿਲਾਂ 1962 ਵਿੱਚ ਸ਼ਹਿਰੀ ਸਿੱਖ ਮੱਧ ਸ਼੍ਰੇਣੀ ਦੇ ਪ੍ਰਤੀਨਿਧ ਮਾਸਟਰ ਤਾਰਾ ਸਿੰਘ ਕੋਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਖੋਹੀ। ਉਸ ਤੋਂ ਬਾਅਦ ਅੱਜ ਤੱਕ ਇਹ ਧਨਾਢ ਕਿਰਸਾਨੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਰਾਜ ਦੀਆਂ ਤਮਾਮ ਸਿੱਖ ਧਾਰਮਿਕ ਸੰਸਥਾਵਾਂ, ਗੁਰਦੁਆਰੇ, ਚਿੰਨ੍ਹਾਂ, ਦਿਹਾੜੇ ਅਤੇ ਸਿੱਖ ਸਮਾਜ ਨੂੰ ਆਪਣੇ ਪਿਛਾਂਹ ਖਿੱਚੂ ਹਿੱਤਾਂ ਲਈ ਸ਼ਰ੍ਹੇਆਮ ਵਰਤਦੀ ਆ ਰਹੀ ਹੈ। ਸੋ, ਪੰਜਾਬ ਵਿੱਚ ਧਨੀ ਕਿਸਾਨੀ ਨੇ ਸਿੱਖ ਸੰਸਥਾਵਾਂ ਅਤੇ ਸਿੱਖ ਚਿੰਨ੍ਹਾਂ ਉਪਰ ਕਬਜ਼ਾ ਕਰਕੇ ਸਿੱਖ ਸੰਪਰਦਾਇਕ ਚੇਤਨਾ ਨੂੰ ਉਤਸ਼ਾਹਿਤ ਕਰਕੇ, ਸਿੱਖਾਂ ਦੇ ਹਕੂਮਤ ਵਿਰੋਧੀ ਇਤਿਹਾਸ ਦਾ ਪ੍ਰਚਾਰ ਕਰਕੇ ਅਤੇ ਆਪਣੀਆਂ ਜਮਾਤੀ ਮੰਗਾਂ ਨੂੰ ਧਾਰਮਿਕ ਰੰਗਤ ਦੇ ਕੇ ਸਮੁੱਚੀ ਕਿਰਸਾਣੀ, ਮੱਧ ਵਰਗੀ ਸ਼ਹਿਰੀ ਸਿੱਖ ਜਮਾਤ, ਸਿੱਖ ਨੌਕਰਸ਼ਾਹੀ ਅਤੇ ਬੁੱਧੀਜੀਵੀ ਵਰਗ ਆਦਿ ਸਭ ਨੂੰ ਆਪਣੇ ਜਗੀਰੂ ਹਿੱਤਾਂ ਦੀ ਰਾਖੀ ਲਈ

ਧਰਮ ਦੇ ਨਾਂ ਉਪਰ ਇਕੱਠਿਆਂ ਕਰਕੇ ਵਰਤਿਆ।(78)

ਦੇਸ਼ ਦੀ ਆਜ਼ਾਦੀ ਬਾਅਦ ਲੋਕਤੰਤਰੀ ਪ੍ਰਬੰਧ ਵਿੱਚ ਸੱਤਾ ਉਪਰ ਕਾਬਜ਼ ਹੋਣ ਲਈ ਵੱਖਰੀਆਂ-2 ਫ਼ਿਰਕੂ ਪਾਰਟੀਆਂ ਨੇ ਧਰਮਾਂ ਨੂੰ ਕੇਂਦਰ ਬਿੰਦੂ ਬਣਾ ਲਿਆ ਜਿਸ ਨਾਲ ਸੱਭਿਆਚਾਰਕ ਰੂਪਾਂਤਰਨ ਕਾਰਨ ਜੀਵਨ ਵਿੱਚ ਤਣਾਓ ਉਤਪੰਨ ਹੋ ਗਿਆ। ਆਜ਼ਾਦੀ ਤੋਂ ਬਾਅਦ ਵੱਖੋ-ਵੱਖਰੇ ਧਰਮਾਂ 'ਚ ਨਿਕਲਿਆ ਡੇਰਾਵਾਦ ਇੱਕ ਹੋਰ ਵਰਤਾਰਾ ਬਣ ਗਿਆ ਜਿਸ ਨੇ ਰਾਜਨੀਤਕ ਸੰਤੁਲਨ ਨੂੰ ਇੱਕ ਨਵਾਂ ਰੂਪ ਦਿੱਤਾ। ਡੇਰਿਆਂ ਦੇ ਸ਼ਰਧਾਲੂ ਵੱਖਰੇ-ਵੱਖਰੇ ਡੇਰੇਦਾਰਾਂ ਦੇ ਵੋਟ ਬੈਂਕ ਦੇ ਰੂਪ ਵਿੱਚ ਉੱਭਰਨ ਲੱਗ ਪਏ। ਸੱਭਿਆਚਾਰਕ ਰੂਪਾਂਤਰਨ ਦੇ ਕਾਰਨ ਇਸ ਸੰਬੰਧੀ ਲਗਾਤਾਰ ਮਸਲੇ ਉੱਠ ਰਹੇ ਹਨ। ਪੂਰੇ ਹਿੰਦੁਸਤਾਨ ਅੰਦਰ ਹੀ ਅਜਿਹੇ ਸਾਧੂ ਅਤੇ ਡੇਰੇਦਾਰ ਜਿਹੜੇ ਇਖ਼ਲਾਕੀ ਤੌਰ ਤੇ ਭ੍ਰਿਸ਼ਟ ਹਨ, ਕਿਉਂਕਿ ਸੱਭਿਆਚਾਰਕ ਰੂਪਾਂਤਰਨ ਦੇ ਕਾਰਨ ਧਾਰਮਿਕ ਪੱਖ ਤੋਂ ਧਰਮ ਅਧਿਆਤਮਕਤਾ ਤੱਕ ਸੀਮਤ ਨਾ ਰਹਿ ਕੇ ਜੀਵਨ ਦੇ ਪਸਾਰਾਂ ਤੱਕ ਫੈਲਿਆ ਹੋਇਆ ਹੈ। ਜ਼ਬਰ ਅਤੇ ਜ਼ੁਲਮ ਦੀ ਸੱਤਾ ਦੇ ਨਾਲ ਲੋਹਾ ਲੈਣ ਵਾਲੇ ਇਸ ਧਰਮ ਦੀਆਂ ਆਪਣੀਆਂ  ਰਵਾਇਤਾਂ ਹਨ। ਸਮਕਾਲੀ ਪੰਜਾਬੀ ਕਹਾਣੀਕਾਰ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਤੋਂ ਇਨ੍ਹਾਂ ਰਵਾਇਤਾਂ ਨਾਲ ਜੁੜੀਆਂ ਹੋਈਆਂ ਅਨੇਕਾਂ ਕਹਾਣੀਆਂ ਪ੍ਰਾਪਤ ਹਨ। ਇਸ ਦੇ ਨਾਲ ਹੀ ਅਨੇਕਾਂ ਕਹਾਣੀਆਂ ਅਜਿਹੀਆਂ ਹਨ ਜਿਹੜੀਆਂ ਸੱਭਿਆਚਾਰਕ ਰੂਪਾਂਤਰਨ ਕਾਰਨ ਡੇਰਾਤੰਤਰ ਦੇ ਵਧਣ ਨਾਲ ਧਾਰਮਿਕਤਾ ਨੂੰ ਪਾਖੰਡਵਾਦ ਤੋਂ ਉਭਾਰਦੀਆਂ ਹਨ, ਕਿਉਂਕਿ ਬਹੁਗਿਣਤੀ ਅਖੌਤੀ ਧਾਰਮਿਕ ਬਾਬੇ ਸਧਾਰਨ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਕਰਕੇ ਸਿਰਫ ਪੈਸਾ ਕਮਾਉਣ ਲੱਗੇ ਹੋਏ ਹਨ। ਧਰਮ ਦੇ ਠੇਕੇਦਾਰਾਂ ਦੇ ਇਹ ਕੁਕਰਮ ਕਿਸੇ ਤੋਂ ਗੁੱਝੇ ਹੋਏ ਨਹੀਂ ਹਨ। ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਅਜਿਹੇ ਧਾਰਮਿਕ ਠੇਕੇਦਾਰਾਂ ਨਾਲ ਜੁੜੇ ਹੋਏ ਡੇਰੇ ਭ੍ਰਿਸ਼ਟਾਚਾਰੀ ਦੇ ਅੱਡੇ ਬਣ ਚੁੱਕੇ ਹਨ। ਬਿਨਾਂ ਸ਼ੱਕ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਡੇਰੇ ਅਤੇ ਰਾਜਨੀਤੀ ਦੀ ਸੰਯੁਕਤੀ ਮਿਲਦੀ ਹੈ। ਡੇਰਿਆਂ ਦੇ ਕਾਮੁਕ ਪ੍ਰਗਟਾਉ ਦਾ ਵੇਰਵਾ ਵੀ ਮਿਲਦਾ ਹੈ, ਉਨ੍ਹਾਂ ਦੁਆਰਾ ਧਨ ਦੌਲਤ ਦਾ ਇਕੱਠਾ ਕਰਨਾ ਵੀ ਦਿਖਾਈ ਦਿੰਦਾ ਹੈ, ਇਹ ਮਾਧਿਅਮ ਆਪਣੇ ਬੁਨਿਆਦੀ ਅਰਥ

ਤੱਤ ਤੋਂ ਬਿਲਕੁਲ ਹੀ ਬਦਲ ਗਿਆ ਹੈ। ਇਸੇ ਕਰਕੇ ਜਿੱਥੇ ਸੰਤਾਂ ਬਾਬਿਆਂ ਦਾ ਮੁੱਖ ਮਕਸਦ ਪੰਜਾਬੀ ਮਨੁੱਖ ਦੀ ਰੂਹਾਨੀਅਤ ਨੂੰ ਅਮੀਰ ਕਰਨ ਦਾ ਨਹੀਂ, ਸਗੋਂ ਉਸ ਦੀਆਂ ਭਾਵਨਾਵਾਂ ਦਾ ਸ਼ੋਸ਼ਣ ਕਰਨ ਵਿੱਚ ਹੈ। ਉੱਥੇ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਨੂੰ ਚੰਗੇ ਅਤੇ ਮਾੜੇ ਪੱਖਾਂ ਤੋਂ ਸਪਸ਼ਟ ਉਭਾਰਿਆ ਗਿਆ ਹੈ।

4. **ਰਾਜਨੀਤਿਕ ਪੱਖ**: ਭਾਰਤੀ ਰਾਜ ਪ੍ਰਬੰਧ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੂੰਜੀਵਾਦੀ ਕਦਰਾਂ-ਕੀਮਤਾਂ ਦੇ ਕਾਰਨ ਲਗਾਤਾਰ ਲੁੱਟ-ਖਸੁੱਟ ਅਤੇ ਸ਼ੋਸ਼ਣ/ਦਮਨ ਉਪਰ ਕੇਂਦਰਿਤ ਹੋ ਗਿਆ। 1990 ਤੋਂ ਬਾਅਦ ਵਿਸ਼ਵੀਕਰਨ ਦੀ ਪ੍ਰਕਿਰਿਆ ਨੇ ਇਸ ਦਮਨ ਅਤੇ ਸ਼ੋਸ਼ਣ ਨੂੰ ਹੋਰ ਫੈਲਾ ਦਿੱਤਾ। ਸਾਮਰਾਜ ਅਤੇ ਪੂੰਜੀਵਾਦ ਦੀ ਇਸ ਭਾਈਵਾਲੀ ਨੇ ਨਿਰੰਤਰ ਰਾਜਨੀਤਕ ਮੌਕਾ ਪ੍ਰਸਤੀ ਨੂੰ ਜਨਮ ਦਿੱਤਾ ਹੈ। ਇਸ ਵਿਚੋਂ ਰਾਜਨੀਤਕ ਭ੍ਰਿਸ਼ਟਾਚਾਰ ਨੂੰ ਚਰਮ ਸੀਮਾ ਤੱਕ ਪਹੁੰਚਣ ਦਾ ਬਲ ਮਿਲਿਆ। ਕਿਉਂਕਿ ਰਾਜਨੀਤੀ ਪੱਖ ਪੂਰੇ ਸਮਾਜ-ਸੱਭਿਆਚਾਰ ਪਸਾਰਾਂ ਦਾ ਉਹ ਸਮੁੱਚ ਹੁੰਦਾ ਹੈ, ਜਿਹੜਾ ਸਮੁੱਚੀ ਵਿਵਸਥਾ ਦੀਆਂ ਅੰਦਰੂਨੀ ਕਾਰਜਗਤ ਸ਼ਕਤੀਆਂ ਦਾ ਨਿਖੇੜਾ ਕਰਦਾ ਹੈ। ਡਾ. ਸਰਬਜੀਤ ਸਿੰਘ ਦੀ ਪੁਸਤਕ *ਪੰਜਾਬੀ ਆਲੋਚਨਾ ਵਿਚਾਰਧਾਰਕ ਪਰਿਪੇਖ* ਅਨੁਸਾਰ:

> ਰਾਜਨੀਤੀ ਵਿਚਾਰਾਂ ਦਾ ਉਹ ਸਮੂਹ ਹੈ ਜੋ ਜਮਾਤੀ ਸਮਾਜ ਵਿੱਚ ਕਿਸੇ ਜਮਾਤ ਵੱਲੋਂ ਅਮਲ ਵਿੱਚ ਲਿਆਂਦੀ ਜਾਂਦੀ ਨੀਤੀ ਨੂੰ ਸਿਧਾਂਤਕ ਤੌਰ 'ਤੇ ਸਿੱਧ ਕਰਦੀ ਹੈ। ਇਹ ਇੱਕ ਵਿਚਾਰਧਾਰਕ ਮਸਲਾ ਹੁੰਦਿਆਂ ਆਰਥਿਕਤਾ ਨਾਲ ਡੂੰਘੀ ਤਰ੍ਹਾਂ ਸੰਬੰਧਿਤ ਹੈ ਜੋ ਇਸ ਨੂੰ ਇਕਾਗਰ ਰੂਪ ਵਿੱਚ ਪ੍ਰਤੀਬਿੰਬਤ ਕਰਦਾ ਹੈ। ਰਾਜਨੀਤੀ ਆਰਥਕ ਆਧਾਰ ਨੂੰ ਸਮੁੱਚੇ ਵਿਚਾਰਧਾਰਕ ਪਰਉਸਾਰ ਨਾਲ ਜੋੜਨ ਵਾਲੀ ਇੱਕ ਵਿੱਚਲੀ ਕੜੀ ਹੈ।(19)

ਰਾਜਨੀਤਿਕ ਪੱਖ ਤੋਂ ਕਹਾਣੀਕਾਰ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖਾਂ ਨੂੰ ਚੰਗੇ ਅਤੇ ਮਾੜੇ ਪੱਖਾਂ ਦੀ ਡੂੰਘੀ ਸੰਰਚਨਾ ਤੋਂ ਉਭਾਰਿਆ ਹੈ। ਇਹ ਡੂੰਘੀ ਸੰਰਚਨਾ ਹੀ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼

ਸੱਭਿਆਚਾਰਕ ਰੂਪਾਂਤਰਨ ਤੋਂ ਇਹਨਾਂ ਮਸਲਿਆਂ ਨੂੰ ਬੜੀ ਗੰਭੀਰਤਾ ਤੇ ਸ਼ਿੱਦਤ ਨਾਲ ਫੜਦੀ ਹੈ। ਇਸ ਸੰਬੰਧੀ ਇਹਨਾਂ ਕਹਾਣੀਕਾਰਾਂ ਨੇ ਉਹਨਾਂ ਕਹਾਣੀਆਂ ਦੀ ਰਚਨਾ ਕੀਤੀ ਜਿਹੜੀਆਂ ਇਸ ਜੀਵਨ ਨਾਲ ਸਿੱਧੇ ਤੌਰ ਤੇ ਜੁੜੀਆਂ ਹੋਈਆਂ ਹਨ, ਭਾਵ ਇਨ੍ਹਾਂ ਕੋਲ ਮੌਲਿਕ ਅਨੁਭਵ ਸੀ।

5. **ਆਰਥਿਕ ਪੱਖ:** 1990 ਤੋਂ ਬਾਅਦ ਪੰਜਾਬ ਦੇ ਸੱਭਿਆਚਾਰ ਢਾਂਚੇ ਅੰਦਰ ਵਾਪਰਨ ਵਾਲੇ ਰੂਪਾਂਤਰਨ ਦਾ ਬੁਨਿਆਦੀ ਕਾਰਨ ਪੰਜਾਬ ਦੇ ਖੇਤੀ ਢਾਂਚੇ ਅਤੇ ਆਰਥਿਕਤਾ ਪੱਖ ਅੰਦਰ ਆਇਆ ਰੂਪਾਂਤਰਨ ਹੈ, ਕਿਉਂਕਿ ਰਾਜਸੀ ਪ੍ਰਬੰਧ ਦੁਆਰਾ ਨਵੀਆਂ ਆਰਥਿਕ ਨੀਤੀਆਂ ਦੇ ਲਾਗੂ ਹੋਣ ਨਾਲ ਖੇਤੀ ਵਸਤਾਂ ਮੰਡੀਕਰਨ ਦਾ ਸ਼ਿਕਾਰ ਹੋ ਜਾਂਦੀਆਂ ਹਨ। ਇਸ ਤੋਂ ਪਹਿਲਾਂ ਇਹ ਰੂਪਾਂਤਰਨ ਹਰੇ ਇਨਕਲਾਬ ਵੇਲੇ ਵਾਪਰਿਆ ਸੀ, ਜਦੋਂ ਖੇਤੀਬਾੜੀ ਮਸ਼ੀਨ ਕੇਂਦਰਿਤ ਹੋਣ ਲੱਗੀ ਤਾਂ ਪੰਜਾਬ ਦੇ ਪਰੰਪਰਾਗਤ ਪੇਸ਼ੇ ਸਮਾਜੀ ਵਿਕਾਸ ਦੀ ਪ੍ਰਕਿਰਿਆ ਵਿਚੋਂ ਬੇਦਖ਼ਲ ਹੋ ਗਏ। ਪੇਂਡੂ ਪੱਧਰ ਉੱਤੇ ਰੁਜ਼ਗਾਰ ਦੇ ਮੌਕੇ ਘੱਟ ਹੋਣ ਕਾਰਨ ਬਹੁਤੇ ਬੇਜ਼ਮੀਨੇ ਅਤੇ ਖੇਤ ਮਜ਼ਦੂਰ ਲੋਕ ਸ਼ਹਿਰਾਂ ਵੱਲ ਵਧਣ ਲੱਗੇ।ਇਸ ਦੇ ਦੂਜੇ ਪਾਸੇ ਪੰਜਾਬ ਭਾਰਤੀ ਆਰਥਿਕ ਨੀਤੀਆਂ ਦੇ ਤਹਿਤ ਵਿਸ਼ਵੀਕਰਨ ਦੀ ਨੀਤੀ ਦੇ ਤਹਿਤ ਖੁੱਲ੍ਹੀ ਜਕੜ ਵਿੱਚ ਆ ਜਾਂਦਾ ਹੈ। ਇਉਂ ਸੂਖਮ ਰੂਪ ਵਿੱਚ ਪੰਜਾਬ ਸੰਕਟ ਦੀ ਭੰਨੀ ਹੋਈ ਆਰਥਿਕਤਾ ਨੂੰ ਵਿਸ਼ਵੀਕਰਨ ਦੇ ਖ਼ੂਨੀ ਪੰਜੇ ਵਿੱਚ ਧੱਕ ਦਿੱਤਾ ਗਿਆ। ਪੰਜਾਬ ਆਰਥਿਕ ਤੌਰ ਤੇ ਜਿਹੜੇ ਸੰਕਟਾਂ ਵਿਚੋਂ ਗੁਜ਼ਰਦਾ ਹੈ, ਉਨ੍ਹਾਂ ਦੇ ਪ੍ਰਭਾਵ ਅਧੀਨ ਸਮੁੱਚੇ ਸੰਸਕ੍ਰਿਤਕ ਅਤੇ ਨੈਤਿਕ ਵਾਤਾਵਰਣ ਵਿੱਚ ਵੀ ਗੰਭੀਰ ਸੱਭਿਆਚਾਰਕ ਰੂਪਾਂਤਰਨ ਵਾਪਰਨੇ ਆਰੰਭ ਹੋ ਜਾਂਦੇ ਹਨ। ਇਹ ਦੌਰ ਪੰਜਾਬ ਦਾ ਅਜਿਹਾ ਜਟਿਲ ਦੌਰ ਹੈ ਜਿਸ ਦਾ ਅਜੇ ਤੱਕ ਵਿਗਿਆਨਕ ਤੇ ਸਰਬਪੱਖੀ ਅਧਿਐਨ ਨਹੀਂ ਮਿਲਦਾ। ਆਰਥਿਕ ਪੱਖ ਤੋਂ ਪੰਜਾਬੀ ਮਨੁੱਖ ਦੇ ਵਰਤ-ਵਿਹਾਰ ਤੇ ਰਿਸ਼ਤਾ-ਨਾਤਾ ਪ੍ਰਬੰਧ ਆਦਿ ਵਿੱਚ ਵਾਪਰਨ ਵਾਲੇ ਤੇਜ਼ ਸੱਭਿਆਚਾਰਕ ਰੂਪਾਂਤਰਨ ਦੇ ਸੰਬੰਧੀ ਡਾ. ਸਰਬਜੀਤ ਸਿੰਘ ਦੇ *ਪੰਜਾਬੀ ਕਵਿਤਾ: ਪ੍ਰਸੰਗ ਤੇ ਪ੍ਰਵਚਨ* ਵਿੱਚ ਨਿਮਨਲਿਖਤ ਵਿਚਾਰ ਧਿਆਨ ਯੋਗ ਹਨ:

> ਸਰਮਾਏਦਾਰੀ ਨੇ ਵਿਸ਼ਵ ਵਿੱਚ ਐਸੀ ਚੜ੍ਹ ਮਚਾ ਦਿੱਤੀ ਕਿ ਦੁਨੀਆ ਵਸਤੂਆਂ ਦੇ ਹੜ੍ਹ ਵਿੱਚ ਗੁੰਮ ਗੁਆਚਣ ਲੱਗੀ। ਪੰਜਾਬੀ ਮਨੁੱਖ ਜੋ ਪੰਜਾਬ ਦੇ ਸੰਕਟ ਤੋਂ ਭੈਅ ਭੀਤ ਸੀ, ਉਸ ਨੂੰ ਅਮਨ ਕਾਨੂੰਨ

ਨੇ ਜਿੱਥੇ ਰਾਹਤ ਦਿੱਤੀ ਉੱਥੇ ਸਿੱਧੇ ਉਪਭੋਗਤਾ ਦੇ ਬਜ਼ਾਰ ਵਿੱਚ ਲਿਆ ਖੜ੍ਹਾ ਕੀਤਾ। ਇੱਕ ਪਾਸੇ ਵਲੂੰਧਰੀ ਮਾਨਸਿਕਤਾ, ਦੂਜੇ ਪਾਸੇ ਉਪਭੋਗਤਾ ਦਾ ਆਲਮ ਤੇ ਤੀਜਾ ਸਮਾਜਵਾਦੀ ਸਮਾਜ ਦਾ ਖਿੰਡਾਅ ਪੰਜਾਬੀ ਮਨੁੱਖ ਨੂੰ ਸਵੈ-ਕੇਂਦਰਿਤ ਸਰੋਕਾਰਾਂ ਵੱਲ ਧਕੇਲ ਕੇ ਲੈ ਗਿਆ। ਸੂਚਨਾ ਅਤੇ ਸੰਚਾਰ ਸਾਧਨਾਂ ਦੇ ਪਸਾਰੇ ਨੇ ਮਨੁੱਖੀ ਮਾਨਸਿਕਤਾ ਨੂੰ ਬਜ਼ਾਰ ਉਨਮੁਖ ਕਰਨ ਲਈ ਸਿਰਤੋੜ ਯਤਨ ਹੀ ਨਹੀਂ ਕੀਤਾ ਸਗੋਂ ਇਸ ਨੂੰ ਤੇਜ਼ ਗਤੀ ਵੀ ਪ੍ਰਦਾਨ ਕੀਤੀ। ਪੰਜਾਬੀ ਮਨੁੱਖ ਜੋ ਵਰਜਣਾਵਾਂ ਅਤੇ ਨੈਤਿਕਤਾ ਦੀ ਲਛਮਣ ਰੇਖਾ ਵਿੱਚ ਸੀ, ਉਸ ਨੂੰ ਕਾਮੁਕ, ਦੇਹਵਾਦੀ ਅਤੇ ਇੱਛਾ ਮੂਲਕ ਰਿਸ਼ਤੇ ਆਕਰਸ਼ਿਤ ਕਰਨ ਲੱਗੇ ਤੇ ਉਹ ਪਰੰਪਰਿਕ ਅਤੇ ਨੈਤਿਕ ਰਿਸ਼ਤੇ ਨਾਤਿਆਂ ਤੋਂ ਵਿੱਥ ਥਾਪਣ ਲੱਗ ਪਿਆ।(33)

ਇਸ ਤਰ੍ਹਾਂ 1990 ਤੋਂ ਬਾਅਦ ਪੰਜਾਬ ਅੰਦਰ ਵਾਪਰਨ ਵਾਲੀਆਂ ਤਬਦੀਲੀਆਂ ਨੇ ਪੰਜਾਬੀ ਜਨ ਜੀਵਨ ਅੰਦਰ ਗੁਣਾਤਮਿਕ ਤਬਦੀਲੀਆਂ ਨੂੰ ਚੰਗੇ ਤੇ ਮਾੜੇ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖਾਂ ਨੂੰ ਜਨਮ ਦਿੱਤਾ ਹੈ। ਧਨੀ ਕਿਸਾਨੀ ਦੀ ਅਮੀਰੀ ਜਿਉਂ-ਜਿਉਂ ਵਧਦੀ ਜਾਂਦੀ ਹੈ ਤਿਉਂ-ਤਿਉਂ ਮੰਝਲੀ ਕਿਸਾਨੀ ਗਰੀਬ ਹੋ ਰਹੀ ਹੈ ਅਤੇ ਘੱਟ ਜ਼ਮੀਨ ਵਾਲੇ ਲੋਕ ਇਸ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਇੱਕ ਵੱਖਰੇ ਵਰਗ ਵਿੱਚ ਬੇਦਖ਼ਲ ਹੋ ਰਹੇ ਹਨ। ਨਿਮਨ ਕਿਸਾਨੀ ਖੇਤੀ ਉਤਪਾਦਨ ਦੇ ਸੰਕਟਾਂ ਹੇਠ ਬੱਝੀ ਐਨੀ ਬੇਵੱਸ ਹੋ ਗਈ ਹੈ ਕਿ ਉਹ ਆਤਮ ਹੱਤਿਆ ਜਾਂ ਥੋੜ੍ਹੀ ਜ਼ਮੀਨ ਨੂੰ ਵੇਚ ਵੱਟ ਕੇ ਵਿਦੇਸ਼ ਜਾਣ ਦੀ ਦੌੜ ਵਿੱਚ ਰੁੱਝੇ ਹੋਏ ਹਨ। ਇਸ ਅਨੁਭਵ ਨਾਲ ਜੁੜੀ ਸਮਕਾਲੀ ਪੰਜਾਬੀ ਕਹਾਣੀਕਾਰ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦਾ ਜੋ ਵੱਡਾ ਹਿੱਸਾ ਪ੍ਰਾਪਤ ਹੁੰਦਾ ਹੈ ਉਸ ਦੇ ਪਿੱਛੇ ਸਪੱਸ਼ਟ ਰੂਪ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਕਾਰਜਸ਼ੀਲ ਹਨ। ਬਿਨਾ ਸ਼ੱਕ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੇ ਔਰਤ-ਮਰਦ ਪਾਤਰਾਂ ਨੂੰ ਆਪਣੇ ਦੁੱਖ ਤੇ ਦੁਸ਼ਵਾਰੀਆਂ ਦਾ ਇੱਕੋ-ਇੱਕ ਹੱਲ ਦਿਖਾਈ ਦੇਂਦਾ ਹੈ। ਉਹ ਹੈ ਕਿ ਜਿੱਥੇ ਉਹ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਸੰਕਟਾਂ ਨੂੰ ਕਾਬੂ ਹੇਠ ਕਰ ਸਕਦੇ ਹਨ ਅਤੇ ਫਿਰ ਭਾਵੁਕ ਸੰਕਟ ਉਤਪੰਨ ਹੋ ਜਾਂਦੇ ਸਨ। ਰਿਸ਼ਤਿਆਂ ਨਾਲੋਂ ਤੋੜ ਵਿਛੋੜਾ ਅਤੇ

ਦੂਰੀ ਦਾ ਦਰਦ ਇਹਨਾਂ ਦੀਆਂ ਕਹਾਣੀਆਂ ਵਿੱਚ ਉਪਭਾਵੁਕਤਾ ਦੀ ਪੱਧਰ ਤੱਕ ਮਿਲਦਾ ਹੈ। ਪਰੰਤੂ ਇਸ ਦੇ ਸਮਾਨੰਤਰ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਉਸ ਨੂੰ ਸਮਾਜ ਅੰਦਰ ਇੱਕ ਰੁਤਬਾ ਵੀ ਪ੍ਰਦਾਨ ਕਰਦਾ ਹੈ। ਉਸ ਉਪਰੰਤ ਬਾਹਰਲੇ ਪੈਸੇ ਨਾਲ ਉਹ ਖਪਤੀਕਰਨ ਦੀ ਅੰਨ੍ਹੀ ਦੌੜ ਵਿੱਚ ਵੀ ਫਸ ਜਾਂਦੇ ਹਨ, ਪਰੰਤੂ ਇਸ ਦੌੜ ਤੋਂ ਅਚੇਤ ਉਸ ਦੇ ਅਵਚੇਤਨ ਵਿੱਚ ਪਿਆ ਸਾਮੰਤੀ ਅਵਚੇਤਨ ਦਾ ਭਾਵ ਉੱਠ ਖੜੋਂਦਾ ਹੈ, ਕਿਉਂਕਿ ਮਨੁੱਖ ਦਾ ਅਵਚੇਤਨ ਪੂੰਜੀਵਾਦੀ ਵਿਵਸਥਾ ਅੰਦਰ ਰਹਿੰਦਾ ਹੋਇਆ ਪੂੰਜੀਵਾਦੀ ਜੀਵਨ ਜਿਊਂਦਾ ਹੋਇਆ ਅਵਚੇਤਨ ਦੀ ਪੱਧਰ 'ਤੇ ਸਾਮੰਤੀ ਹਉਂ ਨੂੰ ਤਿਆਗ ਨਹੀਂ ਸਕਿਆ। ਇਹ ਵਿਡੰਬਣਾ ਦਾ ਤਿੱਖਾ ਅਹਿਸਾਸ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਨਾਲ ਸਿੱਧੇ ਤੌਰ ‘ਤੇ ਸੰਬੰਧਿਤ ਹੈ।

ਉਪਰੋਕਤ ਸਿੱਟੇ ਦੇ ਆਧਾਰ ਤੇ ਇਹ ਕਹਿ ਸਕਦੇ ਹਾਂ ਕਿ ਸੱਭਿਆਚਾਰਕ ਰੂਪਾਂਤਰਨ ਕਾਰਨ ਪੰਜਾਬੀਆਂ ਦੇ ਪਹਿਰਾਵੇ, ਬੋਲੀ, ਖਾਣ-ਪੀਣ, ਰਹਿਣ-ਸਹਿਣ ਆਦਿ ਦੇ ਰੂਪ ਵਿੱਚ ਅਚੇਤ/ਸੁਚੇਤ ਪੱਧਰ 'ਤੇ ਸਪਸ਼ਟ ਦਿਖਾਈ ਦਿੰਦਾ ਹੈ। ਇਸ ਤਰ੍ਹਾਂ ਪੰਜਾਬੀ ਜੀਵਨ-ਸ਼ੈਲੀ ਦਾ ਅੰਗ ਬਣਿਆ ਸੱਭਿਆਚਾਰ ਦਾ ਇਹ ਵਰਤਾਰਾ ਜਿੱਥੇ ਵਿਸ਼ਵ ਪੱਧਰ 'ਤੇ ਪੰਜਾਬ ਅਤੇ ਪੰਜਾਬੀ ਨੂੰ ਵੱਖਰੀ ਪਹਿਚਾਣ ਦੇ ਰਿਹਾ ਹੈ, ਉੱਥੇ ਸੱਭਿਆਚਾਰਕ ਰੂਪਾਂਤਰਨ ਦੇ ਪ੍ਰਸੰਗ ਵਿੱਚ ਬਹੁਤ ਸਾਰੇ ਸੰਭਾਵੀ ਸੰਕਟਾਂ ਨੂੰ ਵੀ ਸਿਰਜਦਾ ਹੈ। ਕਹਾਣੀਆਂ ਵਿੱਚ ਕਾਮ ਦੇ ਅਨੇਕ ਰੂਪ ਦਿਖਾਈ ਦਿੰਦੇ ਹਨ ਜਿਹਨਾਂ ਵਿੱਚ ਪਵਿੱਤਰਤਾ ਦੀ ਹੱਦ ਤਕ ਪੂਜੇ ਜਾਂਦੇ ਰਿਸ਼ਤਿਆਂ-ਨਾਤਿਆਂ ‘ਤੇ ਵੀ ਪ੍ਰਸ਼ਨ ਚਿੰਨ ਲੱਗੇ ਦਿਖਾਈ ਦਿੰਦੇ ਹਨ। ਮਨੁੱਖ ਨੈਤਿਕ ਕਦਰਾਂ-ਕੀਮਤਾਂ ਤੋਂ ਦੂਰ ਜਾਂਦਾ ਹੋਇਆ ਆਪਣੇ ਜੀਵਨ ਨੂੰ ਕਪਟੀ ਕਾਮੀ ਅਤੇ ਸੁਆਰਥੀ ਨਿਰਮੋਇਆ ਬਣਾ ਬਣਦਾ ਜਾ ਰਿਹਾ ਹੈ। ਔਰਤਾਂ ਕਾਨੂੰਨੀ ਦਾਅ ਪੇਚ ਸਿੱਖ ਕੇ ਗਲਤ ਤਰੀਕੇ ਨਾਲ ਇਨ੍ਹਾਂ ਦੀ ਵਰਤੋਂ ਕਰਦੇ ਹੋਏ ਫ਼ਾਇਦੇ ਲੈਂਦੀਆਂ ਹਨ। ਨਿਰਸੰਦੇਹ ਕੁਝ ਜ਼ਿੰਮੇਵਾਰ ਪੰਜਾਬੀਆਂ ਵੱਲੋਂ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਵਿੱਚ ਪੰਜਾਬ ਅਤੇ ਪੰਜਾਬੀਆਂ ਦੀ ਪ੍ਰਤੀਨਿਧਤਾ ਕਰਨਾ, ਇਸ ਦੇ ਨਾਲ ਹੀ ਵੱਡੇ-ਵੱਡੇ ਬਿਜ਼ਨਸ ਅਤੇ ਉੱਚ ਅਹੁਦਿਆਂ 'ਤੇ ਕੰਮ ਕਰ ਰਹੇ ਬਹੁਤ ਸਾਰੇ ਪੰਜਾਬੀਆਂ ਦੀ ਹਿੰਮਤ, ਮਿਹਨਤ ਤੇ ਪਹਿਲਕਦਮੀ ਕਾਬਲਏ-ਦਾਦ ਹੈ, ਪਰ ਨਾਲ-

ਨਾਲ ਸੱਭਿਆਚਾਰਕ ਰੂਪਾਂਤਰਨ ਦੇ ਰੰਗ ਵਿੱਚ ਰੰਗੀ ਜਾ ਰਹੀ ਸਾਡੀ ਨੌਜਵਾਨ ਪੀੜ੍ਹੀ ਦੀ ਪੰਜਾਬੀ ਸੱਭਿਆਚਾਰ ਪ੍ਰਤੀ ਬੇਮੁਖ, ਔਰਤ-ਮਰਦ ਸੰਬੰਧਾਂ ਦੇ ਤਕਰਾਰ ਦਾ ਸ਼ਿਕਾਰ, ਵਿਆਹ ਬਾਹਰੇ ਸੰਬੰਧ ਆਦਿ ਕੁਝ ਅਜਿਹੀਆਂ ਸਮਾਜਿਕ, ਧਾਰਮਿਕ, ਰਾਜਨੀਤਿਕ, ਆਰਥਿਕ ਅਤੇ ਮਨੋਵਿਗਿਆਨਕ ਸਮੱਸਿਆਵਾਂ ਨਾਲ ਜੂਝ ਰਹੀ ਅਤੇ ਵੱਡੀ ਚਣੌਤੀ ਦਾ ਸਾਹਮਣਾ ਕਰ ਰਹੀ ਹੈ। ਇਸ ਪ੍ਰਕਾਰ ਜਿਵੇਂ-ਜਿਵੇਂ ਸੱਭਿਆਚਾਰਕ ਰੂਪਾਂਤਰਨ ਦਾ ਵਰਤਾਰਾ ਜ਼ੋਰ ਫੜ ਰਿਹਾ ਹੈ, ਤਿਉਂ-ਤਿਉਂ ਇਹਨਾਂ ਸਮੱਸਿਆਵਾਂ ਪ੍ਰਤੀ ਚਰਚੇ ਵੱਖ-ਵੱਖ ਪੱਧਰ 'ਤੇ ਜ਼ੋਰ ਫੜ ਰਹੇ ਹਨ। ਭਾਰੂ ਸਭਿਆਚਾਰਾਂ ਨਾਲ ਟਕਰਾਅ ਜਾਂ ਸੰਵਾਦ ਦੀ ਸਥਿਤੀ ਵਿੱਚ ਵਿਚਰਦੀਆਂ ਕੌਮਾਂ ਲਈ ਬਚਾਓ ਦੇ ਅਜਿਹੇ ਮਸਲੇ ਵਿਚਾਰਨੇ ਜ਼ਰੂਰੀ ਵੀ ਹੋ ਜਾਂਦੇ ਹਨ। ਸੱਭਿਆਚਾਰਕ ਰੂਪਾਂਤਰਨ ਦੇ ਇਹਨਾਂ ਖ਼ਤਰਿਆਂ ਬਾਰੇ ਭਾਵੁਕ ਕਨਸੋਆਂ ਸਿਰਜਦੀਆਂ ਸਮਕਾਲੀ ਕਹਾਣੀਕਾਰ ਸੁਖਜੀਤ ਤੇ ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਨੂੰ ਜਿੱਥੇ ਆਰਥਿਕ, ਸਮਾਜਿਕ, ਧਾਰਮਿਕ, ਮਨੋਵਿਗਿਆਨਕ ਅਤੇ ਰਾਜਨੀਤਿਕ ਸਿਸਟਮ ਵਿੱਚ ਆਈ ਗਿਰਾਵਟ ਕਾਰਨ ਪੈਦਾ ਹੋਏ ਮਾਨਵੀ ਨਿਘਾਰਾਂ ਬਾਰੇ ਚੇਤੰਨ ਕਰਵਾ ਰਹੇ ਹਨ, ਉੱਥੇ ਆਧੁਨਿਕ ਮਨੁੱਖ ਦੀ ਸੱਭਿਆਚਾਰਕ ਸ਼ਨਾਖ਼ਤ, ਸੰਕਟ, ਸੰਘਰਸ਼ ਅਤੇ ਭਵਿੱਖੀ ਖ਼ਤਰਿਆਂ ਬਾਰੇ ਸੈਨਤਾਂ ਵੀ ਦਿੰਦੇ ਹਨ। ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਯਥਾਰਥ ਦੇ ਬਾਹਰੀ ਸਰੂਪ ਨੂੰ ਪੇਸ਼ ਕਰਨ ਦੀ ਬਜਾਏ ਪਾਤਰਾਂ ਦੇ ਮਨੋ-ਸੰਸਾਰ ਵਿੱਚ ਪਨਪਦੇ ਪ੍ਰਤੀਕਰਮਾਂ ਅਤੇ ਦਵੰਦ ਪੇਸ਼ ਕਰਨ ਵੱਲ ਰੁਚਿਤ ਹਨ। ਇਸ ਲਈ ਵਾਪਰ ਚੁੱਕੀ ਘਟਨਾ ਜਾਂ ਘਟਨਾ ਦੇ ਵਾਪਰਨ ਦੇ ਕਿਆਸ ਸੰਬੰਧੀ ਪਾਤਰਾਂ ਦੇ ਮਨ ਵਿੱਚ ਪੈਦਾ ਹੁੰਦੇ ਫ਼ੌਰੀ ਪ੍ਰਤੀਕਰਮ ਦੇ ਇਰਦ-ਗਿਰਦ ਇਹਨਾਂ ਦੀਆਂ ਕਹਾਣੀਆਂ ਘੁੰਮਦੀਆਂ ਹਨ। ਥੀਮ ਦੀ ਪੱਧਰ 'ਤੇ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਨੂੰ ਹੇਠ ਲਿਖੇ ਨਿਮਨਲਿਖਤ ਪੱਖਾਂ ਤੋਂ ਉਭਾਰਿਆ ਹੈ:

1. ਪਰੰਪਰਾਗਤ ਰਸਮ-ਰਿਵਾਜ ਅਧੀਨ ਵਿਚਰਦੇ ਔਰਤ-ਮਰਦ ਦਾ ਸੰਘਰਸ਼,
2. ਜੰਗੀਰਦਾਰੀ, ਭ੍ਰਿਸ਼ਟਾਚਾਰ, ਦੰਭਵਾਦ, ਸ਼ੋਸ਼ਣ, ਸ਼ੋਸਿਕ ਤੇ ਆਪਸੀ ਟਕਰਾਅ ਦਾ ਪਰਦਾਫ਼ਾਸ,
3. ਔਰਤ-ਮਰਦ ਦੀਆਂ ਪਰਿਵਾਰਕ ਸਮੱਸਿਆਵਾਂ ਦੀ ਪੇਸ਼ਕਾਰੀ,

4. ਇਕੱਲਤਾ, ਬੇਗਾਨਗੀ, ਜਾਤ, ਗੋਤ ਅਧੀਨ ਵਿਚਰਦੇ ਔਰਤ-ਮਰਦ ਦੀ ਵਿਅਕਤੀਗਤ ਹੋਂਦ ਦਾ ਯਥਾਰਥ,

5. ਸਮਾਜਿਕ, ਧਾਰਮਿਕ, ਰਾਜਨੀਤਿਕ, ਆਰਥਿਕ ਤੇ ਮਨੋਵਿਗਿਆਨਿਕ ਪੱਖ ਤੋਂ ਔਰਤ-ਮਰਦ ਦੀ ਸ਼ਖ਼ਸੀਅਤ ਦਾ ਵਿਖੰਡਨ ਆਦਿ ਨੂੰ ਆਧੁਨਿਕ ਮਨੁੱਖ ਦੀ ਪੀੜਾ ਦੇ ਬਿਰਤਾਂਤ ਵਜੋਂ ਬਿਆਨ ਕੀਤਾ ਹੈ। ਇਹਨਾਂ ਦੀਆਂ ਕਹਾਣੀਆਂ ਅਜੋਕੇ ਮਨੁੱਖ ਦੀ ਧੁਰ ਅੰਦਰਲੀ ਇਕੱਲਤਾ, ਨਿੱਜਤਾ ਅਤੇ ਸਵੈ-ਸਹੇੜੀ ਅਲੱਗਤਾ ਨੂੰ ਵਿਸ਼ੇ ਵਜੋਂ ਉਭਾਰਦੀਆਂ ਹਨ। ਉਹ ਆਪਣੇ ਕਥਾ ਨਾਇਕ ਦੀਆਂ ਚਾਹਤਾਂ, ਚਿੰਤਾਵਾਂ, ਖੁਸ਼ਫਹਿਮੀਆਂ ਅਤੇ ਉਪੇਖਿਆਵਾਂ 'ਤੇ ਫੋਕਸ ਕਰਦੇ ਹਨ ਅਤੇ ਉਸ ਦੇ ਮਨ ਅੰਦਰ ਵਿੱਚ ਉਪਜਦੀਆਂ ਪ੍ਰਤੀਕਿਰਿਆਵਾਂ ਰਾਹੀਂ ਇੱਕ ਨਵਾਂ ਮਨੋ ਸੰਸਾਰ ਸਿਰਜ ਜਾਂਦੇ ਹਨ। ਪਤੀ-ਪਤਨੀ, ਪਿਉ-ਪੁੱਤਰ ਅਤੇ ਮਾਵਾਂ-ਧੀਆਂ ਵਰਗੇ ਅਤਿ ਨਜ਼ਦੀਕੀ ਰਿਸ਼ਤਿਆਂ-ਨਾਤਿਆਂ ਵਿੱਚਕਾਰ ਪੈਦਾ ਹੋਈ ਬੇ-ਵਿਸ਼ਵਾਸੀ, ਬੇਗਾਨਗੀ, ਅਲਗਾਵ ਅਤੇ ਆਪਸੀ ਸੰਚਾਰ ਦੀ ਘਾਟ ਉਸ ਦੀਆਂ ਕਹਾਣੀਆਂ ਵਿੱਚ ਮੂਲ ਸਰੋਕਾਰ ਵਜੋਂ ਪੇਸ਼ ਹੁੰਦੀਆਂ ਹਨ। ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਵਿਸ਼ਿਆਂ ਦੀ ਵੰਨ-ਸੁਵੰਨਤਾ ਮਿਲਦੀ ਹੈ। ਇਹਨਾਂ ਦੀਆਂ ਹਰ ਕਹਾਣੀਆਂ ਵਿਸ਼ੇ ਪੱਖੋਂ ਨਵੀਂ ਅਤੇ ਨਿਵੇਕਲੀ ਪਛਾਣ ਰੱਖਦੀਆਂ ਹਨ।

# ਅਧਿਆਇ- ਦੂਜਾ

## ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ (ਰਾਜਨੀਤਿਕ ਪੱਖ, ਸਮਾਜਿਕ ਪੱਖ, ਆਰਥਿਕ ਪੱਖ, ਧਾਰਮਿਕ ਪੱਖ, ਮਨੋਵਿਗਿਆਨਕ ਪੱਖ)

## ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ (ਰਾਜਨੀਤਿਕ ਪੱਖ, ਸਮਾਜਿਕ ਪੱਖ, ਆਰਥਿਕ ਪੱਖ, ਧਾਰਮਿਕ ਪੱਖ, ਮਨੋਵਿਗਿਆਨਕ ਪੱਖ)

1990 ਤੋਂ ਬਾਅਦ ਦੀ ਪੰਜਾਬੀ ਕਹਾਣੀ ਸਿਰਜਣਾ ਦੇ ਖੇਤਰ ਵਿੱਚ ਆਪਣੀ ਪੁਖ਼ਤਾ ਹੋਂਦ ਦਾ ਅਹਿਸਾਸ ਕਰਵਾਉਣ ਵਾਲਾ ਕਹਾਣੀਕਾਰ ਸੁਖਜੀਤ ਇੱਕ ਵਿਸ਼ੇਸ਼ ਹਸਤਾਖ਼ਰ ਹੈ। ਮੂਲ ਤੌਰ ਤੇ ਉਸ ਨੇ ਤਿੰਨ ਕਹਾਣੀ ਸੰਗ੍ਰਹਿਆਂ 'ਅੰਤਰਾ' (1999) ਅਤੇ ' ਹੁਣ ਮੈਂ ਇੰਜੁਆਏ ਕਰਦੀ ਆਂ' (2008), 'ਮੈਂ ਅਯਨਘੋਸ਼ ਨਹੀਂ' (2019) ਦੇ ਮਾਧਿਅਮ ਨਾਲ ਉਸਨੇ ਪੰਜਾਬੀ ਕਹਾਣੀ ਸਿਰਜਣਾ ਵਿੱਚ ਸਮਰੱਥਾਵਾਨ ਤੇ ਮਹੱਤਵਪੂਰਨ ਹਸਤਾਖ਼ਰ ਵਜੋਂ ਪਛਾਣ ਬਣਾਈ ਹੋਈ ਹੈ। ਕਹਾਣੀਕਾਰ ਵਜੋਂ ਸੁਖਜੀਤ ਬਹੁ-ਚਰਚਿਤ ਵੀ ਰਿਹਾ ਹੈ ਅਤੇ ਵਿਵਾਦਗ੍ਰਸਤ ਵੀ ਰਿਹਾ ਹੈ। ਉਸਦੇ ਚਰਚਿਤ ਅਤੇ ਵਿਵਾਦਗ੍ਰਸਤ ਹੋਣ ਦਾ ਮੂਲ ਕਾਰਨ ਸੱਭਿਅਕ ਭਾਸ਼ਣ ਵਾਲੇ ਮਨੁੱਖ ਅਤੇ ਸਮਾਜ ਦੇ ਧੁਰ ਅੰਦਰ ਪਏ ਕੁਹਜ ਤੋਂ ਪਰਦਾ ਲਾਹੁਣ ਵਿੱਚ ਰਿਹਾ ਹੈ। ਇਸ ਕੁਹਜ ਦੀ ਅਭਿਵਿਅਕਤੀ ਸੁਖਜੀਤ ਜਿਸ ਹੁਨਰਮਈ ਅੰਦਾਜ਼ ਵਿੱਚ ਕਰਦਾ ਹੈ, ਉਹ ਉਸਦੇ ਸਮਰੱਥ ਸਿਰਜਕ ਵਜੋਂ ਬਹੁ-ਸੰਭਾਵਨਾਵਾਂ ਵੱਲ ਸੰਕੇਤ ਹੈ। ਵਿਅਕਤੀ ਵਰਤਾਰਿਆਂ ਨੂੰ ਸਮਝਣ ਲਈ ਅਪਣਾਈ ਗਈ ਵਿਸ਼ਲੇਸ਼ਣੀ ਦ੍ਰਿਸ਼ਟੀ ਅਤੇ ਉਹਨਾਂ ਨੂੰ ਢੁੱਕਵੇਂ ਕਲਾਤਮਿਕ ਢੰਗ ਅਨੁਸਾਰ ਪ੍ਰਗਟਾਉਣ ਦਾ ਹੁਨਰ ਹੀ ਸੁਖਜੀਤ ਨੂੰ ਵਿਸ਼ੇਸ਼ ਤੌਰ ਉੱਤੇ ਚਰਚਿਤ ਕਹਾਣੀਕਾਰਾਂ ਦੀ ਲਾਈਨ ਵਿੱਚ ਸ਼ਾਮਲ ਕਰਦਾ ਹੈ। ਹਥਲੇ ਅਧਿਆਇ ਦੇ ਅੰਤਰਗਤ 'ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ (ਰਾਜਨੀਤਿਕ ਪੱਖ, ਧਾਰਮਿਕ ਪੱਖ, ਆਰਥਿਕ ਪੱਖ, ਸਮਾਜਿਕ ਪੱਖ, ਮਨੋਵਿਗਿਆਨਕ ਪੱਖ) ਵਰਗੇ ਮਹੱਤਵਪੂਰਨ ਪਹਿਲੂਆਂ ਉੱਤੇ ਕੇਂਦਰਿਤ ਕੀਤਾ ਹੈ, ਜਿਹਨਾਂ ਨੂੰ ਮੱਦੇ ਨਜ਼ਰ ਰੱਖ ਕੇ ਇਹ ਖੋਜ ਕਾਰਜ ਆਰੰਭਿਆ ਗਿਆ ਹੈ। ਇਹਨਾਂ ਪੱਖਾਂ ਦੇ ਆਧਾਰ ਤੇ ਹੀ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਸਹਿਜੇ ਹੀ ਪ੍ਰਗਟ ਹੋ ਜਾਂਦਾ ਹੈ, ਜਿੰਨ੍ਹਾਂ ਦਾ ਨਿਮਨਲਿਖਤ ਵੇਰਵਾ ਹੇਠ ਲਿਖੇ ਅਨੁਸਾਰ ਹੈ:

**2.1. ਰਾਜਨੀਤਿਕ ਪੱਖ:** ਜਦੋਂ ਤੋਂ ਸੱਭਿਅਕ ਮਨੁੱਖੀ ਸਮਾਜ ਦੀ ਸਿਰਜਣਾ ਹੋਈ ਉਦੋਂ ਤੋਂ ਹੀ ਰਾਜ ਪਰੰਪਰਾ ਹੋਂਦ ਵਿੱਚ ਆਈ ਮੰਨੀ ਜਾਂਦੀ ਹੈ। ਰਾਜੇ ਤੋਂ ਭਾਵ ਮੁਖੀਏ ਤੋਂ ਲਿਆ ਜਾਂਦਾ ਹੈ ਜੋ ਕਿਸੇ ਦੇਸ਼, ਕੌਮ

ਜਾਂ ਸਮਾਜ ਨੂੰ ਵਿਧੀਵਤ ਢੰਗ ਨਾਲ ਸੰਚਾਲਿਤ ਕਰਨ ਦੀ ਅਹਿਮ ਜ਼ਿੰਮੇਵਾਰੀ ਨਿਰਸਵਾਰਥ ਪੂਰੀ ਕਰਦਾ ਹੈ।ਰਾਜ ਸਬੰਧੀ ਡਾ. ਭੀਮ ਇੰਦਰ ਸਿੰਘ ਨੇ *ਸਮਾਜ ਸਿਆਸਤ ਅਤੇ ਸਾਹਿਤ* 'ਚ ਲੈਨਿਨ ਦੇ ਮਤ ਨੂੰ ਦਰਸਾਉਂਦੇ ਹੋਏ ਕਿਹਾ ਹੈ:

> ਰਾਜ ਕਿਸੇ ਤਰ੍ਹਾਂ ਸਮਾਜ ਉੱਪਰ ਬਾਹਰੋਂ ਥੋਪੀ ਗਈ ਸ਼ਕਤੀ ਨਹੀਂ ਬਲਕਿ ਮਨੁੱਖੀ ਸਮਾਜ ਦੇ ਵਿਕਾਸ ਦੇ ਇੱਕ ਖ਼ਾਸ ਪੜਾਅ ਦੀ ਉਪਜ ਹੈ।(5)

ਸਮਾਜਿਕ ਵਿਕਾਸ ਦੇ ਵੱਖ-ਵੱਖ ਪੜਾਵਾਂ 'ਤੇ ਰਾਜੇ ਦੀ ਭੂਮਿਕਾ ਵੱਖ-ਵੱਖ ਰੂਪ ਵਿੱਚ ਵਿਦਮਾਨ ਰਹੀ ਹੈ। ਜਿਵੇਂ-ਜਿਵੇਂ ਸਮਾਜ ਤਰੱਕੀ ਕਰਦਾ ਗਿਆ, ਨਿੱਜੀ ਜਾਇਦਾਦ ਦਾ ਸੰਕਲਪ ਜ਼ੋਰ ਫੜਦਾ ਗਿਆ, ਤਿਉਂ ਤਿਉਂ ਰਾਜੇ ਦੀ ਪਰਿਭਾਸ਼ਾ, ਸ਼ਕਤੀਆਂ ਤੇ ਕਾਰਜ ਵਿਧੀ ਵੀ ਬਦਲਦੀ ਗਈ। ਜਦੋਂ ਮਨੁੱਖਾਂ ਨੇ ਕਬੀਲਿਆਂ ਦੇ ਰੂਪ ਵਿੱਚ ਰਹਿਣਾ ਸ਼ੁਰੂ ਕੀਤਾ ਤਾਂ ਉਸ ਸਮੇਂ ਕਬੀਲੇ ਦੇ ਵਡੇਰਿਆਂ ਅਤੇ ਔਰਤਾਂ ਨੂੰ ਅਹਿਮ ਅਧਿਕਾਰ ਪ੍ਰਾਪਤ ਸਨ ਪਰ ਰਾਜ ਕਰਨ ਵਾਲਾ ਕੋਈ ਵਿਸ਼ੇਸ਼ ਤਬਕਾ ਅਜੇ ਹੋਂਦ ਵਿੱਚ ਨਹੀਂ ਸੀ ਆਇਆ। ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਨੇ ਗੁਲਾਮਦਾਰੀ ਯੁੱਗ ਨੂੰ ਜਨਮ ਦਿੱਤਾ। ਮਾਲਕਾਂ ਅਤੇ ਗੁਲਾਮਾਂ ਵਿੱਚ ਕਿਰਤ ਦੀ ਮਹੱਤਵਪੂਰਨ ਵੰਡ ਨੇ ਜਾਇਦਾਦ ਦੀ ਗ਼ੈਰ-ਬਰਾਬਰ ਵੰਡ ਨੂੰ ਜਨਮ ਦਿੱਤਾ। ਇੱਥੇ ਗਰੀਬਾਂ ਉੱਪਰ ਅਮੀਰ ਵਰਗ ਦਾ ਸ਼ਾਸਨ ਸ਼ੁਰੂ ਹੁੰਦਾ ਹੈ। ਜਗੀਰਦਾਰੀ ਸਮਾਜ ਵਿੱਚ ਵੀ ਸੱਤਾ ਦੀ ਵਾਗਡੋਰ ਤਾਕਤਵਰ ਹੱਥਾਂ ਵਿੱਚ ਹੀ ਰਹੀ। ਇਸ ਸਮੇਂ ਸਮਾਜ ਦੀ ਬੁਨਿਆਦੀ ਵੰਡ ਜਗੀਰਦਾਰਾਂ ਅਤੇ ਕਿਸਾਨ ਭੂਮੀ ਮਾਲਕਾਂ ਵਿੱਚ ਹੋ ਗਈ ਤੇ ਗੁਲਾਮਾਂ ਦੀ ਸਾਰੀ ਜ਼ਿੰਦਗੀ ਸਖ਼ਤ ਕਾਨੂੰਨ, ਕਰੜੀਆਂ ਸਜ਼ਾਵਾਂ ਤੇ ਇਕਰਾਰਨਾਮੇ ਦੀਆਂ ਸ਼ਰਤਾਂ ਪੂਰੀਆਂ ਕਰਦਿਆਂ ਹੀ ਲੰਘ ਜਾਂਦੀ ਸੀ। ਸਮੰਤੀ ਸਮਾਜ ਵਿੱਚ ਰਜਵਾੜਾਸ਼ਾਹੀ ਦੇ ਅੰਤਰਗਤ ਪ੍ਰਭੂਸੱਤਾ ਰਾਜੇ ਕੋਲ ਹੀ ਹੁੰਦੀ ਸੀ। ਅਗਲੇਰੇ ਵਿਕਾਸ ਪੜਾਅ ਤੇ ਜਦੋਂ ਸੰਸਾਰ ਮੰਡੀ ਵਿਕਸਿਤ ਹੁੰਦੀ ਹੈ, ਵਪਾਰ ਦਾ ਵਿਕਾਸ ਹੁੰਦਾ ਹੈ, ਜਿਣਸਾਂ ਦਾ ਵਟਾਂਦਰਾ ਤੇ ਪੈਸੇ ਦੀ ਪ੍ਰਧਾਨਤਾ ਵਧਦੀ ਹੈ ਤਾਂ ਪੂੰਜੀਵਾਦੀ ਸਮਾਜ ਦਾ ਦੌਰ ਸ਼ੁਰੂ ਹੰਦਾ ਹੈ। ਇੱਥੇ ਸਿਆਸਤ ਦਾ ਰੂਪ ਮੰਡੀ ਨਿਯਮਾਂ ਅਨੁਸਾਰ ਨਿਰਧਾਰਿਤ ਹੁੰਦਾ ਹੈ। ਵਰਤਮਾਨ ਸਮੇਂ ਪੂੰਜੀ ਦੇ ਇਕੱਤਰੀਕਰਨ ਦਾ ਜ਼ਰੀਆ ਬਣਦੀ ਹੋਈ ਸਿਆਸਤ ਮਹਿਜ਼ ਵਪਾਰਕ ਕਿਸਮ

ਦਾ ਅਦਾਰਾ ਬਣ ਚੁੱਕੀ ਹੈ ਜਿੱਥੇ ਨੈਤਿਕ ਮੁੱਲ ਜਾਂ ਕਦਰਾਂ-ਕੀਮਤਾਂ ਬੇਮਾਇਨੇ ਹਨ ਅਤੇ ਭ੍ਰਿਸ਼ਟਾਚਾਰ, ਅਪਰਾਧ, ਸਵਾਰਥ, ਪੈਸਾ, ਪਦਵੀ, ਭਾਈ-ਭਤੀਜਾਵਾਦ ਤੇ ਜੀ-ਹਜ਼ੂਰੀ ਵਰਗੀਆਂ ਕਰੁਚੀਆਂ ਦਿਨੋ-ਦਿਨ ਵੱਧ ਰਹੀਆਂ ਹਨ, ਉੱਥੇ ਰਾਜਨੀਤਿਕ ਪੱਖ ਸਮਾਜ-ਸੱਭਿਆਚਾਰ ਲੋਕ-ਸਮੂਹਾਂ,ਕੌਮਾਂ, ਸ਼੍ਰੇਣੀਆਂ ਤੇ ਰਾਜਾਂ ਦੇ ਸੰਬੰਧਾਂ ਨੂੰ ਪ੍ਰਗਟਾਉਂਦੀ ਹੋਈ ਨੀਤੀ-ਸਿਧਾਂਤਾਂ ਦੀ ਉਸਾਰੀ ਕਰਦੀ ਹੈ, ਜਿਹੜੀ ਇੱਕ ਖ਼ਾਸ ਵਿਚਾਰਧਾਰਕ ਚੌਖਟੇ ਦੇ ਅੰਤਰਗਤ ਸੂਤਰਬੱਧ ਕੀਤੀ ਹੁੰਦੀ ਹੈ। ਡਾ. ਸਰਬਜੀਤ ਸਿੰਘ ਰਾਜਨੀਤੀ ਅਤੇ ਲੋਕਾਂ ਦੇ ਪੱਖਾਂ ਸਬੰਧ *ਪੰਜਾਬੀ ਆਲੋਚਨਾ: ਵਿਚਾਰਧਾਰਕ ਪਰਿਪੇਖ* 'ਚ ਫ਼ਰਮਾਉਂਦੇ ਹਨ ਕਿ :

> ਵਿਚਾਰਧਾਰਾ ਰਾਜਨੀਤੀ ਨਾਲ ਅਜਿਹੇ ਗੁੰਝਲਦਾਰ ਅਤੇ ਅਦਿੱਖ ਰੂਪ ਵਿੱਚ ਜੁੜੀ ਹੁੰਦੀ ਹੈ ਕਿ ਇਹ ਸਮਾਜ ਵਿੱਚ ਖ਼ਾਸ ਹਿੱਤਾਂ ਨੂੰ ਲੋਕਾਂ ਦੀ ਮਾਨਸਿਕਤਾ ਦਾ ਜਾਇਜ਼ ਅੰਗ  ਠਹਿਰਾਉਣ ਦੇ ਕਾਰਜ ਵਿੱਚ ਸਰਗਰਮ ਰਹਿੰਦੀ ਹੈ।(19)

ਇਸ ਤਰ੍ਹਾਂ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਰਾਜਨੀਤਿਕ ਪੱਖ ਅਵਚੇਤਨ ਮਨ ਦਾ ਹਿੱਸਾ ਬਣ ਕੇ ਵੱਖਰੇ-ਵੱਖਰੇ ਰੂਪਾਂ ਦੇ ਆਧਾਰ ਤੋਂ ਉੱਭਰਦਾ ਹੈ। ਜਿਵੇਂ ਕਿ ਕਹਾਣੀਆਂ 'ਸਤਾਈ ਮੀਲ', ਆਦਮਖ਼ੋਰ, ਪਾਤਸ਼ਾਹ, ਹੁਣ ਮੈਂ ਇੰਜੁਆਏ ਕਰਦੀ ਆਂ' ਆਦਿ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਦੇ ਮੌਜੂਦਾ ਸਿਆਸੀ ਸਿਸਟਮ ਨੂੰ ਚਲਾਉਣ ਵਾਲੀਆਂ ਸ਼ਕਤੀਆਂ ਨੂੰ ਪਛਾਣਦੀਆਂ ਹੋਈ ਉਹਨਾਂ ਦੇ ਚੰਗੇ ਤੇ ਮਾੜੇ ਪੱਖਾਂ ਨੂੰ ਉਭਾਰਦੀਆਂ ਹਨ। ਜਿੰਨ੍ਹਾਂ ਦਾ ਨਿਮਨਲਿਖਤ ਵੇਰਵਾ ਇਸ ਤਰ੍ਹਾਂ ਹੈ:

**(ੳ) ਚੰਗੇ ਪੱਖ:-** ਰਾਜਨੀਤਿਕ ਚੰਗੇ ਪੱਖ ਵਜੋਂ ਰਾਜ ਨਾਲ ਸੰਬੰਧਿਤ ਜਮਾਤ ਦੇ ਬੁਨਿਆਦੀ ਹਿੱਤਾਂ ਦੇ ਅਨੁਸਾਰ ਸਿਰਜੀ ਜਾਂਦੀ ਹੈ। ਇਨ੍ਹਾਂ ਹਿੱਤਾਂ ਦਾ ਪ੍ਰਮੁੱਖ ਆਧਾਰ ਆਰਥਿਕਤਾ ਨਾਲ ਜੁੜਿਆ ਹੁੰਦਾ ਹੈ। ਰਾਜਨੀਤਿਕ ਪੱਖ ਆਰਥਿਕਤਾ ਨਾਲ ਸਿੱਧੇ ਤੌਰ ਤੇ ਹੀ ਨਹੀਂ ਜੁੜੀ ਹੁੰਦੀ, ਬਲਕਿ ਇਹ ਮਨੁੱਖੀ ਚੇਤਨਾ ਦੇ ਹੋਰਨਾਂ ਰੂਪਾਂ ਨੂੰ ਅਸਿੱਧੇ ਤੌਰ 'ਤੇ ਵੀ ਪ੍ਰਭਾਵਿਤ ਕਰਦੀ ਹੈ। ਇਸ ਪ੍ਰਕਾਰ ਰਾਜਨੀਤਿਕ ਪੱਖ ਜਮਾਤਾਂ ,ਕੌਮਾਂ, ਪਾਰਟੀਆਂ ਦੇ ਨੀਤੀ ਸਿਧਾਂਤਾਂ ਦੇ ਰੂਪ ਵਿੱਚ ਸੱਤਾ ਤੇ ਕਬਜਾ ਹੋਣ ਜਾਂ ਇਸ ਵਿੱਚ ਦਖ਼ਲ ਅੰਦਾਜ਼ੀ ਦੇ ਮੁੱਦੇ

ਉੱਤੇ ਵਿਚਾਰਾਂ ਦੀ ਟੱਕਰ ਦਿੰਦੀ ਹੈ। ਸਿਆਸਤ ਅਤੇ ਸਿਆਸਤ ਚੇਤਨਾ ਦੇ ਲੋਕਾਂ ਦੀਆਂ ਸਮਾਜਿਕ-ਆਰਥਿਕ ਲੋੜਾਂ, ਪ੍ਰਸਥਿਤੀਆਂ ਨਾਲ ਸਬੰਧ ਬਾਰੇ ਡਾ. ਰਵਿੰਦਰ ਸਿੰਘ ਰਵੀ ਨੇ ਪੁਸਤਕ *ਰਵੀ ਚੇਤਨਾ* 'ਚ ਇਸ ਤਰ੍ਹਾਂ ਵਿਚਾਰ ਦਿੱਤਾ ਹੈ:

> ਸਿਆਸੀ ਚੇਤਨਾ ਆਪਣੇ ਵਿਵਿਧ ਰੂਪਾਂ ਵਿੱਚ ਜਨ-ਸਧਾਰਨ ਦੀਆਂ ਸਮਾਜਿਕ-ਆਰਥਿਕ ਪਰਿਸਥਿਤੀਆਂ ਉਨ੍ਹਾਂ ਦੀਆਂ ਲੋੜਾਂ, ਭਾਵਨਾਵਾਂ, ਕਦਰਾਂ-ਕੀਮਤਾਂ ਤੇ ਧਾਰਨਾਵਾਂ ਵਿੱਚ ਆਪ ਮੁਹਾਰੇ ਹੀ ਪਰਗਟ ਹੁੰਦੀ ਹੈ ਤੇ ਉਨ੍ਹਾਂ ਦੇ ਜੀਵਨ ਦੀ ਸਰਗਰਮੀ ਦਾ ਆਧਾਰ ਬਣਦੀ ਹੈ।(28-29)

ਸਮਾਜ ਜੋ ਕਿ ਛੋਟੀਆਂ ਛੋਟੀਆਂ ਇਕਾਈਆਂ ਤੋਂ ਮਿਲ ਕੇ ਬਣਿਆ ਹੈ। ਸਮਾਜ ਦੇ ਇਸ ਢਾਂਚੇ ਨੂੰ ਸਹੀ ਤਰੀਕੇ ਨਾਲ ਚਲਾਉਣ ਦੇ ਲਈ ਕਈ ਅਜਿਹੀਆਂ ਸ਼ਕਤੀਆਂ ਹੁੰਦੀਆਂ ਨੇ ਜੋ ਸਮਾਜ ਦੇ ਵਿੱਚ ਅਗਾਂਹ ਆ ਕੇ ਸਮਾਜ ਨੂੰ ਸਹੀ ਲੀਹਾਂ ਦੇ ਉੱਤੇ ਪਾਉਂਦੀਆਂ ਹਨ। ਇਨ੍ਹਾਂ ਸ਼ਕਤੀਆਂ ਨੂੰ ਹੀ ਰਾਜਸੀ ਸ਼ਕਤੀਆਂ ਕਿਹਾ ਜਾਂਦਾ ਹੈ ਜੋ ਕਿ ਸਮਾਜ ਦੇ ਹਿੱਤ ਦੇ ਲਈ, ਸਮਾਜ ਦੇ ਭਲੇ ਲਈ ਤੇ ਸਮਾਜ ਦੇ ਲੋਕਾਂ ਦੇ ਅਗਾਂਹ ਵੱਧਣ ਅਤੇ ਸੌਖੇ ਤਰੀਕੇ ਦੇ ਨਾਲ ਲੋਕਾਂ ਦੇ ਜੀਵਨ ਨਿਰਵਾਹ ਹੋ ਸਕਣ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਪਰੰਤੂ ਅਜੋਕੇ ਸਮਾਜ 'ਚ ਰਾਜ ਸ਼ਕਤੀ ਦੀ ਬਦਲਦੀ ਹੋਈ ਤਸਵੀਰ ਝਲਕਦੀ ਹੈ ਜੋ ਕਿ ਖਾਸ ਹਿੱਤ ਵਾਲੇ ਲੋਕਾਂ ਦੀ ਮੰਗ ਦੀ ਪੂਰਤੀ ਲਈ ਸਾਧਾਰਨ ਮਨੁੱਖਤਾ ਦੀ ਬੇਪ੍ਰਵਾਹ ਲੁੱਟ ਕਰਦੀ ਹੈ।

ਸਮਾਜ ਵਿੱਚ ਹਮੇਸ਼ਾ ਹੀ ਦੋ ਤਰ੍ਹਾਂ ਦੀਆਂ ਸ਼ਕਤੀਆਂ ਆਪਣਾ ਕੰਮ ਕਰਦੀਆਂ ਹਨ ਇੱਕ ਸਕਰਾਤਮਕ ਅਤੇ ਦੂਜੀ ਨਕਰਾਤਮਕ ਸ਼ਕਤੀ। ਜ਼ਿਆਦਾ ਤਰ ਸਧਾਰਨ ਮਨੁੱਖਤਾ ਨੂੰ ਨਕਰਾਤਮਕਤਾ ਦੀ ਮਾਰ ਝੱਲਣੀ ਪੈਂਦੀ ਹੈ ਪਰ ਕਈ ਵਾਰ ਇਨਸਾਨ ਇਹਨਾਂ ਸ਼ਕਤੀਆਂ ਨਾਲ ਲੜਦਾ-ਲੜਦਾ ਖ਼ੁੱਦ ਉਸੇ ਵਾਂਗ ਹੋ ਜਾਂਦਾ ਹੈ। ਇਸ ਸੰਦਰਭ ਵਿੱਚ ਸੁਖਜੀਤ ਦੀ ਕਹਾਣੀ 'ਮੈਂ ਹੁਣ ਇੰਜੁਆਏ ਕਰਦੀ ਆਂ' ਨੂੰ ਸਮਝਦਿਆਂ, ਡਾ. ਸੁਰਜੀਤ ਲਕੀਰ ਦਾ ਵਿਚਾਰ ਜੋ ਕਿ ਉਸਦੀ ਕਿਤਾਬ *ਦੇਸ਼ ਰਾਜ ਕਾਲੀ* 'ਚ ਪੇਸ਼ ਹੈ ਬਹੁਤ ਮਹੱਤਵਪੂਰਨ ਹੈ ਕਿ:

> ਕਈ ਵਾਰ ਸਮਾਜ ਨਾਲ, ਇਸ ਵਿੱਚਲੀਆਂ ਨਕਾਰਾਤਮਕ ਸ਼ਕਤੀਆਂ ਨਾਲ ਲੜ੍ਹਦਾ-ਲੜ੍ਹਦਾ ਬੰਦਾ,

ਬੇਹੱਦ ਸੰਤੁਸ਼ਟੀ ਮਹਿਸੂਸ ਕਰਦਾ ਹੈ ਕਿ ਉਹ ਇਸ ਨਾਲ ਲੜ ਰਿਹਾ, ਪਰੰਤੂ ਬਹੁਤ ਸੂਖਮ ਢੰਗ ਨਾਲ ਉਹ ਖੁਦ ਉਸ ਵਰਗਾ ਹੋ ਰਿਹਾ ਹੁੰਦਾ ਹੈ। ਇਸਦਾ ਪ੍ਰਮਾਣ ਹੀ 'ਮੈ ਰੇਪ ਨੂੰ ਇੰਜੁਆਏ ਕਰਦੀ ਆਂ' ਕਹਾਣੀ ਵਿਚੋਂ ਮਿਲਦਾ ਹੈ। ਕਹਾਣੀ ਦੀ ਨਾਇਕਾ ਸ਼ੁਰੂ ਤੋਂ ਅਖੀਰ ਤੱਕ ਵਿਕਟਮ ਰਹਿੰਦੀ ਹੈ, ਪਰੰਤੂ ਅੰਤ ਤੱਕ ਪਹੁੰਚਦਿਆਂ ਉਹ ਵਿਕਟਮ ਹੋਣ ਦੀ ਬਜਾਏ ਵਿਕਟਮਾਇਜ਼ਰ ਦੀ ਸਾਰੀ ਪੋਲੇਟਿਕਸ ਹਾਸਲ ਕਰ ਚੁੱਕੀ ਹੈ। ਉਸਨੂੰ ਗ੍ਰਹਿਣ ਕਰਕੇ ਉਹ ਸਾਰਾ ਕੁਝ ਕਰ ਰਹੀ ਹੈ ਜਿਹੜਾ ਇੱਕ ਵਿਕਟਮਾਈਜ਼ਰ ਕਰ ਰਿਹਾ ਹੁੰਦਾ ਹੈ। ਉਹ ਵੀ ਸ਼ੋਸ਼ਣ ਕਰ ਰਹੀ ਹੈ। ਸ਼ੋਸ਼ਣ ਦਾ ਕੋਈ ਜੈਂਡਰ ਨਹੀਂ ਹੁੰਦਾ। ਜੈਂਡਰ ਵੀ ਫਿਜ਼ੀਕਲੀ ਨਹੀਂ ਹੁੰਦਾ। ਜਿਸਨੂੰ ਅਸੀਂ ਮੇਲ ਡੋਮੀਨੈਂਸ ਕਹਿੰਦੇ ਹਾਂ ਉਸਦਾ ਮਤਲਬ ਮਰਦ ਦੀ ਡੋਮੀਨੈਂਸ ਨਹੀਂ ਹੈ ਬਲਕਿ ਸਿੰਬਾਲਕ ਮੇਲ ਦੀ ਡੋਮੀਨੈਂਸ ਹੈ। ਸਿੰਬਾਲਕ ਮੇਲ ਉਹ ਹੈ ਜਿਸ ਕੋਲ ਸੱਤਾ ਹੈ, ਸੱਤਾ ਦੀ ਭਾਸ਼ਾ ਹੈ, ਸੱਤਾ ਦੀ ਮਰਿਆਦਾ ਹੈ ਅਤੇ ਸੱਭਿਆਚਾਰ ਉੱਤੇ ਕੰਟਰੋਲ ਹੈ। 'ਮੈ ਰੇਪ ਨੂੰ ਇੰਜੁਆਏ ਕਰਦੀ ਆਂ' ਦੀ ਮੁੱਖ ਪਾਤਰ ਕਹਾਣੀ ਦੇ ਸਿਖਰ ਉੱਤੇ ਪਹੁੰਚਦੇ ਹੋਏ ਸਿੰਬੋਲਿਕ ਮੇਲ ਵਜੋਂ ਸਾਹਮਣੇ ਆਉਂਦੀ ਹੈ।(81)

ਇਸ ਤਰ੍ਹਾਂ ਸੁਖਜੀਤ ਦੀ ਕਹਾਣੀ 'ਹੁਣ ਮੈਂ ਇੰਜੁਆਏ ਕਰਦੀ ਆਂ' ਸੱਭਿਆਚਾਰਕ ਰੂਪਾਂਤਰਨ ਦੇ ਚੰਗੇ ਰਾਜਨੀਤਿਕ ਪੱਖ ਤੋਂ ਇੰਜੁਆਏ ਕਰਨ ਦੀ ਵਕਰਉਕਤੀ ਵਜੋਂ ਆਏ ਮੁੱਖ ਪਾਤਰ ਵਿੱਚ ਪਰਿਵਰਤਨ ਕਾਰਨ ਸ਼ੋਸ਼ਿਤ ਤੋਂ ਸ਼ੋਸ਼ਕ ਦਾ ਰੂਪ ਉੱਭਰਦਾ ਹੈ। ਉਹ ਹੁਣ ਸ਼ੋਸ਼ਿਤ ਵਜੋਂ ਨਹੀਂ, ਬਲਕਿ ਸ਼ੋਸ਼ਣ ਵਜੋਂ ਇਸਨੂੰ ਇੰਜੁਆਏ ਕਰਨ ਦੀ ਗੱਲ ਕਰਦੀ ਹੈ। ਕਹਾਣੀ ਵਿੱਚ 'ਇੰਜੁਆਏ' ਸ਼ਬਦ ਕੇਵਲ ਅਭਿਧਾਮੂਲਕ ਅਰਥ ਤੱਕ ਮਹਿਦੂਦ ਨਹੀਂ, ਬਲਕਿ ਇਹ ਬਹੁ-ਧੁਨੀਆਂ ਦਾ ਸੰਚਾਰ ਕਰ ਰਿਹਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਚੰਗੇ ਰਾਜਨੀਤਿਕ ਪੱਖ ਵਜੋਂ ਇੰਜੁਆਏ ਸ਼ਬਦ ਕੇਵਲ ਔਰਤ ਦੇ ਜਿਸਮਾਨੀ ਰੂਪ ਨੂੰ ਨਹੀਂ, ਬਲਕਿ ਰਿਸ਼ਤਿਆਂ-ਨਾਤਿਆਂ ਦੇ (ਸਵਾਰਥ ਲਈ ਮਾਪਿਆਂ ਦੁਆਰਾ ਧੀ ਨੂੰ ਡੇਰੇ ਮੱਥਾ ਟੇਕਣਾ), ਆਦਰਸ਼ਾਂ ਦੇ (ਡੇਰਾ ਮੁਖੀ ਦਾ ਧਰਮ ਦੀ ਆੜ ਵਿੱਚ ਕੁਕਰਮ ਕਰਨਾ), ਮਾਨਸਿਕਤਾ ਦੇ (ਅੰਨ੍ਹੀ ਸ਼ਰਧਾ ਰੱਖਣ ਵਾਲੇ ਭੋਲੇ-ਭਾਲੇ ਲੋਕਾਂ ਦੀ ਮਾਨਸਿਕਤਾ ਨਾਲ ਖੇਡਣਾ), ਵਿਚਾਰਾਂ ਦੇ (ਕਾਮਰੇਡ ਵੱਲੋਂ ਸਮਾਜਵਾਦੀ ਅਖਵਾਉਂਦਿਆਂ ਹੋਏ ਵੀ ਵਿਚਾਰਾਂ

ਨੂੰ ਓਪਰੀ ਪੱਧਰ "ਤੇ ਸਵਾਰਥ ਸਿੱਧੀ ਲਈ ਵਰਤਣਾ) ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਵਿੱਚਲੇ ਰੇਪ ਨੂੰ ਵੀ ਪ੍ਰਗਟਾਉਂਦਾ ਹੈ। ਇਹ ਉਹਨਾਂ ਹਰ ਤਰ੍ਹਾਂ ਦੇ ਨਾਕਾਰਾਤਮਕ ਭਾਵਾਂ ਦਾ ਪ੍ਰਗਟਾਵਾ ਹੈ, ਜਿਸ ਵਿੱਚ ਸਰੀਰਕ, ਮਾਨਸਿਕ ਸ਼ੈਤਾਨੀਅਤ ਤੇ ਹੈਵਾਨੀਅਤ ਸ਼ਾਮਲ ਹੈ। ਡਾ. ਬਲਦੇਵ ਸਿੰਘ ਧਾਲੀਵਾਲ ਨੇ ਮੈਗਜ਼ੀਨ *ਸਮਦਰਸ਼ੀ* ਵਿੱਚ ਪੰਜਾਬੀ ਗਲਪ ਵਿੱਚ ਨੈਤਿਕ-ਰਾਜਨੀਤਿਕ ਪ੍ਰਸਥਿਤੀਆਂ: ਕਹਾਣੀ 'ਹੁਣ ਮੈਂ ਇੰਜੁਆਏ ਕਰਦੀ ਆਂ, ਦੇ ਪ੍ਰਸੰਗ ਵਿੱਚ ਵਿਚਾਰ ਦਿੱਤੇ ਹਨ :

> ਕਹਾਣੀ ਦੇ ਨਾਂ ਵਿੱਚ ਇੰਜੁਆਏ ਸ਼ਬਦ ਤੋਂ ਇਲਾਵਾ ਜੋ ਔਰਤ ਵੱਲੋਂ ਇੰਜੁਆਏ ਕਰਨ ਦੀ ਵਕਰੋਕਤੀ ਹੈ ਉਹ ਪਹਿਲੀ ਨਜ਼ਰੇ ਭਾਵੇਂ ਸਨਸਨੀਪੂਰਨ ਵੀ ਜਾਪੇ ਪਰ ਆਪਣੇ ਅਸਲ ਅਰਥਾਂ ਵਿੱਚ ਮੂਲੋਂ ਇਸਦੇ ਉਲਟ ਪ੍ਰਭਾਵ ਵਾਲੀ ਹੈ। ਕਹਾਣੀ ਵਿੱਚ ਇੰਜੁਆਏ ਦਾ ਜਿਵੇਂ ਅਰਥ-ਵਿਸਥਾਰ ਅਤੇ ਰੂਪਾਂਤਰਨ ਕੀਤਾ ਗਿਆ ਹੈ ਉਹ ਇਸ ਸ਼ਬਦ ਨੂੰ ਬੜੇ ਡੂੰਘੇ ਅਤੇ ਬਹੁ-ਪਰਤੀ ਮੈਟਾਫ਼ਰ ਵਿੱਚ ਤਬਦੀਲ ਕਰ ਦਿੰਦਾ ਹੈ। ਇਸੇ ਤਰ੍ਹਾਂ ਇੰਜੁਆਏ ਕਰਨ ਵਾਲੀ ਔਰਤ ਨੂੰ ਜੈਂਡਰ ਮੁਕਤ ਕਰਕੇ ਜਿਵੇਂ ਸੱਤਾਵਾਨ ਦੇ ਪ੍ਰਤੀਕ ਵਿੱਚ ਢਾਲਿਆ ਗਿਆ ਹੈ, ਉਹ ਰਾਜਸੀ ਅਵਚੇਤਨ ਦੇ ਵਿਲੱਖਣ ਸਰੂਪ ਦੀ ਦੱਸ ਪਾਉਣ ਵਾਲਾ ਹੋ ਨਿਬੜਦਾ।(37)

ਕਹਾਣੀ 'ਹੁਣ ਮੈ ਇੰਜੁਆਏ ਕਰਦੀ ਆਂ' ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਆਏ ਸੋਚ ਵਿੱਚ ਪਰਿਵਰਤਨ ਕਾਰਨ ਬੀਤ ਚੁੱਕੇ ਅਤੇ ਵਰਤਮਾਨ ਵਿੱਚਲੇ ਅੰਤਰ ਨੂੰ ਰਾਜਨੀਤੀ ਦੇ ਚੰਗੇ ਪੱਖ ਨੂੰ ਦਰਸਾ ਰਹੀ ਹੈ। ਇਹ ਪਰਿਵਰਤਨ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਇਸ ਪਰਿਵਰਤਨ ਦੇ ਮੂਲ ਕਾਰਨ ਕੀ ਹੈ ? ਕਿਸ ਨਾਲ ਤੇ ਕਿਉਂ ਵਾਪਰਿਆ ਹੈ ? ਇਸ ਸਭ ਨੂੰ ਜਾਣਨ ਲਈ ਸੰਖੇਪ ਵਿੱਚ ਕਹਾਣੀ ਨੂੰ ਜਾਣਨਾ ਬਹੁਤ ਜ਼ਰੂਰੀ ਹੈ, ਜਿਵੇਂ ਕਿ ਇਸ ਕਹਾਣੀ ਵਿੱਚ ਮੁੱਖ ਪਾਤਰ ਮਨੋਵਿਗਿਆਨ ਵਿੱਚ ਪੀ.ਐੱਚ.ਡੀ. ਦੀ ਉਚੇਰੀ ਵਿੱਦਿਆ ਹਾਸਲ ਕਰ ਰਹੀ ਬਿਰਤਾਂਤਕਾਰ ਅਥਵਾ ਮੈਂ ਪਾਤਰ ਡੇਰਾ ਮੁਖੀ ਸੈਹਬ ਜੀਆਂ ਦੇ ਛੋਟੇ ਭਰਾ ਨੂੰ ਮੰਗੀ ਹੁੰਦੀ ਹੈ। ਇੱਕ ਹਾਦਸੇ ਵਿੱਚ ਮੰਗੇਤਰ ਦੀ ਮੌਤ ਹੋ ਜਾਣ ਉਪਰੰਤ ਉਸਦੇ ਮਾਪੇ ਉਸਨੂੰ ਸੈਹਬ ਜੀਆਂ ਨੂੰ ਸੌਂਪ ਜਾਂਦੇ ਹਨ। ਮਾਪੇ ਅਜਿਹਾ ਗੁਰੂ ਘਰ ਨਾਲ ਜੁੜ

ਕੇ ਆਪਣੇ ਇੱਕ ਹੋਰ ਧੀ-ਪੁੱਤਰ ਨਾਲ ਅਮਰੀਕਾ ਜਾ ਕੇ ਵੱਸਣ ਦੇ ਸੁਆਰਥ ਅਧੀਨ ਕਰਦੇ ਹਨ। ਇਸ ਸਵਾਰਥ ਦੀ ਪੂਰਤੀ ਲਈ ਧੀ ਨੂੰ ਮਾਧਿਅਮ ਬਣਾਇਆ ਜਾਂਦਾ ਹੈ। ਮਾਪਿਆਂ ਦਾ ਸਵਾਰਥ ਧੀ ਦੀ ਇੱਛਾ ਵਿਰੁੱਧ ਹੋਣ ਵਾਲੇ ਸਰੀਰਕ ਸ਼ੋਸ਼ਣ ਦਾ ਕਾਰਨ ਬਣਦਾ ਹੈ। ਉਹ ਇਸ ਸ਼ੋਸ਼ਣ ਖਿਲਾਫ਼ ਹੁੰਦਿਆਂ ਹੋਇਆਂ ਵੀ ਰੋਣ-ਕੁਰਲਾਉਣ ਤੋਂ ਇਲਾਵਾ ਕੁਝ ਨਹੀਂ ਕਰ ਪਾਉਂਦੀ ਅਤੇ ਵਰ੍ਹਿਆਂ ਤੋਂ ਸਾਂਭੀ ਇੱਜ਼ਤ ਸੈਹਬ ਜੀਆਂ ਹੱਥੋਂ ਪਲ ਵਿੱਚ ਤੂੰਬਾ-ਤੂੰਬਾ ਹੋ ਜਾਂਦੀ ਹੈ। ਇਥੇ ਇਹ ਸੰਭਾਵਨਾ ਜਾਪਦੀ ਹੈ ਕਿ ਬਿਰਤਾਂਤਕਾਰ ਇਸ ਮਾਹੌਲ ਵਿੱਚ ਗੁੰਮ-ਗਵਾਚ ਜਾਵੇਗੀ, ਪਰੰਤੂ ਅਜਿਹਾ ਹੁੰਦਾ ਨਹੀਂ। ਬਲਕਿ ਇਸਦੇ ਵਿਪਰੀਤ ਉਹ ਜਲਦ ਹੀ ਡੇਰੇ ਦੀਆਂ ਸੱਭਿਆਚਾਰਕ ਰੂਪਾਂਤਰਨ ਤੋਂ ਰਾਜਨੀਤਿਕ ਚਾਲਾਂ ਦੀਆਂ ਅੰਤਰੀਵ ਜੁਗਤਾਂ ਨੂੰ ਸਮਝ ਸੈਹਬ ਜੀਆਂ ਨੂੰ ਪਾਸੇ ਕਰ ਇਸ ਉੱਤੇ ਕਾਬਜ ਹੋ ਜਾਂਦੀ ਹੈ। ਇੰਝ ਦਹਿਸ਼ਤ ਭਰੇ ਮਾਹੌਲ ਵਿੱਚ ਧਕੇਲ ਦਿੱਤੀ ਗਈ 'ਮੈਂ ਪਾਤਰ ਨਾ ਡੇਰਾ ਮੁਖੀ ਤੋਂ ਆਪਣੀ ਇੱਜ਼ਤ ਬਚਾ ਪਾਉਂਦੀ ਹੈ ਅਤੇ ਨਾ ਹੀ ਕੋਝੇ ਮਾਹੌਲ ਤੋਂ ਆਪਣੀ ਕੋਮਲ ਜਜ਼ਬਾਤਾਂ, ਭਾਵਨਾਵਾਂ ਨੂੰ। ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਇਸ ਦਾ ਚੰਗਾ ਨਤੀਜਾ ਇਹ ਨਿਕਲਦਾ ਹੈ ਕਿ ਜੋ ਕਦੇ ਆਪ ਸ਼ੋਸ਼ਣ ਦਾ ਸ਼ਿਕਾਰ ਹੋਈ ਸੀ, ਹੁਣ ਉਹ ਖੁਦ ਸ਼ੋਸ਼ਣ ਕਰਨ ਲੱਗੀ ਹੈ। ਉਸਨੂੰ ਕਦੇ ਘਿਨੌਣਾ ਜਾਪਣ ਵਾਲਾ ਮਾਹੌਲ ਅਨੰਦਿਤ ਕਰਨ ਲੱਗਦਾ ਹੈ। ਹੌਲੀ-ਹੌਲੀ ਉਸ ਵਿਚੋਂ ਵੀ ਝੂਠ, ਕਮੀਨਗੀ, ਮੱਕਾਰੀ, ਬਦਲਾਖੋਰੀ, ਦੂਸਰਿਆਂ ਦਾ ਵਿਰੋਧ ਨਾ ਸਹਿ ਸਕਣ ਅਤੇ ਦਬਾਉਣ ਵਰਗੀਆਂ ਸਾਰੀਆਂ ਬੁਰਾਈਆਂ ਫਨ ਫੈਲਾਉਣ ਲੱਗੀਆਂ ਹਨ। ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਚਾਹੇ ਉਹ ਸੈਹਬ ਜੀਆਂ ਤੋਂ ਬਦਲਾ ਲੈਣ ਲਈ ਉਹਨਾਂ ਦੀ ਬੇਕਸੂਰ ਧੀ ਖਿਲਾਫ ਘੜੀ ਗਈ ਰਣ ਨੀਤੀ ਹੈ ਜਾਂ ਆਪਣੇ ਖਿਲਾਫ਼ ਆਵਾਜ਼ ਉਠਾਉਣ ਵਾਲੇ ਸੁਮੀਤ ਨੂੰ ਸਬਕ ਸਿਖਾਉਣ ਲਈ ਅਪਣਾਇਆ ਜਾਣ ਵਾਲਾ ਕ੍ਰੋਧਿਤ ਰੁਖ਼ ਚੰਗੀ ਰਣਨੀਤੀ ਹੋਵੇ। ਉਸਦਾ ਬੰਦੂਕਧਾਰੀਆਂ ਨੂੰ ਨਾਲ ਲੈ ਕੇ ਸੁਮੀਤ ਨੂੰ ਦਬਾਉਣ ਜਾਣਾ ਇਹ ਦਰਸਾਉਂਦਾ ਹੈ ਕਿ ਹੁਣ ਉਹ ਆਪਣੀ ਪੁਜੀਸ਼ਨ ਨੂੰ ਬਣਾਈ ਰੱਖਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਉਹ ਸ਼ੋਸ਼ਿਤ (Victim) ਤੋਂ ਸ਼ੋਸ਼ਕ (Victimizer) ਹੋ ਕੇ ਸੱਭਿਆਚਾਰਕ ਰੂਪਾਂਤਰਨ ਦੇ ਚੰਗੇ ਰਾਜਨੀਤਿਕ ਮਾਹੌਲ ਵਿੱਚ ਢਲ ਚੁੱਕੀ ਹੈ।ਇਹ ਸੱਭਿਆਚਾਰਕ ਰੂਪਾਂਤਰਨ ਦਾ ਰਾਜਨੀਤਿਕ ਪੱਖ

ਸ਼ੈਤਾਨੀਅਤ ਤੋਂ ਹੈਵਾਨੀਅਤ ਦਾ ਰੂਪ ਧਾਰ ਕੇ ਮਸੂਮੀਅਤ ਨੂੰ, ਆਸਥਾ ਨੂੰ, ਭੋਲੇਪਣ ਨੂੰ, ਬੇਕਸੂਰ ਨੂੰ ਕਿਵੇਂ ਕੁਚਲਦਾ ਹੈ? ਇਸ ਦੀ ਅਨੁਭੂਤੀ ਡੇਰਾ ਮੁਖੀ ਪਾਤਰ ਸੈਹਬ ਜੀਆਂ ਦੇ ਪਾਤਰ ਤੋਂ ਹੁੰਦੀ ਹੈ, ਜਿਸਦੀ ਹਵਸ ਦਾ ਸ਼ਿਕਾਰ ਹੋਈ ਮੁੱਖ ਪਾਤਰ ਵੀ ਕਿਤੇ ਨਾ ਕਿਤੇ ਖੁਦ ਹੈਵਾਨੀ ਰੂਪ ਅਖ਼ਤਿਆਰ ਕਰ ਲੈਂਦੀ ਹੈ। ਉਹ ਵੀ ਸੈਹਬ ਜੀਆਂ ਦੇ ਕਦਮਾਂ ਉੱਤੇ ਚੱਲਦੇ ਹੋਏ ਹਰ ਤਰ੍ਹਾਂ ਦੇ ਧੱਕੇ, ਧੌਂਸ ਦਾ ਆਨੰਦ ਮਾਣਦੀ ਹੈ। ਸੋ, ਇਸ ਆਨੰਦ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਸੋਚ ਵਿੱਚਲੇ ਆਏ ਪਰਿਵਰਤਨ ਰੂਪ ਤਾਕਤ, ਹਕੂਮਤ ਵਿੱਚ ਢਾਲਦੀ ਹੋਈ ਅਜਿਹੇ ਧਰਮ ਦੇ ਨਾਂ ਤੇ ਦੰਭਵਾਦੀ, ਪਾਖੰਡਵਾਦੀ ਤੇ ਔਰਤ-ਮਰਦ ਨਾਲ ਸ਼ੋਸ਼ਣ ਕਰਨ ਵਾਲੇ ਸਿਸਟਮ ਦੀ ਵਿਰੋਧਤਾ ਕਰਦੀ ਹੋਈ ਸੁਖਜੀਤ ਦੇ ਕਹਾਣੀ ਸੰਗ੍ਰਹਿ *ਹੁਣ ਮੈਂ ਇੰਜੁਆਏ ਕਰਦੀ ਆਂ* ਤੋਂ ਕਹਾਣੀ ਹੁਣ ਮੈਂ ਇੰਜੁਆਏ ਕਰਦੀ ਆਂ ਦੀ 'ਮੈਂ' ਪਾਤਰ ਕਹਿੰਦੀ ਹੈ ਕਿ:

> "ਪੂਰਾ ਸਿੱਕਾ ਚੱਲਦੈ ਮੇਰਾ, ਹੇਠਲੀ ਉੱਤੇ ਆ ਗੀ, ਸੈਹਬ ਜੀ ਐਕਟਿਵ ਨਹੀਂ ਰਹੇ ਹੁਣ, ਹੁਣ ਸਿਰਫ ਮੈਂ, ਮੈਂ ਨਿੱਕੇ ਬੀਬੀ ਸੈਹਬਾ। ਓਜੁ ਮੇਰੇ ਕੈਹਣ "ਤੇ ਕਾਂਤੀ ਨੂੰ ਟੋਕਣਾ ਸ਼ੁਰੂ ਕਰ ਦਿੱਤੈ ਸਭ ਨੂੰ ਇਹ ਨਿੱਕੇ ਕੀ ਹੋਇਆ? ਸਿੱਧਾ ਬੀਬੀ ਜੀ ਕਿਹਾ ਕਰੋ ਬੀਬੀ ਸੈਹਬਾ।ਸਾਰੇ ਕੋਸ਼ਿਸ਼ ਕਰਦੇ ਬੀਬੀ ਸੈਹਬਾ ਦੀ ਕਹਿਣ ਜੇ ਭੁੱਲ ਭੁਲੇਖੇ ਕੋਈ ਨਿੱਕੇ ਕੈਹ ਦਿੰਦੇ ਮੇਰੇ ਮੱਥੇ ਤਿਓੜੀ ਮੈਂ ਜਾਂਦੀ ਐ ਉਂਜ ਨਿੱਕੇ ਦਾ ਮਤਲਬ ਵੀ ਕੀ ਐ ! ਜਦੋਂ ਮੈਂ ਈ ਆਂ ਸਭ ਕੁੱਝ ਆਲ-ਇਨ ਆਲ। ਪੰਜ ਕਰਾਂ ਪੰਜਾਹ ਕਰਾਂ ਕਿਸੇ ਦੀ ਜੁੱਰਅਤ ਨਈ ਕਿ ਸੁਆਲ ਕਰ ਜਾਵੇ।" (68)

ਇਸ ਤਰ੍ਹਾਂ ਕਹਾਣੀ 'ਹੁਣ ਮੈਂ ਇੰਜੁਆਏ ਕਰਦੀ ਆਂ' ਦੀ ਨਾਇਕਾ ਦੁਆਰਾ ਗਾਲ੍ਹਾਂ ਕੱਢਣ ਦੀ ਪ੍ਰਵਿਰਤੀ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ 21ਵੀਂ ਸਦੀ ਦੇ ਨਾਰੀ ਦੀ ਹੋਂਦ, ਸਵੈ-ਪਛਾਣ ਆਦਿ ਸਰੂਪ ਨੂੰ ਪੇਸ਼ ਕਰਦੀ ਹੈ ਜੋ ਨਾਂ ਔਰਤ ਬਣਨਾ ਪਸੰਦ ਕਰਦੀ ਹੈ ਤੇ ਨਾ ਹੀ ਮਰਦ ਵਾਲਾ ਰੁਤਬਾ ਬਣਾਈ ਰੱਖਣਾ ਚਾਹੁੰਦੀ ਹੈ। ਡੇਰੇ ਵਿੱਚ ਰਹਿੰਦੀਆਂ ਔਰਤਾਂ ਨੂੰ ਸਾਹਿਬ ਜੀ ਗਾਲ੍ਹਾਂ ਕੱਢਦਾ ਹੈ ਤੇ ਉਹ ਔਰਤਾਂ ਆਪਣਾ ਸ਼ੋਸ਼ਣ ਕਰਵਾਉਣਾ ਹੀ ਧਰਮ ਸਮਝਦੀਆਂ ਹਨ। ਕਹਾਣੀ ਦੀ ਨਾਇਕਾ ਸਮਝਦੀ ਹੈ ਕਿ ਮਰਦਾਂ ਦੀ ਸਾਰੀ ਸ਼ਕਤੀ ਉਹਨਾਂ ਦੀਆਂ ਗਾਲ੍ਹਾਂ ਵਿੱਚ ਹੁੰਦੀ ਹੈ। ਜੇਕਰ ਉਹਨਾਂ ਨੇ ਆਪਣੀ ਵੱਖਰੀ

ਪਹਿਚਾਣ ਬਣਾਉਣੀ ਹੈ ਤਾਂ ਮਰਦਾਂ ਵਾਂਗ ਗਾਲ੍ਹਾਂ ਕੱਢ ਕੇ ਆਪਣੀ ਵੱਖਰੀ ਭਾਸ਼ਾ ਸਿਰਜ ਸਕਦੀਆਂ ਹਨ। ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਔਰਤ ਨੂੰ ਮਰਦ ਪ੍ਰਧਾਨ ਸਮਾਜ ਦੇ ਵਿਰੁੱਧ ਆਪਣੀ ਹੋਂਦ, ਸਵੈ-ਪਛਾਣ ਸੰਬੰਧੀ ਨਾਰੀ ਚੇਤਨਾ ਦੇ ਚੰਗੇ ਪੱਖ ਵਜੋਂ ਉਭਾਰਦੀ ਹੋਈ ਕਹਿੰਦੀ ਹੈ ਕਿ:

> ਉਂਜ ਮੈਂ ਕਾਂਤੀ ਨੂੰ ਕਹਿਣਾ ਚਾਹੁੰਦੀ ਕਿ ਕਾਂਤੀ ਏਹਨਾਂ ਭੈਣ ਚੋ ਮਰਦਾਂ ਦੀ ਅੱਧੀਓ ਬਹੁਤ ਤਾਕਤ ਏਹਨਾਂ ਦੀ ਬੋਲੀ 'ਚ ਐ, ਆਹ ਗਾਲ੍ਹਾਂ 'ਚ। ਜੇ ਆਪਾਂ ਏਹਨਾਂ ਦੀ ਭੈਣ ਦੀ... ਦੇਣੈ ਤਾਂ ਏਹਨਾਂ ਦੀ ਭਾਸ਼ਾ ਬੋਲਣੀ ਪਊ... ਆਪਣਾ ਸਿੰਕਾ ਤਾਂ ਚੱਲੂ।(69)

ਇਸ ਤਰ੍ਹਾਂ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਇਸੇ ਸਮੇਂ ਹੀ ਹਾਸ਼ੀਆਗਤ ਪਛਾਣ (ਨਾਰੀ ਅਤੇ ਦਲਿਤ ਚੇਤਨਾ), ਭੋਗੀ ਬਿਰਤੀ, ਦਵੰਦਮਈ ਦ੍ਰਿਸ਼ਟੀਕੋਣ, ਪੱਛਮੀ ਰਿਸ਼ਤਿਆਂ-ਨਾਤਿਆਂ ਦਾ ਪ੍ਰਭਾਵ, ਦੇਹ ਵਪਾਰ, ਸਮਲਿੰਗੀ ਸੰਬੰਧ, ਔਰਤ ਮਰਦ ਸੰਬੰਧ, ਮਨੁੱਖ ਦੀ ਖੰਡਿਤ ਮਾਨਸਿਕਤਾ, ਜਾਤੀਗਤ ਹੀਣਤਾ, ਕਿਰਸਾਣੀ ਸਥਿਤੀ-ਪਰਿਸਥਿਤੀ, ਮਨੁੱਖੀ ਰਿਸ਼ਤਿਆਂ ਦਾ ਤਿੜਕਨਾ, ਨੈਤਿਕ ਮੁੱਲਾਂ ਦੀ ਗਿਰਾਵਟ, ਰਾਜਨੀਤੀ ਅਤੇ ਧਰਮ ਵਿੱਚ ਔਰਤ ਦਾ ਸ਼ੋਸ਼ਣ ਆਦਿ ਵਿਭਿੰਨ ਪਰਤਾਂ ਦਾ ਸੁਚੇਤ ਹੋ ਕੇ ਸਖਜੀਤ ਕਹਾਣੀਆਂ ਵਿੱਚ ਪਰਦਾਫ਼ਾਸ਼ ਕਰਦਾ ਹੈ ਅਤੇ ਚੰਗੇ ਪੱਖ ਵਜੋਂ ਔਰਤ ਨੂੰ ਆਪਣੀ ਹੋਂਦ, ਸਵੈ-ਪਛਾਣ ਅਤੇ ਨਿਡਰਤਾ ਆਦਿ ਵਜੋਂ ਨਾਰੀ ਚੇਤਨਾ ਨੂੰ ਉਭਾਰਦਾ ਹੈ।

**(ਅ) ਮਾੜੇ ਪੱਖ:** ਅਜੋਕੀ ਰਾਜਸੀ ਦਿਸ਼ਾਹੀਣਤਾ ਵਾਲੀ ਰਾਜਨੀਤਕ ਸਥਿਤੀ ਲੋਕਤੰਤਰੀ ਪ੍ਰਣਾਲੀ ਦੇ ਰਾਜਸੀ ਨੈਤਿਕ ਆਦਰਸ਼ਾਂ ਦੇ ਪਤਨ ਵੱਲ ਇਸ਼ਾਰਾ ਕਰਦੀ ਹੈ। ਮੰਡੀ ਤਾਕਤਾਂ ਦਾ ਮੁਕਾਬਲਾ ਕਰਨ ਦੀ ਬਜਾਏ ਰਾਜਸੀ ਤਾਕਤਾਂ ਆਪਣੇ ਆਪਣੇ ਸਵੈ-ਹਿੱਤਾਂ ਦੀ ਪੂਰਤੀ ਲਈ ਤਤਪਰ ਨਜ਼ਰ ਆਉਂਦੀਆਂ ਹਨ। ਵਿਸ਼ਵੀਕਰਨ ਉਦਾਰੀਕਰਨ ਦੀ ਨੀਤੀ ਤਹਿਤ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਰਿਹਾ ਹੈ। ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਮਾੜੇ ਪੱਖ ਤੋਂ ਆਏ ਪਰਿਵਰਤਨ ਵਿਸ਼ਵੀਕਰਨ ਤੇ ਉਦਾਰੀਕਰਨ ਦੀਆਂ ਨੀਤੀਆਂ ਸਦਕਾ ਸਿਆਸਤ ਦਾ ਭ੍ਰਿਸ਼ਟ ਅਤੇ ਨਿਘਾਰ ਦੀ ਸਥਿਤੀ-ਪਰਸਥਿਤੀ ਵੱਲ ਜਾਂਦੀ ਹੋਈ ਫਿਰਕਾਪ੍ਰਸਤੀ ਵਾਲੀਆਂ ਅਪਰਾਧਕ ਬਿਰਤੀਆਂ ਦੀ ਉੱਭਰਦੀਆਂ ਹਨ।

ਧਰਮ ਦੀ ਆੜ ਹੇਠ ਲੋਕ ਹਿੱਤਾਂ ਦਾ ਘਾਣ ਕੀਤਾ ਜਾ ਰਿਹਾ ਹੈ। ਧਰਮ ਨੂੰ ਰਾਜਨੀਤਕ ਹਿੱਤਾਂ ਲਈ ਵਰਤਿਆ ਜਾ ਰਿਹਾ ਹੈ। ਉਪਭੋਗੀ ਸੱਭਿਆਚਾਰ ਔਰਤਾਂ, ਮਜ਼ਦੂਰਾਂ, ਨਿਮਨ ਕਿਸਾਨੀ ਵਰਗ, ਘੱਟ ਗਿਣਤੀਆਂ, ਮਨੁੱਖੀ ਅਧਿਕਾਰਾਂ ਅਤੇ ਵਾਤਾਵਰਣ ਆਦਿ ਦਾ ਮਲੀਆਮੇਟ ਕਰਕੇ ਨੈਤਿਕ ਸੰਕਟ ਪੈਦਾ ਕਰ ਰਿਹਾ ਹੈ। ਸੁਖਜੀਤ ਦੀਆਂ ਕਹਾਣੀਆਂ ਵਿੱਚ ਆਰਥਿਕ, ਸਿਆਸੀ ਤੇ ਸੱਭਿਆਚਾਰਕ ਮੁੱਲਾਂ ਵਿੱਚ ਆ ਰਹੀ ਤਬਦੀਲੀ ਨੂੰ ਮਨੁੱਖ ਦੇ ਖੰਡਿਤ ਹੋ ਰਹੇ ਵਿਅਕਤੀਤਵ ਰਾਹੀਂ ਮਾੜੇ ਪੱਖ ਤੋਂ ਪੇਸ਼ ਕੀਤਾ ਗਿਆ ਹੈ। ਸੁਖਜੀਤ ਦੀਆਂ ਕਹਾਣੀਆਂ ਵਿੱਚ ਵਿਸ਼ਵੀਕਰਨ ਦੀ ਲੁਕਵੀਂ ਸਿਆਸਤ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਮਾੜੇ ਰਾਜਨੀਤਿਕ ਪੱਖ ਤੋਂ ਪਰਿਵਰਤਨ ਜ਼ਰੀਏ ਬੜੇ ਕਲਾਤਮਿਕ ਢੰਗ ਨਾਲ ਪੇਸ਼ ਕਰਨ ਦਾ ਉੱਦਮ ਕੀਤਾ ਹੈ। ਸੱਤਾ ਪ੍ਰਾਪਤੀ ਦੀ ਹੋੜ ਸਬੰਧੀ ਡਾ. ਬਲਦੇਵ ਸਿੰਘ ਧਾਲੀਵਾਲ ਨੇ ਅਧਿਆਤਮਕਤਾ ਉੱਪਰ ਪਾਏ ਪ੍ਰਭਾਵਾਂ ਨੂੰ ਆਪਣੀ ਸੰਪਾਦਨਾ *ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ', 'ਪੰਜਾਬੀ ਕਹਾਣੀ ਤੇ ਵਿਹਾਰ* ਸਪੱਸ਼ਟ ਕੀਤਾ ਹੈ:

> ਇਸ ਪਦਾਰਥਕ ਅਤੇ ਉਪਭੋਗੀ ਚੇਤਨਾ ਨਾਲ ਸਭ ਤੋਂ ਤਿੱਖਾ ਵਿਰੋਧ ਸਾਡੀ ਅਧਿਆਤਮਕ ਆਸਥਾ ਦਾ ਸੀ ਜਿਸਨੂੰ 'ਮਾਇਆ' ਦੇ ਸੰਕਲਪ ਰਾਹੀਂ ਸੰਬੋਧਿਤ ਕੀਤਾ ਜਾਂਦਾ ਰਿਹਾ ਹੈ ਪਰ ਵਿਸ਼ਵੀਕਰਨ ਦੇ ਹੜ੍ਹ ਵਿੱਚ ਧਰਮ ਨੇ ਆਪਣਾ ਰੂਹਾਨੀਅਤ ਦੀ ਪ੍ਰਾਪਤੀ ਦਾ ਉਦੇਸ਼ ਗੁਆਂ ਲਿਆ ਹੈ ਅਤੇ ਉਸ ਦੀ ਥਾਂ ਅਧਿਆਤਮਕਤਾ ਨੂੰ ਸੱਤਾ-ਪ੍ਰਾਪਤੀ ਦੀ ਇੱਕ ਜੁਗਤ ਬਣਾ ਕੇ ਵਰਤੋਂ ਕੀਤੀ ਜਾਣ ਲੱਗੀ ਹੈ। ਸੁਖਜੀਤ ਦੀ ਕਹਾਣੀ 'ਪਾਤਸ਼ਾਹ' ਵਿੱਚਲਾ ਡੇਰੇ ਦਾ ਮੁਖੀ ਆਪਣੇ ਪਦਾਰਥਕ ਸੁੱਖਾਂ ਅਤੇ ਲਾਲਸਾਵਾਂ ਦੀ ਪੂਰਤੀ ਲਈ ਅਧਿਆਤਮਕਤਾ ਦੀ ਜੁਗਤ ਨੂੰ ਸੂਖਮ ਵਿਧੀ ਨਾਲ ਵਰਤ ਕੇ ਸੱਤਾ ਪ੍ਰਾਪਤੀ ਕਰਦਾ ਹੈ। ਆਪਣੇ ਵਿਰੁੱਧ ਪੈਦਾ ਹੋਣ ਵਾਲੇ ਵਿਰੋਧੀ ਆਵਾਜ਼ ਨੂੰ ਉਹ ਬੜੇ ਨਾਟਕੀ ਅੰਦਾਜ਼ ਨਾਲ ਮਲੀਆਮੇਟ ਕਰ ਸਕਣ ਦੇ ਹੁਨਰ ਦਾ ਮਾਹਰ ਹੈ।(89)

ਸੁਖਜੀਤ ਦੇ ਕਹਾਣੀ ਸੰਗ੍ਰਹਿ *ਅੰਤਰਾ* ਦੀ ਕਹਾਣੀ 'ਸਤਾਈ ਮੀਲ' ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਮਾੜੇ ਰਾਜਨੀਤਿਕ ਪੱਖ ਤੋਂ ਆਇਆ ਪਰਿਵਰਤਨ ਕੁਝ ਇਸ ਪ੍ਰਕਾਰ ਹੈ ਕਿ ਕਰਨੈਲ ਸਿੰਘ ਆਪਣੇ ਪਿੰਡ ਤੋਂ ਦਿੱਲੀ ਵਿੱਚ ਗੁਰਮੁਖ ਸਿੰਘ ਐੱਮ.ਪੀ. ਦਾ ਅੰਗ ਰੱਖਿਅਕ ਬਣ ਕੇ ਆਉਂਦਾ ਹੈ। ਜਿਵੇਂ-ਜਿਵੇਂ

ਸਮਾਂ ਬੀਤਦਾ ਜਾਂਦਾ ਹੈ, ਕਰਨੈਲ ਸਾਹਮਣੇ ਦੇਵਤਾ ਜਾਪਦੇ ਗੁਰਮੁਖ ਸਿੰਘ ਐੱਮ.ਪੀ. ਦੀ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਭ੍ਰਿਸ਼ਟ, ਨਿੱਜੀ ਹਿੱਤ ਨਾਲ ਜੁੜੀ ਹਕੀਕਤ ਖੁੱਲ੍ਹਦੀ ਜਾਂਦੀ ਹੈ। ਜਿੱਥੇ ਗੁਰਮੁਖ ਸਿੰਘ ਨਾਲ ਬਿਤਾਏ ਆਪਣੇ ਸਮੇਂ ਦੌਰਾਨ ਕਰਨੈਲ ਘਟੀਆ ਸਿਆਸਤਦਾਨਾਂ, ਭ੍ਰਿਸ਼ਟ ਸਿਆਸੀ ਸਿਸਟਮ ਅਤੇ ਸੱਤਾ ਦੀ ਅਸਲ ਵਾਗਡੋਰ ਸੰਭਾਲਣ ਵਾਲੀ ਲੁਕਵੀਂ ਧਿਰ ਤੋਂ ਜਾਣੂ ਹੁੰਦਾ ਹੋਇਆ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤੀ ਦੇ ਮਾੜੇ ਪੱਖ ਨੂੰ ਕਹਾਣੀਕਾਰ ਕਹਾਣੀ 'ਸਤਾਈ ਮੀਲ' ਰਾਹੀਂ ਬਿਆਨ ਕਰਦਾ ਹੈ, ਉੱਥੇ' ਸਤਾਈ ਮੀਲ' ਕਹਾਣੀ  ਮੌਜੂਦਾ ਭ੍ਰਿਸ਼ਟ ਸਿਆਸੀ ਸਿਸਟਮ ਤੋਂ ਪਰਦਾ ਲਾਹੁੰਦੀ ਹੋਈ ਇਸ ਸਿਸਟਮ ਵਿੱਚ ਪਿੱਸ ਰਹੀ ਸਾਧਾਰਨ ਲੋਕਾਈ ਤੇ ਉਸਦੀ ਸਖ਼ਤ ਜ਼ਿੰਦਗੀ ਦਾ ਗਲਪੀ ਬਿੰਬ ਵੀ ਸਿਰਜਦੀ ਹੈ। ਕਹਾਣੀ ਵਿੱਚ ਐੱਮ.ਪੀ. ਦੇ ਘਰ ਸਾਹਮਣੇ ਕਿਰਾਏ ਦੇ ਮਕਾਨ ਵਿੱਚ ਰਹਿੰਦੀ ਔਰਤ (ਜੋ ਕਮਰੇ ਤੋਂ ਰਸੋਈ ਤੇ ਰਸੋਈ ਤੋਂ ਕਮਰੇ ਦੇ ਨਿਰੰਤਰ ਚੱਕਰ ਕੱਟਦੀ ਹੈ) ਸਾਧਾਰਨ ਲੋਕਾਈ ਦੀ ਪ੍ਰਤੀਕ ਹੈ। ਉਸਦਾ ਲਗਾਤਾਰ ਚੱਕਰ ਕੱਟਣਾ ਸਾਧਾਰਨ ਜਨਮ ਦੀ ਅਣਥੱਕ ਮਿਹਨਤ ਨੂੰ ਪ੍ਰਗਟਾਉਂਦਾ ਹੈ, ਜਿਸਦੀ ਸਥਿਤੀ ਅਣਥੱਕ ਮਿਹਨਤ ਦੇ ਬਾਵਜੂਦ ਵੀ ਜਿਉਂ ਦੀ ਤਿਉਂ ਹੀ ਬਣੀ ਰਹਿੰਦੀ ਹੈ। ਇਸ ਸੱਚ ਨਾਲ ਰੂਬਰੂ ਹੁੰਦਾ ਹੀ ਕਰਨੈਲ ਸਿੰਘ ਕੁਰਲਾ ਕਹਾਣੀ ਵਿੱਚ ਪੇਸ਼ ਰਾਜਨੀਤੀ ਦੇ ਮਾੜੇ ਪੱਖ ਨੂੰ ਉਭਾਰਦਾ ਹੋਇਆ ਆਖਦਾ ਹੈ ਕਿ:

> ਇਹ ਸ. ਗੁਰਮੁਖ ਸਿੰਘ ਐਮ.ਪੀ.। ਇਹ ਸਾਡੇ ਪਿੰਡ ਦਾ ਸੁੱਖਾ, ਜਿਹਨੂੰ ਕੁਝ ਸਾਲ ਪਹਿਲਾਂ ਰੋਟੀ ਨਹੀਂ ਸੀ ਮਿਲਦੀ ਰਜਵੀਂ। ਇਹਦੇ ਕਾਕੇ, ਜਿਹੜੇ ਕੱਲੇ ਕੱਲੇ ਕਾਰਾਂ ਲਈ ਫਿਰਦੇ ਨੇ, ਜੁੱਤੀ ਨਹੀਂ ਸੀ ਹੁੰਦੀ ਉਹਨਾਂ ਦੇ ਪੈਰੀਂ ਤੇ ਉਹ, ਉਹ ਰੋਜ਼ ਸਤਾਈ ਮੀਲ ਤੁਰਦੀ ਐ ਬਾਪੂ, ਪਤੈ ਕੀਹਦੇ ਲਈ? ਪਤੈ ਕੀਹਦੇ ਲਈ, ਆਪਦੇ ਲਈ ਨਹੀਂ, ਘਰਵਾਲੇ ਲਈ ਵੀ ਨਹੀਂ, ਐਮ.ਪੀ. ਸਾਹਬ ਲਈ ਇਹਦੇ ਕਾਕਿਆਂ ਲਈ, ਤੇ ਬਾਪੂ ਆਪਣੇ ਵਰਗੇ ਕੁੱਤਿਆਂ ਲਈ ਰੋਜ਼ ਸਤਾਈ ਮੀਲ।(50)

ਇਸ ਤਰ੍ਹਾਂ ਕਹਾਣੀ ਬਿਰਤਾਂਤ ਵਿੱਚਲੇ ਉਪਰੋਕਤ ਅੰਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਬਹੁ-ਪ੍ਰਚਲਿਤ ਲੁਕਵੇਂ ਸੰਬੰਧ ਵੱਲ ਸੂਖਮ ਸੰਕੇਤ ਹਨ। ਭਾਈ ਸਾਹਿਬ ਇੱਕ ਅਜਿਹੀ

ਸ਼ਕਤੀਵਾਨ ਧਿਰ ਵਜੋਂ ਉੱਭਰਦਾ ਹੈ ਜੋ ਸਿੱਧਾ ਅਤੇ ਦ੍ਰਿਸ਼ਟ ਨਹੀਂ, ਬਲਕਿ ਅਸਿੱਧੇ ਅਤੇ ਲੁਕਵੇਂ ਢੰਗ ਨਾਲ ਸੱਤਾ ਨੂੰ ਆਪਣੀ ਮਨਮਰਜ਼ੀ ਮੁਤਾਬਕ ਚਲਾਉਂਦਾ ਹੈ। 'ਸਤਾਈ ਮੀਲ' ਕਹਾਣੀ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਭਾਰਤੀ ਸਿਸਟਮ ਉੱਪਰ ਵਿਅੰਗ ਕੱਸਦਿਆਂ ਔਰਤ ਦੇ ਪ੍ਰਤੀਬਿੰਬਤ ਰਾਹੀਂ ਮਿਹਨਤ ਦੇ ਬਦਲਦੇ ਮਾੜੇ ਪ੍ਰਤਿਮਾਨਾਂ ਦੀ ਪੇਸ਼ਕਾਰੀ ਕੀਤੀ ਮਿਲਦੀ ਹੈ। ਮਜ਼ਦੂਰਾਂ ਦੀ ਕਿਰਤ ਦਾ ਸਹੀ ਮੁਨਾਫ਼ਾ ਉਹਨਾਂ ਦੀ ਬਜਾਏ ਪੂੰਜੀਵਾਦੀ ਵਰਗ ਲੈ ਰਿਹਾ ਹੈ। ਇੱਕ ਧਿਰ ਕੁਝ ਨਹੀਂ ਕਰਦੀ ਫਿਰ ਵੀ ਸਾਰਾ ਦਿਨ ਐਸ਼ ਦਾ ਜੀਵਨ ਬਤੀਤ ਕਰਦੀ ਹੈ, ਪਰ ਦੂਸਰੀ ਤਹਿ ਤੋਂ ਫਰੋਲਦਿਆਂ ਜੇਕਰ ਮਜ਼ਦੂਰ ਵਿਦਰੋਹ ਕਰਨ ਵੀ ਲੱਗਦੇ ਹਨ ਤਾਂ ਉਹਨਾਂ ਨੂੰ ਮਰਵਾ ਹੀ ਦਿੱਤਾ ਜਾਂਦਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਇਸ ਧਿਰ ਦਾ ਜ਼ਿਕਰ ਸੁਖਜੀਤ ਦੀਆਂ ਕਹਾਣੀਆਂ ਆਦਮਖ਼ੋਰ, ਹੁਣ ਮੈਂ ਇੰਜੁਆਏ ਕਰਦੀ ਆਂ, ਪਾਤਸ਼ਾਹ, ਤੀਲ੍ਹਾ ਆਦਿ ਵਿੱਚ ਵੀ ਆ ਚੁੱਕਾ ਹੈ। ਸੱਭਿਆਚਾਰਕ ਰੂਪਾਂਤਰਨ ਤੋਂ ਬੁਰਜੂਆਂ ਰਾਜਨੀਤੀ ਦੇ ਸੰਦਰਭ ਵਿੱਚ ਇਹ ਉੱਭਰ ਰਹੀ ਨਵੀਂ ਜਮਾਤ ਬਹੁਤ ਖ਼ਤਰਨਾਕ ਫੈਸਲਾਕੁੰਨ ਭੂਮਿਕਾ ਨਿਭਾ ਰਹੀ ਹੈ। ਰਾਜਨੀਤੀ ਦੇ ਇਸ ਨਾਪਾਕ ਗੱਠਜੋੜ ਤੋਂ ਬਿਹਤਰੀ ਦੀ ਆਸ ਨਾਂਹ ਦੇ ਬਰਾਬਰ ਹੈ। ਸੁਖਜੀਤ ਦੇ ਕਹਾਣੀ ਸੰਗ੍ਰਹਿ 'ਹੁਣ ਮੈਂ ਇੰਜੁਆਏ ਕਰਦੀ ਆਂ' ਵਿੱਚੋਂ 'ਪਾਤਸ਼ਾਹ' ਕਹਾਣੀ ਵਿੱਚ ਵੀ ਡੇਰੇ ਦੇ ਸੰਪਰਕ ਵਿੱਚ ਆਏ ਬਾਪੂ ਅਮਰ ਸਿੰਘ, ਮਾਸਟਰ ਅਜੈਬ ਸਿੰਘ ਅਤੇ ਸੁਖਵਿੰਦਰ ਦੀ ਸੋਚਣੀ ਅਤੇ ਵਿਵਹਾਰ ਇਸ ਕਦਰ ਪ੍ਰਭਾਵਿਤ ਹੁੰਦੇ ਹਨ ਕਿ ਇਸ ਪ੍ਰਭਾਵ ਦੀ ਪ੍ਰਕਿਰਤੀ ਤੋਂ ਹੀ ਡੇਰੇ ਦਾ ਸੱਭਿਆਚਾਰਕ ਰੂਪਾਂਤਰਨ ਰਾਜਨੀਤਿਕ ਪੱਖ ਤੋਂ ਸਪੱਸ਼ਟ ਹੋਣ ਲੱਗ ਪੈਂਦਾ ਹੈ। ਬਾਪੂ ਅਮਰ ਸਿੰਘ ਮਨਮਰਜ਼ੀ ਨਾਲ ਜਿੱਥੇ ਡੇਰੇ ਨਾਲ ਜੁੜ੍ਹਦਾ ਹੈ, ਉੱਥੇ ਅਜੈਬ ਸਿੰਘ ਤੇ ਸੁਖਵਿੰਦਰ ਮਜਬੂਰੀ ਵੱਸ ਇਸਦੇ ਸੰਪਰਕ ਵਿੱਚ ਆਉਂਦੇ ਹਨ। ਬਾਪੂ ਅਮਰ ਸਿੰਘ ਉਸ ਭੋਲੀ-ਭਾਲੀ ਜਨਤਾ ਦੀ ਸਾਧਾਰਨ ਸਥਿਤੀ-ਪ੍ਰਸਥਿਤੀ ਦਾ ਪ੍ਰਗਟਾਵਾ ਕਰਦਾ ਹੈ ਜਿਸਨੂੰ ਢੌਂਗੀ ਬਾਬਿਆਂ ਵੱਲੋਂ ਬਹੁਤ ਆਸਾਨੀ ਨਾਲ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਗੁਲਾਮ ਬਣਾਇਆ ਜਾਂਦਾ ਹੈ। ਇਸ ਸਾਧਾਰਨ ਜਨ-ਸਾਧਾਰਨ ਲੋਕਾਈ ਉੱਤੇ ਆਪਣੇ ਆਪ ਨੂੰ ਪਾਤਸ਼ਾਹ ਅਖਵਾਉਣ ਵਾਲੇ ਕਪਟੀ ਬਾਬਿਆਂ ਦੀ ਬਾਹਰੀ ਦਿੱਖ (ਪਹਿਰਾਵਾ), ਅਲੰਕਾਰਕ ਸ਼ਬਦਾਵਲੀ, ਇੱਕ ਖ਼ਾਸ ਕਿਸਮ ਦਾ

ਮਾਹੌਲ (ਜੋ ਵਿਸ਼ੇਸ਼ ਕਿਸਮ ਦਾ ਦੈਵੀ ਪ੍ਰਭਾਵ ਸਿਰਜਦਾ ਹੈ) ਬੜੀ ਆਸਾਨੀ ਨਾਲ ਆਪਣਾ ਰਾਜਨੀਤਿਕ ਪੱਖ ਵਜੋਂ ਸੱਭਿਆਚਾਰ ਪ੍ਰਭਾਵ ਪਾ ਲੈਂਦਾ ਹੈ। ਬਾਪੂ ਅਮਰ ਸਿੰਘ ਇਸੇ ਪ੍ਰਭਾਵ ਅਧੀਨ ਆਪਣਾ ਪ੍ਰਲੋਕ ਸਵਾਰਨ ਲਈ ਡੇਰੇ ਵਿੱਚ ਪਾਤਸ਼ਾਹ ਦੇ ਚਰਨੀ ਆ ਲੱਗਾ ਸੀ। ਇਸ ਸੋਝੀ ਤੋਂ ਬਿਲਕੁਲ ਵਿਹੂਣਾ ਕਿ ਡੇਰੇ ਵਿੱਚ ਜਿਸ ਪਾਤਸ਼ਾਹ ਦੇ ਲੜ੍ਹ ਲੱਗ ਉਹ ਆਪਣੇ ਆਪ ਨੂੰ ਮੋਹ ਮਾਇਆ ਤੋਂ ਮੁਕਤ ਹੋ ਗਿਆ ਮੰਨਦਾ ਹੈ, ਉਹ ਪਾਤਸ਼ਾਹ ਤਾਂ ਖੁਦ ਮਾਇਆ ਦੇ ਮੋਹ ਵਿੱਚ ਪੂਰੀ ਤਰ੍ਹਾਂ ਵਿਲੀਨ ਹੋਇਆ ਪਿਆ ਹੈ। ਮਾਸਟਰ ਅਜੈਬ ਸਿੰਘ ਅਤੇ ਸੁਖਵਿੰਦਰ ਉਸ ਪੜ੍ਹੇ-ਲਿਖੇ ਸੱਭਿਆਚਾਰ ਦੀ ਪ੍ਰਤੀਨਿਧਤਾ ਕਰ ਰਹੇ ਹਨ ਜੋ ਇਹਨਾਂ ਡੇਰਿਆਂ ਦੀ ਚਾਰਦੀਵਾਰੀ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਪਨਪ ਰਹੀਆਂ ਬੁਰਾਈਆਂ ਤੋਂ ਜਾਣੂ ਹਨ। ਉਹ ਇਸ ਪੱਖੋਂ ਸੁਚੇਤ ਹਨ ਕਿ ਕਿਵੇਂ ਇਹਨਾਂ ਵਿੱਚਲੇ ਛੋਟੇ-ਵੱਡੇ ਕਪਟੀ ਪਾਤਸ਼ਾਹ ਰੂਹਾਨੀ ਸੰਦੇਸ਼ਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਕੇ ਆਪਣੇ ਘਟੀਆਂ ਮੰਤਵਾਂ ਦੀ ਪੂਰਤੀ ਕਰਦੇ ਹਨ, ਕਿ ਕਿਵੇਂ ਇਹਨਾਂ ਡੇਰਿਆਂ ਦੀ ਚਾਰ ਦੀਵਾਰੀ ਵਿੱਚ ਹਰ ਤਰ੍ਹਾਂ ਨਾਲ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਹੋ ਰਿਹਾ ਹੈ? ਇਸੇ ਲਈ ਇਹ ਡੇਰੇ ਤੋਂ ਵਿੱਥ ਥਾਪਣ ਵਿੱਚ ਹੀ ਆਪਣੀ ਭਲਾਈ ਸਮਝਦੇ ਹਨ। ਸੁਖਵਿੰਦਰ ਅਤੇ ਅਜੈਬ ਸਿੰਘ ਦਾ ਡੇਰੇ ਨਾਲ ਸੰਪਰਕ ਮਜਬੂਰੀ ਵੱਸ ਬਣਦਾ ਹੈ। ਸੁਖਵਿੰਦਰ ਆਪਣੇ ਨਾਲ ਹੋਏ ਧੱਕੇ ਵਿਰੁੱਧ ਰਾਜਨੀਤਕ ਸਭਾ ਤੇ ਡੇਰੇ ਦੀ ਗੰਢ ਤੁਪ ਹੋਣ ਕਾਰਨ ਕੁਝ ਨਹੀਂ ਕਰ ਪਾਉਂਦਾ, *ਪਰੰਤੂ ਮੈਂ ਹੁਣ ਇੰਜੁਆਏ ਕਰਦੀ ਆਂ* ਕਹਾਣੀ ਸੰਗ੍ਰਹਿ ਦੀ ਕਹਾਣੀ ਪਾਤਸ਼ਾਹ ਵਿੱਚ ਅਜੈਬ ਸਿੰਘ ਦਾ ਪਾਤਸ਼ਾਹ ਖ਼ਿਲਾਫ਼ ਖੜ੍ਹੇ ਹੋਣਾ ਅਤੇ ਸੱਭਿਆਚਾਰਕ ਰੂਪਾਂਤਰਨ ਦੀ ਭ੍ਰਿਸ਼ਟ ਰਾਜਨੀਤਿਕ ਸੋਚ ਬਾਰੇ ਜਾਣ ਲੈਣਾ। ਜਿਵੇਂ ਕਿ:

> ਬਾਬਾ ਦਿਆ ਸਿੰਘ ਦੇ ਨਰਮ ਬੋਲਾਂ ਅਤੇ ਕਮਰੇ ਅੰਦਰਲੇ ਵਾਤਾਵਰਨ ਨੇ ਅਜੈਬ ਸਿੰਘ ਉੱਤੇ ਸੁਖ ਆਨੰਦ ਦੀ ਚਾਦਰ ਜਿਹੀ ਤਾਣ ਦਿੱਤੀ ਸੀ, ਬੇਹੋਸ਼ੀ ਵਰਗੀ। ਜਿਸਨੇ ਉਸਨੂੰ ਬਹੁਤ ਕੁਝ ਭੁਲਾ ਦਿੱਤਾ ਸੀ। ਉਹ ਇੰਨਾ ਮੋਹਿਆ ਗਿਆ ਸੀ ਜੇ ਇਸ ਹਾਲਤ ਵਿੱਚ ਬਾਬਾ ਦਿਆ ਸਿੰਘ ਉਸਨੂੰ ਜ਼ਮੀਨ ਅਤੇ ਬਾਪੂ ਦਾ ਖ਼ਿਆਲ ਛੱਡਣ ਲਈ ਆਖਦਾ ਤਾਂ ਉਹ ਝੱਟ ਹਾਂ ਕਰ ਦਿੰਦਾ। ਸ਼ਾਇਦ ਉਸਦੇ ਬਾਪੂ ਨਾਲ ਵੀ ਇੰਝ ਹੀ ਹੋਇਆ ਸੀ। ਇਸ ਕਮਰੇ ਦੇ ਵਾਤਾਵਰਨ ਨੇ ਉਨ੍ਹਾਂ ਵਰਗੇ

ਕਿੰਨਿਆਂ ਨੂੰ ਲੁੱਟਿਆ ਤੇ ਠੱਗਿਆ ਸੀ।(103,104)

ਸੁਖਜੀਤ ਦੀ 'ਪਾਤਸ਼ਾਹ' ਨਾਂ ਦੀ ਕਹਾਣੀ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਡੇਰਾਵਾਦੀ ਕਲਚਰ ਅਧੀਨ ਧਰਮ ਦੇ ਨਾਂ ਉੱਤੇ ਹੋ ਰਹੇ ਕੁਕਰਮਾਂ, ਆਰਥਿਕ ਲੁੱਟ-ਖਸੁੱਟ ਜਿਸਮਾਨੀ ਸ਼ੋਸ਼ਣ ਅਤੇ ਅਮਾਨਵੀ ਵਤੀਰੇ ਦਾ ਮਾੜੇ ਪੱਖ ਵਜੋਂ ਚਿਤਰਨ ਕਰਦੀ ਹੈ। ਵਿਸ਼ਵੀਕਰਨ ਦੇ ਦੌਰ ਵਿੱਚ ਤਰਕ ਵਿਗਿਆਨ ਅਤੇ ਤਕਨਾਲੋਜੀ ਦੇ ਪ੍ਰਸਾਰ ਦੇ ਬਾਵਜੂਦ ਅੰਧ-ਵਿਸ਼ਵਾਸ ਵਿੱਚ ਗਰੱਸੀ ਲੋਕ ਮਾਨਸਿਕਤਾ ਡੇਰਾਵਾਦ ਨੂੰ ਫੈਲਾਅ ਰਹੀ ਹੈ। ਧਰਮ ਦੇ ਨਾਂ ਉੱਤੇ ਅਡੰਬਰ ਰਚ ਕੇ ਪਾਖੰਡੀ ਲੋਕਾਂ ਦੁਆਰਾ ਜਿੱਥੇ ਨਵੀਂ ਕਿਸਮ ਦੇ ਧਾਰਮਿਕ ਮੁੱਲਾਂ ਦੀ ਉਸਾਰੀ ਕੀਤੀ ਜਾ ਰਹੀ ਹੈ, ਉੱਥੇ ਨੈਤਿਕ ਆਦਰਸ਼ਾਂ ਦਾ ਪਤਨ ਕਰਕੇ ਲੋਕਾਈ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਡੇਰਾਵਾਦ ਕਲਚਰ ਅਧੀਨ ਲੋਕਾਂ ਦਾ ਮਾਨਸਿਕ ਅਤੇ ਸਰੀਰਕ ਸ਼ੋਸ਼ਣ ਧਰਮ ਵਿੱਚ ਆ ਰਹੇ ਪਰਿਵਰਤਨ ਅਤੇ ਬਦਲ ਰਹੇ ਮੁੱਲਾਂ ਦੀ ਨਿਸ਼ਾਨਦੇਹੀ ਹੈ। ਇਸ ਕਹਾਣੀ ਵਿੱਚ ਪਾਤਸ਼ਾਹ ਬਣੇ ਵੱਖ-ਵੱਖ ਲੋਕ ਕੁਟਿਲ ਨੀਤੀਆਂ ਅਪਣਾ ਕੇ ਐਸ਼ੋ-ਆਰਾਮ ਭਰਿਆ ਜੀਵਨ ਬਤੀਤ ਕਰਦੇ ਹਨ। ਕਹਾਣੀ ਦੇ ਮੁੱਖ ਪਾਤਰ ਅਜੈਬ ਸਿੰਘ ਦਾ ਪਿਉ ਅਮਰ ਸਿੰਘ ਆਪਣੀ ਅੰਨ੍ਹੀ ਸ਼ਰਧਾ ਅਤੇ ਆਸਥਾ ਕਾਰਨ ਆਪਣੀ ਜ਼ਮੀਨ ਡੇਰੇ ਨੂੰ ਦਾਨ ਕਰਦਾ ਹੈ। ਜਿਸ ਕਰਕੇ ਉਸਦਾ ਪੜ੍ਹਿਆ ਲਿਖਿਆ ਮਾਸਟਰ ਲੱਗਾ ਹੋਇਆ ਪੁੱਤਰ ਅਜੈਬ ਸਿੰਘ ਆਰਥਿਕ ਅਤੇ ਮਾਨਸਿਕ ਤੌਰ 'ਤੇ ਅਸਹਿ ਪੀੜਾ ਦਾ ਸ਼ਿਕਾਰ ਹੋ ਜਾਂਦਾ ਹੈ। ਪੰਜਾਬ ਵਿੱਚ ਖੁੰਭਾਂ ਵਾਂਗ ਉੱਗੇ ਧਾਰਮਿਕ ਡੇਰਿਆਂ ਦੇ ਸੰਤਾਂ ਦੀਆਂ ਗੈਬੀ ਸ਼ਕਤੀਆਂ ਅਤੇ ਭਰਮਾਊ ਗੱਲਾਂ ਵਿੱਚ ਆਇਆ ਆਮ ਮਨੁੱਖ ਜਿੱਥੇ ਸ਼ਰਧਾ ਵੱਸ ਆਰਥਿਕ ਤੌਰ 'ਤੇ ਕੰਮਜ਼ੋਰ ਹੋ ਰਿਹਾ ਉੱਥੇ ਮਾਨਸਿਕ ਪੀੜਾ ਦਾ ਸ਼ਿਕਾਰ ਵੀ ਹੁੰਦਾ ਹੈ। ਲੋਕਾਂ ਨੂੰ ਲੁੱਟਣ ਵਾਲੇ ਅਜਿਹੇ ਪਾਤਸ਼ਾਹ ਬਣੇ ਪਾਖੰਡੀ ਸਾਧਾਂ ਬਾਰੇ ਆਮ ਲੋਕ ਇੱਕ ਵੀ ਮਾੜਾ ਸ਼ਬਦ ਬੋਲਣ ਤੇ ਸੁਣਨ ਤੋਂ ਗੁਰੇਜ਼ ਕਰਦੇ ਹਨ। ਧਰਮ ਦੀ ਆੜ ਹੇਠ ਸੰਗਮਰਮਰਾਂ ਦੀਆਂ ਇਮਾਰਤਾਂ ਅੰਦਰ ਹੋ ਰਹੇ ਕਾਲੇ ਕਾਰਨਾਮਿਆਂ ਅਤੇ ਅਖੌਤੀ ਬਾਬਿਆਂ ਦੀਆਂ ਕਾਲੀਆਂ ਕਰਤੂਤਾਂ, ਮਨਘੜਤ ਮਿੱਥਾਂ, ਦਾਨਪੁੰਨ, ਤਪੱਸਿਆ ਆਦਿ ਦੇ ਨਾਂ 'ਤੇ ਹੋ ਰਹੇ ਆਮ ਲੋਕਾਂ ਦੇ ਸ਼ੋਸ਼ਣ ਅਤੇ ਲੁੱਟ ਨੂੰ ਕਹਾਣੀ ਵਿੱਚ ਪੇਸ਼ ਕੀਤਾ ਗਿਆ ਹੈ। ਮਾਸਟਰ ਅਜੈਬ ਸਿੰਘ ਜਦੋਂ ਆਪਣੇ ਪਿਤਾ ਦੁਆਰਾ ਡੇਰੇ ਦੇ ਨਾਂ

ਲਵਾਈ ਅੱਠ ਕਿੱਲੇ ਜ਼ਮੀਨ ਦੀ ਪੁੱਛ-ਪੜਤਾਲ ਕਰਨ ਲਈ ਡੇਰੇ ਅੰਦਰ ਜਾਂਦਾ ਹੈ ਤਾਂ ਉਹ ਹੈਰਾਨ ਰਹਿ ਜਾਂਦਾ ਹੈ ਕਿ ਡੇਰੇ ਅੰਦਰ ਵਿਹਲੜ ਲੋਕ ਕਿਸ ਤਰ੍ਹਾਂ ਐਸ਼ੋ-ਆਰਾਮ ਭਰਿਆ ਜੀਵਨ ਬਤੀਤ ਕਰਦੇ ਹਨ। ਕਹਾਣੀ ਵਿੱਚ ਅਜੈਬ ਸਿੰਘ ਦੁਆਰਾ ਲੋਕਾਂ ਦੀ ਕਿਰਤ ਕਮਾਈ ਦੀ ਲੁੱਟ ਅਤੇ ਡੇਰੇ ਅੰਦਰਲੇ ਵਾਤਾਵਰਨ ਦਾ ਕੀਤਾ ਗਿਆ ਖੁਲਾਸਾ ਅਜਿਹੇ ਵਿਹਲੜ ਸਾਧਾਂ ਦੀ ਅਸਲ ਮਾਨਸਿਕਤਾ ਅਤੇ ਮਕਸਦ ਦਾ ਪ੍ਰਗਟਾਵਾ ਕਰਦਾ ਹੈ। ਲੋਕਾਂ ਨੂੰ ਮੋਹ ਮਾਇਆ ਤੋਂ ਨਿਰਲੇਪ ਰਹਿਣ ਦੀ ਸਿੱਖਿਆ ਦੇਣ ਵਾਲੇ ਇਹ ਸਾਧ ਆਪ ਕਿਵੇਂ ਮਾਇਆ ਵਿੱਚ ਗ੍ਰੱਸੇ ਹੋਏ ਹਨ। ਆਪਣੀਆਂ ਕਾਲੀਆਂ ਕਰਤੂਤਾਂ 'ਤੇ ਪਰਦਾ ਪਾਉਣ ਲਈ ਅਖੌਤੀ ਬਾਬੇ ਵੋਟਾਂ ਰਾਹੀਂ ਰਾਜਸੀ ਸ਼ਕਤੀ ਨੂੰ ਆਪਣੀ ਜੇਬ ਵਿੱਚ ਪਾਈ ਫਿਰਦੇ ਹਨ। ਇਸੇ ਲਈ ਰਾਜਸੀ ਅਤੇ ਪ੍ਰਸ਼ਾਸਨਿਕ ਪ੍ਰਬੰਧ ਅਜਿਹੇ ਲੋਕਾਂ ਦੀਆਂ ਕਾਲੀਆਂ ਕਰਤੂਤਾਂ ਨੂੰ ਕੰਟਰੋਲ ਕਰਨ ਦੀ ਬਜਾਏ ਇਹਨਾਂ ਨੂੰ ਹੀ ਸ਼ਹਿ ਦਿੰਦੇ ਹਨ। ਧਰਮ ਦੇ ਨਾਂ 'ਤੇ ਅਧਰਮ ਫੈਲਾਉਂਦੇ ਹਨ। ਲੋਕਾਂ ਨੂੰ ਮੌਤ ਦੇ ਭੈਅ ਤੋਂ ਮੁਕਤ ਕਰਨ ਵਾਲੇ ਅਜਿਹੇ ਸਾਧ ਆਪਣੀ ਸੁਰੱਖਿਆ ਲਈ ਅਨੇਕਾਂ ਗੰਨਮੈਨਾਂ ਦੀ ਵਰਤੋਂ ਕਰਦੇ ਹਨ। ਪਾਖੰਡਵਾਦ ਹੇਠ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦੇ ਇਹ ਲੋਕ ਕਿਸੇ ਵੀ ਕਨੂੰਨ ਦੇ ਘੇਰੇ ਵਿੱਚ ਨਹੀਂ ਆਉਂਦੇ। ਕਿਉਂਕਿ ਕਾਨੂੰਨ ਬਣਾਉਣ ਅਤੇ ਇਹਨਾਂ ਨੂੰ ਲਾਗੂ ਕਰਨ ਵਾਲੇ ਖੁਦ ਇਹਨਾਂ ਦੀ ਪੈਦਾਵਾਰ ਹਨ। ਅਜੈਬ ਸਿੰਘ ਆਪਣੀ ਜ਼ਮੀਨ ਬਚਾਉਣ ਲਈ ਡੇਰੇ ਦੇ ਪਾਤਸ਼ਾਹ ਅੱਗੇ ਅਰਜੋਈ ਕਰਨ ਲਈ ਜਾਂਦਾ ਹੈ। ਉਸਨੂੰ ਪਤਾ ਹੈ ਕਿ ਪਾਤਸ਼ਾਹ ਤੋਂ ਬਿਨਾਂ ਕੁਝ ਵੀ ਸੰਭਵ ਨਹੀਂ। ਇਲਾਕੇ ਦਾ ਐੱਮ.ਪੀ. ਆ ਕੇ ਪਾਤਸ਼ਾਹ ਦੇ ਚਰਨੀ ਪੈਂਦਾ ਹੈ। ਅਜੈਬ ਸਿੰਘ ਇਸ ਸਭ ਦਾ ਕਸੂਰਵਾਰ ਆਪਣੇ ਅਨਪੜ੍ਹ ਪਿਉ ਨੂੰ ਮੰਨਦਾ ਹੈ ਕਿਉਂਕਿ ਉਸਦੀ ਅੰਨ੍ਹੀ ਸ਼ਰਧਾ ਨੇ ਪਰਿਵਾਰ ਨੂੰ ਕੰਗਾਲ ਕਰਨ ਦੀ ਸਥਿਤੀ ਵਿੱਚ ਲੈ ਆਂਦਾ ਸੀ। ਡੇਰਾ ਕਲਚਰ ਧਰਮ ਦੇ ਨਾਂ ਉੱਤੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਤੋਂ ਇਲਾਵਾ ਲੋਕਤੰਤਰੀ ਪ੍ਰਣਾਲੀ ਦਾ ਨਜਾਇਜ਼ ਫ਼ਾਇਦਾ ਉਠਾਉਂਦਾ ਹੋਇਆ ਰਾਜਨੀਤਿਕ ਸ਼ਕਤੀਆਂ ਨੂੰ ਵੀ ਆਪਣੇ ਅਨੁਕੂਲ ਵਰਤਦਾ ਹੈ। ਸੁਖਵਿੰਦਰ ਵੀ ਅਜਿਹੇ ਸ਼ੋਸ਼ਣ ਦਾ ਸ਼ਿਕਾਰ ਪਾਤਰ ਹੈ ਜੋ ਕਿਸੇ ਸਮੇਂ ਮਾਸਟਰ ਅਜੈਬ ਸਿੰਘ ਦਾ ਵਿਦਿਆਰਥੀ ਸੀ। ਆਪਣਾ ਦੁੱਖ ਮਾਸਟਰ ਨਾਲ ਸਾਂਝਾ ਕਰਦਾ ਉਹ ਦੱਸਦਾ ਹੈ ਕਿ ਉਹਨਾਂ ਦੀ ਜ਼ਮੀਨ ਵੀ ਡੇਰੇ ਦੇ ਨਾਲ ਲੱਗਦੀ ਸੀ। ਜਿਸ

ਉੱਪਰ ਡੇਰੇ ਵਾਲਿਆਂ ਨੇ ਧੱਕੇ ਨਾਲ ਕਬਜ਼ਾ ਕਰ ਲਿਆ। ਆਪਣੀ ਜ਼ਮੀਨ ਨੂੰ ਛੁਡਾਉਣ ਲਈ ਉਹ ਉਸਦੀ ਮਾਂ ਅਤੇ ਛੋਟਾ ਭਰਾ ਪਾਤਸ਼ਾਹ ਦੀ ਮਿਹਰ ਦੀ ਉਡੀਕ ਵਿੱਚ ਹਨ ਕਿ ਕਦੋਂ ਉਹਨਾਂ ਨੂੰ ਜ਼ਮੀਨ ਵਾਪਸ ਮਿਲੇਗੀ। ਉਹ ਮਾਸਟਰ ਅਜੈਬ ਸਿੰਘ ਨੂੰ ਦੱਸਦਾ ਕਿ ਉਹ ਡੇਰੇ ਦੀ ਪ੍ਰੈੱਸ ਵਿੱਚ ਕੰਮ ਕਰਦਾ ਹੈ। ਡੇਰੇ ਅੰਦਰ ਹੁੰਦੇ ਕਾਲੇ ਕਾਰਨਾਮਿਆਂ ਨੂੰ ਪਰਦੇ ਪਾ ਕੇ ਪੇਸ਼ ਕਰਦਾ ਹੈ। ਇਹ ਹੀ ਉਸਦੀ ਰੋਜ਼ੀ-ਰੋਟੀ ਦਾ ਵਸੀਲਾ ਹੈ। ਆਪਣੀ ਦੁਖਾਂਤ ਭਰੀ ਵਿਥਿਆ ਸੁਣਾਉਂਦਾ ਸੁਖਵਿੰਦਰ ਦੱਸਦਾ ਹੈ:

> ਪੂਲ ਬੰਨਦੈ ਸਰ ਇਹਨਾਂ ਦੇ ਪ੍ਰੈਸ 'ਚ ਤੇ ਇਨ੍ਹਾਂ ਦੀਆਂ ਕਰਤੂਤਾਂ ਤੇ ਪਰਦੇ ਪਾਉਨਾਂ, ਝੂਠ ਦਾ ਸੱਚ ਤੇ ਸੱਚ ਦਾ ਝੂਠ ਬਣਾਈ ਜਾਨਾ।" ਸਾਡੀ ਪੰਜ ਕਿਲੇ ਜ਼ਮੀਨ ਸੀ ਸਰ ਇਥੇ, ਡੇਰੇ ਨਾਲ ਲਗਦੀ ਕਹਿੰਦੇ ਕਈ ਸਾਲ ਪਹਿਲਾਂ ਡੇਰੇ ਵਿੱਚ ਰਲਾ ਲਈ ਸੀ ਇਨ੍ਹਾਂ। ਕਹਿੰਦੇ ਦੀ ਬੇਟ ਵਿੱਚ ਦੁੱਗਣੀ ਦੇ ਦਿਆਂਗੇ ਮੇਰਾ ਬਾਪੂ ਸਰ ਬੇਟ ਦੀ ਤਿਆਰੀ ਕਰਦਾ ਹੀ ਪੂਰਾ ਹੋ ਗਿਆ ਬੇਬੇ ਮੇਰੀ ਲੰਗਰ 'ਚ ਸੇਵਾ ਕਰਦੀ ਐ ਭਰਾ ਮੇਰਾ ਛੋਟਾ ਇੱਕ ਡੇਰੇ 'ਚ ਖੇਤੀ ਕਰਦੈ ਇਨ੍ਹਾਂ ਦੀ ਇੱਕ ਇਨ੍ਹਾਂ ਦੇ ਡੰਗਰ ਸਾਂਭਦੈ।(107)

ਇਹ ਕਹਾਣੀ ਸੱਭਿਆਚਾਰਕ ਰੂਪਾਂਤਰਨ ਤੋਂ ਪੰਜਾਬ ਦੀ ਧਰਤੀ ਉਪਰ ਪਰਿਵਰਤਨ ਵਜੋਂ ਧਰਮ ਦੇ ਨਾਂ 'ਤੇ ਹੋ ਰਹੀ ਰਾਜਨੀਤੀ, ਅਧਿਆਤਮਕ ਆਦਰਸ਼ਾਂ ਦੇ ਪਤਨ ਅਤੇ ਸਿਆਸਤ ਦੇ ਧਰਮ ਵਿੱਚ ਪ੍ਰਵੇਸ਼ ਕਾਰਨ ਉਪਜਦੇ ਸੱਭਿਆਚਾਰਕ, ਆਧੁਨਿਕ ਤੇ ਨੈਤਿਕ ਸੰਕਟਾਂ ਨੂੰ ਮਾੜੇ ਪੱਖ ਵਜੋਂ ਚਿਤਰਦੀ ਹੈ। ਕਹਾਣੀ ਦੇ ਬਿਰਤਾਂਤੀ ਸੰਗਠਨ ਦੁਆਰਾ 'ਪਾਤਸ਼ਾਹਾਂ' ਦੇ ਅਡੰਬਰਾਂ, ਭੇਖਾਂ ਅਤੇ ਚਰਿੱਤਰ ਦਾ ਪਰਦਾਫਾਸ਼ ਕੀਤਾ ਗਿਆ ਹੈ। ਧਰਮ ਦੇ ਨਾਂ ਉੱਤੇ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਨੂੰ ਦਰਸਾਇਆ ਗਿਆ ਹੈ। ਇਸ ਕਹਾਣੀ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਮਨੁੱਖ ਤੋਂ ਪਰਿਵਰਤਨ ਹੋਏ ਪਾਤਸ਼ਾਹ ਵੱਖ-ਵੱਖ ਲੋਕ ਕੁਟਿਲ ਨੀਤੀਆਂ ਅਪਣਾ ਕੇ ਐਸ਼ੋ-ਆਰਾਮ ਭਰਿਆ ਜੀਵਨ ਬਤੀਤ ਕਰਦੇ ਹਨ। ਕਹਾਣੀ ਦੇ ਮੁੱਖ ਪਾਤਰ ਅਜੈਬ ਸਿੰਘ ਦਾ ਪਿਉ ਅਮਰ ਸਿੰਘ ਆਪਣੀ ਅੰਨ੍ਹੀ ਸ਼ਰਧਾ ਅਤੇ ਆਸਥਾ ਕਾਰਨ ਆਪਣੀ ਜ਼ਮੀਨ ਡੇਰੇ ਨੂੰ ਦਾਨ ਕਰਦਾ ਹੈ। ਜਿਸ ਕਰਕੇ ਉਸਦਾ ਪੜ੍ਹਿਆ ਲਿਖਿਆ ਮਾਸਟਰ ਲੱਗਾ ਹੋਇਆ ਪੁੱਤਰ

ਅਜੈਬ ਸਿੰਘ ਆਰਥਿਕ ਅਤੇ ਮਾਨਸਿਕ ਤੌਰ 'ਤੇ ਅਸਹਿ ਪੀੜਾ ਦਾ ਸ਼ਿਕਾਰ ਹੋ ਜਾਂਦਾ ਹੈ। ਪੰਜਾਬ ਵਿੱਚ ਖੁੰਭਾਂ ਵਾਂਗ ਉੱਗੇ ਧਾਰਮਿਕ ਡੇਰਿਆਂ ਦੇ ਸੰਤਾਂ ਦੀਆਂ ਗੈਬੀ ਸ਼ਕਤੀਆਂ ਅਤੇ ਭਰਮਾਊ ਗੱਲਾਂ ਵਿੱਚ ਪਰਿਵਰਤਿਤ ਹੋਇਆ ਆਮ ਮਨੁੱਖ ਜਿੱਥੇ ਸ਼ਰਧਾ ਵੱਸ ਆਰਥਿਕ ਤੌਰ 'ਤੇ ਕੰਮਜ਼ੋਰ ਹੋ ਰਿਹਾ, ਉੱਥੇ ਮਾਨਸਿਕ ਪੀੜਾ ਦਾ ਸ਼ਿਕਾਰ ਵੀ ਹੁੰਦਾ ਹੈ। ਲੋਕਾਂ ਨੂੰ ਲੁੱਟਣ ਵਾਲੇ ਅਜਿਹੇ ਪਾਤਸ਼ਾਹ ਬਣੇ ਪਾਖੰਡੀ ਸਾਧਾਂ ਬਾਰੇ ਆਮ ਲੋਕ ਇੱਕ ਵੀ ਮਾੜਾ ਸ਼ਬਦ ਬੋਲਣ ਤੇ ਸੁਣਨ ਤੋਂ ਗੁਰੇਜ਼ ਕਰਦੇ ਹਨ। ਜਿਵੇਂ:

> ਪਾਤਸ਼ਾਹ ਦੀ ਪੂਰੀ ਦਹਿਸ਼ਤ ਸੀ ਇਸ ਇਲਾਕੇ ਵਿੱਚ, ਪਤਾ ਨਹੀਂ ਕਿੰਨੀਆਂ ਮਿੱਥਾਂ ਤੇ ਅਫਵਾਹਾਂ ਫੈਲਾ ਦਿੱਤੀਆਂ ਸਨ ਉਸ ਬਾਰੇ ਉਸ ਦੇ ਸ਼ਰਧਾਲੂਆਂ ਨੇ ਕਿ ਉਸਦੇ ਵੱਲ ਸਿੱਧਾ ਨਹੀਂ ਵੇਖ ਸਕਦਾ ਕੋਈ। ਵੱਡੇ ਵੱਡੇ ਨਾਢੂ ਖਾਂ ਸਾਹਵੇਂ ਹੁੰਦਿਆਂ ਈ ਚਰਨਾਂ ਤੇ ਢਹਿ ਪੈਂਦੇ ਨੇ ਕਿ ਜੇ ਕਿਸੇ ਤੇ ਮਿਹਰ ਦੀ ਨਿਗ੍ਹਾ ਕਰ ਦੇਵੇ, ਖੁਸ਼ੀਆਂ ਬਖਸ਼ ਦੇਵੇ ਤਾਂ ਵਾਰੇ ਨਿਆਰੇ ਸੱਤੇ ਕੁੱਲ੍ਹਾਂ ਤਰ ਜਾਂਦੀਆਂ ਨੇ ਜੇ ਰੱਬ ਨਾ ਕਰੇ ਕਿਤੇ ਕ੍ਰੋਧ ਆ ਜਾਵੇ ਭਸਮ ਬੱਸ ਸਭ ਖਤਮ ਹੋ ਜਾਂਦੈ।(99-100)

ਇਸ ਤਰ੍ਹਾਂ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਅਜੈਬ ਸਿੰਘ ਦੇ ਆਖੇ ਤੋਂ ਪਾਤਸ਼ਾਹ ਦੇ ਅਸਤਿਤਵ ਸੰਬੰਧੀ ਸੱਚ ਨਸ਼ਰ ਹੁੰਦਾ ਹੈ ਕਿ ਅਜਿਹੇ ਦੰਭੀਆਂ ਨੂੰ ਪਾਤਸ਼ਾਹ ਬਣਾਉਣ ਵਾਲੇ ਉਹ ਭੋਲੇ-ਭਾਲੇ ਲੋਕ ਹੁੰਦੇ ਹਨ ਜੋ ਆਪਣੀ ਅੰਨ੍ਹੀ ਤੇ ਅਥਾਹ ਸ਼ਰਧਾ ਵੱਸ ਆਪਣਾ ਸਭ ਕੁਝ ਇਹਨਾਂ ਤੋਂ ਵਾਰਨ ਲਈ ਤਿਆਰ ਰਹਿੰਦੇ ਹਨ। ਸੁਖਜੀਤ ਨੇ ਬਾਖ਼ੂਬੀ ਢੰਗ ਦੇ ਨਾਲ ਆਪਣੀਆਂ ਕਹਾਣੀਆਂ ‘ਚ ਸਿਆਸਤਦਾਨਾਂ ਅਤੇ ਸਰਕਾਰਾਂ ਦੁਆਰਾ ਆਪਣੇ ਨਿੱਜੀ ਹਿੱਤਾਂ ਅਤੇ ਲਾਭਾਂ ਦੀ ਕਰਕੇ ਉਨ੍ਹਾਂ ਦੁਆਰਾ ਕੀਤੀ ਜਾ ਰਹੀ ਲੁੱਟ ਦਾ ਕਈ ਥਾਂ ‘ਤੇ ਪਰਦਾ ਫਾਸ਼ ਕੀਤਾ ਹੈ ਅਤੇ ਗਾਂ ਦੀ ਖੱਲ ਹੇਠ ਲੁਕੇ ਭੇੜੀਏ ਨੂੰ ਪਾਠਕਾਂ ਦੇ ਸਨਮੁੱਖ ਕੀਤਾ ਹੈ। ਇਸੇ ਤਰ੍ਹਾਂ ਸੁਖਜੀਤ ਦੀ ਰਾਜਨੀਤਿਕ ਪੱਖ ਤੋਂ ਆ ਰਹੇ ਪਰਿਵਰਤਨ ਨਾਲ ਸਬੰਧਿਤ ਇੱਕ ਕਹਾਣੀ ‘ਖਜੂਰਾਂ’ ਜੋ ਕਿ *ਮੈਂ ਅਯਨਘੋਸ਼ ਨਹੀਂ* ਕਹਾਣੀ ਸੰਗ੍ਰਹਿ ਵਿੱਚ ਦਰਜ ਹੈ। ਇਸ ਕਹਾਣੀ ਦੇ ਵਿੱਚ ਕਹਾਣੀਕਾਰ ਨੇ ਬਹੁਤ ਹੀ ਸੂਖਮ ਢੰਗ ਦੇ ਨਾਲ ਉਸ ਪਿੰਡ ਦੇ ਹਾਲਾਤਾਂ ਦੀ ਬਿਆਨਕਾਰੀ ਕੀਤੀ ਹੈ ਜਿੱਥੇ ਆਏ ਦਿਨ ਪਿੰਡ ਦੇ ਨੌਜਵਾਨ ਮੁੰਡਿਆਂ ਦੀ ਨਹਿਰ ਵਿੱਚ ਛਾਲ ਮਾਰਨ ਕਰਕੇ ਮੌਤ ਹੋ ਰਹੀ ਹੈ। ਜਿਉਂ-ਜਿਉਂ ਕਹਾਣੀ

ਅੱਗੇ ਵਧਦੀ ਹੈ ਤਿਉਂ-ਤਿਉਂ ਪਿੰਡ ਦੇ ਨੌਜਵਾਨ ਮੁੰਡਿਆਂ ਦੀ ਮੌਤ ਦਰ ਵੀ ਅੱਗੇ ਵਧਦੀ ਜਾਂਦੀ ਹੈ। ਕਹਾਣੀ ਦੇ ਅੰਤ ਦੇ ਵਿੱਚ ਜਾ ਕੇ ਇਨ੍ਹਾਂ ਮੁੰਡਿਆਂ ਦੁਆਰਾ ਆਤਮ ਹੱਤਿਆ ਕਰਨ ਦਾ ਅਸਲ ਕਾਰਨ ਜੋ ਕਿ ਚਿੱਟੇ ਦਾ ਨਸ਼ਾ ਕਰਨਾ ਸੀ, ਬਾਰੇ ਪਤਾ ਲੱਗਦਾ ਹੈ। ਕਹਾਣੀਕਾਰ, ਕਹਾਣੀ ਦੇ ਅੰਤ ਵਿੱਚ ਕਹਾਣੀ ਦੇ ਪਾਤਰ ਖ਼ਾਲਸੇ ਦੁਬਾਰਾ 'ਕੁੱਤੀ ਚੋਰਾਂ ਨਾਲ ਰਲੀ ਹੋਈ ਹੈ' ਗੱਲ ਕਹਾਉਣ 'ਤੇ ਸਰਕਾਰਾਂ ਅਤੇ ਸਿਆਸਤਦਾਨਾਂ ਦੇ ਮੁਖੌਟੇ ਪਿੱਛੇ ਛਿਪੇ ਹੋਏ ਅਸਲੀ ਕੋਹਜੇ ਚਿਹਰੇ ਦੀ ਝਲਕ ਸਾਹਮਣੇ ਲੈਕੇ ਆਉਂਦਾ ਹੈ ਕਿ ਕਿਸ ਤਰੀਕੇ ਨਾਲ ਸਰਪੰਚ, ਪੁਲੀਸ ਵਾਲੇ ਅਤੇ ਲਾਲ ਬੱਤੀਆਂ ਵਾਲੇ ਮੰਤਰੀ ਆਪਣੇ ਅਸਲ ਕੰਮ ਅਤੇ ਧਰਮ ਤੋਂ ਪਰਾਂ ਹੋ ਨਿੱਜੀ ਲਾਭਾਂ ਦੀ ਕਰਕੇ ਲੋਕਾਂ ਦੀਆਂ ਜਾਨਾਂ ਦੀ ਪਰਵਾਹ ਨਹੀਂ ਕਰਦੇ ਅਤੇ ਪਿੰਡ ਦੇ ਨੌਜਵਾਨ ਮੁੰਡਿਆਂ ਨੂੰ ਮੌਤ ਦੇ ਮੂੰਹ ਪਾਈ ਰਹੇ ਹਨ।

> ਪਿੰਡ ਹਿੱਲ ਗਿਆ ਸੀ, ਚਾਰ ਦਿਨਾਂ 'ਚ ਪੰਜ ਮੌਤਾਂ, ਪੰਜੇ ਗੱਭਰੂ , 20-22 ਸਾਲ ਦੇ ਪਿੰਡ 'ਚ ਸੋਗ ਨਾਲੋਂ ਸਹਿਮ ਵੱਧ ਸੀ। ਅੰਧਾ ਪਿੰਡ ਪੁਲਾਂ 'ਤੇ ਤੇ ਪਹਿਰਾ ਦਿੰਦਾ ਲਾਸ਼ਾਂ ਲੱਭ ਰਿਹਾ ਸੀ ਤੇ ਅੱਧਾ ਜੁਆਨ ਪੁੱਤਾਂ ਦੀ ਰਾਖੀ ਕਰ ਰਿਹਾ ਸੀ। (35)
>
> ਇਨ੍ਹਾਂ ਤਾਂ ਵਿਰੋਧ ਕਰਨਾ ਹੀ ਐ, ਤੋਰੀ ਫੁਲਕਾ ਜੋ ਬੰਦ ਹੁੰਦਾ।'' ਖਾਲਸਾ ਬੋਲਿਆ ਤਾਂ ਕਾਮਰੇਡ ਨੇ ਕਿਹਾ, "ਵਿਰੋਧ ਤਾਂ ਹਾਲੇ ਹੋਣਾ, ਵੱਡੀ ਲੜਾਈ ਤਾਂ ਅਜੇ ਆਪਾਂ ਲੜਨੀ ਆਂ। ਸਭ ਨੇ ਕਾਮਰੇਡ ਵੱਲ ਦੇਖਿਆ। ਉਹ ਕਹਿਣ ਲੱਗਾ, "ਕਿੰਨੇ ਚਿਰ ਤੋਂ ਪਿੰਡ 'ਚ ਰਾਤ ਬਰਾਤੇ ਜਾਂ ਤੜਕੇ ਚੋਰੀ ਛਿਪੇ ਆਉਂਦੇ ਮੋਟਰਸਾਈਕਲਾਂ ਦੇ ਨੰਬਰ ਇੱਕ ਦਿਨ ਮੈਂ ਥਾਣੇ ਦੇ ਆਇਆ। "ਫੇਰ ?? ਕਿਸੇ ਨੇ ਕਾਹਲਾ ਪੈ ਕੇ ਪੁੱਛਿਆ। "ਫੇਰ ਉਹ ਚੋਰੀ ਛਿਪੇ ਦੀ ਥਾਂ ਧੜਲੇ ਨਾਲ ਆਉਣ ਲੱਗ ਪਏ। ਕਾਮਰੇਡ ਦੇ ਬੋਲਾਂ ਚ ਤਪਸ਼ ਸੀ। "ਕੁੱਤੀ ਚੋਰਾਂ ਨਾਲ ਰਲੀ ਹੋਈ ਐ। ਖਾਲਸੇ ਨੇ ਹਰਖ਼ ਨਾਲ ਕਿਹਾ। ਸਾਹਮਣਿਓਂ ਗੋਰਕੀ ਅਤੇ ਦਲਮੇਘ ਨੂੰ ਕਾਹਲੀ ਨਾਲ ਆਉਂਦੇ ਦੇਖ ਸਾਰੇ ਉੱਧਰ ਦੇਖਣ ਲੱਗੇ। "ਲਾਲ ਬੱਤੀ ਵਾਲੀ ਗੱਡੀ ਆਈ ਆ, ਵਿੱਚ ਗੰਨਮੈਨ ਵੀ ਨੇ। ਦਲਮੇਘ ਨੇ ਦੱਸਿਆ। "ਨਾਲ ਇੱਕ ਜੀਪ ਆ, ਉਹਦੇ 'ਚ ਉਹ ਮੁੰਡੇ ਵੀ ਨੇ ਜਿਹੜੇ ਮੋਟਰਸਾਈਕਲਾਂ 'ਤੇ ਸਮਾਨ ਦੇ ਕੇ ਜਾਂਦੇ ਨੇ। ਗੋਰਕੀ ਨੇ ਗੱਲ

ਪੂਰੀ ਕੀਤੀ। "ਮੈਂ ਏਸੇ ਲੜਾਈ ਦੀ ਗੱਲ ਕਰਦਾ ਸੀ।" ਕਾਮਰੇਡ ਨੇ ਕਿਹਾ ਤਾਂ ਸੱਥ ਨੂੰ ਜਿਵੇਂ ਸੱਪ ਸੁੰਘ ਗਿਆ ਪਰ ਖਾਲਸਾ ਬੋਲਿਆ, "ਮੰਤਰੀ ਦੇ ਬੰਦੇ ਨੇ, ਸਾਰਾ ਗੰਦ ਇਨ੍ਹਾਂ ਨੇ ਹੀ ਪਾਇਆ। (42)

ਇਸ ਤਰ੍ਹਾਂ ਵਿਚਾਰ ਉਪਰੋਕਤ ਵਿਚਾਰ ਅਧੀਨ ਸੁਖਜੀਤ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਰਾਜਨੀਤਿਕ ਪੱਖ ਤੋਂ ਡੇਰਿਆਂ ਦੀ ਕਾਰਗੁਜ਼ਾਰੀ, ਔਰਤ-ਮਰਦ ਸੰਬੰਧ ਅਤੇ ਹੋਰ ਰਿਸ਼ਤਾ-ਨਾਤਾ ਪ੍ਰਬੰਧ ਆਦਿ ਨੂੰ ਚੰਗੇ ਤੇ ਮਾੜੇ ਪੱਖਾਂ ਤੋਂ ਨਸ਼ਰ ਕਰਦੀਆਂ ਹਨ। ਇੰਝ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਹੋ ਰਹੀ ਲੁੱਟ-ਖਸੁੱਟ ਮਾਨਵੀ ਸੱਭਿਆਚਾਰ ਵਿੱਚ ਦਿਨ-ਬ-ਦਿਨ ਆ ਰਹੇ ਨਿਘਾਰ ਦਾ ਪ੍ਰਗਟਾਵਾ ਹੈ ਸਪੱਸ਼ਟ ਝਲਕਦਾ ਹੈ।

**2.2. ਸਮਾਜਿਕ ਪੱਖ:** ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਹਰ ਖਿੱਤੇ ਵਿੱਚ ਤਬਦੀਲੀਆਂ ਦਾ ਦੌਰ ਹਮੇਸ਼ਾ ਹੀ ਰਹਿੰਦਾ ਹੈ। ਬਦਲਾਅ ਅਤੇ ਤਰੱਕੀ ਵਿੱਚ ਫ਼ਰਕ ਹੈ। ਬਦਲਾਅ ਪਰਿਵਰਤਨ ਦਾ ਸਮਾਨਾਰਥੀ ਹੈ, ਪਰ ਤਰੱਕੀ ਵਿਕਾਸ ਨਾਲ ਜੁੜਨ ਵਾਲਾ ਸ਼ਬਦ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਪੰਜਾਬੀ ਸਮਾਜ ਨੇ ਬਦਲਾਅ ਦੀ ਨੀਤੀ ਨੂੰ ਵਧੇਰੇ ਅਪਣਾਇਆ ਹੈ। ਇੱਕੀਵੀਂ ਸਦੀ ਦੇ ਪੰਜਾਬੀ ਸਮਾਜ ਵਿੱਚ ਪਦਾਰਥਕ ਮਾਨਸਿਕਤਾ, ਨਿੱਜਤਾ ਤੇ ਸਵੈ ਕੇਂਦਰਿਤ ਸੋਚ ਵਾਲੇ ਪੱਖ ਭਾਰੂ ਹਨ। ਵਿਸ਼ਵੀਕਰਨ ਦੇ ਦੌਰ ਵਿੱਚ ਮੱਧ ਵਰਗੀ ਪੰਜਾਬੀ ਮਨੁੱਖ ਆਪਣੇ ਸਥਾਨਕ ਸੱਭਿਆਚਾਰ ਅਤੇ ਭਾਈਵਾਲ ਸਾਂਝਾ ਤੋਂ ਵਿਛੁੰਨਿਆ ਚਕਾਚੌਂਧ ਵਾਲੀ ਦੁਨੀਆ ਦੇ ਪਿੱਛੇ ਭੱਜਿਆ ਫਿਰਦਾ ਹੈ। ਅਜਿਹੇ ਵਰਤਾਰੇ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਅਜੋਕੇ ਸਮੇਂ, ਮਸ਼ੀਨੀ ਯੁੱਗ ਅਤੇ ਮਨੁੱਖੀ ਲਾਲਸਾ ਬਾਰੇ ਡਾ. ਗੁਰਦੀਪ ਕੁਮਾਰ ਸ਼ਰਮਾ ਆਪਣੀ ਪੁਸਤਕ ਪੰਜਾਬੀ ਸੱਭਿਆਚਾਰ ਦੇ ਬਦਲਦੇ ਪਰਿਪੇਖ 'ਚ ਕਹਿੰਦੇ ਹਨ ਕਿ:

> ਅਜੋਕੇ ਸਮਾਜ ਸਾਹਮਣੇ ਸਵਾਲ ਇਹ ਨਹੀਂ ਕਿ ਸੱਭਿਆਚਾਰਕ ਰੂਪਾਂਤਰਨ ਦਾ ਅਮਲ ਤੇਜ਼ੀ ਨਾਲ ਵਾਪਰ ਰਿਹਾ। ਸਗੋਂ ਸਵਾਲ ਤਾਂ ਇਸ ਦੇ ਗ਼ੈਰਕੁਦਰਤੀ ਅਤੇ ਮੁਨਾਫ਼ਾ-ਮੁਖ ਹਿੱਤਾਂ ਲਈ ਰੂਪਾਂਤਰਨ ਦਾ ਹੈ। ਮੰਡੀ ਮੁੱਲਾਂ ਦੇ ਮੁਤਾਬਿਕ ਰੂਪਾਂਤਰਨ ਦਾ ਹੈ। ਅੰਨ੍ਹੇ ਉਦਯੋਗੀਕਰਣ ਅਤੇ ਮਸ਼ੀਨੀਕਰਨ ਨਾਲ ਮਨੁੱਖ ਦਾ ਸਰੂਪ ਹੀ ਮਸ਼ੀਨੀ ਬਣ ਗਿਆ। ਮਨੁੱਖ ਦੰਭੀ, ਲਾਲਚੀ ਅਤੇ ਪਖੰਡੀ ਬਣ ਗਿਆ।

ਵਿਸ਼ਵੀਕਰਨ ਨੇ ਧਰਤੀ ਜਿਉਣ ਜੋਗੀ ਨਹੀਂ ਛੱਡੀ, ਇਸ ਨਾਲ ਸਮੁੱਚਾ ਸਮਾਜ-ਸੱਭਿਆਚਾਰ ਵਾਤਾਵਰਣ ਵੀ ਪ੍ਰਦੂਸ਼ਿਤ ਹੋ ਚੁੱਕਾ ਹੈ।(82-83)

ਸਮਾਜਿਕ ਪੱਖ ਤੋਂ ਪਰਿਵਰਤਨ ਦਾ ਇੱਕ ਕਾਰਨ ਆਰਥਿਕਤਾ ਹੈ। ਆਰਥਿਕ ਢਾਂਚੇ ਵਿੱਚ ਆਏ ਪਰਿਵਰਤਨ ਸਮਾਜਿਕ ਢਾਂਚੇ ਵਿੱਚ ਪਰਿਵਰਤਨ ਵਾਪਰਦਾ ਹੈ। ਇਸ ਸਮਾਜਿਕ ਅਤੇ ਆਰਥਿਕ ਢਾਂਚੇ ਦੇ ਪਰਿਵਰਤਨ ਦਾ ਸਮਾਜ ਦੇ ਬਾਕੀ ਸਾਰੇ ਵਰਤਾਰਿਆਂ ਉੱਪਰ ਪ੍ਰਭਾਵ ਪੈਂਦਾ ਹੈ। ਇਹ ਸਾਰੇ ਵਰਤਾਰੇ ਦਬਾਵਾਂ-ਪ੍ਰਭਾਵਾਂ ਨਾਲ ਵੀ ਤੇ ਆਪਮੁਹਾਰੇ ਪਰਿਵਰਤਨ ਦੀ ਪ੍ਰਕਿਰਿਆ ਵਿਚੋਂ ਗੁਜ਼ਰਦੇ ਹਨ। ਜ਼ਿਆਦਾਤਰ ਸਮਾਜਿਕ ਪੱਖ ਤੋਂ ਸਮਾਜ ਇਸ ਸੱਭਿਆਚਾਰਕ ਰੂਪਾਂਤਰਨ ਨੂੰ ਮਹਿਸੂਸ ਤਾਂ ਕਰਦਾ ਹੈ, ਪਰ ਉਸ ਨੂੰ ਇਸ ਸੱਭਿਆਚਾਰਕ ਰੂਪਾਂਤਰਨ ਪਿੱਛੇ ਕਾਰਜਸ਼ੀਲ ਸ਼ਕਤੀਆਂ ਦੀ ਸਮਝ ਨਹੀਂ ਪੈਂਦੀ। ਇਸ ਦੌਰ ਵਿੱਚ ਵਿਸ਼ਵੀਕਰਨ ਨੇ ਜਿੱਥੇ ਵਿਸ਼ਵ ਵਿੱਚ ਵੱਡੀਆਂ ਤਬਦੀਲੀਆਂ ਲਿਆਂਦੀਆਂ ਹਨ, ਉੱਥੇ ਇਸ ਨੇ ਬਹੁਤ ਸਾਰੀਆਂ ਵਸਤਾਂ, ਵਰਤ-ਵਰਤਾਰਿਆਂ ਨੂੰ ਵੀ ਨਸ਼ਟ ਕੀਤਾ ਹੈ, ਪਰ ਇਸ ਦੌਰ ਵਿੱਚ ਵੀ ਸਮਕਾਲੀ ਪੰਜਾਬੀ ਕਹਾਣੀ ਨੂੰ ਕੋਈ ਖ਼ਤਰਾ ਨਹੀਂ ਹੈ। ਸਮਕਾਲੀ ਪੰਜਾਬੀ ਕਹਾਣੀ ਦਾ ਅਜਿਹੀ ਸਥਿਤੀ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਸੱਭਿਆਚਾਰਕ ਰੂਪਾਂਤਰਨ ਹੋਣਾ ਇੱਕ ਸਹਿਜ ਪ੍ਰਕਿਰਿਆ ਹੈ, ਕਿਉਂਕਿ ਮਨੁੱਖ ਦੀਆਂ ਆਮ ਲੋੜਾਂ ਦੀ ਤਰ੍ਹਾਂ ਹੀ ਸਮਾਜਿਕ ਪੱਖ ਵੀ ਉਸਦੀ ਮੁੱਢਲੀ ਲੋੜ ਹੈ। ਇਸ ਕਰਕੇ ਹੀ ਮਨੁੱਖ ਨੂੰ ਸਮਾਜਿਕ ਪ੍ਰਾਣੀ ਵੀ ਕਿਹਾ ਜਾਂਦਾ ਹੈ। ਸਮਾਜਿਕ ਪੱਖ ਤੋਂ ਬਿਨਾਂ ਇਕੱਲੇ ਮਨੁੱਖ ਲਈ ਰਹਿਣਾ ਲਗਭਗ ਅਸੰਭਵ ਹੋਣ ਕਾਰਨ ਅਤੇ ਆਪਣੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਹਿਤ ਉਸਨੇ ਸਮੂਹ ਦੇ ਰੂਪ ਵਿੱਚ ਰਹਿਣਾ ਵਧੇਰੇ ਸੁਰੱਖਿਅਤ ਮਹਿਸੂਸ ਕੀਤਾ। ਮਨੁੱਖ ਨੇ ਆਪਣੀ ਚੇਤਨਾ ਦੇ ਵਿਕਾਸ ਅਤੇ ਭਰਪੂਰ ਸੋਚਣ-ਸ਼ਕਤੀ ਕਾਰਨ ਆਪਣੇ ਆਪ ਨੂੰ ਹੌਲੀ-ਹੌਲੀ ਪਸ਼ੂਆਂ ਤੋਂ ਵੱਖਰਾ ਕਰ ਲਿਆ। ਸਮਾਜ ਵਿੱਚ ਬੱਝ ਜਾਣ ਤੋਂ ਪਿੱਛੋਂ ਮਨੁੱਖ ਦੇ ਕੁਦਰਤੀ ਵਿਅਕਤੀਤਵ ਤੇ ਉਸਦੀਆਂ ਮੂਲ ਪ੍ਰਵਿਰਤੀਆਂ ਨੂੰ ਸਮਾਜਿਕ ਨੇਮਾਂ ਵਿੱਚ ਬੰਨ੍ਹਣ ਅਤੇ ਉਨ੍ਹਾਂ ਅਨੁਸਾਰ ਢਾਲਣ ਜਾਂ ਅਨੁਕੂਲਣ ਦੀ ਜ਼ਰੂਰਤ ਪਈ ਕਿਉਂਕਿ ਮਨੁੱਖ ਦੁਆਰਾ ਸਥਾਪਿਤ ਸਮਾਜਿਕ ਰਿਸ਼ਤੇ ਮਨੁੱਖ ਦੀਆਂ ਮੂਲ ਰੁਚੀਆਂ ਨੂੰ ਜਾਂਗਲੀ ਪੱਧਰ ਉੱਤੇ ਤ੍ਰਿਪਤ ਕਰਨ ਰਾਹੀਂ ਕਾਇਮ ਨਹੀਂ

ਰਹਿ ਸਕਦੇ ਸਗੋਂ ਮਨੁੱਖ ਦੇ ਸਮਾਜਿਕ ਪੱਖ ਦਾ ਅੰਗ ਬਣਕੇ ਜਿਉਂਦੇ ਰਹਿਣ ਦੀ ਮੁੱਢਲੀ ਲੋੜ ਤਦ ਹੀ ਪੂਰੀ ਹੋ ਸਕਦੀ ਹੈ ਜੇਕਰ ਉਸ ਦੀਆਂ ਮੂਲ ਰੁਚੀਆਂ ਬਦਲਵੇਂ ਰੂਪ ਵਿੱਚ ਸਮਾਜਿਕ ਸਵੀਕ੍ਰਿਤੀ ਪ੍ਰਾਪਤ ਕਰ ਲੈਣ। ਇਸ ਪ੍ਰਕਾਰ ਨਿਯਮਬੱਧ ਰੂਪ ਵਿੱਚ ਸੰਸ਼ੋਧਿਤ ਹੋ ਕੇ ਮਨੁੱਖੀ ਪ੍ਰਵਿਰਤੀਆਂ ਜਿਸ ਰੂਪ ਵਿੱਚ ਪ੍ਰਗਟ ਹੋਈਆਂ ਉਨ੍ਹਾਂ ਨੂੰ ਹੀ ਸੰਸਕਾਰ ਕਿਹਾ ਜਾਂਦਾ ਹੈ। ਮਨੁੱਖੀ ਰਿਸ਼ਤਿਆਂ ਨੂੰ ਸੰਵਾਰਨ/ਵਿਗਾੜਨ ਵਿੱਚ ਇਨ੍ਹਾਂ ਸੰਸਕਾਰਾਂ ਦਾ ਭਰਵਾਂ ਹੱਥ ਹੁੰਦਾ ਹੈ। ਇਹ ਸੰਸਕਾਰ ਹੀ ਸੱਭਿਆਚਾਰ ਨੂੰ ਜਨਮ ਦੇਣ ਵਿੱਚ ਸਹਾਇਕ ਸਿੱਧ ਹੁੰਦੇ ਹਨ। ਕੋਈ ਵੀ ਸਮਾਜ-ਸੱਭਿਆਚਾਰ ਵਿਹੂਣਾ ਨਹੀਂ ਹੁੰਦਾ। ਸਮਾਜ ਅਤੇ ਸੱਭਿਆਚਾਰ ਦੇ ਸਬੰਧ 'ਚ ਜਗਜੀਤ ਕੌਰ ਜੌਲੀ, ਪਾਕਿਸਤਾਨੀ ਪੰਜਾਬੀ ਕਵਿਤਾ ਸਮਾਜ-ਸੱਭਿਆਚਾਰਕ ਅਧਿਐਨ ਆਖਦੇ ਨੇ:

> ਸਮਾਜ ਤੇ ਸੱਭਿਆਚਾਰ ਦੋ ਪਰਸਪਰ ਹੋਂਦਾਂ ਹਨ ਜੋ ਇੱਕ ਦੂਜੇ ਤੇ ਆਸਰਿਤ ਹਨ, ਇਸੇ ਲਈ ਅਜੋਕੇ ਸਾਹਿਤ-ਸ਼ਾਸਤਰੀਆਂ ਨੇ 'ਸਮਾਜ ਸੱਭਿਆਚਾਰ' ਪਦ ਦੀ ਵਰਤੋਂ ਸਮਾਸੀ ਰੂਪ ਵਿੱਚ ਕਰਨੀ ਵਧੇਰੇ ਉਚਿਤ ਸਮਝੀ ਹੈ।(201)

ਇਸ ਤਰ੍ਹਾਂ ਸਮਾਜ ਅਤੇ ਸੱਭਿਆਚਾਰ ਨੂੰ ਇੱਕ ਦੂਸਰੇ ਤੋਂ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ। ਸਮਾਜ ਵਿੱਚਲਾ ਪਰਿਵਰਤਨ ਸੱਭਿਆਚਾਰ ਦੀ ਹੀ ਦੇਣ ਹੁੰਦਾ ਹੈ। ਕਿਉਂਕਿ ਸੱਭਿਆਚਾਰ ਇੱਕ ਨਿਰੰਤਰ ਗਤੀਸ਼ੀਲ ਪ੍ਰਵਾਹ ਹੈ ਅਤੇ ਸਮਾਜ ਵਿੱਚ ਰਹਿੰਦੇ ਜਨ-ਸਮੂਹ ਦੀ ਚੇਤਨਾ ਦਾ ਵਿਕਾਸ ਇਸ ਗਤੀਸ਼ੀਲਤਾ ਦਾ ਹੀ ਪਰਿਣਾਮ ਹੈ। ਕਿਸੇ ਵੀ ਸਮਾਜ ਵਿੱਚ ਖੜੋਤ ਵਰਗੀ ਸਥਿਤੀ ਨਹੀਂ ਵਾਪਰਦੀ। ਸਮੇਂ ਦੇ ਅਨੁਕੂਲ ਹਰ ਸਮਾਜ ਤੇ ਸੱਭਿਆਚਾਰ ਵਿੱਚ ਤਬਦੀਲੀਆਂ ਵਾਪਰਦੀਆਂ ਰਹਿੰਦੀਆਂ ਹਨ। ਸਮਾਜ ਵਿੱਚਲਾ ਮੁੱਲ-ਵਿਧਾਨ ਸੱਭਿਆਚਾਰ ਅਧੀਨ ਹੀ ਟੁੱਟਦਾ ਤੇ ਵਿਗਸਦਾ ਹੈ। ਸਮਾਜ ਵਿੱਚ ਰਹਿਣ ਵਾਲਾ ਹਰ ਵਿਅਕਤੀ ਸੱਭਿਆਚਾਰਕ ਪ੍ਰਬੰਧਾਂ ਦਾ ਹਿੱਸਾ ਹੁੰਦਾ ਹੈ। ਸੱਭਿਆਚਾਰ ਕੋਈ ਸਥਿਰ, ਜੜ੍ਹ ਅਤੇ ਨਿਰਜਿੰਦ ਵਸਤੂ ਨਹੀਂ, ਇਹ ਹਮੇਸ਼ਾ ਬਦਲਦਾ ਹੋਇਆ ਪ੍ਰਬੰਧ ਹੈ। ਇਸਦੀ ਗਤੀਸ਼ੀਲਤਾ ਉੱਤੇ ਬਾਹਰੀ ਅਤੇ ਅੰਦਰੂਨੀ ਦੋਵੇਂ ਤਰ੍ਹਾਂ ਪ੍ਰਭਾਵ ਅਸਰ ਅੰਦਾਜ਼ ਹੁੰਦੇ ਹਨ। ਕਿਸੇ ਵੀ ਸਮਾਜ ਦੀ ਬਣਤਰ ਵਿੱਚ ਉਸਦਾ ਸੱਭਿਆਚਾਰ ਕਾਰਜਸ਼ੀਲ ਹੁੰਦਾ ਹੈ। ਸਮੁੱਚੇ ਸੱਭਿਆਚਾਰਕ ਵਿਕਾਸ ਦੇ ਪਸਾਰਾਂ ਅਤੇ ਦਿਸ਼ਾਵਾਂ ਦੀ ਨਿਰਨਾਇਕ ਸ਼ਕਤੀ ਆਰਥਿਕ

ਸਮਾਜਿਕ ਬਣਤਰ ਹੁੰਦੀ ਹੈ। ਹਰ ਮਨੁੱਖੀ ਸਮਾਜ ਵਿੱਚਲੇ ਸੱਭਿਆਚਾਰਕ ਪ੍ਰਬੰਧ ਦੀ ਨਿਵੇਕਲੀ ਪ੍ਰਕ੍ਰਿਤੀ ਅਨੁਸਾਰ ਇਸਦੇ ਨਿਯਮ ਪ੍ਰਬੰਧ ਅਤੇ ਵਿਭਿੰਨ ਅੰਗਾਂ ਵਿੱਚ ਪਰਿਵਰਤਨ ਪ੍ਰਕਿਰਿਆ ਵਾਪਰਦੀ ਹੈ। ਇਹਨਾਂ ਪਦਾਰਥਿਕ ਪਰਿਵਰਤਨਾਂ ਦਾ ਮਨੁੱਖੀ ਰਿਸ਼ਤਿਆਂ-ਨਾਤਿਆਂ 'ਤੇ ਪੈਂਦੇ ਪ੍ਰਭਾਵ ਸਬੰਧੀ ਡਾ. ਜਸਵਿੰਦਰ ਸਿੰਘ, *ਪੰਜਾਬੀ ਸੱਭਿਆਚਾਰ ਪਛਾਣ* 'ਚ ਕਹਿੰਦੇ ਹਨ ਕਿ:

> ਕੀਮਤ ਪ੍ਰਬੰਧ ਵਿੱਚ ਪਰਿਵਰਤਨ ਆਮ ਕਰਕੇ ਪਦਾਰਥਕ ਪਰਿਵਤਰਨ ਅਨੁਕੂਲ ਸਹਿਜੇ ਅਤੇ ਜਲਦੀ ਵਾਪਰਦਾ ਹੈ ਜਦਕਿ ਵੰਸ਼, ਮੁਲਕਾਂ, ਰਿਸ਼ਤੇ- ਨਾਤੇ, ਵਿਸ਼ਵਾਸਾਂ, ਜੀਵਨ ਅਤੇ ਵਿਸ਼ਵ ਦ੍ਰਿਸ਼ਟੀਕੋਣ ਵਿੱਚ ਪਰਿਵਰਤਨ ਦੀ ਰਫ਼ਤਾਰ ਮੱਧਮ, ਸੂਖ਼ਮ, ਅਚੇਤ ਅਤੇ ਗੁੰਝਲਦਾਰ ਹੁੰਦੀ ਹੈ। ਤਕਨਾਲੋਜੀ ਦੇ ਵਿਕਾਸ ਜਾਂ ਬਾਹਰਲੇ ਸੱਭਿਆਚਾਰ ਦੇ ਪ੍ਰਭਾਵ ਸਦਕਾ ਪਹਿਰਾਵੇ ਵਿੱਚ ਤਬਦੀਲੀ ਸਿੱਧੀ ਅਤੇ ਫੌਰੀ ਹੋ ਸਕਦੀ ਹੈ, ਜਦਕਿ ਮਨੁੱਖੀ ਸ਼ਖ਼ਸੀਅਤਾਂ ਦੀ ਬਣਤਰ ਖਾਸ ਕਰਕੇ ਮਾਨਸਿਕ ਅਵਚੇਤਨ ਵਿੱਚ ਤਬਦੀਲੀ ਕਾਫੀ ਮੁਸ਼ਕਿਲ, ਹੌਲੀ-ਹੌਲੀ ਅਤੇ ਕਈ ਵਾਰ ਅਨੁਕੂਲ-ਪ੍ਰਤਿਕੂਲ ਵੀ ਵਾਪਰਦੀ ਹੈ।(82)

ਸੁਖਜੀਤ ਦੀਆਂ ਕਹਾਣੀਆਂ ਆਦਮਖ਼ੋਰ, ਜਲ-ਭਰਮ, ਹਜ਼ਾਰ ਕਹਾਣੀਆਂ ਦਾ ਬਾਪ, ਕਾਮ-ਬਲੀ, ਚੰਦਰੀ, ਹੁਣ ਮੈਂ ਇੰਜੁਆਏ ਕਰਦੀ ਆਂ, ਜੀ ਬੀਬੀ ਜੀ, ਪਾਤਸ਼ਾਹ, ਮੈਂ ਅਨਯਘੋਸ਼ ਨਹੀਂ, ਆਦਿ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖਾਂ ਨੂੰ ਚੰਗੇ ਤੇ ਮਾੜੇ ਪੱਖ ਤੋਂ ਉਭਾਰਿਆ ਗਿਆ ਹੈ। ਉਸ ਦੀਆਂ ਕਹਾਣੀਆਂ ਪਿੱਤਰ ਪ੍ਰਧਾਨ, ਮਰਦ ਪ੍ਰਧਾਨ ਸਮਾਜ ਦੀ ਮਨੋਘੜ੍ਹਤ ਉੱਤੇ ਫੋਕਸ ਕਰਦੀਆਂ ਹੋਈਆਂ ਸੱਭਿਆਚਾਰਕ ਰੂਪਾਂਤਰਨ ਨੂੰ ਸਮਾਜਿਕ ਪੱਖ ਤੋਂ ਦ੍ਰਿਸ਼ਟੀਗੋਚਰ ਕਰਦੀਆਂ ਹਨ। ਪਿੱਤਰ ਪ੍ਰਧਾਨ ਸਮਾਜ ਅਤੇ ਸੰਸਕ੍ਰਿਤੀ ਮਰਦ ਕੇਂਦਰਿਤ ਅਤੇ ਮਰਦ ਦੁਆਰਾ ਨਿਯੰਤਰਿਤ ਹੁੰਦੀ ਹੈ। ਇਸਦਾ ਸਮੁੱਚਾ ਸੰਗਠਨ ਇਸ ਤਰ੍ਹਾਂ ਕਿਰਿਆਸ਼ੀਲ ਹੁੰਦਾ ਹੈ ਕਿ ਪਰਿਵਾਰ, ਆਰਥਿਕਤਾ, ਕਾਨੂੰਨ, ਰਾਜਨੀਤੀ, ਕਲਾ ਆਦਿ ਸਮੱਗਰ ਖੇਤਰਾਂ ਵਿੱਚ ਮਰਦ ਦੀ ਹੀ ਸੱਤਾ ਸਥਾਪਿਤ ਹੁੰਦੀ ਹੈ। ਇਹ ਪਿੱਤਰ ਸੱਤਾ ਸਮਾਜਿਕ ਸੰਰਚਨਾ ਅਤੇ ਕਿਰਿਆਵਾਂ ਦੀ ਅਜਿਹੀ ਵਿਵਸਥਾ ਘੜ੍ਹਦੀ ਹੈ, ਜਿਸ ਵਿੱਚ ਮਰਦ ਦਾ ਵਿਰੋਧੀ ਲਿੰਗ ਅਥਵਾ ਔਰਤ ਉੱਤੇ

ਪ੍ਰਭੂਤੱਵ ਸਥਾਪਿਤ ਹੁੰਦਾ ਹੈ। ਇੰਝ ਅਜਿਹੇ ਸਮਾਜ ਵਿੱਚ ਔਰਤ ਦਾ ਦਰਜਾ ਮਰਦ ਦੇ ਸਮਾਨ ਨਹੀਂ ਹੁੰਦਾ। ਇਸ ਸਮਾਜ ਵਿੱਚ ਔਰਤ ਵਿਆਹ ਤੋਂ ਪਹਿਲਾਂ ਧੀ ਦੇ ਰੂਪ ਵਿੱਚ ਆਪਣੇ ਪਿਤਾ ਦੇ ਅਧੀਨ, ਵਿਆਹੇ ਜਾਣ ਉਪਰੰਤ ਪਤਨੀ ਦੇ ਰੂਪ ਵਿੱਚ ਆਪਣੇ ਪਤੀ ਦੇ ਅਧੀਨ ਅਤੇ ਫੇਰ ਮਾਂ ਦੇ ਰੂਪ ਵਿੱਚ ਆਪਣੇ ਪੁੱਤਰਾਂ ਅਧੀਨ ਵਿਚਰਦੀ ਹੈ। ਇਸ ਤਰ੍ਹਾਂ ਅਜਿਹੇ ਸਮਾਜ ਵਿੱਚ ਔਰਤ ਦੀ ਨਾ ਕੋਈ ਆਪਣੀ ਸੁਤੰਤਰ ਹੋਂਦ ਹੁੰਦੀ ਹੈ ਅਤੇ ਨਾ ਹੀ ਇੱਛਾ। ਸੋ ਇਹਨਾਂ ਸਮੱਸਿਆਵਾਂ ਨੂੰ ਸੁਖਜੀਤ ਨੇ ਸੱਭਿਆਚਾਰਕ ਰੂਪਾਂਤਰਨ ਦੇ ਚੰਗੇ ਤੇ ਮਾੜੇ ਸਮਾਜਿਕ ਪੱਖ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ।

**(ੳ) ਚੰਗੇ ਪੱਖ**: ਸੱਭਿਆਚਾਰਕ ਰੂਪਾਂਤਰਨ ਦੇ ਚੰਗੇ ਸਮਾਜਿਕ ਪੱਖ ਤੋਂ ਸਮਾਜ ਅਤੇ ਮਨੁੱਖ ਦਾ ਰਿਸ਼ਤਾ ਦਵੰਦਾਤਮਕ ਰਿਹਾ ਹੈ। ਸਮਾਜਿਕ ਸੰਗਠਨਾਂ ਦੀ ਉਸਾਰੀ ਉਸਦਾ ਮਾਰਗ ਦਰਸ਼ਨ ਕਰਦੀ ਹੈ। ਸਮਾਜ ਦਾ ਹਿੱਸਾ ਹੋਣ ਦੇ ਕਾਰਨ ਉਹ ਦੂਸਰੇ ਸਮਾਜਿਕ ਜੀਵਾਂ ਉੱਪਰ ਨਿਰਭਰ ਕਰਦਾ ਹੈ। ਮਾਨਵ ਜੀਵਨ ਦੇ ਇਤਿਹਾਸ ਵਿੱਚ ਸਮਾਜ ਦੀ ਸਿਰਜਨਾ ਭੂਗੋਲਿਕ ਚੌਗਿਰਦੇ ਵਿੱਚ ਰਹਿਣ ਵਾਲੇ ਮਨੁੱਖਾਂ ਦੀਆਂ ਆਪਸੀ ਲੋੜਾਂ ਵਿੱਚੋਂ ਪੈਦਾ ਹੋਈ ਹੈ। ਪ੍ਰਾਚੀਨ ਸਮੇਂ ਤੋਂ ਮਨੁੱਖ ਸੰਤੁਸ਼ਟੀ ਭਰਪੂਰ ਜੀਵਨ ਜਿਊਣ ਹਿੱਤ ਤਤਪਰ ਰਿਹਾ। ਇਸੇ ਲਈ ਮਨੁੱਖ ਸਿਰਜਤ ਸਮਾਜ ਤੇ ਸੱਭਿਆਚਾਰ ਵਿੱਚ ਤਬਦੀਲੀਆਂ ਵਾਪਰਦੀਆਂ ਰਹੀਆਂ ਹਨ। ਸੁਖਜੀਤ ਦੀ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਔਰਤ ਦੀ ਆਬਰੂ ਨਾਲ ਜੁੜੇ ਮਰਦ ਦੀ ਮਾਨਸਿਕਤਾ ਵਿੱਚ ਨੈਤਿਕ ਜ਼ਿੰਮੇਵਾਰੀ ਤੇ ਫਰਜ਼ ਵਜੋਂ ਪ੍ਰਤੀਮਾਨਾਂ ਵਿੱਚ ਆਏ ਪਰਿਵਰਤਨ ਕਾਰਨ ਚੰਗੇ ਪੱਖ ਨੂੰ ਕਰਦੀਆਂ ਹਨ। ਅਜੋਕੇ ਦੇ ਦੌਰ ਵਿੱਚ ਵੀ ਔਰਤ ਨੂੰ ਘਰ ਦੀ ਇੱਜ਼ਤ ਦੇ ਸੰਕਲਪ ਅਧੀਨ ਘਰ ਦੀ ਚਾਰਦੀਵਾਰੀ ਅੰਦਰ ਬੰਦ ਰੱਖਣ ਦੀ ਮਾਨਸਿਕਤਾ ਕਾਇਮ ਹੈ। ਇਸ ਦ੍ਰਿਸ਼ਟੀ ਤੋਂ ਬਦਲ ਰਹੀ ਯੁੱਗ ਚੇਤਨਾ ਅਨੁਸਾਰ ਪੁਰਾਤਨ ਕੀਮਤਾਂ ਦੇ ਧਾਰਨੀ ਮਰਦ ਨੂੰ ਹਰ ਸਮੇਂ ਆਪਣੀ ਇੱਜ਼ਤ ਖੁੱਸਣ ਦਾ ਦਾਵੰਦਾਤਮਕ ਖਤਰਾ ਬਣਿਆ ਰਹਿੰਦਾ ਹੈ।ਸਮਾਜ ਵਿੱਚ ਮਰਦ ਅਤੇ ਔਰਤਾਂ ਪ੍ਰਤੀ ਪ੍ਰਤੀਮਾਨ ਹਮੇਸ਼ਾ ਹੀ ਭਿੰਨ ਰਹੇ ਹਨ ਇਸ ਸਬੰਧ 'ਚ ਅਮਰਜੀਤ ਸਿੰਘ ਕਾਂਗ *ਵਿਸ਼ਵੀਕਰਨ ਅਤੇ ਪੰਜਾਬੀ ਸਾਹਿਤ ਸੱਭਿਆਚਾਰ* ਦਰਸਾਉਂਦੇ ਨੇ ਕਿ:

ਪੰਜਾਬੀ ਨੈਤਿਕਤਾ ਜਾਂ ਸਦਾਚਾਰ ਉਤੇ ਇਸਲਾਮੀ ਅਸਰ ਬਹੁਤੇ ਵਧੇਰੇ ਹੈ। ਨੈਤਿਕਤਾ ਦੇ ਪ੍ਰਤਿਮਾਨ ਹੱਦੋਂ ਵੱਧ ਸਖ਼ਤ ਤੇ ਬੇਲਚਕ ਵੀ ਰਹੇ ਹਨ। ਖਾਸ ਤੌਰ ਤੇ ਔਰਤ ਦੇ ਸੰਦਰਭ ਵਿੱਚ ਨੈਤਿਕਤਾ ਦੇ ਇਹ ਪ੍ਰਤਿਮਾਨ ਜਾਂ ਮਾਪ ਅਤਿ ਦਰਜੇ ਦੇ ਕਠੋਰ ਤੇ ਤੰਗਦਿਲੀ ਵਾਲੇ ਰਹੇ ਹਨ। ਸੈਕਸ ਦੀ ਪਵਿੱਤਰਤਾ ਦੇ ਸਾਰੇ ਮੁੱਲ ਔਰਤ ਨਾਲ ਹੀ ਨੱਥੀ ਕੀਤੇ ਗਏ ਜਦੋਂ ਕਿ ਮਰਦ ਨੂੰ ਸਭ ਮੁਆਫ। (42)

ਸੁਖਜੀਤ ਦੇ ਕਹਾਣੀ ਸੰਗ੍ਰਹਿ *ਹੁਣ ਮੈਂ ਇੰਜੁਆਏ ਕਰਦੀ ਆਂ* ਦੀ ਕਹਾਣੀ 'ਹਜ਼ਾਰ ਕਹਾਣੀਆਂ ਦਾ ਬਾਪ' ਸੱਭਿਆਚਾਰਕ ਰੂਪਾਂਤਰਨ ਦੇ ਚੰਗੇ ਸਮਾਜਿਕ ਪੱਖ ਤੋਂ ਆਏ ਪਰਿਵਰਤਨ ਦਾ ਮਾਨਸਿਕ ਕਾਰਨ ਸੈਣੀ ਦੀ ਘਰਵਾਲੀ ਦਾ ਆਪਣੇ ਪਿੰਡ ਦੇ ਕਿਸੇ ਮੁੰਡੇ ਨਾਲ ਭੱਜ ਜਾਣਾ ਮਾੜਾ ਅਨੈਤਿਕ ਕਰਤੱਵ ਅਤੇ ਉਸਦਾ ਚਾਰ ਧੀਆਂ ਦਾ ਬਾਪ ਹੋਣਾ ਉਸ ਲਈ ਸਭ ਤੋਂ ਵੱਡੀ ਜ਼ਿੰਮੇਵਾਰੀ ਤੇ ਫਰਜ਼ ਹੈ। ਉਸ ਦੇ ਅਜਿਹੇ ਨੈਤਿਕ ਪ੍ਰਤਿਮਾਨ ਹੀ ਔਰਤ ਦੇ ਦ੍ਰਿਸ਼ਟੀਕੋਣ ਤੋਂ ਹੀ ਦੇਖਣ ਪਰਖਣ ਕਰਕੇ ਇਸਨੂੰ ਚੰਗਾ ਪੱਖ ਮੰਨਿਆ ਜਾਂਦਾ ਹੈ। ਕਹਾਣੀ ਦਾ ਮੈਂ ਪਾਤਰ ਸੈਣੀ ਵੀ ਆਪਣੀ ਸਮਾਜਿਕ ਪ੍ਰਤਿਸ਼ਠਾ ਅਤੇ ਇੱਜ਼ਤ ਨੂੰ ਆਪਣੀਆਂ ਧੀਆਂ ਦੇ ਦ੍ਰਿਸ਼ਟੀਕੋਣ ਤੋਂ ਹੀ ਵੇਖਦਾ ਹੈ। ਜਿਸ ਕਰਕੇ ਉਸਨੂੰ ਉਹਨਾਂ ਦੀ ਹਰ ਸਮੇਂ ਚਿੰਤਾ ਰਹਿੰਦੀ ਹੈ। ਸੋ, ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਕਹਾਣੀ ਦਾ ਮੁੱਖ ਮੁੱਦਾ ਵੀ ਔਰਤ ਦੇ ਅਜਿਹੇ ਚੰਗੇ ਪੱਖ ਵਾਲੇ ਪ੍ਰਤਿਮਾਨਾਂ ਨਾਲ ਸਬੰਧਿਤ ਹੈ। ਪਾਤਰ ਸੈਣੀ ਆਪਣੀਆਂ ਜਵਾਨ ਧੀਆਂ ਦੀ ਕੋਈ ਬੁਰੀ ਖ਼ਬਰ ਸੁਣਨ ਤੋਂ ਹਰ ਸਮੇਂ ਡਰਦਾ ਹੈ। ਧੀਆਂ ਪ੍ਰਤਿ ਉਸਦੀ ਮਾਨਸਿਕਤਾ ਇਹ ਹੈ ਕਿ:

ਧੀ ਤਾਂ ਕਹਿੰਦੇ ਨੇ ਇੱਕ ਨਹੀਂ ਮਾਣ ਹੁੰਦੀ। ਇੱਕ ਧੀ ਦੀਆਂ ਸੌ-ਸੌ ਕਹਾਣੀਆਂ ਹੁੰਦੀਆਂ ਨੇ, ਫਿਰ ਮੇਰੀਆਂ ਤਾਂ ਚਾਰ ਧੀਆਂ ਨੇ...( 9)

ਇਸ ਤੋਂ ਇਲਾਵਾ ਸੁਖਜੀਤ ਨੇ 'ਹਜ਼ਾਰ ਕਹਾਣੀਆਂ ਦਾ ਬਾਪ' ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਕਹਾਣੀ ਵਿੱਚਲੀਆਂ ਧੀਆਂ ਆਤਮ ਵਿਸ਼ਵਾਸ ਨਾਲ ਭਰਪੂਰ ਅਜੋਕੀ ਔਰਤ ਦੇ ਚੇਤਨ ਰੂਪਕ ਬਿੰਬ ਨੂੰ ਦਲੇਰੀ ਵਜੋਂ ਉਭਾਰਿਆ ਗਿਆ ਹੈ। ਅਜਿਹੀਆਂ ਔਰਤਾਂ ਆਪਣੇ ਆਪੇ ਦੀ ਸੁਰੱਖਿਆ ਕਰਨ

ਦੇ ਸਮਰੱਥ ਹੋਣ ਕਾਰਨ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਦੀ ਅਜਿਹੀ ਬੁਰਾਈ ਵਿਰੁੱਧ ਚੰਗੀ ਸੋਚ ਰੱਖਣ ਵਾਲੀਆਂ ਔਰਤਾਂ ਵਜੋਂ ਉੱਭਰਦੀਆਂ ਹਨ। ਜਿਵੇਂ ਕਿ ਕਹਾਣੀ 'ਹਜ਼ਾਰ ਕਹਾਣੀਆਂ ਦਾ ਬਾਪ' ਵਿੱਚ ਧੀਆਂ ਆਪਣੇ ਉੱਤੇ ਮੰਦੀ ਨਜ਼ਰ ਰੱਖਣ ਵਾਲੇ ਗਿੱਲ ਨੂੰ ਖੁਦ ਹੀ ਢਾਹ ਲੈਂਦੀਆਂ ਹਨ:

> ਉਹ ਉਸਨੂੰ ਬਕਰੇ ਵਾਂਗ ਕੋਹ ਰਹੀਆਂ ਸਨ। ਵੱਡੀ ਚਪੇੜਾਂ ਮਾਰ ਰਹੀ ਸੀ, ਦੂਜੀ ਮਸਤ ਲੱਤਾਂ ਤੇ ਤੀਜੀ ਨੇ ਉਹਦੀ ਦਾੜ੍ਹੀ ਫੜੀ ਸੀ ਅਤੇ ਚੀਕ ਰਹੀ ਸੀ, ਤੂੰ ਸਾਡੇ ਪਾਪਾ ਦਾ ਲਹੂ ਪੀ ਲਿਆ ਅੱਜ ਅਸੀਂ ਦੱਸਦੀਆਂ ਤੈਨੂੰ ਕਿ ਅਸੀਂ ਉਹਦੀਆਂ ਧੀਆਂ ਨਹੀਂ ਪੁੱਤ ਆਂ ਪੁੱਤ।(95)

ਸੁਖਜੀਤ ਨੇ ਜਿੱਥੇ ਆਪਣੀਆਂ ਕਹਾਣੀਆਂ ਵਿੱਚ ਔਰਤਾਂ ਦੇ ਕਮਜ਼ੋਰ ਪੱਖ ਤੇ ਉਨ੍ਹਾਂ ਦੇ ਸਹਿਮੇ ਰਹਿਣ ਦੀ ਗੱਲ ਕੀਤੀ ਹੈ ਉੱਥੇ ਹੀ ਔਰਤ ਨੂੰ ਜੁਝਾਰੂ ਅਤੇ ਸ਼ੇਰ ਵਾਂਗ ਗਰਜਣ ਵਾਲੇ ਰੂਪ 'ਚ ਵੀ ਪ੍ਰਤੀਮਾਨ ਕੀਤਾ ਹੈ। ਲੋਕਾਂ ਦੀ ਇਸ ਗੱਲ 'ਤੇ ਇੱਕ ਕਰਾਰੀ ਚਪੇੜ ਜੜੀ ਹੈ 'ਤੀਵੀਂ ਤੇ ਮਿੱਟੀ ਨੂੰ ਜਿੰਨ੍ਹਾਂ ਕੁੱਟੋ ਓਨੀ ਸੂਤ ਰਹਿੰਦੀ ਐ'। ਸੁਖਜੀਤ ਦੇ ਕਹਾਣੀ ਸੰਗ੍ਰਹਿ *ਮੈਂ ਹੁਣ ਇੰਜੁਆਏ ਕਰਦੀ ਆਂ* ਵਿਚੋਂ ਕਹਾਣੀ 'ਹਜ਼ਾਰ ਕਹਾਣੀਆਂ ਦਾ ਬਾਪ' 'ਚ ਛੈਣੀ ਪਾਤਰ ਸਮਾਜ ਵਿੱਚ ਹਮੇਸ਼ਾ ਡਰ ਦੇ ਨਾਲ ਹੀ ਵਿਚਰ ਰਿਹਾ ਸੀ ਕਿਉਂਕਿ ਉਸ ਦੀਆਂ ਚਾਰ ਧੀਆਂ ਸਨ। ਸੈਣੀ ਦੀ ਸੋਚ ਮੁਤਾਬਕ ਧੀ ਤਾਂ ਇੱਕ ਮਾਣ ਨੀ ਹੁੰਦੀ, ਇੱਕ ਧੀ ਦੀਆਂ ਸੌ-ਸੌ ਕਹਾਣੀਆਂ ਹੁੰਦੀਆਂ ਨੇ ਪਰ ਉਸ ਦੀਆਂ ਚਾਰ ਧੀਆਂ ਕਈ ਕਹਾਣੀਆਂ ਬਣ ਸਕਦੀਆਂ ਹਨ। ਇਸੇ ਫਿਕਰ 'ਚ ਸੈਣੀ ਰਾਤ ਦੇ ਦੋ-ਦੋ ਵਜੇ ਤੱਕ ਜਾਗਦਾ ਰਿਹਦਾ ਅਤੇ ਧੀਆਂ ਦੇ ਕਮਰਿਆਂ ਅੱਗੇ ਗੇੜੇ ਕੱਢਦਾ ਰਹਿੰਦਾ। ਇੱਥੇ ਹੀ ਕਾਫ਼ੀ ਨਹੀਂ ਸੈਣੀ ਦੀ ਘਰਵਾਲੀ ਨੇ ਚਾਰ ਧੀਆਂ ਇਸੇ ਕਰਕੇ ਜੰਮੀਆਂ ਕਿ ਉਹ ਮੁੰਡੇ ਦੀ ਭਾਲ ਵਿੱਚ ਸੀ। ਸੈਣੀ ਵੀ ਕਿਤੇ ਨਾ ਕਿਤੇ ਮੁੰਡੇ ਦੀ ਝਾਕ ਰੱਖਦਾ ਸੀ ਤੇ ਉਹ ਇਹ ਸੋਚਦਾ ਸੀ ਕਿ ਜੇਕਰ ਉਸ ਦਾ ਮੁੰਡਾ ਹੁੰਦਾ ਤਾਂ ਉਹ ਵੀ ਸਮਾਜ ਵਿੱਚ ਸਿਰ ਉੱਚਾ ਕਰਕੇ ਤੁਰਦਾ ਅਤੇ ਉੱਚੀ ਜਾਤਾਂ ਦੇ ਮੁੰਡਿਆਂ ਵਾਂਗ ਉਸਨੂੰ ਪਾਲਦਾ। ਪਰ ਕਹਾਣੀ ਦੇ ਅੰਤ ਵਿੱਚ ਕਹਾਣੀਕਾਰ ਨੇ ਬਹੁਤ ਵਧੀਆ ਢੰਗ ਦੇ ਨਾਲ ਚਾਰੇ ਧੀਆਂ ਨੂੰ ਸਮੁੱਚੀ ਔਰਤ ਦੇ ਰੂਪ 'ਚ ਗਿੱਲ ਨਾਂ ਦੇ ਵਿਅਕਤੀ ਨੂੰ ਕੁੱਟਦਾ ਹੋਇਆ ਪੇਸ਼ ਕੀਤਾ ਹੈ ਜਿੱਥੇ ਕਿ ਇੱਕ ਤਰ੍ਹਾਂ ਔਰਤ ਦੀ ਮਰਦ ਦੇ ਜ਼ੁਲਮਾਂ ਉੱਪਰ ਜਿੱਤ ਦੀ ਪੇਸ਼ਕਾਰੀ ਕੀਤੀ ਗਈ ਹੈ ਅਤੇ ਔਰਤ ਦੁਆਰਾ ਆਪਣੇ ਸਵੈ ਦੀ

ਰਾਖੀ ਕਰਦਿਆਂ ਪ੍ਰਸਤੁਤ ਕੀਤਾ ਹੈ। ਕਹਾਣੀ ਦੇ ਅਖੀਰ ਵਿੱਚ ਸੈਣੀ ਬੜੇ ਫ਼ਖ਼ਰ ਨਾਲ ਇਹ ਮਹਿਸੂਸ ਕਰਦਾ ਹੈ ਕਿ ਉਸ ਦੀਆਂ ਚਾਰੇ ਧੀਆਂ, ਪੁੱਤਾਂ ਨਾਲੋਂ ਵਧ ਕੇ ਹਨ ਜੋ ਆਪੇ ਮਾਪਿਆਂ ਦਾ ਸਤਿਕਾਰ ਅਤੇ ਸਮਾਜ ਦੇ ਬਘਿਆੜਾਂ ਨੂੰ ਪਿੰਜਰੇ 'ਚ ਪਾਉਣਾ ਜਾਣਦੀਆਂ ਨੇ। ਸੋ ਕਹਾਣੀਕਾਰ ਨੇ ਇੱਥੇ ਸਮਾਜਿਕ ਪਰਿਵਰਤਨ ਹੁੰਦਾ ਪੇਸ਼ ਕੀਤਾ ਹੈ ਕਿ ਸਮਾਜ ਦੇ ਵਿੱਚ ਧੀਆਂ ਦੀ ਵੀ ਇੱਕ ਹੋਂਦ ਹੈ ਤੇ ਧੀਆਂ ਵੀ ਮੁੰਡਿਆ ਦੇ ਬਰਾਬਰ ਹਨ ਜਿਨ੍ਹਾਂ ਕਰਕੇ ਪਿਓ ਸਿਰ ਚੁੱਕ ਬੇਝਿਜਕ ਤੁਰ ਸਕਦਾ ਹੈ।

> ਮੇਰੀਆਂ ਚਾਰੇ ਧੀਆਂ ਨੇ ਗਿੱਲ ਢਾਹਿਆ ਹੋਇਆ... ਉਹ ਉਹਨੂੰ ਬੱਕਰੇ ਵਾਂਗੂੰ ਕੋਹ ਰਹੀਆਂ ਸਨ। ਗਿੱਲ ਛੁੱਟਣ ਨੂੰ ਸਾਰਾ ਜ਼ੋਰ ਲਾ ਰਿਹਾ ਸੀ ਪਰ ਮੇਰੀਆਂ ਧੀਆਂ, ਨਾ ਸੱਚ, ਮੇਰੇ ਪੁੱਤ ਕਹਿ ਰਹੇ ਸਨ, "ਸਾਲਿਆ ਵੱਡਿਆ ਜੱਟਾ, ਤੇਰਾ ਕਦੀ ਸੈਣੀਆਂ ਨਾਲ ਵਾਹ ਈ ਨਹੀਂ ਪਿਆ ਮੇਰੀ ਹਿੱਕ ਚੌੜੀ ਹੋ ਗਈ। ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋ ਅੱਗੇ ਹੱਥ ਜੋੜੇ, "ਵਾਹ ਬਾਜਾਂ ਵਾਲਿਆ... ਅੱਜ ਚਿੜੀਆਂ ਤੋਂ ਬਾਜ... ਮੇਰਾ ਮਨ ਭਰ ਗਿਆ...! ਮੇਰੇ ਪਿੱਛੇ ਆਏ ਮਠਾੜੂ, ਹਰਬੰਸ ਤੇ ਹੋਰਾਂ ਨੇ ਗਿੱਲ ਨੂੰ ਮਸਾਂ ਛੁਡਾਇਆ। ਉਹਦੀ ਸੰਧੂਰੀ ਪੱਗ ਪੈਰਾਂ 'ਚ ਰੁਲ ਰਹੀ ਸੀ, ਮੁੱਛਾਂ ਮੂੰਹ 'ਚ ਪੈ ਰਹੀਆਂ ਸਨ...। ਮੇਰੀਆਂ ਸ਼ੇਰਨੀਆਂ ਅਜੇ ਵੀ ਝਈਆਂ ਲੈ-ਲੈ ਕੇ ਪੈ ਰਹੀਆਂ ਸਨ। ਮੈਂ ਮਾਣ ਨਾਲ ਚਹੁੰਆਂ ਨੂੰ ਕਲਾਵੇ 'ਚ ਲੈ ਲਿਆ।(21)

ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਸੁਖਜੀਤ ਨੇ ਔਰਤ ਦੀ ਸਥਿਤੀ ਨੂੰ ਬਦਲਦਿਆਂ ਪੇਸ਼ ਕੀਤਾ ਹੈ ਅਤੇ ਮਰਦ ਦੀ ਬਰਾਬਰੀ ਕਰਨ ਦੀ ਝਲਕ ਦਰਸਾਈ ਹੈ। *ਹੁਣ ਮੈ ਇੰਜੁਆਏ ਕਰਦੀ ਆਂ* ਕਹਾਣੀ ਸੰਗ੍ਰਹਿ ਦੀ ਕਹਾਣੀ 'ਹੁਣ ਮੈ ਇੰਜੁਆਏ ਕਰਦੀ ਆਂ' ਵਿੱਚਲੀ ਨਿੱਕੀ ਬੀਬੀ ਸੈਹਬਾ, ਸੈਹਬ ਜੀਆਂ ਵਾਂਗਰ ਹੀ ਉਨੀ ਹੀ ਬੇਸ਼ਰਮੀ ਅਤੇ ਬੇਬਾਕੀ ਨਾਲ ਗਾਲ੍ਹਾਂ ਦੀ ਵਰਤੋਂ ਕਰਦੀ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਇਸ ਸੰਬੰਧੀ ਉਸਦਾ ਤਰਕ ਹੈ ਕਿ:

> ਮਰਦਾਂ ਦੀ ਅੱਧੀਓ ਤਾਕਤ ਇਨ੍ਹਾਂ ਦੀ ਬੋਲੀ 'ਚ ਐ, ਆਹਾ ਗਾਲ੍ਹ 'ਚ ... ਇਨ੍ਹਾਂ ਦੀ ਭਾਸ਼ਾ ਬੋਲਣੀ ਪਊ। ਆਪਣਾ ਸਿੱਕਾ ਤਾਂ ਚੱਲੂ।(70)

ਇਸੇ ਕਹਾਣੀ ਸੰਗ੍ਰਹਿ ਦੀ ਕਹਾਣੀ 'ਜੀ ਬੀਬੀ ਜੀ' ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਔਰਤ ਵਸਤੂ ਤੋਂ ਉਪਰ ਉਠ ਕੇ ਮਰਦ ਦੇ ਬਰਾਬਰ ਵਿਚਰਨ ਦੇ ਆਹਰ ਵਿੱਚ ਨਾਰੀ ਚੇਤਨਾ ਦੇ ਚੰਗੇ ਪੱਖ ਨੂੰ ਉਭਾਰਿਆ ਗਿਆ ਹੈ ਅਤੇ ਮਰਦ ਪ੍ਰਧਾਨ ਸਮਾਜ ਦੀ ਨਾ-ਪੱਖੀ ਹਾਮੀ ਭਰੀ ਹੈ। ਕਹਾਣੀ ਵਿੱਚਲੀ ਪਾਤਰ ਸਿਮਰਨ ਆਪਣੀਆਂ ਸਰੀਰਕ ਤੇ ਮਾਨਸਿਕ ਤ੍ਰਿਪਤੀਆਂ ਦੀ ਪੂਰਤੀ ਲਈ ਸਮਾਜਿਕ ਕਦਰਾਂ-ਕੀਮਤਾਂ ਨੂੰ ਰੱਦਣ ਤੋਂ ਵੀ ਗੁਰੇਜ਼ ਨਹੀਂ ਕਰਦੀ। ਸਿਮਰਨ ਅਜਿਹੀਆਂ ਸਮਾਜਿਕ ਧਾਰਨਾਵਾਂ ਦੀ ਉਲੰਘਣਾ ਕਰਦੀ ਹੋਈ ਆਪਣੀ ਜ਼ਿੰਦਗੀ ਨੂੰ ਤਬਾਹ ਕਰ ਲੈਂਦੀ ਹੈ। ਸਿਮਰਨ ਦੀ ਕਾਲਜ ਦੇ ਪ੍ਰੋਫੈਸਰ ਨਾਲ ਰਚਾਈ ਪ੍ਰੇਮ ਲੀਲ੍ਹਾ ਜਿੱਥੇ ਗੁਰੂ ਅਤੇ ਸ਼ਿਸ਼ ਦੇ ਰਿਸ਼ਤੇ ਨੂੰ ਅਪਵਿੱਤਰ ਕਰਦੀ ਹੈ ਉੱਥੇ ਪਿਆਰ ਦੇ ਨਵੇਂ ਉਸਰ ਰਹੇ ਮਾਪਦੰਡਾਂ ਨੂੰ ਵੀ ਪੇਸ਼ ਕਰਦੀ ਹੈ। ਅਖੀਰ ਇਸ ਰਿਸ਼ਤੇ ਦੀ ਅਸਫਲਤਾ ਤੋਂ ਹੀ ਸਾਰਾ ਦੁਖਾਂਤ ਉਪਜਦਾ ਹੈ। ਕਹਾਣੀ ਦੀਆਂ ਸਾਰੀਆਂ ਕੜੀਆਂ ਇਸੇ ਲੀਲ੍ਹਾ ਨਾਲ ਹੀ ਜੁੜੀਆਂ ਹੋਈਆਂ ਹਨ। ਸਿਮਰਨ ਦੀ ਦੋਸਤ ਮੇਘਨਾ ਵੀ ਪ੍ਰੋਫੈਸਰ ਵਿਕਾਸ ਦੇ ਪਿਆਰ ਦੀ ਅਸਫਲਤਾ ਤੋਂ ਬਾਅਦ ਖਪਤੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੀ ਹੋਈ ਵਿਆਹ ਨਾ ਕਰਵਾਉਣ ਦੀ ਸਲਾਹ ਦੇ ਉਲਟ ਸਿਮਰਨ ਨੂੰ ਆਪਣੇ ਤੋਂ ਵੱਡੀ ਉਮਰ ਦੇ ਮੈਨੇਜਰ ਨਾਲ ਵਿਆਹ ਕਰਾਉਣ ਲਈ ਪ੍ਰੇਰਿਤ ਕਰਦੀ ਹੈ। ਜਦੋਂ ਸਿਮਰਨ ਉਸਨੂੰ ਦੱਸਦੀ ਹੈ ਕਿ ਉਸਦੇ ਘਰਵਾਲੇ ਜਿਸ ਵਿਅਕਤੀ ਨਾਲ ਪੈਸੇ ਦੇ ਲਾਲਚ ਵਿੱਚ ਉਸਦਾ ਵਿਆਹ ਕਰ ਰਹੇ ਹਨ ਉਹ ਉਸ ਤੋਂ ਵੀ ਵੱਡੀ ਉਮਰ ਦਾ ਹੈ ਅਤੇ ਉਸਦਾ ਪਹਿਲਾਂ ਹੀ ਵਿਆਹ ਹੋ ਚੁੱਕਾ ਹੁੰਦਾ ਹੈ ਤਾਂ ਇਸ 'ਤੇ ਮੇਘਨਾ ਆਪਣੀ ਪ੍ਰਤੀਕਿਰਿਆ ਜ਼ਾਹਿਰ ਕਰਦੀ ਹੋਈ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਮਰਦ ਪ੍ਰਧਾਨ ਸਮਾਜ ਦੀ ਵਿਰੋਧਤਾ ਵਜੋਂ ਔਰਤ ਦੀ ਨਿੱਜੀ ਜ਼ਿੰਦਗੀ, ਹੋਂਦ, ਸਵੈ-ਪਛਾਣ ਤੇ ਨਾਰੀ ਚੇਤਨਾ ਨੂੰ ਉਭਾਰਦੀ ਹੋਈ ਚੰਗੇ ਪੱਖ ਤੋਂ ਉਸਨੂੰ ਕਹਿੰਦੀ ਹੈ ਕਿ:

> ਓ...ਨੋ..। ਮੇਘਨਾ ਆਖ ਰਹੀ ਸੀ। "ਪ੍ਰਾਬਲਮ ਇਹ ਨਹੀਂ ਸੈਕਿੰਡ ਇਸ ਯੁੱਗ ਵਿੱਚ ਸੈਕਿੰਡ ਹੈਂਡ ਕੋਈ ਈਸ਼ੂ ਨਹੀਂ ਈਸ਼ੂ ਹੈ ਆਪਣੀ ਮਰਜ਼ੀ ਆਪਣੀ ਇੱਛਾ ਅਨੁਸਾਰ ਜਿਉਣਾ। ਦੇਖ ਇਹ ਆਊਟ ਡੇਟਿਡ ਗੱਲਾਂ ਨੇ ਤੇਰੀਆਂ। ਦੇਖ ਸਦੀਆਂ ਤੋਂ ਸਾਨੂੰ ਜੁੱਤੀ ਹੇਠ ਰੱਖਿਆ ਮਰਦਾਂ ਨੇ ਹੁਣ ਅਸੀਂ

> ਇਹਨਾਂ ਨੂੰ ਜੁੱਤੀ ਹੇਠ ਰੱਖਣੈ ਬੱਸ।" ਮੇਘਨਾ ਬੋਲ ਰਹੀ ਸੀ, "ਬਦਲ ਭਾਰਤੀ ਨਾਰੀ ਬਦਲ...ਹਿੰਮਤ ਕਰ...ਕਿਸੇ ਭਗਵਾਨ ਨੇ ਨਹੀਂ ਆਉਣਾ ਤੈਨੂੰ ਮਰਦ ਦੇ ਪਿੰਜਰੇ ਵਿੱਚੋਂ...।(85)

**(ਅ) ਮਾੜੇ ਪੱਖ**: ਸੁਖਜੀਤ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਪੂੰਜੀ ਅਤੇ ਖ਼ਪਤ ਕਾਰਨ ਆਏ ਪਰਿਵਰਤਨ ਵਜੋਂ ਮਨੁੱਖੀ ਆਦਰਸ਼ ਤਿੜਕਣ ਕਾਰਨ ਮਾੜੇ ਪੱਖ ਉੱਭਰ ਰਹੇ ਹਨ। ਵਸਤੂਆਂ ਦੀ ਥਾਂ ਮਨੁੱਖ ਖੁਦ ਭੋਗਣ ਵਾਲੀ ਵਸਤੂ ਬਣ ਗਿਆ ਹੈ। ਮਨੁੱਖ ਦੇ ਸੱਭਿਅਕ-ਅਸੱਭਿਅਕ ਹੋਣ ਦੇ ਅਰਥਾਂ ਵਿੱਚ ਪਰਿਵਰਤਨ ਆ ਰਿਹਾ ਹੈ। ਪੂੰਜੀ ਕੇਂਦਰ ਵਿੱਚ ਹੋਣ ਕਰਕੇ ਸਭ ਕੁਝ ਪੈਸੇ ਦੁਆਲੇ ਘੁੰਮ ਰਿਹਾ ਹੈ। ਪੂੰਜੀ ਅਤੇ ਬਾਜ਼ਾਰ ਨੇ ਮਨੁੱਖ ਦੀਆਂ ਪਹਿਲਕਦਮੀਆਂ ਦੇ ਬਦਲ ਸਬੰਧੀ ਡਾ. ਬਲਜੀਤ ਕੌਰ ਨੇ *ਪੰਜਾਬੀ ਭਾਸ਼ਾ ਸਾਹਿਤ ਅਤੇ ਸੱਭਿਆਚਾਰ ਇਕੀਵੀਂ ਸਦੀ ਦੇ ਪ੍ਰਸੰਗ ਵਿੱਚ ਚਣੌਤਿਆਂ ਅਤੇ* ਸੰਭਾਵਨਾਵਾਂ 'ਚ ਆਪਣੇ ਵਿਚਾਰ ਦਿੰਦੇ ਕਿਹਾ ਹੈ ਕਿ:

> ਮੁਨਾਫ਼ਾਖੋਰ ਇਸ਼ਤਿਹਾਰਬਾਜ਼ੀ ਤੇ ਫਿਲਮਾਂ, ਟੀ.ਵੀ. ਰਾਤ-ਦਿਨ ਗਲੈਮਰਾਈਜ਼ ਕਰ ਰਹੇ ਹਨ। ਇਸ ਰੁਝਾਨ ਦੇ ਵੱਧਣ ਨਾਲ ਸਾਡੇ ਘਰ, ਪਰਿਵਾਰ ਦੀ ਹੰਢਣਸਾਰ ਵਿਉਂਤ ਅਤੇ ਉਚ ਮਨੁੱਖੀ ਕੀਮਤਾਂ ਨੂੰ ਨਕਾਰਣ ਦਾ ਰੁਝਾਨ ਵਧ ਰਿਹਾ ਹੈ।(80)

ਇਸ ਤਰ੍ਹਾਂ ਜਿਵੇਂ-ਜਿਵੇਂ ਨਵੀਆਂ ਪ੍ਰਸਥਿਤੀਆਂ ਪੈਦਾ ਹੋ ਰਹੀਆਂ ਹਨ। ਉਸ ਨਾਲ ਪੰਜਾਬੀ ਸੱਭਿਆਚਾਰ ਲਈ ਨਵੀਆਂ ਵੰਗਾਰਾਂ ਖੜ੍ਹੀਆਂ ਹੋ ਰਹੀਆਂ ਹਨ ਜਿਨ੍ਹਾਂ ਦਾ ਸਾਹਮਣਾ ਸਮਕਾਲੀ ਪੰਜਾਬੀ ਕਹਾਣੀ ਮਾੜੇ ਪੱਖ ਤੋਂ ਕਰਦੀ ਹੈ। ਸੁਖਜੀਤ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਵਾਪਰ ਰਹੇ ਪਰਿਵਰਤਨ ਨੂੰ ਰਿਸ਼ਤਿਆਂ-ਨਾਤਿਆਂ ਦੇ ਬਦਲਦੇ ਮਾੜੇ ਪੱਖ ਵਾਲੇ ਸਮੀਕਰਨਾਂ ਰਾਹੀਂ ਪੇਸ਼ ਕਰਦੀ ਹੈ। ਇਹਨਾਂ ਸਮੀਕਰਨਾਂ ਬਾਰੇ ਡਾ. ਬਲਦੇਵ ਸਿੰਘ ਧਾਲੀਵਾਲ *ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ* 'ਚ ਫ਼ਰਮਾਉਂਦੇ ਹਨ:

> ਵਿਸ਼ਵੀਕਰਨ ਦੀ ਵਿਚਾਰਧਾਰਾ ਨੇ ਮਨੁੱਖ ਦੀਆਂ ਉਪਯੋਗੀ ਚੇਸ਼ਟਾਵਾਂ ਨੂੰ ਇਸ ਕਦਰ ਉਤੇਜਿਤ ਕੀਤਾ ਹੈ ਕਿ ਉਸਦੀ ਚੇਤਨਾ ਵਿੱਚ ਕਾਮ ਦੀ ਪ੍ਰਵ੍ਰਿਤੀ ਹਿਰਸ ਬਣ ਕੇ ਕੇਂਦਰੀ

ਸਪੇਸ ਪ੍ਰਾਪਤ ਕਰ ਚੁੱਕੀ ਹੈ। ਇਸ ਹਿਰਸ ਨੇ ਪਰਿਵਾਰਕ ਭਾਈਚਾਰਕ ਅਤੇ ਸਦਾਚਾਰਕ ਰਿਸ਼ਤਿਆਂ ਦੀਆਂ ਸੀਮਾਵਾਂ ਵੀ ਭੰਗ ਕਰ ਦਿੱਤੀਆਂ ਹਨ।(67-68)

ਸੁਖਜੀਤ ਨੇ *ਹੁਣ ਮੈਂ ਇੰਜੁਆਏ ਕਰਦੀ ਆਂ* ਕਹਾਣੀ ਸੰਗ੍ਰਹਿ ਦੀ ਕਹਾਣੀ 'ਹਜ਼ਾਰ ਕਹਾਣੀਆਂ ਦਾ ਬਾਪ' ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਯੁੱਗ ਚੇਤਨਾ ਅਨੁਕੂਲ ਹੀ ਸਮਾਜਿਕ ਅਤੇ ਪਰਿਵਾਰਕ ਸੰਕਟਾਂ ਦੀ ਵਸਤੂਗਤ ਸਥਿਤੀ ਨੂੰ ਨਵੇਂ ਨੈਤਿਕ ਪ੍ਰਤਿਮਾਨਾਂ ਦੇ ਮਾੜੇ ਪੱਖ ਰਾਹੀਂ ਸਿਰਜਿਆ ਹੈ। ਕਹਾਣੀ ਦੇ ਮੈਂ ਪਾਤਰ ਸੈਣੀ ਵਰਗੇ ਲੋਕਾਂ ਲਈ ਪਰਿਵਾਰਕ ਸੰਕਟ ਦੀ ਸਥਿਤੀ ਉਦੋਂ ਉਤਪੰਨ ਹੁੰਦੀ ਹੈ, ਜਦੋਂ ਉਸਦੀ ਘਰਵਾਲੀ ਆਪਣੀਆਂ ਚਾਰ ਧੀਆਂ ਨੂੰ ਛੱਡ ਕੇ ਪਿੰਡ ਦੇ ਹੀ ਮੁੰਡੇ ਨਾਲ ਭੱਜ ਜਾਂਦੀ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਸਮਾਜ ਵਿੱਚ ਉਸ ਲਈ ਵਿਚਰਨਾ ਔਖਾ ਹੋਣ 'ਤੇ ਉਹ ਪਿੰਡ ਛੱਡ ਕੇ ਸ਼ਹਿਰ ਚਲੇ ਜਾਂਦਾ ਹੈ। ਸ਼ਹਿਰ ਜਾ ਕੇ ਉਸਨੂੰ ਆਪਣੇ ਪਿੰਡ ਤੋਂ ਵਿਛੁੰਨੇ ਜਾਣ ਦਾ ਦੁੱਖ ਹੈ, ਜਿਸ ਕਰਕੇ ਸ਼ਹਿਰ ਵਿੱਚ ਉਹ ਸੁਖੀ ਜੀਵਨ ਬਤੀਤ ਨਹੀਂ ਕਰ ਪਾਉਂਦਾ। ਇਸ ਸਭ ਕੁਝ ਦਾ ਜ਼ਿੰਮੇਵਾਰ ਉਹ ਆਪਣੀ ਘਰਵਾਲੀ ਨੂੰ ਠਹਿਰਾਉਂਦਾ ਹੈ। ਕਹਾਣੀ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਅਜਿਹੀ ਸਥਿਤੀ-ਪਰਿਸਥਿਤੀ ਦੇ ਪਰਿਵਰਤਨ ਕਾਰਨ ਮਾੜੇ ਪੱਖ ਵਜੋਂ ਆਪਣੇ ਆਪ ਨੂੰ ਕੋਸਦਾ ਹੋਇਆ ਕਹਿੰਦਾ ਹੈ ਕਿ:

> ਮੈਨੂੰ ਮੇਰੀ ਤੀਵੀਂ ਨੇ ਬਰਬਾਦ ਕਰਤਾ, ਜਿਹੜੀ ਜੱਟਾਂ ਦੇ ਮੁੰਡੇ ਨਾਲ ਭੱਜ ਗਈ ਲੋਕਾਂ ਦੀਆਂ ਗੱਲਾਂ ਜਿਉਣ ਨਹੀਂ ਸੀ ਦਿੰਦੀਆਂ, ਵਿਚਾਰਾਂ...ਚਾਰ ਕੁੜੀਆਂ ਦਾ ਪਿਓ ਕੀ ਕਰੂ ਵਿਚਾਰਾ? ਜਿੰਨੇ ਮੂੰਹ ਓਨੀਆਂ ਗੱਲਾਂ। ਜ਼ਮੀਨ ਵੇਚ ਸ਼ਹਿਰ ਆਉਣਾ ਪਿਆ। ਕੀ ਪਤਾ ਸੀ ਕਿ ਇੱਥੇ ਗਿੱਲ ਟੱਕਰ ਜੂਗਾ, ਚੀਨੇ ਵਾਂਗੂੰ, ਉਹ ਮੇਰੀ ਘਰਵਾਲੀ ਲੈ ਗਿਆ, ਇਹਨੇ ਮੇਰਾ ਸੁੱਖ ਚੈਨ ਲੈ ਲਿਆ।(14)

ਇਸ ਤਰ੍ਹਾਂ ਕਹਾਣੀ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਪਰਿਵਰਤਨ ਕਾਰਨ ਪਰਿਵਾਰਕ ਹਾਲਾਤਾਂ ਤੋਂ ਦੁਖੀ ਸੈਣੀ ਵਰਗੇ ਲੋਕ ਅਜਿਹੀ ਮਾਨਸਿਕ ਬਿਮਾਰੀ ਦਾ ਸ਼ਿਕਾਰ ਹੋ ਜਾਂਦੇ ਹਨ ਕਿ ਉਹ ਆਪਣੇ ਪਰਿਵਾਰਕ ਮੈਂਬਰਾਂ ਨੂੰ ਸ਼ੱਕ ਦੀ ਨਜ਼ਰ ਨਾਲ ਮਾੜੇ ਪੱਖ ਵਜੋਂ ਦੇਖਦੇ ਹਨ। ਇਸੇ ਲਈ ਸੈਣੀ

ਆਪਣੀਆਂ ਧੀਆਂ ਨਾਲ ਪਿਤਾ ਵਾਂਗ ਨਹੀਂ, ਬਲਕਿ ਪਰਾਏ ਮਰਦ ਵਾਂਗ ਵਿਵਹਾਰ ਕਰਦਾ ਹੈ ਤੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਆਪਣੀ ਸੋਚ ਵਿੱਚ ਮਾੜੇ ਪੱਖ ਵਜੋਂ ਆਏ ਪਰਿਵਰਤਨ ਨੂੰ ਉਭਾਰਦਾ ਹੋਇਆ ਕਹਿੰਦਾ ਹੈ ਕਿ:

> ਅੱਖ ਤਾਂ ਊਂ ਘਰ 'ਚ ਉਠਦੀ ਹੀ ਨਹੀਂ, ਪਹਾੜ ਹੀ ਪਹਾੜ ਨੇ ਤੇ ਤਿੱਖੀਆਂ ਚੋਟੀਆਂ ਸਿੱਧੀਆਂ ਅੱਖਾਂ 'ਚ ਵੱਜਦੀਆਂ। ਮੈਂ ਤਾਂ ਬਹੁਤੀ ਵਾਰ ਅੱਖਾਂ ਮੀਟ ਕੇ ਹੀ ਤੁਰਦਾ। ਪਰ ਕਿਸੇ ਨੂੰ ਕੀ ਦੱਸੇ ਬੰਦਾ ਕੀ ਇਹਨਾਂ ਦੀਆਂ ਨਿੱਕੀਆਂ ਹੁੰਦੀਆਂ ਦੀਆਂ ਕੱਛੀਆਂ ਬਦਲਦਾ ਰਿਹਾ...ਪਰ ਹੁਣ ਬਾਥਰੂਮ 'ਚ ਜਾਨਾਂ ਤੇ ਇਹਨਾਂ ਦੇ ਕੱਪੜੇ ਡੰਗ ਮਾਰਦੇ ਨੇ ਸੱਪ ਵਾਂਗੂ ਬਥੇਰੀ ਘੂਰ-ਘੱਪ ਕਰਦਾਂ ਕਿ ਆਪਣੇ ਕੱਪੜੇ ਸਾਂਭ ਕੇ ਰੱਖਿਆ ਕਰੋ ਪਰ। ਉੱਤੋਂ ਕੱਪੜਿਆਂ ਦੀ ਗੰਧ ਅੱਖਾਂ ਤਾਂ ਬੰਦਾ ਬੰਦ ਕਰ ਲੈਂਦਾ ਪਰ ਨੱਕ ਦਾ ਕੀ ਕਰੇ, ਆਖਰ ਸਾਹ ਵੀ ਲੈਣਾ ਬੰਦੇ ਨੇ, ਮਰਨਾ ਤਾਂ ਨਹੀਂ ਨਾ।( 8-9)

ਇਸ ਤਰ੍ਹਾਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਸੈਣੀ ਦੇ ਦੁਖੀ ਪਰਿਵਾਰ ਦਾ ਦੁੱਖ ਘੱਟ ਕਰਨ ਲਈ ਕੋਈ ਵੀ ਨਹੀਂ ਬਹੁੜਦਾ ਬਲਕਿ ਸਾਰੇ ਉਸਦੀਆਂ ਮੁਸ਼ਕਿਲਾਂ ਵਿੱਚ ਵਾਧਾ ਹੀ ਕਰਦੇ ਹਨ। ਉਸਦੇ ਦਫ਼ਤਰ ਦਾ ਅਮਲਾ ਜਿਸ ਵਿੱਚ ਮਠਾੜੂ, ਗਿੱਲ ਅਤੇ ਧਾਲੀਵਾਲ ਵਰਗੇ ਲੋਕ ਹਨ। ਇਹਨਾਂ ਵਿੱਚੋਂ ਗਿੱਲ ਵਰਗੇ ਜੱਟ ਹਉਂ ਦੀ ਬਿਰਤੀ ਵਾਲੇ ਲੋਕ ਸੈਣੀ ਦੇ ਦੁਖ ਨੂੰ ਨਾ ਸਮਝਦੇ ਹੋਏ ਉਸਦਾ ਮਜ਼ਾਕ ਉਡਾਉਂਦੇ ਹਨ। ਪਿੰਡ ਤੋਂ ਸ਼ਹਿਰ ਆਏ ਸੈਣੀ ਨੂੰ ਸ਼ਹਿਰੀ ਸੱਭਿਅਤਾ ਦੀਆਂ ਕੀਮਤਾਂ ਵੀ ਨਹੀਂ ਭਾਉਂਦੀਆਂ। ਇਸ ਕਰਕੇ ਉਹ ਆਪਣੀਆਂ ਧੀਆਂ ਨੂੰ ਕੁਝ ਵੀ ਸਿੱਧੇ ਰੂਪ ਵਿੱਚ ਕੁਝ ਕਹਿਣ ਤੋਂ ਕੰਨੀ ਕੁਤਰਾਉਂਦਾ ਹੋਇਆ ਉਹਨਾਂ ਉੱਤੇ ਸੋਚ ਵਿੱਚ ਪਰਿਵਰਤਨ ਕਾਰਨ ਗੱਲ-ਗੱਲ ਤੇ ਸ਼ੱਕ ਕਰਦਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਸੈਣੀ ਦੇ ਸ਼ੱਕੀ ਸੁਭਾਅ ਦਾ ਮਜ਼ਾਕ ਉਸਦੀਆਂ ਧੀਆਂ ਵੀ ਮਾੜੇ ਪੱਖ ਵਜੋਂ ਉਡਾਉਂਦੀਆਂ ਹਨ।

> ਇਹਨਾਂ ਨੂੰ ਸਮਝਾਉਣ ਬੈਠ ਜਾਨਾਂ ਦੇਖਿਓ ਧੀਏ, ਮੇਰੀ ਪੱਗ ਵੱਲ ਦੇਖਿਓ, ਮੇਰੀ ਲਾਜ ਥੋਡੇ ਹੱਥ ਐ। ਥੋਡੇ ਤਾਂ ਡੈਡੀ ਪਟੇ ਵੀ ਬਹੁਤ ਜਚਣ ਪੱਗ ਦਾ ਸਿਆਪਾ ਹੀ ਮੁਕਾਓ। ਤੀਜੀ ਛੇੜਾਂ ਕਰੂ, ਦੂਜੀਆਂ ਹੱਸਣਗੀਆਂ। ਇਹ ਨਹੀਂ ਮਾਂ ਵਾਂਗੂ ਮੌਕਾ ਖੁੰਝਣ ਦਿੰਦੀ, ਹਰ ਵੇਲੇ ਮੇਰੇ ਟੋਟਣ 'ਚ

ਮਾਰਦੀ ਐ।( 16)

ਇਸ ਤਰ੍ਹਾਂ ਸੁਖਜੀਤ ਨੇ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਔਰਤ ਨਾਲ ਜੁੜੇ ਨੈਤਿਕ ਪ੍ਰਤੀਮਾਨਾਂ ਨੂੰ ਮਾੜੇ ਪੱਖ ਨੂੰ ਪੇਸ਼ ਕੀਤਾ ਗਿਆ ਹੈ। ਉਸ ਨੇ ਕਹਾਣੀਆਂ ਦੁਆਰਾ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਇਖ਼ਲਾਕੀ ਕਦਰਾਂ-ਕੀਮਤਾਂ ਨਾਲ ਜੁੜੇ ਪ੍ਰਤੀਮਾਨ ਔਰਤ ਦੁਆਲੇ ਹੀ ਘੁੰਮਦੇ ਹਨ। ਮਰਦ ਨੂੰ ਸਮਾਜ ਨੇ ਨਾਤੇ-ਧੋਤੇ ਘੋੜੇ ਦੀ ਪਦਵੀ ਦਿੱਤੀ ਹੋਈ ਹੈ। ਮਰਦ ਪ੍ਰਧਾਨ ਸਮਾਜ ਦੀ ਵਿਵਹਾਰਿਕ ਸੋਚ ਵਿੱਚ ਆਏ ਪਰਿਵਰਤਨ ਕਾਰਨ ਮਰਦ ਪਾਤਰ ਆਪਣੀ ਮਾਨਸਿਕਤਾ ਦਾ ਹੱਲ ਲੱਭਣ ਦੀ ਥਾਂ ਅਸਲ ਕਾਰਨਾਂ ਤੋਂ ਅਣਜਾਣ ਹੁੰਦੇ ਹਨ। ਇਸੇ ਕਹਾਣੀ ਸੰਗ੍ਰਹਿ ਦੀ ਕਹਾਣੀ 'ਜੀ ਬੀਬੀ ਜੀ' ਵੀ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਇਸੇ ਮਰਦ ਪ੍ਰਧਾਨ ਸਮਾਜ ਨੂੰ ਸ਼ਬਦੀ ਜਾਮਾ ਪਹਿਣਾਉਂਦੀ ਹੈ। 'ਜੀ ਬੀਬੀ ਜੀ' ਕਹਾਣੀ ਵਿੱਚਲੀ ਮੁੱਖ ਕਿਰਦਾਰ ਸਿਮਰਨ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਮਰਦ ਪ੍ਰਧਾਨ ਸਮਾਜ ਦੀ ਵਧੀਕੀ ਦਾ ਸ਼ਿਕਾਰ ਦਰਸਾਇਆ ਗਿਆ ਹੈ। ਉਸਦੇ ਜਨਮ ਤੋਂ ਜਵਾਨੀ ਤਕ ਤੈਅ ਕੀਤੀ ਗਈ ਜੀਵਨ ਯਾਤਰਾ ਮਰਦ ਪ੍ਰਧਾਨ ਸਮਾਜ ਵਿੱਚਲੇ ਲਿੰਗ ਆਧਾਰਿਤ ਵਿਤਕਰੇ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਮਾੜੇ ਵਿਵਹਾਰ ਦਾ ਜ਼ਿਕਰ ਸਪੱਸ਼ਟ ਦਿਖਾਈ ਦਿੰਦਾ ਹੈ। ਇਸ ਦਾ ਸਪੱਸ਼ਟੀਕਰਨ ਕਹਾਣੀ ‘ਜੀ ਬੀਬੀ ਜੀ’ ਵਿੱਚ ਦਿੱਤੇ ਹਵਾਲੇ ਤੋਂ ਹੋ ਜਾਂਦਾ ਹੈ। ਜਿਵੇਂ ਕਿ:

> ਅੱਕੀ ਨੇ ਕਾਲਜ ਜਾਣ ਤੋਂ ਪਹਿਲਾਂ ਪਹਿਲਾਂ ਆਪਣਾ ਨਾਂ ਬਦਲ ਕੇ ਸਿਮਰਨ ਰੱਖ ਲਿਆ ਸੀ। ਘਰ ਵਿੱਚ ਦਾਦੇ ਤੋਂ ਮਗਰੋਂ ਪਿਓ ਦਾ ਰਾਜ ਸੀ। ਨਾ ਕਦੇ ਦਾਦੀ ਨੇ ਉੱਚਾ ਸਾਹ ਲਿਆ ਸੀ, ਨਾ ਮਾਂ ਨੇ, ਅੱਗੋਂ ਹੋਸ਼ ਸੰਭਾਲਦੀ ਸਿਮਰਨ ਨੂੰ ਵੀ ਤਾੜਣਾ ਕਰ ਦਿੱਤੀ ਗਈ ਸੀ। ਪਿਓ ਦੀ ਉਮਰ ਅਜੇ ਢਾਲੇ ਨਹੀਂ ਸੀ ਪਈ ਕਿ ਛੋਟਾ ਭਰਾ ਜਵਾਨੀ ਚੜ੍ਹਨ ਲੱਗਾ। ਸਿਮਰਨ ਵੱਡੀ ਸੀ ਤੇ ਬੀ.ਏ. ਤਕ ਹਰ ਕਲਾਸ ਵਿੱਚ ਫਸਟ ਆਉਂਦੀ ਰਹੀ ਸੀ ਪਰ ਛੋਟੇ ਭਰਾ ਲਈ ਉਹ ਕਮ-ਅਕਲ ਤੇ ਵਾਧੂ ਸ਼ੈਅ ਸੀ। ਉਹ ਤਾਂ ਮਾਂ ਨੂੰ ਵੀ ਅੱਖਾਂ ਕੱਢ ਲੈਂਦਾ ਸੀ, ਪਿਓ ਦੀ ਰੀਸ। ਸਿਮਰਨ ਪੜ੍ਹ ਰਹੀ ਹੁੰਦੀ, ਉਹ ਆ ਕੇ

> ਲਾਈਟ ਬੁਝਾ ਦਿੰਦਾ ਤੇ ਹੁਕਮ ਚਾੜ੍ਹਦਾ, "ਸੌਂ ਜਾਂ ਵੱਡੀਏ ਪੜ੍ਹਾਕੇ ਤੇ ਹੋਰਾਂ ਨੂੰ ਵੀ ਸੌਣ ਦੇ। ਤੇਰੇ ਵਾਂਗੂ ਵਿਹਲੇ ਨਹੀਂ ਸਾਰੇ।(79)

ਇਸ ਤਰ੍ਹਾਂ ਕਹਾਣੀ 'ਜੀ ਬੀਬੀ ਜੀ' ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਔਰਤ ਦੇ ਅੰਤਰਮਨ ਦੀ ਪੀੜਾ ਅਤੇ ਅਤ੍ਰਿਪਤ ਇੱਛਾ ਦੇ ਵਿਰਲਾਪ ਨੂੰ ਮਰਦ ਪ੍ਰਧਾਨ ਸੋਚ ਵਿੱਚ ਪਰਿਵਰਤਨ ਕਾਰਨ ਮਾੜੇ ਪੱਖ ਨੂੰ ਪੇਸ਼ ਕੀਤਾ ਗਿਆ ਹੈ। ਕਹਾਣੀ ਦਾ ਬਿਰਤਾਂਤਕ ਸੰਗਠਨ ਔਰਤ ਦੇ ਮਨ ਦੀਆਂ ਤਹਿਆਂ ਨੂੰ ਫਰੋਲਦਾ ਹੋਇਆ ਉਸਦੇ ਕਈ ਹੋਰ ਪਹਿਲੂ ਵੀ ਉਭਾਰਦਾ ਹੈ। ਪਿਆਰ ਵਿੱਚ ਮਿਲੀ ਅਸਫਲਤਾ ਉਪਰੰਤ ਵਿਆਹ ਅਤੇ ਫਿਰ ਬੇਵਫ਼ਾਈ ਅਖੀਰ ਫਿਰ ਵਫ਼ਾ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕਰਨਾ ਔਰਤ ਦੇ ਮਾਨਸਿਕ ਦ੍ਰਿਸ਼ਟੀਕੋਣ ਨੂੰ ਕਈ ਪੱਖਾਂ ਤੋਂ ਅਗਰਭੂਮਿਤ ਕਰਦਾ ਹੈ। ਆਰਥਿਕ ਮੰਦਹਾਲੀ ਦੀ ਹਾਲਤ ਵਿੱਚ ਅਣਜੋੜ ਵਿਆਹ ਦੀ ਸਮੱਸਿਆ ਤੋਂ ਮੈਂ ਪਾਤਰ ਦਾ ਦੁਖਾਂਤਕ ਸਫ਼ਰ ਸ਼ੁਰੂ ਹੁੰਦਾ ਹੈ। 'ਮੈਂ' ਪਾਤਰ ਦਾ ਭਰਾ ਲਾਲਚੀ ਸੋਚ ਵਿੱਚ ਗਰੱਸਿਆ ਆਪਣੀ ਭੈਣ ਦਾ ਸੌਦਾ ਕਰਕੇ ਜਿੱਥੇ ਉਹਦੇ ਚਾਵਾਂ ਤੇ ਸੱਧਰਾਂ ਦਾ ਕਤਲ ਕਰਦਾ ਹੈ, ਉੱਥੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਨੈਤਿਕ ਮੁੱਲ-ਵਿਧਾਨ ਨੂੰ ਵੀ ਮਾੜੇ ਪੱਖ ਤੋਂ ਕਲੰਕਿਤ ਕਰਦਾ ਹੈ। ਬੈਂਕ ਮੈਨੇਜਰ ਦੇ ਸਾਹਮਣੇ ਉਹ ਆਪਣੀ ਭੈਣ ਨੂੰ ਵਸਤੂ ਰੂਪ ਵਿੱਚ ਪੇਸ਼ ਕਰਕੇ ਆਪਣੇ ਹਿੱਤਾਂ ਦੀ ਪੂਰਤੀ ਕਰਨਾ ਚਾਹੁੰਦਾ ਹੈ। ਸਵੈ-ਹਿੱਤਾਂ ਨੂੰ ਪਹਿਲ ਦਿੰਦਾ ਅਜੋਕਾ ਇਨਸਾਨ ਰਿਸ਼ਤਿਆਂ –ਨਾਤਿਆਂ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਗੌਣ ਸਮਝਦਾ ਹੈ। ਮੈਂ ਪਾਤਰ ਸਿਮਰਨ ਦੇ ਨਾਲ ਉਹਦਾ ਭਰਾ ਕੁਝ ਅਜਿਹਾ ਹੀ ਕਰਦਾ ਹੈ। ਜਿਵੇਂ ਕਿ:

> ਉਹ ਨਵਾਂ ਬੰਦਾ ਸੀ ਜੋ ਭਰਾ ਨਾਲ ਘਰ ਆਇਆ ਸੀ। ਉਹਨਾਂ ਸ਼ਰਾਬ ਵੀ ਪੀਤੀ ਸੀ ਬੈਠਕ ਵਿੱਚ। ਨਿੱਕ ਸੁੱਕ ਪੁਚਾਉਣ ਦਾ 'ਆਡਰ' ਭਰਾ ਨੇ ਸਿਮਰਨ ਨੂੰ ਦਿੱਤਾ ਸੀ। ਉਹ ਬੰਦਾ ਖਾ ਪੀ ਘੱਟ ਰਿਹਾ ਸੀ, ਸਿਮਰਨ ਨੂੰ ਜ਼ਿਆਦਾ ਤਾੜ ਰਿਹਾ ਸੀ। ਉਹ ਬਾਰ ਬਾਰ ਭਰਾ ਨੂੰ ਕਹਿ ਰਿਹਾ ਸੀ, "ਸੇਵਾ ਦੱਸ ਛੋਟੇ ਭਾਈ ਕੋਈ ਸੇਵਾ। ਹੱਥ ਮਿਲਾ ਕੇਰਾਂ ਕਰੋੜਾਂ 'ਚ ਖੇਡਣ ਲਾਦੂੰ ਡੀਅਰ ਕਰੋੜਾਂ 'ਚ।" ਸਿਮਰਨ ਨੂੰ ਲੱਗਿਆ, ਜਿਵੇਂ ਉਹ ਉਸਨੂੰ ਸੁਣਾ ਰਿਹਾ ਹੋਵੇ।( 80-81)

ਸੱਭਿਆਚਾਰਕ ਰੂਪਾਂਤਰਨ ਤੋਂ ਲਿੰਗ ਇੱਕ ਸਮਾਜਿਕ ਧਾਰਨਾ ਹੈ ਜਿਸ ਮੁਤਾਬਕ ਔਰਤ-ਮਰਦ ਦੀ ਭੂਮਿਕਾ ਜਨਮ ਤੋਂ ਨਿਰਧਾਰਿਤ ਨਹੀਂ ਹੁੰਦੀ ਬਲਕਿ ਸਮਾਜ ਨਿਰਧਾਰਿਤ ਕਰਦਾ ਹੈ। ਇਸੇ ਕਰਕੇ ਨਾ ਤਾਂ ਇਹ ਹਮੇਸ਼ਾ ਲਈ ਸਥਿਰ ਰਹਿੰਦੀ ਹੈ ਅਤੇ ਨਾ ਹੀ ਹਰ ਸਮਾਜ ਵਿੱਚ ਇੱਕ ਸਮਾਨ ਹੁੰਦੀ ਹੈ। ਜਿੱਥੇ ਮਰਦ ਪ੍ਰਧਾਨ ਸਮਾਜ ਹੈ, ਉੱਥੇ ਆਦਮੀ ਦਾ ਪਲੜਾ ਭਾਰੀ ਹੁੰਦਾ ਹੈ। ਵੰਸ਼ ਉਸਦੇ ਨਾਮ ਉੱਤੇ ਚੱਲਦਾ ਹੈ। ਆਰਥਿਕ ਸ਼ਕਤੀ ਉਸਦੇ ਹੱਥ ਵਿੱਚ ਹੋਣ ਕਾਰਨ ਉਹ ਹੀ ਸ਼ਕਤੀਸ਼ਾਲੀ ਹੁੰਦਾ ਹੈ। ਇਸ ਸ਼ਕਤੀ ਨੂੰ ਬਣਾਏ ਰੱਖਣ ਲਈ ਸਮਾਜ ਦਾ ਪੂਰਾ ਢਾਂਚਾ ਉਸੇ ਤਰ੍ਹਾਂ ਉਸਾਰ ਦਿੱਤਾ ਜਾਂਦਾ ਹੈ। ਬਲਵਿੰਦਰ ਅਰੋੜਾ ਦੀ ਕਿਤਾਬ *ਨਾਰੀ ਸ਼ਕਤੀ* ਦੇ ਅਨੁਸਾਰ:

> ਸਮਾਜੀਕਰਣ ਦੀਆਂ ਸਾਰੀਆਂ ਸੰਸਥਾਵਾਂ ਜਿਵੇਂ ਪਰਿਵਾਰ, ਸਕੂਲ, ਧਰਮ, ਰਾਜ, ਵਿਆਹ ਆਦਿ ਇਸੇ ਸ਼ਕਤੀ ਢਾਂਚੇ ਨੂੰ ਕਾਇਮ ਰੱਖਣ ਲਈ ਕਾਰਜਸ਼ੀਲ ਰਹਿੰਦੀਆਂ ਹਨ। ਪੰਜਾਬੀ ਸਮਾਜ ਦਾ ਇਹੋ ਸੱਚ ਹੈ।(28)

ਇੱਥੇ ਬੱਚੇ ਦੇ ਜਨਮ ਨਾਲ ਹੀ ਇਸ ਸਮਾਜਿਕ ਵਿਤਕਰੇ ਦਾ ਮੁੱਢ ਬੱਝ ਜਾਂਦਾ ਹੈ ਅਤੇ ਫੇਰ ਸ਼ੁਰੂ ਹੁੰਦਾ ਹੈ ਇੱਕ ਸਮਾਜਿਕ ਜੀਵ ਨੂੰ ਔਰਤ ਬਣਾਉਣ ਦਾ ਸਿਲਸਿਲਾ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ 'ਜੀ ਬੀਬੀ ਜੀ' ਕਹਾਣੀ ਵਿੱਚ ਸਿਮਰਨ ਦੀ ਜ਼ਿੰਦਗੀ ਵਿੱਚ ਵੀ ਇਸ ਵਿਤਕਰੇ ਦੀ ਸ਼ੁਰੂਆਤ ਉਸਦੇ ਜੰਮਣ ਉਪਰੰਤ ਉਸਦੇ ਨਾਮਕਰਣ ਨਾਲ ਹੀ ਹੋ ਜਾਂਦੀ ਹੈ। ਸਿਮਰਨ ਦੀ ਜ਼ਿੰਦਗੀ ਵਿੱਚ ਪਿਤਾ ਦੇ ਰੂਪ ਵਿੱਚ ਆਇਆ ਪਹਿਲਾ ਮਰਦ ਉਸਦਾ ਨਾਮ ਅੱਕੀ ਰੱਖ ਕੇ ਉਸਦੀ ਹੋਂਦ ਪ੍ਰਤੀ ਆਪਣਾ ਵਿਰੋਧ ਜਤਾ ਦਿੰਦਾ ਹੈ। ਘਰ ਵਿੱਚ ਦਾਦੇ ਤੋਂ ਬਾਅਦ ਪਿਉ ਦਾ ਰਾਜ ਸੀ। ਨਾ ਕਦੇ ਦਾਦੀ ਨੇ ਉੱਚਾ ਸਾਹ ਲਿਆ ਅਤੇ ਨਾ ਹੀ ਸਿਮਰਨ ਦੀ ਮਾਂ ਨੇ। ਅੱਗੇ ਹੋਸ਼ ਸੰਭਾਲਦੀ ਸਿਮਰਨ ਨੂੰ ਵੀ ਤਾੜਨਾ ਕਰ ਦਿੱਤੀ ਗਈ। ਅਜੇ ਪਿਉ ਦੀ ਉਮਰ ਢਾਲੇ ਨਹੀਂ ਪਈ ਸੀ ਕਿ ਸਿਮਰਨ ਦਾ ਛੋਟਾ ਭਰਾ ਜਵਾਨੀ ਚੜ੍ਹਨ ਲੱਗਾ। ਉਸਨੇ ਹਰ ਤਰ੍ਹਾਂ ਨਾਲ ਪਿਉ ਦਾ ਲਹਿਜ਼ਾ ਅਪਣਾ ਲਿਆ। ਉਹ ਵੀ ਆਪਣੇ ਤੋਂ ਤਿੰਨ ਸਾਲ ਵੱਡੀ ਭੈਣ ਸਿਮਰਨ ਨਾਲ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਵਧੀਕੀਆਂ ਕਰਨ ਲੱਗਾ। ਸੱਭਿਆਚਾਰਕ ਰੂਪਾਂਤਰਨ ਦੇ

ਸਮਾਜਿਕ ਪੱਖ ਤੋਂ ਇਹਨਾਂ ਵਧੀਕੀਆਂ ਦੀ ਅੱਤ ਉਦੋਂ ਹੁੰਦੀ ਹੈ ਜਦ ਉਹ ਨਿੱਜੀ ਸਵਾਰਥ ਲਈ ਪਿਉ ਨੂੰ ਆਪਣੇ ਮਗਰ ਲਾ ਸਿਮਰਨ ਨੂੰ ਉਸਦੀ ਇੱਛਾ ਵਿਰੁੱਧ ਦਹਾਜੂ ਦੇ ਲੜ੍ਹ ਲਾ ਦਿੰਦਾ ਹੈ। ਸਿਮਰਨ ਦੀ ਮਾਂ ਉਸ ਅੱਗੇ ਖਾਨਦਾਨ, ਬਾਪ, ਭਰਾ ਦੀ ਇੱਜ਼ਤ ਦੇ ਤਰਲੇ ਕਰ ਸਥਿਤੀ ਨਾਲ ਸਮਝੌਤਾ ਕਰ ਲੈਣ ਦੇ ਵਾਸਤੇ ਪਾਉਂਦੀ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਮਜਬੂਰੀ ਵੱਸ ਹਾਲਾਤ ਨਾਲ ਕੀਤਾ ਸਮਝੌਤਾ ਸਿਮਰਨ ਨੂੰ ਪੂਰੀ ਮਰਦ ਜਾਤ ਦਾ ਵਿਰੋਧੀ ਬਣਾ ਦਿੰਦਾ ਹੈ। ਉਹ ਪੂਰੀ ਮਰਦ ਜਾਤ ਤੋਂ ਹੀ ਬਦਲਾ ਲੈਣ ਦੀ ਠਾਣ ਲੈਂਦੀ ਹੈ ਅਤੇ ਬਦਲਾ ਲੈਣ ਲੱਗਦੀ ਹੈ। ਪਹਿਲਾਂ ਆਪਣੇ ਪਿਉ ਤੇ ਭਰਾ ਨਾਲ ਰਿਸ਼ਤਾ ਤੋੜ ਕੇ ਅਤੇ ਫੇਰ ਆਪਣੇ ਪਤੀ ਮਿਸਟਰ ਮੈਨੇਜਰ ਨੂੰ ਲਗਾਤਾਰ ਮਾਨਸਿਕ ਕਸ਼ਟ ਦਿੰਦੇ ਹੋਏ ਅਤੇ ਖੁਦ ਉਸ ਤੋਂ ਸਰੀਰਕ ਕਸ਼ਟ ਲੈਂਦੀ ਹੋਏ ਸਿਮਰਨ ਇੰਝ ਆਪਣੇ ਬਾਪ ਅਤੇ ਭਰਾ ਹੱਥੋਂ ਬੇਇਨਸਾਫੀਆਂ ਦਾ ਸ਼ਿਕਾਰ ਹੋਈ ਪੂਰੀ ਮਰਦ ਜਾਤ ਦੀ ਦੁਸ਼ਮਣ ਬਣ ਬੈਠਦੀ ਹੈ। ਜੋ ਕਦੇ ਆਪਣੇ ਪਿਉ ਤੇ ਭਰਾ ਦੇ ਇਸ਼ਾਰਿਆਂ ਤੇ ਨੱਚਦੀ ਰਹੀ ਹੈ, ਉਹ ਹੁਣ ਖੁਦ ਆਪਣੇ ਅਧੀਨ ਕੰਮ ਕਰਨ ਵਾਲੇ ਨੌਕਰ ਡਮਰੂ ਨੂੰ ਆਪਣੀਆਂ ਉਂਗਲਾਂ ਉੱਤੇ ਨਚਾ ਕੇ ਆਪਣੇ ਅੰਤਰਮਨ ਨੂੰ ਸ਼ਾਂਤ ਕਰਦੀ ਹੈ। ਜਿਵੇਂ ਕਿ ਕਹਾਣੀਕਾਰ ਨੇ *ਹੁਣ ਮੈਂ ਇੰਜੁਆਏ ਕਰਦੀ ਆਂ* 'ਚ ਕਹਾਣੀ 'ਜੀ ਬੀਬੀ ਜੀ' ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਨੂੰ ਉਭਾਰਦੇ ਹੋਏ ਵਿਸ਼ੇਸ਼ ਟਿੱਪਣੀ ਬਿਆਨ ਕੀਤੀ ਹੈ:

> ਮੇਰੀ ਜੁੱਤੀ ਉਤਾਰੋ। ਜੀ ਬੀਬੀ ਜੀ। ਤੂੰ ਮੇਰਾ ਡਮਰੂ ਹੈ ਨਾ? ਜੀ ਬੀ ਜੀ। ਜਿਵੇਂ ਵਜਾਵਾਂ ਵੱਜੇਂਗਾ। ਜੀ ਬੀਬੀ ਜੀ। ਡਮਰੂ ਨੇ ਇਹੀ ਸਿੱਖਿਆ ਹੈ ਕਿ ਜਦੋਂ ਮੈਡਮ ਚੁੱਪ ਰਹੇ ਰਹਿਣਾ ਹੈ। ਗੱਲਾਂ, ਕਰੇ, ਗੱਲਾਂ ਕਰਨੀਆਂ ਹਨ। ਨੱਚੇ ਤਾਂ ਨੱਚਣਾ, ਹੱਸੇ ਤਾਂ ਹੱਸਣਾ, ਰੋਵੇ ਤਾਂ ਰੋਣਾ ਹੈ।(95)

ਇਸ ਤਰ੍ਹਾਂ ਕਹਾਣੀ 'ਜੀ ਬੀਬੀ ਜੀ'ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਔਰਤ ਦੀ ਸੰਵੇਦਨਾ ਅਤੇ ਮਾਨਸਿਕ ਦੁਖਾਂਤ ਦੇ ਚਿਤਰਨ ਰਾਹੀਂ ਮੇਘਨਾ ਦੇ ਰੂਪ ਵਿੱਚ ਅਜਿਹੀ ਔਰਤ ਨੂੰ ਪੇਸ਼ ਕੀਤਾ ਗਿਆ ਹੈ ਜੋ ਡਮਰੂ ਵਰਗੇ ਪਤੀ ਦੀ ਤਵੱਕੋਂ ਰੱਖਦੀ ਹੈ ਭਾਵ ਅਜਿਹਾ ਆਦਮੀ ਜਿਸਨੂੰ ਔਰਤ ਡਮਰੂ ਵਾਂਗੂ, ਜਦੋਂ ਚਾਹੇ, ਵਜਾ ਸਕੇ। ਮੇਘਨਾ ਵਰਗੀ ਔਰਤ ਆਪਣੀ ਕਾਮੁਕ ਲਾਲਸਾ ਅਧੀਨ ਪਵਿੱਤਰ ਰਿਸ਼ਤਿਆਂ-

ਨਾਤਿਆਂ ਨੂੰ ਵੀ ਅਪਵਿੱਤਰ ਕਰਨ ਤੋਂ ਹਿਚਕਚਾਉਂਦੀ ਪ੍ਰਤੀਤ ਨਹੀਂ ਹੁੰਦੀ। ਮੇਘਨਾ ਆਪਣੀਆਂ ਅਤ੍ਰਿਪਤ ਕਾਮਨਾਵਾਂ ਦਾ ਪ੍ਰਗਟਾਵਾ ਕਰਦੀ ਹੋਈ ਸਿਮਰਨ ਨੂੰ ਪ੍ਰੋਫੈਸਰ ਵਿਕਾਸ ਬਾਰੇ ਜੋ ਅਨੋਖੀ ਗੱਲ ਮਾੜੇ ਪੱਖ ਵਜੋਂ ਕਹਿੰਦੀ ਉਸ ਤੋਂ ਸਿਮਰਨ ਹੈਰਾਨ ਹੋ ਜਾਂਦੀ ਹੈ। ਜਿਵੇਂ ਕਿ:

> ਵਿਆਹ ਲਈ ਪ੍ਰੋਫੈਸਰ ਠੀਕ ਐ। ਡਮਰੂ ਐ ਪੂਰਾ ਡਮਰੂ ਜਿਵੇਂ ਵਜਾਏਂਗੀ ਉਵੇਂ ਵਜੂ। ਮੇਰਾ ਤਾਂ ਭਰਾ ਲੱਗਦੈ ਨਹੀਂ ਏਦੂ ਵਧੀਆ ਪਤੀ ਕਿੱਥੇ ਮਿਲਦੈ।" ਮੇਘਨਾ ਨੇ ਹਾਉਕਾ ਭਰਿਆ।(86)

ਇਸ ਤਰ੍ਹਾਂ ਵਿਸ਼ਵੀਕਰਨ ਦੇ ਦੌਰ ਵਿੱਚ ਰਿਸ਼ਤਿਆਂ ਦੇ ਉਲਝੇ ਤਾਣੇ-ਬਾਣੇ ਵਿੱਚ ਸੋਚ, ਵਿਚਾਰ, ਭਾਵਨਾ ਦੇ ਪਰਿਵਰਤਨ ਕਾਰਨ ਹੀ ਸਿਮਰਨ ਮੈਨੇਜਰ ਨਾਲ ਵਿਆਹ ਕਰਵਾਉਣ ਤੋਂ ਬਾਅਦ ਵੀ ਉਸਨੂੰ ਆਪਣਾ ਪਤੀ ਸਵੀਕਾਰਨ ਤੋਂ ਇਨਕਾਰੀ ਹੈ। ਉਹ ਮੈਨੇਜਰ ਦੇ ਹੁੰਦਿਆਂ ਵੀ ਪ੍ਰੋਫੈਸਰ ਵਿਕਾਸ ਨੂੰ ਹੀ ਚਿਤਵਦੀ ਰਹਿੰਦੀ ਹੈ। ਪਰ ਵਿਕਾਸ ਵੀ ਉਸ ਨੂੰ ਮੰਝਧਾਰ ਵਿੱਚ ਛੱਡ ਜਾਂਦਾ ਹੈ। ਉਪਰੰਤ ਆਪਣੇ ਨੌਕਰ ਨਾਲ ਮਨਆਈਆਂ ਕਰਨ ਤੋਂ ਬਾਅਦ ਵੀ ਉਹ ਸੰਤੁਸ਼ਟੀ ਭਰਿਆ ਜੀਵਨ ਬਸਰ ਕਰਨ ਤੋਂ ਅਸਮਰੱਥ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਜ਼ਿੰਦਗੀ ਤੋਂ ਅਸੰਤੁਸ਼ਟ ਹੁੰਦੀ ਹੋਈ ਉਹ ਮਾੜੇ ਪੱਖ ਬਾਰੇ ਸੋਚਦੀ ਹੈ ਕਿ:

> ਸਿਮਰਨ ਬੋਤਲ ਨੂੰ ਘੂਰ ਰਹੀ ਹੈ ਜਿਸ ਵਿਚੋਂ ਅੱਧੀ ਵਿਸਕੀ ਪਹਿਲਾਂ ਹੀ ਪੀਤੀ ਹੋਈ ਹੈ। ਉਹ ਫੈਸਲਾ ਨਹੀਂ ਕਰ ਪਾਉਂਦੀ ਕਿ ਬੋਤਲ ਨੂੰ ਅੱਧੀ ਖਾਲੀ ਕਹੇ ਜਾਂ ਅੱਧੀ ਭਰੀ ਹੋਈ। ਉਸਨੂੰ ਆਪਣੀ ਲੰਘ ਗਈ ਅੱਧੀ ਜ਼ਿੰਦਗੀ ਯਾਦ ਆਉਂਦੀ ਹੈ। ਕਿਸ ਲੇਖੇ ਲੱਗੀ ਜ਼ਿੰਦਗੀ? ਵਿਅਰਥ ਚਲੀ ਗਈ। ਉਸਦੇ ਮੱਥੇ 'ਤੇ ਵਲ ਪੈ ਗਏ।(75)

ਇਸ ਤਰ੍ਹਾਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਕਹਾਣੀ ਵਿੱਚ ਸਫਲ ਅਤੇ ਸੁਖੀ ਜੀਵਨ ਦੀ ਕੋਈ ਵੀ ਘਟਨਾ ਜਾਂ ਮਿਸਾਲ ਦਿਖਾਈ ਨਹੀਂ ਦਿੰਦੀ। ਆਪਣੀਆਂ ਪਰੰਪਰਾਗਤ ਕਦਰਾਂ-ਕੀਮਤਾਂ ਅਤੇ ਸਮਾਜਿਕ ਟੈਬੂਗਤ ਮਨਾਹੀਆਂ ਉਲੰਘ ਕੇ ਕੀਤੇ ਕੰਮ ਜ਼ਿੰਦਗੀ ਨੂੰ ਕਿਸੇ ਮੰਜ਼ਿਲ 'ਤੇ ਨਾ ਪਹੁੰਚਾਉਂਦੇ ਹੋਏ ਮੰਝਧਾਰ ਵਿੱਚ ਛੱਡ ਜਾਣ ਵਾਲੀ ਇਹ ਨਵੀਂ ਮੁੱਲ-ਸਿਰਜਣਾ ਵਿਸ਼ਵੀਕਰਨ ਦੌਰ ਵਿੱਚ ਮਨੁੱਖੀ ਜੀਵਨ

ਸ਼ੈਲੀ, ਵਿਚਾਰ, ਸੋਚ ਵਿੱਚ ਆਏ ਪਰਿਵਰਤਨ ਦੀ ਹੀ ਦੇਣ ਹੈ। ਸੁਖਜੀਤ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਔਰਤ ਆਪਣੀ ਭੂਮਿਕਾ ਨੂੰ ਪੁਨਰ ਵਿਉਂਤਣ ਦੀ ਪ੍ਰਕਿਰਿਆ ਵਿੱਚ ਤਾਂ ਪਈ ਹੈ, ਪਰੰਤੂ ਮਰਦ ਪ੍ਰਧਾਨ ਸਮਾਜ ਵਿੱਚ ਇਹ ਸੋਖਾਲਾ ਨਹੀਂ ਹੈ। ਕਿਉਂਕਿ ਇਸ ਸਮਾਜ ਵਿੱਚ ਔਰਤ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਦੀਆਂ ਸੰਭਾਵਨਾਵਾਂ ਦੇ ਪੂਰੇ ਅਧਿਕਾਰ ਤੋਂ ਵੰਚਿਤ ਹੈ। ਜੇਕਰ ਉਹ ਇਸ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਨਿਰਧਾਰਿਤ ਦਾਇਰਿਆਂ ਨੂੰ ਉਲੰਘਣ ਦੀ ਪਹਿਲ ਕਰਦੀ ਹੈ ਤਾਂ ਇਸਦਾ ਨਤੀਜਾ ਤ੍ਰਾਸਦਿਕ ਹੁੰਦਾ ਹੈ। ਭਾਵੇਂ ਕਿ ਬਜ਼ਾਰਵਾਦ ਅਤੇ ਖੁੱਲ੍ਹੀ ਅਰਥ ਵਿਵਸਥਾ ਨੇ ਔਰਤ-ਮਰਦ ਸੰਬੰਧ ਨੂੰ ਪ੍ਰਭਾਵਿਤ ਕੀਤਾ ਹੈ। ਇਸਦੇ ਨਤੀਜੇ ਹੁਣ ਖੁੱਲ੍ਹ ਕੇ ਸਾਹਮਣੇ ਆਉਣ ਲੱਗੇ ਹਨ। ਔਰਤ ਵਿੱਚ ਆਈ ਚੇਤਨਾ ਸਦਕਾ ਉਹ ਆਪਣੀ ਸਥਿਤੀ, ਅਧਿਕਾਰ ਅਤੇ ਸਮੱਸਿਆਵਾਂ ਪ੍ਰਤੀ ਜਾਗਰੂਕ ਹੋਈ ਹੈ। ਔਰਤ ਦੀ ਅਜਿਹੀ ਦਿੱਖ ਉੱਭਰ ਰਹੀ ਹੈ ਜਿਸ ਵਿੱਚ ਚੰਗਿਆਈ ਅਤੇ ਬੁਰਿਆਈ ਦੋਹਾਂ ਦਾ ਸਮਾਵੇਸ਼ ਹੈ। ਨਾਰੀਵਾਦੀ ਚਿੰਤਕਾਂ ਵੀ ਇਸ ਸੱਭਿਆਚਾਰਕ ਰੂਪਾਂਤਰਨ ਦੇ ਚੰਗੇ ਅਤੇ ਮਾੜੇ ਸਮਾਜਿਕ ਪੱਖ ਵੱਲ ਸੰਕੇਤ ਕਰਦੀਆਂ ਹਨ। ਸੁਖਜੀਤ ਦੀਆਂ ਕਹਾਣੀਆਂ ਪਿੱਤਰ ਪ੍ਰਧਾਨ/ਮਰਦ ਪ੍ਰਧਾਨ ਸਮਾਜ ਨੂੰ ਹੀ ਨਹੀਂ ਉਘਾੜਦੀਆਂ, ਬਲਕਿ ਇਸ ਪ੍ਰਤੀ ਅਜੋਕੀ ਨਾਰੀ ਦੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਨੂੰ ਵੀ ਪ੍ਰਤੀਉੱਤਰ ਦੀਆਂ ਬਹੁਸੰਭਾਵਨਾਵਾਂ ਤੋਂ ਉਲੀਕਦੀਆਂ ਹਨ। ਉਸਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਪ੍ਰਸਤੁਤ ਹੋਈਆਂ ਕਥਾ ਨਾਇਕਾਵਾਂ ਮਰਦ ਪ੍ਰਧਾਨ ਸਮਾਜ ਵਿੱਚ ਡਰੀਆਂ-ਸਹਿਮੀਆਂ, ਰੋਂਦੀਆਂ-ਕੁਰਲਾਉਂਦੀਆਂ ਤੇ ਵਾਸਤੇ ਪਾਉਂਦੀਆਂ ਔਰਤਾਂ ਨਹੀਂ, ਬਲਕਿ ਇਹ ਮਰਦਾਵੇਂ ਸਮਾਜ ਨਾਲ ਸਿੱਧੀ-ਸਿੱਧੀ ਟੱਕਰ ਲੈ ਰਹੀਆਂ ਹਨ।

ਇਸ ਤਰ੍ਹਾਂ ਸੁਖਜੀਤ ਦੀਆਂ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਬੜੀ ਖ਼ੂਬਸੂਰਤੀ ਦੇ ਨਾਲ ਔਰਤ ਪਰਾਧੀਨਤਾ ਅਤੇ ਪ੍ਰਧਾਨਤਾ ਦੀਆਂ ਅਵਸਥਾਵਾਂ ਨੂੰ ਇੱਕ-ਦੂਸਰੇ ਦੇ ਸਨਮੁੱਖ ਰੱਖ ਦੋਹਾਂ ਦੀ ਸਾਰਥਕਤਾ ਉੱਤੇ ਸਵਾਲ ਖੜ੍ਹੇ ਕਰ ਜਾਂਦੀਆਂ ਹਨ। ਇਹ ਸਦੀਆਂ ਤੋਂ ਚੱਲਦੇ ਆ ਰਹੇ ਮਰਦ ਪ੍ਰਧਾਨ ਸਮਾਜ ਦੀਆਂ ਵਧੀਕੀਆਂ ਅਤੇ ਉਸਦੇ ਵਿਰੋਧ ਵਿੱਚ ਉੱਭਰ ਰਹੇ ਨਾਰੀ ਪ੍ਰਤੀ ਉੱਤਰ ਦੋਹਾਂ ਦੇ

ਜਾਇਜ਼ ਹੋਣ ਦਾ ਹੁੰਗਾਰਾ ਨਹੀਂ ਭਰਦੀਆਂ। ਕਹਾਣੀ 'ਹਜ਼ਾਰ ਕਹਾਣੀਆਂ ਦਾ ਬਾਪ' ਪੂਰਵਧਾਰਨਾ/ਪੂਰਵਗ੍ਰਹਿ (Prejudice) ਅਤੇ ਸਥਿਰ ਰੂਪਾਂ/ਰੂੜ੍ਹਉਕਤੀਆਂ (stereotypes) ਦੇ ਰੂਪ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਵਜੋਂ ਔਰਤ ਦੀ ਸਥਿਤੀ-ਪ੍ਰਸਥਿਤੀ ਅਤੇ ਜਾਤ-ਪਾਤ ਦੇ ਜਟਿਲ ਪ੍ਰਪੰਚ ਨੂੰ ਪ੍ਰਸਤੁਤ ਕਰਦੀ ਹੈ। ਪੂਰਵਧਾਰਨਾ ਵਿੱਚ ਨਿਹਿਤ ਨਿਰਣੈ ਹੀ ਵਿਅਕਤੀ ਨੂੰ ਕਿਸੇ ਦੇ (ਵਿਅਕਤੀ, ਸਮੂਹ, ਵਸਤੂ, ਸਿਧਾਂਤ, ਕਿਰਿਆ) ਹੱਕ ਜਾਂ ਵਿਰੋਧ ਵਿੱਚ ਵਿਵਹਾਰ ਕਰਨ ਲਈ ਪ੍ਰੇਰਿਤ ਕਰਦਾ ਹੈ। ਇੰਝ ਪੂਰਵਧਾਰਨਾ ਜਾਂ ਪੂਰਵਗ੍ਰਹਿ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਮਹਿਜ਼ ਇੱਕ ਮਾਨਸਿਕ ਅਵਸਥਾ ਨਹੀਂ ਬਲਕਿ ਵਿਵਹਾਰ ਪ੍ਰਤੀਮਾਨ (Behaviour Pattern) ਦੀ ਪ੍ਰਤੀਨਿੱਧਤਾ ਕਰਦਾ ਹੈ। ਜਾਤ, ਧਰਮ, ਲਿੰਗ ਆਦਿ ਅਨੇਕ ਪ੍ਰਕਾਰ ਦੀਆਂ ਪੂਰਵਧਾਰਨਾਵਾਂ ਵਿਅਕਤੀ ਦੇ ਸਮਾਜਿਕ ਪੱਖ ਦਾ ਹਿੱਸਾ ਹੁੰਦੀਆਂ ਹਨ। ਸੁਖਜੀਤ ਨੇ ਕਹਾਣੀ ਸੰਗ੍ਰਹਿ *ਮੈਂ ਅਨਯਘੋਸ਼ ਨਹੀਂ* ਦੀ ਕਹਾਣੀ 'ਮੈਂ ਅਨਯਘੋਸ਼ ਨਹੀਂ, ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਨੂੰ ਪਾਤਰ ਡਾਕਟਰ ਸਾਹਿਬ ਤੇ ਸੀਰਤ ਦੀ ਵਿਆਹੁਤਾ ਜ਼ਿੰਦਗੀ ਨੂੰ ਨੋਕ-ਝੋਕ ਦੁਆਰਾ ਬਿਆਨ ਕਰਕੇ ਭਾਵੇਂ ਔਰਤ ਅਧੀਨਗੀ ਹੋਵੇਗੀ ਭਾਵੇਂ ਮਰਦ ਅਧੀਨਗੀ ਹੋਵੇ ਇੱਕ ਮਾੜਾ ਪੱਖ ਉਭਾਰਿਆ ਹੈ। ਡਾਕਟਰ ਸਾਹਿਬ ਹਮੇਸ਼ਾ ਸੀਰਤ ਤੋਂ ਡਰਿਆ-ਡਰਿਆ ਰਹਿੰਦਾ ਹੈ। ਜਿਵੇਂ ਕਿ:

> "ਦਾਬਾ ਤਾਂ ਏਹਦਾ ਮੇਰੇ ਉੱਤੇ ਵਿਆਹ ਤੋਂ ਪਹਿਲਾਂ ਹੀ ਪੈ ਚੁੱਕਾ ਸੀ। ਵਿਆਹ ਪਿੱਛੋਂ ਤਾਂ ਇਹਦਾ ਗ਼ੁਲਾਮ ਹੁੰਦਾ ਗਿਆ। ਇਹਨੇ ਆਪਣੇ ਨਾਂ ਨਾਲੋਂ ਗਰੇਵਾਲ ਲਾਹੁਣ ਤੋਂ ਨਾਂਹ ਕਰ ਦਿੱਤੀ, ਕਹਿੰਦੀ, "ਮੈਂ ਮਿਸਿਜ਼ ਸੀਰਤ ਰਾਏ ਨਹੀਂ ਲਿਖਣਾ, ਸਗੋਂ ਤੁਸੀ ਵੀ 'ਰਾਏ' ਨਾ ਲਿਖਿਆ ਕਰੋ। ਮੈਂ ਕਿਹਾ, "ਠੀਕ ਐ, ਜਦੋਂ ਮੈਂ ਕਾਰਨ ਵੀ ਨਾ ਪੁੱਛਿਆ ਤਾਂ ਇਹ ਆਪੇ ਦੱਸਣ ਲੱਗੀ, "ਬੁਰਾ ਨਾ ਮਨਾਇਓ, ਹੈਗੇ ਤਾਂ ਤੁਸੀ ਜੱਟ ਓਂ ਪਰ ਸਾਡੇ ਇੱਕ-ਦੋ ਪ੍ਰੋਫ਼ੈਸਰ ਰਾਏ ਨੇ, ਦੋ-ਤਿੰਨ ਅਫ਼ਸਰਾਂ ਬਾਰੇ ਵੀ ਪੜ੍ਹਿਆ ਜਿਹੜੇ ਆਪਣਾ ਗੋਤ ਰਾਏ ਲਿਖਦੇ ਨੇ, ਉਹ ਸਾਰੇ 'ਦੂਏ' ਨੇ, ਸਮਝੇ? ਮੇਰੀ ਫਰੈਂਡ ਸੇਖੋਂ ਵੀ ਪੁੱਛਦੀ ਸੀ ਬਈ ਰਾਏ ਜੱਟਾਂ ਦਾ ਗੋਤ ਐ? ਸੋ ਐਂਵੇਂ 'ਡਾਊਟ' ਜਿਹਾ ਰਹਿੰਦਾ।(47)

*ਹੁਣ ਮੈਂ ਇੰਜੁਆਏ ਕਰਦੀ ਆਂ* 'ਚ ਸੁਖਜੀਤ ਦੀ ਕਹਾਣੀ 'ਚੰਦਰੀ' ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਕਾਮਨਾ ਅਤੇ ਲਾਲਸਾ ਅਧੀਨ ਰਿਸ਼ਤਿਆਂ-ਨਾਤਿਆਂ ਦੇ ਰੂਪਾਂਤਰਨ ਨੂੰ ਮਾੜੇ ਪੱਖ ਵਜੋਂ ਪੇਸ਼ ਕਰਦੀ ਹੋਈ ਔਰਤ ਦੀ ਸੰਵੇਦਨਾ ਨੂੰ ਉਘਾੜਦੀ ਹੈ। ਪਰਿਵਾਰਕ ਰਿਸ਼ਤਿਆਂ ਦੇ ਤਣਾਅ ਦਾ ਮੁੱਖ ਕਾਰਨ ਨਜਾਇਜ਼ ਰਿਸ਼ਤੇ ਹਨ। ਕਹਾਣੀ ਵਿੱਚ 'ਮੈਂ' ਪਾਤਰ ਦੀ ਮਾਂ ਦੇ ਸਰਦਾਰਾਂ ਨਾਲ ਨਜਾਇਜ਼ ਸੰਬੰਧ ਉਸਦੇ ਚਾਚੇ ਲਈ ਅਣਖ ਜਾਂ ਗ਼ੈਰਤ ਦਾ ਮਸਲਾ ਨਹੀਂ ਹੈ ਕਿ ਉਸਦੀ ਉਹਦੇ ਖੁਦ ਉਸ ਨਾਲ ਨਜਾਇਜ਼ ਸੰਬੰਧ ਹਨ। ਆਪਣੀ ਕਾਮ ਪੂਰਤੀ ਲਈ ਉਸਦੀਆਂ ਅਜਿਹੀਆਂ ਕੁਟਿਲ ਨੀਤੀਆਂ 'ਮੈਂ' ਪਾਤਰ ਸਬੰਧੀ ਉਹ ਕਹਿੰਦਾ ਹੈ ਕਿ:

> ਫੇਰ ਵੀ ਜਿਵੇਂ ਆਹੰਦੇ ਨੇ 'ਜਰਮ' ਦਿੱਤੇ ਏ ਉਸ, ਗਿੱਲਿਓਂ ਸੁੱਕੇ ਕਰਦੀ ਰਹੀ ਆਂ ਉਂਜ ਭਾਵੇਂ ਚਾਚਾ ਤੇ ਇਹ ਗਿੱਲਿਓਂ ਸੁੱਕੇ ਨੂੰ ਵੀ ਪਖੰਡ ਈ ਆਹੰਦਾ ਸੀ, ਆਹੰਦਾ ਸੀ, "ਗਿੱਲੇ ਥਾਂ ਪਿਆ ਬਾਲ ਰੋਂਦਾ ਰਹਿੰਦਾ ਤੇ ਮਾਂ ਆਵਾਜਾਰ ਰਹਿੰਦੀ ਏ, ਸੁੱਕੇ ਥਾਂ ਅੰਜਾਣਾ ਸੌਂ ਜਾਂਦਾ ਏ ਤੇ ਖੁਦ ਵੀ ਸੁੱਤੀ ਰਹਿੰਦੀ ਏ ਰਮਾਨ ਨਾਲ।(42)

ਇਸ ਤਰ੍ਹਾਂ ਪਰਿਵਾਰਕ ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਨੈਤਿਕਤਾ ਦੀ ਅਣਹੋਂਦ ਦੁਆਲੇ ਉਸਰੀ ਇਸ ਕਹਾਣੀ ਵਿੱਚ ਕਾਮੁਕ ਅਤ੍ਰਿਪਤੀ ਅਤੇ ਸ਼ੰਕਾਗ੍ਰਸਤ ਮਾਨਸਿਕਤਾ 'ਚੋਂ ਉਪਜਿਆ ਭਾਵੁਕ ਕਲੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਮਾੜੇ ਪੱਖ ਵਜੋਂ ਕਾਰਜਸ਼ੀਲ ਹੈ। ਚਾਚੇ ਦੁਆਰਾ ਘਰ ਵਿੱਚ ਰਿਸ਼ਤਿਆਂ ਨੂੰ ਤਾਰ-ਤਾਰ ਕਰਨ ਦੀਆਂ ਘਟਨਾਵਾਂ ਅਤੇ ਇਹਨਾਂ ਰਿਸ਼ਤਿਆਂ ਨੂੰ ਬਚਾਈ ਰੱਖਣ ਲਈ ਖੇਡੀਆਂ ਜਾਂਦੀਆਂ ਚਾਲਾਂ ਸਵੈ-ਹਿੱਤਾਂ ਲਈ ਹਨ। ਮੈਂ ਪਾਤਰ ਦੇ ਅਤਿ ਸਾਊਪੁਣੇ ਦਾ ਨਜਾਇਜ਼ ਫਾਇਦਾ ਉਸਦਾ ਚਾਚਾ ਲੈਣਾ ਚਾਹੁੰਦਾ ਹੈ। ਉਹ ਆਪਣੇ ਰਾਹ ਵਿੱਚ ਰੋੜਾ ਬਣੇ 'ਮੈਂ' ਪਾਤਰ ਨੂੰ ਸਰਦਾਰਾਂ ਦੇ ਕਤਲ ਕੇਸ ਵਿੱਚ ਜੇਲ੍ਹ ਭਿਜਵਾ ਕੇ ਆਪਣੇ ਕਾਮੁਕ ਸੰਬੰਧਾਂ ਨੂੰ ਆਜ਼ਾਦੀ ਨਾਲ ਮਾਣਨਾ ਚਾਹੁੰਦਾ ਹੈ। ਕਹਾਣੀ ਵਿੱਚ ਨਾਗ ਦਾ ਭੁਲੇਖਾ ਪੈਣਾ ਅਤੇ ਉਸਨੂੰ ਮਾਰਨ ਲਈ ਪਤੀਲਾ ਭੰਨਣਾ, ਇਹ ਘਟਨਾਵਾਂ ਘਰ ਵਿੱਚ ਚਾਚੇ ਦੇ ਨਾਗ ਰੂਪੀ ਸੁਭਾਅ ਲਈ ਵਰਤੀਆਂ ਗਈਆਂ ਹਨ। ਪਿਤਾ ਦੀ ਸਾਧਾਰਨਤਾ ਕਾਰਨ ਚਾਚਾ ਤਾਂ ਆਪਣੇ

ਉਦੇਸ਼ ਵਿੱਚ ਸਫਲ ਹੁੰਦਾ ਹੀ ਹੈ ਪਰ 'ਮੈਂ' ਪਾਤਰ ਵੀ ਅਣਜਾਣਤਾ ਵੱਸ ਬੁੱਕਲ ਦੇ ਸੱਪ ਨੂੰ ਪਛਾਣਨ ਤੋਂ ਅਸਮਰੱਥ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਉਹ ਕਹਿੰਦਾ ਹੈ ਕਿ:

> ਨਾਗ ਕਿੱਥੇ ਵੇ ਚਾਚਾ?" ਮੇਰੇ ਕੋਲੋਂ ਐਵੇਂ ਈ ਪੁੱਛਿਆ ਗਿਐ। "ਨਾਗ...? ਨਾਗ ਤੇ ਤੇਰੀ ਮਾਂ ਦੀ ਬੁੱਕਲ 'ਚ ਵੜਿਆ ਰਹਿੰਦਾ।" ਮੈਂ ਸੁੰਨ ਤੇ ਚਾਚਾ ਦੇ ਬੋਲ ਜ਼ਹਿਰੀ ਹੋ ਗਏ ਸਨ, "ਨਾਗ ਨੂੰ ਤਾਂ ਮੈਂ ਈ ਮੁਕਾ ਦਿੰਦਾ, ਪਰ ਡਰਨਾ ਵਾਂ ਕਿ ਨਾਲ ਤੇਰੀ ਮਾਂ ਨਾ ਮੁੱਕ ਜਾਏ। ਮੈਨੂੰ ਵੱਡਾ ਹੋ ਲੈਣ ਦੇ ਚਾਚਾ, ਨਾਗ ਨੂੰ ਮੈਂ ਮੁਕਾਊਂ।" "ਵੇਖ ਲਾਂਗੇ ਪੁੱਤਰਾ ਤੇਰੇ ਪਿਉ ਨੇ ਬਿੱਲੀ ਨੀ ਮਾਰੀ ਤੂੰ ਕਿਹੜਾ।" ਉਹਦੀ ਗੱਲ ਸੱਚੀਂ ਹੋ ਈ ਭਾਊ, ਪਿਉ ਮੇਰੇ ਨੇ ਸੱਪ ਦੇ ਭੁਲਾਵੇ ਪਤੀਲਾ ਭੰਨ ਲਿਆ ਸੀ ਘਰ ਦਾ ਤੇ ਮੈਂ ਆਪਣੇ ਘਰ ਦੀ ਮੁਕਾ ਬੈਠਾ, ਚੰਦਰੀ।(44)

ਕਹਾਣੀ ਵਿੱਚ ਕਾਮੁਕ ਇੱਛਾਵਾਂ ਦੀ ਪੂਰਤੀ ਲਈ ਵਾਪਰਦੇ ਦੁਖਾਂਤ ਦਾ ਦੂਸਰਾ ਸਿਰਾ ਮੈਂ ਪਾਤਰ ਦੀ ਘਰਵਾਲੀ ਨਾਲ ਜੁੜਦਾ ਹੈ। ਚਾਚਾ ਉਸਦੀ ਮਾਂ ਨਾਲ ਨਜਾਇਜ਼ ਰਿਸ਼ਤਾ ਬਣਾਉਂਦਾ ਹੈ। ਫਿਰ ਮੈਂ ਪਾਤਰ ਦੀ ਘਰਵਾਲੀ ਨਾਲ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਮੈਂ ਪਾਤਰ ਆਪਣੀ ਘਰ ਵਾਲੀ ਦੀ ਮਾਨਸਿਕ ਸਥਿਤੀ ਨੂੰ ਭਾਂਪਦਾ ਹੋਇਆ ਅਣਗੌਲਿਆ ਕਰ ਦਿੰਦਾ ਹੈ। ਚੰਦਰੀ ਨਾਲ ਨਜਾਇਜ਼ ਸੰਬੰਧ ਨਾ ਬਣਨ ਕਰਕੇ ਚਾਚਾ 'ਮੈਂ' ਪਾਤਰ ਨੂੰ ਉਸਦੇ ਵਿਰੁੱਧ ਭੜਕਾਉਂਦਾ ਹੈ। ਘਰ ਵਿੱਚ ਸ਼ੱਕ ਪੈਦਾ ਕਰਦਾ ਹੈ। ਸ਼ੱਕ ਤ੍ਰਾਸਦੀ ਦਾ ਮੁੱਖ ਧੁਰਾ ਹੈ। ਸ਼ੱਕ ਕਰਕੇ ਹੀ ਚੰਦਰੀ ਦਾ ਕਤਲ ਹੁੰਦਾ ਹੈ। ਸਿੱਟੇ ਵਜੋਂ 'ਮੈਂ' ਪਾਤਰ ਦਾ ਘਰ ਉੱਜੜ ਜਾਂਦਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਰਿਸ਼ਤਿਆਂ-ਨਾਤਿਆਂ ਵਿੱਚ ਪਰਿਵਰਤਨ ਦਾ ਮੂਲ ਕਾਰਨ ਨਜ਼ਾਇਜ ਤੇ ਸਵਾਰਥ ਮਾੜੇ ਪੱਖ ਦਾ ਉਭਾਰ ਹੈ। ਜਿਵੇਂ ਕਿ:

> ਮੇਰੇ ਹੱਥ ਕਹੀ ਆ ਗਈ ਗੁੱਸਾ ਤੇ ਨਸ਼ਾ ਮੇਰੇ ਸਿਰ ਨੂੰ ਚੜ੍ਹਿਆ ਤੇ ਮੈਂ ਅੰਨ੍ਹਾਂ ਹੋ ਗਿਆ ਮੇਰੀ ਮਾਰ ਨਾਲ ਉਹਦਾ ਸਰੀਰ ਤਾਂ ਕੀ ਮੰਜੇ ਦੇ ਹੀਆਂ ਸੇਰੂ ਵੀ ਵੱਖ-ਵੱਖ ਹੋ ਗਏ। ਮੈਂ ਚਾਚੇ ਨੂੰ ਆਣ ਵਲਿਆ ਜਿਹੜਾ ਰੌਲਾ ਪਾ ਰਿਹਾ ਸੀ, ਉੱਚੀ, ਉੱਚੀ, "ਬਹੁੜ ਓਏ ਪਿੰਡਾ ਅਸੀਂ ਲੁੱਟੇ ਗਏ, ਮੈਂ ਉਹਨੂੰ ਹਲੂਣ ਕੇ ਪੁੱਛ ਰਿਹਾ ਸਾਂ, "ਚੰਦਰੀ ਕਿੱਥੇ ਆ ਸੱਪ ਕਿੱਥੇ ਆ? ਦੱਸ ਚਾਚਾ ਦੱਸ ਵੈਰੀਆ।

ਅੱਗੇ ਉਹ ਮਿਨੂੰ ਝੰਜੋੜ ਕੇ ਆਖਣ ਲੱਗਾ,"ਹੋਸ਼ ਕਰ ਉਏ ਹੋਸ਼ ਤੂੰ ਆਪਣੇ ਹੱਥੀਂ ਤੂੰ ਮਾਂ ਦੇ ਭੁਲਾਵੇਂ ਉਹ ਤੇਰੀ ਮਾਂ ਨਹੀਂ ਸੀ ਕੰਜਰੀ ਚੰਦਰੀ ਸੀ ਤੇਰੇ ਨਾਲ ਦੀ।(55)

ਇਹ ਕਹਾਣੀ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਵਿਅਕਤੀ ਅਤੇ ਉਸਦੇ ਸਮਾਜਿਕ ਪਰਿਵੇਸ਼ ਦਰਮਿਆਨ ਗਹਿਨ ਰਿਸ਼ਤੇ-ਨਾਤੇ ਨੂੰ ਭਾਰਤੀ ਅਤੇ ਵਿਸ਼ੇਸ਼ ਤੌਰ ਉੱਤੇ ਪੰਜਾਬੀ ਸਮਾਜ ਵਿੱਚ ਸਵਾਰਥਮਈ ਪ੍ਰਵਿਰਤੀ, ਕਾਮੁਕ ਤੇ ਨਜਾਇਜ਼ ਸੰਬੰਧਾਂ ਦੇ ਜਟਿਲ ਤਾਣੇ-ਬਾਣੇ ਵਿੱਚ ਜਕੜੇ ਅਤੇ ਅੰਤਰਕਿਰਿਆਤਮਕ ਸੰਬੰਧਾਂ ਨੂੰ ਅਭਿਵਿਅਕਤ ਕਰਦੀ ਹੈ। ਇਸ ਤੋਂ ਇਲਾਵਾ ਜਾਤੀ ਪੂਰਵਧਾਰਨਾ ਵਿੱਚ ਵਿਅਕਤੀ ਨੂੰ ਵਿਅਕਤੀ ਰੂਪ ਵਿੱਚ ਨਹੀਂ ਬਲਕਿ ਸਮੂਹ ਦੇ ਰੂਪ ਵਿੱਚ ਵੇਖਣ ਦੀ ਪ੍ਰਬਲ ਰੁਚੀ ਰੱਖਦੀ ਹੈ। ਕਹਾਣੀ ਵਿੱਚਲੇ ਵਿਭਿੰਨ ਪਾਤਰਾਂ ਲਈ ਇੱਕ-ਦੂਸਰੇ ਦੀ ਪਛਾਣ ਇੱਕ ਵਿਅਕਤੀ ਵਜੋਂ ਨਹੀਂ ਬਲਕਿ ਉਸ ਜਾਤੀ ਸਮੂਹ ਵਜੋਂ ਹੈ, ਜਿਹਨਾਂ ਨਾਲ ਵਿਭਿੰਨ ਪਾਤਰ ਸੰਬੰਧਿਤ ਹਨ। ਇਸਦੀ ਹਾਮੀ ਇਹਨਾਂ ਪਾਤਰਾਂ ਦੁਆਰਾ ਇੱਕ-ਦੂਸਰੇ ਲਈ ਵਰਤੇ ਜਾਣ ਵਾਲੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਜਾਤੀਗਤ ਸੰਬੋਧਨ-ਸੈਣੀ, ਮਠਾੜੂ, ਗਿੱਲ, ਸਾਨੀਵਾਲ ਭਰਦੇ ਹਨ। ਇਹ ਜਾਤੀਗਤ ਸੰਬੋਧਨ ਮਹਿਜ਼ ਸੰਬੋਧਨੀ ਸ਼ਬਦ ਨਹੀਂ ਬਲਕਿ ਇਹ ਉਹਨਾਂ ਦੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਧਰ ਅਤੇ ਉਸਦੇ ਨਿਰਧਾਰਕ ਪਰਿਵੇਸ਼ ਦਾ ਸੂਚਕ ਵੀ ਹਨ, ਜਿਸ ਵਿੱਚ ਜਾਤੀ ਵਿਅਕਤੀ ਦੀ ਪਛਾਣ ਦੇ ਇੱਕ ਵਿਸ਼ੇਸ਼ ਆਧਾਰ ਵਜੋਂ ਕਿਰਿਆਸ਼ੀਲ ਹੈ। ਪੂਰਵਧਾਰਨਾ ਦੇ ਰੂਪ ਵਿੱਚ ਅਚੇਤ ਜਾਂ ਸੁਚੇਤ ਰੂਪ 'ਚ ਵਿਅਕਤੀ ਇਹਨਾਂ ਨੂੰ ਬਾਲ ਅਵਸਥਾ ਵਿੱਚ ਹੀ ਗ੍ਰਹਿਣ ਕਰਦਾ ਹੈ ਅਤੇ ਪ੍ਰੌੜ੍ਹ ਅਵਸਥਾ ਤੱਕ ਪਹੁੰਚਦਿਆਂ ਇਹਨਾਂ ਦੀ ਪਕੜ ਵਿਅਕਤੀ ਦੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਉੱਤੇ ਇਤਨੀ ਮਜ਼ਬੂਤ ਹੋ ਜਾਂਦੀ ਹੈ ਕਿ ਉਸਦੀ ਸੋਚਣੀ, ਕਥਨੀ, ਕਰਨੀ, ਪੂਰਵਧਾਰਨਾ ਤੋਂ ਪ੍ਰਭਾਵਮੁਕਤ ਨਹੀਂ ਰਹਿੰਦੀ। ਚਾਹੇ ਉਹ ਕਹਾਣੀ ਵਿੱਚਲਾ ਮੁੱਖ ਪਾਤਰ ਸੈਣੀ ਹੋਵੇ ਜਾਂ ਉਸ ਨਾਲ ਕਾਰਜ ਖੇਤਰ ਵਿੱਚ ਕੰਮ ਕਰਨਾ ਵਾਲਾ ਸਹਿਕਰਮੀ ਗਿੱਲ, ਪ੍ਰਮੁੱਖ ਰੂਪ ਵਿੱਚ ਇਹਨਾਂ ਦੋਹਾਂ ਦੁਆਰਾ ਜਾਤੀਗਤ ਪੂਰਵਧਾਰਨਾਵਾਂ, ਇਹਨਾਂ ਨਾਲ ਸੰਬੰਧਿਤ ਸਥਿਰ ਰੂਪ ਅਤੇ ਇਹਨਾਂ ਦੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਉੱਤੇ ਪੈਣ ਵਾਲੇ ਨਾਕਾਰਾਤਮਕ ਪ੍ਰਭਾਵ ਉੱਭਰ ਕੇ ਸਾਹਮਣੇ

ਆਉਂਦੇ ਹਨ। ਭਾਵੇਂ ਕਿ ਦੋਹਾਂ ਉੱਤੇ ਇਸ ਨਾਕਾਰਾਤਮਕ ਪ੍ਰਭਾਵ ਦਾ ਸਰੂਪ ਇੱਕ-ਦੂਸਰੇ ਨਾਲੋਂ ਵਿਪਰੀਤ ਹੈ। ਜਿੱਥੇ ਸੈਣੀ ਵਿੱਚ ਇਹ ਹੀਣ ਭਾਵਨਾ ਅਤੇ ਦਬਾਅ ਪ੍ਰਵਿਰਤੀ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ, ਉੱਥੇ ਗਿੱਲ ਵਿੱਚ ਅਭਿਮਾਨ ਦੇ ਭਾਵਾਂ ਅਤੇ ਦਬਾਉਣ ਵਾਲੀ ਪ੍ਰਵਿਰਤੀ ਸਾਹਮਣੇ ਆਉਂਦੀ ਹੈ। ਸੈਣੀ ਆਪਣੀ ਅਤੇ ਗਿੱਲ ਦੇ ਸੱਭਿਆਚਾਰ ਸਥਿਤੀ ਅਤੇ ਇਸ ਲਈ ਜ਼ਿੰਮੇਵਾਰ ਕਾਰਨ ਤੋਂ ਸੁਚੇਤ ਹੈ। ਉਹ ਇਹ ਭਲੀਭਾਂਤ ਜਾਣਦਾ ਹੈ ਕਿ ਇੱਕ ਵਿਅਕਤੀ ਦਾ ਸੱਭਿਆਚਾਰ ਸਮਾਜੀਕਰਣ ਉਸਦੀ ਸ਼ਖ਼ਸੀਅਤ ਨੂੰ ਨਿਰਧਾਰਨ ਕਰਨ ਵਿੱਚ ਬੇਹੱਦ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਸੈਣੀ ਆਪਣੇ ਅਤੇ ਗਿੱਲ ਦੀ ਸ਼ਖ਼ਸੀਅਤ ਦੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਵਿੱਚਲੇ ਅੰਤਰ ਅਤੇ ਇਸਦੀ ਨਿਰਮਾਣਕਾਰੀ ਤੋਂ ਅਨਜਾਣ ਨਹੀਂ। ਸੁਖਜੀਤ ਦੀ *ਹੁਣ ਮੈਂ ਇੰਜੁਆਏ ਕਰਦੀ ਆਂ* ‘ਚ ਦਰਜ ਕਹਾਣੀ ‘ਹਜ਼ਾਰ ਕਹਾਣੀਆਂ ਦਾ ਬਾਪ’ ਵਿੱਚ ਸੈਣੀ ਦੇ ਹੇਠਲੇ ਸ਼ਬਦਾਂ ਤੋਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਦੀ ਅਨੁਭੂਤੀ ਭਲੀਭਾਂਤ ਹੁੰਦੀ ਹੈ:

> ਜੋ ਕੁਝ ਸਾਨੂੰ ਬਚਪਨ ‘ਚ ਸਿਖਾਇਆ ਜਾਂਦੈ ਉਹ ਅਸਰ ਤਾਂ ਹੁੰਦਾ ਈ ਐ। ਸਾਨੂੰ ਤਾਂ ਹਮੇਸ਼ਾ ਝਗੜੇ ਤੋਂ ਦੂਰ ਰਹਿਣ ਦੀ ਮੱਤ ਦਿੱਤੀ ਜਾਂਦੀ ਤੇ ਜੱਟਾਂ ਨੂੰ।(13)

ਇਸ ਤੋਂ ਇਲਾਵਾ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਦੀਆਂ ਬਹੁਤ ਸਾਰੀਆਂ ਜਾਤੀਗਤ ਪੂਰਵਧਾਰਨਾਵਾਂ ਦੇ ਪ੍ਰਭਾਵ ਅਧੀਨ ਗਿੱਲ ਜਾਤੀ ਹੰਕਾਰ ਵਿੱਚ ਨਸ਼ਿਆਇਆ ਹੈ। ਉਹ ਸੈਣੀ ਅਤੇ ਮਠਾੜੂ ਦੀ ਜਾਤੀਗਤ ਹੋਂਦ ਨੂੰ ਆਪਣੀ ਜਾਤੀ ਸ੍ਰੇਸ਼ਠਤਾ ਦੇ ਸੰਦਰਭ ਵਿੱਚ ਮੁਲਾਂਕਿਤ ਕਰਦਾ ਹੋਇਆ ਖੁਦ ਨੂੰ ਸ੍ਰੇਸ਼ਠ ਅਤੇ ਸੈਣੀ, ਮਠਾੜੂ ਦੇ ਤੁੱਛ ਹੋਣ ਦਾ ਪ੍ਰਭਾਵ ਪਾਉਣਾ ਚਾਹੁੰਦਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਦੀ ਭਾਵਨਾ ਤਹਿਤ ਹੀ ਉਹ ਸੈਣੀ ਨੂੰ ਮਠਾੜੂ ਬਾਰੇ ਅਤੇ ਮਠਾੜੂ ਨੂੰ ਸੈਣੀ ਬਾਰੇ ਟਕੋਰਾਂ ਲਗਾਉਂਦਾ ਹੈ :

> “ਮਠਾੜੂ ਨੂੰ ਸੈਣੀ ਬਾਰੇ: ਦੇਖੀਂ ਮਠਾੜੂ ਜੀਹਦਾ ਯਾਰ ਸੈਣੀ ਉਹ ਅੱਜ ਵੀ ਹੈਨੀ ਤੇ ਕੱਲ੍ਹ ਵੀ ਹੈਨੀ। ਸੈਣੀ ਨੂੰ ਮਠਾੜੂ ਬਾਰੇ: ਬਚਕੇ ਸੈਣੀ ਇਹ ਜਾਤ ਤਾਂ ਸੱਕ ਵੀ ਆਪਣੇ ਪਾਸੇ ਨੂੰ ਲਾਹੁੰਦੀ

ਐ।(12,13)

ਇਸ ਤਰ੍ਹਾਂ ਗਿੱਲ ਦੀਆਂ ਉਪਰੋਕਤ ਟਕੋਰਾਂ ਦੇ ਨਾਲ-ਨਾਲ ਵਰਤੇ ਸਥਿਰ ਰੂਪ 'ਪਤਲੀ-ਪਤਲੀ ਸੀ ਕੌਮ' (ਸੈਣੀ ਲਈ) ਅਤੇ 'ਸੱਕਲਾਹ' (ਮਠਾੜ੍ਹੂ ਲਈ) ਕ੍ਰਮਵਾਰ ਨਿਰਬਲਤਾ ਅਤੇ ਸਵਾਰਥ ਦੇ ਭਾਵਾਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਪ੍ਰਗਟਾਉਂਦੇ ਹਨ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਵਜੋਂ ਗਿੱਲ ਦੀਆਂ ਦੂਸਰੇ ਜਾਤੀ ਸਮੂਹਾਂ ਨਾਲ ਸੰਬੰਧਿਤ ਸੈਣੀ ਅਤੇ ਮਠਾੜ੍ਹੂ ਪ੍ਰਤੀ ਪੂਰਵਧਾਰਨਾਵਾਂ ਵਿੱਚ ਨਿਹਿਤ ਪ੍ਰਤੀਕੂਲ ਸਥਿਤੀਆਂ ਵਿੱਚ ਵਿਰੋਧੀ ਭਾਵਨਾ ਦੀ ਪੈਦਾਇਸ਼ ਦਾ ਕਾਰਨ ਬਣਦੀ ਹੈ। ਸੈਣੀ ਅਤੇ ਮਠਾੜ੍ਹੂ ਦਾ ਗਿੱਲ ਨੂੰ ਨਾਪਸੰਦ ਕਰਨਾ ਇਸ ਵਿਰੋਧ ਦੀ ਹੀ ਨਿਮਰ ਅਭਿਵਿਅਕਤੀ ਹੈ। ਇੰਝ ਕਹਾਣੀ ਵਿੱਚਲੇ ਵਿਭਿੰਨ ਪਾਤਰ ਇੱਕ-ਦੂਸਰੇ ਨੂੰ ਜਾਣਨ, ਸਮਝਣ ਅਤੇ ਪਰਖਣ ਲਈ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਜਾਤੀ ਪੂਰਵ ਧਾਰਨਾਵਾਂ ਨੂੰ ਅਧਾਰ ਬਣਾਉਂਦੇ ਹਨ। ਇਹਨਾਂ ਦਾ ਪ੍ਰਤੱਖਣ, ਵਿਸ਼ਵਾਸ ਅਤੇ ਸਥਿਤੀ ਜਾਤੀ ਪੂਰਵਧਾਰਨਾਵਾਂ ਦੁਆਰਾ ਇਸ ਕਦਰ ਪ੍ਰਭਾਵਿਤ ਹੈ ਕਿ ਇਹ ਆਪਣੀ ਹਰ ਵਿਅਕਤੀਗਤ ਸਮੱਸਿਆ, ਕਮਜ਼ੋਰੀ, ਸੰਕਟ ਪ੍ਰਾਪਤੀ ਦਾ ਕਾਰਨ ਜਾਤੀ ਵਿਚੋਂ ਫਰੋਲਦੇ ਹਨ। ਜਿੱਥੇ ਇੱਕ ਪਾਸੇ ਕਹਾਣੀ ਜਾਤੀ ਪੂਰਵਧਾਰਨਾਵਾਂ ਦੀ ਗੱਲ ਕਰਦੀ ਹੈ, ਉੱਥੇ ਦੂਸਰੇ ਪਾਸੇ ਲੋਕ ਤੱਤ ਦੇ ਰੂਪ ਵਿੱਚ ਪ੍ਰਚਲਿਤ ਔਰਤ ਸੰਬੰਧੀ ਧਾਰਨਾਵਾਂ ਤੋਂ ਪਰਦਾ ਲਾਹੁੰਦੀ ਹੋਈ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਸਥਿਤੀ-ਪ੍ਰਸਥਿਤੀ ਉੱਤੇ ਦ੍ਰਿਸ਼ਟੀ ਟਿਕਾਉਂਦੀ ਹੈ। ਚਾਹੇ ਉਹ ਸੈਣੀ ਦੀਆਂ ਆਪਣੀਆਂ ਧੀਆਂ ਪ੍ਰਤੀ ਸ਼ੰਕਾਵਾਂ ਹੋਣ, ਉਹਨਾਂ ਪ੍ਰਤੀ ਉਸਦੇ ਸਹਿਕਰਮੀਆਂ ਦੀਆਂ ਅਸਿੱਧੇ ਰੂਪ ਵਿੱਚ ਲਾਈਆਂ ਚੋਭਾ, ਟਕੋਰਾਂ ਹੋਣ। ਸਮੁੱਚੇ ਰੂਪ ਵਿੱਚ ਸੁਖਜੀਤ ਦੀਆਂ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਔਰਤ ਨੂੰ ਘਟੀਆ ਸਮਝਣ ਤੇ ਹੀਣ ਦਰਜਾ ਦੇਣ ਵਾਲੀ ਮਰਦ ਸੋਚ ਨੂੰ ਦ੍ਰਿਸ਼ਟੀਗੋਚਰ ਕਰਦੀਆਂ ਹਨ। ਇਸ ਹਾਜ਼ਰੀ ਵਿਚੋਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਦੀ ਆਕ੍ਰਿਤੀ ਉੱਭਰਦੀ ਹੈ, ਜਿਸਨੂੰ ਸੁਖਜੀਤ ਪਾਠਕਾਂ ਦੇ ਸਨਮੁੱਖ ਪ੍ਰਸਤੁਤ ਕਰਕੇ ਇਸ ਵਿੱਚ ਵਿਚਰਣ ਵਾਲੇ ਮੁੱਖ ਪਾਤਰ ਦੇ ਮਾਧਿਅਮ ਨਾਲ ਮਨੁੱਖੀ ਸ਼ਖ਼ਸੀਅਤ ਅਤੇ ਵਿਵਹਾਰ ਦੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਵਜੋਂ

ਅੰਤਰ-ਸੰਬੰਧ ਉੱਤੇ ਰੌਸ਼ਨੀ ਪਾਉਂਦਾ ਹੋਇਆ ਇਸਦੀ ਭੂਮਿਕਾ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਦੇ ਨੁਕਤਾ-ਨਿਗਾਹ ਤੋਂ ਕਹਾਣੀਆਂ ਦਾ ਸਿਰਲੇਖ ਕਿਸੇ ਵਿਅਕਤੀ ਵਿਸ਼ੇਸ਼ ਲਈ ਵਰਤਿਆ ਗਿਆ ਸੰਕੇਤ ਨਹੀਂ, ਬਲਕਿ ਉਸ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਦਾ ਸੂਚਕ ਹੈ, ਜਿਸ ਵਿੱਚ ਵਿਚਰਨ ਵਾਲਾ ਹਰ ਸ਼ਖ਼ਸ ਕਿਸੇ ਨਾ ਕਿਸੇ ਕਹਾਣੀ ਲਈ ਘੜਿਆ ਗਿਆ ਹੈ। ਫਿਰ ਚਾਹੇ ਉਹ ਕਹਾਣੀ ਕਿਸੇ ਦੀ ਧੀ ਦੀ ਹੋਵੇ, ਜਾਤ ਦੀ ਹੋਵੇ, ਜਮਾਤ ਦੀ ਹੋਵੇ। ਵਿਚਾਰ ਅਧੀਨ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਦੀ ਝਾਕੀ ਮੁੱਖ ਪਾਤਰਾਂ ਦੀਆਂ ਸਥਿਤੀਆਂ- ਪ੍ਰਸਥਿਤੀਆਂ ਵਿਚੋਂ ਜਨਮਦੀ, ਪਨਪਦੀ ਤੇ ਵਿਕਾਸ ਕਰਦੀ ਅਤੇ ਸਿਖਰ ਵੱਲ ਨੂੰ ਜਾਂਦੀ ਪ੍ਰਤੀਤ ਹੁੰਦੀ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਵਜੋਂ ਸੁਖਜੀਤ ਦੀਆਂ ਬਹੁ-ਚਰਚਿਤ ਕਹਾਣੀਆਂ ਵਿਚੋਂ 'ਬਰਫ਼' ਅਤੇ 'ਅੰਤਰਾ' ਕਹਾਣੀਆਂ ਸਿਖਰ ਤੇ ਹਨ। ਇਹਨਾਂ ਕਹਾਣੀਆਂ ਤੋਂ ਇਲਾਵਾ ਸੁਖਜੀਤ ਦੀਆਂ ਕੁਝ ਅਜਿਹੀਆਂ ਕਹਾਣੀਆਂ ਵੀ ਹਨ, ਜੋ ਭਾਵੇਂ ਬਹੁ-ਚਰਚਾ ਦਾ ਵਿਸ਼ਾ ਤਾਂ ਨਹੀਂ ਬਣੀਆਂ ਪਰੰਤੂ ਇਹਨਾਂ ਕਹਾਣੀਆਂ ਨੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਦੇ ਸੰਸਾਰ ਵਿੱਚ ਅਹਿਮ ਰੋਲ ਜ਼ਰੂਰ ਅਦਾ ਕੀਤਾ ਹੈ। ਇਹ ਕਹਾਣੀਆਂ ਹਨ - 'ਦਾਅ', 'ਤੀਲ੍ਹਾ', 'ਮਾਰਕੀਟ', 'ਸਤਾਈ ਮੀਲ' ਆਦਿ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪਰਿਪੇਖ ਤੋਂ ਉਪਰੋਕਤ ਕਹਾਣੀਆਂ ਸਮੱਗਰ ਦੇ ਮਹੱਤਵ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। 'ਬਰਫ਼' ਕਹਾਣੀ ਮਨੁੱਖ ਦੀ ਪ੍ਰਕਿਰਤਕ/ਜੈਵਿਕ ਅਤੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਹੋਂਦ ਵਿੱਚਲੇ ਦਵੰਦ ਨਾਲ ਸੰਬੰਧਿਤ ਹੈ। ਇਸ ਦਵੰਦ ਦੀ ਹੋਂਦ ਆਦਿ ਕਾਲ ਤੋਂ ਹੈ। ਆਦਿ ਕਾਲ ਵਿੱਚ ਮਨੁੱਖ ਪ੍ਰਕਿਰਤਕ ਰੂਪ ਵਿੱਚ ਵਿਚਰਦਾ ਸੀ। ਇਸ ਰੂਪ ਵਿੱਚ ਔਰਤ-ਮਰਦ ਦਰਮਿਆਨ ਇੱਕੋ-ਇੱਕ ਬੁਨਿਆਦੀ ਸੰਬੰਧ ਸੀ, ਜੋ ਹਰ ਪ੍ਰਕਾਰ ਦੀ ਮਰਿਆਦਾ ਅਤੇ ਸਮਾਜਿਕ ਨਿਯਮਾਂ ਤੋਂ ਮੁਕਤ ਸੀ। ਸਮਾਜਿਕ ਵਿਵਸਥਾ ਦੀ ਸਥਾਪਤੀ ਨਾਲ ਔਰਤ-ਮਰਦ ਵਿੱਚਲਾ ਬੁਨਿਆਦੀ ਪ੍ਰਕਿਰਤਕ ਸੰਬੰਧ ਸਮਾਜਿਕ ਨਿਯਮਾਂ ਅਧੀਨ ਮਰਿਆਦਾਗਤ ਰੂਪ ਧਾਰਨ ਕਰ ਗਿਆ। ਇਹ ਬਹੁ-ਸਮਾਜਿਕ ਰਿਸ਼ਤਿਆਂ ਅਤੇ ਟੈਬੂਆਂ ਦੇ ਰੂਪ ਵਿੱਚ ਸਾਹਮਣੇ ਆਇਆ। ਬਹੁ-ਸਮਾਜਿਕ ਰਿਸ਼ਤਿਆਂ-

ਨਾਤਿਆਂ ਵਿੱਚ ਕੁਝ ਰਿਸ਼ਤੇ-ਨਾਤੇ ਪਵਿੱਤਰਤਾ ਦੀ ਹੱਦ ਤੱਕ ਪੂਜਣਯੋਗ ਮੰਨੇ ਗਏ, ਜਿਹਨਾਂ ਵਿੱਚ ਭੈਣ-ਭਰਾ ਦਾ ਰਿਸ਼ਤਾ ਪ੍ਰਮੁੱਖ ਹੈ। ਨੈਤਿਕ ਦ੍ਰਿਸ਼ਟੀ ਤੋਂ ਇਸਦੀ ਉਲੰਘਣਾ ਕਿਸੇ ਵੀ ਸਮਾਜ ਨੂੰ ਪ੍ਰਵਾਨਿਤ ਨਹੀਂ। ਪਰੰਤੂ ਆਧੁਨਿਕ-ਪੱਛਮੀ ਪ੍ਰਭਾਵ ਵਾਲੀ ਖੁੱਲ੍ਹੀ-ਡੁੱਲ੍ਹੀ ਸੰਸਕ੍ਰਿਤੀ ਵਿੱਚ ਅਜਿਹੀਆਂ ਸਥਿਤੀਆਂ-ਪਰਿਸਥਿਤੀਆਂ ਦੇ ਪੈਦਾ ਹੋਣ ਦੀ ਸੰਭਾਵਨਾ ਪ੍ਰਬਲ ਬਣੀ ਹੋਈ ਹੈ ਜਿਸ ਵਿੱਚ ਵਿਚਰਦੇ ਭੈਣ-ਭਰਾ ਪ੍ਰਕਿਰਤਕ ਅਤੇ ਸੱਭਿਆਚਾਰਕ ਰੂਪਾਂਤਰਨ ਦੀ ਸਮਾਜਿਕ ਹੋਂਦ ਵਿੱਚਲੇ ਦਵੰਦ ਦੀ ਤੀਖਣ ਅਨੁਭੂਤੀ ਕਾਰਨ ਸੱਭਿਆਚਾਰਕ ਰੂਪਾਂਤਰਨ ਦੇ ਮਾੜੇ ਸਮਾਜਿਕ ਪੱਖ ਨੂੰ ਸ਼ੰਕਾ ਭਰੀ ਦ੍ਰਿਸ਼ਟੀ, ਭੈਣ-ਭਰਾ ਦੇ ਰਿਸ਼ਤੇ ਦੀ ਅਪਵਿੱਤਰਤਾ ਦਾ ਸ਼ਿਕਾਰ ਹੋਇਆ ਨੂੰ ਪ੍ਰਗਟਾਇਆ ਗਿਆ ਹੈ। ਅਜਿਹੀ ਸਥਿਤੀ ਨੂੰ ਹੀ ਕਹਾਣੀਕਾਰ *ਅੰਤਰਾ* ਕਹਾਣੀ ਸੰਗ੍ਰਹਿ ਦੀ 'ਬਰਫ਼' ਕਹਾਣੀ ਵਿੱਚੋਂ ਉਭਾਰਦਾ ਹੈ। ਜਿਵੇਂ ਕਿ:

> ਥਾਂ ਬਹੁਤ ਥੋੜ੍ਹਾ ਸੀ, ਉਹ ਸੁੰਗੜੇ ਹੋਏ ਸਨ ਤੇ ਆਪਣੇ ਆਪ ਨੂੰ ਇੱਕ ਦੂਜੇ ਨਾਲੋਂ ਲੱਗਣੋਂ ਬਚਾ ਰਹੇ ਸਨ। ਪਰ ਕਿਉਂ? ਬਰਖਾ ਨੇ ਸੋਚਿਆ ਸੀ, "ਕਿਉਂ ਅਸੀਂ ਇੱਕ ਦੂਜੇ ਵੱਲ ਪਿੱਠ ਕੀਤੀ, ਅਸੀਂ ਭੈਣ ਭਰਾ ਹਾਂ, ਛੋਟੇ ਹੁੰਦੇ 'ਕੱਠੇ ਸੌਂਦੇ ਰਹੇ ਹਾਂ, ਇੱਕ ਦੂਜੇ ਨੂੰ ਗਲਵੱਕੜੀ ਪਾ ਕੇ। ਪਰ ਹੁਣ? ਹੁਣ ਸ਼ਾਇਦ ਅਸੀਂ ਵੱਡੇ ਹੋ ਗਏ ਹਾਂ...।(26)

ਇੰਝ ਇਹ ਕਹਾਣੀ ਅਤੀ ਸੰਵੇਦਨਸ਼ੀਲ ਰਿਸ਼ਤੇ-ਨਾਤੇ ਵਿੱਚਲੇ ਪੈਦਾ ਹੋਏ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਵਜੋਂ ਅਸਹਿਜਤਾ ਉੱਤੇ ਕੇਂਦਰਿਤ ਹੈ। ਪਰੰਤੂ ਇਸ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਵਜੋਂ ਅਸਹਿਜਤਾ ਦੇ ਵਿਕਾਰੂ ਅਤੇ ਅਨੈਤਿਕ ਭਾਵਾਂ ਨੂੰ ਪ੍ਰਚੰਡ ਕਰਨ ਦੀ ਪ੍ਰਬਲ ਸੰਭਾਵਨਾ ਉੱਤੇ ਕਹਾਣੀਕਾਰ ਦੀ ਸਵੱਸਥ ਪਹੁੰਚ ਵਿਰਾਮ ਲਗਾਉਂਦੀ ਹੈ। ਕਹਾਣੀਕਾਰ ਭੈਣ-ਭਰਾ ਵਿਚਾਲੇ ਪੈਦਾ ਹੋਈ ਅਸਹਿਜ ਸਥਿਤੀ ਦਾ ਵਸਤੂ-ਵਿਵੇਕ ਤਾਂ ਸਿਰਜਦਾ ਹੈ ਪਰੰਤੂ ਉਸਨੂੰ ਉਚਿਤ ਠਹਿਰਾਉਣ ਜਾਂ ਪ੍ਰਵਾਨਗੀ ਦਿਵਾਉਣ ਲਈ ਯਤਨਸ਼ੀਲ ਨਹੀਂ ਹੁੰਦਾ। ਇਹੀ ਇਸ ਕਹਾਣੀ ਦੀ ਵਿਸ਼ੇਸ਼ਤਾ ਹੈ। ਕਹਾਣੀ ਵਿੱਚ ਸ਼ਿਮਲੇ ਤੋਂ ਕੁਫਰੀ ਜਾ ਰਹੇ ਮਨੀਸ਼ ਅਤੇ ਬਰਖਾ (ਭਰਾ-ਭੈਣ) ਰਾਹ ਵਿੱਚ ਹੀ ਜੀਪ ਖਰਾਬ ਹੋ ਜਾਣ ਕਾਰਨ ਫਸ ਜਾਂਦੇ ਹਨ। ਅਤਿ ਦੀ ਠੰਢ ਤੋਂ ਬਚਣ ਲਈ ਦੋਹਾਂ ਨੂੰ ਇੱਕੋ ਕੰਬਲ ਦੇ ਸਹਾਰੇ, ਜੀਪ ਵਿੱਚਲੀ ਥੋੜ੍ਹੀ ਕੁ ਥਾਂ ਵਿੱਚ

ਰਾਤ ਕੱਟਣ ਲਈ ਮਜਬੂਰ ਹੋਣਾ ਪੈਂਦਾ ਹੈ। ਇਸ ਸਥਿਤੀ ਵਿੱਚ ਦੋਹਾਂ ਦੀ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਹਾਲਤ ਡਾਵਾਂਡੋਲ ਹੋਣ ਲੱਗਦੀ ਹੈ ਜੋ ਨੈਤਿਕ ਮਰਯਾਦਾ ਉਲੰਘੇ ਜਾਣ ਦੀ ਸੰਭਾਵਨਾ ਪੈਦਾ ਕਰਦੀ ਹੈ। ਇਹ ਨੈਤਿਕ ਮਰਿਆਦਾ ਉਲੰਘੀ ਤਾਂ ਭਾਵੇਂ ਨਹੀਂ ਜਾਂਦੀ, ਪਰੰਤੂ ਦੋਹਾਂ ਦੀਆਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਦੇ ਦਵੰਦਾਤਮਕ ਸਥਿਤੀਆਂ ਤੋਂ ਉਲੰਘਣਾ ਦਾ ਭੈਅ ਜ਼ਰੂਰ ਰੂਪਮਾਨ ਹੁੰਦਾ ਹੈ। ਇਹ ਭੈਅ ਪ੍ਰਕਿਰਤਕ ਅਵਸਥਾ ਅਤੇ ਸੱਭਿਆਚਾਰਕ ਰੂਪਾਂਤਰਨ ਦੀ ਸਮਾਜਿਕ ਵਿਵਸਥਾ ਵਿੱਚਲੇ ਟਕਰਾਅ ਦਾ ਸੂਚਕ ਹੈ। ਸੁਖਜੀਤ ਦੀਆਂ ਕਹਾਣੀਆਂ ਆਦਿ ਤੋਂ ਅੰਤ ਤੱਕ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਦਾਵੰਦਤਮਕ ਵਿੱਚਲੇ ਟਕਰਾਅ ਨੂੰ ਪ੍ਰਤੀਕਾਤਮਕ ਰੂਪ ਵਿੱਚ ਉਲੀਕਦੀਆਂ ਹਨ। ਪ੍ਰਕਿਰਤਕ ਅਵਸਥਾ ਮੁੱਢਲੀ ਅਵਸਥਾ ਹੈ ਜਿਸ ਵਿੱਚ ਹਰ ਪ੍ਰਕਾਰ ਦੇ ਅਨੈਤਿਕ ਮੁੱਲਾਂ ਦੀ ਅਣਹੋਂਦ ਹੈ। ਇਹ ਖੁੱਲ੍ਹੀ-ਡੁੱਲ੍ਹੀ ਨਿਯਮਾਂ ਤੋਂ ਮੁਕਤ ਅਗਿਆਨਤਾ ਦੀ ਅਵਸਥਾ ਹੈ, ਜੋ ਸਮਾਜੀਕਰਨ ਦੇ ਫਲਸਰੂਪ ਸਿੱਖਿਅਤ ਸੱਭਿਆਚਾਰਕ ਰੂਪਾਂਤਰਨ ਦੀ ਸਮਾਜਿਕ ਵਿਵਸਥਾ ਵਿੱਚ ਨਹੀਂ ਢਲਦੀ। ਸੱਭਿਆਚਾਰਕ ਰੂਪਾਂਤਰਨ ਦੀ ਸਮਾਜਿਕ ਵਿਵਸਥਾ ਮਰਿਆਦਾ ਦੇ ਦਾਇਰੇ ਤੋਂ ਬਾਹਰ ਵਿਚਰਦੇ ਸਮਾਜਿਕ ਅਸੰਬੰਧਾਂ ਦਾ ਅਜਿਹਾ ਤਾਣਾ-ਬਾਣਾ ਹੈ, ਜਿਸ ਵਿੱਚ ਨੈਤਿਕ ਮੁੱਲਾਂ ਤੇ ਨਿਯਮਾਂ ਦੀ ਅਣਹੋਂਦ ਹੈ। 'ਬਰਫ਼' ਕਹਾਣੀ ਵਿੱਚ ਬਰਫ਼ ਪ੍ਰਕਿਰਤਕ ਅਵਸਥਾ ਦੀ ਹੀ ਪ੍ਰਤੀਕਾਤਮਕ ਅਭਿਵਿਅਕਤੀ ਹੈ। ਇਹ ਸਮੱਗਰ ਮਨੁੱਖ ਜਾਤੀ ਦੀ ਮੁੱਢਲੀ ਅਵਸਥਾ ਅਥਵਾ ਮਨੁੱਖ ਦੀ ਜੈਵਿਕ/ਪ੍ਰਕਿਰਤਕ ਹੋਂਦ ਨੂੰ ਪ੍ਰਗਟਾਉਂਦੀ ਹੈ। ਦੂਜੇ ਪਾਸੇ ਮਨੀਸ਼ ਅਤੇ ਬਰਖਾ ਵਿਚਾਲੇ ਭੈਣ-ਭਰਾ ਦਾ ਰਿਸ਼ਤਾ ਸਮਾਜਿਕ ਵਿਵਸਥਾ ਅਥਵਾ ਸਮਾਜਿਕ ਹੋਂਦ ਦਾ ਸੰਕੇਤਕ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਦੇ ਦ੍ਰਿਸ਼ਟੀਗਤ ਨੁਕਤੇ ਤੋਂ ਮਨੁੱਖ ਦੀ ਜੈਵਿਕ ਅਤੇ ਸਮਾਜਿਕ ਹੋਂਦ ਦਾ ਸੰਬੰਧ ਕ੍ਰਮਵਾਰ ਜਨਮਜਾਤ ਪ੍ਰਕਿਰਤੀ ਅਤੇ ਵਿਕਾਸ ਪ੍ਰਕਿਰਿਆ ਨਾਲ ਜੁੜਿਆ ਹੋਇਆ ਹੈ। ਮੂਲ ਤੌਰ 'ਤੇ ਇਹ ਕਹਾਣੀ ਸੱਭਿਆਚਾਰਕ ਰੂਪਾਂਤਰਨ ਦੀ ਪ੍ਰਕਿਰਤਕ ਅਵਸਥਾ ਅਤੇ ਸਮਾਜਿਕ ਵਿਵਸਥਾ ਨੂੰ ਇੱਕ-ਦੂਸਰੇ ਦੇ ਸਨਮੁੱਖ ਰੱਖ ਮਨੁੱਖੀ ਹੋਂਦ ਦੇ ਦਵੰਦ ਨੂੰ ਨਸ਼ਰ ਕਰਦੀ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਇਹ ਦਵੰਦ ਮਨੀਸ਼ ਅਤੇ ਬਰਖਾ ਦੀ ਭੈਅਗ੍ਰਸਤ ਸਥਿਤੀ-

ਪ੍ਰਸਥਿਤੀ ਅਤੇ ਵਿਵਹਾਰ ਰਾਹੀਂ ਦ੍ਰਿਸ਼ਟੀਗੋਚਰ ਹੁੰਦਾ ਹੈ। ਮਨੀਸ਼ ਅਤੇ ਬਰਖਾ ਦਾ ਕਦੇ ਸ਼ੀਸ਼ੇ ਵਿੱਚ ਆਪਣਾ ਪ੍ਰਤੀਬਿੰਬ ਵੇਖ ਡਰ ਜਾਣਾ ਅਤੇ ਕਦੇ ਭੇੜੀਏ ਦੇ ਆਉਣ ਦਾ ਡਰ ਸਤਾਉਣਾ ਜਿੱਥੇ ਉਹਨਾਂ ਦੀ ਭੈਅਗ੍ਰਸਤ ਅਵਸਥਾ ਨੂੰ ਦਰਸਾ ਰਿਹਾ, ਉੱਥੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖਾਂ ਨੂੰ ਗੁੱਝੇ ਰੂਪ ਵਿੱਚ ਭੈਭੀਤ ਹੋਣ ਦੇ ਅਸਲ ਕਾਰਨ ਨੂੰ ਵੀ ਉਭਾਰ ਰਿਹਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ 'ਪ੍ਰਤੀਬਿੰਬ' ਅੰਧਕਾਰਮਈ ਅਵਚੇਤਨ ਅਤੇ 'ਭੇੜੀਆ' ਕਾਮੁਕ ਵਿਅਕਤੀ ਦੇ ਪ੍ਰਤੀਕਾਤਮਕ ਆਦਿ ਰੂਪ (Symbolic archetypes) ਹਨ। ਮਨੀਸ਼ ਅਤੇ ਬਰਖਾ ਦਾ ਪ੍ਰਤੀਬਿੰਬ ਵੇਖ ਡਰਨਾ ਸੰਕੇਤ ਕਰਦਾ ਹੈ ਕਿ ਦੋਵੇਂ ਦਮਿਤ ਕਾਮਨਾਵਾਂ ਅਤੇ ਇੱਛਾਵਾਂ ਨਾਲ ਗ੍ਰਸੇ ਸਵੈ ਦੇ ਹਨੇਰੇ ਪੱਖ ਨਾਲ ਰੂਬਰੂ ਹੋ ਚੁੱਕੇ ਹਨ। ਇਸ ਲਈ ਉਹਨਾਂ ਨੂੰ ਭੇੜੀਏ ਦਾ ਡਰ ਸਤਾਉਣ ਲੱਗਾ ਹੈ ਜਿਸ ਦੀ ਹੋਂਦ ਜੰਗਲ ਵਿੱਚ ਨਹੀਂ ਬਲਕਿ ਦੋਹਾਂ ਦੇ ਸਵੈ ਮਨ ਵਿੱਚ ਮੌਜੂਦ ਹੈ। ਇਹ ਅਹਿਸਾਸ ਮਨੀਸ਼ ਅਤੇ ਬਰਖਾ ਦੀ ਪ੍ਰਕਿਰਤਕ ਹੋਂਦ ਅਤੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਰਿਸ਼ਤੇ-ਨਾਤੇ ਵਿੱਚਲੇ ਤੀਖਣ ਸੰਘਰਸ਼ ਨੂੰ ਤੇਜ਼ ਕਰਦਾ ਹੈ। ਇਸ ਆਂਤਰਿਕ ਸੰਘਰਸ਼ ਨੂੰ ਉਲੀਕਦੀ ਇਹ ਕਹਾਣੀ ਰਿਸ਼ਤਿਆਂ ਦੀ ਮਰਿਆਦਾਗਤ ਸਾਰਥਕਤਾ ਨੂੰ ਬਰਕਰਾਰ ਰੱਖਣ ਵੱਲ ਮਨੀਸ਼ ਅਤੇ ਬਰਖਾ ਦੀ ਮਾਂ ਨੂੰ ਉਹਨਾਂ ਦੀ ਦਾਦੀ ਦੇ ਆਖੇ ਹੇਠਲੇ ਕਥਨ ਰਾਹੀਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਵਿੱਚਲੇ ਸੂਖਮ ਸੰਕੇਤ ਯਾਦ ਆਉਂਦੇ ਹਨ। ਜਿਵੇਂ ਕਿ :

> ਦੇਖ ਕੁੜੇ ਬਹੂ, ਭਾਈ ਸਿਆਣਿਆਂ ਦੀ ਕਹੌਤ ਐ ਕਿ ਜੁਆਨ ਧੀ ਪੁੱਤ ਇੱਕ ਲਟੈਣ ਥੱਲੇ ਪੈਣ ਤਾਂ ਲਟੇਣ ਟੁੱਟ ਜਾਂਦੀ ਐ।(26)

ਇਹ 'ਲਟੈਣ' ਸੰਜਮ ਦੀ, ਨੈਤਿਕਤਾ ਦੀ, ਮਰਿਆਦਾ ਦੀ, ਸਮਾਜਿਕ ਨਿਯਮਾਂ ਦੀ ਅਰਥਾਤ ਸਮੁੱਚੀ ਸਮਾਜਿਕ ਵਿਵਸਥਾ ਦੀ ਹੈ। 'ਬਰਫ਼' ਕਹਾਣੀ ਵਿੱਚ ਮਰਿਆਦਾ ਦੀ ਇਹ ਲਟੈਣ ਭਾਵੇਂ ਟੁੱਟਦੀ ਤਾਂ ਨਹੀਂ ਪਰੰਤੂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਇਸਦੇ ਟੁੱਟਣ ਦਾ ਭੈਅ ਸੰਭਾਵੀ ਸੰਕਟ ਨੂੰ ਜ਼ਰੂਰ ਰੂਪਾਇਤ ਕਰਦਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਇਹ ਸੰਕਟ ਅਜੋਕੇ ਖੁੱਲ੍ਹੇ-ਡੁੱਲ੍ਹੇ ਮਾਹੌਲ ਵਿੱਚ ਵਿਚਰਦਾ ਸਮਾਜਿਕ ਜੀਵਨ ਦੀ ਮਨੁੱਖੀ ਹੋਂਦ ਤੇ ਤਿੜਕਣ ਦਾ ਹੈ। ਕਹਾਣੀ 'ਅੰਤਰਾ' ਵੀ

ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਬਹੁ-ਪਾਸਾਰੀ ਹੈ। ਹਰ ਨਵੀਂ ਪੜ੍ਹਤ ਦੇ ਨਾਲ ਇਹ ਕਹਾਣੀ ਵੱਖਰੇ ਆਯਾਮ ਦਾ ਬੋਧ ਕਰਵਾਉਂਦੀ ਹੈ। ਕਹਾਣੀ ਬਿਰਤਾਂਤ ਵਿੱਚ ਵਿਵੇਕ ਜੋਸ਼ੀ, ਅੰਤਰਾ, ਕੁਮਾਰ ਗੋਸਵਾਮੀ ਦੀ ਤਿੱਕੜੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਹ ਤਿੱਕੜੀ ਪ੍ਰਤੀਕਾਤਮਕ ਆਦਿ ਰੂਪ ਵਜੋਂ ਕਾਰਜਸ਼ੀਲ ਹੈ ਜੋ ਕਦੇ ਭੂਤ, ਵਰਤਮਾਨ, ਭਵਿੱਖ ਕਦੇ ਜਨਮ, ਜੀਵਨ, ਮੌਤ ਅਤੇ ਕਦੇ ਦੇਹ, ਮਨ, ਆਤਮਾ ਦੇ ਬਹੁ-ਪ੍ਰਸੰਗਾਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਵਜੋਂ ਸੰਚਾਰਿਤ ਕਰਦੀ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਵਜੋਂ ਇਹਨਾਂ ਬਹੁ-ਦਾਰਸ਼ਨਿਕ ਪ੍ਰਸੰਗਾਂ ਨਾਲ ਜੂਝਦੀ ਹੋਈ ਇਹ ਕਹਾਣੀ ਵੀ ਡੂੰਘੀ ਤਰ੍ਹਾਂ ਸਮਾਜਿਕ ਪੱਖ ਨਾਲ ਜੁੜੀ ਹੋਈ ਹੈ। ਕਹਾਣੀ ਵਿੱਚਲੇ ਤਿੰਨੇ ਪਾਤਰ 'ਬ੍ਰਾਹਮਣ' ਜਾਤੀਗਤ ਪਿਛੋਕੜ ਨਾਲ ਸੰਬੰਧਿਤ ਹਨ। ਇਹਨਾਂ ਦੇ ਨਾਂਵਾਂ ਨਾਲ ਅੰਤਰਾ, ਵਿਵੇਕ, ਕੁਮਾਰ ਲੱਗੇ ਉਪਨਾਮ ਕ੍ਰਮਵਾਰ ਭਾਰਦਵਾਜ, ਜੋਸ਼ੀ ਅਤੇ ਗੋਸਵਾਮੀ ਸਾਂਝੇ ਪਿਛੋਕੜ ਦੀ ਹਾਮੀ ਭਰ ਰਹੇ ਹਨ, ਪਰੰਤੂ ਇਸ ਸਾਂਝ ਦੇ ਬਾਵਜੂਦ ਇਹ ਤਿੰਨੇ ਇੱਕ-ਦੂਸਰੇ ਨਾਲੋਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਵੱਖਰੀ ਸ਼ਖ਼ਸੀਅਤ ਦੇ ਧਾਰਨੀ ਹਨ। ਇਸ ਕਹਾਣੀ ਵਿਚੋਂ ਉੱਭਰਨ ਵਾਲਾ ਅਹਿਮ ਨੁਕਤਾ ਹੈ, ਜੋ ਇਹ ਦਰਸਾ ਰਿਹਾ ਹੈ ਕਿ ਸਾਂਝਾ ਜਾਤੀਗਤ ਪਿਛੋਕੜ ਹੋਣ ਦੇ ਬਾਵਜੂਦ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਦੇ ਅੰਤਰਗਤ ਆਉਣ ਵਾਲੇ ਹੋਰ ਪਹਿਲੂ ਜਿਵੇਂ ਪਰਿਵਾਰਕ ਹਾਲਾਤ, ਕਿੱਤਾ ਆਦਿ ਵੀ ਅਜਿਹੇ ਮਹੱਤਵਪੂਰਨ ਨਿਰਣਨਾਇਕ ਹਨ, ਜੋ ਬੰਦੇ ਦੀ ਸ਼ਖ਼ਸੀਅਤ ਨੂੰ ਘੜ੍ਹਦੇ ਹਨ। ਵਿਵੇਕ ਜੋਸ਼ੀ ਅਰਥ ਸ਼ਾਸਤਰੀ ਹੈ। ਉਸਦੇ ਮਾਤਾ-ਪਿਤਾ, ਭੈਣ-ਭਰਾ ਵਲੈਤ ਰਹਿੰਦੇ ਹਨ। ਪਰੰਤੂ ਵਿਵੇਕ ਵਲੈਤ ਨਹੀਂ ਜਾਣਾ ਚਾਹੁੰਦਾ। ਵਿਆਹ ਉਸਨੇ ਅਜੇ ਕਰਵਾਇਆ ਨਹੀਂ। ਵਿਵੇਕ ਬਹੁਤ ਹੀ ਇਕੱਲ ਮਹਿਸੂਸ ਕਰਦਾ ਹੈ। ਕਈ ਵਾਰ ਅੰਤਰਾ ਬਾਰੇ ਸੋਚਦਾ ਵਿਵੇਕ ਚਾਹੁਣ ਲੱਗ ਜਾਂਦਾ ਹੈ ਕਿ ਕੁਮਾਰ ਛੇਤੀ ਮਰ ਜਾਵੇ। ਕਿਉਂਕਿ ਵਿਵੇਕ ਨੂੰ ਜਾਪਦਾ ਹੈ ਕਿ ਕੁਮਾਰ ਦੇ ਜਿਊਂਦਿਆਂ ਜੀਅ ਉਸਦੀ ਆਪਣੀ ਇੱਛਾ ਦੀ ਪੂਰਤੀ ਅਰਥਾਤ ਅੰਤਰਾ ਦੀ ਪ੍ਰਾਪਤੀ ਸੰਭਵ ਨਹੀਂ। ਜਿਵੇਂ ਕਿ ਇਸੇ ਸੰਬੰਧ 'ਚ ਡਾ. ਰਵਿੰਦਰ ਕੁਮਾਰ, *ਰਚਨਾ ਵਿਰਚਨਾ: ਸਿਧਾਂਤ ਤੇ ਵਿਹਾਰ* ਵਿਚਾਰ ਪ੍ਰਗਟਾਅ ਰਹੇ ਹਨ ਕਿ:

ਵਿਵੇਕ ਦਰਅਸਲ ਬਾਜਾਰ ਕੇਂਦਰਿਤ ਸਮਾਜ ਦੇ ਉਸ ਬੰਦੇ ਦੀ ਪ੍ਰਤੀਨਿੱਧਤਾ ਕਰਦਾ ਹੈ, ਜੋ ਕੁਝ ਵੀ ਹੱਥੋਂ ਜਾਣ ਨਹੀਂ ਦੇਣਾ ਚਾਹੁੰਦਾ। ਨਾ ਤਾਂ ਆਪਣੇ ਕਿੱਤੇ ਨਾਲ ਜੁੜਿਆ ਦੇਸ਼ ਦੇ ਅਰਥਚਾਰੇ ਦਾ ਫ਼ਿਕਰ ਅਤੇ ਨਾ ਹੀ ਅੰਤਰਾ। ਇਨ੍ਹਾਂ ਦੀ ਪ੍ਰਾਪਤੀ ਦੇ ਰਾਹ ਵਿੱਚ ਆਉਣ ਵਾਲਾ ਹਰ ਸ਼ਖ਼ਸ ਉਸ ਲਈ ਮੁਕਾਬਲੇਬਾਜ਼ ਹੈ, ਜਿਸਨੂੰ ਦਰੜ ਕੇ ਜਾਂ ਨਿਮਨ ਸਿੱਧ ਕਰਕੇ, ਆਪਣੇ ਆਪ ਨੂੰ ਸ੍ਰੇਸ਼ਠ ਸਿੱਧ ਕਰਨਾ ਹੀ ਉਸਦੀ ਪ੍ਰਾਪਤੀ ਬਣ ਚੁੱਕੀ ਹੈ।(36)

ਇਸ ਲਈ ਸੁਖਜੀਤ ਕਹਾਣੀ 'ਅੰਤਰਾ' ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਇਹ ਦੁਬਿਧਾ ਪ੍ਰਗਟ ਕਰ ਰਿਹਾ ਹੈ ਕਿ ਵਿਵੇਕ ਦੇ ਵਲੈਤ ਨਾ ਜਾਣ ਦਾ ਕਾਰਨ ਦੇਸ਼ ਦਾ ਅਰਥਚਾਰਾ ਵੀ ਹੋ ਸਕਦਾ ਹੈ ਅਤੇ ਅੰਤਰਾ ਵੀ। ਬਿਰਤਾਂਤਕਾਰ ਦੀ ਵਿਵੇਕ ਪ੍ਰਤੀ ਇਹ ਦੁਬਿਧਾ ਸੁਭਾਵਕ ਹੈ। ਕਿਉਂਕਿ ਵਿਵੇਕ ਦਾ ਵਿਦੇਸ਼ ਵੱਸਦੇ ਆਪਣੇ ਘਰ-ਪਰਿਵਾਰ ਤੋਂ ਦੂਰ ਰਹਿਣਾ ਅਤੇ ਉੱਥੇ ਜਾਣ ਦੀ ਇੱਛਾ ਨਾ ਰੱਖਣਾ, ਉਸਨੂੰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਮੋਹ ਵਿਹੂਣਾ ਪ੍ਰਗਟਾ ਰਿਹਾ ਹੈ। ਮੋਹ ਵਿਹੂਣਾ ਵਿਵੇਕ ਅੰਤਰਾ ਜਾਂ ਕਿਸੇ ਹੋਰ ਨਾਲ ਇਤਨੀ ਸ਼ਿੱਦਤ ਨਾਲ ਜੁੜ ਸਕਦਾ ਹੈ ਕਿ ਉਸਨੂੰ ਛੱਡ ਹੀ ਨਾ ਸਕੇ, ਇਸਦੀ ਸੰਭਾਵਨਾ ਨਾਂਹ ਦੇ ਬਰਾਬਰ ਹੈ। ਵਿਵੇਕ ਲਈ ਪਿਆਰ ਵਰਗੇ ਅਤੀ ਸੰਵੇਦਨਸ਼ੀਲ ਭਾਵ ਜਾਂ ਕਿਸੇ ਹੋਰ ਸੂਖਮ ਅਹਿਸਾਸ ਨੂੰ ਸਮਝ ਪਾਉਣਾ ਮੁਮਕਿਨ ਨਹੀਂ। ਵਿਵੇਕ ਨੂੰ ਕੁਮਾਰ ਵੱਲੋਂ ਦੱਸੀਆਂ ਮਨੁੱਖੀ ਹੋਂਦ ਦੀਆਂ ਚਾਰ ਹਾਲਤਾਂ ਵਿਚੋਂ ਤਿੰਨ ਦੀ ਤਾਂ ਸਮਝ ਆ ਜਾਂਦੀ ਹੈ, ਪਰੰਤੂ ਚੌਥੀ ਹਾਲਤ 'ਮੌਤ' ਦੀ ਸਮਝ ਨਹੀਂ ਆਉਂਦੀ। ਉਹ ਮੌਤ ਨੂੰ ਖੁਦ ਆਪਣੇ ਨੇੜਿਉਂ ਲੰਘਣ ਉੱਤੇ ਵੀ ਸਮਝ ਨਹੀਂ ਪਾਉਂਦਾ। ਕਿਉਂਕਿ ਵਿਵੇਕ ਜਿਸ ਬਜ਼ਾਰ ਕੇਂਦਰਿਤ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਦਾ ਹਿੱਸਾ ਹੈ, ਉੱਥੇ ਸਥੂਲ ਨੂੰ ਤਵੱਜੋ ਦਿੱਤੀ ਜਾਂਦੀ ਹੈ, ਸੂਖਮ ਤੱਕ ਪਹੁੰਚ ਨਹੀਂ ਕੀਤੀ ਜਾਂਦੀ। ਦ੍ਰਿਸ਼ ਤੋਂ ਅਦ੍ਰਿਸ਼ ਤੱਕ ਦਾ ਪੈਂਡਾ ਤੈਅ ਕਰਨ ਵਿੱਚ ਦਿਲਚਸਪੀ ਨਹੀਂ ਦਿਖਾਈ ਜਾਂਦੀ। ਵਿਵੇਕ ਅਜਿਹੀ ਬਿਰਤੀ ਹੀ ਰੱਖਦਾ ਹੈ। ਰਾਤ ਗਏ ਵਿਵੇਕ ਨੂੰ ਅੰਤਰਾ ਦਾ ਫੋਨ ਆਉਂਦਾ ਹੈ। ਰਾਤ ਦੇ ਇਸ ਪਹਿਰ, ਸ਼ਮਸ਼ਾਨ ਘਾਟ ਦੇ ਨਾਲ ਕੁਮਾਰ ਗੋਸਵਾਮੀ ਦਾ ਜ਼ਿਕਰ ਸੁਣ ਵਿਵੇਕ ਨੂੰ ਕੋਈ ਗੁੱਝੀ ਜਿਹੀ ਖੁਸ਼ੀ ਹੁੰਦੀ ਹੈ। ਇਹ ਖੁਸ਼ੀ ਕੁਮਾਰ ਗੋਸਵਾਮੀ ਨਾਲ ਕੁਝ ਅਣਸੁਖਾਵਾਂ ਵਾਪਰ

ਜਾਣ ਦੀ ਸੰਭਾਵਨਾ ਕਰਕੇ ਹੈ। ਬਾਜ਼ਾਰ ਕੇਂਦਰਿਤ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਦੇ ਸਵਾਮੀ ਵਿਵੇਕ ਲਈ ਕੁਮਾਰ ਗੋਸਵਾਮੀ ਮੁਕਾਬਲੇਬਾਜ਼ ਹੈ। ਇਸ ਲਈ ਕੁਮਾਰ ਨੂੰ ਪਹੁੰਚੀ ਕਿਸੇ ਵੀ ਕਿਸਮ ਦੀ ਹਾਨੀ ਵਿਵੇਕ ਲਈ ਖੁਸ਼ੀ ਦਾ ਸਬੱਬ ਹੈ। ਕਹਾਣੀ ਵਿੱਚ ਅੰਤਰਾ ਵਿਵੇਕ ਤੇ ਕੁਮਾਰ ਵਿੱਚਲੀ ਵਿੱਥ ਦਾ ਕਾਰਨ ਹੈ। ਅੰਤਰਾਂ ਇੱਕ ਪਾਸੇ ਕੁਮਾਰ (ਭੂਤ, ਰੂਹ) ਅਤੇ ਦੂਜੇ ਪਾਸੇ ਵਿਵੇਕ (ਭਵਿੱਖ, ਦੇਹ) ਨਾਲ ਜੁੜੀ ਹੋਈ ਹੈ। ਕਹਾਣੀ ਵਿੱਚ ਅੰਤਰਾ ਵੀ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਦੇ ਹਾਲਾਤ ਨਾਲ ਬਦਲ ਰਹੀ ਹੈ। ਮੌਤ ਨਾਲ ਸਭ ਕੁਝ ਮੁਕਾ ਦੇਣ ਵਾਲੀ ਅੰਤਰਾ ਕੁਮਾਰ ਦਾ ਖਿਆਲ ਰੱਖਦੀ ਹੈ। ਉਸਨੂੰ ਠੰਢ ਤੋਂ ਬਚਾਉਂਦੀ ਹੈ। ਕਦੇ ਕੁਮਾਰ ਦੀਆਂ ਰੂਹਾਂ ਵਾਲੀਆਂ ਗੱਲਾਂ ਦੇ ਪਰਦੇ ਉਡਾਉਣ ਵਾਲੀ ਅੰਤਰਾ ਅੱਜ ਉਸੇ ਦੀ ਜੀਵਨ ਫ਼ਿਲਾਸਫ਼ੀ ਨੂੰ ਅਪਣਾ ਰਹੀ ਹੈ। ਪੇਸ਼ੇ ਵਜੋਂ ਅੰਤਰਾ ਦਾ ਕੰਮ ਖ਼ਬਰਾਂ ਤਲਾਸ਼ਣੀਆਂ ਵੀ ਹਨ ਤੇ ਘੜਨੀਆਂ ਵੀ। ਪਰੰਤੂ ਅੰਤਰਾ ਕੁਮਾਰ ਦੀ ਮੌਤ ਨੂੰ ਖ਼ਬਰ ਨਹੀਂ ਬਣਨ ਦੇਣਾ ਚਾਹੁੰਦੀ। ਇਸਦੀ ਵਜ੍ਹਾ ਕੁਮਾਰ ਦੀ ਅੰਤਿਮ ਇੱਛਾ ਨਾਲੋਂ ਜ਼ਿਆਦਾ ਅੰਤਰਾ ਦਾ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਨਿੱਜੀ ਹਿੱਤ ਹੋ ਸਕਦਾ ਹੈ। ਸ਼ਾਇਦ ਇਸੇ ਲਈ ਕਿਸੇ ਵੀ ਕਿਸਮ ਦੀ ਮੁਸੀਬਤ ਤੋਂ ਬਚਣ ਲਈ ਅੰਤਰਾ ਦਿਨ ਚੜ੍ਹਨ ਤੋਂ ਪਹਿਲਾਂ ਹੀ ਕੁਮਾਰ ਦੀ ਦੇਹ ਨੂੰ ਨਸ਼ਟ ਕਰ ਦੇਣਾ ਚਾਹੁੰਦੀ ਹੈ। ਅੰਤਰਾ ਕਹਾਣੀ ਦਾ ਬਿਰਤਾਂਤ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਕੁਮਾਰ (ਭੂਤ), ਅੰਤਰਾ (ਵਰਤਮਾਨ), ਵਿਵੇਕ (ਭਵਿੱਖ) ਦੇ ਮਾਧਿਅਮ ਨਾਲ ਜੀਵਨ ਦੀ ਅਥਾਹ ਯਾਤਰਾ ਨੂੰ ਉਲੀਕ ਰਿਹਾ ਹੈ। ਜੀਵਨ ਦੀ ਅਥਾਹ ਯਾਤਰਾ ਵਿੱਚ ਕਿਰਦਾਰ ਬਦਲਦੇ ਰਹਿੰਦੇ ਹਨ। ਇਸ ਕਾਰਨ ਇਹ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਵਜੋਂ ਪਰਿਵਰਤਨਸ਼ੀਲ ਹੈ। ਪਰੰਤੂ ਇਸ ਯਾਤਰਾ ਵਿੱਚ ਚੱਲਣ ਵਾਲਾ ਭੂਤ, ਵਰਤਮਾਨ ਤੇ ਭਵਿੱਖ ਦਾ ਚੱਕਰ ਅਤੇ ਜਨਮ-ਮੌਤ ਦਾ ਗੇੜ ਇਸ ਵਰਤਾਰੇ ਦੀ ਸਦੀਵਤਾ ਨੂੰ ਪ੍ਰਗਟਾਉਂਦਾ ਹੈ। ਕਹਾਣੀ ਵਿੱਚਲੇ ਤਿੰਨ ਵੱਖ-ਵੱਖ ਬਿਰਤੀਆਂ ਦੇ ਧਾਰਨੀ ਪਾਤਰ ਆਪਣੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਮੁਤਾਬਕ ਇਸ ਵਰਤਾਰੇ ਨੂੰ ਸਮਝਣ ਦਾ ਯਤਨ ਕਰਦੇ ਹਨ।

ਕਹਾਣੀਕਾਰ ਨੇ ਸਮਾਜ 'ਚ ਜਗੀਰਦਾਰੀ ਜਾਂ ਜਾਇਦਾਦ ਦੇ ਲਾਲਚ ਨੂੰ ਧਰਮ ਦੇ ਠੇਕੇਦਾਰਾਂ ਦੇ

ਵਿੱਚ ਵੀ ਪਣਪਦਾ ਦਿਖਾਇਆ ਹੈ ਜਿਸ ਕਾਰਨ ਇਹ ਭੇਖੀ ਆਪਣੀਆਂ ਜੜਾਂ ਨੂੰ ਦਿਨ-ਬ-ਦਿਨ ਫੈਲਾ ਰਹੇ ਨੇ ਅਤੇ ਭੋਲੇ-ਭਾਲੇ ਜਾਂ ਅਨਪੜ੍ਹ ਲੋਕ ਇਹਨਾਂ ਦਾ ਸ਼ਿਕਾਰ ਹੋ ਰਹੇ ਹਨ। ਅਵਤਾਰ ਸਿੰਘ ਟਹਿਣਾ ਪੰਜਾਬ ਦੇ ਡੇਰਾ ਕਲਚਰ 'ਤੇ ਇੱਕ ਨਜ਼ਰ ਮਾਰਦੇ ਹੋਏ *ਦੇਸ਼ ਸੇਵਕ* ਵਿੱਚ ਆਖਦੇ ਨੇ:

> "ਪੰਜਾਬ ਵਿੱਚ ਡੇਰਾਵਾਦ ਦੇ ਫੈਲਣ ਦਾ ਮੁੱਖ ਕਾਰਨ ਜਾਤੀ ਵਿਤਕਰਾ ਅਤੇ ਆਰਥਿਕ ਮੰਦਹਾਲੀ ਹੈ। ਦੇਸ਼ ਸੇਵਕ ਅਖ਼ਬਾਰ ਵੱਲੋਂ ਡੇਰਿਆਂ ਉੱਤੇ ਤਿਆਰ ਕੀਤੀ ਵਿਸਤਰਿਤ ਰਿਪੋਟਰ ਦੇ ਆਧਾਰ ਤੇ ਪੰਜਾਬ ਵਿੱਚ ਸਾਰੇ ਛੋਟੇ ਤੋਂ ਵੱਡੇ ਡੇਰਿਆਂ ਦੀ ਗਿਣਤੀ ਤਕਰੀਬਨ 9000 ਦੱਸੀ ਜਾਂਦੀ ਹੈ।(3)

ਸੁਖਜੀਤ ਦੇ ਕਹਾਣੀ ਸੰਗ੍ਰਹਿ *ਅੰਤਰਾ* ਦੀ ਕਹਾਣੀ 'ਆਦਮਖ਼ੋਰ' ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਮਾਂ ਜੋ ਮਮਤਾ ਦੀ ਸੰਪੂਰਨ ਧਿਰ ਮੰਨੀ ਜਾਂਦੀ ਸੀ ਹੁਣ ਇੱਕੀਵੀਂ ਸਦੀ ਦੀ ਨੁਹਾਰ ਵਿੱਚ ਪੁੱਤ ਦਾ ਮੋਹ ਵੀ ਤਿਆਗ ਚੁੱਕੀ ਦਰਸਾਈ ਹੈ। ਮਾੜੇ ਪੱਖ ਵਜੋਂ ਸਵੈ ਭਾਵ ਸ਼ਰਧਾ ਮੂਲਕ ਪ੍ਰਤੀਮਾਨ ਵਿੱਚ ਘੇਰੀ ਮਾਂ ਨਾਲੋਂ ਬੀਬੀ ਭਗਤਣੀ ਅਖਵਾਉਣਾ ਬਿਹਤਰ ਸਮਝਦੀ ਹੈ। ਮਾਂ ਦੀ ਜਿਸਮਾਨੀ ਭੁੱਖ ਅੱਗੇ ਮਮਤਾਮਈ ਰੂਪ ਵਿਨਾਸ਼ ਹੁੰਦਾ ਪੇਸ਼ ਕੀਤਾ ਗਿਆ ਹੈ। ਡੇਰੇ ਬਣਾਉਣ ਦੀ ਆੜ ਵਿੱਚ ਸੰਤਾਂ ਦੁਆਰਾ ਅਨਪੜ੍ਹ ਔਰਤਾਂ ਨੂੰ ਆਪਣੇ ਮਗਰ ਲਗਾ ਕੇ ਜ਼ਮੀਨਾਂ ਤੇ ਧਨ ਉਹਨਾਂ ਤੋਂ ਪ੍ਰਾਪਤ ਕਰਦੇ ਹਨ। ਸੋ ਮਾਂ, ਮਮਤਾ ਦਾ ਪਰਿਵਰਤਿਤ ਰੂਪ ਬੀਬੀ ਭਗਤਣੀ ਤੇ ਸਾਧੂ-ਸੰਤਾਂ ਦਾ ਦੰਬਵਾਦੀ ਰੂਪ ਤੇ ਮਨੁੱਖ ਦੀ ਲਾਲਚੀ ਪ੍ਰਵਿਰਤੀ ਆਦਿ ਸਾਰੇ ਕਾਰਨ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਬੀਬੀ ਭਗਤਣੀ ਵਰਗੀਆਂ ਔਰਤਾਂ ਰਾਹੀਂ ਅਜਿਹਾ ਕਾਰਜ ਸੰਪੂਰਨ ਹੁੰਦਾ ਮਾੜੇ ਪੱਖ ਨੂੰ ਪੇਸ਼ ਕਰਦਾ ਹੈ। ਜਿਵੇਂ ਕਿ:

> ਬੀਬੀ ਭਗਤਣੀ ਨੇ ਕਿੱਡੀ ਕੁਰਬਾਨੀ ਕੀਤੀ ਏ, ਆਪਣੀ ਸਾਰੀ ਛੇ ਕਿੱਲੇ ਭੋਇੰ ਮੱਥਾ ਟੇਕ ਦਿੱਤੀ ਏ ਸੰਤਾਂ ਨੂੰ, ਡੇਰਾ ਬਨਾਉਣ ਲਈ। ਉਹ ਆਪ ਵੀ ਸੰਤਾਂ ਦੀ ਸੇਵਾ ਕਰਨ ਲਈ, ਦੁਨੀਆ ਦਾ ਮੋਹ ਤਿਆਗ, ਡੇਰੇ ਆਣ ਕੇ ਬਹਿ ਗਈ ਏ, ਆਪਣੀ ਜੁਆਨ ਧੀ ਨਾਲ।(28)

ਅਸਲੀਅਤ ਵਿੱਚ ਉਹ ਵਿਆਹ ਬਾਹਰੇ ਸੰਬੰਧਾਂ ਵਿੱਚ ਪਤੀ ਦੇ ਹੁੰਦਿਆਂ ਵੀ ਇਸ ਸੰਤ ਨਾਲ ਸਰੀਰਕ ਸੰਬੰਧ ਬਣਾਉਂਦੀ ਹੈ। ਪਤੀ ਦੇ ਮਰਨ ਉਪਰੰਤ ਸੰਪੂਰਨ ਤੌਰ 'ਤੇ ਸਾਰੀ ਜ਼ਮੀਨ-ਜਾਇਦਾਦ ਤੇ

ਆਪ ਅਤੇ ਆਪਣੀ ਧੀ ਨੂੰ ਸੰਪੂਰਨ ਤੌਰ 'ਤੇ ਡੇਰੇ ਨੂੰ ਸਮਰਪਣ ਕਰ ਦਿੰਦੀ ਹੈ। ਇਸ ਪ੍ਰਕਾਰ ਦੀਆਂ ਔਰਤਾਂ ਡੇਰਿਆਂ ਦੀਆਂ ਬਿਲਡਿੰਗਾਂ ਉਸਾਰਨ ਵਾਸਤੇ ਸੰਪੂਰਨ ਪੂੰਜੀ ਦਾਨ ਕਰ ਦਿੰਦੀਆਂ ਹਨ। ਵਿਸ਼ਵਾਸ ਭਾਵ ਅੰਤਿਮ ਸੱਚ ਲਈ ਸਭ ਕੁਰਬਾਨ ਕਰਨ ਸੰਬੰਧੀ ਡਾ. ਕੁਲਵੰਤ ਸਿੰਘ ਅਨੁਸਾਰ ਆਪਣੀ ਪੁਸਤਕ *ਧਰਮ ਪਰਿਪੇਖ ਅਤੇ ਸਿਧਾਂਤ* 'ਚ ਆਖਦੇ ਹਨ:

> ਵਿਸ਼ਵਾਸ ਦਾ ਮਤਲਬ ਹੈ ਕਿ ਤੁਸੀਂ ਅੰਤਿਮ ਸਤਿ ਦੇ ਅੱਗੇ ਆਪਣਾ ਆਪ ਸਮਰਪਣ ਕਰਦੇ ਹੋ, ਉਸ ਨੂੰ ਪ੍ਰਵਾਨ ਕਰਦੇ ਚੱਲਦੇ ਹੋ ਅਤੇ ਉਸ ਨਾਲ ਸੰਚਾਰ ਵਿੱਚ ਜੁੜਦੇ ਹੋ। ਇਸ ਤਰ੍ਹਾਂ ਵਿਸ਼ਵਾਸ (faith) ਤੋਂ ਭਾਵ ਹੈ ਕਿ ਭਾਵਨਾ ਵਿਸ਼ਵਾਸ-ਪ੍ਰਬੰਧ ਤੋਂ ਪੂਰਣ ਹੈ। ਵਿਸ਼ਵਾਸ (faith) ਅਸੁਰੱਖਿਅਤਾ ਪੈਦਾ ਕਰਦਾ ਹੈ, ਕਿਉਂਕਿ ਇਹ ਅਸਾਨੂੰ ਕਿਸੇ ਅਗਿਆਤ ਅਤੇ ਅਕਥਨੀ ਦੇ ਸਨਮੁੱਖ ਲਿਆ ਖੜ੍ਹਾ ਕਰਦਾ ਹੈ। ਅਸਾਡੀ ਸੋਚ ਨੂੰ ਨਾ-ਅਭਿਵਿਅਕਤ ਕੀਤੇ ਜਾ ਸਕਣ ਵਾਲੇ ਅਨੁਭਵ ਨਾਲ ਜੋੜਦਾ ਹੈ। ਇਹ ਅਵਸਥਾ ਉਸ ਸਮੇਂ ਉਤਪੰਨ ਹੁੰਦੀ ਹੈ, ਜਦੋਂ ਕੋਈ ਵਿਅਕਤੀ ਅੰਤਿਮ-ਸਤਿ ਨਾਲ ਆਪਣਾ ਸੰਪਰਕ ਕਾਇਮ ਕਰਨ ਲੱਗਦਾ ਹੈ ਮੁਕਾਬਲੇ ਤੇ Belief ਵਿੱਚ ਅਕਥਨੀ ਅਨੁਭਵਤਾ ਨੂੰ ਠੋਸ ਪ੍ਰਤੀਕਾਂ ਦੁਆਰਾ ਝੂਲੇ ਦੇ ਨਿਆਈਂ ਇਧਰ-ਉਧਰ ਝੂਟੇ ਦਿਵਾਏ ਜਾਂਦੇ ਹਨ।(178)

ਬਿਰਤਾਂਤਕਾਰ ਇਕੱਲੇ ਇੱਕ ਘਰ ਦੀ ਮੁਸ਼ਕਿਲ ਪੇਸ਼ ਕਰਦਾ ਹੋਇਆ ਪੰਜਾਬ ਦੀ ਸੰਪੂਰਨ ਤਸਵੀਰ ਪਾਖੰਡੀ, ਲੋਭੀ ਡੇਰਿਆਂ ਦੇ ਮੁਖੀਆਂ ਰਾਹੀਂ ਲੁੱਟਣ ਦੀ ਅਵਸਥਾ ਡੂੰਘੇ ਅਰਥਾਂ ਵਿੱਚ ਪੇਸ਼ ਕਰਦਾ ਹੈ। ਇੱਥੇ ਜ਼ਮੀਨ ਦਾ ਅਸਲੀ ਹੱਕਦਾਰ 'ਬੀਬਾ' ਪਾਤਰ ਹੈ ਪਰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਡੇਰਾਤੰਤਰੀ ਡਰ ਰਾਹੀਂ ਉਸ ਦੀ ਜ਼ਮੀਨ ਹੜੱਪ ਕਰ ਲਈ ਗਈ ਹੈ। ਉਲਟਾ ਉਸ ਨੂੰ ਫੜਾ ਕੇ ਡੇਰਾ ਵਿੱਚ ਸੰਗਲਾਂ ਨਾਲ ਬੰਨ੍ਹਿਆ ਪੇਸ਼ ਕੀਤਾ ਗਿਆ ਹੈ। ਉਸਨੂੰ ਸੰਗਲਾਂ ਨਾਲ ਬੰਨ੍ਹਣਾ ਇਹ ਸਿੱਧ ਕਰਦਾ ਹੈ ਕਿ ਜਿਹੜਾ ਅੱਜ ਦੇ ਸਮੇਂ ਵਿੱਚ ਆਪਣੇ ਹੱਕਾਂ ਵਾਸਤੇ ਆਵਾਜ਼ ਬੁਲੰਦ ਕਰੇਗਾ ਉਸਨੂੰ ਜੜ੍ਹ ਤੋਂ ਹੀ ਜੜ੍ਹਹੀਣਾ ਕਰ ਦਿੰਦਾ ਜਾਵੇਗਾ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਵਰਤਾਰਿਆਂ ਵਿੱਚ ਆਉਂਦੀ ਤਬਦੀਲੀ ਦਾ ਬਿਰਤਾਂਤ ਸਿਰਜਦੀ ਇਹ ਕਥਾ ਡੇਰਾ ਦੇ ਮੁਖੀਆ ਦੀ ਕਹਿਣੀ ਤੇ ਕਰਨੀ ਵਿੱਚ ਅੰਤਰ ਨੂੰ ਡੂੰਘਾ ਅਰਥਾਂ

ਵਿੱਚ ਮਾੜੇ ਪੱਖ ਤੋਂ ਸਪੱਸ਼ਟ ਕਰਦੀ ਹੈ। ਇੱਥੇ ਸੰਤ ਰੂਪੀ ਇਨਸਾਨ ਬੜੇ ਚਲਾਕ ਬੁੱਧੀ ਦਾ ਪੇਸ਼ ਕੀਤਾ ਗਿਆ ਹੈ। ਇਸ ਦੀ ਪ੍ਰਤੱਖ ਪੁਸ਼ਟੀ ਇਸ ਬਿਰਤਾਂਤ ਵਿੱਚ ਹੋਈ ਮਿਲਦੀ ਹੈ ਪਹਿਲਾ ਤਾਂ 'ਬੀਬਾ' ਪਾਤਰ ਦੀ ਜ਼ਮੀਨ ਹੜੱਪ ਲਈ ਗਈ। ਉੱਪਰੋਂ ਮਾਂ ਤੇ ਭੈਣ ਇਨ੍ਹਾਂ ਦੇ ਬੁਣੇ ਜਾਲ ਵਿੱਚ ਸਰੀਰਕ ਹਵਸ ਦਾ ਸ਼ਿਕਾਰ ਹੋ ਰਹੀਆਂ ਹਨ। ਕਹਾਣੀਕਾਰ *ਅੰਤਰਾ* ਪੁਸਤਕ ਦੀ ਕਹਾਣੀ 'ਆਦਮਖ਼ੋਰ' ਦੁਆਰਾ ਸੰਤ-ਰੂਪੀ ਰੂਹ ਦੇ ਝੂਠੇ ਪ੍ਰਵਚਨਾਂ ਨਾਲ ਭੋਲੀ ਜਨਤਾ ਨੂੰ ਇਹ ਕਹਿ ਕੇ ਸੰਬੋਧਨ ਕੀਤਾ ਗਿਆ ਹੈ ਕਿ:

> ਕਸੂਰ ਤਾਂ ਉਸ ਦੁਸ਼ਟ ਫੌਜੀ ਦਾ ਏ ਸਾਰਾ, ਜਿਸਨੇ ਇਸ ਭੁਜੰਗੀ ਨੂੰ ਬੁਰੀਆਂ ਵਹਿਣਤਾਂ 'ਚ ਪਾਇਆ, ਫਿਰ ਇਸ ਤੋਂ ਕੰਧਾਂ ਕਾਲੀਆਂ ਕਰਨ ਦਾ ਪਾਪ ਕਰਾਇਆ। ਸੰਤਾਂ ਮਹਾਪੁਰਖਾਂ ਨੂੰ ਕਿਸੇ ਦੀ ਜ਼ਮੀਨ ਨਹੀਂ ਚਾਹੀਦੀ। ਸਗਲੀ ਧਰਤੀ ਸਾਧ ਦੀ ਹੁੰਦੀ ਏ ਸੰਗਤ, ਸਾਧ ਸੰਗਤ ਕਿਸੇ ਦੀ ਚਾਰ ਗਿੱਠ ਭੋਇੰ ਦੇ ਭੁੱਖੇ ਨਹੀਂ ਹੁੰਦੇ।(30)

ਬਿਰਤਾਂਤਕਾਰ ਚੇਤਨਾ ਵਿਹੂਣੀ ਕੌਮ ਦੀ ਪੇਸ਼ਕਾਰੀ ਕਰਦਿਆਂ ਹੋਇਆ ਕਿ ਅਨਪੜ੍ਹਤਾ ਦੀ ਸੀਮਾ ਇੱਕੀਵੀਂ ਸਦੀ ਵਿੱਚ ਵੀ ਕਿਵੇਂ ਪੰਜਾਬ ਦੀ ਭੋਲੀ ਜਨਤਾ ਨੂੰ ਪ੍ਰਭਾਵਿਤ ਕਰ ਰਹੀ ਹੈ। ਬੀਬੀ ਭਗਤਣੀ ਵਰਗੀਆਂ ਚੇਲੀਆਂ ਡੇਰਾਤੰਤਰ ਦੇ ਜਾਲ ਵਿੱਚ ਸੰਪੂਰਨ ਪੱਖ ਤੋਂ ਬਰਬਾਦ ਹੋ ਬੈਠਦੀਆਂ ਹਨ। ਇਸ ਪਰਿਵਰਤਨ ਪਿੱਛੇ ਜੋ ਕਾਰਨ ਕਾਰਜਸ਼ੀਲ ਹੈ ਉਹ ਅਨਪੜ੍ਹਤਾ ਤੇ ਸਰੀਰਕ ਹਵਸ ਦੋਵਾਂ ਦਾ ਮਿਲਗੋਭਾ ਹੈ। 'ਗਨਕਾ ਤਾਰ ਦਿੱਤੀ ਐ' ਦੇ ਪ੍ਰਤੀਕ ਰਾਹੀਂ ਔਰਤ ਦੀ ਵੇਸਵਾਗਮਨੀ ਦੀ ਸਥਿਤੀ ਬਣੀ ਦਿਖਾਈ ਹੈ। ਕਹਾਣੀ ਦੇ ਬਿਰਤਾਂਤ ਵਿੱਚ ਪਹਿਲਾਂ ਮਾਂ ਤੇ ਫਿਰ ਧੀ ਸੰਤਾਂ ਦੀ ਲਪੇਟ ਵਿੱਚ ਆਈਆਂ ਆਪਣਾ ਸਵੈ ਹੀ ਬਰਬਾਦ ਕਰ ਬੈਠਦੀਆਂ ਹਨ। ਸੰਤਾਂ ਦਾ ਕਿਸੇ ਔਰਤ ਨਾਲ ਕੋਈ ਸਨੇਹ ਨਹੀਂ ਸਿਰਫ਼ ਉਹਨਾਂ ਨੂੰ ਜ਼ਮੀਨ ਭਾਵ ਪੂੰਜੀ ਦੀ ਲਾਲਸਾ ਤੱਕ ਹੀ ਮਤਲਬਖ਼ੋਰੀ ਦੀ ਸੀਮਾ ਦੇ ਅੰਤਰਗਤ ਹੀ ਇਹ ਸਾਰਾ ਆਡੰਬਰ ਉਸਾਰਿਆ ਜਾਂਦਾ ਹੈ। ਇੱਥੇ ਬੀਬੀ ਭਗਤਣੀ ਦਾ ਸ਼ੋਸ਼ਣ ਹੁੰਦਾ ਦਰਸਾਇਆ ਹੈ ਤਾਂ ਉੱਥੇ ਹੀ ਸਜ਼ਾ ਭਾਵ 'ਬੀਬਾ' ਦੇ ਪਾਤਰ ਰਾਹੀਂ ਸਾਡਾ ਸਮਾਜ ਭੁਗਤ ਰਿਹਾ ਹੈ 'ਬੰਦੇ ਖਾਣੀ' ਕਹਾਣੀ ਵਿੱਚ ਇਸੇ ਕਰਕੇ ਉਸਨੂੰ ਕਿਹਾ ਹੈ ਕਿ ਉਹ ਸਮਾਜ ਨੂੰ ਨਿਘਾਰ ਵੱਲ ਲਿਜਾ ਰਹੀ ਹੈ। ਜਦ ਕਿ 'ਬੀਬਾ' ਭਾਵ ਸਮਾਜ ਦਾ ਚੰਗੇਰਾ ਪੱਖ ਸੰਗਲਾਂ ਨਾਲ ਬੱਝਿਆ ਪੇਸ਼

ਕੀਤਾ ਗਿਆ ਹੈ। ਕਹਾਣੀ ਵਿੱਚ 'ਬਾਬਾ' ਨਾਮ ਦਾ ਪਾਤਰ ਜੋ ਕਿ 'ਬੀਬਾ' ਨੂੰ ਸੰਤਾਂ ਦੀ ਗ੍ਰਿਫ਼ਤ ਵਿਚੋਂ ਕੱਢਣ ਤਹਿਤ ਪਿੰਡੋਂ ਬੰਦੇ ਇਕੱਠਾ ਕਰਕੇ ਆਉਂਦਾ ਹੈ ਕਿ ਉਸਨੂੰ ਉਸਦਾ ਹੱਕ ਦਵਾਕੇ ਛਡਵਾ ਲਿਆ ਜਾਵੇ ਪਰ ਕਹਾਣੀਕਾਰ ਇੱਥੇ ਵੀ ਕਾਨੂੰਨ ਦੀ ਅਵਸਥਾ ਇਹਨਾਂ ਨਾਲ ਮਿਲੀ ਦਰਸਾਉਂਦਾ ਹੈ। ਕਹਾਣੀ ਵਿੱਚ ਜਦੋਂ ਬਾਬਾ ਪਾਤਰ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਕਾਨੂੰਨ ਨਾਮ ਦੀ ਅਵਸਥਾ ਅਜੇ ਕਾਇਮ ਹੈ ਤਾਂ ਕਹਾਣੀਕਾਰ ਇੱਥੇ 'ਬੀਬਾ' ਦੇ ਪਾਤਰ ਰਾਹੀਂ ਵਿਅੰਗ ਪੇਸ਼ ਕਰਦਾ ਹੈ ਕਿ:

> ਠਾਣੇ ਵੀ ਇਹਨਾਂ ਦੇ ਤੇ ਕਚੈਰ੍ਹੀਆਂ ਵੀ ਇਹਨਾਂ ਦੀਆਂ ਬਾਬਾ, ਇਹਨਾਂ ਦਾ ਤੇ ਉਂਜ ਵੀ ਫਾਹ ਵੱਢਣਾ ਪੈਣਾ।(36)

ਬਿਰਤਾਂਤਕਾਰ ਸੰਤਾਂ ਦੀ ਪਹੁੰਚ ਪੁਲਿਸ ਤੱਕ ਦਰਸਾਉਂਦਾ ਹੈ। ਪੁਲਿਸ ਦੀ ਭੂਮਿਕਾ ਇਸ ਪ੍ਰਕਾਰ ਦੀ ਹੈ ਕਿ ਬਾਹਰੀ ਤੌਰ ਉੱਪਰ ਸਿਰਫ਼ ਇਹ ਵਿਖਾਵਾ ਮਾਤਰ ਸਾਰਾ ਕਾਰਜ ਕਰਦੀਆਂ ਹਨ ਪਰ ਅਸਲੀਅਤ ਵਿੱਚ ਸਾਰਾ ਵਰਤਾਰਾ ਸੰਤਾਂ ਦੇ ਕਹਿਣ ਮੁਤਾਬਕ ਹੀ ਹੋ ਰਿਹਾ ਹੁੰਦਾ ਹੈ। ਉਪਰੋਕਤ ਭ੍ਰਿਸ਼ਟ ਡੇਰਾ-ਤੰਤਰ ਜ਼ਰੀਏ ਹੋ ਰਿਹਾ ਮਨੁੱਖਤਾ ਦਾ ਘਾਣ ਪੇਸ਼ ਕੀਤਾ ਗਿਆ ਹੈ। ਇਸ ਦੀ ਪਹੁੰਚ ਸਿਰਫ਼ ਪਦਾਰਥਕ ਸਾਧਨਾਂ ਦੇ ਕਬਜ਼ਾ ਤੱਕ ਹੀ ਸੀਮਤ ਨਹੀਂ ਹੈ, ਸਗੋਂ ਲੋਕ-ਮਾਨਸਿਕਤਾ ਨੂੰ ਨਿਯੰਤਰਨ ਕਰਕੇ ਉਹਨਾਂ ਦਾ ਹਰੇਕ ਪੱਖ ਤੋਂ ਸ਼ੋਸ਼ਣ ਕੀਤਾ ਜਾ ਰਿਹਾ ਹੈ।

ਉਪਰੋਕਤ ਰੂਪ ਵਿੱਚ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਚੰਗੇ ਤੇ ਮਾੜੇ ਪੱਖਾਂ ਨੂੰ ਵਿਭਿੰਨ ਪਾਸਾਰਾਂ ਤੋਂ ਪੇਸ਼ ਕੀਤਾ ਗਿਆ ਹੈ। ਸਿਰਜਨਾਤਮਿਕ ਅਤੇ ਕਲਾਤਮਿਕ ਪੱਖ ਤੋਂ ਇਹਨਾਂ ਕਹਾਣੀਆਂ ਦਾ ਬਿਰਤਾਂਤ ਮਨੁੱਖੀ ਜੀਵਨ ਦੀਆਂ ਨਿੱਕੀਆਂ-ਨਿੱਕੀਆਂ ਪਰਤਾਂ ਨੂੰ ਚੰਗੀ ਤੇ ਮਾੜੀ ਦ੍ਰਿਸ਼ਟੀ ਤੋਂ ਫਰੋਲਿਆ ਗਿਆ ਹੈ। ਇਹਨਾਂ ਪਰਤਾਂ ਵਿਚੋਂ ਪਾਤਰਾਂ ਦੀਆਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋ ਮੂਲ ਸਮੱਸਿਆਵਾਂ ਦਾ ਉਭਾਰ ਚੰਗਿਆਈ ਤੇ ਬੁਰਾਈ ਰੂਪ ਵਿੱਚ ਸਪੱਸ਼ਟ ਦਿਖਾਈ ਦਿੰਦਾ ਹੈ। ਸੁਖਜੀਤ ਦੀਆਂ ਕਹਾਣੀਆਂ ਦਾ ਸੰਸਾਰ ਬਾਹਰਮੁਖੀ ਸਥਿਤੀਆਂ-ਪਰਸਥਿਤੀਆਂ ਦੇ ਪ੍ਰਸੰਗ ਵਿੱਚ ਅੰਦਰਲੇ ਵੇਗ ਨੂੰ ਸੰਸਕ੍ਰਿਤਕ (ਧਰਮ, ਮੁਲਕ, ਮਿਥਿਹਾਸਕ/ਇਤਿਹਾਸਕ)

ਕੋਡਾਂ ਰਾਹੀਂ ਪੇਸ਼ ਕਰਦਾ ਹੈ। ਉਸਦੀਆਂ ਕਹਾਣੀਆਂ ਸਮਾਜ ਦੇ ਬਹੁ-ਪਾਸਾਰਾਂ ਮਨੁੱਖੀ ਰਿਸ਼ਤਿਆਂ-ਨਾਤਿਆਂ ਦੇ ਮਾਨਵੀ ਅਤੇ ਅਮਾਨਵੀ ਸੰਦਰਭਾਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਦੀਆਂ ਗੁੰਝਲਾਂ, ਕਾਮੁਕ ਪ੍ਰਵਿਰਤੀਆਂ, ਨਜਾਇਜ਼ ਵਿਆਹ ਬਾਹਰੇ ਸੰਬੰਧ, ਔਰਤ ਸ਼ੋਸ਼ਣ ਤੇ ਨਾਰੀ ਚੇਤਨਾ ਆਦਿ ਦੇ ਪੱਧਰ ’ਤੇ ਚਿਤਰਿਤ ਕਰਦੀਆਂ ਹਨ। ਮੂਲ ਰੂਪ ਵਿੱਚ ਉਸਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਚੰਗੇ ਤੇ ਮਾੜੇ ਸਮਾਜਿਕ ਪੱਖ ਦੀਆਂ ਤੰਦਾਂ ਨੂੰ ਬਰੀਕੀ ਨਾਲ ਵਿਉਂਤਿਆਂ ਗਿਆ ਹੈ।

**2.3. ਆਰਥਿਕ ਪੱਖ:** ਆਰਥਿਕ ਪੱਖ ਸਮਾਜ-ਸੱਭਿਆਚਾਰ ਦੀ ਨੀਂਹ ਮੰਨੀ ਗਈ ਹੈ। ਆਰਥਿਕ ਪੱਖ ਉਪਰ ਹੀ ਪਰਿਵਾਰ, ਸਮਾਜ ਅਤੇ ਦੇਸ਼ ਉਸਰਦਾ ਹੈ। ਇਸ ਦੀ ਵੱਖਰੀ ਅਤੇ ਵਿਸ਼ੇਸ਼ ਪ੍ਰਕਾਰ ਦੀ ਅਹਿਮੀਅਤ ਹੈ। ਡਾ. ਟੀ.ਆਰ.ਵਿਨੋਦ ਪੰਜਾਬੀ ਨਾਵਲ ਦਾ ਸੰਸਕ੍ਰਿਤਕ ਅਧਿਐਨ ‘ਚ ਮਨੁੱਖੀ ਜ਼ਰੂਰਤਾਂ ਬਾਰੇ ਕਹਿੰਦੇ ਹਨ ਕਿ:

> "ਹੋਰ ਨਸਲਾਂ ਦੀ ਤਰ੍ਹਾਂ ਮਨੁੱਖੀ ਨਸਲ ਦੀਆਂ ਬੁਨਿਆਦੀ ਭੁੱਖਾਂ ਵੀ ਦੋ ਹੀ ਹਨ। ਪੇਟ ਦੀ ਭੁੱਖ ਅਤੇ ਜਿਨਸ ਦੀ ਭੁੱਖ।(99)

ਇੱਥੇ "ਜਿਨਸ" ਸ਼ਬਦ ਆਰਥਿਕ ਪੱਖ ਦਾ ਹੀ ਇੱਕ ਰੂਪ ਹੈ। ਮੁੱਢਲੇ ਸਮਾਜ-ਸੱਭਿਆਚਾਰ ਵਿੱਚ "ਅਰਥ" ਤੋਂ ਭਾਵ ਪਸ਼ੂਆਂ ਦਾ ਵਟਾਂਦਰਾ, ਹੀਰੇ ਮੋਤੀਆਂ ਦਾ ਵਟਾਂਦਰਾ ਅਤੇ ਸ਼ਾਹੀ ਸਿੱਕਿਆਂ ਦਾ ਵਟਾਂਦਰਾ ਆਦਿ ਸੀ ਜੋ ਜਗੀਰਦਾਰੀ ਵਿਵਸਥਾ ਵਿੱਚ "ਜਿਨਸ" ਬਣ ਗਿਆ ਅਤੇ ਸਰਮਾਏਦਾਰੀ ਸਮਾਜ-ਸੱਭਿਆਚਾਰ ਵਿੱਚ ਇਸ ਦੇ ਅਰਥ "ਮੁਦਰਾ-ਵਟਾਂਦਰੇ" ਜਾਂ ਸੱਭਿਆਚਾਰਕ ਰੂਪਾਂਤਰਨ ਵਿੱਚ ਤਬਦੀਲ ਹੋ ਗਏ। ਇਸ ਪ੍ਰਕਾਰ ਵਿਕਾਸ ਪੜਾਵਾਂ ਦੌਰਾਨ ਆਰਥਿਕਤਾ ਪੱਖ ਲਈ ਭਿੰਨ-ਭਿੰਨ ਸ਼ਬਦ ਪ੍ਰਚਲਿਤ ਹੋ ਗਏ। ਵੇਦਾਂ, ਗ੍ਰੰਥਾਂ ਅਤੇ ਉਪਨਿਸ਼ਦਾਂ ਵਿੱਚ ਵੀ ਅਰਥ ਨੂੰ ਮਹੱਤਤਾ ਪ੍ਰਾਪਤ ਹੈ। ਇਸੇ ਸਬੰਧ ‘ਚ ਡਾ. ਰਾਮਸ਼ਰਣ ਗੌੜ, *ਭਾਰਤੀਯ ਸੰਸਕ੍ਰਿਤੀ ਕੇ ਆਧਾਰ ਸ੍ਰੋਤ* ਵਿੱਚ ਆਖਦੇ ਹਨ:

> ਮਨੁੱਖ ਦੇ ਜੀਵਨ ਦੇ ਚਾਰ ਉਦੇਸ਼ ਮੰਨੇ ਜਾਂਦੇ ਹਨ, ਜਿਨ੍ਹਾਂ ਨੂੰ ਸ਼ਾਸਤਰੀ ਭਾਸ਼ਾ ਵਿੱਚ ਪਰਮਾਰਥ ਕਿਹਾ ਜਾਂਦਾ ਹੈ। ਧਰਮ, ਅਰਥ, ਕਾਮ ਅਤੇ ਮੋਕਸ਼।(21)

ਇਸ ਤਰ੍ਹਾਂ ਪੂੰਜੀ ਇਕੱਤਰ ਕਰਨ ਦਾ ਰੁਝਾਨ ਮਨੁੱਖੀ ਅਵਚੇਤਨ ਵਿੱਚ ਹਉਮੈਂ ਨੂੰ ਜਨਮ ਦਿੰਦਾ ਹੈ। ਇਹ ਹਉਮੈਂ ਹੀ ਮਨੁੱਖੀ ਹੋਂਦ ਅਤੇ ਹਸਤੀ ਨੂੰ ਵਿਭਿੰਨ ਪ੍ਰਵਿਰਤੀਆਂ ਦਾ ਅੰਗ ਬਣਾ ਦਿੰਦੀ ਹੈ। ਇਸ ਕਰਕੇ ਹੀ ਮੱਧਕਾਲੀ ਚਿੰਤਨ ਵਿੱਚ ਇਹ ਪੂੰਜੀ ਮਾਇਆ ਦੇ ਸੰਕਲਪ ਵਿੱਚ ਸਾਹਮਣੇ ਆਉਂਦੀ ਹੈ, ਜਿਸ ਦੇ ਇਰਦ-ਗਿਰਦ ਮਨੁੱਖੀ ਸਮਾਜ-ਸੱਭਿਆਚਾਰ ਦੀ ਉਸਾਰੀ ਹੁੰਦੀ ਹੈ। ਇਸ ਸੰਬੰਧੀ ਸ੍ਰੀ ਗੁਰੂ ਅਮਰਦਾਸ ਜੀ *ਆਦਿ ਗ੍ਰੰਥ* ਵਿੱਚ ਵੀ ਇਸ਼ਾਰਾ ਕੀਤਾ ਗਿਆ ਹੈ:

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ।(643)

ਸਮਾਜ-ਸੱਭਿਆਚਾਰ ਵਿੱਚ ਆਪਣੇ ਅਸਰ-ਰਸੂਖ਼ ਨੂੰ ਉੱਚਾ ਰੱਖਣ ਲਈ ਲੋੜੋਂ ਵੱਧ ਪੂੰਜੀ ਇਕੱਤਰ ਕਰਨਾ ਮਨੁੱਖ ਦੀ ਸੱਭਿਆਚਾਰਕ ਰੂਪਾਂਤਰਨ ਤੋਂ ਆਰਥਿਕ ਭੁੱਖ  ਤੇ ਲਾਲਸਾ ਹਮੇਸ਼ਾ ਪਰਿਵਰਤਨਸ਼ੀਲ ਰਹੀ ਹੈ। ਅਜਿਹੇ ਪਰਿਵਰਤਨ ਕਾਰਨ ਹੀ ਮਨੁੱਖ ਆਪਣੇ ਰੁਤਬੇ ਨਾਲ ਹੱਦੋਂ ਵੱਧ ਮੋਹ ਪਾਲਦਿਆਂ ਦਿਖਾਵੇ ਦੇ ਭਰਮਜਾਲ ਵਿੱਚ ਫਸਕੇ ਤ੍ਰਾਸਦੀ ਦੇ ਚੱਕਰਵਿਊ ਵਿੱਚ ਫਸ ਜਾਂਦਾ ਹੈ। ਪਿਛਲੇ ਡੇਢ ਦਹਾਕੇ ਤੋਂ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਵਿੱਚ ਵੱਡਾ ਪਰਿਵਰਤਨ ਦੇਖਣ ਨੂੰ ਮਿਲਿਆ, ਜਿਸਨੇ ਹਰ ਖੇਤਰ ਦੇ ਸੱਭਿਆਚਾਰ ਨੂੰ ਪ੍ਰਭਾਵਿਤ ਕੀਤਾ। ਇਸ ਪਰਿਵਰਤਨ ਦਾ ਲਾਭ ਪੂੰਜੀਵਾਦੀ ਦੇਸ਼ਾਂ ਦੇ ਪੂੰਜੀਪਤੀਆਂ ਨੂੰ ਹੀ ਹੋਇਆ। ਵਿਕਸਿਤ ਦੇਸ਼ ਪਛੜੇ ਹੋਏ ਦੇਸ਼ਾਂ ਨੂੰ ਆਪਣੀਆਂ ਵਸਤਾਂ ਵੇਚਣ ਵਾਲੀ ਮੰਡੀ ਦੇ ਰੂਪ ਵਿੱਚ ਵਰਤ ਰਹੇ ਹਨ। ਪਦਾਰਥਵਾਦੀ ਰੁਚੀ ਪੈਦਾ ਕਰਕੇ ਲੋਕਾਂ ਨੂੰ ਵਸਤਾਂ ਪ੍ਰਤੀ ਉਤਸ਼ਾਹਿਤ ਕੀਤਾ ਜਾਂਦਾ ਹੈ। ਵਿਸ਼ਵੀਕਰਨ ਨੇ ਪਦਾਰਥ ਨੂੰ ਮੁੱਖ ਅਹਿਮੀਅਤ ਦਿੱਤੀ ਹੈ ਜਿਸ ਕਰਕੇ ਸੱਭਿਆਚਾਰਕ ਨਿਘਾਰ ਪੱਸਰ ਰਿਹਾ ਹੈ। ਇਸ ਦੌਰ ਦਾ ਕੇਂਦਰ ਪੂੰਜੀ ਹੋਣ ਕਰਕੇ ਪੂੰਜੀ ਦੀ ਸ਼ਕਤੀ ਨੇ ਧਰਤੀ ਦੇ ਸਾਰੇ ਰਿਸ਼ਤਿਆਂ-ਨਾਤਿਆਂ ਨੂੰ ਆਪਣੇ ਕਲੇਵਰ ਵਿੱਚ ਲੈ ਲਿਆ ਹੈ। ਹਰ ਸਾਧਨ ਉੱਤੇ ਪੂੰਜੀ ਦਾ ਕੰਟਰੋਲ ਹੈ। ਵਿਸ਼ਵੀਕਰਨ ਨੂੰ ਲਿੱਪ-ਪੋਚ ਕੇ ਭਾਵੇਂ ਨਵੇਂ ਰੂਪ ਵਿੱਚ ਦੁਨੀਆ ਦੇ ਸਨਮੁੱਖ ਕੀਤਾ ਜਾ ਰਿਹਾ ਹੈ ਪਰ ਇਸਦੀ ਅਸਲ ਨੁਹਾਰ ਬਸਤੀਵਾਦੀ ਹੀ ਹੈ। ਅਵਿਕਸਿਤ ਦੇਸ਼ਾਂ ਦੇ ਲੋਕ ਆਪਣੇ ਸੱਭਿਆਚਾਰ, ਧਰਮ, ਨੈਤਿਕਤਾ ਅਤੇ ਮੂਲ ਨਾਲੋਂ ਟੁੱਟ ਕੇ ਹਾਸ਼ੀਆਗ੍ਰਸਤ ਹੋਣ ਵਾਲੀ ਸਥਿਤੀ ਵਿੱਚ ਹਨ। ਵੱਧ ਤੋਂ ਵੱਧ ਆਰਥਿਕਤਾ ਅਤੇ ਸੰਪਤੀ ਦੀ

ਲਾਲਸਾ ਬਾਰੇ ਡਾ. ਭੀਮ ਇੰਦਰ ਸਿੰਘ ਆਪਣੀ ਕਿਤਾਬ *ਵਿਸ਼ਵੀਕਰਨ ਵਿਸ਼ਲੇਸ਼ਣ ਤੇ ਵਿਵੇਚਨ* ਅਨੁਸਾਰ ਲਿਖਦੇ ਹਨ:

> ਨਿੱਜੀ ਸੰਪਤੀ ਦੀ ਸੰਸਥਾ ਦਾ ਸਿਖਰ ਅਜੋਕਾ ਸਾਮਰਾਜੀ ਵਿਸ਼ਵੀਕਰਨ ਇੱਕ ਹੋਰ ਤਰ੍ਹਾਂ ਵੀ ਜਨਤਕ ਰੋਹ ਨੂੰ ਕੁਰਾਹੇ ਪਾਉਂਦਾ ਹੈ। ਉਹ ਉਨ੍ਹਾਂ ਦੇ ਮਨ ਵਿੱਚ ਨਿੱਜਵਾਦ, ਆਰਥਿਕਤਾਵਾਦ ਅਤੇ ਖਪਤਵਾਦ ਦੀਆਂ ਅਜਿਹੀਆਂ ਲਾਲਸਾਵਾਂ ਪੈਦਾ ਕਰ ਦਿੰਦਾ ਹੈ ਜਿਹੜੀਆਂ ਉਨ੍ਹਾਂ ਨੂੰ ਆਪਣੀ ਹੋਣੀ ਦੇ ਪਰਿਵਰਤਨ ਦੇ ਮਾਰਗ ਬਾਰੇ ਚੇਤੰਨ ਹੀ ਨਹੀਂ ਹੋਣ ਦਿੰਦੀਆਂ। ਸ਼੍ਰੇਣੀ ਸਮਾਜ ਦੇ ਪੱਖ ਵਿੱਚ ਭੁਗਤਣ ਵਾਲੇ ਭਾਵ-ਸੰਸਕਾਰਾਂ ਅਤੇ ਵਿਚਾਰਾਂ ਨੂੰ ਅਜੋਕਾ ਸਾਮਰਾਜੀ ਵਿਸ਼ਵੀਕਰਨ ਆਧੁਨਿਕ ਭਾਂਤ ਦੇ ਵਿਕਸਿਤ ਸੰਚਾਰ-ਮਾਧਿਅਮਾਂ ਰਾਹੀਂ ਆਮ ਜਨਤਾ ਦੇ ਦਿਲ ਦਿਮਾਗ਼ ਵਿੱਚ ਪੱਕੇ ਤੌਰ 'ਤੇ ਬਿਠਾ ਦਿੰਦਾ ਹੈ। ਉਨ੍ਹਾਂ ਨੂੰ ਲੱਗਣ ਲੱਗ ਪੈਂਦਾ ਹੈ ਕਿ ਸਾਰੀ ਖ਼ਰਾਬੀ ਸ਼ਖ਼ਸੀ ਕਮਜ਼ੋਰੀਆਂ, ਪ੍ਰਬੰਧਕੀ ਖ਼ਾਮੀਆਂ ਅਤੇ ਤਕਨੀਕੀ ਪੱਛੜੇਵੇਂ ਦੀ ਹੈ, ਵਿਵਸਥਾ ਦਾ ਮਨੁੱਖੀ ਖੁਸ਼ਹਾਲੀ ਜਾਂ ਬਦਹਾਲੀ ਨਾਲ ਕੋਈ ਸੰਬੰਧ ਨਹੀਂ ਹੁੰਦਾ।(83)

ਸੋ, ਸੁਖਜੀਤ ਦਾ ਕਹਾਣੀ ਸੰਸਾਰ ਵਿੱਚ ਉੱਘੜਨ ਵਾਲਾ ਔਰਤ-ਮਰਦ ਦਾ ਗਲਪੀ ਬਿੰਬ ਵਿਸ਼ੇਸ਼ ਤੌਰ ‘ਤੇ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਮੋਹ ਮਾਇਆ ਦੀ ਭੁੱਖ, ਲਾਲਸਾ ਆਦਿ ਵੱਲ ਧਿਆਨ ਖਿੱਚਦਾ ਹੈ। ਉਸ ਦੀਆਂ ਕਹਾਣੀਆਂ ਆਦਮਖ਼ੋਰ, ਮਾਰਕੀਟ, ਹੁਣ ਮੈਂ ਇੰਜੁਆਏ ਕਰਦੀ ਆਂ, ਪਾਤਸ਼ਾਹ, ਦਾਅ ਆਦਿ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਔਰਤ-ਮਰਦ ਦੀਆਂ ਨਵੀਨ ਸਥਿਤੀਆਂ-ਪ੍ਰਸਥਿਤੀਆਂ ਵਿੱਚ ਪਰਿਵਰਤਨ ਦੇ ਪ੍ਰਮੁੱਖ ਆਕਰਸ਼ਣ ਵਜੋਂ ਉੱਭਰਦੀਆਂ ਹਨ, ਜਿਸਨੇ ਅਜੋਕੇ ਔਰਤ-ਮਰਦ ਅਤੇ ਬਿਰਤਾਂਤ ਲਈ ਬਹੁ-ਸੰਭਾਵਨਾਵਾਂ ਵਾਲੀ ਸਥਿਤੀ-ਪ੍ਰਸਥਿਤੀ ਪੈਦਾ ਕੀਤੀ ਹੈ। ਵੀਹਵੀਂ ਸਦੀ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਵੱਡੀਆਂ-ਵੱਡੀਆਂ ਤਬਦੀਲੀਆਂ ਵਾਪਰਨ ਦੇ ਬਾਵਜੂਦ ਔਰਤ-ਮਰਦ ਵਿੱਚਲਾ ਭੇਦਭਾਵ ਅੱਜ ਵੀ ਬਰਕਰਾਰ ਹੈ। ਜਿਨ੍ਹਾਂ ਦਾ ਨਿਮਨਲਿਖਤ ਵੇਰਵਾ ਹੇਠ

ਲਿਖੇ ਅਨੁਸਾਰ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਚੰਗੇ ਤੇ ਮਾੜੇ ਪਰਿਵਰਤਨ ਵਜੋਂ ਉੱਭਰਕੇ ਸਾਹਮਣੇ ਆਉਂਦਾ ਹੈ:

**(ੳ) ਚੰਗੇ ਪੱਖ:** ਸੱਭਿਆਚਾਰਕ ਰੂਪਾਂਤਰਨ ਦੇ ਚੰਗੇ ਆਰਥਿਕ ਪੱਖ ਤੋਂ ਵਿਕਾਸ ਨਾਲ ਸੱਭਿਆਚਾਰਕ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਆਰਥਿਕ ਸਵੈ-ਨਿਰਭਰਤਾ ਨੇ ਖ਼ਾਸ ਕਰਕੇ ਔਰਤ ਅੰਦਰ ਨਵੇਂ ਖ਼ਿਆਲ ਆਜ਼ਾਦੀ 'ਤੇ ਸਮਾਜਿਕ ਬੰਧਨਾਂ ਪ੍ਰਤੀ ਵਿਦਰੋਹ ਦੀ ਭਾਵਨਾ ਵੀ ਪੈਦਾ ਕੀਤੀ। ਆਰਥਿਕ ਨਿਰਭਰਤਾ ਮਨੁੱਖ ਦੀ ਮਾਨਸਿਕ ਪਰਿਵਾਰਿਕ ਅਤੇ ਸਮਾਜਿਕ ਆਜ਼ਾਦੀ ਦਾ ਆਧਾਰ ਬਣਦੀ। ਉਸਨੂੰ ਅਣਚਾਹੇ ਦਬਾਵਾਂ ਅੱਗੇ ਝੁਕਣ ਤੋਂ ਰੋਕਦੀ ਹੈ ਤੇ ਕਈ ਮੁਸ਼ਕਲਾਂ/ਮਜਬੂਰੀਆਂ ਦਾ ਟਾਕਰਾ ਕਰਨ ਦਾ ਆਰਥਿਕ ਤੇ ਮਾਨਸਿਕ ਬਲ ਪ੍ਰਦਾਨ ਕਰਦੀ ਹੈ। ਸੁਖਜੀਤ ਦੀਆਂ ਬਹੁਤੀਆਂ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਚੰਗੇ ਆਰਥਿਕ ਪੱਖ ਤੋਂ ਔਰਤ ਮਰਦ ਪਾਤਰ ਪਰਿਵਰਤਨ ਲਿਆਉਣ ਲਈ ਬੇਵੱਸ ਤੇ ਮਜਬੂਰੀ ਵੱਸ ਜ਼ਿੰਦਗੀ ਨਾਲ ਜੂਝਦੇ ਨਜ਼ਰ ਆਉਂਦੇ। ਇਸ ਤਰ੍ਹਾਂ ਜਿਵੇਂ-ਜਿਵੇਂ ਇਹਨਾਂ ਦੇ ਪਦਾਰਥਕ ਆਧਾਰ ਵਿੱਚ ਪਰਿਵਰਤਨ ਆਉਂਦਾ ਹੈ, ਤਿਵੇਂ-ਤਿਵੇਂ ਚੇਤਨਤਾ ਵਿੱਚ ਵੀ ਪਰਿਵਰਤਨ ਆਉਂਦਾ ਹੈ। ਸਰਬਜੀਤ ਸਿੰਘ, *ਪੰਜਾਬੀ ਆਲੋਚਨਾ ਵਿਚਾਰਧਾਰਕ ਪਰਿਪੇਖ* 'ਚ ਆਰਥਿਕਤਾ ਦੇ ਪ੍ਰਭਾਵ ਨਾਲ ਸਮਾਜ ਵਿੱਚ ਆਉਂਦੇ ਬਦਲਾਅ ਬਾਰੇ ਆਖਦੇ ਨੇ:

> ਆਰਥਿਕ ਆਧਾਰ ਬਦਲਣ ਦੇ ਨਾਲ ਪਰਾ-ਸਰੰਚਣਾ ਦਾ ਸਮੁੱਚਾ ਵਿਸਾਲ ਢਾਂਚਾ ਥੋੜੇ ਬਹੁਤ ਫ਼ਰਕ ਨਾਲ ਘੱਟ ਜਾਂ ਤੇਜੀ ਨਾਲ ਬਦਲ ਜਾਂਦਾ ਹੈ।"(16)

ਇਹ ਪੈਸਾ, ਧਨ, ਦੌਲਤ ਹਮੇਸ਼ਾ ਹੀ ਇਨਸਾਨ ਨੂੰ ਲੋਭੀ ਬਣਾ ਦਿੰਦਾ ਹੈ ਜਿਸਦੀ ਚਕਾਚੌਂਧ ਵਿੱਚ ਇਨਸਾਨ ਅਕਸਰ ਹੀ ਆਪਣੇ ਮਾਰਗ ਤੋਂ ਭਟਕ ਜਾਂਦਾ ਹੈ ਅਤੇ ਕੁਰਾਹੇ ਪੈ ਜਾਂਦਾ ਹੈ। ਸੱਚੀ ਅਤੇ ਨੇਕ ਕਮਾਈ ਕਰਨ ਸਬੰਧੀ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 'ਚ ਫ਼ਰਮਾਇਆ ਗਿਆ ਹੈ:

> ਘਾਲ ਖਾਇ ਕਿਛ ਹਥਹੁ ਦੇਹਿ।
>
> ਨਾਨਕ ਰਾਹ ਪਛਾਣਹਿ ਸੇਇ

ਸੁਖਜੀਤ ਦੁਆਰਾ ਰਚਿਤ *ਅੰਤਰਾ* ਦੀ 'ਦਾਅ' ਇੱਕ ਅਹਿਮ ਕਹਾਣੀ ਹੈ। ਇਹ ਕਹਾਣੀ ਸਾਧਾਰਨ ਲੋਕਾਈ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਸਧਾਰਨ ਲੋਕਾਈ ਵਿੱਚ ਆਏ ਆਰਥਿਕ ਪਰਿਵਰਤਨ ਨੂੰ ਚੰਗੇ ਪੱਖ ਤੋਂ ਰੂਪਮਾਨ ਕਰਦੀ ਨਜ਼ਰ ਆਉਂਦੀ ਹੈ। ਲੋਕਾਂ ਦੁਆਰਾ ਚੁਣੇ ਗਏ ਸਰਪੰਚ ਜਿਸ ਦਾ ਕੰਮ ਲੋਕਾਂ ਦਾ ਭਲਾ ਕਰਨਾ ਹੁੰਦਾ ਹੈ ਪਰ ਉਹ ਵੀ ਆਪਣੀ ਚਾਲ ਦੇ ਨਾਲ ਆਪਣੇ ਮੁੰਡੇ ਮਲਕੀਤ ਲਈ ਦਾਅ ਲਾਉਂਦਾ ਹੈ। ਕਹਾਣੀ 'ਦਾਅ' ਦਾ ਕੇਂਦਰੀ ਪਾਤਰ ਗਿੰਦਾ ਇਲਾਕੇ ਦਾ ਮੰਨਿਆ-ਪ੍ਰਮੰਨਿਆ ਭਲਵਾਨ ਹੈ। ਉਸਦੇ ਘੁਲਣ ਦੀ ਸਫ਼ਾਈ ਦੀ ਧੁੰਮ ਦੂਰ-ਦੂਰ ਤੱਕ ਹੈ। ਪਰੰਤੂ ਪਿੰਡ ਦੇ ਸਰਪੰਚ ਦੇ ਮੁੰਡੇ ਮਲਕੀਤ ਨਾਲ ਗਿੰਦੇ ਦੇ ਘੁਲਣ ਦੀ ਘਟਨਾ ਲੋਕਾਂ ਨੂੰ ਹੈਰਾਨ ਕਰਦੀ ਹੈ। ਹੈਰਾਨੀ ਦੀ ਵਜ੍ਹਾ ਇਹ ਹੈ ਕਿ ਵੀਹਾਂ ਪਿੰਡਾਂ ਤੋਂ ਝੰਡੀ ਪੁੱਟਣ ਵਾਲਾ ਗਿੰਦਾ ਭਲਵਾਨ ਮਲਕੀਤ ਵਰਗੇ ਸਾਧਾਰਨ ਭਲਵਾਨ ਨੂੰ ਕਿਉਂ ਢਾਅ ਨਹੀਂ ਪਾ ਰਿਹਾ ਹੈ ? ਲੋਕ ਇਸ ਗੱਲ ਤੋਂ ਅਨਜਾਣ ਹਨ ਕਿ ਗਿੰਦਾ ਸਰਪੰਚ ਤੋਂ ਆਪਣੇ ਬੱਚੇ ਦੇ ਇਲਾਜ ਲਈ ਫੜੇ ਪੈਸਿਆਂ ਬਦਲੇ ਮਲਕੀਤ ਵੱਲੋਂ ਢੱਠਣ ਦੀ ਸ਼ਰਤ ਪਹਿਲਾਂ ਹੀ ਮੰਨ ਚੁੱਕਾ ਹੈ। ਇਸ ਘੋਲ ਦੌਰਾਨ ਗਿੰਦੇ ਨੂੰ ਖੁਦ ਤੀਖਣ, ਸੰਘਰਸ਼ਮਈ ਜੀਵਨ ਚੋਂ ਗੁਜ਼ਰਨਾ ਪੈਂਦਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਇਹ ਤਿੱਖਾ ਸੰਘਰਸ਼ 'ਗਿੰਦੇ ਬਾਪੂ' ਅਤੇ 'ਗਿੰਦੇ ਭਲਵਾਨ' ਵਿੱਚਕਾਰ ਹੈ। ‘ਦਾਅ’ ਕਹਾਣੀ ਬਿਰਤਾਂਤ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਜ਼ਿੰਦਗੀ ਨੂੰ ਖੁਸ਼ਹਾਲ ਬਣਾਉਣ, ਗਰੀਬੀ ਨੂੰ ਦੂਰ ਕਰਨ, ਪੁੱਤਰ ਦੀ ਬਿਮਾਰੀ, ਆਰਥਿਕ ਸਥਿਤੀ-ਪ੍ਰਸਥਿਤੀ ਨੂੰ ਮਜ਼ਬੂਤ ਕਰਨ ਵਜੋਂ ਮਜਬੂਰੀ ਵਿੱਚ ਗਿੰਦੇ ਦੇ ਵਿਅਕਤਿਤਵ ‘ਤੇ ਮਾਨਸਿਕ ਆਇਆ ਪਰਿਵਰਤਨ ਹੀ ਇੱਕ ਚੰਗੇ ਪੱਖ ਦਾ ਉਭਾਰ ਹੈ। ਸੁਖਜੀਤ ਨੇ ਇਸ ਚੰਗੇ ਪੱਖ ਦੇ ਉਭਾਰ ਨੂੰ ਕੁਝ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ ਕਿ:

> ਜਦੋਂ ਹੀ ਚੌਹ ਵਰਿਆਂ ਦਾ ਬੱਬੂ ਉਹਦੇ ਖਿਆਲਾਂ 'ਚ ਆ ਜਾਂਦਾ ਸੀ, ਤਾਂ ਗਿੰਦਾ ਢਹਿਣ ਲੱਗਦਾ। ਪਰ ਉਹਦੇ ਅੰਦਰਲਾ ਭਲਵਾਨ ਪਿੱਠ ਨਹੀਂ ਸੀ ਲੱਗਣ ਦਿੰਦਾ। ਗਿੰਦਾ ਤਾਂ ਪਰਸੋਂ ਹੀ ਢਹਿ ਗਿਆ ਸੀ ਜਦੋਂ ਸਰਪੰਚ ਦੇ ਘਰੋਂ ਰੁਪਏ ਮੰਗਣ ਗਿਆ ਸੀ। ਆਕੜ ਕੇ ਤੁਰਨ ਵਾਲਾ ਗਿੰਦਾ ਧੌਣ ਗੋਡਿਆਂ 'ਚ ਦਈ ਬੈਠਾ ਧਰਤੀ ਫਰੋਲ ਰਿਹਾ ਸੀ। ਉਸ ਨੇ ਮਿੰਨਤ ਨਾਲ ਆਖਿਆ ਸੀ, “ਮੁੰਡੇ ਤੇ ਅਵੱਲੀ

ਬੀਮਾਰੀ ਦਾ ਟੈਕ ਹੋ ਗਿਐ ਸਰਪੰਚ, ਡਾਕਟਰ ਆਂਹਦੈ ਚੰਡੀਗੜ੍ਹ ਲਿਜਾਣਾ ਪਊ। ਖਰਚਾ ਪੰਝੀ ਤੀਹ ਹਜ਼ਾਰ ਦੇ! ਸਰਪੰਚ ਨੇ ਕਈ ਵੱਲ ਫੇਰ ਪਾ ਹਾਂ ਕਰ ਦਿੱਤੀ ਸੀ। ਪਰ ਸ਼ਰਤ ਸੁਣ ਕੇ ਇੱਕ ਵਾਰੀ ਤਾਂ ਗਿੰਦਾ ਬੌਂਦਲ ਹੀ ਗਿਆ ਸੀ। ਸਰਪੰਚ ਨੇ ਬੜਾ ਖ਼ਤਰਨਾਕ 'ਦਾਅ' ਮਾਰਿਆ ਸੀ। ਗਿੰਦੇ ਨੇ ਮਨ ਚ ਆਖਿਆ ਸੀ "ਇਹਨਾਂ ਵੱਡੇ ਲੋਕਾਂ ਦੇ ਦਾਅ ਬੜੇ ਭੈੜੇ ਹੁੰਦੇ ਨੇ (68)

ਇਸ ਤਰ੍ਹਾਂ ਜਿੱਥੇ 'ਦਾਅ ਕਹਾਣੀ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਮਲਕੀਤ ਨਾਲ ਘੁਲ ਰਹੇ ਘੋਲ ਵਿੱਚ ਸੁਚੇਤ ਤੌਰ ਉੱਤੇ ਬਿਮਾਰ ਪੁੱਤਰ ਦਾ ਪਿਓ ਗਿੰਦੇ ਦਾ ਭਾਰੂ ਰੂਪ ਚੰਗੇ ਪੱਖ ਵਜੋਂ ਉੱਭਰਦਾ ਹੈ, ਉੱਥੇ ਵਿਅਕਤਿਤਵ 'ਤੇ ਮਾਨਸਿਕ ਪਰਿਵਰਤਨ ਕਾਰਨ 'ਮਨੁੱਖੀ ਆਤਮਾ' ਦੁਆਰਾ ਮਜਬੂਰੀ, ਗਰੀਬੀ ਤੇ ਪਿਉ ਦੇ ਜਜ਼ਬਾਤਾਂ ਦੇ ਬੜੇ ਬਰੀਕ ਤੰਦਾਂ ਨੂੰ ਵੀ ਉਭਾਰਦੀ ਹੈ। ਪਰੰਤੂ ਅਚੇਤ ਤੌਰ ਉੱਤੇ ਭਲਵਾਨ ਗਿੰਦਾ ਭਾਰੂ ਹੋ ਜਾਂਦਾ ਹੈ। ਕਈ ਵਾਰ ਉਹ ਲੋਕ ਜਜ਼ਬੇ ਤੋਂ ਉਤੇਜਿਤ ਹੋਇਆ ਆਪਣੇ ਪਹਿਲਾਂ ਤੋਂ ਮਿਥੇ ਵਿਵਹਾਰ ਤੋਂ ਉਲਟ ਵੀ ਚਲਾ ਜਾਂਦਾ ਹੋਇਆ ਜਿੱਤ ਜਾਂਦਾ ਹੈ। ਇਸ ਤੋਂ ਇਲਾਵਾ ਸੁਖਜੀਤ ਦੀਆਂ ਕਹਾਣੀਆਂ ਜਲ ਭਰਮ, ਆਟੋ ਨੰਬਰ 420, ਮਾਰਕੀਟ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਜਿੱਥੇ ਇੱਕ ਪਾਸੇ ਮਨੁੱਖ ਦੀ ਹੀਣਤਾ, ਸੰਘਰਸ਼, ਬੇਵਸੀ, ਮਜਬੂਰੀ, ਵਿਅਕਤੀਗਤ ਹੋਣੀ ਆਦਿ ਸਮੱਸਿਆਵਾਂ ਨੂੰ ਪ੍ਰਸਤੁਤ ਕਰਦੀਆਂ ਹਨ, ਉੱਥੇ ਦੂਸਰੇ ਪਾਸੇ ਮਨੁੱਖ ਦੇ ਵਿਅਕਤਿਤਵ 'ਤੇ ਮਾਨਸਿਕ ਰੂਪ ਪਰਿਵਰਤਨ ਨੂੰ ਵੀ ਚੰਗੇ ਪੱਖ ਵਜੋਂ ਪੇਸ਼ ਕਰਦੀਆਂ ਹਨ। ਜਿਵੇਂ ਕਿ ਇਸੇ ਕਹਾਣੀ ਸੰਗ੍ਰਹਿ ਦੀ ਕਹਾਣੀ 'ਜਲ ਭਰਮ' ਕਹਾਣੀ ਵਿੱਚ ਵੀ ਚਾਰ ਆਦਮੀ ਈਰਾਨ ਵੱਲ ਗ਼ੈਰ ਕਾਨੂੰਨੀ ਢੰਗ ਨਾਲ ਪਾਕਿਸਤਾਨ ਦੇ ਰਸਤੇ ਦਾਖ਼ਲ ਹੁੰਦੇ ਹੋਏ ਰੇਗਿਸਤਾਨ ਵਿੱਚ ਪਾਣੀ ਖੁਣੋਂ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਇਹਨਾਂ ਚਾਰਾਂ ਦੇ ਨਿਸ਼ਾਨੇ ਵੱਖਰੇ-ਵੱਖਰੇ ਹੋਣ ਦੇ ਬਾਵਜੂਦ ਸਾਰਿਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖੋਂ ਮਾਨਸਿਕ ਪਰਿਵਰਤਨ ਦਾ ਚੰਗਾ ਸਾਹਸ ਦਾ ਜਜ਼ਬਾ ਸਾਂਝਾ ਹੈ। ਇਹ ਜਜ਼ਬਾ ਸਾਰਿਆਂ ਨੂੰ ਇੱਕ ਦੂਜੇ ਦੇ ਨੇੜੇ ਲੈ ਆਉਂਦਾ ਹੈ। ਮਾਸਟਰ ਦੁਨੀਆ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਪਰਿਵਰਤਨ ਲਿਆਉਣ ਵਿੱਚ ਅਸਫਲ ਰਿਹਾ ਹੈ। ਕੇਹਰੂ ਤੇ ਤੇਜੂ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ

ਆਰਥਿਕ ਸੰਕਟ ਦੇ ਸਤਾਏ ਹੋਏ ਹਨ। ਰਾਜ ਕੁਮਾਰ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖੋਂ ਪੈਸੇ ਹੋਣ ਦੇ ਬਾਵਜੂਦ ਵੀ ਵੱਖਰੀ ਜ਼ਿੰਦਗੀ ਜਿਹੜੀ ਖ਼ਤਰੇ ਭਰਪੂਰ ਹੋਵੇ ਜਿਊਣ ਦਾ ਸ਼ੌਕੀਨ ਹੈ। ਇਹਨਾਂ ਤਿੰਨਾਂ ਦੀ ਜ਼ਿੰਦਗੀ ਬਾਰੇ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਕਹਾਣੀ 'ਜਲ-ਭਰਮ' ਵਿੱਚ ਆਪਸੀ ਵਾਰਤਾਲਾਪ ਸਾਂਝ, ਪਿਆਰ ਭਾਵਨਾ ਦਾ ਸੁਨੇਹਾ ਸਪੱਸ਼ਟ ਮਿਲਦਾ ਹੈ ਕਿ:

> "ਚਲੋ ਕਿਹਰ ਬਾਈ ਨੂੰ ਤਾਂ ਜ਼ਮੀਨ ਦਾ, ਆੜ੍ਹਤੀ ਦਾ, ਜਾਂ ਬੈਂਕ ਦਾ ਫ਼ਿਕਰ ਹੋਊ, ਪਰ ਸਾਨੂੰ ਤਾਂ ਸਾਲਾ ਦੋ ਰੋਟੀਆਂ ਦਾ ਫ਼ਿਕਰ ਈ ਨਹੀਂ ਛੱਡਦਾ। ਜੱਟ ਤਾਂ ਫਿਰ ਸਾਲ ਛਿਮਾਹੀ ਨੋਟ ਤਾਂ ਦੇਖ ਲੈਂਦੇ, ਅਸੀਂ ਤਾਂ ਕਦੇ ਬਹੁਤੇ ਸਾਰੇ ਪੈਸਿਆਂ ਨੂੰ ਹੱਥ ਲਾ ਕੇ ਵੀ ਨਹੀਂ ਦੇਖਿਆ। ਉਈਂ ਮਨ 'ਚ ਚਾਅ ਜਿਹੈ ਵਾਹਵਾ ਸਾਰੇ ਨੋਟ ਗਿਣਨ ਦਾ ਉਹਦੀ ਗੱਲ ਸੁਣ ਸਾਰੇ ਹੱਸ ਪਏ। ਪਰ ਤੇਜੀ ਕਿਹਰ ਵੱਲ ਟੇਡਾ ਜਿਹਾ ਵੇਖਦਾ ਬੋਲਿਆ, "ਨਾਲੇ ਹੁਣ ਸੀਰੀ-ਰਲ਼ ਰਲ਼ ਕੇ ਅੱਕੇ ਪਏ ਐਂ ਜੀ, ਸਾਡੀ ਕਿਹੜੀ ਜ਼ਮੀਨ ਬੰਜ਼ਰ ਹੁੰਦੀ ਐ, ਹੱਥ ਈ ਹੱਥ ਐ, ਏਥੇ ਨਹੀਂ ਓਥੇ ਕਰ ਲਵਾਂਗੇ।(61)

**(ਅ) ਮਾੜੇ ਪੱਖ:** ਸੁਖਜੀਤ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਵਿਸ਼ਵੀਕਰਨ ਦੇ ਦੌਰ ਅਧੀਨ ਪਰਿਵਰਤਿਤ ਹੋ ਰਹੀਆਂ ਕਦਰਾਂ-ਕੀਮਤਾਂ, ਸਮਾਜਿਕ ਰਿਸ਼ਤਿਆਂ-ਨਾਤਿਆਂ ਵਿੱਚਲਾ ਪਰਿਵਰਤਨ, ਸਵੈ ਮਾਨਸਿਕਤਾ, ਖ਼ੁਦਗ਼ਰਜ਼ੀ, ਲਾਲਸਾ, ਰਿਸ਼ਤਿਆਂ-ਨਾਤਿਆਂ ਵਿੱਚਲੀ ਟੁੱਟ ਭੱਜ ਆਦਿ ਤੋਂ ਇਲਾਵਾ ਆਰਥਿਕ ਅਤੇ ਸੱਭਿਆਚਾਰਕ ਵਿਗਾੜਾਂ ਸਦਕਾ ਟੁੱਟਦੀ ਪੰਜਾਬੀ ਕਿਸਾਨੀ, ਡੇਰਾਤੰਤਰ ਕਾਰਨ ਧਾਰਮਿਕ ਲੁੱਟ-ਖਸੁੱਟ,ਤਿੜਕਦੇ ਪਰਿਵਾਰਕ ਰਿਸ਼ਤੇ-ਨਾਤੇ, ਭਾਵੁਕ ਕਲੇਸ਼, ਮਾਨਸਿਕ ਸੰਕਟ ਅਤੇ ਨਿੱਜੀ ਸਵਾਰਥਾਂ ਦੀ ਆਪਾ-ਧਾਪੀ ਸਦਕਾ ਕਿਸਾਨੀ ਪਰਿਵਾਰਾਂ ਵਿੱਚ ਪੂੰਜੀਵਾਦੀ ਵਿਵਸਥਾ ਅਧੀਨ ਖ਼ੂਨ ਦੇ ਰਿਸ਼ਤਿਆਂ ਉੱਪਰ ਆਰਥਿਕ ਰਿਸ਼ਤਿਆਂ-ਨਾਤਿਆਂ ਦੇ ਭਾਰੂ ਹੋਣ ਦੀ ਸਥਿਤੀਆਂ-ਪਰਿਸਥਿਤੀਆਂ ਨੂੰ ਪਰਿਵਰਤਨ ਵਜੋਂ ਪੇਸ਼ ਕੀਤਾ ਹੈ। ਪੈਸੇ ਕੇਂਦਰ ਵਿੱਚ ਹੋਣ ਕਰਕੇ ਮੰਡੀ ਦੀ ਅਹਿਮ ਭੂਮਿਕਾ ਹੋ ਗਈ। ਜਿਸ ਕਰਕੇ ਕਹਾਣੀਆਂ ਵਿੱਚ ਆਪਸੀ ਸਾਂਝ ਅਤੇ ਅਪਣੱਤ ਨੂੰ ਵੱਡਾ ਖੋਰਾ ਲੱਗਾ ਅਤੇ ਸੱਭਿਆਚਾਰਕ ਮੁੱਲਾਂ ਅਤੇ ਕਦਰਾਂ-ਕੀਮਤਾਂ ਵਿੱਚ ਨਿਘਾਰ ਅਤੇ ਸੰਕਟ ਦੀ ਸਥਿਤੀ ਉਤਪੰਨ ਹੋਈ ਹੈ। ਸੱਭਿਆਚਾਰਕ ਰੂਪਾਂਤਰਨ ਦੇ

ਮਾੜੇ ਆਰਥਿਕ ਪੱਖ ਤੋਂ ਔਰਤ-ਮਰਦ ਚੇਤਨਾ ਅਤੇ ਡੇਰਾਵਾਦ ਕਾਰਨ ਪਾਖੰਡੀ ਸਾਧੂ ਸੰਤਾਂ, ਔਰਤ-ਮਰਦ ਸੰਬੰਧਾਂ ਵਿੱਚ ਪੂੰਜੀਵਾਦੀ ਕਾਰਪੋਰੇਟੀ ਪਰਿਵਰਤਨਸ਼ੀਲ ਸੋਚ ਦੇ ਅੰਤਰਗਤ ਪੈਸੇ ਦੀ ਲਾਲਸਾ ਅਤੇ ਉਸਨੂੰ ਇਕੱਠਾ ਕਰਨ ਦੇ ਜਾਇਜ਼-ਨਜਾਇਜ਼ ਮਾੜੇ ਢੰਗ ਨੈਤਿਕ ਸੰਕਟਾਂ ਵਜੋਂ ਉੱਭਰਦੇ ਹਨ। ਡਾ. ਹਰੀਸ਼ ਕੁਮਾਰ ਸੇਠੀ ਮਨੁੱਖ ਦੁਆਰਾ ਲਾਲਸਾ ਵੱਸ ਪੈ ਅਨੈਤਿਕ ਅਤੇ ਮੁੱਲਾਂ ਵਿਰੋਧੀ ਕੰਮਾਂ ਸੰਬੰਧੀ ਆਪਣੀ ਰਚਨਾ *ਜੀਵਨ-ਮੁੱਲ ਵਿਮਰਸ਼* 'ਚ ਲਿਖਦੇ ਨੇ:

> ਕੋਈ ਵਿਅਕਤੀ ਧੰਨ ਦੀ ਬਹੁਤ ਲਾਲਸਾ ਰੱਖਦਾ ਹੈ ਉਸਦੀ ਪ੍ਰਾਪਤੀ ਲਈ ਉਹ ਕੋਈ ਵੀ ਅਨੈਤਿਕ ਕੰਮ, ਰਿਸ਼ਵਤਖੋਰੀ, ਚੋਰੀ, ਬੇਈਮਾਨੀ ਆਦਿ ਰਾਹੀਂ ਧੰਨ ਪ੍ਰਾਪਤੀ ਕਰਦਾ ਹੈ। ਇਹ ਉਸਦੀ ਨਿੱਜੀ (ਸਵੈ) ਦ੍ਰਿਸ਼ਟੀ ਤਾਂ ਹੋ ਸਕਦੀ ਹੈ, ਪਰ ਨੈਤਿਕ ਦ੍ਰਿਸ਼ਟੀ ਤੋਂ ਇਹ ਅਨੈਤਿਕ ਕੰਮ ਹੈ ਕਿਉਂਕਿ ਇਹ ਚਰਿੱਤਰ ਨਾਲ ਸਬੰਧਿਤ ਮੁੱਲਾਂ ਦੇ ਵਿਰੁੱਧ ਹੈ।(43)

ਦੂਸਰੇ ਪਾਸੇ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਆਧੁਨਿਕ ਪੂੰਜੀਵਾਦੀ ਪ੍ਰਬੰਧ ਵਿੱਚਲੇ ਮੰਡੀ ਕਲਚਰ ਨੂੰ ਮਾੜੇ ਪੱਖ ਵਜੋਂ ਪ੍ਰਸਤੁਤ ਕਰਦੀ ਸੁਖਜੀਤ ਦੇ ਕਹਾਣੀ ਸੰਗ੍ਰਹਿ *ਅੰਤਰਾ* 'ਚ ਦਰਜ 'ਮਾਰਕੀਟ' ਕਹਾਣੀ ਹੈ। ਇਹ ਕਹਾਣੀ ਅਨਯ ਪੁਰਖੀ ਬਿਰਤਾਂਤ ਸ਼ੈਲੀ ਵਿੱਚ ਲਿਖੀ ਗਈ ਹੈ। ਕਹਾਣੀ 'ਮਾਰਕੀਟ' ਪੂੰਜੀਵਾਦੀ ਵਿਵਸਥਾ ਅਧੀਨ ਮੰਡੀ ਦੀ ਭੇਟ ਚੜ੍ਹੇ ਹਸਪਤਾਲਾਂ ਦਾ ਮਾਰਕੀਟ ਵਿੱਚ ਤਬਦੀਲ ਹੋਣ ਜਾਣ ਦਾ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਮਾੜੇ ਪੱਖ ਦਾ ਵਿਸ਼ਲੇਸ਼ਣ ਕਰਦੀ ਹੈ। ਮਹਾਂਨਗਰੀ ਜੀਵਨ ਬਤੀਤ ਕਰ ਰਹੇ ਲੋਕਾਂ ਦੀ ਮਾਨਸਿਕਤਾ ਵੱਧ ਪੂੰਜੀ ਦੀ ਲਾਲਸਾ ਤਹਿਤ ਗ਼ੈਰ ਕਾਨੂੰਨੀ ਕੰਮ ਕਰਨ ਨੂੰ ਵੀ ਕਾਨੂੰਨੀ ਬਾਣਾ ਦਿੰਦੀ ਸਵੀਕਾਰ ਹੁੰਦੀ ਹੈ। ਬਾਹਰੀ ਤੌਰ ਉੱਪਰ ਡਾਕਟਰਾਂ ਦਾ ਕਾਰ-ਵਿਵਹਾਰ 'ਰੱਬ' ਦੀ ਉਪਾਧੀ ਦੇਣ ਦੇ ਸਮਾਨ ਦਿਖਾਇਆ ਹੈ, ਪਰ ਬਿਰਤਾਂਤਕਾਰ ਸਮਾਜ ਵਿੱਚ ਹੋ ਰਹੀ ਡਾਕਟਰੀ ਪੇਸ਼ਾ ਰਾਹੀਂ ਲੁੱਟ-ਖਸੁੱਟ ਨੂੰ ਸਾਰਥਕਤਾ ਵਿੱਚ ਪੇਸ਼ ਕਰਦਾ ਹੈ। ਬਿਰਤਾਂਤਕਾਰ ਦੁਆਰਾ ਪਰਤਾਂ ਤੋਂ ਬਹੁਪਰਤਾਂ ਦੇ ਪਾਸਾਰ ਮੰਡੀ ਦੀਆਂ ਕੋਝੀਆਂ ਹਰਕਤਾਂ ਦਾ ਬਿਰਤਾਂਤ ਸਿਰਜਿਆ ਹੈ ਜਿਵੇਂ ਕਿ ਜਦੋਂ ਪ੍ਰੋਫ਼ੈਸਰ ਸੁਖਵੰਤ ਦੇ ਘਰ ਹਸਪਤਾਲ ਵਿੱਚ ਬੱਚੇ ਦਾ ਜਨਮ ਹੁੰਦਾ ਹੈ ਤਾਂ ਉਹ ਬਖ਼ਸ਼ੀਸ਼ ਦੀ ਤੌਰ ਉੱਪਰ ਨਰਸ ਨੂੰ ਕੁਝ ਦੇਣਾ

ਚਾਹੁੰਦਾ ਹੈ ਪਰ ਨਰਸ ਦਾ ਇਨਕਾਰ ਕਰ ਦੇਣਾ, ਹਸਪਤਾਲ ਦੀ ਚੰਗੀ ਸਥਿਤੀ ਵਿਅਕਤ ਕਰਦਾ ਹੈ ਪਰ ਇਹ ਇੱਜ਼ਤਮਈ ਰੂਪ ਬਹੁਤੀ ਦੇਰ ਬਰਕਰਾਰ ਨਹੀਂ ਰਹਿੰਦਾ ਜਦੋਂ ਹਸਪਤਾਲ ਵਿੱਚ ਸ਼ਰਮਾ ਜੋੜੀ ਵਿਆਹ ਦੇ ਕਈ ਸਾਲਾ ਬਾਅਦ ਵੀ ਬੱਚੇ ਦੀ ਪ੍ਰਾਪਤੀ ਨਹੀਂ ਹੋ ਸਕੀ ਤਾਂ ਡਾ ਛੀਨਾ ਦੁਆਰਾ ਬੱਚਾ ਗੋਦ ਲੈਣ ਲਈ ਵਪਾਰ ਦੀ ਸੁਰ ਵਿੱਚ ਕੁੜੀ ਤੇ ਮੁੰਡੇ ਦੀ ਪ੍ਰਾਪਤੀ ਲਈ ਅਲੱਗ-ਅਲੱਗ ਪੈਸੇ ਮੁਕੱਰਰ ਕੀਤੇ ਹੋਏ ਹਨ ਦਾ ਇਕਰਾਰ ਕਰਦਾ ਹੈ। ਉਸ ਸਮੇਂ ਪ੍ਰੋਫੈਸਰ ਸੁਖਵੰਤ ਨੂੰ ਇਹ ਬੱਚਿਆਂ ਦੇ ਵਿਉਪਾਰੀ ਲੱਗਣ ਲੱਗ ਪੈਂਦੇ ਹਨ। ਸਥਿਤੀ ਦੀ ਵਿਡੰਬਨਾ ਬਿਰਤਾਂਤਕਾਰ ਉਸ ਸਮੇਂ ਹੋਰ ਵੀ ਡੂੰਘਾਈ ਵਿੱਚ ਜਾ ਕੇ ਵਿਅਕਤ ਕਰਦਾ ਹੈ ਜਦੋਂ ਕਿ ਜਿਸ ਕੁੜੀ ਤੋਂ ਬੱਚਾ ਸ਼ਰਮਾ ਜੋੜੀ ਨੂੰ ਲੈ ਕੇ ਦੇਣਾ ਹੈ। ਉਸ ਦੀ ਉਮਰ ਖੁਦ ਤੇਰ੍ਹਾਂ ਸਾਲ ਹੈ ਜੋ ਕਿ ਪੀੜ ਨਾਲ ਤੜਫ਼ ਰਹੀ ਹੈ। ਡਾ. ਛੀਨਾ ਜ਼ਾਲਮਾਨਾ ਤਰੀਕਾਂ ਇਸਤੇਮਾਲ ਕਰਦਾ ਹੋਇਆ ਉਸ ਦੀ ਕੁੱਖੋਂ ਬੱਚਾ ਪੈਦਾ ਕਰਵਾਉਣ ਦਾ ਚਾਹਵਾਨ ਹੈ। ਇਸ ਪਿੱਛੇ ਕਿ ਬੱਚਾ ਦਾ ਗਰਭਪਾਤ ਕਰਵਾਉਣ ਦੀ ਬਜਾਏ ਮਿਲਦੀ ਪੂੰਜੀ ਦੀ ਪ੍ਰਾਪਤੀ ਲਈ ਚਾਹਵਾਨ ਹੈ। ਬਿਰਤਾਂਤਕਾਰ ਪੂੰਜੀਵਾਦੀ ਵਰਤਾਰੇ ਅਧੀਨ ਇਸ ਪ੍ਰਕਾਰ ਦੇ ਮੰਡੀ ਸੱਭਿਆਚਾਰ ਦੀ ਪੇਸ਼ਕਾਰੀ ਕਰਦਾ ਹੈ, ਜਿੱਥੇ ਇਨਸਾਨ ਦੇ ਹਿਤ ਵਿਅਕਤੀਗਤ ਲੋੜਾਂ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ। ਹਸਪਤਾਲ ਦੀ ਸਥਿਤੀ ਦੀ ਤੁਲਨਾ ਬਜ਼ਾਰਵਾਦੀ ਸੁਰ ਵਿੱਚ ਕਰਦਾ ਹੈ। ਹਸਪਤਾਲ ਦੇ ਪੇਸ਼ਾਵਰ ਡਾਕਟਰ ਦੀ ਮਾਨਸਿਕਤਾ ਦਾ ਤਕਾਜ਼ਾ 'ਮੱਛੀ ਮਾਰਕੀਟ' ਦੇ ਦਲਾਲਾਂ ਦੀਆਂ ਅਵਾਜ਼ਾਂ ਨਾਲ ਕਰਦਿਆਂ ਬਿਰਤਾਂਤਕਾਰ ਇੱਕੀਵੀਂ ਸਦੀ ਵਿੱਚ ਬੰਦੇ ਦੀ ਮਾਨਸਿਕਤਾ ਦਾ ਅਤਿ ਦਰਜੇ ਹੀਣ ਪੂੰਜੀਵਾਦੀ ਹੋਣ ਬਰਾਬਰ ਪੇਸ਼ ਕੀਤਾ ਗਿਆ ਹੈ। ਸਮਾਜ ਵਿੱਚ ਦਰਿੰਦੇ ਵਿਅਕਤੀ ਸ਼ਰੇਆਮ ਤੁਰੇ ਫਿਰਦੇ ਹਨ। ਦਰਿੰਦਗੀ ਦੇ ਆਲਮ ਵਿੱਚ ਆਮ ਬੰਦੇ ਦਾ ਜੀਵਨ ਬਤੀਤ ਕਰਨ ਮੁਸ਼ਕਿਲ ਹੈ। ਬੱਚਾ ਗੋਦ ਲੈਣਾ ਬੁਰਾ ਨਹੀਂ ਪਰ ਉਸ ਕੁੱਖੋਂ ਜੋ ਖੁਦ ਸਮਾਜ ਦੀਆਂ ਮਾਨਵੀ ਕਦਰਾਂ-ਕੀਮਤਾਂ ਦੇ ਨਿਘਾਰ ਹੇਠ 'ਰੇਪ' ਦਾ ਦਰਦ ਸਹਿ ਰਹੀ ਹੈ। ਬਿਰਤਾਂਤਕਾਰ ਦੁਆਰਾ ਡਾ. ਛੀਨਾ ਦੇ ਬੋਲੇ ਇਹ ਸ਼ਬਦ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਹਸਪਤਾਲਾਂ ਦਾ ਮਾਰਕੀਟ ਵਿੱਚ ਪਰਿਵਰਤਨ ਤੇ ਪੈਸੇ ਦੇ ਲਾਲਚ ਵਜੋਂ ਨਿੱਜੀ ਵਿਅਕਤੀਗਤ ਸੋਚ ਨੂੰ ਮਾੜੇ ਪੱਖ ਵਜੋਂ ਉੱਭਰਦੇ ਹਨ। ਜਿਵੇਂ ਕਿ:

ਉਹ ਬੱਚਾ ਲੈ ਰਹੇ ਨੇ, ਮੈਂ ਬੱਚਾ ਦੇ ਰਿਹਾ ਹਾਂ, ਫਿਰ ਤੁਸੀ ਕੌਣ ਹੋ ਵਿੱਚ ਆਉਣ ਵਾਲੇ?(104)

ਬਿਰਤਾਂਤਕਾਰ ਦੁਆਰਾ 'ਵਿੱਚ ਆਉਣ ਵਾਲੀ' ਧਿਰ ਦੇ ਰਾਹੀਂ ਸਮਾਜ ਵਿੱਚ ਕਿਸੇ ਨੂੰ ਤਾਂ ਇਸ ਦਲਾਲੀ, ਪ੍ਰਤੀ ਆਵਾਜ਼ ਉਠਾਉਣੀ ਪਾਵੇਗੀ ਦੀ ਸੁਰ ਦਾ ਬਿਰਤਾਂਤ ਪੇਸ਼ ਕਰਦਾ ਹੈ। ਕੋਈ ਤਾਂ ਉੱਠੇ ਜੋ ਸਮਾਜ ਵਿੱਚ ਹੁੰਦੇ ਇਸ ਪ੍ਰਕਾਰ ਦੇ ਤਸ਼ੱਦਦ ਪ੍ਰਤੀ ਆਪਣੀ ਆਵਾਜ਼ ਬੁਲੰਦ ਕਰੇ। 'ਮਾਰਕੀਟ' ਕਹਾਣੀ ਦਾ ਸਿਰਲੇਖ ਆਧੁਨਿਕ ਸਮੇਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਹਰ ਵਰਤਾਰਾ ਪਰਿਵਰਤਨ ਰੂਪ ਵਿੱਚ ਮਾਰਕੀਟ ਭਾਵ ਬਾਜ਼ਾਰ ਬਣਕੇ ਰਹਿ ਗਿਆ ਹੈ। ਖਪਤਕਾਰੀ ਸੋਚ ਦਾ ਤਕਾਜ਼ਾ ਸਮਾਜ ਵਿੱਚ ਮੰਡੀ ਦੀ ਭਰਮਾਰ ਦੀ ਨਿਸ਼ਾਨਦੇਹੀ ਕਰਦਾ ਹੈ। ਦੇਸ਼ ਵਿੱਚ ਤਰੱਕੀ ਦੇ ਪੈਮਾਨੇ ਬਾਜ਼ਾਰ ਦੀਆਂ ਕੀਮਤਾਂ ਨਿਸ਼ਚਿਤ ਕਰਦੀਆਂ ਹਨ। ਮਰਦਾ ਹੋਇਆ ਇਨਸਾਨ ਇਲਾਜ ਕਰਵਾਉਣ ਹਿਤ ਹਸਪਤਾਲਾਂ ਵਿੱਚ ਜਾਂਦਾ ਹੈ ਪਰ ਜੇਕਰ ਉੱਥੇ ਮਰੀਜ਼ ਦੇ ਨਾਲ ਵਿਉਪਾਰਮਈ ਸੁਰ ਦਾ ਇਸਤੇਮਾਲ ਕੀਤਾ ਜਾਣਾ ਹੈ ਤਾਂ ਉਸਦੇ ਬਚਣ ਦੀ ਆਸ ਕਿਹੜੇ ਪੈਮਾਨਿਆਂ ਤੋਂ ਕੀਤੀ ਜਾ ਸਕਦੀ ਹੈ। ਦਲਾਲ-ਰੂਪੀ ਬਿਰਤੀ ਇਨਸਾਨੀਅਤ ਵਿੱਚ ਡਾਕਟਰ ਦੇ ਅਹੁਦੇ ਵਿੱਚ ਹੁੰਦੇ ਵਿਗਾੜ ਦੀ ਪੇਸ਼ਕਾਰੀ ਵਿਭਿੰਨ ਪਹਿਲੂਆਂ ਦੀ ਪਰਤਾਂ ਦੁਆਰਾ ਵਿਅਕਤ ਕੀਤੀ ਮਿਲਦੀ ਹੈ। ਰੇਪ ਹੋਣਾ ਤੇ ਫਿਰ ਰੇਪ ਹੋਈ ਕੁੜੀ ਦੀ ਕੁੱਖ ਦਾ ਵਿਉਪਾਰ ਹੋਣਾ। ਇਹ ਕਿਸ ਸਮਾਜ ਦੇ ਵਿਕਾਸ ਦੀ ਸੀਮਾ ਮਿੱਥ ਰਿਹਾ ਹੈ। ਪੈਸੇ ਦੀ ਦੌੜ ਕਿਸ ਪਾਸੇ ਨੂੰ ਲਿਜਾ ਰਹੀ ਹੈ। ਬੰਦਾ ਬੰਦੇ ਨੂੰ ਮਾਰਨ ਹਿਤ ਵਿਉਪਾਰ ਕਰੀ ਜਾ ਰਿਹਾ ਹੈ। ਰੇਪ ਹੋਈ ਕੁੜੀ ਪੀੜ ਨਾਲ ਬੁਰੀ ਅਵਸਥਾ ਵਿੱਚ ਗੁਜ਼ਰ ਰਹੀ ਹੈ ਪਰ ਬਚਾਉਣ ਵਾਲੇ ਪੈਸਿਆਂ ਦੀ ਦੌੜ ਵਿੱਚ ਉਸਦੇ ਹੀ ਦੁਸ਼ਮਣ ਬਣੀ ਬੈਠੇ ਹਨ। ਉਪਰੋਕਤ ਵਿਕਾਸਸ਼ੀਲ ਦੇਸ਼ਾਂ ਦੀ ਸਮਾਜਿਕ ਯਥਾਰਥਕਤਾ ਦੀ ਹੋਣੀ ਦਾ ਵਿਲੱਖਣ ਤਰਜਮਾਨੀ ਦੇ ਭਾਵ ਵਿਅਕਤ ਕੀਤੇ ਮਿਲਦੇ ਹਨ। ਸਮੀਕਰਨਾਂ ਦੇ ਤਕਾਜ਼ੇ ਨਵੇਂ ਪੈਰਾਮੀਟਰ ਤੋਂ ਖੋਜਣ ਦੀ ਲੋੜ ਹੈ ਕਿ ਕਿਹੜੇ ਕਾਰਨ ਹਨ ਜੋ ਸਮਾਜ ਦੀ ਇਸ ਦੁਰਦਸ਼ਾ ਵਾਸਤੇ ਜ਼ਿੰਮੇਵਾਰ ਹੋ ਨਿੱਬੜਦੇ ਹਨ। ਜ਼ਿੰਦਗੀ ਦੀਆਂ ਮੁੱਢਲੀਆਂ ਜ਼ਰੂਰਤਾਂ ਸੰਪੂਰਨ ਨਾ ਹੋਣ ਹਿਤ ਜ਼ਿੰਦਗੀ ਇਸ ਤਰ੍ਹਾਂ ਕਿਉਂ ਰੇਪ ਕਰ ਰਹੀ ਹੈ? ਕਿਉਂ ਰੇਪ ਜ਼ਿੰਦਗੀ ਵਿੱਚ ਆਰਥਿਕਤਾ ਦੇ ਮਾੜੀ ਹੋਣ ਹਿਤ ਆਰਥਿਕ ਮਜਬੂਰੀ ਵੱਸ ਪਏ ਇਨਸਾਨ ਨਾਲ ਹੁੰਦਾ ਦਰਸਾਇਆਂ ਹੈ। ਸਮੁੱਚੇ ਤੌਰ ਉੱਪਰ

ਬਿਰਤਾਂਤਕਾਰ ਦੁਆਰਾ ਡਾਕਟਰੀ ਪੇਸ਼ੇ ਦਾ ਵਪਾਰੀਕਰਨ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਹਸਪਤਾਲ ਦਾ ਮਾਰਕੀਟ ਰੂਪ ਵਿੱਚਲੇ ਪਰਿਵਰਤਨ ਨੂੰ ਮਾੜੇ ਪੱਖ ਤੋਂ ਦ੍ਰਿਸ਼ਟੀਗੋਚਰ ਕੀਤਾ ਹੈ। ਜਿਵੇਂ ਕਿ:

> ਲੇਬਰ ਰੂਮ ਉਪਰ ਲੱਗੀ ਹੋਈ ਸੀ ਡਾ. ਤੂਰ ਦੀ ਤਸਵੀਰ। ਤੂਰ ਹਸਪਤਾਲ ਦੇ ਫਾਊਂਡਰ ਦੀ ਇਹ ਤਸਵੀਰ ਜਦੋਂ ਇਥੇ ਲਾਈ ਗਈ ਹੋਵੇਗੀ, ਬਹੁਤ ਸ਼ਾਨਦਾਰ ਹੋਵੇਗੀ। ਇਸ ਹਸਪਤਾਲ ਵਾਂਗ ਹੀ। ਉਦੋਂ ਇਸ ਹਸਪਤਾਲ ਦੀ ਕੋਈ ਸ਼ਾਨ ਹੁੰਦੀ ਸੀ। ਦੂਰ ਦੂਰ ਮਸ਼ਹੂਰ ਸੀ ਇਹ ਮਿਟਰਨਟੀ ਹਸਪਤਾਲ ਹੁਣ ਤਾਂ। ਡਾ. ਤੂਰ ਨੂੰ ਗਿਆ ਵਰ੍ਹੇ ਹੋ ਗਏ ਸਨ। ਉਹਦੀ ਤਸਵੀਰ ਧੂੜ ਨਾਲ ਅੱਟੀ ਪਈ ਸੀ ਤੇ ਇੱਕ ਪਾਸੇ ਟੇਢੀ ਹੋ ਗਈ ਸੀ।(93)

ਕਹਾਣੀ ਦਾ ਉਪਰੋਕਤ ਆਦਿ ਤੂਰ ਹਸਪਤਾਲ ਦੇ ਭੂਤ ਅਤੇ ਵਰਤਮਾਨ ਅਵਸਥਾ ਦੀ ਆਪਸ ਵਿੱਚ ਤੁਲਨਾ ਕਰਕੇ ਸੱਭਿਆਚਾਰਕ ਰੂਪਾਂਤਰਨ ਤੋਂ ਭ੍ਰਿਸ਼ਟ, ਲੁੱਟ-ਖਸੁੱਟ ਵਾਲੇ ਆਰਥਿਕ ਪੱਖ ਦੀ ਸੂਚਨਾ ਦੇ ਰਿਹਾ ਹੈ। ਇਸ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਦੀ ਪ੍ਰਕਿਰਤੀ ਦਾ ਆਭਾਸ ਲੇਬਰ ਰੂਮ ਉੱਪਰ ਲੱਗੀ ਹਸਪਤਾਲ ਦੇ ਫਾਊਂਡਰ ਦੀ ਤਸਵੀਰ ਤੋਂ ਹੁੰਦਾ ਹੈ। ਤਸਵੀਰ ਦਾ ਧੂੜ ਨਾਲ ਅੱਟੇ ਹੋਣਾ ਅਤੇ ਟੇਢਾ ਹੋਣਾ ਮਹੱਤਵਪੂਰਨ ਸੰਕੇਤ ਹੈ, ਜੋ ਹਸਪਤਾਲ ਦੀ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖੋਂ ਦੁਰਦਸ਼ਾ ਵੱਲ ਇਸ਼ਾਰਾ ਕਰਦਾ ਹੈ। ਇਹ ਦੁਰਦਸ਼ਾ ਕਿਵੇਂ ਅਤੇ ਕਿਉਂ ਹੈ ? ਇਸਦਾ ਜਵਾਬ ਕਹਾਣੀ ਦੀ ਪੜ੍ਹਤ ਉਪਰੰਤ ਮਿਲਦਾ ਹੈ। ਇਸ ਪੜ੍ਹਤ ਤੋਂ ਪਤਾ ਚੱਲਦਾ ਹੈ ਕਿ ਕਹਾਣੀ ਦੇ ਮੁੱਖ ਪਾਤਰ ਪ੍ਰੋਫੈਸਰ ਸੁਖਵੰਤ ਦੀ ਪਤਨੀ ਇਸ ਮਿਟਰਨਟੀ ਹਸਪਤਾਲ ਵਿੱਚ ਦਾਖਲ ਹੈ। ਇੱਥੇ ਉਹ ਇੱਕ ਬੇਟੇ ਨੂੰ ਜਨਮ ਦਿੰਦੀ ਹੈ। ਜਦ ਇਹ ਖ਼ਬਰ ਪ੍ਰੋਫੈਸਰ ਸੁਖਵੰਤ ਨੂੰ ਨਰਸ ਤੋਂ ਮਿਲਦੀ ਹੈ ਤਾਂ ਉਹ ਆਪਣੀ ਖੁਸ਼ੀ ਦਾ ਇਜ਼ਹਾਰ ਨਰਸ ਨੂੰ ਬਖ਼ਸ਼ੀਸ਼ ਦੇ ਕੇ ਕਰਨਾ ਚਾਹੁੰਦਾ ਹੈ। ਪਰੰਤੂ ਨਰਸ ਵੱਲੋਂ ਇਸ ਬਖ਼ਸ਼ੀਸ਼ ਨੂੰ ਸਵੀਕਾਰ ਨਾ ਕਰਦਿਆਂ ਹੋਇਆ ਇੱਕ ਬੋਰਡ ਵੱਲ ਇਸ਼ਾਰਾ ਕੀਤਾ ਜਾਂਦਾ ਹੈ। ਇਸ ਬੋਰਡ ਉੱਤੇ ਲਿਖਿਤ ਰੂਪ ਵਿੱਚ ਹਸਪਤਾਲ ਦੇ ਮੁਖੀ ਡਾ. ਛੀਨਾ ਵੱਲੋਂ ਬਖ਼ਸ਼ੀਸ਼ ਲੈਣ ਜਾਂ ਦੇਣ ਦੀ ਸਖ਼ਤ ਮਨਾਹੀ ਕੀਤੀ ਗਈ ਹੁੰਦੀ ਹੈ। ਉਸ ਪਲ ਤੋਂ ਪ੍ਰੋਫੈਸਰ ਸੁਖਵੰਤ ਦੇ ਮਨ ਵਿੱਚ ਡਾ. ਛੀਨਾ ਲਈ ਅਤਿਅੰਤ ਸਤਿਕਾਰ ਪੈਦਾ ਹੋ ਜਾਂਦਾ ਹੈ ਪਰੰਤੂ ਇਹ ਸਤਿਕਾਰ

ਜ਼ਿਆਦਾ ਦੇਰ ਬਣਿਆ ਨਹੀਂ ਰਹਿੰਦਾ। ਇਸਦੇ ਟੁੱਟਣ ਦੀ ਵਜ੍ਹਾ ਪ੍ਰੋਫੈਸਰ ਸੁਖਵੰਤ ਅਤੇ ਉਸਦੀ ਪਤਨੀ ਨੂੰ ਹਸਪਤਾਲ ਵਿੱਚ ਮਿਲਣ ਆਈ ਸ਼ਰਮਾ ਜੋੜੀ ਬਣਦੀ ਹੈ। ਇਹ ਸ਼ਰਮਾ ਜੋੜੀ ਵਿਆਹ ਦੇ ਕਈ ਵਰ੍ਹਿਆਂ ਬਾਅਦ ਵੀ ਨਿਰਸੰਤਾਨ ਸੀ। ਜਦ ਇਸ ਗੱਲ ਦਾ ਪਤਾ ਰਾਜਬੀਰ (ਪ੍ਰੋਫੈਸਰ ਸ਼ਰਮਾ ਦੀ ਪਤਨੀ) ਦੀ ਦੇਖ-ਰੇਖ ਲਈ ਰੱਖੀ ਗਈ ਬੀਬੀ ਸੋਭਾ ਨੂੰ ਲੱਗਦਾ ਹੈ ਤਾਂ ਉਹ ਸ਼ਰਮਾ ਜੋੜੀ ਨੂੰ ਹਸਪਤਾਲ ਵਿਚੋਂ ਹੀ ਬੱਚਾ ਗੋਦ ਲੈਣ ਦੀ ਸਲਾਹ ਦਿੰਦੀ ਹੋਈ ਡਾ. ਛੀਨਾ ਨੂੰ ਮਿਲਣ ਲਈ ਆਖਦੀ ਹੈ। ਇਹ ਗੱਲ ਪ੍ਰੋਫੈਸਰ ਸੁਖਵੰਤ ਨੂੰ ਜਿੱਥੇ ਹੈਰਾਨ ਕਰਦੀ ਹੈ, ਉੱਥੇ ਸ਼ਰਮਾ ਜੋੜੀ ਵਿੱਚ ਇੱਕ ਉਮੀਦ ਦੀ ਕਿਰਨ ਪੈਦਾ ਕਰ ਦਿੰਦੀ ਹੈ। ਸ਼ਰਮਾ ਜੋੜੀ ਦੇ ਜ਼ੋਰ ਪਾਉਣ ਉੱਤੇ ਸੁਖਵੰਤ ਡਾ. ਛੀਨਾ ਨੂੰ ਮਿਲਣ ਲਈ ਚੱਲ ਪੈਂਦਾ ਹੈ। ਇਸ ਮੁਲਾਕਾਤ ਦੌਰਾਨ ਡਾ. ਛੀਨਾ ਅਤੇ ਉਸ ਵੱਲੋਂ ਚਲਾਏ ਜਾ ਰਹੇ ਹਸਪਤਾਲ ਦੀ ਕੋਝੀ ਹਕੀਕਤ ਹੌਲੀ-ਹੌਲੀ ਸੁਖਵੰਤ ਦੇ ਸਾਹਮਣੇ ਆਉਣ ਲੱਗਦੀ ਹੈ। ਡਾ. ਛੀਨਾ ਦੁਆਰਾ ਸ਼ਰਮਾ ਜੋੜੀ ਨਾਲ ਬੱਚਾ ਵੇਚਣ ਦੀ ਕੀਤੀ ਜਾ ਰਹੀ ਡੀਲ ਤੋਂ ਪ੍ਰੋਫੈਸਰ ਸੁਖਵੰਤ ਨੂੰ ਹਸਪਤਾਲ ਦੀ ਚਾਰਦੀਵਾਰੀ ਵਿੱਚ ਨਜਾਇਜ਼ ਢੰਗ ਨਾਲ ਚੱਲ ਰਹੇ ਬੱਚਿਆਂ ਦੇ ਵਪਾਰ ਦਾ ਪਤਾ ਚੱਲਦਾ ਹੈ। ਸੁਖਵੰਤ ਉਦੋਂ ਅੰਦਰ ਤੱਕ ਹਿੱਲ ਜਾਂਦਾ ਹੈ ਜਦ ਉਸਨੂੰ ਪਤਾ ਚੱਲਦਾ ਹੈ ਕਿ ਸ਼ਰਮਾ ਜੋੜੀ ਨੂੰ ਦਿੱਤਾ ਜਾਣ ਵਾਲਾ ਸ਼ਿਸ਼ੂ ਕੁਝ ਮਹੀਨਿਆਂ ਪਿੱਛੋਂ ਜ਼ਬਰ ਜਿਨਾਹ ਦਾ ਸ਼ਿਕਾਰ ਹੋਈ ਇੱਕ ਤੇਰ੍ਹਾਂ ਸਾਲ ਦੀ ਬੱਚੀ ਦੀ ਕੁੱਖੋਂ ਹੋਣ ਵਾਲਾ ਹੈ। ਇਸ ਤੇਰ੍ਹਾਂ ਸਾਲਾਂ ਦੀ ਬੱਚੀ ਨੂੰ ਉਸਦੇ ਅਨਪੜ੍ਹ ਪਿਉ ਵੱਲੋਂ ਪੇਟ ਦਰਦ ਦੀ ਸ਼ਿਕਾਇਤ ਕਰਕੇ ਹਸਪਤਾਲ ਵਿੱਚ ਦਾਖਲ ਕਰਵਾਇਆ ਜਾਂਦਾ ਹੈ। ਹਸਪਤਾਲ ਦੇ ਡਾਕਟਰ ਇਹ ਜਾਣ ਚੁੱਕੇ ਹੁੰਦੇ ਹਨ ਕਿ ਇਸ ਪੇਟ ਦਰਦ ਦੀ ਵਜ੍ਹਾ ਬੱਚੀ ਦਾ ਗਰਭਵਤੀ ਹੋਣਾ ਹੈ। ਉਹ ਇਸ ਸੱਚ ਤੋਂ ਵੀ ਭਲੀਭਾਂਤ ਵਾਕਫ਼ ਹੁੰਦੇ ਹਨ ਕਿ ਇਸ ਛੋਟੀ ਜਿਹੀ ਉਮਰੇ ਬੱਚੀ ਦਾ ਮਾਂ ਬਣਨਾ ਉਸ ਲਈ ਖ਼ਤਰੇ ਤੋਂ ਖ਼ਾਲੀ ਨਹੀਂ। ਪਰੰਤੂ ਇਸ ਸਭ ਦੇ ਬਾਵਜੂਦ ਬੱਚੀ ਦਾ ਸਹੀ ਇਲਾਜ ਅਥਵਾ ਗਰਭਪਾਤ ਕਰਨ ਦੀ ਬਜਾਏ ਹਸਪਤਾਲ ਦੇ ਮੁਖੀ ਦੇ ਇਸ਼ਾਰੇ ਉੱਤੇ ਦਿਨ ਲੰਘਾਏ ਜਾਂਦੇ ਹਨ। ਕਿਉਂਕਿ ਇਸ ਬੱਚੀ ਦੀ ਕੁੱਖ ਤੋਂ ਪੈਦਾ ਹੋਣ ਵਾਲੇ ਸ਼ਿਸ਼ੂ ਦਾ ਸੌਦਾ ਡਾ. ਛੀਨਾ ਅੱਸੀ ਹਜ਼ਾਰ ਵਿੱਚ ਕਰ ਚੁੱਕਾ ਹੈ। ਇਸ ਘਿਨੌਣੇ ਸੱਚ ਦਾ ਪਤਾ ਲੱਗਣ ਉੱਤੇ ਪ੍ਰੋਫੈਸਰ ਸੁਖਵੰਤ ਵਸੋਂ ਬਾਹਰ ਹੋ ਜਾਂਦਾ ਹੈ। ਉਹ ਸ਼ਰਮਾ ਜੋੜੀ ਨੂੰ ਬੱਚਾ ਲੈਣ ਤੋਂ ਮਨ੍ਹਾ ਕਰ ਅਤੇ ਡਾ.

ਛੀਨਾ ਦੇ ਸਾਹਮਣੇ ਖੜ੍ਹ ਉਸਨੂੰ ਦਲਾਲ ਆਖ ਆਪਣਾ ਵਿਰੋਧ ਜਤਾਉਂਦਾ ਹੈ। ਪ੍ਰੋਫੈਸਰ ਸੁਖਵੰਤ ਵੱਲੋਂ ਡਾ. ਛੀਨਾ ਦਾ ਵਿਰੋਧ ਕਹਾਣੀਕਾਰ ਦੀ ਮਨੁੱਖੀ ਕਦਰਾਂ-ਕੀਮਤਾਂ ਪ੍ਰਤੀ ਵਚਨਬੱਧਤਾ ਵਜੋਂ ਉੱਭਰਦਾ ਹੈ। ਕਹਾਣੀ ਦੀ ਉਪਰੋਕਤ ਪੜ੍ਹਤ ਤੋਂ ਕਹਾਣੀ ਦੇ ਸਿਰਲੇਖ ਦਾ ਅਰਥ ਘੇਰਾ ਵੀ ਸਪੱਸ਼ਟ ਹੋਣ ਲੱਗਦਾ ਹੈ। ਕਹਾਣੀ ਦਾ ਸਿਰਲੇਖ 'ਮਾਰਕੀਟ' ਮੌਜੂਦਾ ਪੂੰਜੀਵਾਦੀ ਪ੍ਰਬੰਧ ਦਾ ਸੱਭਿਆਚਾਰਕ ਰੂਪਾਂਤਰਨ ਦੇ ਮਾੜੇ ਆਰਥਿਕ ਪੱਖ ਤੋਂ ਤਤਸਮ ਹੋ ਨਿੱਬੜਦਾ ਹੈ, ਜਿਸ ਵਿੱਚ ਹਰ ਚੀਜ਼ ਵਿਕਾਊ ਹੈ। ਫੇਰ ਉਹ ਚਾਹੇ ਵਸਤ ਹੋਵੇ ਜਾਂ ਵਿਅਕਤੀ। ਇਹਨਾਂ ਨੂੰ ਮੰਡੀ ਦੀ ਕੀਮਤ ਅਦਾ ਕਰਕੇ ਖ੍ਰੀਦਿਆ ਜਾ ਸਕਦਾ ਹੈ। ਇਹ ਮੰਡੀ ਕਲਚਰ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਮਨੁੱਖੀ ਸੱਭਿਆਚਾਰਕ ਜੀਵਨ ਨੂੰ ਇਸ ਕਦਰ ਗੰਦਲਾ ਕਰ ਦਿੰਦਾ ਹੈ ਕਿ ਉਸ ਵਿਚੋਂ ਮਨੁੱਖੀ ਭਾਵਨਾਵਾਂ ਅਤੇ ਕਦਰਾਂ-ਕੀਮਤਾਂ ਹੀ ਮਨਫ਼ੀ ਹੋ ਜਾਂਦੀਆਂ ਹਨ। ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ *ਅੰਤਰਾ* ਪੁਸਤਕ ਦੀ ਕਹਾਣੀ 'ਮਾਰਕੀਟ' ਵਿੱਚਲੀ ਵਿਸ਼ੇਸ਼ ਟਿੱਪਣੀ ਇਸ ਸੱਚਾਈ ਨੂੰ ਸਪੱਸ਼ਟ ਕਰਦੀ ਹੈ। ਜਿਵੇਂ ਕਿ:

> ਡਾ. ਛੀਨਾ ਨੂੰ ਜਿਵੇਂ ਕੋਈ ਫ਼ਰਕ ਨਹੀਂ ਸੀ ਪੈਂਦਾ, ਉਸਨੇ ਉਵੇਂ ਕਾਰੋਬਾਰੀ ਲਹਿਜ਼ੇ 'ਚ ਕਿਹਾ, "ਦੇਖੋ ਜੀ, ਉਂਜ ਤਾਂ ਇਹ ਅਨਮੋਲ ਵਸਤਾਂ ਨੇ, ਇਹਨਾਂ ਦਾ ਮੁੱਲ ਤਾਂ ਕੋਈ ਹੁੰਦਾ ਨਹੀਂ, ਪਰ 'ਹਸਪਤਾਲ ਦੇ ਵਾਸਤੇ, ਤੁਹਾਡੇ ਕੋਲੋਂ 'ਫੀ-ਮੇਲ' ਦਾ ਲਗ ਭੱਗ ਪੰਜਾਹ ਹਜ਼ਾਰ ਤੇ 'ਮੇਲ' ਦਾ ਤਕਰੀਬਨ ਇੱਕ ਲੱਖ...।(99)

ਡਾ. ਛੀਨਾ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਆਪਣੇ ਕਾਰੋਬਾਰੀ ਹਿੱਤ ਲਈ ਔਲਾਦ ਸੰਬੰਧੀ ਲੋਕ-ਵਿਸ਼ਵਾਸਾਂ ਨੂੰ ਬਹੁਤ ਚਾਲਾਕੀ ਨਾਲ ਵਰਤਦਾ ਹੈ। ਅਜਿਹਾ ਕਰਕੇ ਉਹ ਸ਼ਰਮਾ ਜੋੜੀ ਦੀ ਬੱਚੇ ਦੀ ਇੱਛਾ ਨੂੰ ਹੋਰ ਉਤੇਜਿਤ ਕਰਦਾ ਹੈ ਅਤੇ ਮਨਚਾਹੀ ਕੀਮਤ ਲਗਾਉਂਦਾ ਹੈ। ਇੰਞ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਹਸਪਤਾਲ ਦਾ 'ਸੁਪਰ ਬਾਜ਼ਾਰ', ਡਾਕਟਰ ਦਾ 'ਦਲਾਲ' ਅਤੇ ਵਿਅਕਤੀ ਦੀ ਪਛਾਣ ਦਾ 'ਨੰਬਰਾਂ' ਵਿੱਚ ਪਰਿਵਰਤਿਤ ਹੋ ਜਾਣਾ, ਉੱਤਰ ਆਧੁਨਿਕ ਸਮਾਜ ਵਿੱਚ ਉੱਭਰ ਰਹੇ ਉਹਨਾਂ ਘਾਤਕ ਰੁਝਾਨਾਂ ਦੀ ਸੂਹ ਦਿੰਦਾ ਹੈ ਜੋ ਮਨੁੱਖ ਦੀ ਮਨੁੱਖ ਵਜੋਂ ਪਛਾਣ ਲਈ ਖਤਰਾ ਬਣ

ਚੁੱਕੇ ਹਨ।

ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਸੁਖਜੀਤ ਨੇ *ਅੰਤਰਾ* ਚੋਂ ਕਹਾਣੀ 'ਆਦਮਖ਼ੋਰ' ਦੇ ਵਿੱਚ ਵੀ ਬਹੁਤ ਵਧੀਆ ਢੰਗ ਨਾਲ ਬਿਆਨਕਾਰੀ ਕੀਤੀ ਹੈ। ਇਸ ਕਹਾਣੀ ਦੇ ਵਿੱਚ ਕਹਾਣੀਕਾਰ ਨੇ ਝੂਠੇ ਪਾਖੰਡੀ ਡੇਰਿਆਂ ਦੀ ਝਲਕ ਨੂੰ ਦਰਸਾਇਆ ਹੈ ਕਿ ਉਹ ਕਿਸ ਤਰੀਕੇ ਦੇ ਨਾਲ ਸਾਧਾਰਨ ਲੋਕਾਂ ਦੀਆਂ ਜ਼ਮੀਨਾਂ ਨੂੰ ਹੜੱਪ ਕੇ ਉਨ੍ਹਾਂ ਨੂੰ ਕੰਗਾਲ ਬਣਾ ਰਹੇ ਹਨ ਅਤੇ ਆਪਣੇ ਡੇਰਿਆਂ ਦਾ ਵਿਸਥਾਰ ਕਰ ਰਹੇ ਹਨ ਅਤੇ ਮੱਤ ਮਾਰੇ ਹੋਏ ਲੋਕ ਇਨ੍ਹਾਂ ਪਖੰਡੀਆਂ ਦੇ ਪਿੱਛੇ ਲੱਗ ਕੇ ਆਪਣੇ ਪਰਿਵਾਰ ਨੂੰ ਤੋੜਦੇ ਹਨ ਅਤੇ ਪਰਿਵਾਰ ਨੂੰ ਕੰਗਾਲ ਬਣਾ ਰਹੇ ਹਨ ਤੇ ਸਾਰੀ ਦੀ ਸਾਰੀ ਭੋਇ ਡੇਰਿਆਂ ਦੇ ਨਾਮ ਲਗਵਾ ਕੇ ਆਪਣੀ ਆਪਣੇ ਜੀਵਨ ਦਾ ਮਨੋਰਥ ਸਫਲ ਹੋਇਆ ਮੰਨਦੇ ਹਨ।ਕਹਾਣੀ ਵਿੱਚ ਬੀਬਾ ਪਾਤਰ ਜਿਸ ਦੀ ਮਾਂ ਨੇ ਪਹਿਲਾਂ ਉਸ ਦੇ ਪਿਓ ਨੂੰ ਖਾ ਲਿਆ ਅਤੇ ਬਾਅਦ 'ਚ ਉਸ ਦੀ ਛੇ ਕਿੱਲਿਆਂ ਦੀ ਸਾਰੀ ਦੀ ਸਾਰੀ ਭੋਇ ਡੇਰਾ ਬਣਾਉਣ ਦੇ ਲਈ ਮੱਥਾ ਟੇਕ ਦਿੱਤੀ। ਬਾਅਦ ਵਿੱਚ ਬੀਬੇ ਦੀ ਬੇਬੇ ਨੂੰ ਛੱਡ, ਆਪਣੀ ਧੀ ਨਾਲ ਡੇਰੇ ਆ ਜਾਂਦੀ ਹੈ ਅਤੇ ਇੱਥੇ ਹੀ ਰਹਿਣ ਲੱਗ ਜਾਂਦੀ ਹੈ। ਜ਼ਮੀਨ ਦੇਣ ਬਾਅਦ ਬੀਬੀ ਦੀ ਵਾਹ-ਵਾਹ ਵਜੋਂ ਸਾਰੇ ਉਸ ਨੂੰ ਬੀਬੀ ਭਗਤਣੀ ਦੇ ਨਾਂ ਨਾਲ ਬੁਲਾਉਂਦੇ ਹਨ। ਜ਼ਮੀਨ ਵਿਹੂਣਾ ਬੀਬਾ ਦਰ ਦਰ ਦੀਆਂ ਠੋਕਰਾਂ ਖਾਂਦਾ ਹੈ ਅਤੇ ਅੱਕਿਆ ਹੋਇਆ ਬੀਬੀ ਨੂੰ ਬੰਦੇ ਖਾਣੀ ਬੀਬੀ ਆਖਦਾ ਹੈ ਤੇ ਪਿੰਡ ਦੇ ਵਿੱਚ ਥਾਂ ਥਾਂ ਕੰਧਾਂ ਉੱਤੇ 'ਤੇ ਇਹੀ ਲਿਖਦਾ ਹੈ।

> ਜਦੋਂ ਆਈ ਇਹ, ਇਹ ਸਾਰਾ ਟੱਬਰ ਖੱਖੜੀਆਂ ਖ਼ਰਬੂਜੇ ਕਰ ਦਿੱਤਾ। ਨਾ ਬਣੀ ਇਹਦੀ ਸੱਸ ਸਹੁਰ ਨਾਲ, ਨਾ ਦਰਾਣੀਆਂ ਜਠਾਣੀਆਂ ਨਾਲ ਬਣਦੀ ਤੇ ਤਾਂ ਜੇ ਇਹਨੂੰ ਮਨ ਆਈਆਂ ਕਰਨ ਦਿੰਦੇ। ਬੱਸ, ਦੇ ਦੇ ਤੁੱਖਣਾ ਪੱਟ ਲਿਆਈ ਮੇਰਾ ਵੀਰ। ਉੱਥੇ ਆਪਣਾ ਹਿੱਸਾ ਵੇਚ ਇੱਥ ਆ ਖਰੀਦੀ ਬੰਜਰ, ਅਖੇ ਬਹੁਤੀ ਬਨਾਉਣੀ ਆਂ। ਇਹ ਇੱਕ ਲਾਉਂਦੀ ਇੱਕ ਪਾਉਂਦੀ, ਬਣ ਫੱਬ ਕੇ ਮਨ ਆਈਆਂ ਕਰਦੀ।(36) ਭੀੜ ਉਸ ਬੰਦੇ ਦੀ ਝਲਕ ਵਖਣ ਲਈ ਪੱਬਾ ਭਾਰ ਹੋ ਰਹੀ ਹੈ, ਜਿਸ ਬੰਦੇ ਨੇ ਪਿਛਲੀਆਂ ਕਿੰਨੀਆਂ ਹੀ ਰਾਤਾਂ ਤੋਂ ਪਿੰਡ ਦੀ ਨੀਂਦ ਹਰਾਮ ਕੀਤੀ ਹੋਈ ਹੈ। ਬੀਬੀ ਭਗਤਣੀ ਨ

ਕਿੱਡੀ ਕੁਰਬਾਨੀ ਕੀਤੀ ਏ, ਆਪਣੀ ਸਾਰੀ ਦੀ ਸਾਰੀ ਛੇ ਕਿੱਲ ਭੋਇੰ ਮੱਥਾ ਟੇਕ ਦਿਤੀ ਏ ਸੰਤਾਂ ਨੂੰ ਡੇਰਾ ਬਨਾਉਣ ਲਈ ਉਹ ਆਪ ਵੀ ਸੰਤਾਂ ਦੀ ਸੇਵਾ ਕਰਨ ਲਈ ਦੁਨੀਆਂ ਦਾ ਮੋਹ ਤਿਆਗ, ਡੇਰੇ ਆਣ ਕੇ ਬਹਿ ਗਈ ਏ, ਆਪਣੀ ਜੁਆਨ ਧੀ ਨਾਲ। ਸਾਰੇ ਇਲਾਕੇ ਚ ਬੀਬੀ ਭਗਤਣੀ ਦੀ ਜੈ ਜੈ ਕਾਰ ਹੋ ਰਹੀ ਹੈ ਤੇ ਇਹ ਬੰਦਾ ਪਿੰਡ ਦੀਆਂ ਕੰਧਾਂ ਤੇ ਰੋਜ਼ ਈ ਲਿਖ ਜਾਂਦੇ. "ਬੀਬੀ ਭਗਤਣੀ ਬੰਦੇ ਖਾਣੀ ਏ'। (30)

ਸੋ ਇਸ ਤਰ੍ਹਾਂ ਕਹਾਣੀ ਦੇ ਵਿੱਚ ਸੌਖਾ ਤੇ ਸਾਦਾ ਜੀਵਨ ਬਤੀਤ ਕਰਨ ਵਾਲੀ ਸਧਾਰਨ ਲੋਕਾਈ ਦਾ ਆਰਥਿਕ ਤੌਰ ਤੇ ਲੱਕ ਟੁੱਟਦਾ ਹੋਇਆ ਨਜ਼ਰ ਆ ਰਿਹਾ ਹੈ ਅਤੇ ਪਹਿਲਾਂ ਤੋਂ ਹੀ ਆਲੀਸ਼ਾਨ ਮਹਿਲਾਂ ਦੇ ਵਿੱਚ ਰਹਿੰਦੇ ਭੇਖੀ ਪਾਖੰਡੀ ਸਾਧੂਆਂ ਦਾ ਮਹਿਲ ਹੋਰ ਵੀ ਉੱਚਾ ਉੱਸਰਦਾ ਨਜ਼ਰ ਆ ਰਿਹਾ ਹੈ।

ਸੁਖਜੀਤ ਦੀ 'ਪਾਤਸ਼ਾਹ' ਕਹਾਣੀ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਮੋਹ ਮਾਇਆ ਦੀ ਭੁੱਖ, ਭ੍ਰਿਸ਼ਟਾਚਾਰ ਨੀਤੀ, ਪਾਖੰਡਵਾਦੀ ਦ੍ਰਿਸ਼ਟੀ ਤੋਂ ਉਭਾਰਦੀ ਹੋਈ ਗੰਦੇ, ਮਾੜੇ ਕੰਮਾਂ ਤੋਂ ਜਾਣੂ ਕਰਵਾਉਂਦੀ ਹੈ। ਕਹਾਣੀ ਵਿੱਚ ਪਾਤਸ਼ਾਹ ਨਾਲ ਸੰਭਾਵਿਤ ਮਿਲਣੀ ਤੋਂ ਅਸਹਿਜ ਮਹਿਸੂਸ ਕਰ ਰਹੇ ਅਜੈਬ ਸਿੰਘ ਨੂੰ ਜਦ ਇਹ ਪਤਾ ਚੱਲਦਾ ਹੈ ਕਿ ਉਸਨੂੰ ਜਿਸ ਆਲੀਸ਼ਾਨ ਕੋਠੀ ਵਿੱਚ ਲਿਆਇਆ ਗਿਆ ਹੈ, ਉਹ ਪਾਤਸ਼ਾਹ ਦੀ ਨਹੀਂ ਬਲਕਿ ਡੇਰੇ ਦੇ ਪ੍ਰਬੰਧਕ ਬਾਬਾ ਦਿਆ ਸਿੰਘ ਜੀ ਹੈ ਤਾਂ ਉਹ ਕੁਝ ਪਲ ਲਈ ਰਾਹਤ ਮਹਿਸੂਸ ਕਰਦਾ ਹੈ। ਬਾਬਾ ਦਿਆ ਸਿੰਘ ਨਾਲ ਅਜੈਬ ਸਿੰਘ ਦੀ ਮਿਲਣੀ ਸਮੇਂ ਪ੍ਰਭਾਵ ਨਿਰਮਾਣ ਦੀਆਂ ਦੋ ਹੋਰ ਮਹੱਤਵਪੂਰਨ ਜੁਗਤਾਂ ਦਾ ਪਤਾ ਚਲਦਾ ਹੈ। ਇਹ ਜੁਗਤਾਂ ਹਨ : ਸ਼ਹਿਦ ਨਾਲੋਂ ਮਿੱਠਾ ਲਹਿਜ਼ਾ ਅਤੇ ਡੇਰੇ ਦੇ ਅੰਦਰਲਾ ਬਾਹਰਲਾ-ਵਾਤਾਵਰਣ। ਸੁਖਜੀਤ, *ਹੁਣ ਮੈਂ ਇੰਜੁਆਏ ਕਰਦੀ ਆਂ* ਦੀ ਕਹਾਣੀ 'ਪਾਤਸ਼ਾਹ' ਵਿੱਚ ਅਜੈਬ ਸਿੰਘ ਬਾਬਾ ਦਇਆ ਸਿੰਘ ਨੂੰ ਜਿਸ ਕਮਰੇ 'ਚ ਮਿਲ ਰਿਹਾ ਹੈ, ਉਸ ਕਮਰੇ ਦੀ ਦਿੱਖ ਵਿਚੋਂ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਦੰਭੀ, ਪਾਖੰਡੀ ਤੇ ਮੋਹ ਮਾਇਆ ਦੇ ਲਾਲਚ ਫਸੇ ਹੋਏ ਮਨੁੱਖ ਦੇ ਪਰਿਵਰਤਿਤ ਰੂਪ ਨੂੰ ਉਭਾਰਿਆ ਗਿਆ ਹੈ, ਜਿਸ ਵਿਚੋਂ ਧਰਮ ਦੇ ਨਾਮ ਉੱਪਰ ਕੀਤੀ ਜਾਂਦੀ ਲੁੱਟ-ਖਸੁੱਟ ਦੀ ਬਦਬੂ, ਨਿੱਜਵਾਦ, ਪਾਖੰਡਵਾਦ ਦੇ ਮਾੜੇ ਪੱਖ ਦਾ ਪਰਿਵਰਤਨ ਹੋਇਆ ਰੂਪ

ਸਪੱਸ਼ਟ ਦਿਖਾਈ ਦਿੰਦਾ ਹੈ। ਜਿਵੇਂ ਕਿ:

> ਸਾਰਾ ਕਮਰਾ ਵਿਦੇਸ਼ੀ ਚੀਜਾਂ ਨਾਲ ਭਰਿਆ ਪਿਆ ਸੀ, ਰੰਗਦਾਰ ਟੀ.ਵੀ. ਤੋਂ ਲੈ ਕੇ ਟਾਰਚ ਤੱਕ, ਹੈਂਗਰਾਂ ਤੇ ਟੰਗੇ ਰੇਸ਼ਮੀ ਚੋਲਿਆਂ ਤੋਂ ਲੈ ਕੇ ਬੂਹੇ-ਬਾਰੀਆਂ ਦੇ ਪਰਦਿਆਂ ਤਕ, ਸਭ ਕੁਝ ਵਿਦੇਸ਼ੀ ਸੀ। ਬਾਹਰ ਦੀ ਗਰਮੀ ਦੇ ਸਾੜੇ ਪਿੰਡੇ ਨੂੰ ਏ.ਸੀ. ਦੀ ਠੰਢਕ ਸਹਿਲਾ ਰਹੀ ਸੀ। ਫਰਿੱਜ ਦੇ ਠੰਡੇ ਦੁੱਧ ਨੇ ਉਹਦੇ ਅੰਦਰ ਠੰਢ ਵਰਤਾ ਦਿੱਤੀ ਸੀ। ਬਾਬਾ ਦਿਆ ਸਿੰਘ ਦੇ ਨਰਮ ਬੋਲਾਂ ਅਤੇ ਕਮਰੇ ਅੰਦਰਲੇ ਵਾਤਾਵਰਨ ਨੇ ਅਜੈਬ ਸਿੰਘ ਉੱਤੇ ਸੁੱਖ ਅਤੇ ਆਨੰਦ ਦੀ ਚਾਦਰ ਜਿਹੀ ਤਾਣ ਦਿੱਤੀ ਸੀ, ਬੇਹੋਸ਼ੀ ਵਰਗੀ। ਜਿਸਨੇ ਉਸਨੂੰ ਬਹੁਤ ਕੁਝ ਭੁਲਾ ਦਿੱਤਾ ਸੀ। ਉਹ ਇੰਨਾ ਮੋਹਿਆ ਗਿਆ ਸੀ ਜੇ ਇਹ ਹਾਲਤ ਵਿੱਚ ਬਾਬਾ ਦਿਆ ਸਿੰਘ ਉਸਨੂੰ ਜ਼ਮੀਨ ਦਾ ਅਤੇ ਬਾਪੂ ਦਾ ਖਿਆਲ ਛੱਡਣ ਲਈ ਆਖਦਾ ਤਾਂ ਉਹ ਝੱਟ ਹਾਂ ਕਰ ਦਿੰਦਾ। ਸ਼ਾਇਦ ਉਸਦੇ ਬਾਪੂ ਨਾਲ ਵੀ ਇੰਝ ਹੀ ਹੋਇਆ ਸੀ। ਇਸ ਕਮਰੇ ਦੇ ਵਾਤਾਵਰਨ ਨੇ ਉਨ੍ਹਾਂ ਵਰਗੇ ਕਿੰਨਿਆਂ ਨੂੰ ਲੁੱਟਿਆ ਤੇ ਠੱਗਿਆ ਸੀ।(101)

ਇਸ ਤਰ੍ਹਾਂ ਮਹੱਲ ਵਰਗੀ ਕੁਟੀਆ ਦੇ ਅੰਦਰਲਾ ਵਾਤਾਵਰਣ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਡੇਰੇ ਦੇ ਇੱਕ ਹੋਰ ਕੁਹਜ ਨੂੰ ਉਘਾੜ ਰਿਹਾ ਹੈ। ਡੇਰੇ ਦੁਆਰਾ ਆਲੇ-ਭੋਲੇ ਲੋਕਾਂ ਨੂੰ ਜਿਸ ਮਾਇਆ ਦਾ ਸਾਥ ਛੱਡ ਪਾਤਸ਼ਾਹ ਦੇ ਲੜ੍ਹ ਲੱਗਣ ਦੇ ਪ੍ਰਵਚਨ ਕੀਤੇ ਜਾਂਦੇ ਹਨ, ਉਹ ਨਿੱਕੇ-ਬਾਦਸ਼ਾਹ ਵਰਗਾ ਜੀਵਨ ਜੀਅ ਰਹੇ ਹਨ। ਅਜੈਬ ਸਿੰਘ ਉੱਤੇ ਬਾਬਾ ਦਿਆ ਸਿੰਘ ਦੇ ਮਿੱਠੜੇ ਬੋਲਾਂ ਅਤੇ ਡੇਰੇ ਦੇ ਅੰਦਰਲੇ ਵਾਤਾਵਰਣ ਪ੍ਰਤੀ ਇਹ ਭਰਮ ਪਰਿਵਰਤਨ ਵਜੋਂ ਉਸ ਵੇਲੇ ਜਲਦੀ ਟੁੱਟਦਾ ਹੈ, ਜਦ ਉਸਨੂੰ ਸੋਚੀ-ਸਮਝੀ ਸਾਜ਼ਿਸ਼ ਤਹਿਤ ਕੁੱਟਮਾਰ ਕਰਕੇ ਸੰਗਲ ਨਾਲ ਨੂੜਿਆ ਜਾਂਦਾ ਹੈ। ਇਸ ਸਭ ਘਟਨਾਕ੍ਰਮ ਦਾ ਅਸਲ ਮਨੋਰਥ ਅਜੈਬ ਸਿੰਘ ਨੂੰ ਉਸਦੇ ਬਾਪੂ ਨਾਲ ਨਾ ਮਿਲਣ ਦੇ ਕੇ ਉਸਦੀ ਜ਼ਮੀਨ ਹਥਿਆਉਣਾ ਸੀ। ਜਿਵੇਂ ਕਿ:

> ਜਿਸ ਜ਼ਮੀਨ ਦੀ ਵੱਟ ਛਾਂਗਣ ਤੋਂ ਬਾਪੂ ਵੀਹ ਵਾਰੀ ਸ਼ਰੀਕਾਂ ਨਾਲ ਲੜਿਆ ਸੀ। ਉਸਨੇ ਤਾਂ ਆਪਣੀਆਂ ਤਿੰਨੇ ਧੀਆਂ ਇਸ ਲਈ ਲੋੜਕੂ ਘਰਾਂ 'ਚ ਵਿਆਹੀਆਂ ਸਨ ਕਿ ਲੈਣ ਦੇਣ ਦੇ ਝਮੇਲੇ 'ਚ ਕਿਤੇ ਜ਼ਮੀਨ ਦਾ ਓਰਾ ਨਾ ਰੱਖਣਾ ਪੈ ਜਾਵੇ। ਹੁਣ ਉਹੀ ਜ਼ਮੀਨ ਬਾਪੂ ਨੇ ਡੇਰੇ ਨੂੰ ਮੱਥਾ ਟੇਕ ਦਿੱਤੀ

ਸੀ, ਸਾਰੀ ਦੀ ਸਾਰੀ, ਅੱਠ ਦੇ ਅੱਠ ਕਿੱਲੇ, ਸੋਚ ਕੇ ਅੰਦਰੋਂ ਲਾਟ ਨਿਕਲਦੀ ਸੀ ਅਜੈਬ ਸਿੰਘ ਦੇ।(97)

ਪਾਤਰ ਅਜੈਬ ਸਿੰਘ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਡੇਰੇ ਦੇ ਇਹਨਾਂ ਘਟੀਆ ਮਨਸੂਬਿਆਂ ਦਾ ਪਤਾ ਕੁਟੀਆ ਵਿੱਚ ਮਿਲੇ ਆਪਣੇ ਵਿਦਿਆਰਥੀ ਸੁਖਵਿੰਦਰ ਤੋਂ ਲੱਗਦਾ ਹੈ। ਅਜੈਬ ਸਿੰਘ ਨੂੰ ਉਸ ਨਾਲ ਵਾਪਰ ਚੁੱਕੇ ਘਟਨਾਕ੍ਰਮ ਬਾਰੇ ਦੱਸ ਰਹੇ ਸੁਖਵਿੰਦਰ ਦੀਆਂ ਗੱਲਾਂ ਤੋਂ ਡੇਰਾ ਤੰਤਰ ਦੀਆਂ ਪਲੀਤ ਪਰਤਾਂ ਇੱਕ-ਇੱਕ ਕਰਕੇ ਖੁੱਲ੍ਹਣ ਲੱਗਦੀਆਂ ਹਨ। ਸੁਖਵਿੰਦਰ ਦੀ ਪੰਜ ਕਿੱਲੇ ਜ਼ਮੀਨ ਵੀ ਡੇਰਾ ਹਥਿਆ ਚੁੱਕਾ ਸੀ। ਸੁਖਵਿੰਦਰ ਦਾ ਛੋਟਾ ਵੀਰ ਹੁਣ ਡੇਰੇ ਵਿੱਚ ਖੇਤੀ ਅਤੇ ਮਾਂ ਲੰਗਰ ਵਿੱਚ ਸੇਵਾ ਇਸ ਆਸ ਨਾਲ ਕਰਦੇ ਸਨ ਕਿ ਸ਼ਾਇਦ ਪਾਤਸ਼ਾਹ ਮਿਹਰ ਕਰ ਦੇਵੇ। ਸੁਖਵਿੰਦਰ ਹੁਣ ਖੁਦ ਮਜਬੂਰਨ ਪ੍ਰੈੱਸ ਵਿੱਚ ਡੇਰੇ ਦੀ ਝੂਠੀ ਮਹਿਮਾ ਦਾ ਪ੍ਰਚਾਰ ਕਰਨ ਦਾ ਕੰਮ ਕਰਦਾ। ਡੇਰੇ ਵਿੱਚ ਨੇਤਾਵਾਂ ਦੇ ਆਉਣ ਜਾਣ ਅਤੇ ਪਾਤਸ਼ਾਹ ਨਾਲ ਉਹਨਾਂ ਦੇ ਗੂੜ੍ਹੇ ਸੰਬੰਧ ਨੇ ਸਰਕਾਰੇ-ਦਰਬਾਰੇ ਸੁਣੀ ਜਾਣ ਦੀ ਆਸ ਉੱਤੇ ਵੀ ਪਾਣੀ ਫੇਰ ਦਿੱਤਾ। ਸੁਖਵਿੰਦਰ ਹੁਣ ਜਾਣ ਚੁੱਕਾ ਸੀ ਕਿ ਡੇਰੇ ਦੀ ਦੁਨੀਆ ਇਹਨਾਂ ਦੇ ਆਪਸੀ ਸੰਬੰਧ ਕਰਕੇ ਹੀ ਫੈਲਦੀ, ਫੁੱਲਦੀ ਤੇ ਬਰਕਰਾਰ ਰਹਿੰਦੀ ਹੈ। ਉਸ ਮੂੰਹੋਂ ਸੁਣੀਆਂ ਗੱਲਾਂ ਨੇ ਅਜੈਬ ਸਿੰਘ ਨੂੰ ਧੁਰ ਅੰਦਰ ਤੱਕ ਹਿਲਾ ਦਿੱਤਾ। ਇੱਕ-ਇੱਕ ਕਰਕੇ ਸੱਚ ਅਜੈਬ ਸਿੰਘ ਸਾਹਮਣੇ ਖੁੱਲ੍ਹਣ ਲੱਗਾ ਕਿ ਕਿਵੇਂ ਉਸਦੇ ਬਾਪੂ ਦਾ ਡੇਰੇ ਨੂੰ ਜ਼ਮੀਨ ਮੱਥਾ ਟੇਕਣ ਲਈ ਮੰਨ ਜਾਣਾ, ਪਰੰਤੂ ਫੇਰ ਆਪਣੇ ਪੁੱਤਰ ਅਜੈਬ ਸਿੰਘ ਨੂੰ ਮਿਲਣ ਲਈ ਅੜ ਜਾਣਾ, ਬਾਪੂ ਵੱਲੋਂ ਅਜੈਬ ਸਿੰਘ ਨੂੰ ਭੇਜੇ ਸੁਨੇਹੇ, ਉਹਨਾਂ ਸੁਨੇਹਿਆਂ ਨੂੰ ਡੇਰੇ ਅੰਦਰ ਹੀ ਦਬਾ ਦਿੱਤਾ ਜਾਣਾ, ਬਾਪੂ ਨੂੰ ਸੁਨੇਹਿਆਂ ਬਦਲੇ ਝੂਠੇ ਜਵਾਬ ਘੜ੍ਹ ਕੇ ਸੁਣਾ ਦਿੱਤੇ ਜਾਣਾ, ਰਜਿਸਟਰੀ ਹੋਣ ਤਕ ਅਜੈਬ ਸਿੰਘ ਨੂੰ ਬੰਦੀ ਬਣਾ ਕੇ ਰੱਖਣਾ ਤੇ ਬਿਨਾਂ ਕਿਸੇ ਵਿਰੋਧ ਦੇ ਜ਼ਮੀਨ ਨੂੰ ਡੇਰੇ ਦੇ ਨਾਂ ਲਾਉਣਾ ਸੀ। ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਇਹਨਾਂ ਸਭ ਘਟਨਾਵਾਂ ਦਾ ਮਨੋਰਥ ਪਰਿਵਰਤਨ ਰੂਪ ਨੂੰ ਉਭਾਰਨਾ ਹੈ। ਪ੍ਰਸਿੱਧ ਅਮਰੀਕੀ ਮਨੋਵਿਗਿਆਨੀ ਵਿਲੀਅਮ ਜੇਮਜ਼ ਨੇ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖਾਂ ਵੱਲ ਸੰਕੇਤ ਕਰਦਿਆਂ ਪ੍ਰਿੰਸੀਪਲ ਆਫ਼ ਸਾਈਕਾਲੋਜੀ 'ਚ ਇਹ ਵਿਚਾਰ ਪ੍ਰਸਤੁਤ ਕੀਤੇ ਹਨ ਕਿ:

ਵਿਸਤ੍ਰਿਤ ਅਰਥ ਵਿੱਚ ਵਿਅਕਤੀ ਦਾ 'ਆਤਮ' ਜੋ ਕੁਝ ਵੀ ਉਸਦਾ ਹੈ ਅਤੇ ਜੋ ਕੁਝ ਵੀ ਉਹ ਆਪਣਾ ਦੱਸਦਾ ਹੈ, ਉਸਦਾ ਸਰੀਰ ਅਤੇ ਮਾਨਸਿਕ ਸ਼ਕਤੀਆਂ ਹੀ ਨਹੀਂ ਬਲਕਿ ਉਸਦੇ ਕੱਪੜੇ, ਮਕਾਨ, ਉਸਦੀ ਪਤਨੀ ਅਤੇ ਬੱਚੇ, ਉਸਦੇ ਪੁਰਖੇ ਅਤੇ ਦੋਸਤ, ਉਸਦੀ ਪ੍ਰਸਿੱਧੀ ਅਤੇ ਸਫਲਤਾਵਾਂ, ਉਸਦੀ ਜ਼ਮੀਨ ਅਤੇ ਘੋੜੇ, ਕਿਸ਼ਤ ਅਤੇ ਬੈਂਕ ਦਾ ਹਿਸਾਬ ਇਸ ਸਭ ਦਾ ਕੁੱਲ ਜੋੜ ਹੈ। ਇਹਨਾਂ ਸਭ ਚੀਜ਼ਾਂ ਨਾਲ ਉਸ ਵਿੱਚ ਸਮਾਨ ਸੰਵੇਗ ਪੈਦਾ ਹੁੰਦੇ ਹਨ। ਜੇਕਰ ਇਹਨਾਂ ਚੀਜ਼ਾਂ ਵਿੱਚ ਵਾਧਾ ਹੁੰਦਾ ਹੈ ਤਾਂ ਉਹ ਜੇਤੂ ਅਨੁਭਵ ਕਰਦਾ ਹੈ ਅਤੇ ਜੇਕਰ ਇਹਨਾਂ ਚੀਜ਼ਾਂ ਵਿੱਚ ਕਮੀ ਆਉਂਦੀ ਹੈ ਜਾਂ ਇਹ ਖ਼ਤਮ ਹੁੰਦੀਆਂ ਹਨ ਤਾਂ ਉਹ ਉਦਾਸ ਹੋ ਜਾਂਦਾ ਹੈ।(291)

ਇਸ ਤਰ੍ਹਾਂ ਸੁਖਜੀਤ ਦੀਆਂ ਕਹਾਣੀਆਂ ਵਿੱਚ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਪਰਿਵਰਤਨ ਦੁਆਰਾ ਚੰਗੇ ਤੇ ਮਾੜੇ ਪੱਖਾਂ ਨੂੰ ਅੰਤਰਮੁਖਤਾ ਦੇ ਨਾਲ-ਨਾਲ ਬਾਹਰਮੁਖਤਾ ਸਥਿਤੀਆਂ-ਪ੍ਰਸਥਿਤੀਆਂ ਦੇ ਸੰਕਟ ਤੇ ਮਨੁੱਖੀ ਹੋਣੀ ਦਾ ਹਿੱਸਾ ਬਣਾ ਕੇ ਪੇਸ਼ ਕਰਨਾ ਹੈ। ਸੰਖੇਪ ਤੌਰ ਤੇ ਇਹ ਕਹਿ ਸਕਦੇ ਹਾਂ ਕਿ ਸੁਖਜੀਤ ਦੀਆਂ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਪਰਿਵਰਤਨ ਦੁਆਰਾ ਜਿੱਥੇ ਮਹੀਨ ਪਰਤਾਂ ਨੂੰ ਫਰੋਲ ਕੇ ਖੋਲਦੀਆਂ ਹਨ, ਉੱਥੇ ਮਨੁੱਖੀ ਜੀਵਨ ਦੀਆਂ ਬਹੁਤ ਸਾਰੀਆਂ ਅਮੂਰਤਨ ਪਰਤਾਂ ਨੂੰ ਭਾਵੁਕ ਪੱਧਰ ਤੋਂ ਵੱਖ ਕਰਕੇ ਵੀ ਪੇਸ਼ ਕਰਦੀਆਂ ਹਨ।

2.4. **ਧਾਰਮਿਕ ਪੱਖ:** ਧਾਰਮਿਕ ਪੱਖ ਸੱਭਿਆਚਾਰ ਦਾ ਇੱਕ ਅਟੁੱਟ ਅੰਗ ਹੈ। ਸਿਧਾਂਤਕ ਰੂਪ ਵਿੱਚ ਧਾਰਮਿਕ ਪੱਖ ਦੀ ਉਤਪਤੀ ਮਨੁੱਖੀ ਡਰ ਵਿਚੋਂ ਪੈਦਾ ਹੋਈ ਪਰੰਤੂ ਵਿਹਾਰਕ ਪੱਧਰ "ਤੇ ਮਨੁੱਖੀ ਵਿਕਾਸ ਦੇ ਵੱਖ-ਵੱਖ ਸਮਿਆਂ ਦੌਰਾਨ ਮਨੁੱਖ ਨੇ ਧਰਮ ਨੂੰ ਨਿੱਜੀ ਮੁਫ਼ਾਦ ਪੂਰੇ ਕਰਨ ਲਈ ਸ਼ਕਤੀ ਵਜੋਂ ਵਰਤਣਾ ਸ਼ੁਰੂ ਕਰ ਲਿਆ। ਜਨਮ ਦੌਰਾਨ ਹੀ ਧਾਰਮਿਕ ਪੱਖ ਦਾ ਗਲੇਫ਼ ਮਨੁੱਖੀ ਮਾਨਸਿਕਤਾ ਨੂੰ ਵਲਗਣ ਅੰਦਰ ਲੈਣਾ ਸ਼ੁਰੂ ਕਰ ਦਿੰਦਾ ਹੈ। ਧਾਰਮਿਕ ਪੱਖ ਦੀ ਜੜ੍ਹਤਾ ਇੰਨੀ ਪੱਕੀ ਅਤੇ ਪੀਡੀ ਹੁੰਦੀ ਹੈ ਕਿ ਬੌਧਿਕ ਸਮਰੱਥਾ ਅਤੇ ਵਿਗਿਆਨਕ ਨਜ਼ਰੀਆ ਰੱਖਣ ਵਾਲੇ ਵਿਅਕਤੀ ਲਈ ਵੀ ਧਾਰਮਿਕ ਪੱਖ ਤੋਂ ਮੁਨਕਰ ਹੋਣਾ ਸੰਭਵ ਨਹੀਂ ਹੁੰਦਾ। ਜੇਕਰ ਕੋਈ ਵਿਗਿਆਨਕ ਨਜ਼ਰੀਆ ਰੂੜ੍ਹ ਹੋ ਚੁੱਕੀਆਂ ਧਾਰਨਾਵਾਂ ਦੀ ਨਿਖੇਧੀ ਕਰਦਾ ਹੈ ਤਾਂ ਸੱਤਾ

"ਤੇ ਕਾਬਜ਼ ਧਿਰ ਇਸ ਨੂੰ ਲਾਗੂ ਨਹੀਂ ਹੋਣ ਦਿੰਦੀ। ਹਾਕਮ ਧਿਰ ਧਾਰਮਿਕ ਪੱਖ ਨੂੰ ਮੋਹਰੇ ਦੇ ਰੂਪ ਵਿੱਚ ਵਰਤਦੀ ਹੈ ਅਤੇ ਉਨ੍ਹਾਂ ਦਾ ਇਹ ਮਕਸਦ ਸਿਆਸੀ ਤਾਕਤ ਦੀ ਪ੍ਰਾਪਤੀ ਅਤੇ ਕਮਾਈ ਦੇ ਸਾਧਨ ਵਜੋਂ ਪ੍ਰਮੁੱਖ ਹੁੰਦਾ ਹੈ। ਇਸ ਤਰ੍ਹਾਂ ਧਾਰਮਿਕ ਪੱਖ ਉਪਰ ਰਾਜਸੀ ਮਾਨਸਿਕਤਾ ਭਾਰੂ ਹੁੰਦੀ ਹੈ। ਧਰਮ ਬਾਰੇ ਡਾ ਜਸਵਿੰਦਰ ਸਿੰਘ ਆਪਣੀ ਪੁਸਤਕ *ਪੰਜਾਬੀ ਸੱਭਿਆਚਾਰ: ਪਛਾਣ ਚਿੰਨ੍ਹ* 'ਚ ਲਿਖਦੇ ਨੇ:

> ਆਦਿ-ਕਾਲੀਨ ਇਤਿਹਾਸ ਤੋਂ ਲੈ ਕੇ ਹੁਣ ਤੱਕ ਧਰਮ ਮਨੁੱਖੀ ਅਮਲ, ਵਿਵਹਾਰ, ਉਦੇ, ਪ੍ਰਤੀਮਾਨ, ਕੀਮਤਾਂ, ਵਿਸ਼ਵਾਸਾਂ ਤੇ ਰੀਤੀ-ਰਿਵਾਜਾਂ ਨੂੰ ਨਿਰਧਾਰਿਤ ਕਰਨ ਦਾ ਸਭ ਤੋਂ ਅਹਿਮ ਪ੍ਰੇਰਕ ਰਿਹਾ ਹੈ ਜਿਸਦੇ ਫਲਸਰੂਪ ਵਿਭਿੰਨ ਧਰਮਾਂ ਦੇ ਨਾਂ "ਤੇ ਹੀ ਸਭਿਆਚਾਰਾਂ ਦਾ ਨਾਮਕਰਣ ਪ੍ਰਚੱਲਤ ਹੋਇਆ ਜਿਵੇਂ ਸਿੱਖ ਸੱਭਿਆਚਾਰ, ਹਿੰਦੂ ਸੱਭਿਆਚਾਰ ਅਤੇ ਇਸਲਾਮੀ ਸੱਭਿਆਚਾਰ ਆਦਿ।(42)

ਵਿਸ਼ਵਾਸ ਕੀਤਾ ਜਾਂਦਾ ਹੈ ਕਿ ਧਾਰਮਿਕ ਪੱਖ ਦੀ ਉਤਪਤੀ ਮਨੁੱਖੀ ਮਨ ਦੇ ਡਰ ਕਾਰਨ ਪੈਦਾ ਹੋਈ। ਕੁਦਰਤੀ ਕਰੋਪੀਆਂ ਤੋਂ ਬਚਣ ਲਈ ਆਦਿ ਮਨੁੱਖ ਨੇ ਆਪਣੀ ਅਸੁਰੱਖਿਆ ਦੇ ਡਰ ਵਜੋਂ ਪ੍ਰਕਿਰਤਕ ਸ਼ਕਤੀਆਂ ਨੂੰ ਦੇਵ ਅਤੇ ਦਾਨਵੀ ਰੂਪ ਵਿੱਚ ਸਿਰਜ ਕੇ ਉਨ੍ਹਾਂ ਦੀ ਪੂਜਾ ਅਰਚਨਾ ਆਰੰਭ ਕੀਤੀ ਜਿਸ ਨੂੰ ਜਾਦੂ ਚੇਤਨਾ ਕਿਹਾ ਜਾਂਦਾ ਹੈ। ਇਸ ਚੇਤਨਾ ਤੋਂ ਅਗਾਂਹ ਇੱਕ ਪ੍ਰਮਾਤਮਾ ਦੀ ਧਾਰਨਾ ਵਿੱਚ ਰੂਪਾਂਤਰਿਤ ਹੋ ਕੇ ਇਹ ਚੇਤਨਾ ਧਰਮ ਚੇਤਨਾ ਬਣ ਜਾਂਦੀ ਹੈ। ਇਸ ਲਈ ਇਹ ਮਨੁੱਖ ਸਿਰਜਤ ਵਰਤਾਰਾ ਹੈ। ਇਸ ਵਰਤਾਰੇ ਨੂੰ ਸੁਖਜੀਤ ਨੇ ਆਪਣੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਮਨੁੱਖ ਜੀਵਨ ਸ਼ੈਲੀ ਵਿੱਚ ਆਏ ਪਰਿਵਰਤਨ ਕਾਰਨ ਚੰਗੇ ਤੇ ਮਾੜੇ ਪੱਖ ਤੋਂ ਵਿਚਾਰ ਕੇ ਨਿਮਨਲਿਖਤ ਵੇਰਵੇ ਅਨੁਸਾਰ ਪ੍ਰਗਟਾਇਆ ਹੈ।

**(ੳ) ਚੰਗੇ ਪੱਖ:** ਇੱਕੀਵੀਂ ਸਦੀ ਵਿੱਚ ਪੁੱਜ ਜਾਣ ਅਤੇ ਵਿਗਿਆਨ ਦੀ ਆਸਾਧਾਰਨ ਤਰੱਕੀ ਹੋ ਜਾਣ ਦੇ ਬਾਵਜੂਦ, ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਧਰਮ ਦਾ ਅੱਜ ਵੀ ਵਿਕਾਸਸ਼ੀਲ ਦੇਸ਼ਾਂ ਵਿੱਚ ਡਰ, ਵਿਸ਼ਵਾਸ ਅਤੇ ਅੰਨ੍ਹੀ ਸ਼ਰਧਾ ਭਾਵਨਾਵਾਂ ਵਾਲਾ ਮਨੁੱਖ ਹੀ ਪ੍ਰਚਲਿਤ ਹੈ। ਫ਼ਰਕ ਸਿਰਫ਼ ਇੰਨਾ ਹੈ ਕਿ ਪਹਿਲਾ ਕੇਵਲ ਅਨਪੜ੍ਹ ਲੋਕ ਹੀ ਧਰਮ ਦੇ ਮਖੌਟਾਧਾਰੀ ਚਿਹਰੇ ਦਾ ਸ਼ਿਕਾਰ ਹੁੰਦੇ ਸਨ, ਪਰ ਅੱਜ ਪੜ੍ਹੇ-

ਲਿਖੇ ਲੋਕ ਵੀ ਹੋ ਰਹੇ ਹਨ। ਅੰਨ੍ਹੀ ਸ਼ਰਧਾ ਦੀਆਂ ਜੜ੍ਹਾਂ ਅਵਚੇਤਨ ਤੱਕ ਸਮੋਈਆ ਹੋਣ ਕਰਕੇ ਲੋਕ ਮਨ ਵਿੱਚ ਸ਼ਰਧਾ ਤੇ ਆਦਰ ਭਾਵ ਦੀ ਚੇਤਨਾ ਅਧਿਕਤਤਾ ਦੀ ਸੀਮਾ ਵਿੱਚ ਹੈ। ਕਿਸੇ ਵੀ ਵਾਦ ਦੀ ਵਿਚਾਰਧਾਰਕ ਜਕੜਬੰਦੀ ਤੋਂ ਮੁਕਤ ਹੋ ਕੇ, ਵਿਸ਼ੇ ਨੂੰ ਵਿਲੱਖਣ ਪੱਖ ਤੋਂ ਵਾਚਣਾ ਧਾਰਮਿਕ ਸ਼ੈਲੀ ਦਾ ਨਿਵੇਕਲਾਪਨ ਹੈ। ਇਸ ਤਰ੍ਹਾਂ ਸੁਖਜੀਤ ਆਪਣੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਚੰਗੇ ਧਾਰਮਿਕ ਪੱਖ ਤੋਂ ਆਏ ਪਰਿਵਰਤਨ ਕਾਰਨ ਵੀ ਮਨੁੱਖੀ ਜੀਵਨ ਸ਼ੈਲੀ ਵਿਚੋਂ ਵਾਸਤਵਿਕਤਾ ਤੇ ਅੰਨ੍ਹੀ ਸ਼ਰਧਾ ਭਾਵਨਾ ਵਜੋਂ ਸਾਧੂ-ਸੰਤਾਂ ਦੇ ਡੇਰਿਆਂ ਵਿਚੋਂ ਸਪੱਸ਼ਟ ਦਿਖਾਈ ਦਿੰਦਾ ਹੈ। ਡੇਰਾ ਇਹਨਾਂ ਕਹਾਣੀਆਂ ਦਾ ਵਾਪਰਨ ਸਥਾਨ ਹੈ। ਮਨੁੱਖ ਦਾ ਜਨਮ ਵਸਤੂਆਂ ਭਰੇ ਭੌਤਿਕ ਜਗਤ ਵਿੱਚ ਹੀ ਨਹੀਂ, ਸਗੋਂ ਵਿਅਕਤੀਆਂ ਅਤੇ ਸਮੂਹਾਂ ਭਰੇ ਸੱਭਿਆਚਾਰਕ ਸੰਸਾਰ ਵਿੱਚ ਹੀ ਹੁੰਦਾ ਹੈ। ਹਰ ਵਿਅਕਤੀ ਅਤੇ ਸਮੂਹ ਦੇ ਵਿਵਹਾਰ ਦਾ ਸਥਾਪਿਤ ਢੰਗ ਆਪਣੇ ਅਨੁਸਾਰ ਹੁੰਦਾ ਹੈ। ਜਿੱਥੇ ਇੱਕ ਪਾਸੇ ਇਹ ਵਿਅਕਤੀ ਸਮੂਹ ਸੱਭਿਆਚਾਰਕ ਰੂਪਾਂਤਰਨ ਤੋਂ ਚੰਗੇ ਧਾਰਮਿਕ ਪੱਖ ਤੋਂ ਪ੍ਰਭਾਵਿਤ ਹੁੰਦੇ ਸੰਸਾਰਿਕ ਜੀਵਨ ਤੋਂ ਛੁਟਕਾਰਾ ਪਾਉਣ ਲਈ ਇਹਨਾਂ ਧਾਰਮਿਕ ਸਥਾਨਾਂ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਹਨ, ਉੱਥੇ ਦੂਜੇ ਪਾਸੇ ਕਈ ਵਾਰ ਇਹ ਸਮੂਹਿਕ ਵਿਅਕਤੀ ਸੱਭਿਆਚਾਰਕ ਰੂਪਾਂਤਰਨ ਦੇ ਚੰਗੇ ਧਾਰਮਿਕ ਪੱਖ ਤੋਂ ਚੇਤਨ ਸ਼ਕਤੀ ਸੋਚ ਵਜੋਂ ਆਏ ਪਰਿਵਰਤਨ ਕਾਰਨ ਇਹਨਾਂ ਦੰਭੀ, ਪਾਖੰਡੀ ਤੇ ਡੇਰਾਤੰਤਰ ਵਿਰੁੱਧ ਆਪਣੀ ਅਵਾਜ਼ ਵੀ ਉਠਾਉਂਦੇ ਹਨ। ਰਾਧਾ ਕ੍ਰਿਸ਼ਨ *ਵਿਚਾਰ ਦਰਪਣ* 'ਚ ਕਹਿੰਦੇ ਹਨ ਕਿ:

> ਧਰਮ ਵਿੱਚ ਇੱਕ ਸਹਿਜ ਸਮਾਜਿਕ ਵਰਤਾਰਾ ਹੀ ਦੇਖਦੇ ਸਨ। ਉਨ੍ਹਾਂ ਲਈ ਸੱਚ ਇੱਕ ਸਮਾਜਿਕ ਉਪਯੋਗਤਾ ਹੈ। ਇਸ ਦਾ ਇੱਕ ਸਮਾਜਿਕ ਮੰਤਵ, ਇੱਕ ਸਮਾਜਿਕ ਹਿੱਤ ਤੇ ਸਮਾਜਿਕ ਆਸ ਹੁੰਦੀ ਹੈ। ਭਾਵੇਂ ਅਸੀਂ ਪਰਮਾਤਮਾ ਨੂੰ ਸਮਝ ਨਹੀਂ ਸਕਦੇ ਪਰ ਉਸਦੀ ਵਰਤੋਂ ਕਰ ਸਕਦੇ ਹਾਂ, ਧਰਮ ਦਾ ਸੱਚ ਦੀ ਖੋਜ ਨਾਲ ਕੋਈ ਸਰੋਕਾਰ ਨਹੀਂ ਹੈ। ਇਸ ਦਾ ਮੁੱਖ ਮੰਤਵ ਜੀਵਨ ਦਾ ਵਿਸਥਾਰ ਹੈ। ਇਹ ਬ੍ਰਹਿਮੰਡ ਦਾ ਅਰਥ ਜਾਂ ਇਤਿਹਾਸਕ ਪਰਕਿਰਿਆ ਦੀ ਡੂੰਘੀ ਸੱਚਾਈ ਨਹੀਂ ਦੱਸਦਾ, ਫਿਰ ਵੀ

ਮਨੁੱਖ ਦੀਆਂ ਧੁਰ ਅੰਦਰਲੀਆਂ, ਅਤਿ ਡੂੰਘੀਆਂ ਤਾਂਘਾਂ, ਅਤਿ ਉੱਚੀਆਂ ਆਸਾਂ ਅਤੇ ਮਨੋਕਾਮਨਾਵਾਂ ਨੂੰ ਪੂਰਾ ਕਰਦਾ ਹੈ।(72)

ਸੁਖਜੀਤ ਆਪਣੇ ਕਹਾਣੀ ਸੰਗ੍ਰਹਿ *ਹੁਣ ਮੈਂ ਇੰਜੁਆਏ ਕਰਦੀ ਆਂ* ਦੀ ਪਾਤਸ਼ਾਹ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਨੂੰ ਇੱਕ ਪਾਸੇ ਚੰਗੇ ਪੱਖ ਤੋਂ ਬਾਪੂ ਦੇ ਕਹੇ ਵਿਚਾਰ ਅਨੁਸਾਰ ਡੇਰੇ ਅਤੇ ਪਾਤਸ਼ਾਹ ਦੀ ਮਹੱਤਤਾ ਨੂੰ ਸ਼ਰਧਾ ਭਾਵਨਾ ਤੋਂ ਬਿਆਨ ਕੀਤਾ ਹੈ। ਬਾਪੂ ਸਮੁੱਚੀ ਮਨੁੱਖਤਾ ਨੂੰ ਰੱਬ ਦੀ ਰਜ਼ਾ ਮੰਨਣ ਅਤੇ ਉਸ ਦੇ ਹੁਕਮ ਦੀ ਪਾਲਣਾ ਕਰਨ ਦਾ ਉਪਦੇਸ਼ ਦਿੰਦੇ ਹੋਏ ਕਹਿੰਦੇ ਹਨ ਕਿ:

ਭਾਈ ਸੌ ਹੱਥ ਰੱਸਾ ਭਾਈ ਹੋਣਾ ਤਾਂ ਉਹੀ ਐ ਜੋ ਪਾਤਸ਼ਾਹ ਨੂੰ ਭਾਵੇਂ ਪਰ ਬੰਦਾ ਵੀ ਭਾਈ ਭੁੱਲ ਈ ਜਾਂਦੈ ਮੈਂ ਬਹੁਤ ਜ਼ੋਰ ਲਾਇਆ ਟੱਬਰ ਨੂੰ ਪਾਅਸ਼ਾਹ ਦੇ ਲੜ ਲੱਗ ਜੋ ਪਰ ਮੇਰੀ ਕਿਸੇ ਨਹੀਂ ਸੁਣ ਝੂਠੀ ਪੜ੍ਹਾਈਆਂ ਨੇ ਪੱਟੀ ਮੇਸ ਕਰਤੀ ਭਾਈ ਸੱਚ ਆਖਾਂ ਤਾਂ ਜੈਬ ਸੂੰਹ ਨੂੰ ਵੀ ਏਸ ਪੜ੍ਹਾਈ ਦਾ ਝੂਠਾ ਮਾਣ ਲੈ ਡੁੱਬਿਆ ਮੈਂ ਬਹੁਤ ਕਲਪਿਆ, ਜਦੋਂ ਜੀਤ ਨੇ ਦਾਹੜ੍ਹੀ ਮੁਨਾਈ ਪਰ ਏਹਨੇ ਕੁਛ ਨਾ ਕਿਹਾ ਮੈਂ ਤਾਂ ਫਿਰ ਘਰ ਈਂ ਛੱਡ ਤਾ ਮੈਂ ਪਾਅਸ਼ਾਹ ਦੇ ਚਰਨੀ ਲੱਗ ਆਪਣੀਆਂ ਭੁੱਲਾਂ ਬਖਸਾ ਲੀਆਂ ਮੈਂ ਤਾਂ ਥੋਨੂੰ ਵੀ ਕਹਿਨਾਂ ਸਾਰਿਆਂ ਨੂੰ ਛੱਡੋ ਭਾਈ, ਏਹ ਝੂਠੇ ਮਾਣ ਤੇ ਲੱਗ ਜੋ ਪਾਤਸ਼ਾਹ ਦੇ ਚਰਨੀ।(98)

ਕਿਉਂਕਿ ਅਜਿਹੇ ਸ਼ਰਧਾਲੂ ਹੀ ਡੇਰੇ ਨਾਲ ਜੁੜਨ ਵਾਲੀ ਤੀਸਰੀ ਧਿਰ ਦੇ ਤੌਰ ‘ਤੇ ਚੰਗੇ ਪੱਖ ਵਜੋਂ ਭੂਮਿਕਾ ਨਿਭਾਉਂਦੇ ਹਨ। ਇਹ ਤੀਸਰੀ ਧਿਰ ਕੌਣ ਹੈ? ਵਿਸ਼ੇਸ਼ ਰੂਪ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਇਸ ਦੀ ਪ੍ਰਵਿਰਤੀ ਕੀ ਹੈ? ਇਸ ਧਾਰਮਿਕ ਪ੍ਰਵਿਰਤੀ ਨੂੰ ਪੈਦਾ ਕਰਨ ਪਿੱਛੇ ਛੁਪਿਆ ਮੰਤਵ ਕੀ ਹੈ? ਇਸਦੀ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਵਿੱਚ ਸਾਰਥਕਤਾ ਕੀ ਹੈ ? ਆਦਿ ਕੁਝ ਅਜਿਹੇ ਪ੍ਰਸ਼ਨ ਹਨ ਜਿਨ੍ਹਾਂ ਨੂੰ ਘੋਖਣ ਤੇ ਵਿਚਾਰਣ ਦੀ ਲੋੜ ਹੈ। ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਡੇਰੇ ਦੇ ਸੰਪਰਕ ਵਿੱਚ ਆਉਣ ਵਾਲੀ ਤੀਸਰੀ ਧਿਰ (ਜੋ ਅਲਪ ਬੁੱਧੀ ਜਾਂ ਸਾਧਾਰਨ ਰੂਪ ਵਿੱਚ ਸਾਹਮਣੇ ਆਉਂਦੀ ਹੈ) ਦੇ ਜੁੜਨ ਨਾਲ ਹੀ ਡੇਰਾ, ਡੇਰਾ (ਸਥਾਨ) ਨਾ ਰਹਿ ਕੇ ਇੱਕ ਵਿਸ਼ੇਸ਼ ਪਛਾਣ ਸਮੂਹ ਬਣਦਾ

ਹੈ। ਇਹ ਤੀਸਰੀ ਧਿਰ ਆਪਣੀ ਤੁੱਛ ਬੁੱਧੀ, ਅਥਾਹ ਵਿਸ਼ਵਾਸ ਅਤੇ ਅੰਨ੍ਹੀ ਸ਼ਰਧਾ (ਜੋ ਕਦੇ-ਕਦੇ ਭੈਅ ਅਤੇ ਆਤੰਕ ਦਾ ਰੂਪ ਵੀ ਧਾਰਨ ਕਰ ਲੈਂਦੀ ਹੈ) ਕਾਰਨ ਡੇਰਾ ਮੁਖੀ ਦੇ ਅੱਗੇ ਸਿਰ ਨਿਵਾਉਂਦੀ ਹੈ। ਉਸਦੀ ਹਾਂ ਵਿੱਚ ਹਾਂ ਮਿਲਾਉਣਾ ਆਪਣਾ ਧਰਮ ਸਮਝਦੀ ਹੈ। ਇਹ ਤੀਸਰੀ ਧਿਰ ਆਪਣੇ ਆਪ ਨੂੰ ਆਪਣੀਆਂ ਲੋੜਾਂ, ਥੁੜਾਂ, ਤੋਟਾਂ ਕਾਰਨ ਬੇਆਸਰਾ ਮਹਿਸੂਸ ਕਰਦੀ ਹੋਈ ਕਿਸੇ ਆਸਰੇ ਦੀ ਭਾਲ ਵਿੱਚ ਰਹਿੰਦੀ ਹੈ। ਇਸਦੀ ਇਹੀ ਭਾਲ ਇਸਨੂੰ ਡੇਰੇ ਨਾਲ ਜੋੜਦੀ ਹੈ। ਜਿਵੇਂ ਕਿ 'ਪਾਤਸ਼ਾਹ' ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਨੂੰ ਸ਼ਰਧਾਮਈ ਭਾਵਨਾ ਤੋਂ ਬਿਆਨ ਕੀਤਾ ਗਿਆ ਹੈ:

> ਉਸਦਾ ਬਾਪੂ, ਜਿਹੜਾ ਹੁਣ ਏਸ ਡੇਰੇ ਵਿੱਚ ਪਾਤਸ਼ਾਹ ਦੇ ਚਰਨੀਂ ਆ ਲੱਗਾ ਸੀ ਤੇ ਉਸਦੇ ਕਹਿਣ ਵਾਂਗੂੰ ਉਸਨੇ ਸਾਰੇ ਦੁਨਿਆਵੀਂ ਰਿਸ਼ਤੇ ਤਿਆਗ ਦਿੱਤੇ ਸਨ। ਪਾਤਸ਼ਾਹ ਦੀ ਮਿਹਰ ਨਾਲ ਮੋਹ ਮਾਇਆ ਤੋਂ ਮੁਕਤ ਹੋ ਗਿਆ ਸੀ। ਜੇ ਉਸਨੂੰ ਚਿੰਤਾ ਸੀ ਤਾਂ ਸਿਰਫ਼ ਆਪਣੇ ਪ੍ਰਲੋਕ ਦੀ, ਜਿਸ ਨੂੰ ਸੁਧਾਰਨ ਲਈ ਉਸਨੇ ਆਪਣੀ ਸਾਰੀ ਜ਼ਮੀਨ ਡੇਰੇ ਨੂੰ ਮੱਥਾ ਟੇਕ ਦਿੱਤੀ ਸੀ।(97)

ਇਸ ਤੀਸਰੀ ਧਿਰ ਦੀ ਗਿਣਤੀ ਜਿਵੇਂ-ਜਿਵੇਂ ਵੱਧਦੀ ਜਾਂਦੀ ਹੈ, ਡੇਰੇ ਦੀਆਂ ਜੜ੍ਹਾਂ ਉਨੀਆਂ ਹੀ ਮਜ਼ਬੂਤ ਹੁੰਦੀਆਂ ਜਾਂਦੀਆਂ ਹਨ। ਡੇਰੇ ਦੇ ਸੰਪਰਕ ਵਿੱਚ ਆਈ ਇਹ ਧਿਰ ਧਾਰਮਿਕ ਪੱਖ ਤੋਂ ਸੱਭਿਆਚਾਰਕ ਰੂਪਾਂਤਰਨ ਚੋਂ ਗੁਜ਼ਰਦੀ ਹੈ। ਇਸ ਧਿਰ ਵਿੱਚ ਆਏ ਧਾਰਮਿਕ ਪੱਖ ਤੋਂ ਸੱਭਿਆਚਾਰਕ ਰੂਪਾਂਤਰਨ ਨੂੰ ਸਮਝਣ ਲਈ ਡੇਰੇ ਦੇ ਪੂਰੇ ਸਿਸਟਮ (ਸੰਰਚਨਾ) ਨੂੰ ਸਮਝਣਾ ਅਤਿਅੰਤ ਜ਼ਰੂਰੀ ਹੈ। ਇਸ ਸਿਸਟਮ ਵਿੱਚ ਤਿੰਨ ਧਿਰਾਂ ਸਕ੍ਰਿਆ ਹੁੰਦੀਆਂ ਹਨ : ਡੇਰਾਮੁਖੀ, ਬਹੁ-ਸ਼ਕਤੀਆਂ ਅਤੇ ਸ਼ਰਧਾਲੂ। ਇਹਨਾਂ ਤਿੰਨਾਂ ਧਿਰਾਂ ਦੀ ਭੂਮਿਕਾ ਨੂੰ ਵਿਚਾਰੀਏ ਤਾਂ ਇਹਨਾਂ ਚੋਂ ਪਹਿਲੀ (ਡੇਰਾਮੁਖੀ) ਤੇ ਦੂਸਰੀ (ਬਹੁ-ਸ਼ਕਤੀਆਂ) ਧਿਰ ਕ੍ਰਮਵਾਰ ਆਦੇਸ਼ ਦੇਣ ਵਾਲੀ, ਆਦੇਸ਼ ਦੀ ਪਾਲਣਾ ਕਰਵਾਉਣ ਵਾਲੀ ਅਤੇ ਤੀਸਰੀ ਧਿਰ (ਸ਼ਰਧਾਲੂ) ਆਗਿਆਪਾਲਕ ਹੈ। ਪਹਿਲੀ ਤੇ ਤੀਸਰੀ ਧਿਰ ਜਿੱਥੇ ਦ੍ਰਿਸ਼ਟ ਰੂਪ ਵਿੱਚ ਕਿਰਿਆਸ਼ੀਲ ਹੁੰਦੀ ਹੈ, ਉੱਥੇ ਦੂਸਰੀ ਧਿਰ (ਜਿਸ ਵਿੱਚ ਕਹਿੰਦੇ-ਕਹਾਉਂਦੇ ਸਿਆਸੀ ਲੀਡਰ, ਅਫ਼ਸਰਸ਼ਾਹੀ, ਹਥਿਆਰ ਦੇ ਜ਼ੋਰ ਉੱਤੇ ਦਬਾਉਣ ਵਾਲੀਆਂ ਸ਼ਕਤੀਆਂ ਸ਼ਾਮਲ ਹੁੰਦੀਆਂ ਹਨ) ਅਦ੍ਰਿਸ਼ਟ ਰਹਿੰਦੀ ਹੋਈ ਕਰਮਸ਼ੀਲ ਹੁੰਦੀ ਹੈ।

ਇਹਨਾਂ ਸ਼ਕਤੀਆਂ ਦੇ ਡੇਰਾਮੁਖੀ ਨਾਲ ਮਿਲਣ ਉੱਤੇ ਅਜਿਹਾ ਨੈੱਟਵਰਕ ਤਿਆਰ ਹੋ ਜਾਂਦਾ ਹੈ, ਜੋ ਜਨ-ਸਾਧਾਰਨ (ਸ਼ਰਧਾਲੂ) ਤੇ ਧਾਰਮਿਕ ਪੱਖ ਤੋਂ ਸੱਭਿਆਚਾਰਕ ਰੂਪਾਂਤਰਨ ਵਜੋਂ ਆਪਣੀ ਪਕੜ ਬਿਠਾਉਂਦਾ ਹੋਇਆ ਉਸਨੂੰ ਸੰਚਾਲਿਤ ਕਰਦਾ ਹੈ। ਜਿਵੇਂ ਕਿ ਕਹਾਣੀਕਾਰ ਦੇ ਕਹਾਣੀ ਸੰਗ੍ਰਹਿ *ਹੁਣ ਮੈਂ ਇੰਜੁਆਏ ਕਰਦੀ ਆਂ* ਦੀ ਕਹਾਣੀ 'ਹੁਣ ਮੈਂ ਇੰਜੁਆਏ ਕਰਦੀ ਆਂ' ਵਿੱਚ ਸੱਭਿਆਚਾਰਕ ਰੂਪਾਂਤਰਨ ਧਾਰਮਿਕ ਪੱਖ ਤੋਂ ਡੇਰਾਮੁਖੀ ਧਿਰ ਅਤੇ ਸ਼ਰਧਾਲੂ ਧਿਰ ਵਿੱਚਕਾਰ ਵਿਸ਼ੇਸ਼ ਵਾਰਤਾਲਾਪ ਰਾਹੀਂ ਪ੍ਰਗਟਾਇਆ ਗਿਆ ਹੈ:

> ਜਦੋਂ ਸ਼ਾਮ ਦੇ ਦੀਵਾਨ ਪਿੱਛੋਂ ਸੈਹਬ ਜੀ ਮਸਤੀ 'ਚ ਬੈਠੇ ਸਨ, ਪੂਰੇ 'ਨੰਦ 'ਚ, ਕਿ ਚੰਗੇ ਭਲੇ ਸਰਦਾਰ ਦਿਸਦੇ ਬੰਦੇ ਨੇ ਇੱਕਦਮ ਸੈਹਬ ਜੀਆਂ ਦੇ ਚਰਨ ਆ ਫੜੇ, ਉਹ ਤ੍ਰਬਕੇ, "ਖੜ੍ਹ ਤੇਰੀ ਭੈਣ ਦੀ...। ਸੈਹਬ ਜੀ ਕੇਹੜੀ ਦੀ, ਛੋਟੀ ਦੀ ਜਾਂ ਵੱਡੀ ਦੀ ਮਾਅਰਾਜ?" ਉਸਨੇ ਬੜੀ ਆਜ਼ਜ਼ੀ ਨਾਲ ਪੁੱਛਿਆ। "ਦੋਨਾਂ ਦੀਓ ਭੈਣ ਚੋ ਕੁੱਤਿਆ...।(59)

ਧਾਰਮਿਕ ਤੌਰ 'ਤੇ ਕਈ ਜਗ੍ਹਾ ਇਨਸਾਨ ਇਹਨਾਂ ਅੰਨ੍ਹਾ ਹੋ ਗਿਆ ਹੈ ਪਾਖੰਡੀ ਸਾਧਾਂ ਦੀਆਂ ਗਾਲ੍ਹਾਂ ਵੀ ਉਸ ਨੂੰ ਪ੍ਰਵਚਨਾਂ ਵਾਂਗ ਲੱਗ ਦੀਆਂ ਹਨ। ਇਸ ਤਰ੍ਹਾਂ ਸੁਖਜੀਤ ਦੀਆਂ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਸਮੂਹ ਵਜੋਂ ਪਛਾਣ ਰੱਖਣ ਵਾਲੇ ਡੇਰੇ ਉੱਤੇ ਕੇਂਦਰਿਤ ਹਨ। 'ਡੇਰਾ' ਆਪਣੇ-ਆਪ ਵਿੱਚ ਕੋਈ ਜੈਵਿਕ ਹੋਂਦ ਨਹੀਂ ਪਰੰਤੂ ਡੇਰੇ ਦੀ ਹੋਂਦ ਜ਼ਰੂਰ ਜੈਵਿਕ ਹੋਂਦ ਅਥਵਾ ਵਿਅਕਤੀ ਵਿਸ਼ੇਸ਼ ਦੀ ਹੋਂਦ ਉੱਤੇ ਟਿਕੀ ਹੋਈ ਹੈ। ਕਹਿਣ ਤੋਂ ਭਾਵ ਇਹ ਹੈ ਕਿ ਡੇਰਾ ਮੁਖੀ ਅਤੇ ਉਸਨੂੰ ਸ਼ਰਧਾ ਸੁਮਨ ਭੇਂਟ ਕਰਨ ਵਾਲੇ ਵਿਅਕਤੀ ਹੀ ਡੇਰੇ ਵਿੱਚ ਪ੍ਰਾਣ-ਵਾਯੂ ਦਾ ਸੰਚਾਰ ਕਰਦੇ ਹਨ। ਵਿਅਕਤੀ ਵਿਸ਼ੇਸ਼ ਵਜੋਂ ਜਾਣੇ ਜਾਂਦੇ ਡੇਰਾ ਮੁਖੀ ਦੀ ਅਣਹੋਂਦ ਡੇਰੇ ਦੀ ਹੋਂਦ ਲਈ ਖਤਰਾ ਬਣ ਸਕਦੀ ਹੈ। ਡੇਰਾ ਮੁਖੀ ਨੂੰ ਸਰਵ-ਉੱਚ ਸ਼ਕਤੀ ਵਜੋਂ ਪੂਜਣ ਵਾਲੇ ਤਾਂ ਦ੍ਰਿਸ਼ਟ ਰੂਪ ਵਿੱਚ ਸ਼ਰਧਾਲੂ ਹੁੰਦੇ ਹਨ, ਪਰੰਤੂ ਉਸਦੀ ਸਰਵ-ਉੱਚਤਾ ਨੂੰ ਬਣਾਏ ਤੇ ਚਲਾਏ ਰੱਖਣ ਵਿੱਚ ਹੋਰ ਬਹੁ-ਸ਼ਕਤੀਆਂ ਅਦ੍ਰਿਸ਼ਟ ਰੂਪ ਵਿੱਚ ਕਿਰਿਆਸ਼ੀਲ ਹੁੰਦੀਆਂ ਹਨ। ਇਹਨਾਂ ਦੋਹਾਂ ਧਿਰਾਂ (ਡੇਰਾ ਮੁਖੀ ਅਤੇ ਬਹੁ-ਸ਼ਕਤੀਆਂ) ਦੇ ਆਪਸੀ ਅੰਤਰ-ਕਿਰਿਆਤਮਕ ਸੰਬੰਧਾਂ ਵਿੱਚ ਹੀ ਵਿਸ਼ੇਸ਼ ਤੌਰ ਤੇ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਨੂੰ ਪੈਦਾ ਕਰਨ ਵਾਲਾ ਰਹੱਸ ਵਿਦਮਾਨ ਹੁੰਦਾ ਹੈ, ਜਿਸਦਾ ਸੰਬੰਧ ਡੇਰੇ ਨਾਲ

ਜੁੜਨ ਵਾਲੀ ਤੀਸਰੀ ਧਿਰ ਨਾਲ ਹੈ।

ਸੁਖਜੀਤ ਦੀ *ਅੰਤਰਾ* ਚੋਂ ਲਈ 'ਆਦਮਖ਼ੋਰ' ਕਹਾਣੀ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਨਾਲ ਸੰਬੰਧਿਤ ਸੁਖਜੀਤ ਦੀ ਸਭ ਤੋਂ ਪਹਿਲੀ ਕਹਾਣੀ ਹੈ ਜੋ ਪ੍ਰਕਾਸ਼ਿਤ ਰੂਪ ਵਿੱਚ ਸਾਹਮਣੇ ਆਈ। ਕਿਸਨੂੰ ਅਤੇ ਕਿਉਂ'? ਇਹਨਾਂ ਸਵਾਲਾਂ ਦੇ ਜਵਾਬ ਵੱਲ ਕਹਾਣੀ ਦਾ ਬਿਰਤਾਂਤ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਇੱਕ ਪਾਸੇ ਬੀਬੇ ਦੁਆਰਾ ਚੰਗੀ ਸੋਚ ਦੇ ਆਸਰੇ ਅੱਗੇ ਤੁਰਦਾ ਤੇ ਨਿੱਖਰਦਾ ਹੈ। ਜਿਵੇਂ ਕਿ ਕਹਾਣੀ ਦਾ ਕੇਂਦਰੀ ਪਾਤਰ ਬੀਬੇ ਦਾ ਨਾਂ ਉਸਦੇ ਕਿਰਦਾਰ ਦੀ ਹਾਮੀ ਭਰ ਰਿਹਾ ਹੈ। ਪਰੰਤੂ ਦੂਜੇ ਪਾਸੇ ਸ਼ੁਰੂ ਤੋਂ ਹੀ ਬੀਬੇ ਨੂੰ ਪਿਤਾ ਦੇ ਸਾਏ ਤੋਂ ਮਹਿਰੂਮ ਰੱਖ ਕੇ ਬੀਬੇ ਨੂੰ ਮਾਂ ਦੇ ਮੋਹ ਵਿਹੂਣੇ ਰਵੱਈਏ ਨੇ ਹਮੇਸ਼ਾ ਦਬਾਈ ਰੱਖਿਆ। ਉਸਦੀ ਮਾਂ ਹਰ ਦਮ ਘਰ ਵਿੱਚ ਆਉਣ-ਜਾਣ ਵਾਲੇ ਸੰਤਾਂ ਦੀ ਸਾਖੀ ਵਿੱਚ ਲੀਨ ਰਹਿੰਦੀ। ਉਸ ਲਈ ਸਕੂਲੋਂ ਪੜ੍ਹ ਕੇ ਜਾਂ ਡੰਗਰ ਚਾਰ ਕੇ ਪਰਤੇ ਬੀਬੇ ਦਾ ਆਉਣਾ ਹਮੇਸ਼ਾ ਅਸਹਿ ਹੁੰਦਾ। ਕਿਉਂਕਿ ਇਸ ਨਾਲ ਉਸਦੀ ਸੰਤਾਂ ਪ੍ਰਤੀ ਲੱਗੀ ਲਗਨ ਵਿੱਚ ਵਿਘਨ ਪੈਂਦਾ। ਫਲਸਰੂਪ ਮਾਂ ਵੱਲੋਂ ਬੀਬੇ ਦੀ ਰੱਜ ਕੇ ਮਾਰ ਕੁਟਾਈ ਕੀਤੀ ਜਾਂਦੀ। ਇਸ ਸਭ ਦਾ ਬੀਬੇ ਦੇ ਸੁਭਾਅ ਤੇ ਗਹਿਰਾ ਅਸਰ ਪਿਆ। ਉਹ ਹਮੇਸ਼ਾ ਡਰਿਆ-ਸਹਿਮਿਆ ਰਹਿਣ ਲੱਗਾ। ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਚੰਗੀ ਸੋਚ, ਮੋਹ ਵਿੱਚ ਭਿੱਜੀ ਘਰ ਆਈ ਭੂਆ ਦੇ ਪਿਆਰ ਭਰੇ ਹੇਠਲੇ ਸ਼ਬਦਾਂ ਨੇ ਬੀਬੇ ਦੀ ਬੇਚੈਨੀ ਨੂੰ ਹੋਰ ਵਧਾ ਦਿੱਤਾ ਹੈ। ਜਿਵੇਂ ਕਿ:

> ਤੈਨੂੰ ਰੱਬ ਦੀ ਰੱਖਾਂ ਵੇ ਬੱਚਾ ਵੇ ਤੈਨੂੰ ਕੁਝ ਨਾ ਹੋਵੇ। ਤੂੰ ਮੇਰੇ ਚੰਨ ਵੀਰ ਦੀ ਨਿਸ਼ਾਨੀ ਵੇ ਇਹ ਤਾਂ ਉਦੋਂ ਦੀ ਮਾਰ ਦੇਣ ਲੱਗੀ ਸੀ ਵੇ ਤੈਨੂੰ ਜਦੋਂ ਅਜੇ ਤੂੰ ਇਹਦੇ ਢਿੱਡ 'ਚ ਸੈਂ। ਬਚ ਕੇ ਰਹਿ ਬੱਚੜਿਆ, ਬਾਬਾ ਨਾਨਕ ਤੇਰੀ ਰੱਖਿਆ ਕਰੇ। ਇਹਨੂੰ ਸਮੱਤ ਦੇਵੇ ਰੱਬ, ਇਹ ਤੋਂ ਭਲੇ ਦੀ ਆਸ ਕੋਈ ਨਹੀਂ: ਪਹਿਲਾਂ ਇਹਨੇ ਮੇਰਾ ਵੀਰ ਖਾ ਲਿਆ।(33)

ਇੱਥੇ ਧਰਮ ਦਾ ਇੱਕ ਪੱਖ ਇਹ ਵੀ ਉੱਭਰ ਕੇ ਆਉਂਦਾ ਹੈ ਕਿ ਮਾਂ ਲਈ ਮਮਤਾ ਜੋ ਹਮੇਸ਼ਾ ਪਹਿਲ ਅਧਾਰ 'ਤੇ ਹੁੰਦੀ ਹੈ ਉਸ ਮਮਤਾ ਦੀ ਜਗ੍ਹਾ ਧਰਮ ਨੇ ਲੈ ਲਈ ਅਤੇ ਜਿਸ ਕਾਰਨ ਬੀਬਾ ਮਾਂ ਦੇ ਪਿਆਰ ਤੋਂ ਹਮੇਸ਼ਾ

ਵਹੂਣਾ ਰਿਹਾ।

**(ਅ) ਮਾੜੇ ਪੱਖ:** ਸੁਖਜੀਤ ਦੀਆਂ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਆਏ ਪਰਿਵਰਤਨ ਸੰਬੰਧੀ ਗੱਲ ਕੀਤੀ ਜਾਵੇ ਤਾਂ ਅਜੋਕੇ ਸਮੇਂ ਸਿਆਸਤ ਧਰਮ ਦੀ ਆੜ ਵਿੱਚ ਪ੍ਰਫੁੱਲਤ ਹੁੰਦੀ ਜਾ ਰਹੀ ਹੈ। ਅੱਜ ਧਰਮ ਦਾ ਸਿਆਸੀਕਰਨ ਹੋ ਚੁੱਕਾ ਹੈ। ਧਰਮ ਅਤੇ ਸਿਆਸਤ ਦੇ ਆਪਸੀ ਮੇਲ-ਜੋਲ ਦੇ ਨਤੀਜੇ ਵਜੋਂ ਬਹੁਗਿਣਤੀ ਵਿੱਚ ਡੇਰਿਆਂ, ਮੱਠਾਂ ਆਦਿ ਦੀ ਸਥਾਪਨਾ ਹੋ ਰਹੀ ਹੈ, ਕਿਉਂਕਿ ਇਹ ਧਾਰਮਿਕ ਅੱਡੇ ਇੱਕ ਤਰ੍ਹਾਂ ਨਾਲ ਵੋਟ ਬੈਂਕ ਦੀ ਭੂਮਿਕਾ ਨਿਭਾਉਂਦੇ ਹਨ। ਸਮਕਾਲੀ ਪੰਜਾਬੀ ਕਹਾਣੀ ਵਿੱਚ ਸੁਖਜੀਤ ਦੀਆਂ ਕਹਾਣੀਆਂ ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਧਾਰਮਿਕਤਾ ਦੀ ਰੰਗਤ ਹੇਠ ਮੰਡੀ ਬਣੀ ਵਿਵਸਥਾ ਦੇ ਵਿਭਿੰਨ ਪਹਿਲੂਆਂ ਨੂੰ ਪਰਿਵਰਤਨ ਵਜੋਂ ਉਜਾਗਰ ਕੀਤਾ ਗਿਆ ਹੈ। ਧਰਮ ਦੇ ਨਾਮ ਉੱਪਰ ਸ਼ਰਧਾ ਭਾਵਨਾ ਵੱਸ ਪਏ ਲੋਕਾਂ ਨੂੰ ਮੰਡੀ ਕਿਵੇਂ ਲੁੱਟਦੀ ਪਈ ਹੈ? ਸ਼ਰਧਾ ਵੱਸ ਪਏ ਲੋਕਾਂ ਦੀ ਭਾਵਨਾ ਦਾ ਭਾਵਨਾਤਮਕ ਪੱਧਰ ਤੋਂ ਵਿਉਪਾਰਕੀਰਨ ਦਾ ਰਸਤਾ ਕਿਵੇਂ ਵਿਕਾਸ ਕਰ ਰਹਾ ਹੈ। ਲੋਕਾਂ ਦੀ ਮਾਨਸਿਕ ਤੇ ਆਰਥਿਕ ਲੁੱਟ-ਖਸੁੱਟ ਕਰ ਰਹੇ ਹਨ? ਉਹਨਾਂ ਦਾ ਵਿਸ਼ਲੇਸ਼ਣ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਰਮ ਦੇ ਮਾੜੇ ਪੱਖ ਵਜੋਂ ਬਾਖ਼ੂਬੀ ਪੇਸ਼ ਹੋਇਆ ਹੈ। ਸ਼ਰਧਾ ਦੇ ਪਰਦੇ ਪਿੱਛੇ ਵੱਖਰੇ-ਵੱਖਰੇ ਪਰਿਵਰਤਨ ਦੁਆਰਾ ਕੀ, ਕਿਉਂ ਤੇ ਕਿਵੇਂ ਹੋ ਰਿਹਾ ਹੈ ਉਹਨਾਂ ਸਾਰੀਆਂ ਪਰਤਾਂ ਨੂੰ ਧਾਰਮਿਕ ਪੱਖ ਦੇ ਮਾੜੇ ਪੱਖ ਤੋਂ ਖੋਲ੍ਹਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਵਰਤਾਰਾ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਆਏ ਪਰਿਵਰਤਨ ਜ਼ਰੀਏ ਮਾੜੇ ਪੱਖ ਵਜੋਂ ਆਦਮਖ਼ੋਰ', 'ਹੁਣ ਮੈ ਇੰਜੁਆਏ ਕਰਦੀ ਆਂ' ਅਤੇ 'ਪਾਤਸ਼ਾਹ', ਨੈਂ ਯੁੱਗ, ਕਾਮ-ਬਲੀ ਆਦਿ ਵਿੱਚ ਧਰਮ ਦਾ ਸਹਾਰਾ ਲੈ ਕੇ ਡੇਰਿਆਂ, ਗੁਰਦੁਆਰਿਆਂ, ਮੱਠਾਂ ਵਿੱਚ ਚੱਲਦੀ ਸਿਆਸਤ, ਕਬਜ਼ੇ ਦੀ ਭਾਵਨਾ, ਸਾਧਾਰਨ ਵਿਅਕਤੀ ਦੀਆਂ ਭਾਵਨਾਵਾਂ ਨਾਲ ਕੀਤੇ ਜਾਂਦੇ ਖਿਲਵਾੜ ਆਦਿ ਨੂੰ ਸਿੱਧੇ-ਅਸਿੱਧੇ ਢੰਗ ਨਾਲ ਉਘਾੜਿਆਂ ਗਿਆ ਹੈ।ਰਵਿੰਦਰ ਕੁਮਾਰ ਦਾ ਧਾਰਮਿਕ ਪੱਖ ਦੇ ਮਾੜੇ ਪੱਖ ਬਾਰੇ ਨਜ਼ਰੀਏ ਆਪਣੀ ਪੁਸਤਕ *ਨਵੀਨ ਪੰਜਾਬੀ ਕਹਾਣੀ: ਵਿਭਿੰਨ ਪਰਿਪੇਖ, ਪੰਜਾਬੀ ਕਹਾਣੀ: ਪ੍ਰਾਪਤੀਆਂ ਤੇ ਸੰਭਾਵਨਾਵਾਂ* ਚੋਂ ਇਸ ਤਰ੍ਹਾਂ

ਦਿਖਦਾ ਹੈ ਕਿ:

> ਧਰਮ ਦਾ ਸੰਸਥਾਈ ਰੂਪ ਉਸਦੇ ਸਿਧਾਂਤਕ ਰੂਪ ਨਾਲੋਂ ਵੱਖਰਾ ਹੀ ਨਹੀਂ ਸਗੋਂ ਇਸਦਾ ਬਹੁਤਾ ਹਿੱਸਾ ਐਨ ਉਲਟ ਹੈ। ਸੰਸਥਾਵਾਂ ਸਿਸਟਮ ਦੀ ਪੈਦਾਵਾਰ ਹਨ, ਇਸ ਲਈ ਜੋ ਭੈੜ ਸਿਸਟਮ ਵਿੱਚ ਹਨ, ਉਹੀ ਸੰਸਥਾਵਾਂ ਵਿੱਚ ਹਨ। ਅਜੋਕੇ ਦੌਰ ਵਿੱਚ ਬਹੁਤੀਆਂ ਸੰਸਥਾਵਾਂ ਵਿੱਚ ਨਿੱਜਪਰਸਤੀ ਭਾਰੂ ਹੈ। ਇਸ ਲਈ ਧਰਮ ਨੂੰ ਨਿੱਜੀ ਹਿੱਤਾਂ ਲਈ ਵਰਤਣ ਹਿੱਤ ਬਹੁਤੇ ਡੇਰੇ ਤੇ ਧਰਮ ਸਥਾਨ, ਅਧਿਆਤਮਵਾਦ ਦੇ ਨਾਂ ਹੇਠ ਮਲਟੀ ਬਰਾਂਡ ਦੇ ਸੇਲ ਕਾਊਂਟਰ ਹਨ ਜਿਥੇ ਧਰਮ ਦੇ ਨਾਮ 'ਤੇ ਹੋਰ ਬਹੁਤ ਕੁਝ ਵੇਚਿਆ ਜਾਂਦਾ ਹੈ ਤੇ ਲੋਕਾਂ ਦੇ ਤਨ, ਮਨ ਤੇ ਧਨ ਦੀ ਲੁੱਟ ਨਿਰੰਤਰ ਜਾਰੀ ਹੈ।(566)

ਪਰੰਤੂ ਦੂਸਰੇ ਪਾਸੇ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਡੇਰੇ ਤੇ ਡੇਰੇ ਮੁਖੀ ਨੂੰ ਇੱਕ ਸਮੂਹ ਵਜੋਂ ਪਛਾਣ ਰੱਖਣ ਵਾਲੀ ਧਿਰ ਵਜੋਂ ਭ੍ਰਿਸ਼ਟ, ਮਾੜੀ ਦਿੱਖ, ਲੁੱਟ-ਖਸੁੱਟ ਕਰਨ ਵਜੋਂ ਮਾੜੇ ਪੱਖ ਤੋਂ ਪੇਸ਼ ਕੀਤਾ ਗਿਆ ਹੈ। ਇਹ 'ਡੇਰਾ' ਆਪਣੇ-ਆਪ ਵਿੱਚ ਕੋਈ ਜੈਵਿਕ ਹੋਂਦ ਨਹੀਂ, ਪਰੰਤੂ ਡੇਰੇ ਦੀ ਹੋਂਦ ਜ਼ਰੂਰ ਜੈਵਿਕ ਹੋਂਦ ਅਥਵਾ ਵਿਅਕਤੀ ਵਿਸ਼ੇਸ਼ ਦੀ ਹੋਂਦ ਉੱਤੇ ਟਿਕੀ ਹੋਈ ਹੈ। ਕਹਿਣ ਤੋਂ ਭਾਵ ਇਹ ਹੈ ਕਿ ਡੇਰਾ ਮੁਖੀ ਅਤੇ ਉਸਨੂੰ ਸ਼ਰਧਾ ਸੁਮਨ ਭੇਂਟ ਕਰਨ ਵਾਲੇ ਵਿਅਕਤੀ ਹੀ ਡੇਰੇ ਵਿੱਚ ਪ੍ਰਾਣ-ਵਾਯੂ ਦਾ ਸੰਚਾਰ ਕਰਦੇ ਹਨ। ਵਿਅਕਤੀ ਵਿਸ਼ੇਸ਼ ਵਜੋਂ ਜਾਣੇ ਜਾਂਦੇ ਡੇਰਾ ਮੁਖੀ ਦੀ ਅਣਹੋਂਦ ਡੇਰੇ ਦੀ ਹੋਂਦ ਲਈ ਖਤਰਾ ਬਣ ਸਕਦੀ ਹੈ। ਡੇਰਾ ਮੁਖੀ ਨੂੰ ਸਰਵ-ਉੱਚ ਸ਼ਕਤੀ ਵਜੋਂ ਪੂਜਣ ਵਾਲੇ ਤਾਂ ਦ੍ਰਿਸ਼ਟ ਰੂਪ ਵਿੱਚ ਸ਼ਰਧਾਲੂ ਹੁੰਦੇ ਹਨ, ਪਰੰਤੂ ਉਸਦੀ ਸਰਵ-ਉੱਚਤਾ ਨੂੰ ਬਣਾਏ ਤੇ ਚਲਾਏ ਰੱਖਣ ਵਿੱਚ ਹੋਰ ਬਹੁ-ਸ਼ਕਤੀਆਂ ਅਦ੍ਰਿਸ਼ਟ ਰੂਪ ਵਿੱਚ ਕਿਰਿਆਸ਼ੀਲ ਹੁੰਦੀਆਂ ਹਨ। ਇਹਨਾਂ ਤਿੰਨ ਧਿਰਾਂ (ਡੇਰਾ, ਡੇਰਾ ਮੁਖੀ ਅਤੇ ਬਹੁ-ਸ਼ਕਤੀਆਂ) ਦੇ ਆਪਸੀ ਅੰਤਰ-ਕਿਰਿਆਤਮਕ ਸੰਬੰਧਾਂ ਵਿੱਚ ਹੀ ਵਿਸ਼ੇਸ਼ ਤੌਰ ਤੇ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਨੂੰ ਪਦਾਰਥਵਾਦੀ ਭ੍ਰਿਸ਼ਟਾਚਾਰ ਤੋਂ ਪੈਦਾ ਕਰਨ ਵਾਲਾ ਰਹੱਸ ਵਿਦਮਾਨ ਹੁੰਦਾ ਹੈ। ਉਪਰੋਕਤ ਸ਼ੰਕਾਵਾਂ ਤੇ ਸੰਭਾਵਨਾਵਾਂ ਵੱਲ ਸੰਕੇਤ ਕਰਦੀਆਂ ਸੁਖਜੀਤ ਦੀਆਂ ਕਹਾਣੀਆਂ ਚੋਂ ਡੇਰੇ

ਤੇ ਡੇਰੇ ਮੁਖੀ ਦਾ ਉੱਘੜ ਰਿਹਾ ਦ੍ਰਿਸ਼ ਪਾਕ ਸਾਫ਼ ਨਹੀਂ।ਸੁਖਜੀਤ ਦੀਆਂ ਕਹਾਣੀਆਂ ਨੂੰ ਸਮਝਦਿਆਂ ਡਾ. ਧਨਵੰਤ ਕੌਰ ਅਨੁਸਾਰ *ਲਕੀਰ, ਦੇਸ ਰਾਜ ਕਾਲੀ* 'ਚ ਲਿਖਿਆ ਹੈ:

> ਇਹਨਾਂ ਕਹਾਣੀਆਂ ਵਿੱਚ ਡੇਰੇ ਸਿਰਫ਼ ਕਹਾਣੀਆਂ ਦਾ ਵਾਪਰਨ ਸਥਾਨ ਹੀ ਨਹੀਂ। ਲੋਕ ਮਨ ਦੀ ਧਾਰਮਿਕ ਆਸਥਾ ਤੋਂ ਮਰਿਯਾਦਾ ਕਾਰਨ ਡੇਰਿਆਂ ਵਿੱਚ ਅਨਰਥ ਵਾਪਰਨਾ ਕਹਾਣੀ ਦੀ ਇੱਕ ਸੰਭਾਵਨਾ ਹੈ। ਪਰ ਘੋਰ ਅਨਰਥ ਡੇਰਿਆਂ ਵਿੱਚ ਹੀ ਕਿਉਂ ਵਾਪਰ ਰਹੇ ਹਨ, ਇਹ ਇੱਕ ਹੋਰ ਸੰਭਾਵਨਾ ਹੈ ਜਿਸਨੂੰ ਇਹ ਕਹਾਣੀਆਂ ਬੜ੍ਹੇ ਕਾਰਗਰ ਢੰਗ ਨਾਲ ਉਜਾਗਰ ਕਰ ਰਹੀਆਂ ਹਨ। ਇਹਨਾਂ ਕਹਾਣੀਆਂ ਵਿੱਚ ਅਸੀਂ ਡੇਰਿਆਂ ਵਿੱਚ ਕਾਰਜਸ਼ੀਲ ਸ਼ੈਤਾਨੀਅਤ ਦੀ ਪੂਰੀ ਮਕੈਨਿਕਸ ਨੂੰ ਸਮਝ ਸਕਦੇ ਹਾਂ। ਇਹਨਾਂ ਕਹਾਣੀਆਂ ਦਾ ਫ਼ਿਕਰ ਤਾਂ ਇਹ ਹੈ ਕਿ ਅਜੋਕੇ ਯੁੱਗ ਦੇ ਛੋਟੇ-ਵੱਡੇ ਪਾਤਸ਼ਾਹਾਂ, ਸੈਹਬਾਂ, ਬੀਬੀ ਸੈਹਬਾਂ ਵਰਗਿਆਂ ਦੀਆਂ ਸੰਤਾਨਾਂ ਅਤੇ ਭਗੌੜਿਆਂ, ਠੱਗਾਂ, ਵੈਲੀਆਂ ਦੀ ਪਨਾਹਗਾਰ ਬਣੇ ਇਹਨਾਂ ਡੇਰਿਆਂ ਵਿੱਚ ਬੇ-ਗੈਰਤੀ, ਬੇਸ਼ਰਮੀ, ਢੀਠਤਾ ਕਿਹੜਾ ਤਾਂਡਵ ਨੱਚ ਰਹੀ ਹੈ, ਕੀ ਉਹ ਬੰਦੇ ਦੇ ਜ਼ਮੀਰ ਦੇ ਮਰ ਜਾਣ ਜਾਂ ਮਾਰ ਦਿੱਤੇ ਜਾਣ ਦਾ ਐਲਾਨਨਾਮਾ ਨਹੀਂ। ਇਹਨਾਂ ਕਹਾਣੀਆਂ ਦੇ ਕਾਲਪਨਿਕ ਵੇਰਵੇ ਭਲੀਭਾਂਤ ਦਰਸਾ ਰਹੇ ਹਨ ਕਿ ਡੇਰਿਆਂ ਦੇ ਨੈੱਟਵਰਕ ਵਿੱਚ ਆਇਆ ਬੰਦਾ ਹੋਰ ਵਿਕਰਤ, ਹੋਰ ਸ਼ੈਤਾਨ, ਹੋਰ ਹੈਵਾਨ ਤਾਂ ਹੋ ਸਕਦਾ ਹੈ, ਪਰ ਜ਼ਮੀਰ ਦੇ ਸਵਾਲਾਂ ਪ੍ਰਤੀ ਹੁੰਗਾਰਾ ਕਦਾਚਿਤ ਨਹੀਂ ਭਰ ਸਕਦਾ। ਅੰਨ੍ਹੀ ਧੌਂਸ, ਬੇਖਵੀ ਤਾਕਤ ਦੇ ਘੋਰ ਨਰਕ ਦਾ ਅੱਡਾ ਬਣ ਰਹੇ ਡੇਰਿਆਂ ਨੂੰ ਸ਼ੈਤਾਨਾਂ ਤੇ ਹੈਵਾਨਾਂ ਦੀ ਸਪੇਸ ਵਜੋਂ ਥੀਮੀਕ੍ਰਿਤ ਕਰਨਾ ਇਹਨਾਂ ਕਹਾਣੀਆਂ ਦੀ ਜੁਗਤ ਵੀ ਹੈ ਤੇ ਮੁੱਦਾ ਵੀ।(71)

ਸੁਖਜੀਤ ਦੀ *ਅੰਤਰਾ* ਚੋਂ ਲਈ 'ਪਾਤਸ਼ਾਹ' ਕਹਾਣੀ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਵਿਕਾਸਸ਼ੀਲ ਦੇਸ਼ਾਂ ਵਿੱਚ ਧਰਮ ਦੇ ਅਡੰਬਰਮਈ ਰੂਪ ਅਧੀਨ ਪੂੰਜੀ ਕਿਸ ਰੂਪ ਵਿੱਚ ਕਮਾਈ ਜਾ ਰਹੀ ਹੈ। ਮਾਰਕਸ ਦੇ ਸਿਧਾਂਤ ਮੁਤਾਬਕ ਕਿਰਤ ਦਾ ਸਾਰਿਆਂ ਨੂੰ ਸਮਾਨ ਮਿਹਤਨਤਾਨਾ ਮਿਲਣਾ ਚਾਹੀਦਾ ਹੈ ਪਰ ਬਿਰਤਾਂਤਕਾਰ ਪਾਤਸ਼ਾਹ ਕਹਾਣੀ ਰਾਹੀਂ ਡੇਰਾਮੁਖੀ ਸੰਤ ਐਸ਼-ਪ੍ਰਸਤੀ ਵਾਲਾ ਜੀਵਨ ਨਿਰਬਾਹ

ਕਰ ਰਹੇ ਹਨ ਤੇ ਆਪਣੇ ਸੇਵਦਾਰਾਂ ਭਾਵ ਗੁੰਡਿਆਂ ਦੁਆਰਾ ਆਮ ਜਨਤਾ ਨਾਲ ਧਰੋਹ ਕਮਾ ਰਹੇ ਹਨ। ਕਿਰਤ ਕਰਨ ਵਾਲਿਆਂ ਕੋਲ ਉਹਨਾਂ ਦੀ ਕਿਰਤ ਦੇ ਸਾਧਨ ਧਰਮ ਦੇ ਅਡੰਬਰ ਅਧੀਨ ਜ਼ਬਰਦਸਤੀ ਖੋ ਲਏ ਜਾ ਰਹੇ ਦੀ ਪੇਸ਼ਕਾਰੀ ਮਾੜੇ ਪੱਖ ਵਜੋਂ ਕੀਤੀ ਗਈ ਹੈ। ਇੱਕ ਪਾਸੇ ਭਾਰਤ ਦੇਸ਼ ਦੀ ਉਹ ਕੌਮ ਹੈ ਜੋ ਦੋ ਸਮੇਂ ਦੀ ਰੋਟੀ ਵਾਸਤੇ ਕਿਰਤ ਦੀ ਸ਼ਕਤੀ ਵਿੱਚ ਵਿਸ਼ਵਾਸ ਰੱਖਦੀ ਹੈ ਪਰ ਦੂਸਰੇ ਪਾਸੇ ਮਾਨਸਿਕ ਤੇ ਵਿਅਕਤਿਤਵ ਪਰਿਵਰਤਨ ਦੁਆਰਾ ਪਾਤਸ਼ਾਹ ਵਰਗੇ ਢੌਂਗੀ ਬਾਬੇ ਝੂਠ ਤੇ ਕਪਟ ਰਾਹੀਂ ਸ਼ਰਧਾ ਵੱਸ ਪਈ ਜਨਤਾ ਦੀ ਕਿਰਤ ਕਮਾਈ ਨੂੰ ਆਪਣੇ ਕਾਰਜਾਂ ਲਈ ਲੇਖੇ ਲਾ ਰਹੇ ਹਨ। ਸ਼ਰਧਾ ਵੱਸ ਪਈ ਪਰਿਵਰਤਿਤ ਮਾਨਸਿਕਤਾ ਉਹਨਾਂ ਦੀ ਬਾਹਰੀ ਰੂਪ ਤੋਂ ਦਿਆਲੂ, ਦਾਤਾ, ਬਖ਼ਸ਼ਣਹਾਰ ਤੱਕ ਹੀ ਰੂਪ ਨੂੰ ਗ੍ਰਹਿਣ ਕਰਦੀ ਹੈ। ਡੂੰਘੇ ਅਰਥਾਂ ਵਿੱਚ ਜਾਣ ਦੀ ਬਜਾਏ ਅਡੰਬਰਮਈ ਪਰਿਵਰਤਿਤ ਰੂਪ ਤੇ ਛਲਾਵੇ ਦੇ ਵੱਸ ਪਈ ਮਾਨਸਿਕਤਾ ਆਪਣੀ ਸਾਰੀ ਉਮਰ ਦੀ ਕਿਰਤ ਕਮਾਈ ਇਹਨਾਂ ਦੇ ਅਧੀਨ ਕਰ ਦਿੰਦੀ ਹੈ। ਬਿਰਤਾਂਤਕਾਰ ਅਮਰ ਸਿੰਘ ਦੇ ਪਾਤਰ ਰਾਹੀਂ ਇਸ ਘਟਨਾ ਦਾ ਬਿਰਤਾਂਤ ਮਾਨਸਿਕ ਪ੍ਰਵਿਰਤੀ ਦੇ ਪਰਿਵਰਤਨ ਦੁਆਰਾ ਸਿਰਜਦਾ ਹੈ ਕਿ ਆਪਣੀ ਅੱਠ ਏਕੜ ਜ਼ਮੀਨ ਹੋਣ ਦੇ ਬਾਵਜੂਦ ਉਹ ਕਿਰਤ ਕਰਨ ਦੀ ਬਜਾਏ ਡੇਰੇ ਵਿੱਚ ਸੇਵਾ ਕਰਨ ਨੂੰ ਪਹਿਲ ਦਿੰਦਾ ਹੈ, ਪਰ ਸਥਿਤੀ-ਪਰਿਸਥਿਤੀ ਦੀ ਵਿਡੰਬਣਾ ਉਦੋਂ ਖੜ੍ਹੀ ਹੋ ਜਾਂਦੀ ਹੈ ਜਦੋਂ ਉਹ ਡੇਰੇ ਨੂੰ ਹੀ ਸਾਰਾ ਕੁਝ ਸਮਝ ਆਪਣੀ ਹੀ ਜ਼ਮੀਨ ਦਾ ਠੇਕਾ ਉੱਥੇ ਚੜ੍ਹਾਈ ਜਾਂਦਾ ਹੈ। ਜਿਵੇਂ ਕਿ 'ਪਾਤਸ਼ਾਹ' ਕਹਾਣੀ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਪਾਤਰ ਅਮਰ ਸਿੰਘ ਦਾ ਮਾਨਸਿਕ ਤੇ ਵਿਅਕਤਿਤਵ ਰੂਪ ਸ਼ਰਧਾ ਵਿੱਚ ਪਰਿਵਰਤਨ ਹੋਇਆ ਪਰਗਟ ਹੁੰਦਾ ਹੈ:

> ਪੈਸੇ ਫੜ੍ਹ ਕੇ ਬਾਪੂ ਚਿੱਟੀ ਰੁਮਾਲੀ ਵਿੱਚ ਲਪੇਟਦਾ ਤੇ ਮੱਥਾਂ ਟੇਕਣ ਵਾਂਗੂੰ ਦੋਵੇਂ ਹੱਥਾਂ ਨਾਲ ਸੇਵਕ ਦੇ ਹਵਾਲੇ ਕਰ ਦਿੰਦਾ ਤੇ ਆਖਦਾ, "ਮੈਂ ਥੋੜਾ ਭਲਾ ਹੀ ਕਰਦੈ ਭਾਈ, ਚਾਹੇ ਧੱਕੇ ਨਾਲ ਹੀ ਸਮਝ ਲੋ...। ਦਾਨ ਦਿੱਤੇ ਤੋਂ ਧਨ ਘਟਦਾ ਨਹੀਂ।(41)

ਬਿਰਤਾਂਤਕਾਰ ਨੇ ਡੇਰੇ ਦੀ ਅਸਲ ਅਸਲੀਅਤ ਇਸ ਪ੍ਰਕਾਰ ਦੀ ਪੇਸ਼ ਕੀਤੀ ਹੈ ਕਿ ਬਾਹਰੀ ਤੌਰ ਉੱਪਰ ਇਹ ਸ਼ਰਧਾਮਈ ਭਾਵਨਾ ਤਹਿਤ ਤਾਂ ਸੰਤਾਂ ਦਾ ਡੇਰਾ ਹੈ, ਪਰ ਪਰਿਵਰਤਨ ਤੌਰ 'ਤੇ ਅੰਦਰੂਨੀ ਹਕੀਕਤ

ਇਹ ਹੈ ਕਿ ਇਹ ਦੁਨੀਆ ਭਰ ਦੇ ਬਦਮਾਸ਼ਾ ਨਾਲ ਭਰਿਆ ਪਿਆ ਮਾੜਾ ਪੱਖ ਉੱਭਰਦਾ ਹੈ। ਪੰਜਾਬ ਦੀ ਭੋਲੀ ਕੌਮ ਇਹਨਾਂ ਦੇ ਬਾਹਰੀ ਰੂਪ ਵੱਲ ਮੋਹਿਤ ਹੋ ਕੇ ਰੱਬ ਦੀ ਪ੍ਰਾਪਤੀ ਹਿਤ ਆਪਣਾ-ਆਪ ਤੇ ਆਪਣੀ ਜਾਇਦਾਦ ਲੁਟਾ ਬੈਠਦੇ ਹਨ। ਜਦੋਂ ਅਜੈਬ ਸਿੰਘ ਨੂੰ ਆਪਣੀ ਜ਼ਮੀਨ ਜਾਇਦਾਦ ਪਾਤਸ਼ਾਹ ਦੁਆਰਾ ਆਪਣੇ ਨਾਮ ਰਜਿਸਟਰੀ ਕਰਵਾਉਣ ਦਾ ਪਤਾ ਚੱਲਦਾ ਹੈ। ਉਸ ਦਾ ਡੇਰਾ ਪਹੁੰਚਣ ਉੱਪਰ ਪਹਿਲਾ ਤਾਂ ਬੜਾ ਸਾਊ ਵਿਵਹਾਰ ਕੀਤਾ ਜਾਂਦਾ ਹੈ, ਪਰ ਬਾਅਦ ਵਿੱਚ ਪਰਿਵਰਤਨ ਵਜੋਂ ਸ਼ਰਾਬ ਪੀ ਕੇ ਆਉਣ ਦੇ ਬਹਾਨੇ ਅਧੀਨ ਸੰਗਲਾਂ ਨਾਲ ਬੰਨ੍ਹ ਦਿੱਤਾ ਜਾਂਦਾ ਹੈ। ਬਿਰਤਾਂਤਕਾਰ ਇਸ ਦਾ ਕਾਰਨ ਇਹ ਦਰਸਾਉਂਦਾ ਹੈ ਕਿ ਉਸਨੂੰ ਜ਼ਲੀਲ ਹੀ ਇੰਨਾ ਕਰ ਦਿੱਤਾ ਜਾਵੇ ਕਿ ਉਹ ਆਪਣੇ ਹੱਕਾਂ ਪ੍ਰਤੀ ਅਵਾਜ਼ ਨਾ ਉਠਾ ਸਕੇ। ਬਿਰਤਾਂਤਕਾਰ ਅਜੈਬ ਸਿੰਘ ਦੇ ਪਾਤਰ ਰਾਹੀਂ ਇਹ ਬਿਰਤਾਂਤ ਸਿਰਜਦਾ ਹੈ ਕਿ ਉਹ ਜ਼ਮੀਨ 'ਤੇ ਡੇਰਮੁਖੀ ਸੰਸਥਾ ਦਾ ਕਬਜ਼ਾ ਹੋਣ ਦੇ ਬਾਵਜੂਦ ਵੀ ਘਬਰਾਉਂਦਾ ਨਹੀਂ, ਸਗੋਂ ਬਿਰਤਾਂਤਕਾਰ ਉਸ ਦੇ ਪਾਤਰ ਰਾਹੀਂ ਇਹ ਸਿੱਧ ਕਰਨ ਦੀ ਬਿਰਤੀ ਵਿੱਚ ਹੈ ਕਿ:

> ਕਹਿੰਦੇ ਉਸ ਨੂੰ ਕਿ ਸਿਰਫ਼ ਰਜਿਸਟਰੀ ਕਰਾਉਣ ਨਾਲ ਜ਼ਮੀਨ ਉਹਦੀ ਨਹੀਂ ਹੋ ਗਈ ਦੇਖੂ' ਮੈਂ ਉਹਦਾ ਕਿਹੜਾ ਟਰੈਕਟਰ ਐਸ਼ ਪਾਤਸ਼ਾਹ ਦੀ ਹਿੱਕ ਤੋਂ ਲੰਘ ਕੇ ਜ਼ਮੀਨ 'ਚ ਜਾਊ।(46)

ਉਪਰੋਕਤ 'ਪਾਤਸ਼ਾਹ' ਕਹਾਣੀ ਅਧੀਨ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਧਰਮ ਦੀ ਆੜ ਵਿੱਚ ਡੇਰਿਆਂ ਵੱਲੋਂ ਕੀਤਾ ਜਾ ਰਿਹਾ ਆਮ ਜਨਤਾ ਦਾ ਸ਼ੋਸ਼ਣ ਅਭਿਵਿਅਕਤ ਕਰਦੀ ਹੈ। ਇਹ ਬਿਰਤਾਂਤ ਸਿਰਫ਼ ਮਾਸਟਰ ਅਜੈਬ ਸਿੰਘ 'ਦੇ ਦੁਖਾਂਤ ਤੱਕ ਹੀ ਸੀਮਤ ਨਹੀਂ ਰਹਿੰਦਾ, ਬਲਕਿ ਇਹ ਦੁਖਾਂਤ ਸ਼ਰਧਾ ਵੱਸ ਪਈ ਪਰਿਵਰਤਿਤ ਲੋਕ ਮਾਨਸਿਕਤਾ ਦੇ ਕਲਾਵੇ ਅਧੀਨ ਪੰਜਾਬ ਦੀ ਸਥਿਤੀ-ਪਰਸਥਿਤੀ ਵਿਅਕਤ ਕਰਦਾ ਹੈ। ਇਸ ਦਾ ਬਿਰਤਾਂਤ ਅਜੈਬ ਸਿੰਘ ਦੇ ਪਾਤਰ ਰਾਹੀਂ ਪ੍ਰਤੀਰੋਧ ਕਰਦਾ ਦਰਸਾਇਆਂ ਹੈ। ਇਸ ਦੇ ਨਾਲ ਸੁਖਵਿੰਦਰ ਨਾਮ ਦੇ ਪਾਤਰ ਦਾ ਤੁਰਨਾ ਭਵਿੱਖ ਵਿੱਚ ਇਸਦੇ ਸਾਰਥਕਤਾ ਦੇ ਰੂਪ ਦੀ ਪੇਸ਼ਕਾਰੀ ਕਰਦਾ ਹੈ। ਡਾ. ਬਲਦੇਵ ਸਿੰਘ ਧਾਲੀਵਾਲ ਸੁਖਜੀਤ ਦੀ ਕਹਾਣੀ 'ਪਾਤਸ਼ਾਹ' ਦਾ ਹਵਾਲਾ ਦਿੰਦੇ ਹੋਏ ਆਪਣੀ ਪੁਸਤਕ *ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ, ਪੰਜਾਬੀ ਕਹਾਣੀ ਤੇ ਵਿਹਾਰ* ਅਨੁਸਾਰ:

> ਇਸ ਪਦਾਰਥਕ ਅਤੇ ਉਪਭੋਗੀ ਚੇਤਨਾ ਨਾਲ ਸਭ ਤੋਂ ਤਿੱਖਾ ਵਿਰੋਧ ਸਾਡੀ ਅਧਿਆਤਮਕ ਆਸਥਾ ਦਾ ਸੀ ਜਿਸਨੂੰ 'ਮਾਇਆ' ਦੇ ਸੰਕਲਪ ਰਾਹੀਂ ਸੰਬੋਧਿਤ ਕੀਤਾ ਜਾਂਦਾ ਰਿਹਾ ਹੈ ਪਰ ਵਿਸ਼ਵੀਕਰਨ ਦੇ ਹੜ੍ਹ ਵਿੱਚ ਧਰਮ ਨੇ ਆਪਣਾ ਰੂਹਾਨੀਅਤ ਦੀ ਪ੍ਰਾਪਤੀ ਦਾ ਉਦੇਸ਼ ਗੁਆਂ ਲਿਆ ਹੈ ਅਤੇ ਉਸ ਦੀ ਥਾਂ ਅਧਿਆਤਮਕਤਾ ਨੂੰ ਸੱਤਾ-ਪ੍ਰਾਪਤੀ ਦੀ ਇੱਕ ਜੁਗਤ ਬਣਾ ਕੇ ਵਰਤੋਂ ਕੀਤੀ ਜਾਣ ਲੱਗੀ ਹੈ। ਸੁਖਜੀਤ ਦੀ ਕਹਾਣੀ 'ਪਾਤਸ਼ਾਹ' ਵਿੱਚਲਾ ਡੇਰੇ ਦਾ ਮੁਖੀ ਆਪਣੇ ਪਦਾਰਥਕ ਸੁੱਖਾਂ ਅਤੇ ਲਾਲਸਾਵਾਂ ਦੀ ਪੂਰਤੀ ਲਈ ਅਧਿਆਤਮਕਤਾ ਦੀ ਜੁਗਤ ਨੂੰ ਸੂਖਮ ਵਿਧੀ ਨਾਲ ਵਰਤ ਕੇ ਸੱਤਾ ਪ੍ਰਾਪਤੀ ਕਰਦਾ ਹੈ। ਆਪਣੇ ਵਿਰੁੱਧ ਪੈਦਾ ਹੋਣ ਵਾਲੇ ਵਿਰੋਧੀ ਆਵਾਜ਼ ਨੂੰ ਉਹ ਬੜੇ ਨਾਟਕੀ ਅੰਦਾਜ਼ ਨਾਲ ਮਲੀਆਮੇਟ ਕਰ ਸਕਣ ਦੇ ਹੁਨਰ ਦਾ ਮਾਹਰ ਹੈ।(89)

ਸੁਖਜੀਤ ਦੀ 'ਪਾਤਸ਼ਾਹ' ਨਾਂ ਦੀ ਕਹਾਣੀ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਡੇਰਾਵਾਦੀ ਕਲਚਰ ਅਧੀਨ ਧਰਮ ਦੇ ਨਾਂ ਉੱਤੇ ਹੋ ਰਹੇ ਕੁਕਰਮਾਂ, ਆਰਥਿਕ ਲੁੱਟ-ਖਸੁੱਟ ਜਿਸਮਾਨੀ ਸ਼ੋਸ਼ਣ ਅਤੇ ਅਮਾਨਵੀ ਵਤੀਰੇ ਦਾ ਚਿਤਰਨ ਕਰਦੀ ਹੈ। ਵਿਸ਼ਵੀਕਰਨ ਦੇ ਦੌਰ ਵਿੱਚ ਤਰਕ ਵਿਗਿਆਨ ਅਤੇ ਤਕਨਾਲੋਜੀ ਦੇ ਪ੍ਰਸਾਰ ਦੇ ਬਾਵਜੂਦ ਅੰਧ-ਵਿਸ਼ਵਾਸ ਵਿੱਚ ਗ੍ਰਸੀ ਲੋਕ ਮਾਨਸਿਕਤਾ ਡੇਰਾਵਾਦ ਨੂੰ ਫੈਲਾਅ ਰਹੀ ਹੈ। ਧਰਮ ਦੇ ਨਾਂ ਉੱਤੇ ਅਡੰਬਰ ਰਚ ਕੇ ਪਾਖੰਡੀ ਲੋਕਾਂ ਦੁਆਰਾ ਜਿੱਥੇ ਨਵੀਂ ਕਿਸਮ ਦੇ ਧਾਰਮਿਕ ਮੁੱਲਾਂ ਦੀ ਉਸਾਰੀ ਕੀਤੀ ਜਾ ਰਹੀ ਹੈ ਉੱਥੇ ਨੈਤਿਕ ਆਦਰਸ਼ਾਂ ਦਾ ਪਤਨ ਕਰਕੇ ਲੋਕਾਈ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਡੇਰਾਵਾਦ ਕਲਚਰ ਅਧੀਨ ਲੋਕਾਂ ਦਾ ਮਾਨਸਿਕ ਅਤੇ ਸਰੀਰਕ ਸ਼ੋਸ਼ਣ ਧਰਮ ਵਿੱਚ ਆ ਰਹੇ ਪਰਿਵਰਤਨ ਅਤੇ ਬਦਲ ਰਹੇ ਮੁੱਲਾਂ ਦੀ ਨਿਸ਼ਾਨਦੇਹੀ ਹੈ। ਇਸ ਕਹਾਣੀ ਵਿੱਚ ਪਾਤਸ਼ਾਹ ਬਣੇ ਵੱਖ-ਵੱਖ ਲੋਕ ਕੁਟਿਲ ਨੀਤੀਆਂ ਅਪਣਾ ਕੇ ਐਸ਼ੋ-ਆਰਾਮ ਭਰਿਆ ਜੀਵਨ ਬਤੀਤ ਕਰਦੇ ਹਨ। ਕਹਾਣੀ ਦੇ ਮੁੱਖ ਪਾਤਰ ਅਜੈਬ ਸਿੰਘ ਦਾ ਪਿਉ ਅਮਰ ਸਿੰਘ ਆਪਣੀ ਅੰਨ੍ਹੀ ਸ਼ਰਧਾ ਅਤੇ ਆਸਥਾ ਕਾਰਨ ਆਪਣੀ ਜ਼ਮੀਨ ਡੇਰੇ ਨੂੰ ਦਾਨ ਕਰਦਾ ਹੈ। ਜਿਸ ਕਰਕੇ ਉਸਦਾ ਪੜ੍ਹਿਆ ਲਿਖਿਆ ਮਾਸਟਰ ਲੱਗਾ ਹੋਇਆ ਪੁੱਤਰ ਅਜੈਬ ਸਿੰਘ ਆਰਥਿਕ ਅਤੇ ਮਾਨਸਿਕ ਤੌਰ 'ਤੇ ਅਸਹਿ ਪੀੜਾ ਦਾ ਸ਼ਿਕਾਰ ਹੋ ਜਾਂਦਾ ਹੈ। ਪੰਜਾਬ ਵਿੱਚ ਖੁੰਭਾਂ ਵਾਂਗ

ਉੱਗੇ ਧਾਰਮਿਕ ਡੇਰਿਆਂ ਦੇ ਸੰਤਾਂ ਦੀਆਂ ਗੈਬੀ ਸ਼ਕਤੀਆਂ ਅਤੇ ਭਰਮਾਊ ਗੱਲਾਂ ਵਿੱਚ ਆਇਆ ਆਮ ਮਨੁੱਖ ਜਿੱਥੇ ਸ਼ਰਧਾ ਵੱਸ ਆਰਥਿਕ ਤੌਰ 'ਤੇ ਕੰਮਜ਼ੋਰ ਹੋ ਰਿਹਾ ਉੱਥੇ ਮਾਨਸਿਕ ਪੀੜਾ ਦਾ ਸ਼ਿਕਾਰ ਵੀ ਹੁੰਦਾ ਹੈ। ਲੋਕਾਂ ਨੂੰ ਲੁੱਟਣ ਵਾਲੇ ਅਜਿਹੇ ਪਾਤਸ਼ਾਹ ਬਣੇ ਪਾਖੰਡੀ ਸਾਧਾਂ ਬਾਰੇ ਆਮ ਲੋਕ ਇੱਕ ਵੀ ਮਾੜਾ ਸ਼ਬਦ ਬੋਲਣ ਤੇ ਸੁਣਨ ਤੋਂ ਗੁਰੇਜ਼ ਕਰਦੇ ਹਨ। ਧਰਮ ਦੀ ਆੜ ਹੇਠ ਸੰਗਮਰਮਰਾਂ ਦੀਆਂ ਇਮਾਰਤਾਂ ਅੰਦਰ ਹੋ ਰਹੇ ਕਾਲੇ ਕਾਰਨਾਮਿਆਂ ਅਤੇ ਅਖੌਤੀ ਬਾਬਿਆਂ ਦੀਆਂ ਕਾਲੀਆਂ ਕਰਤੂਤਾਂ, ਮਨਘੜਤ ਮਿੱਥਾਂ, ਦਾਨ-ਪੁੰਨ, ਤਪੱਸਿਆ ਆਦਿ ਦੇ ਨਾਂ 'ਤੇ ਹੋ ਰਹੇ ਆਮ ਲੋਕਾਂ ਦੇ ਸ਼ੋਸ਼ਣ ਅਤੇ ਲੁੱਟ ਨੂੰ ਕਹਾਣੀ ਵਿੱਚ ਪੇਸ਼ ਕੀਤਾ ਗਿਆ ਹੈ। ਮਾਸਟਰ ਅਜੈਬ ਸਿੰਘ ਜਦੋਂ ਆਪਣੇ ਪਿਤਾ ਦੁਆਰਾ ਡੇਰੇ ਦੇ ਨਾਂ ਲਵਾਈ ਅੱਠ ਕਿੱਲੇ ਜ਼ਮੀਨ ਦੀ ਪੁੱਛ-ਪੜਤਾਲ ਕਰਨ ਲਈ ਡੇਰੇ ਅੰਦਰ ਜਾਂਦਾ ਹੈ ਤਾਂ ਉਹ ਹੈਰਾਨ ਰਹਿ ਜਾਂਦਾ ਹੈ ਕਿ ਡੇਰੇ ਅੰਦਰ ਵਿਹਲੜ ਲੋਕ ਕਿਸ ਤਰ੍ਹਾਂ ਐਸ਼ੋ-ਆਰਾਮ ਭਰਿਆ ਜੀਵਨ ਬਤੀਤ ਕਰਦੇ ਹਨ। ਡੇਰੇ ਦੇ ਸਾਧ ਭੋਲੇ-ਭਾਲੇ ਲੋਕਾਂ ਨੂੰ ਪ੍ਰਲੋਕ ਸੰਵਾਰਨ ਦੇ ਸੁਫਨੇ ਦਿਖਾ ਕੇ ਉਹਨਾਂ ਦਾ ਆਰਥਿਕ ਸ਼ੋਸ਼ਣ ਕਰਦੇ ਹਨ। ਸੁਖਜੀਤ ਦੀ *ਅੰਤਰਾ* ਚੋਂ ਲਈ ਕਹਾਣੀ 'ਆਦਮਖ਼ੋਰ' ਵਿੱਚ ਮਾਂ ਜੋ ਮਮਤਾ ਦੀ ਸੰਪੂਰਨ ਧਿਰ ਮੰਨੀ ਜਾਂਦੀ ਸੀ ਹੁਣ ਇੱਕੀਵੀਂ ਸਦੀ ਦੀ ਨੁਹਾਰ ਵਿੱਚ ਪੁੱਤ ਦਾ ਮੋਹ ਵੀ ਤਿਆਗ ਚੁੱਕੀ ਦਰਸਾਈ ਹੈ। ਸਵੈ ਭਾਵ ਸ਼ਰਧਾ ਮੂਲਕ ਪ੍ਰਤੀਮਾਨ ਵਿੱਚ ਘੇਰੀ ਮਾਂ ਨਾਲੋਂ ਬੀਬੀ ਭਗਤਣੀ ਅਖਵਾਉਣਾ ਬਿਹਤਰ ਸਮਝਦੀ ਹੈ। 'ਆਦਮਖ਼ੋਰ' ਕਹਾਣੀ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਮਾਂ ਦੀ ਜਿਸਮਾਨੀ ਭੁੱਖ ਅੱਗੇ ਮਮਤਾਮਈ ਰੂਪ ਪਰਿਵਰਤਨ ਹੁੰਦਾ ਮਾੜੇ ਪੱਖ ਵਜੋਂ ਪੇਸ਼ ਕੀਤਾ ਗਿਆ ਹੈ। ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਡੇਰੇ ਬਣਾਉਣ ਦੀ ਆੜ ਵਿੱਚ ਸੰਤਾਂ ਦੁਆਰਾ ਅਨਪੜ੍ਹ ਔਰਤਾਂ ਨੂੰ ਆਪਣੇ ਮਗਰ ਲਗਾ ਕੇ ਜ਼ਮੀਨਾਂ ਤੇ ਧਨ ਉਹਨਾਂ ਤੋਂ ਪ੍ਰਾਪਤ ਕਰਦੇ ਹਨ। ਕਹਾਣੀਕਾਰ ਦੁਆਰਾ ਮਾਨਸਿਕ ਤੇ ਵਿਅਕਤੀਗਤ ਤੌਰ 'ਤੇ ਮਾਂ ਨਾਲੋਂ ਬੀਬੀ ਭਗਤਣੀ ਅਖਵਾਉਣ ਲਈ ਪਰਿਵਰਤਨ ਵਜੋਂ ਬੀਬੀ ਭਗਤਣੀ ਵਰਗੀਆਂ ਔਰਤਾਂ ਰਾਹੀਂ ਅਜਿਹਾ ਕਾਰਜ ਮਾੜੇ ਪੱਖ ਤੋਂ ਸੰਪੂਰਨ ਹੁੰਦਾ ਪੇਸ਼ ਕੀਤਾ ਗਿਆ ਹੈ। ਜਿਵੇਂ ਕਿ:

ਬੀਬੀ ਭਗਤਣੀ ਨੇ ਕਿੱਡੀ ਕੁਰਬਾਨੀ ਕੀਤੀ ਏ, ਆਪਣੀ ਸਾਰੀ ਛੇ ਕਿੱਲੇ ਭੋਇੰ ਮੱਥਾ ਟੇਕ ਦਿੱਤੀ ਏ

> ਸੰਤਾਂ ਨੂੰ, ਡੇਰਾ ਬਨਾਉਣ ਲਈ। ਉਹ ਆਪ ਵੀ ਸੰਤਾਂ ਦੀ ਸੇਵਾ ਕਰਨ ਲਈ, ਦੁਨੀਆ ਦਾ ਮੋਹ ਤਿਆਗ, ਡੇਰੇ ਆਣ ਕੇ ਬਹਿ ਗਈ ਏ, ਆਪਣੀ ਜੁਆਨ ਧੀ ਨਾਲ।(18)

ਅਸਲੀਅਤ ਵਿੱਚ ਉਹ ਵਿਆਹ ਬਾਹਰੇ ਸੰਬੰਧਾਂ ਵਿੱਚ ਪਤੀ ਦੇ ਹੁੰਦਿਆਂ ਵੀ ਇਸ ਸੰਤ ਨਾਲ ਸਰੀਰਕ ਸੰਬੰਧ ਬਣਾਉਂਦੀ ਹੈ। ਪਤੀ ਦੇ ਮਰਨ ਉਪਰੰਤ ਸੰਪੂਰਨ ਤੌਰ ਉੱਪਰ ਸਾਰੀ ਜ਼ਮੀਨ-ਜਾਇਦਾਦ ਤੇ ਆਪ ਤੇ ਆਪਣੀ ਧੀ ਨੂੰ ਸੰਪੂਰਨ ਤੌਰ 'ਤੇ ਡੇਰੇ ਨੂੰ ਸਮਰਪਣ ਕਰ ਦਿੰਦੀ ਹੈ। ਬੀਬੀ ਭਗਤਣੀ ਵਰਗੀਆਂ ਚੇਲੀਆਂ ਡੇਰਾਤੰਤਰ ਦੇ ਜਾਲ ਵਿੱਚ ਸੰਪੂਰਨ ਪੱਖ ਤੋਂ ਬਰਬਾਦ ਹੋ ਬੈਠਦੀਆਂ ਹਨ। ਇਸ ਪਿੱਛੇ ਜੋ ਕਾਰਨ ਕਾਰਜਸ਼ੀਲ ਹੈ ਉਹ ਅਨਪੜ੍ਹਤਾ ਤੇ ਸਰੀਰਕ ਹਵਸ ਦੋਵਾਂ ਦਾ ਮਿਲਗੋਭਾ ਹੈ। 'ਗਨਕਾ ਤਾਰ ਦਿੱਤੀ ਐ' ਦੇ ਪ੍ਰਤੀਕ ਰਾਹੀਂ ਔਰਤ ਦੀ ਵੇਸਵਾਗਮਨੀ ਦੀ ਸਥਿਤੀ ਬਣੀ ਦਿਖਾਈ ਹੈ। ਕਹਾਣੀ ਦੇ ਬਿਰਤਾਂਤ ਵਿੱਚ ਪਹਿਲਾਂ ਮਾਂ ਤੇ ਫਿਰ ਧੀ ਸੰਤਾਂ ਦੀ ਲਪੇਟ ਵਿੱਚ ਆਈਆਂ ਆਪਣਾ ਸਵੈ ਹੀ ਬਰਬਾਦ ਕਰ ਬੈਠਦੀਆਂ ਹਨ। ਬਿਰਤਾਂਤਕਾਰ ਸੰਤਾਂ ਦੀ ਪਹੁੰਚ ਪੁਲਿਸ ਤੱਕ ਦਰਸਾਉਂਦਾ ਹੈ। ਪੁਲਿਸ ਦੀ ਭੂਮਿਕਾ ਇਸ ਪ੍ਰਕਾਰ ਦੀ ਹੈ ਕਿ ਬਾਹਰੀ ਤੌਰ ਉੱਪਰ ਸਿਰਫ਼ ਇਹ ਵਿਖਾਵਾ ਮਾਤਰ ਸਾਰਾ ਕਾਰਜ ਕਰਦੀਆਂ ਹਨ, ਪਰ ਅਸਲੀਅਤ ਵਿੱਚ ਸਾਰਾ ਵਰਤਾਰਾ ਸੰਤਾਂ ਦੇ ਕਹਿਣ ਮੁਤਾਬਕ ਹੀ ਹੋ ਰਿਹਾ ਹੁੰਦਾ ਹੈ। ਉਪਰੋਕਤ ਰੂਪ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਭ੍ਰਿਸ਼ਟ ਡੇਰਾ-ਤੰਤਰ ਜ਼ਰੀਏ ਹੋ ਰਿਹਾ ਮਨੁੱਖਤਾ ਦਾ ਘਾਣ ਪੇਸ਼ ਕੀਤਾ ਗਿਆ ਹੈ। ਪਰਿਵਰਤਨ ਤੌਰ 'ਤੇ ਇਸ ਦੀ ਪਹੁੰਚ ਸਿਰਫ਼ ਪਦਾਰਥਕ ਸਾਧਨਾਂ ਦੇ ਕਬਜ਼ਾ ਤੱਕ ਹੀ ਸੀਮਤ ਨਹੀਂ ਹੈ, ਸਗੋਂ ਲੋਕ-ਮਾਨਸਿਕਤਾ ਨੂੰ ਨਿਯੰਤਰਨ ਕਰਕੇ ਉਹਨਾਂ ਦਾ ਹਰੇਕ ਪੱਖ ਤੋਂ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਬੀਬੇ ਦੀ ਮਾਂ, ਹੁਣ ਪਰਿਵਰਤਨ ਹੋ ਕੇ ਬੀਬੀ ਭਗਤਣੀ ਦੇ ਨਾਂ ਨਾਲ ਜਾਣੀ ਜਾਣ ਲੱਗ ਪਈ ਹੈ, ਕਿਉਂਕਿ ਉਸਨੇ ਬੀਬੇ ਦੇ ਨਾਂ ਹੇਠਲੀ ਸਾਰੀ ਭੋਇ ਡੇਰੇ ਨੂੰ ਮੱਥਾ ਟੇਕ ਦਿੱਤੀ ਹੈ ਅਤੇ ਖੁਦ ਆਪਣੀ ਧੀ ਨਾਲ ਸੰਤਾਂ ਦੀ ਸ਼ਰਨ 'ਚ ਜਾ ਚੁੱਕੀ ਹੈ। ਇਸ ਸਭ ਨੇ ਬੀਬੇ ਦੇ ਡਰ ਤੇ ਸਹਿਮ ਨੂੰ ਰੋਸ ਵਿੱਚ ਤਬਦੀਲ ਕਰ ਦਿੱਤਾ ਹੈ। ਬੀਬੇ ਦਾ ਰੋਸ ਹੁਣ ਵਿਦਰੋਹ ਦਾ ਰੂਪ ਧਾਰਨ ਕਰ ਗਿਆ। ਉਹ ਇਸ ਵਿਦਰੋਹ ਦਾ ਪ੍ਰਗਟਾਵਾ ਪਿੰਡ ਦੀਆਂ ਕੰਧਾਂ ਉੱਤੇ 'ਬੀਬੀ ਭਗਤਣੀ ਬੰਦੇ

ਖਾਣੀ ਹੈ' ਲਿਖ-ਲਿਖ ਕੇ ਕਰਦਾ ਹੈ। ਬੀਬੀ ਭਗਤਣੀ ਦੀ ਨਿਰਾਦਰੀ ਕਰਨ ਵਾਲੇ ਬੀਬੇ ਨੂੰ ਸੰਤਾਂ ਦੇ ਸੇਵਕ ਬਾਬੇ ਫ਼ੌਜੀ ਦੀ ਮੋਹਰ ਉੱਤੇ ਕਾਬੂ ਕਰ ਲੈਂਦੇ ਹਨ, ਭਾਵੇਂ ਕਿ ਬੀਬੇ ਨੂੰ ਫੜਨ ਦਾ ਅਸਲ ਮਕਸਦ ਸੰਤਾਂ ਨੂੰ ਦਾਨ ਵਿੱਚ ਦਿੱਤੀ ਗਈ ਭੋਇ ਦੇ ਖਿਲਾਫ ਕਿਸੇ ਵੀ ਕਿਸਮ ਦੇ ਵਿਰੋਧ ਨੂੰ ਉੱਭਰਨ ਤੋਂ ਪਹਿਲਾਂ ਹੀ ਨੱਪ ਦੇਣਾ ਹੈ। ਬੀਬੇ ਨੂੰ ਫੜਨ ਉਪਰੰਤ ਨਵੇਂ ਉਸਰ ਰਹੇ ਡੇਰੇ ਵਿੱਚ ਸੰਤਾਂ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਸੰਤ ਕੁਰਸੀ ਉੱਤੇ ਸਜੇ ਹੋਏ ਹਨ। 'ਕੁਰਸੀ', ਸੱਤਾ ਦੀ ਪ੍ਰਤੀਕ ਹੈ ਅਤੇ ਸੰਤਾਂ ਦੇ ਕੋਲ ਖੜ੍ਹੇ ਬੰਦੂਕਧਾਰੀਆਂ ਦੀ 'ਬੰਦੂਕ' ਸੱਤਾ ਦੀ ਪ੍ਰਕਿਰਤੀ ਦੀ। ਸੰਤਾਂ ਦੀ ਚਰਨ ਛੋਹ ਕੋਲ ਬੈਠੀਆਂ ਬਹੁਤੀਆਂ ਤੀਵੀਆਂ ਰੰਡੀਆਂ ਜਾਂ ਛੁੱਟੜਾਂ ਹਨ। 'ਰੰਡੀਆਂ' ਜਾਂ 'ਛੁੱਟੜਾਂ' ਕੇਵਲ ਸ਼ਬਦ ਮਾਤਰ ਨਹੀਂ, ਬਲਕਿ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਉਹਨਾਂ ਔਰਤਾਂ ਦੇ ਪਰਿਵਰਤਿਤ ਹੋਏ ਸੰਕੇਤਕ ਰੂਪ ਹਨ, ਜੋ ਨਿਰਆਸਰਾ ਹੋਣ ਕਾਰਨ ਆਸਰੇ ਦੀ ਭਾਲ 'ਚ ਰਹਿੰਦੀਆਂ ਹਨ। ਸੰਤਾਂ ਦੇ ਇਰਦ-ਗਿਰਦ ਇਕੱਠੀ ਹੋਈ ਭੀੜ ਉਸ ਬੰਦੇ ਦੀ ਝਲਕ ਵੇਖਣ ਲਈ ਪੱਬਾਂ ਭਾਰ ਹੋ ਰਹੀ ਹੈ, ਜੋ ਪਿੰਡ ਦੀਆਂ ਕੰਧਾਂ ਉੱਤੇ ਰੋਜ਼ਾਨਾ 'ਬੀਬੀ ਭਗਤਣੀ ਬੰਦੇ ਖਾਣੀ' ਲਿਖ ਜਾਂਦਾ ਹੈ। ਬਿਰਤਾਂਤਕਾਰ ਭੀੜ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਪਰਿਵਰਤਨ ਵਜੋਂ ਅਸਥਿਰ ਪ੍ਰਕਿਰਤੀ ਦਾ ਅਹਿਸਾਸ ਕਰਵਾ ਦੇਂਦਾ ਹੈ ਕਿ ਇਹ ਸੁੱਕੇ ਪੱਤਰਾਂ ਵਾਂਗਰ ਹਨ, ਜੋ ਹਵਾ ਦੇ ਜ਼ੋਰ ਨਾਲ ਹੀ ਆਪਣੀ ਦਿਸ਼ਾ ਬਦਲ ਲੈਂਦੇ ਹਨ। ਸੋ, ਕਹਾਣੀ 'ਆਦਮਖ਼ੋਰ' ਵਿੱਚ ਇਸ ਪਰਿਵਰਤਨ ਵਜੋਂ ਪੇਸ਼ ਕਰਦਾ ਹੋਇਆ ਕਹਾਣੀਕਾਰ ਮਾੜੇ ਪੱਖ ਵਜੋਂ ਕਹਿੰਦਾ ਹੈ ਕਿ:

> ਸ਼ਾਮਾਂ ਲਹਿ ਕੇ ਚਲੇ ਗਈਆਂ ਨੇ, ਰਾਤ ਆ ਗਈ ਹੈ। ਬਾਬਾ ਤਾਂ ਬਹੁੜਿਆ ਈ ਨਹੀਂ। ਖੌਰੇ ਫੜਿਆ ਈ ਨਾ ਗਿਆ ਹੋਵੇ। ਖੌਰੇ ਦੁਆਲੇ ਦੇ ਪਿੰਡਾਂ 'ਚ ਵੀ ਬੰਦਾ ਕੋਈ ਨਾ ਰਹਿਆ ਹੋਵੇ, ਸੁੱਕੇ ਪੱਤਰ ਹੀ ਹੋਣ। ਖੌਰੇ ਬਾਬਾ ਵੀ ਤ੍ਰੇਹ ਨਾ ਗਿਆ ਹੋਵੇ। ਖੌਰੇ...। ਤੇ ਉਸ ਹਾਉਕਾ ਭਰ ਕੇ ਸਿਰ ਥਮ੍ਹਲੇ ਨਾਲ ਜੋੜ ਲਿਆ ਹੈ।(40)

ਸੁਖਜੀਤ ਦੇ *ਮੈਂ ਹੁਣ ਇੰਜਆਏ ਕਰਦੀ ਆਂ* ਕਹਾਣੀ ਸੰਗ੍ਰਹਿ ਦੀ ਕਹਾਣੀ 'ਮੈਂ ਹੁਣ ਇੰਜਆਏ ਕਰਦੀ ਆਂ' ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਗਿਆਨੀ ਵਰਗੇ ਹੀ ਮੈਲੇ ਆਚਰਨ

ਵਾਲੇ ਲੋਕਾਂ ਵੱਲੋਂ ਧਰਮ ਦੇ ਨਾਂ ਉੱਪਰ ਉਸਾਰੇ ਜਾ ਰਹੇ ਇਸ ਪ੍ਰਤੀਮਾਨ ਨੂੰ ਪਰਿਵਰਤਨ ਵਜੋਂ ਪੇਸ਼ ਕਰਦੀ ਹੈ ਕਿ ਧਰਮ ਦੀ ਆੜ ਹੇਠ ਡੇਰਾ ਕਲਚਰ ਵੱਲੋਂ ਚਲਾਇਆ ਜਾ ਰਿਹਾ ਦੇਹ ਵਪਾਰ ਦਾ ਧੰਦਾ ਧਾਰਮਿਕ ਆਦਰਸ਼ਾਂ ਨੂੰ ਪਤਨ ਵੱਲ ਲਿਜਾ ਰਿਹਾ ਹੈ। ਨੈਤਿਕਤਾ ਧਾਰਮਿਕ ਚੇਤਨਾ ਤੋਂ ਪ੍ਰੇਰਿਤ ਹੋ ਕੇ ਹੋਂਦ ਵਿੱਚ ਆਇਆ ਇੱਕ ਸੰਕਲਪ ਵੀ ਹੈ। ਜਿਸਨੂੰ ਅਜੋਕੇ ਪਰਿਵਰਤਨਸ਼ੀਲ ਦੌਰ ਵਿੱਚ ਮਾਨਵਤਾ ਦੀ ਸੇਵਾ, ਸਮਾਜ ਭਲਾਈ ਅਤੇ ਭਰੱਪਣ ਦੀ ਥਾਂ ਸੌਦੇਬਾਜ਼ੀ ਅਤੇ ਸਵੈ-ਹਿੱਤਾਂ ਦੀ ਪੂਰਤੀ ਲਈ ਵਰਤਿਆ ਜਾ ਰਿਹਾ ਹੈ। ਡੇਰਾਵਾਦ ਦੇ ਫੈਲਾਅ ਲਈ ਚੇਤਨਹੀਣ ਲੋਕ ਖੁਦ ਹੀ ਜ਼ਿੰਮੇਵਾਰ ਹਨ। ਸਮਾਜਿਕ ਅਤੇ ਆਰਥਿਕ ਤੌਰ 'ਤੇ ਪੱਛੜੇ ਹੋਏ ਲੋਕ ਡੇਰਿਆਂ ਪ੍ਰਤਿ ਅੰਨ੍ਹੀ ਸ਼ਰਧਾ ਰੱਖਦੇ ਹਨ। ਅੰਧ-ਵਿਸ਼ਵਾਸੀ ਵਿੱਚ ਗ੍ਰੱਸੇ ਇਹ ਲੋਕ ਅਨੈਤਿਕ ਕੰਮਾਂ ਨੂੰ ਵੀ ਇੱਕ ਆਸ ਦੀ ਦ੍ਰਿਸ਼ਟੀ ਨਾਲ ਦੇਖਦੇ ਹਨ। ਲੋਕਾਂ ਲਈ ਸਤਿਕਾਰਤ ਡੇਰਾ ਮੁਖੀ ਆਪਣੇ ਆਪ ਨੂੰ ਸੋਢੀ ਪਾਤਸ਼ਾਹ ਦੀ ਕੁਲ ਵਿਚੋਂ ਦੱਸ ਕੇ ਮਾਣ ਅਤੇ ਵਡਿਆਈ ਮਹਿਸੂਸ ਕਰਦਾ ਹੈ। ਡੇਰੇ ਦੇ ਸੈਹਬ ਜੀ ਦੇ ਗੁੱਸੇ ਨੂੰ ਉਹ ਪ੍ਰਸ਼ਾਦ ਦੇ ਰੂਪ ਵਿੱਚ ਗ੍ਰਹਿਣ ਕਰਦੇ ਹਨ। ਉਸ ਵੱਲੋਂ ਪਿੰਡ ਦੇ ਲੋਕਾਂ ਨੂੰ ਕੱਢੀਆਂ ਜਾਂਦੀਆਂ ਗਾਲ੍ਹਾਂ ਅਤੇ ਅਪੱਦਰ ਭਾਸ਼ਾ ਨੂੰ ਲੋਕ ਚਾਅ ਨਾਲ ਪ੍ਰਸ਼ਾਦ ਵਜੋਂ ਗ੍ਰਹਿਣ ਕਰਦੇ ਹੋਏ ਆਪਣੇ ਆਪ ਨੂੰ ਵੱਡੇ ਭਾਗਾਂ ਵਾਲੇ ਸਮਝਦੇ ਹਨ। ਡੇਰੇ ਨੂੰ ਪ੍ਰਫੁੱਲਿਤ ਕਰਨ ਲਈ ਡੇਰਾ ਮੁਖੀ ਆਪਣੇ ਰੱਖੇ ਚੇਲੇ ਚਾਟੜਿਆਂ ਕੋਲੋਂ ਆਪਣੇ ਡੇਰੇ ਦੀ ਸ਼ੋਭਾ ਕਰਵਾਉਂਦਾ ਹੈ। ਝੂਠੀਆਂ ਗੈਬੀ ਸ਼ਕਤੀਆਂ ਦੇ ਢੰਡੋਰੇ ਪਿਟਵਾਉਂਦਾ ਹੈ। ਔਰਤਾਂ ਆਪਣੀਆਂ ਕਾਮੁਕ ਇੱਛਾਵਾਂ ਦੀ ਪੂਰਤੀ ਅਤੇ ਮਾੜੀ ਆਰਥਿਕ ਸਥਿਤੀ ਕਾਰਨ ਅਜਿਹੇ ਡੇਰਿਆਂ ਦੀ ਦਲਦਲ ਵਿੱਚ ਫਸਦੀਆਂ ਹਨ। ਕੁਝ ਲੋਕ ਆਪਣੇ ਪਰਿਵਾਰਕ ਅਤੇ ਸਮਾਜਿਕ ਸੰਕਟਾਂ ਤੋਂ ਛੁਟਕਾਰਾ ਪਾਉਣ ਲਈ ਡੇਰਿਆਂ ਦਾ ਸਹਾਰਾ ਲੈਂਦੇ ਹਨ। ਡੇਰੇ ਦੀਆਂ ਕਾਲੀਆਂ ਕਰਤੂਤਾਂ ਬਾਹਰ ਨਾ ਜਾਣ, ਇਸ ਲਈ ਹਰ ਸਮੱਸਿਆ ਨੂੰ ਡੇਰੇ ਦੇ ਅੰਦਰ ਹੀ ਸੁਲਝਾ ਲਿਆ ਜਾਂਦਾ ਹੈ। ਜਿਵੇਂ ਕਿ 'ਪਾਤਸ਼ਾਹ' ਕਹਾਣੀ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਗਰਭਵਤੀ ਔਰਤਾਂ ਦੇ ਅਬਾਰਸ਼ਨ ਜਾਂ ਰੇਪ ਦੌਰਾਨ ਕਿਸੇ ਦੀ ਮੌਤ ਹੋਣ ਜਾਣ ਜਿਹੀਆਂ ਆਦਿ ਘਟਨਾਵਾਂ ਦਾ ਪਰਿਵਰਤਨ ਕਰਕੇ ਡੇਰੇ ਦੇ ਅੰਦਰ ਹੀ ਨਿਪਟਾਈਆਂ ਜਾਂਦੀਆਂ ਹਨ। ਮੈਂ ਪਾਤਰ ਦੁਆਰਾ ਆਪਣੇ ਨਾਲ ਹੋਏ 'ਰੇਪ' ਦਾ ਪਰਿਵਰਤਨ ਰੂਪ ਹਥਿਆਰ ਵਜੋਂ ਵਰਤਣ

ਤੋਂ ਬਿਨਾਂ ਹੋਰ ਕੋਈ ਚਾਰਾ ਨਾ ਹੋਣ 'ਤੇ ਉਹ ਛੋਟੀ ਸਾਹਿਬਾਂ ਦਾ ਦਰਜਾ ਹਾਸਲ ਕਰ ਲੈਂਦੀ ਹੈ। ਪਰ ਇਹਨਾਂ ਕੁਕਰਮਾਂ ਅਤੇ ਕਾਲੇ ਧੰਦਿਆਂ ਵਿੱਚ ਸ਼ਰੀਕ ਹੋਈ ਮੈਂ ਪਾਤਰ ਨੂੰ ਘਰ ਦੀ ਯਾਦ ਬੇਚੈਨ ਕਰਦੀ ਹੈ। ਘਰ ਤੋਂ ਬਿਨਾਂ ਸਮਾਜਿਕ ਮੁੱਲਾਂ ਦੀ ਸੰਪੂਰਨਤਾ ਸੰਭਵ ਨਹੀਂ ਹੈ। ਘਰ ਦੀ ਘਾਟ ਦੀ ਪੀੜਾ ਉਸ ਲਈ ਅਸਹਿ ਹੈ। ਮੈਂ ਪਾਤਰ ਤੋਂ ਬਿਨਾਂ ਕੰਮੋ ਅਤੇ ਬੀਬੋ ਵੀ ਅਜਿਹੀ ਪੀੜਾ ਨੂੰ ਮਹਿਸੂਸ ਕਰਦੀਆਂ ਹਨ। ਡੇਰੇ ਦੇ ਡਰ ਕਾਰਨ ਹਰ ਕੋਈ ਆਪਣੀ ਜ਼ੁਬਾਨ ਖੋਲ੍ਹਣ ਤੋਂ ਕੰਨੀ ਕਤਰਾਉਂਦਾ ਹੈ। ਡੇਰੇ ਵਿੱਚ ਨਿੱਕੀ ਸਾਹਿਬਾਂ ਦੇ ਰੂਪ ਵਜੋਂ ਵਿਚਰ ਰਹੀ ਮੈਂ ਪਾਤਰ ਆਮ ਜ਼ਿੰਦਗੀ ਜਿਊਣ ਲਈ ਵੀ ਤਤਪਰ ਹੈ। ਸੋ, 'ਪਾਤਸ਼ਾਹ' ਕਹਾਣੀ ਔਰਤ ਦੀ ਵਿਅਕਤੀਗਤ ਹੋਂਦ ਤੇ ਸਵੈ-ਪਛਾਣ ਦਾ ਪਰਿਵਰਤਨ ਰੂਪ ਸਰੀਰਕ ਤੇ ਮਾਨਸਿਕ ਸ਼ੋਸ਼ਣ ਤੇ ਬੇਅਰਥ ਜ਼ਿੰਦਗੀ ਬਾਰੇ ਆਪਣੇ ਅਤੀਤ ਨੂੰ ਯਾਦ ਕਰਵਾਉਂਦੀ ਹੈ ਕਿ:

> ਕਦੇ ਕਦੇ, ਧੁਰ ਅੰਦਰੋਂ, ਇੱਕ ਟੀਸ ਉਠਦੀ ਐ, ਜੇਹੜੀ ਇਹ ਨਹੀਂ ਭੁੱਲਣ ਦੇਂਦੀ ਕਿ ਸੈਹਬ ਜੀ ਨਾਂ ਦੇ ਬੰਦੇ ਨੇ, ਮੈਨੂੰ ਕੀ ਤੋਂ ਕੀ ਬਣਾਤਾ। ਉਹ ਨਿੱਕੀਆਂ ਨਿੱਕੀਆਂ ਕਿੰਨੀਆਂ ਈ ਖੁਸ਼ੀਆਂ ਆਪਣਾ ਘਰ, ਆਪਣਾ ਘਰਵਾਲਾ, ਆਪਣੇ ਬੱਚੇ ਸਭ ਖੋਹ ਲਿਆ ਤੇ ਦੇ 'ਤਾ ਗੁਰੂ ਘਰ'। ਜਿੱਥੇ ਜਦੋਂ, ਚਾਹੇ ਅਣਚਾਹੇ ਕੰਮ ਭੁਗਤਾ ਮੈਂ ਆਪਣੇ ਬਾਰੇ ਸੋਚਦੀ ਆ ਤਾਂ ਖਾਲੀਪਣ ਮੈਹਸੂਸ ਹੁੰਦੈ,। ਫਿਰ ਸੋਚਦੀ ਆਂ ਕਿ ਕੱਲੇ ਸਾਹਿਬ ਜੀ ਕਿਉਂ, ਮੇਰੇ ਮਾਪੇ ਵੀ ਉਨੇ ਈ ਦੋਸ਼ੀ ਨੇ।(70)

ਕਹਾਣੀਕਾਰ ਦੇ ਇਸੇ ਕਹਾਣੀ ਸੰਗ੍ਰਹਿ ਦੀ 'ਕਾਮਬਲੀ' ਕਹਾਣੀ ਵੀ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਅਜੋਕੇ ਦੌਰ ਵਿੱਚ ਧਰਮ ਦੇ ਨਾਂ 'ਤੇ ਹੋ ਰਹੇ ਪਾਖੰਡਵਾਦ ਨੂੰ ਪੇਸ਼ ਕਰਦੀ ਹੈ। ਇਹ ਕਹਾਣੀ ਡੇਰਿਆਂ ਅੰਦਰ ਚੱਲਦੀ ਕਾਮੁਕ ਲੀਲ੍ਹਾ, ਦੰਭ, ਪਾਖੰਡ ਅਤੇ ਆਪੂ ਬਣੇ ਸੰਤਾਂ ਦੇ ਦੋਗਲੇ ਕਿਰਦਾਰ ਨੂੰ ਚਿਤਰਦੀ ਹੈ। ਕਹਾਣੀ ਦਾ ਮੁੱਖ ਪਾਤਰ ਉਮੀ ਸਾਧੂ ਇਸ ਭਰਮਮਈ ਸਥਿਤੀ ਵਿੱਚ ਕਿ ਕੁਦਰਤੀ ਕਾਮੁਕ ਵੇਗ ਨੂੰ ਕੁਝ ਸਮੇਂ ਲਈ ਤਾਂ ਦਬਾਇਆ ਜਾ ਸਕਦਾ ਹੈ, ਪਰ ਇਸਨੂੰ ਸਦਾ ਲਈ ਖਤਮ ਨਹੀਂ ਕੀਤਾ ਜਾ ਸਕਦਾ ਹੈ। ਉਮੀ ਦਾ ਹੱਠ, ਜਪ ਅਤੇ ਤਪ ਭੈਰਵੀ ਨੂੰ ਪਾਉਣ ਲਈ ਹੈ। ਉਹ ਭੈਰਵੀ ਨੂੰ ਭੁੱਲਣ ਲਈ ਅਡੰਬਰ ਰਚਦਾ ਹੈ। ਭੈਰਵੀ ਅਤੇ ਸਾਂਈ ਬਾਬਾ ਵਿੱਚ ਕੁਝ ਹੋਣ ਦੇ ਸ਼ੰਕੇ ਅਧੀਨ ਉਮੀ ਸਾਧੂ ਆਪੇ ਤੋਂ ਬਾਹਰ

ਹੋ ਜਾਂਦਾ ਹੈ। ਉਸਦੇ ਅਸ਼ਾਂਤ ਮਨ ਅਤੇ ਬੇਚੈਨੀ ਦੀ ਵਜ੍ਹਾ ਬੰਗਾਲਣ ਭੈਰਵੀ ਜਾਣਦੀ ਹੈ। ਡੇਰਾ ਕਲਚਰ ਜਿੱਥੇ ਆਮ ਲੋਕਾਈ ਦਾ ਸ਼ੋਸ਼ਣ ਕਰਦਾ ਹੈ, ਉੱਥੇ ਪਰਿਵਰਤਨ ਵਜੋਂ ਗ਼ੈਰਕਨੂੰਨੀ ਤੌਰ 'ਤੇ ਲੋਕਾਂ ਨੂੰ ਲੁੱਟ ਕੇ ਉਹਨਾਂ ਦੇ ਮਨੁੱਖੀ ਅਧਿਕਾਰਾਂ ਦਾ ਵੀ ਘਾਣ ਕਰ ਰਿਹਾ ਹੈ। ਪ੍ਰਮਾਤਮਾ ਨੂੰ ਪਾਉਣ ਲਈ ਉਮੀ ਦੇ ਕੀਤੇ ਜਪ, ਤਪ ਸਭ ਦਿਖਾਵਾ ਹਨ। ਆਪਣੇ ਧੰਦੇ ਨੂੰ ਚੱਲਦਾ ਰੱਖਣ ਲਈ ਉਹ ਆਪਣੇ ਸ਼ਰਧਾਲੂਆਂ ਦੁਆਰਾ ਆਪਣੀਆਂ ਕਾਲਪਨਿਕ ਕਹਾਣੀਆਂ ਨੂੰ ਸਮਾਜ ਵਿੱਚ ਪ੍ਰਚਾਰਦਾ ਹੈ। ਡੇਰਿਆਂ ਅੰਦਰ ਚੱਲ ਰਹੇ ਗੈਰ-ਕਾਨੂੰਨੀ ਕਾਲੇ ਕਾਰਨਾਮਿਆਂ ਅਤੇ ਕਾਮੁਕ ਵਿਹਾਰ ਨੂੰ ਪਰਿਵਰਤਨ ਵਜੋਂ ਧਾਰਮਿਕ ਰੰਗਤ ਦੇ ਕੇ ਸਾਧੂ ਆਮ ਲੋਕਾਂ ਵਿੱਚ ਆਪਣੇ ਲਈ ਝੂਠੀ ਆਸਥਾ ਨੂੰ ਬਰਕਰਾਰ ਰੱਖਣ ਵਿੱਚ ਸਫਲ ਰਹਿੰਦੇ ਹਨ। ਭੈਰਵੀ ਉਮੀ ਸਾਧੂ ਦੀ ਕਾਮੁਕ ਲਾਲਸਾ ਦੀ ਪੂਰਤੀ ਕਰਨ ਦੇ ਨਾਲ-ਨਾਲ ਸਾਂਈ ਬਾਬੇ ਦੇ ਡੇਰੇ ਨੂੰ ਬਦਨਾਮੀ ਤੋਂ ਬਚਾਉਣ ਲਈ ਵੀ ਪਾਖੰਡ ਰਚਦੀ ਹੈ। ਇਸ ਤਰ੍ਹਾਂ ਨੈਤਿਕ ਮੁੱਲਾਂ ਅਤੇ ਆਦਰਸ਼ਾਂ ਦੀ ਦੁਹਾਈ ਦੇਣ ਵਾਲੇ ਧਰਮ ਦੇ ਠੇਕੇਦਾਰ ਆਪ ਅਨੈਤਿਕ ਕੰਮਾਂ ਦਾ ਸਹਾਰਾ ਲੈ ਰਹੇ ਹਨ। ਓਮੀ ਸਾਧੂ ਕਾਮ ਉੱਪਰ ਜਿੱਤ ਪਾਉਣ ਦਾ ਭਰਮ ਸਿਰਜਦਾ ਹੈ। ਆਮ ਮਨੁੱਖ ਤੋਂ ਤਪੱਸਵੀ ਬਣਿਆ ਓਮੀ ਸਾਧੂ ਇਸ ਹੰਕਾਰ ਵਿੱਚ ਹੈ ਕਿ ਉਸਨੇ ਕਾਮ 'ਤੇ ਜਿੱਤ ਪ੍ਰਾਪਤ ਕਰ ਲਈ ਹੈ ਪਰ ਭੈਰਵੀ ਨਾਲ ਲਗਾਤਾਰ ਸੰਭੋਗ ਕਰਨ ਤੋਂ ਬਾਅਦ ਸ਼ਾਂਤ ਹੋਈ ਉਸਦੀ ਕਾਮ ਇੱਛਾ ਆਰਤੀ ਸਮੇਂ ਉਸਦੇ ਪੈਰ ਧੋ ਰਹੀਆਂ ਕੁਆਰੀਆਂ ਕੁੜੀਆਂ ਵੱਲ ਦੇਖ ਕੇ ਫਿਰ ਜਾਗ ਪੈਂਦੀ ਹੈ। ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਨੈਤਿਕ ਮਨੁੱਖ ਦਾ ਪਰਿਵਰਤਨ ਰੂਪ ਅਨੈਤਿਕ ਦੰਭੀ, ਕਾਮੁਕ ਅਤ੍ਰਿਪਤੀ ਵਾਲਾ ਚਿਹਰਾ ਇਸ ਹਵਾਲੇ ਵਿਚੋਂ ਸਪੱਸ਼ਟ ਝਲਕਦਾ ਹੈ:

> ਅਚਾਨਕ ਮੁਨੀਵਰ ਦੀ ਨਜ਼ਰ ਥੱਲੇ ਚਲੀ ਜਾਂਦੀ ਹੈ, ਝੁਕ ਕੇ ਚਰਨ ਧੋ ਰਹੀਆਂ ਕੁਆਰੀਆਂ ਕੰਨਿਆਵਾਂ ਦੇ ਖੁੱਲ੍ਹੇ ਗਲਮਿਆਂ ਅੰਦਰ। ਉਫ਼! ਇਹ ਕੀ ਹੋ ਰਿਹਾ? ਕਾਮ ਵਰਗੇ ਮਹਾਂਬਲੀ ਨੂੰ ਵਸ 'ਚ ਕਰ ਲੈਣ ਵਾਲੇ ਮੁਨੀ ਦੇ ਜਯਘੋਸ਼ ਹੋ ਰਹੇ ਨੇ। ਮਨ 'ਚ ਕੇਹਾ ਜਵਾਰ ਭਾਟਾ ਉਠ ਖੜਾ ਹੈ ਉਹ ਕਦੇ ਥੱਲੇ ਵੇਂਹਦੇ ਹਨ ਕਦੇ ਸੂਰਜ ਵੱਲ ਮਨ ਵਿੱਚਲਾ ਜਵਾਰ ਭਾਟਾ ਤਨ ਵਿੱਚ ਭਰਦਾ ਜਾ ਰਿਹੈ ਭੈਰਵੀ ਝੇਂਪ ਰਹੀ ਹੈ, ਕਾਹਲੀ ਨਾਲ ਕਹਿ ਰਹੀ ਹੈ, "ਸੂਰਜ ਪ੍ਰੇਸ਼ਾਨ ਕਰ ਰਿਹੈ ਮੁਨੀਵਰ ਨੂੰ

ਨੇਤਰਾਂ 'ਚ ਲਿਸ਼ਕੋਰ ਪੈ ਰਹੀ ਹੈ।(41)

ਇਸ ਤਰ੍ਹਾਂ ਧਰਮ ਦੇ ਨਾਂ 'ਤੇ ਡੇਰਾਵਾਦ ਨੂੰ ਚਲਾਉਣ ਵਾਲੇ ਸਾਧੂ ਖੁਦ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਨਾਲ ਗ਼ਰਕ ਹੋਏ ਪਏ ਹਨ। ਅੰਧ-ਵਿਸ਼ਵਾਸ ਦੀ ਲਪੇਟ ਵਿੱਚ ਆਏ ਆਮ ਲੋਕ ਆਪਣੀਆਂ ਸਮੱਸਿਆਵਾਂ ਦਾ ਹੱਲ ਡੇਰਿਆਂ 'ਚੋਂ ਲੱਭਣ ਲਈ ਜਾਂਦੇ ਹਨ। ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਚੰਗੇ ਤੇ ਮਾੜੇ ਪੱਖਾਂ ਨੂੰ ਮੂਲ ਰੂਪ ਵਿੱਚ ਧਰਮ ਪ੍ਰਚਾਰ ਲਈ ਹੋਂਦ ਵਿੱਚ ਆਏ ਡੇਰਿਆਂ ਦੀ ਚਾਰਦੀਵਾਰੀ ਵਿੱਚ ਇਕੱਤਰ ਹੋਣ ਵਾਲੇ ਵਿਅਕਤੀਆਂ ਤੋਂ ਬਣਨ ਵਾਲੇ ਸਮੂਹਾਂ ਦੇ ਨਾਲ-ਨਾਲ ਵਿਅਕਤੀਆਂ ਦੀਆਂ ਪ੍ਰਵਿਰਤੀਮੂਲਕ ਕਿਰਿਆਵਾਂ ਨੂੰ ਵੀ ਪੇਸ਼ ਕੀਤਾ ਗਿਆ ਹੈ, ਕਿਉਂਕਿ ਡੇਰੇ ਦੀ ਸ਼ਰਨ ਵਿੱਚ ਇਕੱਤਰ ਹੋਏ ਸਮੂਹ, ਇਸਦੀ ਕਾਰਜਸ਼ੀਲਤਾ ਅਤੇ ਨਿਰਨਿਆਂ ਬਾਰੇ ਨਵੇਂ ਸਿਰੇ ਤੋਂ ਸੋਚਣ ਲਈ ਮਜਬੂਰ ਕਰਨਾ ਇਹਨਾਂ ਕਹਾਣੀਆਂ ਦੀ ਆਪਣੇ ਆਪ ਵਿੱਚ ਵਿਸ਼ੇਸ਼ ਖ਼ੂਬੀ ਉੱਭਰਦੀ ਹੈ। ਸੁਖਜੀਤ ਦੀਆਂ ਕਹਾਣੀਆਂ ਵਿੱਚ ਪਾਖੰਡੀ ਸਾਧਾਂ ਵੱਲੋਂ ਕੀਤੇ ਜਾਂਦੇ ਅਜਿਹੇ ਵਿਖਾਵੇ ਦਾ ਚਿਤਰਨ ਕੀਤਾ ਗਿਆ ਹੈ। ਗ਼ੈਰ-ਕਨੂੰਨੀ ਕੰਮ ਕਰਕੇ ਡੇਰਾਵਾਦੀ ਸੰਤ ਆਪਣੀਆਂ ਕਾਮਨਾਵਾਂ ਅਤੇ ਲਾਲਸਾਵਾਂ ਦੀ ਪੂਰਤੀ ਲਈ ਔਰਤਾਂ ਦਾ ਜਿਸਮਾਨੀ ਸ਼ੋਸ਼ਣ ਕਰਦੇ ਹਨ। ਧੰਨ ਦੌਲਤ ਇਕੱਠਾ ਕਰਨ ਉੱਤੇ ਲੱਗੇ ਹੋਏ ਹਨ। ਡੇਰਿਆਂ ਅੰਦਰਲੇ ਅਸੱਭਿਅਕ ਕੁਕਰਮਾਂ ਨੂੰ ਅਤੇ ਆਮ ਲੋਕਾਂ ਅੰਦਰ ਵਧ ਰਹੀ ਡੇਰਾਵਾਦੀ ਪਰੰਪਰਾ ਵਾਲੀ ਆਸਥਾ ਨੂੰ ਸੁਖਜੀਤ ਦੀਆਂ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਵਿਅਕਤੀਗਤ ਤੇ ਮਾਨਸਿਕ ਪਰਿਵਰਤਨ ਵਜੋਂ ਬਾਖ਼ੂਬੀ ਪੇਸ਼ ਕਰਦੀਆਂ ਹਨ।

**2.5. ਮਨੋਵਿਗਿਆਨਕ ਪੱਖ:** ਮਨੋਵਿਗਿਆਨਿਕ ਪੱਖ ਆਧੁਨਿਕ ਯੁੱਗ ਦਾ ਇੱਕ ਅਜਿਹਾ ਸਿਧਾਂਤ ਹੈ ਜਿਸ ਦਾ ਮੁੱਖ ਮੁੱਦਾ "ਮਨ" ਹੈ। ਕਈ ਸਦੀਆਂ ਮਨੋਵਿਗਿਆਨ ਨੂੰ ਦਰਸ਼ਨ ਸ਼ਾਸਤਰ ਦੇ ਅਧੀਨ ਵਿੱਚਰਿਆ ਗਿਆ। ਮਨੋਵਿਗਿਆਨ ਦੀ ਉਤਪਤੀ ਪੁਰਾਤਨ ਸਭਿਅਤਾਵਾਂ ਜਿਵੇਂ ਯੂਨਾਨ, ਮਿਸਰ, ਚੀਨ ਅਤੇ ਭਾਰਤ ਵਿੱਚ ਹੋਈ। ਸਦੀਆਂ ਤੱਕ ਮਨੁੱਖੀ ਮਨ ਨੂੰ ਆਤਮਾ ਦੇ ਅਰਥਾਂ ਵਿੱਚ ਜਾਣਿਆ ਗਿਆ, ਇਸੇ ਤਹਿਤ ਆਤਮਾ

ਨੂੰ ਪਹਿਲਾਂ ਧਰਮ ਅਤੇ ਬਾਅਦ ਵਿੱਚ ਦਰਸ਼ਨ ਸ਼ਾਸਤਰ ਦੇ ਖੇਤਰ ਵਿੱਚ ਵਿਚਾਰਿਆ ਗਿਆ। ਭਾਰਤੀ ਦਰਸ਼ਨ ਸ਼ਾਸਤਰ ਦਾ ਛੇਵਾਂ ਪ੍ਰਬੰਧ "ਯੋਗ" ਮਨੁੱਖੀ ਮਨ ਨਾਲ ਸੰਬੰਧਿਤ ਹੈ। ਸਦੀਆਂ ਤੱਕ ਮਨ ਨੂੰ ਆਤਮਾ, ਚੇਤਨਾ ਅਤੇ ਚਿੱਤ ਆਦਿ ਸ਼ਬਦਾਂ ਰਾਹੀਂ ਵਿਚਾਰਿਆ ਅਤੇ ਸਮਝਿਆ ਗਿਆ। ਇਸ ਤੋਂ ਬਿਨਾਂ ਮਨੋਵਿਗਿਆਨਿਕ ਪੱਖ ਦੇ ਅਰਥਾਂ ਨੂੰ ਨਿਸ਼ਚਤ ਕਰਦੀਆਂ ਹੇਠ ਲਿਖੀਆਂ ਪਰਿਭਾਸ਼ਾਵਾਂ ਵਾਚਣੀਆਂ ਜ਼ਰੂਰੀ ਹਨ:

The Dictionary of Psychology ਅਨੁਸਾਰ ਮਨੋਵਿਗਿਆਨ ਨੂੰ ਮਨ ਦਾ ਵਿਗਿਆਨ, ਮਾਨਸਿਕਤਾ ਦਾ ਵਿਗਿਆਨ, ਵਿਹਾਰ ਦਾ ਵਿਗਿਆਨ ਕਿਹਾ ਗਿਆ ਹੈ।(593)

The New Encyclopedia of Britanica, vol.9, ਅਨੁਸਾਰ ਨਿਊ ਇਨਸਾਈਕਲੋਪੀਡੀਆ ਆਫ਼ ਬ੍ਰਿਟੇਨਿਕਾ ਅਨੁਸਾਰ, "ਮਨੋ-ਵਿਗਿਆਨ ਮਨੁੱਖ ਅਤੇ ਹੋਰ ਪਸ਼ੂਆਂ ਦੀ ਮਾਨਸਿਕ ਪ੍ਰਕਿਰਿਆ ਅਤੇ ਵਿਵਹਾਰ ਦੀ ਵਿਗਿਆਨਕ ਅਧਿਐਨ ਵਿਧੀ ਹੈ।(764)

S. Woodworth, Psychology ਅਨੁਸਾਰ ਅਮਰੀਕੀ ਮਨੋਵਿਗਿਆਨੀ ਰੌਬਰਟ ਐੱਸ. ਵੁੱਡਵਰਥ ਦੇ ਅਨੁਸਾਰ, ਮਨੋ-ਵਿਗਿਆਨ ਵਾਤਾਵਰਣ ਅਨੁਸਾਰ ਵਿਅਕਤੀ ਦੇ ਕਾਰਜਾਂ ਦਾ ਅਧਿਐਨ ਕਰਨ ਵਾਲਾ ਵਿਗਿਆਨ ਹੈ।(4)

ਇਸ ਤਰ੍ਹਾਂ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਇੱਕ ਸਮਾਨ ਰੁਚੀ, ਕਿਰਿਆ ਜਾਂ ਵਸਤੂ (Object) ਉੱਤੇ ਧਿਆਨ ਦਾ ਕੇਂਦਰਿਤ ਹੋਣਾ ਭੀੜ ਦਾ ਅਵੱਸ਼ਕ ਤੱਤ ਹੈ। ਸੁਖਜੀਤ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਉਹਨਾਂ ਮਹੱਤਵਪੂਰਨ ਕਥਨਾਂ ਤੇ ਵਿਚਾਰ-ਚਰਚਾ ਕਰ ਰਹੇ ਹਾਂ ਜੋ ਉਸਨੇ 'ਮਨੁੱਖ', 'ਸਵੈ', 'ਸਿਰਜਣਾ', 'ਸਮਾਜ', 'ਸਵੈ ਤੇ ਸਿਰਜਣਾ' ਅਤੇ 'ਸਿਰਜਣਾ ਤੇ ਸਮਾਜ' ਵਿਚਾਲੇ ਸੰਬੰਧਾਂ ਸੰਬੰਧੀ ਸਮੇਂ-ਸਮੇਂ ਉੱਤੇ ਪਰਿਵਰਤਨ ਆਏ ਹਨ। ਕਿਉਂਕਿ ਇਹ ਪਰਿਵਰਤਨ ਜਿੱਥੇ ਸਿੱਧੇ-ਅਸਿੱਧੇ ਢੰਗ ਨਾਲ ਸੁਖਜੀਤ ਦੀਆਂ ਕਹਾਣੀਆਂ ਨੂੰ ਸਮਝਣ ਵਿੱਚ ਸਹਾਈ ਹਨ, ਉੱਥੇ ਸਾਡੇ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਕ ਪੱਖ ਦੀ ਸਾਰਥਕਤਾ ਨੂੰ ਪਰਿਵਰਤਨ

ਵਜੋਂ ਉਭਾਰਦੇ ਵੀ ਹਨ।

ਮਨੁੱਖ ਦੀ ਜਿੰਦਗੀ ਦੇ ਵਿੱਚ ਦੁੱਖ ਅਤੇ ਸੁੱਖ ਬਹੁਤ ਅਹਿਮ ਰੋਲ ਅਦਾ ਕਰਦੇ ਹਨ। ਇਹਨਾਂ ਦੋਨਾ ਦਾ ਮਨੁੱਖ ਦੀ ਮਨਸਿਕਤਾ ਦੇ ਬਹੁਤ ਪ੍ਰਭਾਵ ਪੈਂਦਾ ਹੈ। ਇਸੇ ਪ੍ਰਤੀ ਡਾ. ਗੁਰਜੰਟ ਸਿੰਘ ਆਪਣੀ ਪੁਸਤਕ *ਮਨੋਵਿਸ਼ਲੇਸ਼ਣਾਤਮਕ ਸਾਹਿਤ ਚਿੰਤਨ* ‘ਚ ਲਿਖਦੇ ਹਨ:

> ਦੁੱਖ ਅਤੇ ਸੁੱਖ ਦੋਵੇਂ ਮਨੁੱਖ ਦੇ ਮੁੱਢਲੇ ਜਜ਼ਬੇ ਹਨ। ਦੁੱਖ ਇਨ੍ਹਾਂ ਵਿਚੋਂ ਵਧੇਰੇ ਤਿੱਖਾ ਜਜ਼ਬਾ ਹੈ ਜੋ ਸਰੀਰਕ ਤੇ ਮਾਨਸਿਕ ਦੋਹਾਂ ਤਰ੍ਹਾਂ ਨਾਲ ਮਹਿਸੂਸ ਕੀਤਾ ਜਾਂਦਾ ਹੈ। ਸੁੱਖ ਦੀ ਕੋਮਲਤਾ ਦੇ ਮੁਕਾਬਲੇ ਤੇ ਦੁੱਖ ਦੀ ਚੁੱਭਣ ਵਧੇਰੇ ਸਤਾਉਂਦੀ ਹੈ। ਗੁਰਬਾਣੀ ਵਿੱਚ ਦੁੱਖ ਅਤੇ ਸੁੱਖ ਨੂੰ ਮਨੁੱਖੀ ਜਾਮੇ ਦੇ ਦੋ ਕੱਪੜੇ ਮੰਨਿਆ ਹੈ। ਮਨੁੱਖ ਹਮੇਸਾਂ ਦੁੱਖ ਦੇ ਛੁਟਕਾਰੇ ਅਤੇ ਸੁੱਖ ਦੀ ਭਾਲ ਵਿੱਚ ਕਾਰਜ਼ਸ਼ੀਲ ਰਹਿੰਦਾ ਹੈ। ਜ਼ਿੰਦਗੀ ਵਿੱਚ ਦੁੱਖ ਵਧੇਰੇ ਵਾਪਰਦਾ ਹੈ ਕਿਉਂਕਿ ਮਨੋਵੇਗ ਹਮੇਸ਼ਾਂ ਸਮਾਜਿਕ ਦਮਨ ਦਾ ਸ਼ਿਕਾਰ ਰਹਿੰਦੇ ਹਨ। ਇਸ ਕਰਕੇ ਦੁੱਖ ਦੇ ਜਜ਼ਬੇ ਦਾ ਸਾਹਿਤਕ ਪ੍ਰਗਟਾਵਾ ਪ੍ਰਾਚੀਨ ਕਾਲ ਤੋਂ ਪ੍ਰਬਲਤਾ ਨਾਲ ਚਲਿਆ ਆ ਰਿਹਾ ਹੈ।(75)

ਇਹਨਾਂ ਦੁੱਖ ਦੀ ਤਕਲੀਫ ਸਹਿਜ ਹੀ ਸੁਖਜੀਤ ਦੀਆਂ ਕਹਾਣੀਆਂ ‘ਚ ਝਲਕਦੀ ਹੈ। ਸੁਖਜੀਤ ਦੀਆਂ ਕਹਾਣੀਆਂ ਦੇ ਪਾਤਰ ਇਸੇ ਦਰਦ ਦੇ ਤਹਿਤ ਜਿੰਦਗੀ ਨੂੰ ਜਿਉਣ ਦੀ ਬਜਾਏ ਹੰਢਾਉਂਦੇ ਹਨ। ਸੁਖਜੀਤ ਦੀਆਂ ਕਹਾਣੀਆਂ ਬਰਫ਼, ਆਦਮਖ਼ੋਰ, ਜਲ-ਭਰਮ, ਮਾਰਕੀਟ, ਫ਼ੋਟੋ ਵਿੱਚਲੀ ਕੁੜੀ, ਹਜ਼ਾਰ ਕਹਾਣੀਆਂ ਦਾ ਬਾਪ, ਕਾਮ-ਬਲੀ, ਚੰਦਰੀ, ਹੁਣ ਮੈਂ ਇੰਜੁਆਏ ਕਰਦੀ ਆਂ, ਜੀ ਬੀਬੀ ਜੀ, ਪਾਤਸ਼ਾਹ ਆਦਿ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਵੱਖ-ਵੱਖ ਪਾਤਰਾਂ ਦੀ ਮਾਨਸਿਕ ਪ੍ਰਵਿਰਤੀ ਤੋਂ ਚੰਗੇ ਤੇ ਮਾੜੇ ਪੱਖਾਂ ਨੂੰ ਪਰਿਵਰਤਨ ਵਜੋਂ ਉਭਾਰਦੀਆਂ ਨਜ਼ਰ ਆਉਂਦੀਆਂ ਹਨ। ਸੋ, ਇਸ ਉਭਾਰ ਦਾ ਵਿਸਥਾਰ ਸਹਿਤ ਵੇਰਵਾ ਇਸ ਤਰ੍ਹਾਂ ਹੈ:

**(ੳ) ਚੰਗੇ ਪੱਖ:** ਸੁਖਜੀਤ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਜਿੱਥੇ ਸੁਖਜੀਤ ਦੀ ‘ਆਦਮਖ਼ੋਰ’ ਕਹਾਣੀ ਦੇ ਪਾਤਰ ਬੀਬੇ ਦੇ ਮਨ ਵਿੱਚ ਘਰ ਦੇ ਪਸ਼ੂਆਂ ਵਿੱਚ ਆਪਸੀ

ਪਿਆਰ ਅਤੇ ਵਿਤਕਰੇ ਦੀ ਭਾਵਨਾ ਦਾ ਖ਼ਿਆਲ ਵਾਰ-ਵਾਰ ਆਉਂਦਾ ਹੈ, ਉੱਥੇ ਨਾਲ ਹੀ ਤੁਲਨਾ ਵਜੋਂ ਮਨੁੱਖੀ ਰਿਸ਼ਤਿਆਂ-ਨਾਤਿਆਂ ਵਿੱਚ ਵੀ ਅਜਿਹੀ ਭਾਵਨਾ ਵਜੋਂ ਆਏ ਪਰਿਵਰਤਨ ਕਾਰਨ ਮਾਨਸਿਕ ਪ੍ਰਵਿਰਤੀ ਵਜੋਂ ਚਿੰਤਾ ਦਾ ਵਿਸ਼ਾ ਬਣ ਕੇ ਸਾਹਮਣੇ ਆਉਂਦਾ ਹੈ। ਪਾਤਰ ਬੀਬਾ ਚੰਗੇ ਪੱਖ ਤੋਂ ਹਮੇਸ਼ਾ ਮਨੁੱਖ ਨੂੰ ਆਪਣੇ ਰਿਸ਼ਤਿਆਂ-ਨਾਤਿਆਂ ਦੇ ਬਣਦੇ ਨੈਤਿਕ ਫ਼ਰਜ਼ ਬਾਰੇ ਸੁਚੇਤ ਕਰਨ ਦੀ ਕੋਸ਼ਿਸ਼ ਵਿੱਚ ਹੈ। James C. Coleman ਦੀ ਆਪਣੀ ਪੁਸਤਕ Abnormal psychology and modern life ਦੇ ਅਨੁਸਾਰ:

> ਨੈਤਿਕ ਮਨ (Super ego) ਸੁਪਰ ਈਗੋ ਦਾ ਸੰਬੰਧ ਧਰਮ ਨਾਲ ਹੁੰਦਾ ਹੈ। ਇਹ ਵਿਅਕਤੀ ਨੂੰ ਧਾਰਮਿਕ, ਸਮਾਜਿਕ ਤੇ ਨੈਤਿਕ ਕਾਰਜ ਕਰਨ ਲਈ ਉਤਸ਼ਾਹਿਤ ਕਰਦਾ ਹੈ। ਨੈਤਿਕ ਮਨ ਦੇ ਪਰਮੁੱਖ ਰੂਪ ਵਿੱਚ ਤਿੰਨ ਕਾਰਜ ਹੁੰਦੇ ਹਨ: 1. ਇਦ ਦੀਆਂ ਲਿੰਗਕ ਪਰਿਵਿਰਤੀਆਂ ਦਾ ਦਮਨ ਕਰਨਾ। 2. ਅਹਿੰ ਨੂੰ ਨੈਤਿਕਤਾ ਵੱਲ ਪਰੇਰਤ ਕਰਨਾ। 3. ਉੱਚ ਨੈਤਿਕ ਪਰਿਵਿਰਤੀਆਂ ਦਾ ਵਿਕਾਸ ਕਰਨਾ।(55)

ਔਰਤ ਇਕ ਸ਼ਕਤੀ ਦਾ ਵੀ ਰੂਪ ਹੈ। ਜੇਕਰ ਮਾਨਸਿਕ ਤੌਰ 'ਤੇ ਉਹ ਮਰਦ ਦੀਆਂ ਵਧੀਕੀਆਂ ਸਹਿਣਾ ਜਾਣਦੀ ਹੈ ਤਾਂ ਉਸਦਾ ਵਿਰੋਧ ਕਰਨਾ ਵੀ ਉਸ ਨੂੰ ਆਉਦਾ ਹੈ। ਅੱਜ ਦੀ ਪੜ੍ਹੀ ਲਿਖੀ ਔਰਤ ਸਮਾਜ 'ਚ ਕਿਸੇ ਸਹਾਰੇ ਨੂੰ ਲੋਚਣ ਦੀ ਥਾਂ ਖੁਦ ਨੌਕਰੀ ਕਰਕੇ ਆਪਣੀ ਜਿੰਦਗੀ ਨੂੰ ਵਧੀਆ ਬਤਿਤ ਕਰਨਾ ਜਾਣਦੀ ਹੈ। ਮਨੋਵਿਗਿਆਨੀ ਐਲਡਰ ਦੇ ਵਿਚਾਰਾ ਨੂੰ ਹੋਰ ਪਰਿਪਕਤਾ ਦਿੰਦੇ ਹੋਏ ਡਾ. ਗੁਰਜੰਟ ਸਿੰਘ ਆਪਣੀ ਕਿਤਾਬ *ਮਨੋਵਿਸ਼ਲੇਸ਼ਣਾਤਮਕ ਸਾਹਿਤ ਚਿੰਤਨ* 'ਚ ਲਿਖਦੇ ਹਨ:

> ਆਧੁਨਿਕ ਪੜ੍ਹੀ-ਲਿਖੀ ਆਰਥਿਕ ਤੌਰ 'ਤੇ ਸੁਤੰਤਰ ਹੋ ਰਹੀ ਔਰਤ ਅੰਦਰ 'ਪੁਰਸ਼-ਵਿਰੋਧ' ਹੋਰ ਜ਼ੋਰ ਪਕੜਦਾ ਜਾ ਰਿਹਾ ਹੈ। ਉਹ ਘਰ ਨਾਲੋਂ ਨੌਕਰੀ ਪੇਸ਼ਾ ਕਰਨਾ ਪਸੰਦ ਕਰਦੀਆਂ ਹਨ। ਬੱਚੇ-ਜੰਮਣ ਨੂੰ ਨਿਖਿਧ ਕਾਰਜ਼ ਸਮਝਦੀਆਂ ਹਨ।(50)

ਜਿਵੇਂ ਕਿ ਕਹਾਣੀਕਾਰ ਸੁਖਜੀਤ ਦੇ ਕਹਾਣੀ ਸੰਗ੍ਰਹਿ *ਅੰਤਰਾ* ਦੀ 'ਆਦਮਖ਼ੋਰ' ਕਹਾਣੀ ਵਿੱਚ ਜਦੋਂ

ਭੀੜ ਦੇ ਇਕੱਠ ਵਿੱਚ ਸੰਤਾਂ ਦੇ ਸੇਵਕਾਂ ਤੇ ਥਾਣੇਦਾਰ ਦੇ ਕੁੱਟਣ ਤੋਂ ਬਾਅਦ ਬੀਬੇ ਨੂੰ ਲੰਗਰ ਹਾਲ ਦੇ ਥਮ੍ਹਲੇ ਨਾਲ ਸੰਗਲ ਮਾਰ ਦਿੱਤਾ ਜਾਂਦਾ ਹੈ ਤਾਂ ਬੀਬੇ ਦੀ ਨਜ਼ਰ ਅਚਾਨਕ ਬਾਰੀ ਵਿਚੋਂ ਬਾਹਰ ਉਹਨਾਂ ਦੀ ਗੋਰੀ ਵਹਿੜ ਉੱਤੇ ਚਲੀ ਜਾਂਦੀ ਹੈ। ਉਦੋਂ ਬੀਬਾ ਨਿੱਕਾ ਜਿਹਾ ਸੀ, ਜਦੋਂ ਇਸ ਵਹਿੜ ਦੀ ਮਾਂ ਨੂੰ ਬੀਬੇ ਦੀ ਮਾਂ ਨੇ ਆਪਣੇ ਪੇਕਿਓਂ ਲਿਆਂਦਾ ਸੀ। ਵਹਿੜ ਦੀ ਮਾਂ, ਇਸ ਵਹਿੜ ਅਤੇ ਇਸਤੋਂ ਅਗਲੇ ਸੂਏ ਵੱਛੇ ਨੂੰ ਬੀਬਾ ਸਕੂਲੋਂ ਆ ਕੇ ਚਾਰਦਾ ਸੀ। ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਬੀਬੇ ਦੀ ਮਾਨਸਿਕਤਾ ਵਿੱਚ ਗਾਂ, ਗੋਰੀ ਵਹਿੜ ਤੇ ਵੱਛੇ ਨਾਲ ਪਿਆਰ ਸਾਂਝ ਤਾਜ਼ਾ ਹੋ ਗਈ। ਇਹ ਯਾਦ ਬੇਹੱਦ ਮਹੱਤਵਪੂਰਨ ਹੈ। ਇਹ ਇੱਕ ਅਜਿਹੀ ਜੁਗਤ ਹੈ ਜਿਸਦੇ ਮਾਧਿਅਮ ਨਾਲ ਕਹਾਣੀਕਾਰ ਨੇ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਨੂੰ ਬੀਬੇ, ਬੀਬੇ ਦੀ ਮਾਂ ਬੀਬੀ ਭਗਤਣੀ, ਉਸਦੀ ਧੀ ਅਰਥਾਤ ਬੀਬੇ ਦੀ ਭੈਣ ਦਾ ਪ੍ਰਤਿਰੂਪ ਸਿਰਜ ਕੇ ਲੁਕਵੇਂ ਢੰਗ ਨਾਲ ਉਹਨਾਂ ਖੱਪਿਆਂ ਨੂੰ ਭਰਿਆ ਹੈ ਜਿਨ੍ਹਾਂ ਬਿਨਾਂ ਕਹਾਣੀ ਪੂਰੀ ਨਹੀਂ, ਅਧੂਰੀ ਹੈ। ਗਾਂ, ਗੋਰੀ ਵਹਿੜ ਤੇ ਭੋਲੂ ਵੱਛੀ ਦੀਆਂ ਚਰਿੱਤਰਕ ਖ਼ੂਬੀਆਂ ਅਤੇ ਦੋਸ਼ਾਂ ਸੰਬੰਧੀ ਨਿੱਕੇ-ਨਿੱਕੇ ਵੇਰਵੇ ਬੇਹੱਦ ਅਹਿਮ ਹਨ, ਕਿਉਂਕਿ ਇਹ ਤਿੰਨੇ ਕ੍ਰਮਵਾਰ ਬੀਬੇ ਦੀ ਮਾਂ, ਉਸਦੀ ਭੈਣ ਅਤੇ ਖੁਦ ਬੀਬੇ ਦੇ ਕਿਰਦਾਰ ਨੂੰ ਹੀ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਸਾਕਾਰ ਕਰਦੇ ਹਨ। ਪਰ ਇਹਨਾਂ ਤਿੰਨਾਂ ਕਿਰਦਾਰਾਂ ਦੀ ਸੋਚ, ਵਿਚਾਰ, ਭਾਵਨਾ ਆਦਿ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਪਰਿਵਰਤਨ ਕਾਰਨ ਅੰਤਰ ਸਪੱਸ਼ਟ ਝਲਕਦਾ ਹੈ, ਜਿੱਥੇ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਮਨੋਵਿਗਿਆਨਿਕ ਪੱਖ ਤੋਂ ਗਾਂ ਦਾ ਗੋਰੀ ਵਹਿੜ ਨਾਲ ਬਹੁਤ ਜ਼ਿਆਦਾ ਪਿਆਰ ਹੈ, ਪਰ ਭੋਲੂ ਵੱਛੇ ਨਾਲ ਗਾਂ ਵਿਤਕਰਾ ਰੱਖਦੀ ਹੈ, ਉੱਥੇ ਬੀਬੇ ਦੀ ਮਾਂ ਆਪਣੀ ਧੀ ਨੂੰ ਪਿਆਰ ਕਰਦੀ ਹੈ ਤੇ ਬੀਬੇ ਨਾਲ ਵਿਤਕਰਾ ਰੱਖਦੀ ਹੈ। ਸੋ, ਇਹ ਵਿਤਕਰਾ ਹੀ ਰਿਸ਼ਤੇ-ਨਾਤੇ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਪਰਿਵਰਤਨ ਦਾ ਮੂਲ ਕਾਰਨ ਬਣਦਾ ਹੈ। ਬੀਬਾ ਅਜਿਹੇ ਬਦਲਦੇ ਵਿਵਹਾਰ ਤੋਂ ਤੰਗ ਆ ਕੇ ਮਾਨਸਿਕ ਤੇ ਸਰੀਰਕ ਦੁੱਖ ਕੱਟਦਾ ਵੱਛੇ ਪ੍ਰਤੀ ਹਮਦਰਦੀ ਭਾਵਨਾ ਦਾ ਅਹਿਸਾਸ ਰੱਖਦਾ ਹੋਇਆ ਪਰਿਵਰਤਨ ਕਾਰਨ ਇਹਨਾਂ ਰਿਸ਼ਤਿਆਂ-ਨਾਤਿਆਂ ਵਿੱਚਲੇ ਅੰਤਰ-ਵਿਰੋਧ ਨੂੰ ਜਜ਼ਬਾਤੀ ਹੋ ਕੇ

ਕੋਸਦਾ ਰਹਿੰਦਾ ਹੈ ਕਿ:

> ਆਖਣ ਨੂੰ ਤਾਂ ਉਹ ਗਾਂ ਸੀ, ਪਰ ਗਾਵਾਂ ਵਾਲਾ ਇੱਕ ਵੀ ਲੱਛਣ ਉਹਦੇ ਵਿੱਚ ਨਹੀਂ ਸੀ, ਭੱਜਦੀ ਤੇ ਭੱਜੀ ਜਾਂਦੀ ਨਾ ਟਿੱਕ ਕੇ ਚੁਗਦੀ, ਨਾ ਮੋੜਿਆ ਮੁੜਦੀ। ਕਦੇ ਇਸ ਖੋਲੀ 'ਚ ਮੂੰਹ ਮਾਰਦੀ ਕਦੇ ਕਿਸੇ 'ਚ। ਉਹਦੀ ਵਹਿੜ ਵੀ ਸਾਵੀਂ ਦੀ ਸਾਵੀਂ ਉਹਦੇ ਤੇ ਗਈ ਸੀ। ਉਹੋ ਜਿਹਾ ਸੂਤਵਾਂ ਸਰੀਰ, ਉਹੋ ਜਿਹਾ ਸੁਭਾਅ। ... ਭੋਲੂ ਵੱਛਾ ਬੜਾ ਬੀਬਾ ਸੀ, ਪਰ ਮਾਂ ਉਹਨੂੰ ਨੇੜ੍ਹੇ ਨਹੀਂ ਸੀ ਆਉਣ ਦਿੰਦੀ। ਬਸ ਇਸ ਲਾਡਲੀ ਵਹਿੜ ਨੂੰ ਚੱਟਦੀ ਰਹਿੰਦੀ।(31)

ਇਸ ਤਰ੍ਹਾਂ ਭੋਲੂ ਵੱਛੇ ਨੂੰ ਬੀਬੇ ਦੀ ਮਾਂ ਦਾ ਗਲੋਂ ਲਾਹੁਣ ਲਈ ਵੇਚ ਦੇਣਾ, ਭੈਣ ਦੇ ਸਿਰ ਉੱਤੇ ਬੀਬੇ ਨੂੰ ਗੋਰੀ ਵਹਿੜ ਦਾ ਦਿਸਣਾ, ਬੀਬੇ ਦਾ ਵੱਡੀ ਗਾਂ ਬਾਰੇ ਭੈਣ ਤੋਂ ਪੁੱਛਣ ਉੱਤੇ ਉਸਦਾ ਕੰਮ ਦੀ ਨਾ ਰਹਿਣ ਕਰ ਕੇ ਗਊਸ਼ਾਲਾ ਦੇ ਦੇਣ ਬਾਰੇ ਪਤਾ ਲੱਗਣਾ, ਗੋਰੀ ਵਹਿੜ ਦਾ ਰੰਭਣਾ , ਬੀਬੇ ਦੀ ਮਾਂ ਦਾ ਉਸਨੂੰ ਚਿਮਟੇ ਨਾਲ ਮਾਰਨਾ ਆਦਿ ਕੁਝ ਅਜਿਹੀਆਂ ਅਰਥਪੂਰਨ ਇਕਾਈਆਂ ਹਨ, ਜੋ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਰਿਸ਼ਤਿਆਂ-ਨਾਤਿਆਂ ਵਿੱਚਕਾਰ ਪਰਿਵਰਤਨ ਦਾ ਮੂਲ ਕਾਰਨ ਬਣਕੇ ਚੰਗੇ ਪੱਖ ਵਜੋਂ ਆਮ ਤੋਂ ਖ਼ਾਸ ਬਣਾ ਕੇ ਉਭਾਰਦੀ ਹੈ। ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਚੰਗਾ ਪੱਖ ਲੋਕ ਤੱਤ ਦੇ ਰੂਪ ਵਿੱਚ ਪ੍ਰਚਲਿਤ ਔਰਤ ਸੰਬੰਧੀ ਧਾਰਨਾਵਾਂ ਤੋਂ ਪਰਦਾ ਲਾਹੁੰਦਾ ਹੋਇਆ ਸਮਾਜ ਵਿੱਚ ਉਸਦੀ ਸਥਿਤੀ- ਪ੍ਰਸਥਿਤੀ ਉੱਤੇ ਦ੍ਰਿਸ਼ਟੀ ਟਿਕਾਉਂਦੀ ਹੈ। ਚਾਹੇ ਸੁਖਜੀਤ ਦੇ ਕਹਾਣੀ ਸੰਗ੍ਰਹਿ *ਹੁਣ ਮੈਂ ਇੰਜੁਆਏ ਕਰਦੀ ਆਂ* ਦੀ ਕਹਾਣੀ 'ਹਜ਼ਾਰ ਕਹਾਣੀਆਂ ਦਾ ਬਾਪ, 'ਚ ਸੈਣੀ ਦੀਆਂ ਆਪਣੀਆਂ ਧੀਆਂ ਪ੍ਰਤੀ ਸ਼ੰਕਾਵਾਂ ਹੋਣ, ਉਹਨਾਂ ਪ੍ਰਤੀ ਉਸਦੇ ਸਹਿਕਰਮੀਆਂ ਦੀਆਂ ਅਸਿੱਧੇ ਰੂਪ ਵਿੱਚ ਲਾਈਆਂ ਚੋਭਾ, ਟਕੋਰਾਂ ਜਾਂ ਦਿੱਤੀਆਂ ਸਮਝੋਣੀਆਂ ਹੋਣ, ਇਹ ਸਭ ਸਮੁੱਚੇ ਰੂਪ ਵਿੱਚ ਔਰਤ ਨੂੰ ਘਟੀਆ ਸਮਝਣ ਤੇ ਹੀਣ ਦਰਜਾ ਦੇਣ ਵਾਲੀ ਮਰਦ ਮਾਨਸਿਕਤਾ ਨੂੰ ਪਰਿਵਰਤਨ ਰੂਪ ਵਜੋਂ ਦ੍ਰਿਸ਼ਟੀਗੋਚਰ ਕਰਦੀ ਹੈ। ਕਹਾਣੀ ਦੀ ਪੜ੍ਹਤ ਉਪਰੰਤ ਸਪੱਸ਼ਟ ਹੁੰਦਾ ਹੈ ਕਿ ਸੈਣੀ ਆਪਣੀਆਂ ਧੀਆਂ ਨੂੰ ਲੈ ਕੇ ਅਸੁਰੱਖਿਆ ਦੀ ਭਾਵਨਾ ਸੈਣੀ ਦੇ ਤਨ ਅਤੇ ਮਨ ਉੱਤੇ ਇਸ ਕਦਰ ਹਾਵੀ ਹੈ ਕਿ

ਉਹ ਜਿੱਥੇ ਵੀ ਦੋ ਮੂੰਹ ਜੁੜੇ ਵੇਖਦਾ ਉਸਨੂੰ ਇਵੇਂ ਜਾਪਦਾ ਹੈ ਜਿਵੇਂ ਉਸਦੀਆਂ ਧੀਆਂ ਨੂੰ ਲੈ ਕੇ ਹੀ ਗੱਲਾਂ ਹੋ ਰਹੀਆਂ ਹੋਣ। ਸੈਣੀ ਦੀ ਇਸ ਅਸ਼ਾਂਤ ਅਵਸਥਾ ਦੀ ਪ੍ਰਮੁੱਖ ਵਜ੍ਹਾ ਉਸਦੀ ਆਪਣੀ ਧੀਆਂ ਨੂੰ ਉਹਨਾਂ ਨਾਲ ਬਿਤਾਏ ਜਾ ਰਹੇ ਵਰਤਮਾਨ ਦੀ ਥਾਂ ਆਪਣੇ ਪਤਨੀ ਸੰਬੰਧੀ ਬੀਤੇ ਅਨੁਭਵ ਦੇ ਆਧਾਰ ਉੱਤੇ ਸਮਝਣ ਵਿੱਚ ਨਿਹਿਤ ਹੈ। ਉਹ ਆਪਣੀਆਂ ਧੀਆਂ ਨੂੰ ਉਹਨਾਂ ਦੇ ਵਿਅਕਤੀਗਤ ਗੁਣਾਂ ਦੇ ਆਧਾਰ ਉੱਤੇ ਵਾਚਣ ਦੀ ਬਜਾਏ ਆਪਣੀ ਪਤਨੀ ਦੇ ਲੱਛਣਾਂ ਨੂੰ ਉਹਨਾਂ ਉੱਪਰ ਆਰੋਪਿਤ ਕਰ ਕੇ ਵੇਖਦਾ ਹੈ। ਆਲੇ-ਦੁਆਲੇ ਵਿਚਰਨ ਵਾਲੇ ਸਹਿਕਰਮੀਆਂ ਦੀਆਂ ਔਰਤ ਸੰਬੰਧੀ ਮਨੋਬਿਰਤੀਆਂ ਉਸਦੇ ਮਾਨਸਿਕ ਸੰਕਟ ਨੂੰ ਵਧਾਉਂਦੀਆਂ ਹਨ, ਪਰ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਕਹੇ ਗਏ ਵਿਚਾਰ ਔਰਤ ਪ੍ਰਤੀ ਚੰਗੇ ਪੱਖ ਦੀ ਹਾਮੀ ਭਰਦੇ ਹਨ, ਜਦੋਂ ਉਹ ਸੈਣੀ ਨੂੰ ਕਹਿੰਦਾ ਹੈ ਕਿ:

> ਦੇਖੋ ਸੈਣੀ ਸਾਹਿਬ, ਜਦ ਇਸਤਰੀ 'ਇਨਸਕਿਓਰ', 'ਫੀਲ' ਕਰਦੀ ਐ ਯਾਨਿ ਉਹ ਸੋਚਦੀ ਐ ਕਿ ਉਹਦਾ ਭਰਾ ਹੈ ਨਹੀਂ, ਤੇ ਉਸਦਾ ਬਾਪ ਉਸਨੂੰ ਸੁਰੱਖਿਆ ਪ੍ਰਦਾਨ ਨਹੀਂ ਕਰ ਸਕਦਾ, ਤਾਂ ਇਹ ਸਥਿਤੀ ਬਹੁਤ ਖ਼ਤਰਨਾਕ ਹੁੰਦੀ ਹੈ। ਉਸ ਵੇਲੇ ਉਹ ਉਸ ਵੇਲ ਦੀ ਤਰ੍ਹਾਂ ਹੁੰਦੀ ਹੈ, ਜੋ ਆਪਣੇ ਨੇੜੇ ਦੇ ਕਿਸੇ ਵੀ ਸੁੱਕੇ, ਹਰੇ, ਵੱਡੇ, ਛੋਟੇ, ਦਰੱਖ਼ਤ ਦਾ ਸਹਾਰਾ ਲੈ ਲੈਂਦੀ ਹੈ। ਇਹ ਮਾਨਸਿਕਤਾ ਹੈ ਇਸਤਰੀ ਦੀ।(21)

ਇਸ ਤਰ੍ਹਾਂ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਪਾਤਰਾਂ ਦੀ ਮਾਨਸਿਕ ਸਥਿਤੀ-ਪ੍ਰਸਥਿਤੀ ਕਾਰਨ ਆਏ ਪਰਿਵਰਤਨ ਨੂੰ ਸਮਝਣ ਲਈ ਉਸ ਪਰਿਵੇਸ਼ ਨੂੰ ਸਮਝਣਾ ਬਹੁਤ ਜ਼ਰੂਰੀ ਹੈ, ਜਿਸਦਾ ਉਹ ਅੰਗ ਹੁੰਦੇ ਹਨ। ਕਿਉਂਕਿ ਵਿਅਕਤੀ ਦੇ ਮਨ ਦਾ ਵਿਕਾਸ ਖਲਾਅ ਵਿੱਚ ਨਹੀਂ ਹੁੰਦਾ, ਬਲਕਿ ਆਪਣੇ ਪਰਿਵੇਸ਼ ਦੀ ਪ੍ਰਤੀਕਿਰਿਆ ਦੇ ਸਰੂਪ ਵਿਚੋਂ ਹੁੰਦਾ ਹੈ। ਐਨਸਾਈਕਲੋਪੀਡੀਆ ਆਫ਼ ਦਾ ਸੋਸ਼ਲ ਸਾਇੰਸ Vol. V & VI 'ਚ R.A. Seligmen Edwin ਦੇ ਅਨੁਸਾਰ:

> ਜੇਕਰ ਵਿਅਕਤੀ ਦੇ ਮਨ ਦਾ ਵਿਸ਼ਲੇਸ਼ਣ ਕਰਨਾ ਹੈ, ਉਸ ਦੇ ਵਿਵਹਾਰ ਨੂੰ ਸਮਝਣਾ ਹੈ, ਉਸਦੇ

ਕਾਰਜਾਂ ਦੇ ਕਿਉਂ ਤੇ ਕਿਵੇਂ ਨੂੰ ਜਾਣਨਾ ਹੈ ਤਾਂ ਉਸਦੇ ਪਰਿਵੇਸ਼ ਨੂੰ ਸਮਝਣਾ ਹੋਵੇਗਾ।(564)

ਜੇਕਰ ਕਿਸੇ ਵਿਅਕਤੀ ਦੇ ਮਨ ਨੂੰ ਸਮਝਣਾ ਹੋਵੇ ਤਾਂ ਉਸਦੇ ਆਲੇ-ਦੁਆਲੇ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਉਸੇ ਤਰ੍ਹਾਂ ਸੈਣੀ ਜੇਕਰ ਆਪਣੀਆਂ ਧੀਆਂ ਨੂੰ ਲੈਕੇ ਪ੍ਰੇਸ਼ਾਨ ਸੀ ਤਾਂ ਉਸ ਪਿਛਲੇ ਵੀ ਕੁਝ ਹਲਾਤ ਸਨ ਜਿਸ ਕਰਕੇ ਉਸ ਦੀ ਹਾਲਤ ਇਵੇਂ ਸੀ। ਇਸ ਪ੍ਰਕਾਰ ਜੇਕਰ ਜਿੱਥੇ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਵਜੋਂ ਪ੍ਰਗਟ ਹੋਏ ਪੰਜਾਬੀ ਬੰਦੇ ਦੇ ਸਮੂਹਿਕ ਅਵਚੇਤਨ ਵਿੱਚ ਪਏ ਉਪਰੋਕਤ ਆਦਿ ਰੂਪ (ਆਰਕੀਟਾਈਪ) ਔਰਤ ਨੂੰ ਜਨਮਜਾਤ ਹੀਣੀ, ਤੁੱਛ ਵਸਤ ਵਜੋਂ ਪਰਿਭਾਸ਼ਤ ਕਰਦੇ ਹਨ। ਉੱਥੇ ਚੰਗੇ ਪੱਖ ਮਰਦ ਜ਼ਹਿਨੀਅਤ ਦੇ ਰੂਬਰੂ ਕਰਵਾ ਦਿੰਦੇ ਹਨ। ਸੁਖਜੀਤ ਦੀਆਂ ਕੁਝ ਮਹੱਤਵਪੂਰਨ ਕਹਾਣੀਆਂ ਜਿਵੇਂ 'ਹਜ਼ਾਰ ਕਹਾਣੀਆਂ ਦਾ ਬਾਪ', 'ਜੀ ਬੀਬੀ ਜੀ', 'ਕਾਮਬਲੀ', 'ਹੁਣ ਮੈਂ ਇੰਜੁਆਏ ਕਰਦੀ ਆਂ' ਆਦਿ ਵਿੱਚ ਪ੍ਰਸਤੁਤ ਹੋਈ ਔਰਤ ਪਾਤਰ ਧੀ, ਭੈਣ, ਪਤਨੀ, ਮਾਂ ਦੇ ਵੱਖੋ-ਵੱਖ ਰੂਪਾਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨ ਵਜੋਂ ਮਰਦਾਵੀਂ ਮਨੋਬਣਤਰ ਵਿੱਚ ਕਿਸੇ ਨਾ ਕਿਸੇ ਹਵਾਲੇ ਨਾਲ ਘਟੀਆ ਦਰਜਾਬੰਦੀ ਵਿੱਚ ਪਈ ਹੈ, ਪਰੰਤੂ ਸੁਖਜੀਤ ਦੀ *ਹੁਣ ਮੈਂ ਇੰਜੁਆਏ ਕਰਦੀ ਆਂ* ਤੋਂ ਲਈ ਕਹਾਣੀ 'ਹਜ਼ਾਰ ਕਹਾਣੀਆਂ ਦਾ ਬਾਪ' ਦੀ ਪੜ੍ਹਤ ਉਪਰੰਤ ਸਪੱਸ਼ਟ ਹੁੰਦਾ ਹੈ ਕਿ ਸੈਣੀ ਆਪਣੀ ਪਤਨੀ ਦੇ ਜੱਟਾਂ ਦੇ ਮੁੰਡੇ ਚੀਨੇ ਨਾਲ ਉੱਧਲ ਜਾਣ ਕਾਰਨ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਮਾਨਸਿਕ ਸੰਕਟ ਹੰਢਾ ਰਿਹਾ ਹੈ। ਲੋਕਾਂ ਦੀਆਂ ਗੱਲਾਂ ਤੋਂ ਬਚਣ ਲਈ ਉਹ ਆਪਣੀਆਂ ਚਾਰੇ ਧੀਆਂ ਨਾਲ ਸ਼ਹਿਰ ਆ ਵੱਸਦਾ ਹੈ, ਪਰੰਤੂ ਸ਼ਹਿਰ ਆ ਕੇ ਵੀ ਉਸਦੀ ਮਾਨਸਿਕ ਸਥਿਤੀ ਵਿੱਚ ਕੋਈ ਬਹੁਤਾ ਅੰਤਰ ਨਹੀਂ ਆਉਂਦਾ। ਉਹ ਖੁਦ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਆਪਣੀ ਪਰਿਵਰਤਨ ਹੋਈ ਮਾਨਸਿਕ ਅਸ਼ਾਂਤੀ ਅਤੇ ਇਸਦੇ ਕਾਰਨਾਂ ਨੂੰ ਫਰੋਲਦਾ ਲੋਕਾਂ ਦੀ ਮਾੜੀ ਆਦਤ ਦਾ ਜ਼ਿਕਰ ਕਰਦਾ ਕਹਿੰਦਾ ਹੈ ਕਿ:

> ਲੋਕਾਂ ਦੀਆਂ ਗੱਲਾਂ ਜਿਉਣ ਨਹੀਂ ਸੀ ਦਿੰਦੀਆਂ ਵਿਚਾਰਾ ਚਾਰ ਕੁੜੀਆਂ ਦਾ ਪਿਓ ਕੀ ਕਰੂ ਵਿਚਾਰਾ? ਜਿੰਨੇ ਮੂੰਹ ਓਨੀਆਂ ਗੱਲਾਂ। ਜਮੀਨ ਵੇਚ ਸ਼ਹਿਰ ਆਉਣਾ ਪਿਆ। ਕੀ ਪਤਾ ਸੀ ਕਿ ਇੱਥੇ

> ਗਿੱਲ ਟੱਕਰ ਜੂਗਾ, ਚੀਨੇ ਵਾਂਗੂੰ ਉਹ ਮੇਰੀ ਘਰਵਾਲੀ ਲੈ ਗਿਆ, ਇਹਨੇ ਮੇਰਾ ਸੁੱਖ ਚੈਨ ਲੈ ਲਿਆ।(14)

ਇਸ ਤਰ੍ਹਾਂ ਸਹਿਕਰਮੀਆਂ ਦੇ ਪ੍ਰਭਾਵ ਅਧੀਨ ਵਿਚਰਦੇ ਸੈਣੀ ਦੇ ਪ੍ਰਤੱਖਣ ਵਿੱਚ 'ਸ੍ਵੈ' ਨਾਲੋਂ 'ਅਨਯ' ਭਾਰੂ ਹੋ ਚੁੱਕਾ ਹੈ। ਦੂਸਰਿਆਂ ਦੇ ਨੁਕਤਾ-ਨਿਗਾਹ ਤੋਂ ਆਪਣੀਆਂ ਧੀਆਂ ਨੂੰ ਵੇਖਣ ਅਤੇ ਸਮਝਣ ਕਾਰਨ ਕਈ ਤਰ੍ਹਾਂ ਦੇ ਸ਼ੰਕਿਆਂ, ਭਰਮ-ਭੁਲੇਖਿਆਂ ਦੀ ਗ੍ਰਿਫ਼ਤ ਵਿੱਚ ਆ ਕੇ ਸੈਣੀ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਨਿਰੰਤਰ ਮਾਨਸਿਕ ਸੰਕਟ ਹੰਢਾਉਂਦਾ ਵਿਅਕਤੀਗਤ ਤੇ ਮਾਨਸਿਕ ਪਰਿਵਰਤਨ ਦਾ ਸ਼ਿਕਾਰ ਹੋ ਜਾਂਦਾ ਹੈ। ਕਹਾਣੀ ਦੇ ਸ਼ੁਰੂਆਤ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਮੁੱਖ ਪਾਤਰ ਦੁਆਰਾ ਉੱਭਰੇ ਅਗਲੇਰੇ ਅਲਫਾਜ਼ ਇਸ ਦਾ ਸਪੱਸ਼ਟੀਕਰਨ ਹਨ। ਜਿਵੇਂ ਕਿ:

> ਇਹ ਮੇਰੀ ਕਹਾਣੀ ਹੈ। ਮੈਂ ਜੋ ਚਾਰ ਧੀਆਂ ਦਾ ਬਾਪ ਹਾਂ। ਧੀ ਤਾਂ ਕਹਿੰਦੇ ਨੇ ਇੱਕ ਨਹੀਂ ਮਾਣ ਹੁੰਦੀ। ਇੱਕ ਧੀ ਦੀਆਂ ਸੌ-ਸੌ ਕਹਾਣੀਆਂ ਹੁੰਦੀਆਂ ਨੇ, ਫਿਰ ਮੇਰੀਆਂ ਤਾਂ ਚਾਰ ਧੀਆਂ ਨੇ। (9)

**(ਅ) ਮਾੜੇ ਪੱਖ**: ਸੁਖਜੀਤ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਮਾੜੇ ਮਨੋਵਿਗਿਆਨਿਕ ਪੱਖ ਤੋਂ ਆਏ ਪਰਿਵਰਤਨ ਕਾਰਨ ਮਨੁੱਖ ਪਦਾਰਥਕ ਵਸਤੂਆਂ ਵਿੱਚ ਇੰਨ੍ਹਾ ਗ੍ਰੱਸ ਚੁੱਕਿਆ ਕਿ ਉਸਦੀ ਮਾਨਸਿਕਤਾ ਸਵੈ ਤੋਂ ਬਿਨਾਂ ਹੋਰ ਕੁਝ ਸੋਚਣ ਤੋਂ ਮੁਨਕਰ ਹੋ ਗਈ ਹੈ। ਉਹ ਹਰ ਵਸਤੂ ਨੂੰ ਬਜ਼ਾਰੂ ਨਜ਼ਰੀਏ ਤੋਂ ਵੇਖਦਾ ਪਰਖਦਾ ਹੈ। ਆਰਥਿਕ ਮੰਦਹਾਲੀ ਦੇ ਸ਼ਿਕਾਰ ਇਸ ਮਨੁੱਖ ਦੇ ਰਿਸ਼ਤਿਆਂ ਵਿੱਚ ਤਰੇੜਾਂ ਆ ਚੁੱਕੀਆਂ ਹਨ। ਔਰਤਾਂ ਦੀ ਪੁਰਸ਼ ਵਿਰੋਧੀ ਪ੍ਰਵਿਰਤੀ ਦੇ ਸਬੰਧ 'ਚ ਡਾ. ਤਰਲੋਚਨ ਸਿੰਘ ਬਾਸੀ *ਪੰਜਾਬੀ ਨਾਵਲ ਦਾ ਮਨੋਵਿਗਿਆਨਕ ਅਧਿਐਨ* 'ਚ ਲਿਖਦੇ ਨੇ:

> ਵੇਸ਼ਵਾਵਾਂ ਦੀ ਮਰਦ ਉਤੇ ਜਿੱਤ ਪਾਉਣ ਦੀ ਭਾਵਨਾ ਅਧੀਨ, ਤਰ੍ਹਾਂ-ਤਰ੍ਹਾਂ ਦੇ ਦਾਅ-ਪੇਚ ਵਰਤ ਕੇ ਆਪਣੇ ਉਤੇ ਮਸਤ ਕਰਦੀਆਂ ਹਨ ਅਤੇ ਉਸ ਨੂੰ ਇਸ ਨੌਬਤ ਤੀਕ ਪਹੁੰਚਾ ਦਿੰਦੀਆਂ ਹਨ ਅਤੇ ਉਹ ਇਕ ਤਰ੍ਹਾਂ ਨਾਲ ਉਨ੍ਹਾਂ ਦਾ ਗੁਲਾਮ ਹੋ ਜਾਂਦਾ ਹੈ।ਵੇਸ਼ਵਾਵਾਂ ਦੀ ਮਰਦ ਉਤੇ ਜਿੱਤ ਪਾਉਣ ਦੀ ਭਾਵਨਾ ਅਧੀਨ, ਤਰ੍ਹਾਂ-ਤਰ੍ਹਾਂ ਦੇ ਦਾਅ-ਪੇਚ ਵਰਤ ਕੇ ਆਪਣੇ ਉਤੇ ਮਸਤ ਕਰਦੀਆਂ ਹਨ ਅਤੇ

ਉਸ ਨੂੰ ਇਸ ਨੌਬਤ ਤੀਕ ਪਹੁੰਚਾ ਦਿੰਦੀਆਂ ਹਨ ਅਤੇ ਉਹ ਇਕ ਤਰ੍ਹਾਂ ਨਾਲ ਉਨ੍ਹਾਂ ਦਾ ਗੁਲਾਮ ਹੋ ਜਾਂਦਾ ਹੈ।(51)

ਕਈ ਵਾਰ ਅਧੂਰੀਆਂ ਮਨ ਦੀਆਂ ਇਛਾਵਾਂ ਭਾਵ ਵਿਆਹ ਤੋਂ ਪਹਿਲਾਂ ਦੇ ਪਿਆਰ ਦੀ ਪ੍ਰਾਪਤੀ ਨਾ ਹੋਣਾ ਜਾਂ ਫਿਰ ਵਿਆਹ ਤੋਂ ਬਾਅਦ ਪਤੀ ਦਾ ਨਿਪੁੰਸਕ ਹੋਣਾ ਜਾਂ ਪਤੀ ਦੇ ਬਾਹਰ ਸਬੰਧ ਹੋਣੇ ਆਦਿ ਕਾਰਨਾਂ ਕਰਕੇ ਕਈ ਵਾਰ ਔਰਤ ਮਰਦ ਤੋਂ ਉਸੇ ਦੇ ਰੂਪ 'ਚ ਬਦਲਾ ਲੈਣ ਦੀ ਭਾਵਨਾ ਪ੍ਰਬਲ ਹੋ ਜਾਂਦੀ ਹੈ ਜਿਸ ਕਾਰਨ ਉਹ ਕਈ ਮਰਦਾਂ ਨੂੰ ਵਰਤ ਕਿ ਆਨੰਦ ਹਾਸਲ ਕਰਦੀ ਹੈ ਇਸੇ ਵਿਚਾਰ ਅਧੀਨ ਡਾ. ਗੁਰਜੰਟ ਸਿੰਘ *ਮਨੋਵਿਸ਼ਲੇਸ਼ਣਾਤਮਕ ਸਾਹਿਤ ਚਿੰਤਨ* 'ਚ ਆਖਦੇ ਨੇ:

ਔਰਤ ਦੇ ਅਚੇਤਨ ਵਿੱਚ ਮਰਦ ਬਣਨ ਦੀ ਕਾਮਨਾ ਪਲਮਦੀ ਰਹਿੰਦੀ ਹੈ। ਇਸੇ ਭਾਵਨਾਂ ਅਧੀਨ ਕੁਝ ਔਰਤਾਂ ਅਖ਼ਲਾਕੀ ਕੀਮਤਾਂ ਨੂੰ ਤੋੜ ਕੇ ਇਕ ਤੋਂ ਵੱਧ ਥਾਵਾਂ ਤੇ ਲਿੰਗਕ ਸੰਬੰਧ ਪੈਦਾ ਕਰਕੇ ਆਪਣੀ ਇਕ ਮਰਦ ਤੱਕ ਮਹਿਦੂਦ ਰਹਿਣ ਦੀ ਹੀਣ-ਗ੍ਰੰਥੀ ਉਤੇ ਜਿੱਤ ਹਾਸਲ ਕਰਕੇ ਆਨੰਦ ਪ੍ਰਾਪਤ ਕਰਦੀਆਂ ਹਨ।(50)

ਇਸੇ ਸਬੰਧ 'ਚ ਸੁਖਜੀਤ ਦੀ ਕਹਾਣੀਆਂ ਦੀਆਂ ਕਈ ਪਾਤਰਾਂ ਵਿਚਰ ਦੀਆਂ ਹਨ ਜਿਵੇਂ ਜੀ ਬੀਬੀ ਜੀ ਕਹਾਣੀ ਦੀ ਪਾਤਰ ਸਿਮਰਨ, ਮੈਂ ਹੁਣ ਇੰਜੁਆਏ ਕਰਦੀ ਆਂ ਦੀ ਮੈਂ ਪਾਤਰ, ਮੈਂ ਅਯਨਘੋਸ਼ ਨਹੀਂ ਦੀ ਪਾਤਰ ਸੀਰਤ ਆਦਿ। ਸੁਖਜੀਤ ਦੀਆਂ ਕਹਾਣੀਆਂ ਵਿੱਚ ਕਾਮੁਕ ਭੁੱਖ, ਸਾਧੂ-ਸੰਤਾਂ ਦੇ ਦੰਭਵਾਦੀ ਤੇ ਪਾਖੰਡਵਾਦੀ ਚਿਹਰੇ, ਔਰਤ-ਮਰਦ ਦੇ ਵਰਜਿਤ ਰਿਸ਼ਤਿਆਂ-ਨਾਤਿਆਂ ਦੀ ਪੇਸ਼ਕਾਰੀ ਦੌਰਾਨ ਟੁੱਟਦੇ ਰਿਸ਼ਤੇ-ਨਾਤੇ, ਅਨੈਤਿਕ ਮੁੱਲਾਂ ਨੂੰ ਦਰਸਾਉਂਦੀਆਂ ਹਨ। ਔਰਤ ਭਾਵੇਂ ਆਪਣੇ ਆਪ ਨੂੰ ਸੁਤੰਤਰ ਰੂਪ ਵਿੱਚ ਇਹਨਾਂ ਕਹਾਣੀਆਂ ਵਿੱਚ ਪੇਸ਼ ਕਰ ਰਹੀ ਹੈ, ਪਰ ਉਹ ਮੰਡੀ ਦੀ ਵਸਤੂ ਵਜੋਂ ਸਮਝਕੇ ਉਸਦੀ ਮਾਨਸਿਕਤਾ ਨੂੰ ਨਵੇਂ ਦਵੰਦ ਵਿੱਚ ਪਾ ਕੇ ਝੰਜੋੜਿਆ ਗਿਆ ਹੈ। ਡਾ. ਸ਼ਰਨਜੀਤ ਕੌਰ ਪੰਜਾਬੀ ਕਹਾਣੀ ਪ੍ਰਾਪਤੀਆਂ ਤੇ ਸੰਭਾਵਨਾਵਾਂ 'ਚ ਔਰਤ ਦੀ ਖੁੱਲ ਤੇ ਖੁਦ-ਮੁਖ਼ਤਿਆਰੀ ਬਾਰੇ ਲਿਖਦੀ ਹੈ:

ਕਹਾਣੀ ਵਿੱਚਲੀ ਔਰਤ ਦੀ ਖੁਦ-ਮੁਖ਼ਤਿਆਰੀ ਉਸਦੀਆਂ ਪਾਬੰਦੀਆਂ ਨੂੰ ਪਾਰ ਕਰਨ ਦੇ ਆਹਰ

ਵਿੱਚ ਹੋ ਗਈ ਹੈ, ਜਦਕਿ ਮਰਦ ਆਪਣੇ ਅਹਿੰਕਾਰ ਵਿੱਚ ਉੱਥੇ ਹੀ ਖੜ੍ਹਾ ਰਿਹਾ। ਅਜਿਹੇ ਬਦਲਾਵ ਨੇ ਮਨੁੱਖ ਨੂੰ ਮਾਨਸਿਕ ਤੌਰ 'ਤੇ ਕਮਜ਼ੋਰ ਕਰ ਦਿੱਤਾ। ਬੇਚੈਨੀ, ਇਕੱਲਾਪਣ, ਉਕਤਾਹਟ, ਮਾਯੂਸੀ, ਭਟਕਣਾ, ਖਿੱਝ, ਤਲਖ਼ੀ, ਉਦਰੇਵਾਂ, ਹੀਣ-ਭਾਵਨਾ, ਵਹਿਮ, ਪ੍ਰੇਸ਼ਾਨੀ ਅਤੇ ਮਾਨਸਿਕ ਖਿੰਡਾਓ ਇਸ ਯੁੱਗ ਦੀਆਂ ਮੂਲ ਪ੍ਰਵਿਰਤੀਆਂ ਬਣੀਆਂ। ਇਹ ਪ੍ਰਵਿਰਤੀਆਂ ਮਨੋਬਿਰਤੀ ਦਾ ਵਿਸ਼ੇਸ਼ ਅੰਗ ਹੁੰਦੀਆਂ ਹੋਈਆਂ ਸਰੀਰਕ ਸਬੰਧਾਂ ਤੱਕ ਲੈ ਤੁਰੀਆਂ ਤੇ ਅਸੰਤੁਸ਼ਟੀ ਮਨੁੱਖ ਨਾਲ ਹਰ ਵੇਲੇ ਰਹੀ ਕਿਉਂ ਜੋ ਕਹਾਣੀ ਸਮਾਜ ਵਿੱਚਲੇ ਮਨੁੱਖ ਨਾਲ ਖਹਿੰਦੀ ਲਿਖੀ ਜਾਣ ਲੱਗੀ, ਸੋ ਸਮਾਜ ਦਾ ਅਸਰ ਕਹਾਣੀ 'ਤੇ ਪੈਣਾ ਸੁਭਾਵਕ ਕਾਰਜ ਸੀ। ਉੱਤਰ ਆਧੁਨਿਕਤਾ ਦੀ ਖੁੱਲ੍ਹ ਨੇ ਸਰੀਰਕ ਸੰਬੰਧਾਂ ਦੀਆਂ ਕਹਾਣੀਆਂ ਨੂੰ ਮੁੱਖ ਧਾਰਾ ਵਿੱਚ ਲੈ ਆਂਦਾ।(30)

ਮਨੁੱਖੀ ਰਿਸ਼ਤੇ ਅੱਜ ਗਿਰਾਵਟ ਵੱਲ ਜਾ ਰਹੇ ਜਨ। ਪੂੰਜੀਵਾਦ ਕਰਕੇ ਮਨੁੱਖ ਦੀ ਮਾਨਸਿਕਤਾ ‘ਚ ਨਿਘਾਰ ਆ ਗਿਆ ਹੈ ਅਤੇ ਮਾਨਵੀ ਰਿਸ਼ਤੇ ਬਦਲ ਰਹੇ ਹਨ। ਇਸੇ ਸਬੰਧ ‘ਚ ਇਮਿਸਟ ਮੈਨਡਲ ਦਾ *ਮਾਰਕਇਸਟ ਥਿਊਰੀ ਆਫ਼ ਅਲੇਨੇਸ਼ਨ* ‘ਚ ਲਿਖਦੇ ਹਨ:

ਪੂੰਜੀਵਾਦ ਅਧੀਨ ਮਾਨਸਿਕਤਾ ਵਿੱਚ ਇਥੋਂ ਤੱਕ ਨਿਘਾਰ ਆ ਗਿਆ ਹੈ ਕਿ ਮਾਨਵੀਂ ਰਿਸ਼ਤੇ ਵਸਤੂ ਰਿਸ਼ਤਿਆਂ ਵਿੱਚ ਬਦਲ ਜਾਂਦੇ ਹਨ। ਅਜਿਹੀ ਹਾਲਤ ਵਿੱਚ ਹਰੇਕ ਮਨੁੱਖ ਦੂਜੇ ਨੂੰ ਲਾਭ-ਹਾਨੀ ਅਤੇ ਸੁਆਰਥ ਦੀ ਭਾਵਨਾ ਨਾਲ ਦੇਖਦਾ ਹੈ।(26)

ਇਸ ਤਰ੍ਹਾਂ ਸੁਖਜੀਤ ਦੇ ਆਪਣੇ ਕਹਾਣੀ ਸੰਗ੍ਰਹਿ ਅੰਤਰਾ ਦੀ ਕਹਾਣੀ "ਬਰਫ਼'' ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਕਾਮੁਕ ਪ੍ਰਵਿਰਤੀ ਤੋਂ ਰਿਸ਼ਤਿਆਂ-ਨਾਤਿਆਂ ਦੇ ਪਰਿਵਰਤਨ ਰੂਪ ਨੂੰ ਮਾੜੇ ਪੱਖ ਤੋਂ ਉਭਾਰਦੀ ਹੈ। ਜਿਵੇਂ ਕਿ ਕਹਾਣੀ ਵਿੱਚ ਮਨੀਸ਼ ਅਤੇ ਵਰਖਾ ਦੋਵੇਂ ਭੈਣ ਭਰਾ ਦੋਸਤ ਕਪਿਲ ਦੀ ਰਿਸੈੱਪਸ਼ਨ 'ਚ ਸ਼ਿਮਲੇ ਤੋਂ ਕੁਫ਼ਰੀ ਜਾ ਰਹੇ ਸਨ। ਇਸ ਸਮੇਂ ਦੌਰਾਨ ਹੀ ਉਹਨਾਂ ਦੀ ਜੀਪ ਖ਼ਰਾਬ ਹੋ ਜਾਂਦੀ ਹੈ। ਕੋਈ ਨਜ਼ਦੀਕੀ ਰਿਸ਼ਤੇਦਾਰ ਨਾ ਹੋਣ ਕਰਕੇ ਉਨ੍ਹਾਂ ਨੂੰ ਰਾਤ ਨੂੰ ਇੱਕੋ ਕੰਬਲ 'ਚ ਸੌਣਾ ਪੈਂਦਾ ਹੈ। ਦੋਹਾਂ ਵਿੱਚ ਕਾਮ ਦਾ ਵੇਗ ਇੱਕ ਦੂਜੇ ਪ੍ਰਤੀ ਖਿੱਚ ਨੂੰ ਪ੍ਰੇਮੀ ਪ੍ਰੇਮਿਕਾ ਦੀ ਖਿੱਚ 'ਚ ਬਦਲ ਦਿੰਦਾ ਹੈ। ਦੋਵਾਂ ਨੂੰ

ਇਸ ਗੱਲ ਦਾ ਅਹਿਸਾਸ ਵੀ ਹੈ, ਪਰੰਤੂ ਫਿਰ ਵੀ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਰਿਸ਼ਤੇ-ਨਾਤੇ ਵਿੱਚਲੇ ਪਰਿਵਰਤਨ ਕਾਰਨ ਦਵੰਦ ਵਿੱਚ ਫਸੇ ਭੈਣ ਭਰਾ ਤੋਂ ਪ੍ਰੇਮੀ-ਪ੍ਰੇਮਿਕਾ ਦਿੱਖ ਵਾਲੀ ਕਾਮੁਕ ਭੁੱਖ ਨੂੰ ਉਤੇਜਿਤ ਕਰਦੇ ਹਨ, ਜਦੋਂ ਦੋਨੋਂ ਇਹ ਸੋਚਦੇ ਹਨ ਕਿ:

> ਪਰ ਕਿਉਂ? ਬਰਖਾ ਨੇ ਸੋਚਿਆ ਸੀ। ਕਿਉਂ ਅਸੀਂ ਇੱਕ ਦੂਜੇ ਵੱਲ ਪਿੱਠ ਕੀਤੀ, ਅਸੀਂ ਭੈਣ ਭਰਾ ਹਾਂ, ਛੋਟੇ ਹੁੰਦੇ ਇਕੱਠੇ ਸੌਂਦੇ ਰਹੇ ਹਾਂ, ਇੱਕ ਦੂਜੇ ਨੂੰ ਗਲਵੱਕੜੀ ਪਾ ਕੇ। ਪਰ ਹੁਣ ? ਹੁਣ ਸ਼ਾਇਦ ਅਸੀਂ ਵੱਡੇ ਹੋ ਗਏ ਹਾਂ। ਅੱਜ ਉਹ ਬਹੁਤ ਦੇਰ ਬਾਅਦ ਇਉਂ ਪਏ ਸਨ। ਬਰਖਾ ਦਾ ਜੀਅ ਮਚਲਦਾ ਸੀ ਕਿ ਮਨੀਸ਼ ਉਸ ਉੱਤੋਂ ਬਾਂਹ ਵਲ੍ਹਾ ਲਵੇ।(28)

ਬਰਖਾ ਨੂੰ ਆਪਣੇ ਭਰਾ ਮਨੀਸ਼ ਵਿਚੋਂ ਕਦੇ ਭਰਾ ਵਾਲੀ ਖਿੱਚ ਪੈਦਾ ਹੁੰਦੀ ਹੈ ਤੇ ਕਦੇ ਪ੍ਰੇਮੀ ਵਾਲੀ। ਦੋਵਾਂ ਵਿੱਚਲੀ ਕਾਮੁਕ ਖਿੱਚ ਕਾਰਨ ਭੈਣ ਭਰਾ ਦਾ ਰਿਸ਼ਤਾ ਪਰਿਵਰਤਨ ਹੋ ਕੇ ਬਰਫ਼ ਵਾਂਗ ਠੰਢਾ ਹੋ ਜਾਂਦਾ ਹੈ। ਇੱਕ ਦੂਸਰੇ ਦੇ ਨਜ਼ਦੀਕ ਆਉਣ 'ਤੇ ਦੋਵਾਂ ਦੇ ਸਰੀਰ 'ਚੋਂ ਅੱਗ ਵਾਗ ਸੇਕ ਮਾਰਦਾ ਹੈ। ਫਿਰ ਦੋਨੋਂ ਦੇ ਰਿਸ਼ਤਿਆਂ ਵਿੱਚਲੇ ਪਰਿਵਰਤਨ ਬਾਰੇ ਜੋਗਿੰਦਰ ਸਿੰਘ ਰਾਹੀ *ਪੰਜਾਬੀ ਕਹਾਣੀ ਸਫ਼ਰ ਤੇ ਸ਼ਾਸਤਰ* ‘ਚ ਆਖਦੇ ਹਨ ਕਿ:

> ਸੱਚ ਨਿਰਪੇਖ ਨਹੀਂ, ਬਲਕਿ ਪਰਿਸਥਿਤੀਆਂ ਨਾਲ ਜੁੜੀ ਹੋਈ ਸਾਪੇਖ ਵਸਤੂ ਹੈ।ਸੱਚ ਉਹ ਹੈ ਜੋ ਪਰਿਸਥਿਤੀਆਂ ਸਾਨੂੰ ਦੇਂਦੀਆਂ ਹਨ।(202)

ਪਰ ਦੂਸਰੇ ਪਾਸੇ ਕਹਾਣੀਕਾਰ ਦੀ *ਅੰਤਰਾ* ਚੋਂ ਲਈ ‘ਆਦਮਖ਼ੋਰ’ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਇਕੱਤਰ ਭੀੜ ਦਾ ਕੇਂਦਰੀ ਧੁਰਾ ਪਾਤਰ ਬੀਬਾ ਹੈ। ਇਸ ਭੀੜ ਦਾ ਨਿਰਮਾਣ ਇੱਕ ਤਤਕਾਲਿਕ ਘਟਨਾ ਜਾਂ ਸਥਿਤੀ-ਪਰਸਥਿਤੀ ਦੇ ਆਧਾਰ ਉੱਤੇ ਹੋਇਆ ਹੈ। ਜਿਵੇਂ ਹੀ ਇਹ ਘਟਨਾ ਸਮਾਪਤ ਹੋ ਜਾਵੇਗੀ ਤਾਂ ਭੀੜ ਦਾ ਟੁੱਟ ਜਾਣਾ ਵੀ ਸੁਭਾਵਿਕ ਹੈ। ਇਸਦੇ ਸਾਰੇ ਮੈਂਬਰਾਂ ਵਿੱਚ ਇੱਕ ਸਮਾਨ ਸੰਵੇਗ ਦਾ ਉਦਭਵ ਹੁੰਦਾ ਹੈ। ਇਸਦੇ ਜ਼ਿਆਦਾਤਰ ਮੈਂਬਰ ਇੱਕੋ ਸਮੇਂ ਭੈਅ, ਦੁੱਖ, ਘ੍ਰਿਣਾ, ਉਤਸ਼ਾਹ, ਕ੍ਰੋਧ ਆਦਿ ਦਾ ਅਨੁਭਵ ਕਰਦੇ ਹਨ ਅਤੇ ਉਸੇ ਅਨੁਸਾਰ ਕਾਰਜ ਵੀ ਕਰਦੇ ਹਨ। ਹੱਦੋਂ

ਵੱਧ ਸਹਿਜ ਵਿਸ਼ਵਾਸੀ ਹੋਣ ਕਾਰਨ ਭੀੜ ਵਿੱਚ ਲੋਕ ਬਿਨਾਂ ਕਿਸੇ ਤਰਕ ਜਾਂ ਵਿਚਾਰ ਦੇ ਸੱਚ ਮੰਨ ਲੈਂਦੇ ਹਨ। ਇਸਦਾ ਸਭ ਤੋਂ ਪ੍ਰਮੁੱਖ ਕਾਰਨ ਇਹ ਹੈ ਕਿ ਭੀੜ ਵਿੱਚ ਵਿਅਕਤੀ ਦਾ ਸੁਝਾਅ, ਗ੍ਰਹਿਣਸ਼ੀਲਤਾ ਬਹੁਤ ਜ਼ਿਆਦਾ ਵੱਧ ਜਾਂਦੀ ਹੈ। ਇਸ ਕਾਰਨ ਤਰਕ ਅਤੇ ਬੁੱਧੀ ਦੇ ਆਧਾਰ ਉੱਤੇ ਕਿਸੇ ਵਿਸ਼ੇ ਉੱਤੇ ਵਿਚਾਰ ਕਰਨ ਦੀ ਸ਼ਕਤੀ ਉਸ ਵਿੱਚ ਨਹੀਂ ਰਹਿੰਦੀ। ਜਿਵੇਂ ਕਿ ਕਹਾਣੀ 'ਆਦਮਖ਼ੋਰ' ਦੇ ਬਿਰਤਾਂਤ ਵਿੱਚ ਭੀੜ ਦੇ ਦ੍ਰਿਸ਼ ਨੂੰ ਉਭਾਰਦਾ ਹੋਇਆ ਸੁਖਜੀਤ ਸੱਭਿਆਚਾਰਕ ਰੂਪਾਂਤਰਨ ਨੂੰ ਮਨੋਵਿਗਿਆਨ ਦੇ ਮਾੜੇ ਪੱਖ ਵਜੋਂ ਵੱਖ-ਵੱਖ ਪਾਤਰਾਂ ਦੀ ਮਾੜੀ ਸੋਚ, ਵਿਚਾਰ, ਪੱਖ ਆਦਿ ਤੋਂ ਪਰਿਵਰਤਨ ਨੂੰ ਰੂਪਮਾਨ ਕਰਦਾ ਹੋਇਆ ਕਹਿੰਦਾ ਹੈ ਕਿ:

> ਇਹ ਬੰਦਾ ਹੈ ਕਿਹੜਾ? ਬੀਬਾ ਏ ਬੀਬਾ। ਬੀਬਾ? ਭੀੜ ਨੂੰ ਸੱਪ ਸੁੰਘ ਜਾਂਦੈ ਇੱਕ ਦਮ। ਫਿਰ ਜ਼ਨਾਨੀਆਂ ਦੀ ਘੁਸਰ ਮੁਸਰ ਹੁੰਦੀ ਏ। ਹੇਖਾਂ ਇਨ੍ਹਾਂ ਨੂੰ ਨੌਂ ਮੀਨ੍ਹੇ ਸਾਂਭੋਂ ਢਿੱਡ "ਚ, ਗਿੱਲੇ ਥਾਓਂ ਸੁੱਕੇ ਕਰਦੇ ਰਹੋ, ਤੇ ਵੱਡੇ ਹੋ ਕੇ ਆਹ ਦੱਛਣਾ ਦਿੱਤੀ ਸੂ। ਵੇਖ ਲੈ ਹੁਣ ਕਿਹੜੇ ਕਿਹੜੇ ਪਾਪੜ ਨਹੀਂ ਵੇਲ੍ਹੇ ਬੀਬੀ ਭਗਤਣੀ ਨੇ। ਤਾਂ ਈ ਤੇ ਆਂਹਦੇ ਨੇ ਇਹੋ ਜਿਹੀ 'ਲਾਦ ਨਾਲੋਂ ਸੱਖਣਾ ਈ ਚੰਗਾ ਬੰਦਾ। ਜ਼ਨਾਨੀਆਂ ਦੇ ਪਾਸਿਓਂ ਗੱਲ ਦੂਜੇ ਪਾਸੇ ਵੱਲ ਸਰਕ ਗਈ ਏ। ਬੁੱਢਾ ਕਿੱਥੇ ਆ ? ਆਂਹਦੇ ਨੇ ਦੁਆਲੇ ਦੇ ਪਿੰਡਾਂ ਨੂੰ ਗਿਆ ਏ। ਆਂਹਦਾ ਏ ਏਸ ਸਿੱਕੇਸ਼ਾਹੀ ਦੇ ਖ਼ਿਲਾਫ਼, ਲੋਕਾਂ ਦਾ 'ਕੱਠ ਕਰੇਗਾ। ਆਂਹਦਾ ਏ ਆਪਣਾ ਪਿੰਡ ਤਾਂ ਅਸਲੋਂ ਗਰਕ ਗਿਆ ਏ। ਲੈ, ਬੇੜਾ ਤਾਂ ਉਹਦਾ ਗਰਕਿਆ ਏ, ਜਿਹਨੂੰ ਧਰਮ ਕਰਮ ਫੁੱਟੀ ਅੱਖ ਨਹੀਂ ਭਾਉਂਦਾ।(30,31)

ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਵਜੋਂ ਵਿਸ਼ੇਸ਼ ਪ੍ਰਸੰਗ ਨਾਲ ਜੁੜੀ ਹੋਈ ਅਗਲੇਰੀ ਕਹਾਣੀ ਹੈ - 'ਪਾਤਸ਼ਾਹ'। ਪਾਤਸ਼ਾਹ ਕਹਾਣੀ ਅਨਯਪੁਰਖੀ ਬਿਰਤਾਂਤ ਸ਼ੈਲੀ ਵਿੱਚ ਲਿਖੀ ਗਈ ਹੈ, ਜਿਸ ਵਿੱਚ ਪਾਤਸ਼ਾਹ ਅਖਵਾਉਣ ਵਾਲੇ ਢੌਂਗੀ ਬਾਬਿਆਂ ਦਾ ਪਾਜ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਮਾੜੇ ਕਾਰਜ ਵਜੋਂ ਉਘਾੜਿਆ ਗਿਆ ਹੈ, ਜੋ ਝੂਠ ਤੇ ਕਪਟ ਨੂੰ ਆਧਾਰ ਬਣਾ ਜ਼ਬਰ, ਜੁਰਮ, ਘਿਨਾਉਣੇਪਨ ਦੀ ਦੁਨੀਆ ਨੂੰ ਉਸਾਰਦੇ ਹਨ ਅਤੇ ਫੇਰ ਨਿਰੰਤਰ ਇਸ ਦੁਨੀਆ ਨੂੰ ਬਣਾਏ

ਰੱਖਣ ਲਈ ਟੇਢੀਆਂ ਚਾਲਾਂ ਚੱਲਦੇ ਹਨ। ਅਫ਼ਵਾਹ ਦੇ ਨਿਰਮਾਣ ਤੇ ਪ੍ਰਸਾਰ ਵਿੱਚ ਇਸਨੂੰ ਘੜਨ ਤੇ ਫੈਲਾਉਣ ਵਾਲੀਆਂ ਦੋਵੇਂ ਧਿਰਾਂ (ਡੇਰਾ ਤੇ ਡੇਰਾ ਮੁਖੀ) ਸੱਭਿਆਚਾਰਕ ਰੂਪਾਂਤਰਨ ਨੂੰ ਮਨੋਵਿਗਿਆਨਕ ਦੇ ਮਾੜੇ ਪੱਖ ਤੋਂ ਉੱਤਰਦਾਈ ਹੁੰਦੀਆਂ ਹਨ। 'ਪਾਤਸ਼ਾਹ' ਕਹਾਣੀ ਵਿੱਚ ਪਾਤਸ਼ਾਹ ਦੀ ਹੋਂਦ ਅਫ਼ਵਾਹਾਂ ਉੱਤੇ ਹੀ ਕਾਇਮ ਹੈ। ਅਫ਼ਵਾਹਾਂ ਦੇ ਬਲਬੂਤੇ ਉੱਤੇ ਹੀ ਪਾਤਸ਼ਾਹ ਦਾ ਖੌਫ਼ ਪੂਰੇ ਇਲਾਕੇ ਵਿੱਚ ਹੁੰਦਾ ਹੈ। ਪਾਤਸ਼ਾਹ ਨੂੰ ਸਾਧਾਰਨ ਤੋਂ ਅਸਧਾਰਨ ਬਣਾਉਣ ਵਾਲੀਆਂ ਇਹ ਅਫ਼ਵਾਹਾਂ ਹੀ ਹੁੰਦੀਆਂ ਹਨ। ਜਿਵੇਂ ਕਿ ਸੁਖਜੀਤ ਦੀ ਕਿਤਾਬ *ਹੁਣ ਮੈਂ ਇੰਜੁਆਏ ਕਰਦੀ ਆਂ* 'ਚ ਪਾਤਸ਼ਾਹ,ਕਹਾਣੀ ਵਿੱਚ ਪੇਸ਼ 'ਪਾਖੰਡੀ ਪਾਤਸ਼ਾਹ' ਦਾ ਉਭਾਰ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਦਾ ਮਾੜਾ ਵਰਤਾਰਾ ਕੁਝ ਪਾਤਰਾਂ ਦੀ ਆਮਦ ਦੁਆਰਾ ਦੇਖਿਆ ਜਾ ਸਕਦਾ ਹੈ, ਜਦੋਂ ਡੇਰੇ ਵਿੱਚ:

> ਅਜੈਬ ਸਿੰਘ ਡਰਿਆ-ਡਰਿਆ ਚੁਫ਼ੇਰੇ ਵੇਖ ਰਿਹਾ ਸੀ, ਚੋਲਿਆਂ ਵਾਲੇ ਨਿੱਕੇ ਵੱਡੇ ਕਿੰਨੇ ਹੀ ਬਾਬੇ ਤਮਾਸ਼ਬੀਨਾਂ ਵਾਂਗ ਉਹਦੇ ਦੁਆਲੇ ਜੁੜੇ ਹੋਏ ਸਨ। ਉਹ ਇੱਕ ਆਲੀਸ਼ਾਨ ਕੋਠੀ ਵੱਲ ਵਧ ਰਹੇ ਸਨ ਤੇ ਅਜੈਬ ਸਿੰਘ ਪਾਤਸ਼ਾਹ ਮੂਹਰੇ ਪੇਸ਼ ਹੋਣ ਲਈ ਆਪਣੇ ਆਪ ਨੂੰ ਤਿਆਰ ਕਰ ਰਿਹਾ ਸੀ। ਪਾਤਸ਼ਾਹ ਦੀ ਪੂਰੀ ਦਹਿਸ਼ਤ ਸੀ ਇਸ ਇਲਾਕੇ ਵਿੱਚ, ਪਤਾ ਨਹੀਂ ਕਿੰਨੀਆਂ ਮਿੱਥਾਂ ਤੇ ਅਫ਼ਵਾਹਾਂ ਫੈਲਾ ਦਿੱਤੀਆਂ ਸਨ ਉਸ ਬਾਰੇ ਉਸਦੇ ਸ਼ਰਧਾਲੂਆਂ ਨੇ ਕਿ ਉਸਦੇ ਵੱਲ ਸਿੱਧਾ ਨਹੀਂ ਵੇਖ ਸਕਦਾ ਕੋਈ। ਵੱਡੇ-ਵੱਡੇ ਨਾਢੂ ਖਾਂ ਸਾਹਵੇਂ ਹੁੰਦਿਆਂ ਈ ਚਰਨਾਂ ਤੇ ਢਹਿ ਪੈਂਦੇ ਨੇ ਕਿ ਜੇ ਕਿਸੇ ਮਿਹਰ ਦੀ ਨਿਗ੍ਹਾ ਕਰ ਦੇਵੇ, ਖੁਸ਼ੀਆਂ ਬਖ਼ਸ਼ ਦੇਵੇ ਤਾਂ ਵਾਰੇ ਨਿਆਰੇ ਸੱਤੇ ਕੁੱਲਾਂ ਤਰ ਜਾਂਦੀਪ੍ਰਲੋਕਆਂ ਨੇ..ਜੇ ਰੱਬ ਨਾ ਕਰੇ ਕਿਤੇ ਕ੍ਰੋਧ ਆ ਜਾਵੇ ਭਸਮ ਬੱਸ ਸਭ ਖ਼ਤਮ ਹੋ ਜਾਂਦੈ।(102)

ਇਸ ਤਰ੍ਹਾਂ ਨਿਰਮਾਣ ਕਰਤਾ ਧਿਰ ਆਪਣੇ ਮਨੋਰਥ ਦੀ ਪ੍ਰਾਪਤੀ ਲਈ ਇਸਨੂੰ ਘੜ੍ਹਦੀ ਹੈ ਅਤੇ ਜਨ-ਸਾਧਾਰਨ ਉਸਦਾ ਆਪਣੇ ਆਪ ਪ੍ਰਚਾਰ, ਪ੍ਰਸਾਰਨ ਕਰਦੀ ਰਹਿੰਦੀ ਹੈ, ਪਰੰਤੂ ਅਫ਼ਵਾਹ ਦਾ ਨਿਰਮਾਣ ਕਰਨ ਵਾਲੀ ਧਿਰ ਲੋਕਾਂ ਦੀ ਸਭਿਆਤਚਾਰ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਮਾੜੀ ਮਨੋਸਥਿਤੀ ਤੋਂ ਚੰਗੀ ਤਰ੍ਹਾਂ ਜਾਣੂ ਹੁੰਦੀ ਹੈ। ਉਹ ਜਾਣਦੀ ਹੈ ਕਿ ਚਿੰਤਾ, ਭੈਅ ਦੇ ਭਾਵ ਤੇ ਜੀਵਨ ਸੁਆਰਨ ਦੀ ਇੱਛਾ

ਹਰੇਕ ਵਿੱਚ ਕਿਰਿਆਸ਼ੀਲ ਰਹਿੰਦੀ ਹੈ। ਇਹਨਾਂ ਭਾਵਾਂ ਨੂੰ ਉਤੇਜਿਤ ਕਰਕੇ ਉਹ ਆਪਣੇ ਸੁਆਰਥ ਦੀ ਪੂਰਤੀ ਕਰਨਾ ਲੋਚਦੀ ਹੈ। ਇਹ ਸਵਾਰਥ ਵੱਧ ਤੋਂ ਵੱਧ ਵਿਅਕਤੀਆਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਮਾੜੀ ਸੋਚ ਦੇ ਕਾਰਨ ਗੁਲਾਮ ਬਣਾਉਣਾ ਅਤੇ ਸੱਭਿਆਚਾਰ ਸਿਸਟਮ ਨੂੰ ਆਪਣੀ ਮਨਮਰਜ਼ੀ ਮੁਤਾਬਕ ਚਲਾਉਣ ਲੋਚਦੀ ਹੈ। ਕਹਾਣੀ 'ਹੁਣ ਮੈਂ ਇੰਜੁਆਏ ਕਰਦੀ ਆਂ, ਦੀ ਮੁੱਖ ਪਾਤਰ ਦਾ ਡੇਰੇ ਵਿੱਚ ਆਉਣ ਤੋਂ ਬਾਅਦ ਸਰੀਰਕ, ਜੈਵਿਕ, ਸਮਾਜਿਕ ਤੇ ਸਾਂਸਕ੍ਰਿਤਕ ਪੱਧਰ ਉੱਤੇ ਬਾਹਰੀ ਕਾਰਕਾਂ ਤੇ ਸਥਿਤੀਆਂ-ਪ੍ਰਸਥਿਤੀਆਂ ਵਜੋਂ ਜਿਹੜਾ ਪਰਿਵਰਤਨ ਆਇਆ ਉਹ ਉਸਦੀ ਮਾਨਸਿਕ "ਚੋਂ, ਵਿਵਹਾਰ "ਚੋ, ਦੂਸਰਿਆਂ (ਸੈਹਬ ਜੀਆਂ, ਕਾਮਰੇਡ, ਕਾਂਤੀ, ਸੁਮੀਤ, ਸਿਮਰਨ, ਕੰਮੋ, ਬਿੰਬੋ) ਨਾਲ ਸੰਬੰਧਾਂ "ਚੋਂ ਅਰਥਾਤ ਉਸਦੀ ਸਮੁੱਚੀ ਸ਼ਖ਼ਸੀਅਤ ਚੋਂ ਪ੍ਰਗਟ ਹੋ ਰਿਹਾ ਹੈ। ਡੇਰੇ ਵਿੱਚ ਆਉਣ ਉਪਰੰਤ ਮੁੱਖ ਪਾਤਰ ਸਰੀਰਕ ਤੇ ਜੈਵਿਕ ਤੌਰ ਤੇ ਇੱਕ ਮੁਟਿਆਰ ਤੋਂ ਔਰਤ ਵਿੱਚ ਪਰਿਪੱਕ ਹੋਈ ਹੈ, ਪਰੰਤੂ ਉਹ ਇਸ ਪਰਿਪੱਕ ਅਵਸਥਾ ਵਿੱਚ ਜਿਸ ਢੰਗ ਨਾਲ ਪਹੁੰਚੀ ਹੈ, ਉਸਨੇ ਉਸਨੂੰ ਪ੍ਰਫੁੱਲਿਤ ਕਰਨ ਦੀ ਬਜਾਏ ਖੇਰੂੰ-ਖੇਰੂੰ ਕਰ ਦਿੱਤਾ। ਸੁਖਜੀਤ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਇਸ ਪਰਿਵਰਤਨ ਕਾਰਨ ਗੰਧਲੇ ਤੇ ਭੈੜੇ ਰਵੱਈਏ ਪ੍ਰਤੀ ਅਤੀਤ ਦੀ ਯਾਦ *ਹੁਣ ਮੈਂ ਇੰਜੁਆਏ ਕਰਦੀ ਆਂ* ਕਹਾਣੀ ਸੰਗ੍ਰਹਿ ਦੀ ਹੁਣ ਮੈਂ ਇੰਜੁਆਏ ਕਰਦੀ ਆਂ ਕਹਾਣੀ ਵਿੱਚ ਡੇਰੇ ਦੀ ਮੁਖੀ ਦੇ ਮੂੰਹੋਂ ਬਿਆਨ ਕਰਵਾਉਂਦਾ ਹੈ, ਜਦੋਂ ਉਹ ਆਪਣੀ ਅਜਿਹੀ ਮਾੜੀ ਹਾਲਤ ਬਾਰੇ ਵਾਰ-ਵਾਰ ਦੇਖਦੀ ਹੈ ਕਿ:

> ਕਦੇ ਕਦੇ, ਧੁਰ ਅੰਦਰੋਂ, ਇੱਕ ਟੀਸ ਉਠਦੀ ਐ ਜੇਹੜੀ ਇਹ ਨਹੀਂ ਭੁੱਲਣ ਦੇਂਦੀ ਕਿ ਸੈਹਬ ਜੀ ਨਾਂ ਦੇ ਬੰਦੇ ਨੇ ਮੈਨੂੰ ਕੀ ਤੋਂ ਕੀ ਬਣਾਤਾ। ਉਹ ਨਿੱਕੀਆਂ ਨਿੱਕੀਆਂ ਨਿੱਕੀਆਂ ਕਿੰਨੀਆਂ ਈ ਖੁਸ਼ੀਆਂ ... ਆਪਣਾ ਘਰ, ਆਪਣਾ ਘਰਵਾਲਾ, ਆਪਣੇ ਬੱਚੇ ਸਭ ਖੋਹ ਲਿਆ ਤੇ ਦੇ "ਤਾ ਗੁਰੂ ਘਰ। ਜਿਥੇ ਜਦੋਂ ਚਾਹੇ ਅਣਚਾਹੇ ਕੰਮ ਭੁਗਤਾ ਮੈਂ ਆਪਣੇ ਬਾਰੇ ਸੋਚਦੀ ਆਂ ਤਾਂ ਐਨਾ ਖਾਲੀਪਣ ਮਹਿਸੂਸ ਹੁੰਦੈ, ਐਨੀ ਇਕੱਲ ਕਿ ਭੈਅ ਆਉਂਦੇ।(70)

ਅਸਲ ਵਿੱਚ ''ਜੇ ਬੰਦੇ ਨੂੰ ਸਮਝਣਾ ਹੈ ਤਾਂ ਉਸਦੇ ਪਰਿਵੇਸ਼ ਨੂੰ ਸਮਝੋ'' ਇਸ ਕਥਨ ਦੀ ਪ੍ਰੋੜ੍ਹਤਾ

ਕਰਦੀ ਇਹ ਕਹਾਣੀ ਮੁੱਖ ਪਾਤਰ ਬੀਬੀ ਸੈਹਬਾ ਦੀ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਤ੍ਰਾਸਦਿਕ ਮਾਨਸਿਕਤਾ ਉੱਤੇ ਫੋਕਸ ਕਰਦੀ ਹੋਈ ਡੇਰੇ ਦੇ ਪਾਖੰਡੀ ਵੱਡ-ਵਡੇਰੇ ਪ੍ਰਸੰਗ ਨਾਲ ਜੁੜ ਜਾਂਦੀ ਹੈ। ਇਹਨਾਂ ਕਹਾਣੀਆਂ ਦੀ ਲੜੀ ਵਿੱਚ ਵੱਖਰੇ ਅਤੇ ਨਿਵੇਕਲੇ ਪਰਿਪੇਖ ਤੋਂ ਸੁਖਜੀਤ ਦੀ ਇੱਕ ਹੋਰ ਕਹਾਣੀ ਹੈ 'ਕਾਮਬਲੀ'। ਇਹ ਕਹਾਣੀ ਵੀ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਵਜੋਂ ਕਾਮ ਦੇ ਸਰਬਕਾਲਿਕ ਥੀਮ ਨਾਲ ਸੰਬੰਧਿਤ ਹੈ। ਪੰਜਾਬੀ ਕਹਾਣੀ ਵਿੱਚ ਇਸ ਥੀਮ ਨੂੰ ਆਧਾਰ ਬਣਾ ਕੇ ਪਹਿਲਾਂ ਵੀ ਰਚਨਾ ਹੁੰਦੀ ਰਹੀ ਹੈ। ਸੁਖਜੀਤ ਦੀ 'ਕਾਮਬਲੀ' ਕਿਸ ਪੱਖ ਤੋਂ ਵਿਲੱਖਣ ਅਤੇ ਨਿਵੇਕਲੇਪਨ ਦਾ ਅਹਿਸਾਸ ਕਰਵਾਉਂਦੀ ਹੈ, ਇਹ ਜਾਣਨਾ ਵੀ ਦਿਲਚਸਪ ਰਹੇਗਾ। ਭਾਰਤੀ ਨੈਤਿਕ ਪਰੰਪਰਾ ਵਿੱਚ 'ਕਾਮ' ਨੂੰ ਮਨੁੱਖੀ  ਜੀਵਨ ਦਾ ਤੀਜਾ ਪੁਰਸ਼ਾਰਥ ਮੰਨਿਆ ਗਿਆ ਹੈ ਜੋ ਲੌਕਿਕ ਸੁੱਖਾਂ ਅਤੇ ਉਹਨਾਂ ਦੀਆਂ ਪ੍ਰਾਪਤੀਆਂ ਦੇ ਸਾਧਨ ਵੱਲ ਸੰਕੇਤ ਕਰਦਾ ਹੈ। ਕਾਮ ਤੋਂ ਬਿਨਾਂ ਬਾਕੀ ਦੇ ਤਿੰਨ ਪੁਰਸ਼ਾਰਥ ਕ੍ਰਮਵਾਰ ਧਰਮ, ਅਰਥ ਤੇ ਮੋਕਸ਼ ਹਨ। 'ਧਰਮ' ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਲੌਕਿਕ ਅਤੇ ਪਾਰਲੌਕਿਕ ਕਲਿਆਣ ਦੀ ਭਾਵਨਾ ਦੀ ਪ੍ਰਤੀਨਿਧਤਾ ਕਰਦਾ ਹੈ। ਅਰਥ ਹਰ ਪ੍ਰਕਾਰ ਦੀ ਆਰਥਿਕ ਉੱਨਤੀ ਦਾ ਪ੍ਰਤੀਕ ਹੈ। ਚੌਥਾ ਤੇ ਆਖ਼ਰੀ ਪੁਰਸ਼ਾਰਥ 'ਮੋਕਸ਼' ਦੁੱਖਾਂ ਦੇ ਸਦੀਵੀ ਅੰਤ ਵੱਲ ਇਸ਼ਾਰਾ ਕਰਦਾ ਹੈ। ਪਹਿਲੇ ਤਿੰਨ ਪੁਰਸ਼ਾਰਥ ਸਮਾਜਿਕ ਹਨ ਕਿਉਂਕਿ ਸਮਾਜ ਵਿੱਚ ਹੀ ਧਰਮ, ਅਰਥ, ਕਾਮ ਦਾ ਵਿਕਾਸ ਸੰਭਵ ਹੈ। ਪਰੰਤੂ ਮੋਕਸ਼ ਪੂਰੀ ਤਰ੍ਹਾਂ ਵਿਅਕਤੀਗਤ ਹੈ। ਇਹਨਾਂ ਪੁਰਸ਼ਾਰਥਾਂ ਦੀ ਪ੍ਰਾਪਤੀ ਲਈ ਪਰਿਸ਼੍ਰਮ ਅਥਵਾ ਮਿਹਨਤ ਅਤਿਅੰਤ ਜ਼ਰੂਰੀ ਹੈ। ਸ਼ਰਧਾ, ਭਗਤੀ ਜਾਂ ਗਿਆਨ ਤੋਂ ਵਿਹੂਣਾ ਵਿਅਕਤੀ ਇਹਨਾਂ ਦੀ ਪ੍ਰਾਪਤੀ ਨਹੀਂ ਕਰ ਸਕਦਾ। ਇਸੇ ਕਹਾਣੀ ਸੰਗ੍ਰਹਿ ਦੀ ਹੋਰ ਕਹਾਣੀ 'ਕਾਮਬਲੀ' ਕਹਾਣੀ ਤੀਜੇ ਪੁਰਸ਼ਾਰਥ ਉੱਤੇ ਆਧਾਰਿਤ ਹੈ। ਇਹ ਇਸ ਗੱਲ ਦੇ ਸੂਚਕ ਹਨ ਕਿ ਸਾਈਂ ਬਾਬਾ, ਓਮੀ ਤੇ ਭੈਰਵੀ  ਦੀ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਮਨੋਅਵਸਥਾ ਅਨੁਸਾਰ ਉਹਨਾਂ ਨੂੰ ਗ੍ਰਹਿਸਥ ਆਸ਼ਰਮ ਨੂੰ ਅਪਣਾਉਣ ਦਾ ਸੰਕੇਤ ਮਾੜੇ ਕੰਮਾਂ ਦੇ ਵਤੀਰੇ ਵਜੋਂ ਉੱਭਰਦਾ ਹੈ। ਓਮੀ ਦੀ ਪਰੀਖਿਆ ਲੈਣ ਗਈ ਭੈਰਵੀ ਸਾਹਮਣੇ ਓਮੀ ਦਾ ਵਜੂਦ ਕੰਬ ਜਾਂਦਾ ਹੈ। ਉਸਦਾ ਹਠ ਟੁੱਟ ਜਾਂਦਾ ਹੈ। ਭੈਰਵੀ ਜਿੱਤ ਜਾਂਦੀ ਹੈ। ਕਾਮ-

ਬਲੀ ਕਹਾਣੀ ਵਿੱਚ ਭੈਰਵੀ ਜਿੱਤ ਤਾਂ ਜਾਂਦੀ ਹੈ ਪਰ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਡੇਰੇ ਵਿੱਚ ਪਾਖੰਡਵਾਦ, ਮਾੜੇ ਕੰਮ-ਕਾਰ ਤੇ ਵਰਤ-ਵਰਤਾਰੇ ਨੂੰ ਗੰਧਲਾ ਕਰਨ ਲਈ ਮਾੜੇ ਪੱਖ ਤੋਂ ਓਮੀ ਨੂੰ ਆਖਦੀ ਹੈ ਕਿ:

> ਮੈਂ ਤੁਹਾਡੀ ਦਾਸੀ ਹਾਂ ਤੁਹਾਡਾ ਅਪਮਾਨ ਨਹੀਂ ਸਹਿ ਸਕਦੀ, ਮੈਂ ਕਿਸੇ ਨੂੰ ਕੁਝ ਨਹੀਂ ਦੱਸਾਂਗੀ। ਤੁਹਾਡੀ ਜਿੱਤ ਮੇਰੀ ਜਿੱਤ ਹੈ ਪ੍ਰਭੂ ਆਸ਼ਰਮ ਦਾ ਯਸ਼ ਹੈ ਸਾਧੂਆਂ ਦਾ ਮਾਣ ਹੈ ਮੈਂ ਕਹਾਂਗੀ। ਮੈਂ ਹਾਰ ਗਈ, ਮੁਨਵੀਰ ਨਹੀਂ ਡੋਲੇ।(33)

ਇਸ ਤਰ੍ਹਾਂ ਭੈਰਵੀ ਅਜਿਹਾ ਹੀ ਕਰਦੀ ਹੈ। ਓਮੀ ਜੀ ਦੀ ਜੈ ਜੈਕਾਰ ਹੁੰਦੀ ਹੈ। ਇਸ ਉਪਰੰਤ ਓਮੀ ਜੀ ਦੁਆਰਾ ਕਾਮਬਲੀ ਨੂੰ ਵੱਸ ਵਿੱਚ ਕਰਨ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ ਜਿਸ ਵਿੱਚ ਭੈਰਵੀ ਉਹਨਾਂ ਦਾ ਸਾਥ ਦਿੰਦੀ ਹੈ, ਪਰੰਤੂ ਕਾਮਬਲੀ ਨੂੰ ਵੱਸ ਵਿੱਚ ਕਰਨ ਲੱਗੇ ਓਮੀ ਜੀ ਲਈ ਖੁਦ ਇਸ ਵਿਚੋਂ ਬਾਹਰ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ। ਇੰਝ ਕਾਮ ਦੀ ਸ਼ਕਤੀਸ਼ਾਲੀ ਹੋਂਦ 'ਯੋਗੀ', ਓਮੀ ਜੀ ਦੀ ਹੋਂਦ ਉੱਤੇ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਵਜੋਂ ਪ੍ਰਸ਼ਨ ਚਿੰਨ੍ਹ ਲਗਾ ਦਿੰਦੀ ਹੈ। ਕਹਾਣੀ 'ਕਾਮਬਲੀ' ਸਿਰਫ ਤੇ ਸਿਰਫ ਇਹਨਾਂ ਅਰਥਾਂ ਤੱਕ ਮਹਿਦੂਦ ਨਹੀਂ ਹੈ। ਇਸ ਕਹਾਣੀ ਦੀ ਵਿਸ਼ੇਸ਼ਤਾ ਅਤੇ ਵਿਲੱਖਣਤਾ ਹੀ ਇਸਦੇ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਵਜੋਂ ਮਨੋਅਵਸਥਾ ਦਾ ਬਹੁਅਰਥੀ ਹੋਣ ਵਿੱਚ ਹੈ। ਜਿਵੇਂ ਕਿ ਅਸੀਂ ਪਹਿਲਾਂ ਜ਼ਿਕਰ ਕਰ ਚੁੱਕੇ ਹਾਂ ਕਿ ਇਹ ਕਹਾਣੀ ਜੋ ਦਰਸਾਉਂਦੀ ਹੈ, ਉਹ ਪ੍ਰਗਟਾਉਂਦੀ ਨਹੀਂ ਅਤੇ ਜੋ ਪ੍ਰਗਟਾਉਂਦੀ ਹੈ, ਉਹ ਦਰਸਾਉਂਦੀ ਨਹੀਂ। ਕਹਾਣੀ ਓਮੀ ਦੇ ਰੂਪ ਵਿੱਚ ਸਾਧਾਰਨ ਬੰਦੇ ਦੀ ਸਾਧਾਰਨਤਾ ਨੂੰ ਪ੍ਰਗਟਾਉਂਦੀ ਹੈ। ਮੂਲ ਰੂਪ ਵਿੱਚ ਸੁਖਜੀਤ ਦੀਆਂ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਨੂੰ ਸਿਰਫ਼ ਤੇ ਸਿਰਫ਼ ਵਸਤੂ ਵਜੋਂ ਸਮਝ ਕੇ ਮਾੜੀ ਸੋਚ ਦੀ ਮਾਨਸਿਕਤਾ ਉੱਤੇ ਫੋਕਸ ਕਰਦੀਆਂ ਹਨ। ਜਿਵੇਂ ਕਿ ਸੁਖਜੀਤ ਦੀ *ਹੁਣ ਮੈਂ ਇੰਜੁਆਏ ਕਰਦੀ ਆਂ* 'ਚ ਹਜ਼ਾਰ ਕਹਾਣੀਆਂ ਦਾ ਬਾਪ ਕਹਾਣੀ 'ਚ ਕਈ ਜਗ੍ਹਾ ਆਖਿਆ ਹੈ:

> ਤੀਵੀਂ ਤੇ ਮਿੱਟੀ ਜਿੰਨੀ ਕੁੱਟੋ ਉਨੀ ਸੂਤ ਰਹਿੰਦੀ ਐ।(14)

ਇਹ ਤਾਂ ਆਟੇ ਦੇ ਦੀਵੇ ਨੇ, ਅੰਦਰ ਰੱਖੋ ਤਾਂ ਚੂਹੇ ਟੁੱਕਣ ਬਾਹਰ ਕੱਢੋ ਤਾਂ ਕਾਂ। ਹਰ ਵੇਲੇ ਜਿੰਦ ਸੂਲੀ, ਤੇ ਸੁਨੱਖੀਆ ਹੋਣ ਤਾਂ ਜਹਾਨ ਦਾ ਡਰ  ਕੋਝੀਆਂ ਹੋਣ ਤਾਂ ਜਾਨ ਦਾ ਖੋਅ।(20)

ਔਰਤ, ਦੌਲਤ, ਸ਼ੋਹਰਤ ... ਤਿੰਨਾ ਚੀਜਾਂ ਪਾਪ ਦੀ ਜੜ੍ਹ ਹਨ।"(47)

ਝੂਠ ਕੋਰਾ ਝੂਠ ਕੌਣ ਤ੍ਰੀਮਤ ਸੱਚ ਕਹਿੰਦੀ ਹੈ।(31)

ਸ਼ਾਸਤਰਾਂ ਵਿੱਚ ਸੱਚ ਕਿਹਾ ਹੈ, ਇਸਤਰੀ ਨਰਕ ਦਾ ਦੁਆਰ ਹੈ।" (36)

ਔਰਤਾਂ ਦੇ ਕੰਨ ਹੁੰਦੇ ਹਨ ਤੇ ਮਰਦਾਂ ਦੀ ਜ਼ੁਬਾਨ।(79)

ਸੁਖਜੀਤ ਦੇ ਕਹਾਣੀ ਸੰਗ੍ਰਹਿ *ਮੈਂ ਅਨਯਘੋਸ਼ ਨਹੀਂ* ਦੀ ਕਹਾਣੀ 'ਮੈਂ ਅਨਯਘੋਸ਼ ਨਹੀਂ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਨੂੰ ਆਪਣੇ ਆਪੇ ਦੀ ਬਰਬਾਦੀ ਤੋਂ ਸਪੱਸ਼ਟ ਦੇਖਿਆ ਜਾ ਸਕਦਾ ਹੈ, ਜਦੋਂ ਡਾਕਟਰ ਖੁਦ ਆਪਣਾ ਦਰਦ ਬਿਆਨ ਕਰਦਾ ਹੋਇਆ ਕਹਿੰਦਾ ਹੈ:

ਪਰ ਮੇਰਾ ਉੱਜੜ ਰਿਹੈ" ਇਹ ਸੋਚ ਕੇ ਰੋਣਰਾਕਾ ਹੋ ਜਾਨਾਂ ਕਿ ਆਪਣੇ ਘਰ ਨੂੰ ਬਚਾਉਣ ਲਈ ਕੀ-ਕੀ ਨਹੀਂ ਕੀਤਾ ਮੈਂ। ਲੋਕਾਂ 'ਚ ਮੇਰੇ ਬਾਰੇ ਮਸ਼ਹੂਰ ਐ ਕਿ ਡਾਕਟਰ ਬਹੁਤ ਵੱਡਾ ਮਨੋ-ਵਿਗਿਆਨੀ ਐ। ਮਨਾਂ ਦੀਆਂ ਜਾਣ ਲੈਂਦਾ ਪਰ ਸੀਰਤ ਨੂੰ ਨਹੀਂ ਜਾਣ ਸਕਿਆ ਮੈਂ। ਮੈਨੂੰ ਲੱਗਦਾ ਸੀ ਜਿਵੇਂ ਮੈਂ ਉਹਨੂੰ ਟੁੱਟ ਕੇ ਚਾਹੁੰਨਾਂ, ਉਹ ਵੀ ਉਨ੍ਹਾਂ ਹੀ ਕਰਦੀ ਐ ਮੇਰਾ, ਪਰ ਨਹੀਂ।(46)

ਉਪਰੋਕਤ ਰੂਪ ਵਿੱਚ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਨੂੰ ਚੰਗੇ ਤੇ ਮਾੜੇ ਸਮਕਾਲੀ ਡੇਰਾ ਤੰਤਰ ਦੇ ਪਾਖੰਡਵਾਦ, ਘਿਨਾਉਣੇ ਨੈਣ ਨਕਸ਼ਿਆਂ ਨੂੰ, ਪਤੀ-ਪਤਨੀ, ਮਾਂ-ਬਾਪ, ਧੀ-ਪੁੱਤ, ਭੈਣ-ਭਰਾ ਆਦਿ ਰਿਸ਼ਤੇ-ਨਾਤੇ, ਜਾਤ-ਜਮਾਤ ਆਦਿ ਨੂੰ ਉਘਾੜਿਆ ਗਿਆ ਹੈ, ਜਿਸ ਵਿੱਚ ਜਬਰ, ਜ਼ੁਲਮ, ਹਵਸ ਦਾ ਜਾਲ, ਇਨਸਾਨੀਅਤ, ਸੋਚ ਵਿਚਾਰ ਆਦਿ ਦਾ ਉਭਾਰ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਆਪਣੀਆਂ ਜੜ੍ਹਾਂ ਫੈਲਾਅ ਰਿਹਾ ਹੈ। ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਇਸ ਫੈਲਾਅ ਦੀ ਸਥਾਪਤੀ ਵਿੱਚ ਕਾਰਜਸ਼ੀਲ ਜੁਗਤਾਂ ਅਤੇ ਇਹਨਾਂ ਦੇ ਮਨੁੱਖੀ ਮਾਨਸਿਕਤਾ ਉੱਤੇ ਪੈਣ ਵਾਲੇ ਮਾੜੇ

ਵਿਕੋਲਿਤਰੇ- ਦੁਸ਼ਪ੍ਰਭਾਵਾਂ ਤੇ ਚੰਗੇ ਵਿਚਾਰਾਂ, ਭਾਵਾਂ ਆਦਿ ਨੂੰ ਸੰਕੇਤਕ ਅੰਦਾਜ਼ ਵਿੱਚ ਉਭਾਰਿਆ ਗਿਆ ਹੈ। ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ, ਸਮਾਜਿਕ, ਆਰਥਿਕ, ਧਾਰਮਿਕ ਅਤੇ ਮਨੋਵਿਗਿਆਨ ਪੱਖਾਂ ਨੂੰ ਸਮਕਾਲੀ ਸਮਾਜ ਵਿੱਚ ਪਾਖੰਡ-ਆਡੰਬਰ ਥੱਲੇ ਲੁਕੇ ਹੋਏ ਕਰੂਪ ਰੂਪ ਦੀ ਨਿਸ਼ਾਨਦੇਹੀ ਕੀਤੀ ਹੈ। ਕਹਾਣੀਆਂ ਵਿੱਚ ਕਾਮ ਦੇ ਅਨੇਕ ਰੂਪ ਦਿਖਾਈ ਦਿੰਦੇ ਹਨ ਜਿਹਨਾਂ ਵਿੱਚ ਪਵਿੱਤਰਤਾ ਦੀ ਹੱਦ ਤਕ ਪੂਜੇ ਜਾਂਦੇ ਰਿਸ਼ਤਿਆਂ-ਨਾਤਿਆਂ ਦੀ ਮਿੱਥ ਭੰਜਨ ਵਾਲੇ ਵਿਵਾਦਿਤ ਰੂਪ ਨੂੰ ਵੀ ਛੋਹਿਆ ਗਿਆ ਹੈ। ਔਰਤ-ਮਰਦ ਦੇ ਮਨ ਦੀਆਂ ਗੁੰਝਲਾਂ ਅਤੇ ਪਰਤਾਂ ਆਦਿ ਵਿਸ਼ੇ ਸੱਭਿਆਚਾਰਕ ਰੂਪਾਂਤਰਨ ਵਜੋਂ ਕਹਾਣੀਆਂ ਰਾਹੀਂ ਬਾਖੂਬੀ ਪੇਸ਼ ਹੋਏ ਹਨ। ਕਹਾਣੀਆਂ ਭਾਵੇਂ ਕਾਮ, ਪਿਆਰ ਵਰਗੇ ਸਰਬਕਾਲੀ ਥੀਮ ਨਾਲ ਸੰਬੰਧਿਤ ਹੋਣ ਅਤੇ ਭਾਵੇਂ ਡੇਰਾ ਤੰਤਰ ਵਰਗੇ ਸਮਕਾਲੀ ਥੀਮ ਨਾਲ, ਇਹਨਾਂ ਦੇ ਫੋਕਸ ਵਿੱਚ ਅਣਮਨੁੱਖੀ ਵਿਵਹਾਰ ਨੂੰ ਹੀ ਉਭਾਰਿਆ ਗਿਆ ਹੈ। ਕਹਾਣੀਕਾਰ ਦੀ ਖਾਸੀਅਤ ਹੀ ਇਹ ਹੈ ਕਿ ਉਹ ਪਾਤਰ ਮਾਨਸਿਕਤਾ ਤੇ ਵਰਤ-ਵਿਹਾਰ ਵਜੋਂ ਹੀ ਸਮਕਾਲੀ ਸੱਭਿਆਚਾਰਕ ਰੂਪਾਂਤਰਨ ਦੇ ਵੱਖਰੇ-ਵੱਖਰੇ ਪੱਖਾਂ ਤੋਂ ਵਿਵਸਥਾ ਵਿੱਚ ਆਈ ਗਿਰਾਵਟ ਦੇ ਰੂਬਰੂ ਕਰਵਾ ਦਿੰਦਾ ਹੈ।

ਇਸ ਅਧਿਆਇ ਦੇ ਸਿਖਰ ਉੱਤੇ ਪਹੁੰਚਦਿਆਂ ਅਸੀਂ ਇਹ ਨਿਰਸੰਦੇਹ ਆਖ ਸਕਦੇ ਹਾਂ ਕਿ ਸੁਖਜੀਤ ਆਪਣੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ, ਸਮਾਜਿਕ, ਆਰਥਿਕ, ਧਾਰਮਿਕ ਅਤੇ ਮਨੋਵਿਗਿਆਨ ਪੱਖਾਂ ਨੂੰ ਚੰਗੇ ਤੇ ਮਾੜੇ ਪੱਖਾਂ ਤੋਂ ਸਮਕਾਲੀ ਸਮਾਜ ਥੱਲੇ ਲੁਕੇ ਹੋਏ ਯਥਾਰਥ ਵਜੋਂ ਨੰਗਾ ਕਰਨ ਵੱਲ ਰੁਚਿਤ ਹੈ। ਮਾੜੇ ਪੱਖ ਤੋਂ ਉਸਨੇ ਡੇਰੇ ਤੇ ਉਹਨਾਂ ਦੀ ਓਟ ਹੇਠ ਚੱਲਣ ਵਾਲੇ ਕੁਕਰਮਾਂ ਤੋਂ ਪਰਦਾ ਫਾਸ਼ ਕਰ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ, ਸਮਾਜਿਕ ਪੱਖ, ਆਰਥਿਕ ਪੱਖ, ਧਾਰਮਿਕ ਪੱਖ ਅਤੇ ਮਨੋਵਿਗਿਆਨ ਪੱਖਾਂ ਦੇ ਕਰੂਪ ਰੂਪ ਦੀ ਨਿਸ਼ਾਨਦੇਹੀ ਕੀਤੀ ਹੈ। ਇਹਨਾਂ ਪੱਖਾਂ ਦੇ ਆਧਾਰ ਤੇ ਕਹਾਣੀਆਂ ਵਿੱਚ ਕਾਮ ਦੇ ਅਨੇਕ ਰੂਪ ਦਿਖਾਈ ਦਿੰਦੇ ਹਨ ਜਿਨ੍ਹਾਂ ਵਿੱਚ ਪਵਿੱਤਰਤਾ ਦੀ ਹੱਦ ਤਕ ਪੂਜੇ ਜਾਂਦੇ ਰਿਸ਼ਤਿਆਂ-ਨਾਤਿਆਂ ਦੀ ਮਿੱਥ ਭੰਜਨ ਵਾਲੇ ਵਿਵਾਦਿਤ ਰੂਪ ਨੂੰ ਵੀ ਛੋਹਿਆ ਗਿਆ ਹੈ। ਇਸ ਤੋਂ ਇਲਾਵਾ ਚੰਗੇ ਪੱਖਾਂ ਦੇ ਉਭਾਰ ਨੂੰ ਮਨੁੱਖੀ ਰਿਸ਼ਤਿਆਂ-ਨਾਤਿਆਂ ਦੇ ਸਰੂਪ,

ਔਰਤ ਮਨ ਦੀਆਂ ਮਾਨਸਿਕ ਗੁੰਝਲਾਂ ਅਤੇ ਪਰਤਾਂ ਨੂੰ ਸਮਝਣਾ ਆਦਿ ਵਿਸ਼ੇ ਸੱਭਿਆਚਾਰਕ ਰੂਪਾਂਤਰਨ ਦੇ ਵੱਖ-ਵੱਖ ਚੰਗੇ ਪੱਖ ਕਹਾਣੀਆਂ ਰਾਹੀਂ ਬਾਖ਼ੂਬੀ ਪੇਸ਼ ਹੋਏ ਹਨ। ਸੁਖਜੀਤ ਦੀਆਂ ਕਹਾਣੀਆਂ ਭਾਵੇਂ ਕਾਮ, ਪਿਆਰ ਵਰਗੇ ਸਰਬਕਾਲੀ ਥੀਮ ਨਾਲ ਸੰਬੰਧਿਤ ਹੋਣ ਅਤੇ ਭਾਵੇਂ ਡੇਰਾ ਤੰਤਰ ਵਰਗੇ ਸਮਕਾਲੀ ਥੀਮ ਨਾਲ, ਇਹਨਾਂ ਦੇ ਫੋਕਸ ਵਿੱਚ ਅਣਮਨੁੱਖੀ ਵਿਵਹਾਰ ਪ੍ਰਤੀ ਹਮਦਰਦੀ ਤੇ ਜ਼ਬਰ-ਜ਼ੁਲਮ ਪ੍ਰਤੀ ਚੇਤਨਾ ਸ਼ਕਤੀ ਦਾ ਉਭਾਰ ਤਤਪਰ ਰਹਿੰਦਾ ਹੈ। ਕਹਾਣੀਕਾਰ ਵਜੋਂ ਸੁਖਜੀਤ ਦੀ ਖਾਸੀਅਤ ਹੀ ਇਹ ਹੈ ਕਿ ਉਹ ਪਾਤਰ ਮਾਨਸਿਕਤਾ ਦੇ ਚੰਗੇ ਤੇ ਮਾੜੇ ਵਰਤ-ਵਿਹਾਰ ਵਜੋਂ ਹੀ ਸਮਕਾਲੀ ਸੱਭਿਆਚਾਰਕ ਰੂਪਾਂਤਰਨ ਦੇ ਵੱਖਰੇ-ਵੱਖਰੇ ਪੱਖਾਂ ਤੋਂ ਵਿਵਸਥਾ ਵਿੱਚ ਆਈ ਗਿਰਾਵਟ ਦੇ ਰੂਬਰੂ ਕਰਵਾ ਦਿੰਦਾ ਹੈ। ਇਸ ਤਰ੍ਹਾਂ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ, ਸਮਾਜਿਕ, ਆਰਥਿਕ, ਧਾਰਮਿਕ ਅਤੇ ਮਨੋਵਿਗਿਆਨ ਪੱਖਾਂ ਵਜੋਂ ਕਹਾਣੀਆਂ ਵਿੱਚ ਉਹ ਆਂਤਰਿਕ ਅਤੇ ਬਾਹਰੀ ਯਥਾਰਥ ਵਿੱਚ ਸੰਤੁਲਨ ਸਿਰਜਦਾ ਹੋਇਆ, ਇਹਨਾਂ ਦੋਹਾਂ ਨੂੰ ਇੱਕ-ਦੂਜੇ ਤੋਂ ਵੱਖ ਕਰਕੇ ਨਹੀਂ ਬਲਕਿ ਇੱਕ-ਦੂਜੇ ਦੇ ਪਰਸਪਰ ਅੰਤਰ-ਸੰਬੰਧ ਨੂੰ ਚੰਗੇ ਤੇ ਮਾੜੇ ਪੱਖ ਵਜੋਂ ਪ੍ਰਸਤੁਤ ਕਰਦਾ ਹੈ।

# ਅਧਿਆਇ- ਤੀਜਾ

## ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ (ਰਾਜਨੀਤਿਕ ਪੱਖ, ਸਮਾਜਿਕ ਪੱਖ, ਆਰਥਿਕ ਪੱਖ, ਧਾਰਮਿਕ ਪੱਖ, ਮਨੋਵਿਗਿਆਨਕ ਪੱਖ)

## ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ (ਮਨੋਵਿਗਿਆਨ ਪੱਖ, ਸਮਾਜਿਕ ਪੱਖ, ਆਰਥਿਕ ਪੱਖ, ਧਾਰਮਿਕ ਪੱਖ, ਰਾਜਨੀਤਿਕ ਪੱਖ)

ਵੀਨਾ ਵਰਮਾ ਪਰਵਾਸੀ ਪੰਜਾਬੀ ਸਾਹਿਤ ਵਿੱਚ ਚਰਚਿਤ ਕਹਾਣੀਕਾਰ ਹੈ, ਜਿਸ ਕੋਲ ਭਾਰਤੀ ਤੇ ਪੱਛਮੀ ਦੋਨੋ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨ ਪੱਖ, ਸਮਾਜਿਕ ਪੱਖ, ਆਰਥਿਕ ਪੱਖ, ਧਾਰਮਿਕ ਪੱਖ ਅਤੇ ਰਾਜਨੀਤਿਕ ਪੱਖ ਦਾ ਅਨੁਭਵ ਹੈ। ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨ, ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਿਕ ਪੱਖਾਂ ਤੋਂ ਉਸ ਨੇ ਨਾਰੀ ਸੰਵੇਦਨਾ ਨੂੰ ਆਪਣੀ ਕਹਾਣੀ ਅਭਿਵਿਅਕਤੀ ਦਾ ਸਾਧਨ ਬਣਾਇਆ ਹੈ। ਵੀਨਾ ਵਰਮਾ ਨੇ ਆਪ ਪਰਵਾਸ ਵਿੱਚ ਵਿਚਰਦਿਆਂ ਹੋਇਆਂ ਔਰਤ ਦੀਆਂ ਸਮੱਸਿਆਵਾਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨ ਪੱਖ, ਸਮਾਜਿਕ ਪੱਖ, ਆਰਥਿਕ ਪੱਖ, ਧਾਰਮਿਕ ਪੱਖ ਅਤੇ ਰਾਜਨੀਤਿਕ ਪੱਖਾਂ ਤੋਂ ਬੜੀ ਗਹਿਰਾਈ ਨਾਲ ਨੇੜਿਉਂ ਵੇਖਿਆ, ਘੋਖਿਆ ਅਤੇ ਸਮਝਿਆ ਹੈ। ਹੁਣ ਤਕ ਉਸਦੇ ਚਾਰ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਮੁੱਲ ਦੀ ਤੀਵੀਂ (1992), ਫਰੰਗੀਆਂ ਦੀ ਨੂੰਹ (2002) ਅਤੇ ਜੋਗੀਆਂ ਦੀ ਧੀ (2009), 'ਇੱਕ ਕੁੜੀ ਇਕੱਲੀ' (2019)। ਵੀਨਾ ਵਰਮਾ ਇੱਕ ਅਜਿਹੀ ਬੇਬਾਕ ਅਤੇ ਨਿਝੱਕ ਲੇਖਿਕਾ ਦੇ ਤੌਰ 'ਤੇ ਪ੍ਰਸਿੱਧ ਹੋਈ ਹੈ, ਜਿਸ ਨੇ ਆਪਣੀਆਂ ਕਹਾਣੀਆਂ ਵਿੱਚ ਔਰਤ ਮਰਦ ਦੇ ਵਿਆਹੁਤਾ ਅਤੇ ਬਾਹਰੀ ਲਿੰਗਕ ਸੰਬੰਧਾਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨ, ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਿਕ ਪੱਖਾਂ ਤੋਂ ਮਨੁੱਖੀ ਜੀਵਨ ਸ਼ੈਲੀ ਤੋਂ ਵਿਵਹਾਰਿਕ ਪੱਖ ਵਿੱਚ ਆਏ ਪਰਿਵਰਤਨ ਨੂੰ ਸੰਕੇਤਾਂ ਵਿੱਚ ਪ੍ਰਗਟ ਕਰਨ ਦੀ ਬਜਾਏ ਖੁੱਲ੍ਹ ਕੇ ਚੰਗੇ ਤੇ ਮਾੜੇ ਪੱਖਾਂ ਤੋਂ ਬਿਆਨ ਕੀਤਾ ਹੈ। ਜਿਨ੍ਹਾਂ ਦਾ ਵਿਸਥਾਰਪੂਰਵਕ ਵੇਰਵਾ ਨਿਮਨਲਿਖਤ ਅਨੁਸਾਰ ਬਿਆਨ ਕੀਤਾ ਗਿਆ ਹੈ।

**3.1. ਰਾਜਨੀਤਿਕ ਪੱਖ:** ਰਾਜਨੀਤਿਕ ਪੱਖ ਵਿੱਚ ਵੱਸਦੇ ਵੱਖ-ਵੱਖ ਵਰਗਾਂ ਦੇ ਵਿਅਕਤੀਆਂ ਦੇ ਆਪਸੀ ਸੰਬੰਧਾਂ ਨੂੰ ਜਿਸ ਨੀਤੀ ਤਹਿਤ ਜੋੜਿਆ, ਤੋੜਿਆ ਅਤੇ ਮੁੜ ਸਥਿਰ ਕੀਤਾ ਜਾਂਦਾ ਹੈ। ਰਾਜਨੀਤਿਕ ਨੇਤਾ ਹਮੇਸ਼ਾ ਭੋਲੀ ਭਾਲੀ ਜਨਤਾ ਨੂੰ ਆਪਣੇ ਨਿਜੀ ਸਵਾਰਥ ਲਈ ਵਰਤਦੇ ਹਨ। ਆਮ ਲੋਕਾਂ ਨੂੰ ਕੋਈ ਨਾ ਕੋਈ

ਲਾਲਚ ਦੇਕੇ ਉਹਨਾਂ ਤੋਂ ਵੋਟਾਂ ਪਵਾ ਲੈਂਦੇ ਹਨ ਪਰ ਦਿੰਦੇ ਕੁਝ ਵੀ ਨਹੀਂ। ਇਸੇ ਸੰਦਰਭ 'ਚ ਸਰਬਜੀਤ ਕੌਰ ਆਪਣੀ ਕਿਤਾਬ *ਰਵਿੰਦਰ ਰਵੀ ਕਾਵਿ ਸੱਭਿਆਚਾਰਕ ਤਣਾਉ: ਪਰਵਾਸੀ ਸੰਦਰਭ* 'ਚ ਆਖਦੀ ਹੈ ਕਿ:

> ਰਾਜਨੀਤਕ ਨੇਤਾ ਲੋਕਾਂ ਨੂੰ ਲੁੱਟ ਰਹੇ ਹਨ ਅਤੇ ਅਤੇ ਇਸ ਦਾ ਪ੍ਰਭਾਵ ਦੇਸ਼ ਦੀ ਆਮ ਜਨਤਾ ਤੇ ਪੈਂਦਾ ਹੈ। ਇਸੇ ਤਰ੍ਹਾਂ ਹੀ ਰਾਜਨੀਤਕ ਨੇਤਾ ਲੋਕਾਂ ਨੂੰ ਵੋਟਾਂ ਪਾਉਣ ਲਈ ਕਹਿੰਦੇ ਹਨ ਅਤੇ ਇਹ ਗ਼ਰੀਬ ਆਦਮੀ ਨੂੰ ਰੁਜ਼ਗਾਰ ਆਦਿ ਦਾ ਲਾਲਚ ਦਿੰਦੇ ਹਨ, ਪਹਿਲਾਂ ਤਾਂ ਵੱਡੇ ਵੱਡੇ ਦਾਅਵੇ ਕਰਦੇ ਹਨ ਅਤੇ ਇਹ ਦਾਅਵੇ ਉਸ ਸਮੇਂ ਝੂਠੇ ਪੈ ਜਾਂਦੇ ਹਨ, ਜਦ ਇੰਨ੍ਹਾਂ ਨੇਤਾਵਾਂ ਨੂੰ ਵੋਟਾਂ ਮਿਲ ਜਾਂਦੀਆਂ ਹਨ ਅਤੇ ਆਮ ਆਪਣੀ ਜ਼ਿੰਦਗੀ ਪਹਿਲਾਂ ਵਾਂਗ ਹੀ ਗ਼ਰੀਬੀ ਦੀ ਰੇਖਾ ਵਿੱਚ ਕੱਟਦਾ ਹੈ।(77)

ਇਸੇ ਤਰ੍ਹਾ ਆਮ ਲੋਕਾਂ 'ਤੇ ਕਬਜਾ ਕਰ ਉਹਨਾਂ ਦਾ ਫਾਇਦਾ ਲੈਣਾ ਨੇਤਾਵਾਂ ਦਾ ਆਮ ਕੰਮ ਹੈ। ਇਸੇ ਤਰ੍ਹਾ ਦੀ ਪ੍ਰਵਿਰਤੀ ਮਰਦ ਦੇ ਸੁਭਾਅ 'ਚ ਵੀ ਔਰਤ ਪ੍ਰਤੀ ਕਈ ਵਾਰੀ ਹੁੰਦੀ ਹੈ। ਸੱਤਾ 'ਤੇ ਕਾਬਜ਼ ਧਿਰ ਮਰਦ ਦੁਆਰਾ ਔਰਤ ਨੂੰ ਦਬਾਅ ਕੇ ਰੱਖਣ ਲਈ ਜੋ ਚਾਲਾਂ, ਨੀਤੀਆਂ ਕਿਸੇ ਪੱਖ ਤਹਿਤ ਚਲਾਈਆਂ ਜਾਂਦੀਆਂ ਹਨ, ਉਹ ਚਾਲਾਂ, ਨੀਤੀਆਂ ਹੀ ਚੰਗੇ ਮਾੜੇ ਪੱਖ ਵਜੋਂ ਰਾਜਨੀਤਿਕ ਪੱਖ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਪਰੰਤੂ ਜਦੋਂ ਔਰਤ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਪ੍ਰਾਪਤ ਰਾਜਸੀ ਸੁਰੱਖਿਆ ਅਤੇ ਅਧਿਕਾਰ ਉਸਨੂੰ ਸਰੀਰਕ ਤਸ਼ੱਦਦ, ਮਰਦਾਵੀਂ ਦਬਾਅ ਆਦਿ ਤੋਂ ਬਚਾਉਂਦੇ ਹਨ ਤਾਂ ਚੰਗੇ ਪੱਖ ਦਾ ਰੂਪ ਧਾਰਨ ਕਰ ਲੈਂਦੇ ਹਨ। ਇਸਦੇ ਨਾਲ-ਨਾਲ ਮਾਨਸਿਕ ਤੌਰ 'ਤੇ ਮਜ਼ਬੂਤ ਵੀ ਬਣਾਉਂਦੇ ਹਨ। ਉਂਜ ਤਾਂ ਕਾਨੂੰਨ ਵੀ ਔਰਤ ਦੀ ਸੁਰੱਖਿਆ ਦੀ ਹਾਮੀ ਭਰਦੇ ਹਨ। ਜਿਸ ਕਰਕੇ ਔਰਤ ਆਪਣੇ-ਆਪ ਨੂੰ ਕਾਫ਼ੀ ਹੱਦ ਤੱਕ ਆਜ਼ਾਦ ਤੇ ਸੁਰੱਖਿਅਤ ਮਹਿਸੂਸ ਕਰਦੀ ਹੈ। ਪੀੜਤ ਔਰਤ ਦੁਆਰਾ ਕਾਨੂੰਨ ਦੀ ਮਦਦ ਲੈਣ ਨੂੰ ਸਾਡਾ ਸਮਾਜ, ਸਾਡਾ ਭਾਈਚਾਰਾ ਚੰਗਾ ਨਹੀਂ ਸਮਝਦਾ। ਕਿਉਂਕਿ ਇਸ ਤਰ੍ਹਾਂ ਉਨ੍ਹਾਂ ਦੇ ਮਰਦ ਪ੍ਰਧਾਨ ਸਮਾਜ ਦਾ ਅਸਲੀ ਰੂਪ ਸਾਹਮਣੇ ਆ ਜਾਂਦਾ ਹੈ।

ਰਾਜਨੀਤੀ ਦੇ ਭਾਵ ਅਰਥ ਅੱਜ-ਕੱਲ ਬਦਲਦੇ ਜਾ ਰਹੇ ਹਨ। ਸਰਕਾਰਾਂ ਦਾ ਕੰਮ ਲੋਕਾਂ ਦੀ ਰੱਖਿਆ ਕਰਨਾ ਸੀ ਪਰ ਹੁਣ ਇਹੀ ਘੁਣ ਵਾਂਗਰ ਖਾ ਰਹੀਆਂ ਨੇ। ਰਵਿੰਦਰ ਰਵੀ ਆਪਣੀ ਪੁਸਤਕ *ਛਾਵਾਂ ਅਤੇ*

*ਪਰਛਾਵੇਂ* ਦੀ ਇੱਕ ਰਚਨਾ ਰਾਜੀ ਅੰਤਕਵਾਦ ਲਿਖਦਾ ਹੈ ਕਿ ਰਾਜਨੀਤੀ ਨੇ ਸਮੇਂ ਦੇ ਅਨੁਸਾਰ ਹਰ ਚੀਜ਼ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਹੈ ਰਾਜਨੀਤੀ ਅਜਿਹਾ ਮਾੜੂ ਹਥਿਆਰ ਹੈ ਜੋ ਅੰਦਰ ਹੀ ਅੰਦਰ ਸ਼ਾਜਿਸ਼ ਕਰਕੇ ਲੋਕਾਂ ਨੂੰ ਆਪਸ ਵਿੱਚ ਲੜਾਉਂਦਾ ਰਹਿੰਦਾ ਹੈ ਅਤੇ ਲੋਕਾਂ ਨੂੰ ਪਤਾ ਵੀ ਨਹੀਂ ਲੱਗਦਾ ਕਿ ਪਲ ਵਿੱਚ ਕੀ ਹੋ ਗਿਆ। ਰਾਜਨੀਤੀ ਜੋ ਦੇਸ਼ ਦੀ ਭਲਾਈ ਲਈ ਸੀ ਉਸ ਨੇ ਲੋਕਾਂ ਨੂੰ ਇਸ ਕਦਰ ਲੁੱਟਣਾ ਸ਼ੁਰੂ ਕਰ ਦਿੱਤਾ ਹੈ ਕਿ ਮਨੁੱਖ ਹੀ ਮਨੁੱਖ ਦਾ ਦੁਸ਼ਮਣ ਬਣ ਗਿਆ ਹੈ। ਉਸ ਦੇ ਅਨੁਸਾਰ ਇਹ ਰਾਜਨੀਤੀ ਇਕੱਲੇ ਭਾਰਤ ਵਿੱਚ ਹੀ ਨਹੀਂ ਸਗੋਂ ਸਮੁੱਚੇ ਵਿਸ਼ਵ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀ ਹੈ। ਲੋਕਾਂ ਨੂੰ ਲੋਕਤੰਤਰ ਦੇ ਛਲਾਵੇ ਵਿੱਚ ਲੈ ਕੇ ਉਨ੍ਹਾਂ ਨਾਲ ਧੋਖਾ ਕਰ ਰਹੀ ਹੈ ਉੱਤੇ ਰਾਜ ਕਰਕੇ ਇਹ ਰਾਜੀ ਆਤੰਕਵਾਦ ਨੂੰ ਬੜ੍ਹਾਵਾ ਦੇ ਰਹੀਆਂ ਹਨ। ਉਹ ਇਹ ਅਜਿਹੀਆਂ ਸਰਕਾਰਾਂ ਹਨ ਜੋ ਲੋਕਾਂ ਦੇ ਜ਼ਜ਼ਬਾਤਾਂ ਨਾਲ ਬੁਰੀ ਤਰ੍ਹਾਂ ਖਿਲਵਾੜ ਕਰ ਰਹੀਆਂ ਹਨ ਜਿੰਨ੍ਹਾਂ ਤੋਂ ਲੋਕ ਜਾਣ ਨਹੀਂ ਹੁੰਦੇ।

ਆਦਮ ਬੋ, ਆਦਮ ਬੋ' ਕਰਦੀਆਂ, ਇਹ ਕੈਸੀਆਂ ਸਰਕਾਰਾਂ ਹਨ,
ਜਿੰਨ੍ਹਾਂ ਦੇ ਇਕ ਹੱਥ ਵਿੱਚ ਅੰਜੀਲ ਤੇ ਦੂਜੇ ਹੱਥ ਵਿੱਚ ਤਬਾਹੀ ਹੈ !
ਲੋਕ-ਤੰਤਰ ਦੇ ਛਲਾਵੇ ਨੂੰ ਇੰਨ੍ਹਾਂ ਨੇ ਜੰਗਲ ਦੀ ਅੱਗ ਬਣਾ ਦਿੱਤਾ ਹੈ।(106)

ਰਾਜਨੀਤੀ ਅਜਿਹੀ ਸੰਸਥਾ ਜੋ ਤੁਹਾਨੂੰ ਹਰ ਜਗ੍ਹਾ ਦੇਖਣ ਨੂੰ ਮਿਲ ਸਕਦੀ ਹੈ ਜਿਵੇਂ ਕਿ ਸੰਸਦ-ਭਵਨ, ਨਿਆਂਆਲੇ, ਦਫਤਰ, ਸਕੂਲ, ਵਿਦਿਆਲੇ, ਧਾਰਮਕ ਥਾਵਾਂ ਅਦਿ ਇੰਨ੍ਹਾਂ ਸਭ ਜਗ੍ਹਾ ਤੇ ਰਾਜਨੀਤੀ ਪ੍ਰਧਾਨ ਹੈ। ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਔਰਤ-ਮਰਦ ਸੰਬੰਧਾਂ ਨੂੰ ਚੰਗੇ ਤੇ ਮਾੜੇ ਪੱਖਾਂ ਤੋਂ ਉਭਾਰਿਆ ਹੈ। ਜਿੰਨ੍ਹਾਂ ਦਾ ਨਿਮਨਲਿਖਤ ਵੇਰਵਾ ਇਸ ਪ੍ਰਕਾਰ ਹੈ:

**(ੳ) ਚੰਗੇ ਪੱਖ:** ਵੀਨਾ ਵਰਮਾ ਦੀਆਂ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਆਏ ਪਰਿਵਰਤਨ ਕਾਰਨ ਰਾਜਸੀ ਭ੍ਰਿਸ਼ਟਾਚਾਰ ਆਦਿ ਵੱਖ-ਵੱਖ ਰਾਜਨੀਤਿਕ ਮੁੱਦਿਆਂ ਨੂੰ ਕਹਾਣੀਆਂ ਦਾ ਵਿਸ਼ਾ ਬਣਾਇਆ ਤੇ ਮਨੁੱਖਤਾ ਨੂੰ ਰਾਜਨੀਤੀਵਾਨਾਂ ਦੀਆਂ ਸਿਆਸੀ ਕੁਟਿਲ ਚਾਲਾਂ ਤੋਂ ਜਾਣੂ ਕਰਾਉਂਦੇ ਹੋਏ,

ਮਾਨਵੀ ਏਕਤਾ ਦਾ ਸੁਨੇਹਾ ਚੰਗੇ ਪੱਖ ਵਜੋਂ ਉੱਭਰਕੇ ਸਾਹਮਣੇ ਆਉਂਦਾ ਹੈ। ਜਿਵੇਂ ਕਿ ਵੀਨਾ ਵਰਮਾ ਦੀ ਕਹਾਣੀ 'ਫਰੰਗੀਆਂ ਦੀ ਨੂੰਹ' ਸ਼ਾਂਤੀ ਆਪਣੇ ਪਤੀ ਨੂੰ ਪਤਨੀ ਉਪਰ ਜ਼ੁਲਮ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰਵਾ ਦੇਂਦੀ ਹੈ ਤਾਂ ਸ਼ਾਂਤੀ ਦੇ ਰਿਸ਼ਤੇਦਾਰ ਉਸਨੂੰ ਰਾਜ਼ੀਨਾਮਾ ਕਰਨ ਲਈ ਆਖਦੇ ਹਨ। ਪਤੀ ਦਾ ਪਤਨੀ ਉੱਤੇ ਹੱਥ ਚੁੱਕਣਾ ਜਾਂ ਗਾਲੀ-ਗਲੋਚ ਕਰਨਾ ਭਾਰਤੀ ਪੰਜਾਬੀ ਸਮਾਜ-ਸੱਭਿਆਚਾਰ ਵਿੱਚ ਕੋਈ ਗੰਭੀਰ ਦੋਸ਼ ਨਹੀਂ ਮੰਨਿਆ ਜਾਂਦਾ। ਪਰੰਤੂ ਇਸ ਦੋਸ਼ ਵਿੱਚ ਪਤੀ ਨੂੰ ਪੁਲੀਸ ਕੋਲ ਪਕੜਵਾ ਕੇ ਗੰਭੀਰ ਦੋਸ਼ ਮੰਨਿਆ ਜਾਂਦਾ ਹੈ। ਸ਼ਾਂਤੀ ਆਪਣੇ ਫ਼ੈਸਲੇ 'ਤੇ ਅੜਿੰਗ ਰਹਿੰਦੀ ਹੈ ਤੇ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਪੂਰੇ ਸਮਾਜ ਨਾਲ ਟੱਕਰ ਲੈਣ ਲਈ ਤਿਆਰ ਹੋ ਜਾਂਦੀ ਹੈ, ਕਿਉਂਕਿ ਉਸ ਨੇ ਔਰਤਾਂ ਉੱਤੇ ਹੁੰਦੇ ਜ਼ੁਲਮਾਂ ਨੂੰ ਸਮਝਿਆ ਹੈ। ਉਹ ਆਪਣੀ ਸਹੇਲੀ ਨਾਲ ਆਪਣਾ ਦੁੱਖ ਸਾਂਝਾ ਕਰਦੀ ਹੋਈ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਇਸ ਮੁਲਕ ਵਿੱਚ ਮਿਲਦੀ ਸਹੂਲਤ ਦੀ ਸਿਫ਼ਤ ਕਰਦੀ ਹੈ। ਵੀਨਾ ਵਰਮਾ ਨੇ ਕਹਾਣੀ ਫਰੰਗੀਆਂ ਦੀ ਨੂੰਹ  ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਆਪਣੇ ਵਿਚਾਰਾਂ ਦੀ ਪੁਸ਼ਟੀ ਚੰਗੇ ਪੱਖ ਵਜੋਂ ਬਿਆਨ ਕਰਦੀ ਹੋਈ ਕਹਿੰਦੀ ਹੈ ਕਿ:

> ਭੁੱਖੇ ਮਰ ਜਾਂਦੇ ਮੇਰੇ ਨਿਆਣੇ ਜੇ ਮੈਂ ਇਸ ਕੰਟਰੀ 'ਚ ਨਾ ਹੁੰਦੀ। ਇਹ ਮੁਲਕ ਜਿਹੜਾ ਮੇਰੇ ਵਰਗੀਆਂ ਨੂੰ ਡਿੱਗੀਆਂ ਟੁੱਟੀਆਂ ਨੂੰ ਸਹਾਰਾ ਦਿੰਦੈਂ। ਲੋਕ ਰੋਂਦੇ ਨੇ ਵਤਨਾਂ ਨੂੰ ਤੇ ਆਪਣੇ ਰਿਸ਼ਤੇਦਾਰਾਂ ਨੂੰ ਪਰ ਮੈਂ ਕਹਿਣੀ ਆਂ ਮੈਂ ਖ਼ੁਸ਼ਕਿਸਮਤ ਆਂ ਜਿਹੜੀ ਏਡੇ ਵਧੀਆ ਮੁਲਕ 'ਚ ਰਹਿੰਦੀ ਆਂ। ਮੈਂ ਤਾਂ ਕਦੇ ਇੰਡੀਆ ਵਲ ਪੈਰ ਕਰਕੇ ਵੀ ਨ੍ਹੀ ਸੌਂਦੀ।(274)

ਵੀਨਾ ਵਰਮਾ ਅਨੁਸਾਰ ਕਾਨੂੰਨਨ ਤੌਰ ‘ਤੇ ਔਰਤ ਨੂੰ ਮਰਦ ਦੇ ਬਰਾਬਰ ਮੰਨ ਕੇ ਕਿਸੇ ਕਿਸਮ ਦੀ ਅਧੀਨਗੀ ਵਿੱਚ ਨਹੀਂ ਰੱਖਿਆ ਜਾਣਾ ਚਾਹੀਦਾ। ਇਸ ਤਰ੍ਹਾਂ ਵੀਨਾ ਵਰਮਾ ਨੇ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਆਪਣੀਆਂ ਕਹਾਣੀਆਂ ਵਿੱਚ ਔਰਤ ਨੂੰ ਰਾਜਸੀ ਤੌਰ ਤੇ ਚੇਤਨ ਹੋਈ ਵਿਖਾਇਆ ਹੈ। ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਮਰਦ ਨੂੰ ਇਸ ਗੱਲ ਦਾ ਬੜਾ ਰੋਸ ਹੈ ਕਿ ਔਰਤ ਪੱਖੀ ਕਾਨੂੰਨ ਹੋਂਦ ਕਾਰਨ ਉਹ ਆਪਣੀ ਮਰਦਾਨਗੀ ਨਹੀਂ ਦਿਖਾ ਸਕਦਾ। ਜੇਕਰ ਉਹ ਔਰਤ

ਉੱਤੇ ਜ਼ੁਲਮ ਕਰਦਾ ਹੈ ਜਾਂ ਮਾਰਦਾ-ਕੁੱਟਦਾ ਹੈ ਤਾਂ ਔਰਤ ਕਾਨੂੰਨ ਦਾ ਸਹਾਰਾ ਲੈਂਦੀ ਹੈ। ਵੀਨਾ ਵਰਮਾ ਦੀਆਂ ਕਹਾਣੀਆਂ 'ਪਿਛਲਾ ਦਰਵਾਜ਼ਾ', 'ਦੂਜੀ ਨਾ ਤੀਜੀ', 'ਇੱਕ ਸੀ ਮੈਂ' ਅਤੇ 'ਫਰੰਗੀਆਂ ਦੀ ਨੂੰਹ' ਵਿੱਚਲੀਆਂ ਔਰਤ ਪਾਤਰਾਂ ਪਤੀ ਤੇ ਸਹੁਰੇ ਪਰਿਵਾਰ ਦੇ ਜ਼ੁਲਮਾਂ ਤੋਂ ਤੰਗ ਆਕੇ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਕਾਨੂੰਨ ਦਾ ਦਰ ਖੜਕਾਉਂਦੀਆਂ ਹਨ। ਅਜਿਹੀ ਔਰਤਾਂ ਸੋਸ਼ਲ ਕੇਅਰ ਦੀ ਸਹਾਇਤਾ ਪ੍ਰਾਪਤ ਕਰਕੇ ਨਵੇਂ ਸਿਰੇ ਤੋਂ ਜ਼ਿੰਦਗੀ ਆਰੰਭ ਕਰਨ ਦਾ ਯਤਨ ਕਰਦੀਆਂ ਹਨ। 'ਪਿਛਲਾ ਦਰਵਾਜ਼ਾ' ਕਹਾਣੀ ਦੀ ਗੀਤਾ ਪਤੀ ਦੀ ਹਰ ਰੋਜ਼ ਦੀ ਕੁੱਟ-ਮਾਰ ਤੋਂ ਤੰਗ ਤੇ ਮਜਬੂਰ ਹੈ, ਜਦੋਂ ਇੱਕ ਦਿਨ ਪਤੀ ਦੀ ਮਾਰ ਖਾ ਕੇ ਦੱਤੇ ਦੇ ਘਰ ਆਉਂਦੀ ਹੈ ਤਾਂ ਦੱਤਾ ਉਸਨੂੰ ਇਸ ਅਤਿਆਚਾਰ ਦੇ ਖਿਲਾਫ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਖੜ੍ਹੇ ਹੋਣ ਲਈ ਚੰਗੇ ਪੱਖ ਤੋਂ ਪ੍ਰੇਰਿਤ ਕਰਦਾ ਹੈ। ਇਸ ਤਰ੍ਹਾਂ ਮੁੱਲ ਦੀ ਤੀਵੀਂ ਕਹਾਣੀ ਸੰਗ੍ਰਹਿ ਦੀ ਕਹਾਣੀ ਪਿਛਲਾ ਦਰਵਾਜ਼ਾ 'ਚ ਔਰਤ ਦੁਆਰਾ ਮਰਦ ਤੋਂ ਕੁੱਟ ਖਾਣ ਨਾਲੋਂ ਕਾਨੂੰਨੀ ਸਹਾਇਤਾ ਲੈਣ ਅਤੇ ਨਵੇਂ ਸਿਰੇ ਜ਼ਿੰਦਗੀ ਸ਼ੁਰੂ ਕਰਨ ਬਾਰੇ ਇਸ ਤਰ੍ਹਾਂ ਬਿਆਨਿਆ ਹੈ:

> ਦੂਜੇ ਦਿਨ ਦੱਤੇ ਨੇ ਦੋਹਾਂ ਮਾਵਾਂ ਧੀਆਂ ਨੂੰ ਸੋਸ਼ਲ ਸਕਿਓਰਿਟੀ ਦੇ ਦਫ਼ਤਰ ਭੇਜ ਦਿੱਤਾ। ਗੀਤਾ ਅਤੇ ਬੱਚੀ ਦੀ ਹਾਲਤ ਨੂੰ ਵੇਖਦਿਆਂ ਸੋਸ਼ਲ ਸਰਵਿਸਿਜ਼ ਵਾਲਿਆਂ ਨੇ ਝੱਟ ਉਨ੍ਹਾਂ ਨੂੰ ਸਪੈਸ਼ਲ ਕੇਅਰ ਵਿੱਚ ਲੈ ਲਿਆ। ਉਹਦੇ ਸਹੁਰਿਆਂ ਨੂੰ ਹਵਾ ਵੀ ਨਾ ਮਿਲੀ ਕਿ ਗੀਤਾ ਆਪਣੀ ਦੋ ਸਾਲ ਦੀ ਧੀ ਨੂੰ ਲੈ ਕੇ ਕਿੱਥੇ ਗਈ ਹੈ। ਛੇਤੀ ਹੀ ਗੀਤਾ ਨੂੰ ਕੌਂਸਲ ਦਾ ਫਲੈਟ ਮਿਲ ਗਿਆ।(97)

ਇਸ ਤਰ੍ਹਾਂ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਔਰਤ ਨੂੰ ਕਿਸੇ ਵੀ ਪ੍ਰਕਾਰ ਦੇ ਅਣ-ਮਨੁੱਖੀ ਵਿਵਹਾਰ ਤੋਂ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ। ਪਰ ਉਸਨੂੰ ਆਪਣੇ ਉਪਰ ਹੋ ਰਹੇ ਜ਼ੁਲਮ ਪ੍ਰਤੀ ਸੁਚੇਤ ਹੋਕੇ ਵਿਰੋਧ ਕਰਨਾ ਪਵੇਗਾ। ਔਰਤ ਨੂੰ ਆਪਣੀ ਹਸਤੀ/ਹੋਂਦ ਦੀ ਪਹਿਚਾਣ ਲਈ ਖੁਦ ਹੀ ਯਤਨ ਕਰਨੇ ਪੈਣਗੇ ਅਤੇ ਸਮਾਜ ਰੂਪੀ ਦੈਂਤ ਨਾਲ ਖੁਦ ਹੀ ਆਢਾ ਲੈਣਾ ਪਵੇਗਾ। ਇਸ ਤੋਂ ਇਲਾਵਾ ਵੀਨਾ ਵਰਮਾ ਦੀ ਕਹਾਣੀ *ਫਰੰਗੀਆਂ ਦੀ ਨੂੰਹ* ਵਿੱਚ ਸ਼ਾਂਤੀ ਪਤੀ ਨੂੰ ਛੱਡਣ ਦਾ ਫ਼ੈਸਲਾ ਲੈ ਕੇ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਇਹਨਾਂ ਜ਼ਾਲਮਾ ਨਾਲ

ਟਕਰਾਉਂਦੀ ਹੈ। ਉਹ ਆਪਣੇ ਮਨਪਸੰਦ ਗੋਰੇ ਵਿਅਕਤੀ ਨਾਲ ਵਿਆਹ ਕਰਵਾ ਕੇ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦੀ ਹੈ ਅਤੇ ਆਪਣੇ ਆਪ ਨੂੰ 'ਫਰੰਗੀਆਂ ਦੀ ਨੂੰਹ' ਕਹਿੰਦੀ ਹੋਈ ਆਪਣੀ ਹਿੰਮਤ ਦੇ ਬਲਬੂਤੇ ਇਹਨਾਂ ਜ਼ਾਲਮ ਲੋਕਾਂ ਨੂੰ ਵੰਗਾਰਦੀ ਹੋਈ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਆਪਣੀ ਹੋਂਦ, ਵਜੂਦ ਬਾਰੇ ਚੰਗੇ ਪੱਖ ਵਜੋਂ ਕਹਿੰਦੀ ਹੈ ਕਿ:

> ਉਹ ਤਾਂ ਉਦੋਂ ਨ੍ਹੀ ਕੁਸ਼ ਕਹਿ ਸਕੇ ਜਦੋਂ ਮੈਂ ਕੱਲੀ ਕਾਰੀ ਸੀ। ਹੁਣ ਤਾਂ ਸੁੱਖ ਨਾਲ ਮੈਂ 'ਫਰੰਗੀਆਂ ਦੀ ਨੂੰਹ' ਆਂ। ਮੇਰੇ ਤਾਂ ਪਰਛਾਵੇਂ ਤੋਂ ਵੀ ਡਰਦੇ ਨੇ ਉਹ।(275)

**(ਅ) ਮਾੜੇ ਪੱਖ:** ਪਰੰਤੂ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਕੁਝ ਔਰਤਾਂ ਕਾਨੂੰਨੀ ਦਾਅ-ਪੇਚ ਸਮਝ ਕੇ ਉਹਨਾਂ ਨੂੰ ਆਪਣੇ ਮਾੜੇ ਪੱਖ ਲਈ ਵੀ ਵਰਤਣਾ ਸਿੱਖ ਗਈਆਂ ਹਨ। ਉਹ ਆਪਣੇ ਪਤੀ ਅਤੇ ਪਰਿਵਾਰ ਨੂੰ ਟਿੱਚ ਜਾਣਦੀਆਂ ਹੋਈਆ ਆਪਣੀ ਮਨਮਰਜ਼ੀ ਕਰਦੀਆਂ ਹਨ। ਅਜਿਹੀਆਂ ਔਰਤਾਂ ਆਪਣੇ ਪਤੀ ਉੱਤੇ ਗੈਰ-ਜ਼ਰੂਰੀ ਧੌਂਸ ਵੀ ਰੱਖਦੀਆਂ ਹਨ ਹੈ ਅਤੇ ਕਾਨੂੰਨਾਂ ਦਾ ਮਾੜੇ ਪੱਖ ਤੋਂ ਨਜਾਇਜ਼ ਫ਼ਾਇਦਾ ਵੀ ਉਠਾਉਂਦੀਆਂ ਹਨ। ਸੋ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਆਏ ਪਰਿਵਰਤਨ ਕਾਰਨ ਔਰਤ ਨੂੰ ਮਰਦ ਦੁਆਰਾ ਦਬਾਅ ਕੇ ਰੱਖਣ ਦੀ ਮੂਲ ਪ੍ਰਵਿਰਤੀ ਪਰੰਪਰਿਕ ਰੂਪ ਵਿੱਚ ਮਾੜੇ ਪੱਖ ਦਾ ਰੂਪ ਧਾਰਨ ਕਰ ਚੁੱਕੀ ਹੈ। ਜਿਸ ਬਾਰੇ ਡਾ. ਵਨੀਤਾ *ਨਾਰੀਵਾਦ ਤੇ ਸਾਹਿਤ* ਵਿੱਚ ਕਹਿੰਦੀ ਹੈ ਕਿ:

> ਬਚਪਨ ਵਿੱਚ ਇਸਤਰੀ ਪਿਤਾ ਦੇ ਅਧੀਨ ਰਹੇ, ਜਵਾਨੀ ਵਿੱਚ ਪਤੀ ਦੇ ਅਧੀਨ ਅਤੇ ਪਤੀ ਦੇ ਦੇਹਾਂਤ ਹੋ ਜਾਣ ਦੀ ਸੂਰਤ ਵਿੱਚ ਪੁੱਤਰਾਂ ਦੇ। ਇਉਂ ਇਸਤਰੀ ਕਦੇ ਵੀ ਸੰਤੁਤਰ ਨਹੀਂ ਹੋਣੀ ਚਾਹੀਦੀ। ਨਾਰੀ ਅਤੇ ਪੁਰਖ ਦੇ ਅਧਿਕਾਰਾਂ ਜਾਂ ਉਨ੍ਹਾਂ ਦੀ ਸੁਤੰਤਰਤਾ ਬਾਰੇ 'ਮਨੂੰ ਸਮਿਰਤੀ' ਨੇ ਜਿਹੜਾ ਦ੍ਰਿਸ਼ਟੀਕੋਣ ਅਪਣਾਇਆ ਉਸ ਵਿੱਚ ਨਾਰੀ ਦੀ ਸੁਤੰਤਰਤਾ ਬਿੱਲਕੁੱਲ ਖ਼ਤਮ ਕਰ ਦਿੱਤੀ ਗਈ। ਉਸ ਦੀ ਨੈਤਿਕਤਾ ਬਾਰੇ ਗ਼ੈਰ ਮਨੁੱਖੀ ਨੁਕਤੇ ਦਿੱਤੇ ਗਏ ਅਤੇ ਗਲਤ ਮਿੱਥਾਂ ਉਸਾਰੀਆਂ ਗਈਆਂ।(11)

ਜਿਵੇਂ ਕਿ ਵੀਨਾ ਵਰਮਾ ਦੇ *ਫਰੰਗੀਆਂ ਦੀ ਨੂੰਹ* ਕਹਾਣੀ ਸੰਗ੍ਰਹਿ ਦੀ ਕਹਾਣੀ 'ਗੋਲੇ ਕਬੂਤਰ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਰਣਜੀਤ ਸਿੰਘ ਗੈਰ ਕਾਨੂੰਨੀ ਹੋਣ ਕਾਰਨ ਆਪਣੀ ਪਤਨੀ ਦੇ ਜ਼ੁਲਮ ਦਾ ਸ਼ਿਕਾਰ ਹੁੰਦਾ ਹੈ। ਆਪਣੇ ਵਿਆਹ ਦਾ ਸਾਰਾ ਖ਼ਰਚਾ ਆਪ ਕਰਨ, ਘਰ ਦੀਆਂ ਕਿਸ਼ਤਾਂ ਦੇਣ ਤੇ ਘਰੇਲੂ ਖ਼ਰਚ ਕਰਨ ਤੋਂ ਬਾਅਦ ਵੀ ਉਸਦੀ ਬਦਚਲਨ ਪਤਨੀ ਉਸਨੂੰ ਘਰੋਂ ਕੱਢਣ ਦੀ ਧਮਕੀ ਦਿੰਦੀ ਹੈ। ਇਸ ਧਮਕੀ ਦਾ ਮਾੜਾ ਪੱਖ ਵੀਨਾ ਵਰਮਾ ਨੇ ਕਹਾਣੀ 'ਗੋਲੇ ਕਬੂਤਰ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਪਤਨੀ ਦੁਆਰਾ ਬਿਆਨ ਕਰਵਾਇਆ ਹੈ, ਜਦੋਂ ਪਤਨੀ ਆਪਣੀ ਮਾੜੀ, ਘਟੀਆ ਸੋਚ ਤੋਂ ਰਣਜੀਤ ਸਿੰਘ ਨੂੰ ਕਹਿੰਦੀ ਹੈ ਕਿ:

> ਜੇ ਮੈਂ ਇੱਕ ਫੋਨ ਇਮੀਗਰੇਸ਼ਨ ਨੂੰ ਕਰ ਦੇਵਾਂ ਕਿ ਤੂੰ ਇਸ ਕੰਟਰੀ 'ਚ ਈਲੀਗਲ ਐਂ ਤੇ ਸਿਰਫ਼ ਇਥੇ ਪੱਕਾ ਹੋਣ ਲਈ ਮੇਰੇ ਨਾਲ ਵਿਆਹ ਕਰਵਾਇਆ ਸੀ ਤੇ ਹੁਣ ਤੂੰ ਮੈਨੂੰ ਕੁੱਟਦਾ ਹੈ ਕਿਉਂਕਿ ਮੈਂ ਤੇਰੇ ਪਾਸਪੋਰਟ ਤੇ ਸਟੈਂਪ ਨਹੀਂ ਲਗਵਾ ਰਹੀ ਤਾਂ ਤੈਨੂੰ ਘੱਟੋ-ਘੱਟ ਸੱਤ ਸਾਲ ਦੀ ਪਰੀਜਨ ਹੋਵੇਗੀ।(245)

ਇਸ ਤਰ੍ਹਾਂ ਰਣਜੀਤ ਸਿੰਘ ਦੁਆਰਾ ਉਸਨੂੰ ਉਸ ਦੀਆਂ ਗ਼ਲਤ ਆਦਤਾਂ ਤੋਂ ਰੋਕਣ ਲਈ ਕਹਿਣਾ ਵੀ ਉਸਨੂੰ ਮਹਿੰਗਾ ਪੈਂਦਾ ਹੈ। ਉਹ ਆਪਣੇ ਪਤੀ ਨੂੰ ਤਾਂ ਛੱਡਣ ਲਈ ਤਿਆਰ ਹੈ ਪਰ ਆਪਣੇ ਗੋਰੇ ਮਿੱਤਰ ਪ੍ਰੇਮੀ ਨੂੰ ਛੱਡਣ ਲਈ ਤਿਆਰ ਨਹੀਂ। ਉਹ ਰਣਜੀਤ ਨੂੰ ਘਰੋਂ ਕੱਢ ਦਿੰਦੀ ਹੈ ਤੇ ਨਾਲ ਹੀ ਗਹਿਣੇ ਅਤੇ ਚੋਰੀ ਦਾ ਝੂਠਾ ਆਰੋਪ ਲਗਾ ਕੇ ਪੁਲੀਸ ਨੂੰ ਉਸ ਪਿੱਛੇ ਲਗਵਾ ਦਿੰਦੀ ਹੈ। ਰਣਜੀਤ ਫਿਰ ਵੀ ਆਪਣੀ ਪਤਨੀ ਨੂੰ ਸਮਝਾਉਣ ਲਈ ਸੋਚਦਾ ਹੈ। ਪਰ ਰਣਜੀਤ ਦਾ ਦੋਸਤ ਉਸਨੂੰ ਅਸਲੀਅਤ ਦਾ ਸਾਹਮਣਾ ਕਰਨ ਲਈ ਆਖਦਾ ਹੈ ਕਿ ਤੂੰ ਬਗਾਨੇ ਮੁਲਕ ਵਿੱਚ ਗੈਰ-ਕਾਨੂੰਨੀ ਹੋਣ ਕਰਕੇ ਫਸ ਸਕਦਾ ਹੈ। ਰਣਜੀਤ ਦਾ ਦੋਸਤ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਔਰਤ ਪੱਖੀ ਕਾਨੂੰਨ ਹੋਣ ਬਾਰੇ ਦੱਸਦਾ ਹੋਇਆ ਤੀਵੀਆਂ ਦੇ ਮਾੜੇ ਪੱਖ ਤੋਂ ਸੁਚੇਤ ਕਰਦਾ ਹੋਇਆ ਕਹਿੰਦਾ ਹੈ ਕਿ:

> ਉਹ ਤੇਰੀ ਘਰ ਵਾਲੀ ਹੈ ਤੇਰੀ ਗੁਲਾਮ ਨਹੀਂ। ਤੂੰ ਉਹਦੀ ਮਰਜ਼ੀ ਦੇ ਖਿਲਾਫ਼ ਉਸ ਨੂੰ ਮਿਲ ਨਹੀਂ

ਸਕਦਾ। ਤੇ ਜਦੋਂ ਕੋਈ ਤੀਵੀਂ ਆਪਣੇ ਯਾਰ ਦੀ ਖ਼ਾਤਿਰ ਖਸਮ ਨੂੰ ਛੱਡ ਦੇਵੇ, ਤਾਂ ਉਹ ਰੱਬ ਦੇ ਮੋੜੇ ਤੋਂ ਵੀ ਨਹੀਂ ਮੁੜਦੀ ਹੁੰਦੀ। ਭੁੱਲ ਜਾ ਤੂੰ ਉਸ ਨੂੰ। ਕਾਨੂੰਨ ਬਹੁਤ ਕੁੱਤਾ ਆ ਇਥੋਂ ਦਾ। ਤੀਵੀਆਂ ਦੀ ਸੁਣਦੈਂ। ਬੰਦਿਆਂ ਨੂੰ ਚੁੱਕ ਕੇ ਘਰੋਂ ਬਾਹਰ ਮਾਰਦੇ ਨੇ। ਹੋਰ ਐਵੇਂ ਨੀ ਤੀਵੀਆਂ ਦਾ ਰਾਜ ਆਇਆ। ਤੀਵੀਆਂ ਨੀ ਇਥੇ ਬੰਦਿਆਂ ਨੂੰ ਬੋਲਣ ਦਿੰਦੀਆਂ।(246)

ਉਪਰੋਕਤ ਵਿਚਾਰ-ਚਰਚਾ ਦੇ ਆਧਾਰ 'ਤੇ ਇਹ ਕਹਿ ਸਕਦੇ ਹਾਂ ਕਿ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਕ ਪੱਖ ਤੋਂ ਆਏ ਪਰਿਵਰਤਨ ਕਾਰਨ ਜਿੱਥੇ ਰਾਜਸੀ ਅਧਿਕਾਰ ਤੇ ਕਾਨੂੰਨ ਔਰਤ-ਮਰਦ ਵਿੱਚ ਚੰਗੇ ਪੱਖ ਤੋਂ ਚੇਤਨਾ ਆਈ ਹੈ, ਪਰੰਤੂ ਉੱਥੇ ਇਹ ਅਧਿਕਾਰਾਂ ਤੇ ਕਾਨੂੰਨ ਦੀ ਵਰਤੋਂ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਇੱਕ ਦੂਸਰੇ ਦੇ ਵਿਰੋਧਮਈ ਪਰਿਵਰਤਨ ਨੂੰ ਵੀ ਮਾੜੇ ਪੱਖ ਤੋਂ ਇੱਕ ਦੂਜੇ ਦੀ ਨਾਰਾਜ਼ਗੀ ਦਾ ਸ਼ਿਕਾਰ ਹੋਣ ਲਈ ਮਜਬੂਰ ਕਰਦੇ ਹਨ। ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਔਰਤ-ਮਰਦ ਕਾਨੂੰਨਾਂ ਬਾਰੇ ਚੰਗੇ ਪੱਖ ਤੋਂ ਸੋਝੀ ਵੀ ਰੱਖਦੇ ਹਨ, ਪਰੰਤੂ ਕਈ ਵਾਰ ਉਹ ਕਾਨੂੰਨਾਂ ਦਾ ਸਹਾਰਾ ਲੈ ਕੇ ਕਾਨੂੰਨ ਦੇ ਦਾਅ-ਪੇਚ ਸਿੱਖ ਕੇ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਪਰਿਵਰਤਨ ਦੁਆਰਾ ਕਾਨੂੰਨ ਦੀ ਮਾੜੇ ਪੱਖ ਤੋਂ ਦੁਰਵਰਤੋਂ ਵੀ ਕਰਨਾ ਸਿੱਖ ਗਏ ਹਨ।

**3.2. ਸਮਾਜਿਕ ਪੱਖ:** ਅਸਲ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਸਮੁੱਚੀ ਇਨਸਾਨੀਅਤ ਦੀਆਂ ਨੈਤਿਕ ਕਦਰਾਂ-ਕੀਮਤਾਂ ਅਤੇ ਸਮੁੱਚੇ ਭਾਈਚਾਰੇ ਦੀ ਭਾਵਨਾ ਵਿਸ਼ਵੀਕਰਨ ਦੇ ਗਲਬੇ ਹੇਠ ਗਵਾਚ ਕੇ ਪਰਿਵਰਤਨ ਹੋ ਚੁੱਕੀ ਹੈ। ਜਦੋਂ ਕੋਈ ਔਰਤ-ਮਰਦ ਵਿਦੇਸ਼ ਵਿੱਚ ਦੂਰ ਨੇੜੇ ਦੀ ਕਿਸੇ ਰਿਸ਼ਤੇਦਾਰੀ ਵਿੱਚ ਜਾ ਕੇ ਰਹਿੰਦੇ ਹਨ ਤਾਂ ਉੱਥੇ ਵੀ ਬਦਲੇ ਵਿੱਚ ਔਰਤ-ਮਰਦ ਨੂੰ 'ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਕਰਕੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਦੇ ਚੰਗੇ ਤੇ ਮਾੜੇ ਨਤੀਜੇ ਪਰਿਵਰਤਨ ਰੂਪ ਤੋਂ ਦ੍ਰਿਸ਼ਟੀਗੋਚਰ ਹੁੰਦੇ ਹਨ। ਹਥਲੇ ਖੋਜ-ਕਾਰਜ ਦੇ ਪ੍ਰਸੰਗ ਤੋਂ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਔਰਤ-ਮਰਦ

ਦੇ ਬਦਲੇ ਦੀ ਭਾਵਨਾ ਤਹਿਤ ਔਰਤ ਦੇ ਰੋਹ ਨੂੰ ਸੈਕਸ ਸੰਬੰਧਾਂ ਰਾਹੀਂ ਤਿੱਖਾ ਕਰਕੇ ਸਮਾਜ ਦੇ ਸਨਮੁੱਖ ਕੀਤਾ ਗਿਆ ਹੈ। ਬਲਦੇਵ ਧਾਲੀਵਾਲ ਵੀਨਾ ਵਰਮਾ ਦੇ ਦੁਆਰਾ ਆਪਣੀਆਂ ਕਹਾਣੀਆਂ 'ਚ ਵਰਤੇ ਸ਼ਬਦਾਂ ਬਾਰੇ *ਆਧੁਨਿਕ ਪੰਜਾਬੀ ਕਹਾਣੀ ਦ੍ਰਿਸ਼ਟੀਮੂਲਕ ਪਰਿਪੇਖ* 'ਚ ਦੱਸਦਾ ਹੈ ਕਿ :

> ਉਹ ਸੈਕਸ ਦੇ 'ਵਰਜਿਤ' ਸ਼ਬਦ ਨੂੰ ਇੱਟ ਵਾਂਗ ਸਮਾਜ ਦੇ ਮੱਥੇ ਤੇ ਮਾਰਦੀ ਹੈ ਤੇ ਲਹੂ ਦੀਆ ਤਤੀਰੀਆਂ ਦੇਖ ਕੇ ਖੁਸ਼ ਹੁੰਦੀ ਹੈ।(68)

ਸੋ ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਇਸ ਤੱਥ ਨੂੰ ਸਪੱਸ਼ਟ ਕੀਤਾ ਹੈ ਕਿ ਮਰਦ ਨੈਤਿਕ ਕਦਰਾਂ-ਕੀਮਤਾਂ ਦੇ ਪਰਿਵਰਤਨ ਰੂਪ ਵਾਲਾ ਸਿਰਫ ਤੇ ਸਿਰਫ ਕਪਟੀ, ਕਾਮੁਕ ਤੇ ਸੁਆਰਥੀ ਪ੍ਰਵਿਰਤੀ ਵਾਲਾ ਬਣ ਚੁੱਕਾ ਹੈ, ਕਿਉਂਕਿ ਉਸ ਦੀਆਂ ਕਹਾਣੀਆਂ ਵਿੱਚ ਔਰਤ ਕੇਂਦਰ ਬਿੰਦੂ ਵਜੋਂ ਭੂਮਿਕਾ ਨਿਭਾਉਂਦੀ ਹੈ, ਜਿਹੜੀ ਤ੍ਰਿਪਤੀ ਦੇ ਪਰਿਵਰਤਨ ਰੂਪ ਅਤ੍ਰਿਪਤੀ ਕਾਰਨ ਮਜਬੂਰੀ ਵੱਸ ਵੱਖ-ਵੱਖ ਮਰਦਾਂ ਨਾਲ ਪਿਆਰ ਕਰਕੇ ਜਿਨਸੀ-ਰਿਸ਼ਤੇ ਕਾਇਮ ਕਰਕੇ ਸਰੀਰਕ ਤੇ ਮਾਨਸਿਕ ਤਣਾਅ ਭੋਗਦੀ ਹੈ। ਉਸ ਅਨੁਸਾਰ ਔਰਤ-ਮਰਦ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਤਣਾਉ ਨੂੰ ਭੋਗਦੇ ਹੋਏ ਚੰਗੇ ਤੇ ਮਾੜੇ ਪੱਖ ਤੋਂ ਆਜ਼ਾਦੀ, ਜਿਨਸੀ ਰਿਸ਼ਤਿਆਂ-ਨਾਤਿਆਂ ਵਿੱਚ ਖੁੱਲ੍ਹ, ਖੁੱਲਾਂ ਲਿੰਗਕ ਮਾਹੌਲ, ਜਗੀਰਦਾਰੀ ਸਮਾਜਿਕ ਕਦਰਾਂ-ਕੀਮਤਾਂ ਕਾਰਨ ਪਰਿਵਾਰਕ ਰਿਸ਼ਤੇ-ਨਾਤਿਆਂ ਵਿੱਚਲੇ ਖੰਡਾਅ ਰੂਪ ਨੂੰ ਪਰਿਵਰਤਨ ਦੇ ਨਜ਼ਰੀਏ ਤੋਂ ਹੰਢਾਉਂਦੇ ਹੋਏ ਜ਼ਿੰਦਗੀ ਗੁਜ਼ਾਰਦੇ ਹਨ। ਖਾਸ ਤੌਰ ਤੇ ਔਰਤ ਅਣਜੋੜ ਵਿਆਹ ਦੀ ਸਮੱਸਿਆ ਕਾਰਨ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਤ੍ਰਿਪਤੀ ਦੇ ਪਰਿਵਰਤਨ ਰੂਪ ਅਤ੍ਰਿਪਤੀ ਕਾਰਨ ਸਰੀਰਕ, ਮਾਨਸਿਕ ਤਣਾਅ ਭੋਗਦੀਆਂ ਹਨ। ਜਿਵੇਂ ਕਿ ਔਰਤ ਅਤੇ ਮਰਦ ਵਿਆਹ ਬੰਧਨ ਦੁਆਰਾ ਆਪਸ ਵਿੱਚ ਬੱਝਦੇ ਹਨ ਅਤੇ ਇਹ ਚੋਣ ਮਾਤਾ ਪਿਤਾ ਆਧਾਰਿਤ ਹੁੰਦੀ ਹੈ। ਔਰਤ ਆਪਣੀ ਮਰਜ਼ੀ ਨਾਲ ਵਰ ਦੀ ਚੋਣ ਨਹੀਂ ਕਰ ਸਕਦੀ। ਵਰਤਮਾਨ ਸਮੇਂ ਭਾਵੇਂ ਇਸ ਪ੍ਰਣਾਲੀ ਵਿੱਚ ਕੁਝ ਬੰਦਿਸ਼ਾਂ ਘੱਟ ਨੇ ਪਰ ਸਮਾਜ ਵਿੱਚ ਜ਼ਿਆਦਾਤਰ ਰਿਸ਼ਤੇ ਮਾਤਾ-ਪਿਤਾ ਦੀ ਮਰਜ਼ੀ ਅਨੁਸਾਰ ਹੀ ਹੁੰਦੇ ਹਨ। ਇਸ ਅਣਜੋੜਤਾ ਵਿਆਹ ਦਾ ਖ਼ਮਿਆਜ਼ਾ ਔਰਤ ਨੂੰ ਕਾਮੁਕ ਤ੍ਰਿਪਤੀ ਦੀ ਅਣਹੋਂਦ ਕਾਰਨ

ਪਰਿਵਰਤਨ ਰੂਪ ਵਿੱਚ ਇੱਧਰ-ਉੱਧਰ ਦੀ ਭਟਕਣਾ ਵਿਚੋਂ ਸਾਰੀ ਉਮਰ ਭੋਗਣਾ ਪੈਂਦਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਇਸ ਅਣਜੋੜਤਾ ਦੇ ਚੰਗੇ ਤੇ ਮਾੜੇ ਸਿੱਟੇ ਉਸ ਵਕਤ ਮਾਰੂ ਨਿਕਲਦੇ ਹਨ, ਜਦੋਂ ਪਤੀ-ਪਤਨੀ ਦੀ ਅਣਜੋੜਤਾ ਕਾਰਨ ਇਹਨਾਂ ਰਿਸ਼ਤਿਆਂ-ਨਾਤਿਆਂ ਵਿੱਚ ਤ੍ਰਿਪਤੀ ਦੀ ਅਣਹੋਂਦ ਵਜੋਂ ਤਕਰਾਰ ਕਾਰਨ ਪਰਿਵਰਤਨ ਵਾਪਰਦਾ ਹੈ। ਸੋ, ਇਸ ਪਰਿਵਰਤਨ ਦਾ ਚੰਗਾ ਤੇ ਮਾੜਾ ਪੱਖ ਉਦੋਂ ਵਾਪਰਦਾ ਹੈ, ਜਦੋਂ ਲਿੰਗਕ ਸੰਬੰਧਾਂ ਵਿੱਚ ਸੰਤੁਲਨ ਕਾਇਮ ਰੱਖਣ ਵਿੱਚ ਅਸਮਰੱਥ ਰਹਿੰਦੇ ਹਨ, ਬਹੁਤੀ ਵਾਰ ਇਸ ਅਸੰਤੁਲਨ ਦੇ ਨਤੀਜੇ ਚੰਗੇ ਤੇ ਮਾੜੇ ਪੱਖ ਤੋਂ ਤ੍ਰਿਪਤੀ ਦੇ ਪਰਿਵਰਤਨ ਰੂਪ ਵਜੋਂ ਅਤ੍ਰਿਪਤੀ ਕਾਰਨ ਔਰਤ ਨੂੰ ਹੀ ਭੋਗਣੇ ਪੈਂਦੇ ਹਨ। ਭਾਵੇਂ ਭਾਰਤੀ ਸੱਭਿਅਤਾ ਦੇ ਮੁੱਢਲੇ ਪੜਾਵਾਂ ਵੱਲ ਝਾਤ ਮਾਰੇ ਤੋਂ ਪਤਾ ਲਗਦਾ ਹੈ ਕਿ ਮਰਦ-ਪ੍ਰਧਾਨ ਸਮਾਜ ਵਿੱਚ ਔਰਤ ਦੀ ਸਥਿਤੀ ਦੁਜੈਲੀ ਹੀ ਰਹੀ ਹੈ। ਸਮੇਂ ਅਤੇ ਸਥਾਨ ਅਨੁਸਾਰ ਉਸਦੀ ਸਥਿਤੀ ਵਿੱਚ ਭਾਵੇਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਅਣਜੋੜ ਵਿਆਹ ਸੰਬੰਧ ਜਾਂ ਮਰਦ ਦੀ ਕਾਮੁਕ ਪ੍ਰਵਿਰਤੀ ਆਦਿ ਹੋਰ ਅਨੇਕਾਂ ਸਮੱਸਿਆਵਾਂ ਚੰਗਾ ਤੇ ਮਾੜੇ ਪਰਿਵਰਤਨ ਵਜੋਂ ਜ਼ਿਆਦਾਤਰ ਔਰਤ ਉੱਪਰ ਹੀ ਭਾਰੂ ਰਹੀਆਂ ਹਨ। ਪਰ ਉਹ ਕਦੇ ਵੀ ਮਰਦ ਦੇ ਬਰਾਬਰ ਦਾ ਦਰਜਾ ਹਾਸਲ ਨਹੀਂ ਕਰ ਸਕੀ। ਉਸਨੇ ਹਮੇਸ਼ਾ ਹੀ ਸਮਾਜਿਕ ਗੁਲਾਮੀ ਨੂੰ ਹੰਢਾਇਆ ਹੈ। ਪਰ ਵੀਨਾ ਵਰਮਾ ਦੀਆਂ ਬਹੁਤੀਆਂ ਕਹਾਣੀਆਂ ਵਿੱਚ ਔਰਤ ਨੂੰ ਸੰਕਟਕਾਲੀਨ ਸਥਿਤੀਆਂ-ਪ੍ਰਸਥਿਤੀਆਂ ਵਿੱਚ ਆਏ ਪਰਿਵਰਤਨ ਦੁਆਰਾ ਆਪਣੀ ਹੋਂਦ ਨੂੰ ਵੀ ਬਰਕਰਾਰ ਰੱਖਦੀਆਂ ਹੋਈਆਂ ਵਿਖਾਇਆ ਗਿਆ ਹੈ। ਜਿਸ ਕਰਕੇ ਉਸ ਨੇ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਚੰਗੇ ਤੇ ਮਾੜੇ ਪੱਖ ਵਾਲੇ ਪਰਿਵਰਤਨ ਰੂਪ ਤੋਂ ਔਰਤ ਦੀ ਹੋਂਦ ਨੂੰ ਉਭਾਰਿਆ ਹੈ। ਜਿੰਨ੍ਹਾਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ।

**(ੳ) ਚੰਗੇ ਪੱਖ**: ਸੱਭਿਆਚਾਰਕ ਰੂਪਾਂਤਰਨ ਦੇ ਚੰਗੇ ਸਮਾਜਿਕ ਪੱਖ ਤੋਂ ਮਨੁੱਖ ਆਪਣੀ ਬੌਧਿਕਤਾ ਕਰਕੇ ਹੀ ਨੈਤਿਕ ਜੀਵ ਹੈ। ਬੁੱਧੀ ਮੁੱਲਾਂ ਦੇ ਨਿਰਧਾਰਨ ਦਾ ਪ੍ਰਮੁੱਖ ਆਧਾਰ ਹੈ। ਕਿਹਾ ਜਾ ਸਕਦਾ ਹੈ ਕਿ ਬੁੱਧੀ ਦੀ ਜ਼ਮੀਨ ਉੱਪਰ ਹੀ ਮੁੱਲਾਂ ਅਤੇ ਨੈਤਿਕਤਾ ਦਾ ਬੂਟਾ ਵੱਧ ਫੁੱਲ ਸਕਦਾ ਹੈ। ਇਨ੍ਹਾਂ ਦੇ ਪਰਸਪਰ ਸੰਬੰਧਾਂ ਦੀ

ਹੋਂਦ ਸੰਭਵ ਹੈ। ਮੁੱਲ ਜਿੱਥੇ ਮਨੁੱਖੀ ਸੱਭਿਆਚਾਰਕ ਰੂਪਾਂਤਰਨ ਦੇ ਚੰਗੇ ਸਮਾਜਿਕ ਪੱਖ ਤੋਂ ਆਏ ਪਰਿਵਰਤਨ ਕਾਰਨ ਸਮਾਜ ਨੂੰ ਜੀਵਨ, ਦਿਸ਼ਾ, ਟੀਚੇ ਅਤੇ ਉੱਚੇ ਆਦਰਸ਼ਾਂ ਵੱਲ ਪ੍ਰੇਰਿਤ ਕਰਦੇ ਹਨ, ਉੱਥੇ ਨੈਤਿਕਤਾ ਲੋਕਾਂ ਦੇ ਆਚਾਰ-ਵਿਹਾਰ ਨੂੰ ਸ਼ੁੱਧ ਕਰਦੀ ਹੈ। ਮਨੁੱਖੀ ਹੋਂਦ ਦਾ ਬਹੁ-ਪੱਖੀ ਵਿਕਾਸ ਸਮਾਜ ਵਿੱਚ ਹੀ ਸੰਭਵ ਹੈ। ਸਮਾਜ ਵਿੱਚ ਰਹਿ ਰਿਹਾ ਹਰ ਮਨੁੱਖ ਇੱਕ-ਦੂਜੇ 'ਤੇ ਨਿਰਭਰ ਹੈ, ਪਰ ਨਿਰਭਰਤਾ ਚੰਗੇ ਸੰਬੰਧਾਂ ਰਾਹੀਂ ਮਨੁੱਖੀ ਵਿਕਾਸ ਨੂੰ ਸਿਖਰ 'ਤੇ ਪਹੁੰਚਾਉਂਦੀ ਹੈ। ਸਮਾਜ ਵਿੱਚ ਚੰਗੇ ਸੰਬੰਧ ਬਣਾਉਣ ਲਈ ਜੀਵਨ-ਮੁੱਲਾਂ ਨੂੰ ਜ਼ਿੰਦਗੀ ਦਾ ਹਿੱਸਾ ਬਣਾ ਕੇ ਉਹਨਾਂ ਉੱਪਰ ਚੱਲ ਕੇ ਅਤੇ ਉਨ੍ਹਾਂ ਅਨੁਸਾਰ ਹੀ ਜੀਵਨ ਬਤੀਤ ਕਰਨਾ ਜ਼ਰੂਰੀ ਹੈ। ਸਮਾਜ ਦੀ ਉਸਾਰੀ ਵਿੱਚ ਨੈਤਿਕ ਮੁੱਲਾਂ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਮੁੱਲ ਮੁੱਖ ਰੂਪ ਵਿੱਚ ਮਨੁੱਖ ਦੀਆਂ ਭਾਵਨਾਵਾਂ ਅਤੇ ਇੱਛਾਵਾਂ ਉੱਤੇ ਨਿਰਭਰ ਹੁੰਦੇ ਹਨ। ਬਹੁਤਿਆਂ ਦੀ ਭਲਾਈ ਲਈ ਕੀਤਾ ਇੱਕ ਬੁਰਾ ਕੰਮ ਬੁਰਾ ਨਹੀਂ ਹੁੰਦਾ ਇਸੇ ਗੱਲ ਨੂੰ ਦ੍ਰਿੜ੍ਹਤਾ ਦਿੰਦੇ ਹੋਏ ਡਾ. ਹਰੀਸ਼ ਕੁਮਾਰ ਸੇਠੀ *ਜੀਵਨ-ਮੁੱਲ ਵਿਮਰਸ਼* 'ਚ ਕਹਿੰਦੇ ਹਨ ਕਿ:

> ਜੀਵ ਹੱਤਿਆ ਪਾਪ ਹੈ' ਪਰ ਸਾਰਿਆ ਦੇ ਹਿੱਤਾਂ ਲਈ ਲਾਭਦਾਇੱਕ ਕਾਰਜ ਮਨੁੱਖੀ ਸਮੂਹ ਲਈ ਉੱਤਮ ਹੈ। (ਉਦਾਹਰਣ ਦੇ ਤੌਰ 'ਤੇ ਦੇਸ਼ ਹਿੱਤਾਂ ਲਈ ਕੀਤੀ ਗਈ ਦੂਜੇ ਦੇਸ਼ ਦੇ ਸਿਪਾਹੀਆਂ ੨੫ ਦੀ ਹੱਤਿਆ)। ਪਰ ਇਹ ਹੱਤਿਆ ਇੱਥੇ ਨੈਤਿਕ ਹੈ। ਇਸ ਤਰ੍ਹਾਂ ਨੈਤਿਕਤਾ ਇੱਕ ਸਮਾਜਿਕ ਵਸਤੂ ਹੈ।(4)

ਵੀਨਾ ਵਰਮਾ ਆਪਣੇ ਮੁੱਲ ਦੀ ਤੀਵੀਂ ਕਹਾਣੀ ਸੰਗ੍ਰਹਿ ਦੀ ਕਹਾਣੀ *ਮੁੱਲ ਦੀ ਤੀਵੀਂ* ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਚੰਗੇ ਪੱਖ ਵਜੋਂ ਪਰਿਵਰਤਨ ਉਦੋਂ ਉੱਭਰਦਾ ਹੈ, ਜਦੋਂ ਕਹਾਣੀ ਦੀ ਨਾਇਕਾ ਲੱਛਮੀ ਨੂੰ ਮੱਘਰ ਸਿੰਘ ਜੋ ਕਿ ਟਰੱਕ ਡਰਾਈਵਰ ਹੈ, ਬੰਗਾਲ ਤੋਂ ਮੁੱਲ ਖਰੀਦ ਕੇ ਲਿਆਉਂਦਾ ਹੈ। ਇਹ ਪਰਿਵਰਤਨ ਸਿਰਫ ਸੋਚ ਤੇ ਆਧਾਰਿਤ ਵਾਪਰਦਾ ਹੈ, ਜਿੱਥੇ ਕਹਾਣੀ ਵਿੱਚ ਮੱਘਰ ਸਿੰਘ ਲੱਛਮੀ ਨੂੰ 'ਮੁੱਲ ਦੀ ਤੀਵੀਂ' ਸਮਝਦਾ ਹੋਇਆ ਸਿਰਫ ਆਪਣੀ ਹਵਸ ਪੂਰਤੀ ਵਜੋਂ ਵਰਤਦਾ ਹੈ, ਪਰ ਉੱਥੇ ਲੱਛਮੀ ਜਦੋਂ ਮੱਘਰ ਸਿੰਘ ਦੇ ਘਰ ਕਈ ਦਿਨਾਂ ਤੱਕ ਰਹਿੰਦੀ ਹੈ ਤਾਂ ਉਹ ਉਸਦੇ ਘਰ ਨੂੰ ਆਪਣਾ ਹੀ

ਘਰ ਸਮਝਣ ਲੱਗ ਪੈਂਦੀ ਹੈ ਅਤੇ ਉਸ ਘਰ ਦੀ ਪੂਰੀ ਦੇਖਭਾਲ ਕਰਦੀ ਹੋਈ ਚੰਗੇ ਪੱਖ ਵਾਲੇ ਸੰਸਕਾਰਾਂ ਨੂੰ ਅਪਣਾਉਂਦੀ ਹੋਈ ਹੈ। ਜਦੋਂ ਮੱਘਰ ਸਿੰਘ ਦਾ ਬਾਪੂ ਉਸਨੂੰ ਮਿਲਣ ਲਈ ਉਸ ਦੇ ਘਰ ਆਉਂਦਾ ਉਹ ਉਸਦਾ ਸਤਿਕਾਰ ਵੀ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਪੂਰਬੀ ਸਮਾਜ ਵਿੱਚ ਜਿਸ ਤਰ੍ਹਾਂ ਦਾ ਨੂੰਹ/ਸਹੁਰੇ ਰਿਸ਼ਤੇ ਵਿੱਚ ਪਿਆਰ ਸਤਿਕਾਰ ਹੁੰਦਾ ਹੈ, ਲੱਛਮੀ ਉਸ ਤਰ੍ਹਾਂ ਹੀ ਕਰਦੀ ਹੈ, ਵੀਨਾ ਵਰਮਾ ਕਹਾਣੀ 'ਮੁੱਲ ਦੀ ਤੀਵੀਂ' ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਭਾਵੇਂ ਮੱਘਰ ਦੀ ਸੋਚ ਤੇ ਰਵੱਈਏ ਦੇ ਪਰਿਵਰਤਨ ਕਾਰਨ ਲੱਛਮੀ ਨੂੰ ਚੰਮ ਦੀ ਗੁੱਡੀ, ਪੈਸੇ ਦੁਆਰਾ ਖਰੀਦੀ ਹੋਈ ਭੋਗ ਵਸਤੂ ਆਦਿ ਵਰਗੇ ਤ੍ਰਿਸਕਾਰ ਬੋਲ ਸੁਣਨ ਦਾ ਵਾਰ-ਵਾਰ ਅਹਿਸਾਸ ਕਰਵਾਇਆ ਜਾਂਦਾ ਹੈ, ਪਰੰਤੂ ਲੱਛਮੀ ਫਿਰ ਵੀ ਤ੍ਰਾਸਦਿਕ ਸਥਿਤੀ-ਪਰਿਸਥਿਤੀ ਦੇ ਪਰਿਵਰਤਨ ਰੂਪ ਚੰਗੇ ਸੰਸਕਾਰ ਤੇ ਸੋਚ ਦੁਆਰਾ ਮੱਘਰ ਸਿੰਘ ਨੂੰ ਹਮੇਸ਼ਾ ਆਪਣਾ ਪਤੀ ਪਰਮੇਸ਼ਰ ਮੰਨਦੀ ਹੋਈ ਘਰ-ਪਰਿਵਾਰ ਅਨੁਸਾਰ ਢਲ ਕੇ ਵੱਡਿਆਂ ਦਾ ਸਤਿਕਾਰ ਕਰਦੀ ਰਹਿੰਦੀ ਹੈ। ਜਿਵੇਂ ਕਿ:

> ਬਾਪੂ ਘਰ ਰਹਿੰਦਾ ਲੱਛਮੀ ਸਾਰਾ ਦਿਨ ਉਸਦੀ ਸੇਵਾ 'ਚ ਲੱਗੀ ਰਹਿੰਦੀ। ਭਾਵੇਂ ਉਸ ਨੂੰ ਪੰਜਾਬੀ ਕਲਚਰ ਬਾਰੇ ਜ਼ਿਆਦਾ ਪਤਾ ਨਹੀਂ ਸੀ, ਪਰ ਫੇਰ ਵੀ ਉਹ ਬਾਪੂ ਸਾਹਮਣੇ ਸਿਰ ਢੱਕ ਕੇ ਰੱਖਦੀ, ਅੱਖਾਂ ਝੁਕਾ ਕੇ ਗੱਲ ਕਰਦੀ।(17)

ਅਸਲ ਵਿੱਚ ਔਰਤ ਦਾ ਅਵਚੇਤਨ ਮੁੱਖ ਰੂਪ ਨਾਲ ਘਰ ਨਾਲ ਹੀ ਜੁੜਿਆ ਹੋਇਆ ਹੁੰਦਾ ਹੈ। ਉਹ ਆਪਣੀ ਸੰਪੂਰਨਤਾ ਘਰ ਨਾਲ ਸਮਝਦੀ ਹੈ, ਔਰਤ ਦੇ ਸੰਵੇਦਨਾ ਦੇ ਕਈ ਰੂਪ ਹੁੰਦੇ ਹਨ, ਵੀਨਾ ਵਰਮਾ ਨੇ ਔਰਤ ਦੀ ਵੇਦਨਾ, ਸੰਵੇਦਨਾ ਦੇ ਪਰਿਵਰਤਨ ਦੁਆਰਾ ਔਰਤ ਦੇ ਕਈ ਰੂਪਾਂ ਨੂੰ ਚਿਤਰਿਆ ਹੈ। ਜਦੋਂ ਮੱਘਰ ਸਿੰਘ ਉਸਨੂੰ ਵਾਪਸ ਛੱਡਣ ਲਈ ਕਹਿੰਦਾ ਹੈ ਤਾਂ ਆਪਣੇ ਦੁਖਾਂਤ ਨੂੰ ਔਰਤ-ਮਰਦ ਦੇ ਰਿਸ਼ਤੇ-ਸੰਬੰਧੀ ਪਰਿਵਰਤਨ ਵਜੋਂ ਬਿਆਨ ਕਰਦੀ ਹੈ ਅਤੇ ਕਹਾਣੀ ਦੇ ਅਖੀਰ ਵਿੱਚ ਮੱਘਰ ਦੀ ਸੋਚ ਤੇ ਵਿਵਹਾਰਿਕ ਪੱਖ ਵਿਚੋਂ ਵੀ ਪਰਿਵਰਤਨ ਜ਼ਰੀਏ ਚੰਗਾ ਪੱਖ ਉਦੋਂ ਝਲਕਦਾ ਹੈ, ਜਦੋਂ ਉਹ ਕਹਿੰਦੀ ਹੈ :

> ਅਬ ਹਮ ਕਹਾਂ ਜਾਏਂਗੇ ਸਿਰਦਾਰ ਜੀ ਆਪਨਾ ਘਰ ਛੋੜ ਕੇ। ਔਰਤ ਏਕ ਬਾਰ ਜਿਸ ਘਰ ਮੇਂ

ਚਲੀ ਜਾਤੀ ਹੈ ਉਸੇ ਹਮੇਸ਼ਾ ਅਪਨਾ ਹੀ ਘਰ ਸਮਝਦੀ ਹੈ। ਨਦੀ ਔਰ ਨਾਰੀ ਏਕ ਜੈਸੀ ਹੋਤੀ ਹੈ। ਜਬ ਕਿਸੀ ਮੇਂ ਸਮਾ ਜਾਤੀ ਹੈ ਤੋਂ ਅਲੱਗ ਨਹੀਂ ਹੋਤੀ। ਮੈਂ ਨਦੀ ਹੂੰ, ਤੁਮ ਮੇਰੇ ਸਮੁੰਦਰ। ਮੇਰਾ ਅੰਤ ਹੋ ਤੁਮ।ਮੇਰੇ ਮਰਦ ਹੋ ਤੁਮ, ਮੇਰੇ ਮਾਲਿਕ ਮੈਂ ਚਾਹੇ ਤੁਮਹਾਰੀ 'ਮੁੱਲ ਕੀ ਤੀਵੀਂ ਹੂੰ। ਲੱਛਮੀ ਦਾ ਦਰਦਾਂ 'ਚ ਡੁੱਬੀ ਜ਼ਖਮੀ ਆਵਾਜ਼ ਰਾਤ ਦੀ ਚੁੱਪ 'ਚ ਦੂਰ ਦੂਰ ਤੱਕ ਹਵਾ 'ਚ ਫੈਲ। ਮੱਘਰ ਸਿੰਘ ਦੇ ਕਿਤੇ ਚੀਸ ਜਿਹੀ ਪਈ। ਕੋਈ ਤੀਵੀਂ ਮੁੱਲ ਦੀ ਨ੍ਹੀ ਹੁੰਦੀ ਕਮਲੀਏ। ਮਜਬੂਰੀ ਮੁੱਲ ਦੀ ਹੁੰਦੀ ਐ ਤੀਵੀਂ ਦਾ ਵੀ ਕਦੇ ਮੁੱਲ ਹੋਇਐ? ਆਖ ਉਸਨੇ ਲੱਛਮੀ ਨੂੰ ਆਪਣੀਆਂ ਬਾਹਾਂ ਵਿੱਚ ਲੈ ਲਿਆ।"(24-25)

ਇਸ ਤੋਂ ਇਲਾਵਾ ਇਸੇ ਕਹਾਣੀ ਸੰਗ੍ਰਹਿ ਦੀ ਕਹਾਣੀ 'ਛੁੱਟੜ' ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਨਾਰੀ ਚੇਤਨਾ ਵਜੋਂ ਔਰਤ ਮਰਦ ਪ੍ਰਧਾਨ ਸਮਾਜ ਦੀ ਅਧੀਨਗੀ ਨੂੰ ਅਸਵੀਕਾਰ ਕਰਦੀ ਹੋਈ ਮਰਦ ਦੀਆਂ ਅਯਾਸ਼ੀਆਂ ਵਿਰੁੱਧ ਆਪਣੀ ਚੇਤਨ ਸੋਚ ਦੇ ਪਰਿਵਰਤਨ ਨੂੰ ਚੰਗੇ ਪੱਖ ਵਜੋਂ ਉਭਾਰਦੀ ਹੈ। ਜਿਵੇਂ ਕਿ ਕਹਾਣੀ ਦੀ ਨਾਇਕਾ ਅਨੀਤਾ ਦਾ ਵਿਆਹ ਰਮੇਸ਼ ਨਾਂ ਦੇ ਵਿਅਕਤੀ ਨਾਲ ਹੁੰਦਾ ਹੈ ਜੋ ਕਿ ਬਹੁਤ ਹੀ ਬੁਰੇ ਚਰਿੱਤਰ ਵਾਲਾ ਹੈ। ਜਦੋਂ ਉਹ ਰਮੇਸ਼ ਨੂੰ ਕਿਸੇ ਗੋਰੀ ਕੁੜੀ ਨਾਲ ਵੇਖਦੀ ਹੈ ਤਾਂ ਉਹ ਬੁਰਾ-ਭਲਾ ਕਹਿੰਦੀ ਹੈ। ਰਮੇਸ਼ ਕੋਲੋਂ ਇਹ ਬਰਦਾਸ਼ਤ ਨਹੀਂ ਹੁੰਦਾ। ਉਹ ਕਹਿੰਦਾ ਹੈ ਮੈਂ ਤੇਰੇ ਵਰਗੀ ਬਦਤਮੀਜ਼ ਕੁੜੀ ਨਾਲ ਨਹੀਂ ਰਹਿ ਸਕਦਾ ਤੇ ਮੈਂ ਸੋਚਾਂਗਾ ਕਿ ਮੈਂ ਕੀ ਕਰਨਾ ਹੈ ਤਾਂ ਅਨੀਤਾ ਬੜੀ ਬਹਾਦਰੀ ਨਾਲ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਚੇਤਨ ਸੋਚ ਦੇ ਪਰਿਵਰਤਨ ਕਾਰਨ ਚੰਗੇ ਪੱਖ ਵਜੋਂ ਜੁਆਬ ਦੇਂਦੀ ਕਹਿੰਦੀ ਹੈ ਕਿ:

ਮੈਂ ਉਨ੍ਹਾਂ ਔਰਤਾਂ 'ਚੋਂ ਨਹੀਂ ਹਾਂ ਜੋ ਹਰ ਹਾਲਤ 'ਚ ਆਦਮੀ ਦੇ ਨਾਲ ਚਿਪਕੀਆਂ ਰਹਿਣਾ ਚਾਹੁੰਦੀਆਂ ਨੇ, ਤੂੰ ਤਾਂ ਹਾਲੇ ਸੋਚੇਗਾਂ ਪਰ ਮੈਂ ਸੋਚ ਲਿਆ ਹੈ। ਅੱਜ ਤੋਂ ਬਾਅਦ ਤੇਰਾ ਮੇਰਾ ਕੋਈ ਰਿਸ਼ਤਾ ਨਹੀਂ ਹੈ। ਡਾਇਵੋਰਸ ਦੇ ਪੇਪਰ ਤੈਨੂੰ ਛੇਤੀ ਹੀ ਮਿਲ ਜਾਣਗੇ।(135)

ਸੋ ਕਦੇ ਸਮਾਂ ਸੀ ਜਦੋਂ ਤਲਾਕਸ਼ੁਦਾ ਔਰਤ ਨੂੰ ਸਮਾਜ ਵਿੱਚ ਇੱਜ਼ਤ ਦੀ ਨਿਗ੍ਹਾ ਨਾਲ ਨਹੀਂ ਵੇਖਿਆ ਜਾਂਦਾ

ਸੀ ਪਰ ਅੱਜ ਦੀ ਔਰਤ ਪਤੀ-ਪਤਨੀ ਦਾ ਰਿਸ਼ਤਾ ਨਾ ਚਲਣ 'ਤੇ ਤਲਾਕ ਲੈ ਲੈਂਦੀਆਂ ਹਨ ਤੇ ਵੱਖ-ਵੱਖ ਹੋ ਜਾਂਦੀਆਂ ਹਨ। ਅੱਜ ਦੀ ਔਰਤ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਚੇਤਨ ਹੋਈ ਸੋਚ ਦੇ ਪਰਿਵਰਤਨ ਦੁਆਰਾ ਸਮੇਂ ਦੇ ਨਾਲ ਤੁਰਨਾ ਸਿੱਖ ਗਈ ਹੈ। ਉਹ ਤਲਾਕ ਨੂੰ ਇੱਕ ਸਹਿਜ ਰੂਪ ਵਿੱਚ ਲੈਣਾ ਸਿੱਖ ਗਈ ਹੈ। ਜਦੋਂ 'ਛੁੱਟੜ' ਕਹਾਣੀ ਦੀ ਨਾਇਕਾ ਅਨੀਤਾ ਤਲਾਕ ਲੈ ਕੇ ਆਪਣੇ ਪਤੀ ਤੋਂ ਵੱਖ ਹੋ ਜਾਂਦੀ ਹੈ ਅਤੇ ਆਪਣੇ ਲਈ ਆਉਣ ਵਾਲੇ ਰਿਸ਼ਤੇ ਤੋਂ ਨਾਂਹ ਕਰਦੀ ਹੈ ਅਤੇ ਕਹਿੰਦੀ ਹੇ ਕਿ ਉਹ ਤਲਾਕਸ਼ੁਦਾ ਹੈ ਤਾਂ ਉਸਦੀ ਸਹੇਲੀ ਸ਼ਬਾਨਾ ਵੀ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਚੇਤਨ ਸੋਚ ਦੇ ਪਰਿਵਰਤਨ ਦੁਆਰਾ ਉਸਨੂੰ ਸਮਝਾਉਂਦੀ ਹੋਈ ਕਹਿੰਦੀ ਹੈ ਕਿ:

> ਓ ਡੌਂਟ ਬੀ ਸਿਲੀ, ਤਲਾਕ? ਕਿੰਨੀ ਛੋਟੀ ਗੱਲ ਦਾ ਕਿੰਨ੍ਹਾ ਵੱਡਾ ਪਾਖੰਡ ਬਣਾ ਰੱਖਿਆ ਹੈ। ਜੇਕਰ ਤੈਨੂੰ ਕੋਈ ਝੱਗਾ ਪਸੰਦ ਨਹੀਂ ਆਇਆ ਤਾਂ ਤੂੰ ਲਾਹ ਕੇ ਸੁੱਟ ਦਿੱਤਾ, ਹੋਰ ਬਾਜ਼ਾਰ 'ਚ ਝੱਗੇ ਨਹੀਂ ਮਿਲਦੇ? ਬਸ ਇੱਥੇ ਹੀ ਮਾਰ ਖਾਂਦੀ ਹੈ ਔਰਤ। ਖ਼ਾਸ ਕਰਕੇ ਏਸੀਅਨ ਔਰਤ। ਭਾਵੇਂ ਇੰਗਲੈਂਡ 'ਚ ਜੰਮੇ੍ਹ ਭਾਵੇ ਪਾਕਿਸਤਾਨ 'ਚ ਤਲਾਕ ਨੂੰ ਕਦੇ ਕਬੂਲ ਨਹੀਂ ਕਰਦੀ, ਤਲਾਕ ਦੇ ਕੇ ਵੀ। ਲੈਟ ਹਿਮ ਗੋ ਟੂ ਹੈੱਲ। ਇਨਜੁਆਏ ਯੂਅਰ ਲਾਈਫ਼। ਜਦੋਂ ਉਹ ਭਾਂਤ-ਭਾਂਤ ਦੀਆਂ ਕੁੜੀਆਂ ਨਾਲ ਅੱਯਾਸੀ ਕਰਦਾ ਫਿਰਦਾ ਸੀ ਤੇ ਤੈਨੂੰ ਪੁੱਛਦਾ ਤਕ ਨਹੀਂ ਸੀ, ਫੇਰ ਹੋਰ ਕੀ ਕਰਦੀ ਤੂੰ?(141)

ਇਸ ਤਰ੍ਹਾਂ ਵੀਨਾ ਵਰਮਾ ਨੇ ਆਪਣੀ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਸਮਾਜ ਵਿੱਚ ਨਾਰੀ ਉੱਤੇ ਹੁੰਦੇ ਜ਼ੁਲਮਾਂ ਦੀ ਵਿਰੋਧਤਾ ਨਾਰੀ ਚੇਤਨਾ ਦੀ ਸੋਚ ਪਰਿਵਰਤਨ ਨੂੰ ਉਭਾਰਿਆ ਹੈ। ਸਮਾਜ ਔਰਤ ਦੇ ਪੈਰਾਂ ਵਿੱਚ ਸਮਾਜਿਕ ਰਹੁ-ਰੀਤਾਂ ਦੀਆਂ ਬੇੜੀਆਂ ਪਾਉਂਦਾ ਹੈ। ਉਸਦਾ ਸਰੀਰਕ, ਮਾਨਸਿਕ ਸ਼ੋਸ਼ਣ ਵੀ ਕਰਦਾ ਹੈ। ਵੀਨਾ ਵਰਮਾ ਨੇ ਔਰਤ ਦੇ ਸਮਾਜਿਕ ਪਿਛੜੇਪਨ ਦੇ ਕਾਰਨਾਂ ਨੂੰ ਲੱਭ ਕੇ ਚੰਗੀ ਸੋਚ ਦੇ ਪਰਿਵਰਤਨ ਦੁਆਰਾ ਉਘਾੜਿਆ ਤੇ ਵਿਰੋਧ ਕੀਤਾ ਹੈ ਨਾਲ ਹੀ ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਆਪਣੀਆਂ ਨਾਰੀ ਪਾਤਰਾਂ ਰਾਹੀਂ ਇਹ ਦਰਸਾਇਆ ਹੈ ਕਿ ਅਜੋਕੀ ਨਾਰੀ ਹੁਣ ਸਮਾਜ ਦੇ ਸੱਭਿਆਚਾਰਕ ਅਤੇ ਰੀਤੀ-ਰਿਵਾਜ਼ਾਂ ਨੂੰ ਤੋੜ ਆਪਣੀ ਜ਼ਿੰਦਗੀ ਜਿਉਂ ਰਹੀਆਂ ਹਨ ਅਤੇ ਪੁਰਸ਼ ਵਾਂਗੂੰ

ਆਪਣੀ ਆਜ਼ਾਦ ਜ਼ਿੰਦਗੀ ਬਸ਼ਰ ਕਰ ਸਕਦੀਆਂ ਹਨ। ਉਹ ਪੁਰਸ਼ ਤੋਂ ਬਿਨ੍ਹਾਂ ਵੀ ਪੂਰੀ ਹੋ ਸਕਦੀ ਹੈ। ਉਹ ਸਮਾਜ ਵਿੱਚ ਆਪਣੀ ਥਾਂ ਬਣਾ ਰਹੀ ਹੈ। ਉਹ ਸਵੈ-ਇੱਛਾ ਨਾਲ ਮਰਦ ਨਾਲ ਸਬੰਧ ਰੱਖਦੀ ਹੈ ਅਤੇ ਤਿਆਗਦੀ ਹੈ। ਹੁਣ ਉਹ ਨਿਰਾਸਾਵਾਂ ਤੋਂ ਘਬਰਾਉਂਦੀ ਨਹੀਂ। ਅਜਿਹੇ ਸਮਾਜਿਕ ਪਰਿਵਰਤਨ ਦੁਆਰਾ ਉਹ ਨਵੀਂ ਸੋਚ ਨੂੰ ਅਪਣਾ ਕੇ ਨਵੇਂ ਸੱਭਿਆਚਾਰ ਦਾ ਅੰਗ ਬਣ ਰਹੀਆਂ ਹਨ। ਵੀਨਾ ਵਰਮਾ ਧੀਆਂ ਕਹਾਣੀਆਂ ਅਤੇ ਬੇਵਾਕ ਪਾਤਰਾਂ ਬਾਰੇ ਡਾ. ਵਨੀਤਾ *ਨਾਰੀਵਾਦ ਤੇ ਸਾਹਿਤ* ਪੁਸਤਕ 'ਚ ਕਹਿੰਦੀ ਹੈ ਕਿ:

> ਇਨ੍ਹਾਂ ਕਹਾਣੀਆਂ ਵਿੱਚ ਉਸ ਨੇ ਨਾਰੀ ਦੀ ਇੱਕ ਸਥਿਤੀ ਨੂੰ ਪੇਸ਼ ਕੀਤਾ ਹੈ ਤੇ ਨਾ ਹੀ ਸਾਰੀਆਂ ਕਹਾਣੀਆਂ ਵਿੱਚ ਇਕੋ ਔਰਤ ਨੂੰ ਸਗੋਂ ਸੁਚੇਤ ਤੌਰ 'ਤੇ ਉਸਨੇ ਵੱਖ-ਵੱਖ ਔਰਤਾਂ ਨੂੰ ਪੇਸ਼ ਕੀਤਾ ਹੈ। ਉਹ ਕਹਾਣੀ ਵਿੱਚ ਇਨ੍ਹਾਂ ਔਰਤਾਂ ਦੀਆਂ ਉਨ੍ਹਾਂ ਸਮੱਸਿਆਵਾਂ ਨੂੰ ਪੇਸ਼ ਕਰਦੀ ਹੈ ਜਿਨ੍ਹਾਂ ਬਾਰੇ ਲੇਖਿਕਾਵਾਂ ਲਿਖਣ ਤੋਂ ਜਾਂ ਤਾਂ ਗੁਰੇਜ ਕਰਦੀਆਂ ਹਨ ਤੇ ਜਾਂ ਉਨ੍ਹਾਂ ਦੀ ਲਿਖ਼ਤ ਤੇ ਆਲੇ-ਦੁਆਲੇ ਪਰੰਪਰਕ ਨੈਤਿਕਤਾ ਜਾਂ ਉਹ ਭਾਸ਼ਾ ਦਾ ਇੱਕ ਬੰਧਨ ਰਿਹਾ ਹੈ। ਵੀਨਾ ਵਰਮਾ ਉਸ ਬੰਧਨ ਨੂੰ ਪੂਰੀ ਤਰ੍ਹਾਂ ਤੋੜਦੀ ਹੈ।(90)

ਵੀਨਾ ਵਰਮਾ ਨੇ ਆਪਣੇ ਕਹਾਣੀ ਸੰਗ੍ਰਹਿ *ਜੋਗੀਆਂ ਦੀ ਧੀ* ਦੀ ਕਹਾਣੀ ਜੋਗੀਆਂ ਦੀ ਧੀ ਵਿੱਚ ਵੀ "ਮੈਂ ਪਾਤਰ' ਦੁਆਰਾ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਚੰਗੇ ਪੱਖ ਦਾ ਉਭਾਰ ਅਟੱਲ ਸੱਚਾਈ ਵਜੋਂ ਘਰ ਦੀ ਸਥਾਪਤੀ ਲਈ ਜੂਝਦੇ ਹੋਏ ਪਾਤਰ ਦੇ ਪਰਿਵਰਤਨ ਦੁਆਰਾ ਵਿਖਾਇਆ ਹੈ ਕਿ ਔਰਤ ਲਈ ਘਰ ਕਿੰਨਾ ਜ਼ਰੂਰੀ ਹੈ। "ਮੈਂ ਪਾਤਰ' ਜਦੋਂ ਅਜੇ ਛੋਟੀ ਹੁੰਦੀ ਹੈ ਤਾਂ ਸੰਤਾ ਹਟਵਾਣੀਆ ਉਸਨੂੰ ਜੋਗੀਆਂ ਦੀ ਧੀ ਨਾਮ ਨਾਲ ਬੁਲਾਉਂਦਾ ਹੈ। ਘਰ ਪ੍ਰਤੀ ਖਿੱਚ ਤੋਂ ਉਹ ਸਦਾ ਡਰਦੀ ਰਹਿੰਦੀ ਹੈ ਕਿ ਸ਼ਾਇਦ ਇਹ ਉਸਦਾ ਘਰ ਨਹੀਂ ਹੈ ਅਤੇ ਮੈਂ ਤਾਂ ਪਰਾਈ ਹਾਂ। ਵਾਸਤਵ ਵਿੱਚ ਭਾਵੇਂ ਸੰਤੇ ਹਟਵਾਣੀਏ ਵੱਲੋਂ ਇਹ ਨਾਮ ਇੱਕ ਮਜ਼ਾਕ ਹੀ ਸੀ ਪਰ ਜਦੋਂ "ਮੈਂ ਪਾਤਰ' ਨੂੰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਸੱਚ-ਮੁੱਚ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ 'ਜੋਗੀ ਰਮਤੇ ਹੁੰਦੇ ਨੇ ਉਹਨਾਂ ਦਾ ਕੋਈ ਪੱਕਾ ਥਾਂ ਟਿਕਾਣਾ ਨਹੀਂ ਹੁੰਦਾ, ਜਦੋਂ ਉਹ ਵਾਰ-ਵਾਰ ਕਿਰਾਏ ਦੇ ਘਰ ਬਦਲਦੀ ਹੈ ਕਿ ਉਹ ਆਪਣਾ ਕਿਤੇ ਪੱਕਾ ਘਰ ਨਹੀਂ ਬਣਾ

ਸਕੀ। ਜੋਗੀਆਂ ਵਾਂਗ ਦਰ-ਦਰ ਭਟਕ ਰਹੀ ਹੈ। ਸੋ, ਇਸ ਘਰ ਦਾ ਪਰਿਵਰਤਨ ਰੂਪ 'ਪਰਾਇਆ ਬਗਾਨਾ' ਸ਼ਬਦ ਵਾਰ-ਵਾਰ ਯਾਦ ਕਰਵਾਉਂਦਾ ਹੈ ਕਿ ਔਰਤ ਹਮੇਸ਼ਾ ਹੀ ਪਰਾਈ ਹੋ ਕੇ ਬੇਘਰ ਹੁੰਦੀ ਹੈ। ਜਿਸ ਦਾ ਸਪੱਸ਼ਟੀਕਰਨ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਕਹਾਣੀ "ਜੋਗੀਆਂ ਦੀ ਧੀ'' ਵਿੱਚਲੀ "ਮੈਂ ਪਾਤਰ' ਖੁਦ ਚੰਗੇ ਪੱਖ ਵਜੋਂ ਕਹਿੰਦੀ ਹੈ ਕਿ:

> ਪਰਸੋਂ ਹੀ ਨਵੇਂ ਘਰ 'ਚ ਸ਼ਿਫਟ ਹੋ ਕਿ ਆਈ ਸੀ। ਆਈ ਕਾਹਦੀ ਸੀ ਬੱਸ ਐਵੇਂ ਹੀ ਸਮਾਨ ਸਣੇ ਆਪਣਾ ਆਪ ਲਿਆ ਕਿ ਸਿੱਟਿਆ ਸੀ ਏਥੇ ਏਸ ਨਵੇਂ ਮੁਕਾਮ ਤੇ।(282)

ਇਸ ਤਰ੍ਹਾਂ ਵੀਨਾ ਵਰਮਾ ਨੇ ਕਹਾਣੀ ਦੀ ਨਾਇਕਾ ਦੁਆਰਾ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਘਰ ਦੇ ਪਰਿਵਰਤਨ ਰੂਪ ਪਰਾਏ, ਬੇਗਾਨੇ ਦੇ ਤੌਰ 'ਤੇ ਆਪਣੀ ਅਣਹੋਂਦ ਨੂੰ ਕਿਰਾਏਦਾਰਨੀ ਦੇ ਰੂਪ ਵਿੱਚ ਉਭਾਰਿਆ ਹੈ। ਉਸਨੂੰ ਆਪਣੇ ਬਚਪਨ ਦੇ ਸਮੇਂ "ਜੋਗੀਆਂ ਦੀ ਧੀ' ਦਾ ਜੋ ਉਪਨਾਮ ਦੁਬਾਰਾ ਉਸਦੀ ਮਾਲਕਣ ਦੁਆਰਾ ਉਸ ਲਈ ਵਰਤਿਆ ਜਾਂਦਾ ਹੈ ਤਾਂ ਸੱਚ-ਮੁੱਚ ਹੀ ਉਸਨੂੰ ਲੱਗਦਾ ਹੈ ਕਿ ਵਾਕਿਆ ਹੀ ਉਹ ਜੋਗੀਆਂ ਵਾਂਗ ਘਰ ਘਰ ਭਟਕ ਰਹੀ ਹੈ। ਵੀਨਾ ਦੀ *ਮੁੱਲ ਦੀ ਤੀਵੀਂ* ਦੀ ਕਹਾਣੀ 'ਖਾਲੀ ਪਲਾਟ' ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਔਰਤ ਦੇ ਪਰਿਵਰਤਨ ਰੂਪ ਸਾਹਮਣੇ ਉਦੋਂ ਆਉਂਦਾ ਹੈ, ਜਦੋਂ ਹਰਿੰਦਰ ਵਿਆਹ ਦੇ ਝਾਂਸੇ ਵਿੱਚ ਉਸ ਨਾਲ ਸਰੀਰਕ ਸੰਬੰਧ ਬਣਾ ਕੇ ਉਸਨੂੰ ਵਿਆਹ ਤੋਂ ਇਨਕਾਰ ਕਰ ਦੇਂਦਾ ਹੈ। ਜੱਸੀ ਆਪਣੇ ਇਸ ਦੁਖ ਦਾ ਜ਼ਿਕਰ ਜਦੋਂ ਆਪਣੇ ਪਿਤਾ ਸਮਾਨ ਸਹੁਰੇ ਨਾਲ ਕਰਨਾ ਚਾਹੁੰਦੀ ਹੈ ਤਾਂ ਉਹ ਵੀ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਉਸਨੂੰ ਕਾਮ ਭਰੀਆਂ ਨਜ਼ਰਾਂ ਨਾਲ ਵੇਖਦਾ ਹੈ। ਹਰ ਔਰਤ ਦੀ ਇਹੀ ਤਮੰਨਾ ਹੁੰਦੀ ਹੈ ਕਿ ਉਸ ਦਾ ਘਰ ਬਣੇ ਅਤੇ ਉਹ ਉਸ ਵਿੱਚ ਹੀ ਸੰਪੂਰਨ ਹੋਵੇਗੀ, ਪਰ ਮਰਦ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਸਵਾਰਥੀ ਸੋਚ ਦੇ ਪਰਿਵਰਤਨ ਰੂਪ ਤੋਂ ਸਿਰਫ਼ ਉਸਨੂੰ ਭੋਗਣ ਤੱਕ ਹੀ ਸੀਮਤ ਰਹਿੰਦਾ ਹੈ। ਪਰੰਤੂ ਜਦੋਂ ਅਖੀਰ ਵਿੱਚ ਚੰਗੇ ਪੱਖ ਦੀ ਸੋਚ ਦੇ ਪਰਿਵਰਤਨ ਰੂਪ ਤੋਂ ਕੰਵਲ ਜੱਸੀ ਨੂੰ ਵਿਆਹ ਕਰਾਉਣ ਬਾਰੇ ਕਹਿੰਦਾ ਕਿ ਤੂੰ ਮੇਰੇ ਨਾਲ ਵਿਆਹ ਕਰਾ ਕੇ ਆਪਣਾ ਘਰ ਵਸਾ ਲੈ ਕਿੰਨੀ ਦੇਰ ਇਵੇਂ ਇਕੱਲੀ ਤੁਰੀ ਫਿਰੇਂਗੀ ? ਤਾਂ ਫਿਰ ਜੱਸੀ

ਘਰ, ਪਰਿਵਾਰ ਤੇ ਔਰਤ ਨੂੰ ਔਰਤ ਦਾ ਦਰਜਾ ਪ੍ਰਾਪਤ ਹੋਣ ਬਾਰੇ ਵਿਅੰਗਮਈ ਤਰੀਕੇ ਵਜੋਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਆਪਣੀ ਭਾਵਨਾ, ਤ੍ਰਾਸਦੀ ਬਾਰੇ ਚੰਗੇ ਪੱਖ ਤੋਂ ਸੋਚ ਦੇ ਪਰਿਵਰਤਨ ਦੁਆਰਾ ਘਰ, ਪਰਿਵਾਰ ਬਾਰੇ ਕਹਿੰਦੀ ਹੈ ਕਿ:

> ਮੈਂ ਸਮਝਦੀ ਹਾਂ ਔਰਤ ਦੇ ਅਰਥ ਤੇ ਘਰ ਦੇ ਅਰਥ। ਔਰਤ ਹਾਂ ਮੈਂ ਪੰਛੀ ਵੀ ਆਪਣੇ ਆਲ੍ਹਣੇ ਲੋਚਦੇ ਨੇ। ਫੇਰ ਔਰਤ ਤਾਂ ਹੁੰਦੀ ਹੀ ਘਰ ਲਈ ਹੈ। ਪਰ ਜਦ ਇੱਕ ਵਾਰੀ ਉਸਦਾ ਘਰ ਖੋਹ ਲਿਆ ਜਾਵੇ ਤੇ ਉਸਨੂੰ ਰਾਹਾਂ ਦੀ ਖ਼ਾਕ ਛਾਨਣੀ ਪੈ ਜਾਵੇ, ਤਾਂ ਬਹੁਤੀ ਹੱਦ ਤੱਕ ਉਸਦੇ ਅੰਦਰਲੀ ਔਰਤ ਮਰ ਜਾਂਦੀ ਹੈ।(29)

ਹਰ ਪੂਰਬੀ ਸਮਾਜ ਦੀ ਔਰਤ ਵਾਂਗ ਜੱਸੀ ਵੀ ਘਰ, ਪਰਿਵਾਰ ਦੇ ਸੁਪਨੇ ਸਜਾਉਂਦੀ ਹੈ, ਪਰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਉਸਨੂੰ ਭਟਕਣਾ ਦੇ ਸਿਵਾਏ ਕੁਝ ਵੀ ਨਸੀਬ ਵਿੱਚ ਨਹੀਂ ਮਿਲਦਾ। ਇਸ ਖੁਸ਼ੀ ਲਈ ਹਰ ਸੰਭਵ ਅਸੰਭਵ ਕੋਸ਼ਿਸ਼ ਕਰਦੀ ਹੈ। *ਫਰੰਗੀਆਂ ਦੀ ਨੂੰਹ* ਕਹਾਣੀ ਸੰਗ੍ਰਹਿ ਚੋਂ "ਰਜਾਈ'' ਕਹਾਣੀ ਦੀ ਨਾਇਕਾ ਹਰਬੰਸ ਕੌਰ ਵੀ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਮਰਦ ਦੀ ਬੇਵਫ਼ਾਈ ਦੀ ਸ਼ਿਕਾਰ ਔਰਤ ਇੱਕ ਨਾਇਕਾ ਸੋਚ ਦੇ ਪਰਿਵਰਤਨ ਵਜੋਂ ਚੰਗੇ ਪੱਖਾਂ ਨੂੰ ਬਿਆਨ ਕਰਦੀ ਹੈ। ਇਸ ਸਮਾਜਿਕ ਬੁਰਾਈ ਦੇ ਮਾੜੇ ਪੱਖ ਤੋਂ ਉਸਦਾ ਪਤੀ ਉਸਨੂੰ ਅਤੇ ਉਸਦੇ ਬੱਚਿਆਂ ਨੂੰ ਸਵੀਕਾਰ ਨਹੀਂ ਕਰਦਾ। ਉਸਨੂੰ ਨਾਲ ਰੱਖਣ ਤੋਂ ਨਾਂਹ ਕਰ ਦਿੰਦਾ ਹੈ। ਹਰਬੰਸ ਕੌਰ ਆਪਣਾ ਘਰ ਬਚਾਈ ਰੱਖਣ ਲਈ ਆਪਣੀ ਸੌਂਕਣ ਦੀਆਂ ਵੀ ਬਹੁਤ ਮਿੰਨਤਾਂ ਕਰਦੀ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਵੀਨਾ ਵਰਮਾ ਕਹਾਣੀ ‘ਰਜਾਈ’ ਵਿੱਚ ਮਰਦ ਦੁਆਰਾ ਔਰਤ ਪ੍ਰਤੀ ਪੇਸ਼ ਇਸ ਮਾੜੇ ਪੱਖ, ਵਤੀਰੇ ਨੂੰ ਹਰਬੰਸ ਕੌਰ ਦੇ ਮੂੰਹੋਂ ਪ੍ਰਗਟਾਉਂਦੀ ਹੋਈ ਕਹਿੰਦੀ ਹੈ ਕਿ:

> ਮੈਂ ਭਾਂਡੇ ਮਾਂਜੀ ਜਾਊਂ। ਰੋਟੀ ਟੂਕ ਕਰ ਦਿਆ ਕਰੂੰ...। ਇਹਨੂੰ ਕਹਿ ਦੇ ਮੈਂ ਨੌਕਰ ਬਣ ਕੇ ਰਹੂੰ। ਕਦੇ ਹੱਕ ਨਹੀਂ ਮੰਗਦੀ ਬਰੋਬਰ ਦਾ।(15)

‘ਰਜ਼ਾਈ’ ਕਹਾਣੀ ਵਿੱਚ ਜਦੋਂ ਹਰਬੰਸ ਕੌਰ ਦਾ ਪਤੀ ਕੁਲਦੀਪ ਉਸਨੂੰ ਦੂਰ ਕਿਤੇ ਇੱਕ ਖਾਲੀ ਮਕਾਨ ਵਿੱਚ

ਇਹ ਕਹਿ ਕੇ ਛੱਡ ਆਉਂਦਾ ਹੈ ਕਿ ਉਹ ਸਵੇਰੇ ਉਸ ਕੋਲ ਆਵੇਗਾ। ਪਰ ਉਹ ਕਦੇ ਵੀ ਉਸ ਕੋਲ ਵਾਪਸ ਨਹੀਂ ਆਉਂਦਾ। ਇਸ ਮੁਸੀਬਤ ਵਿੱਚ ਉਹ ਆਪਣੇ ਬੱਚਿਆਂ ਨੂੰ ਠੰਢ ਤੋਂ ਬਚਾਉਣ ਲਈ ਰਜਾਈ ਮੰਗਣ ਲਈ ਗੁਆਂਢੀਆਂ ਕੋਲ ਜਾਂਦੀ ਹੈ, ਜਿੱਥੇ ਉਸਦੀ ਮੁਲਾਕਾਤ ਫ਼ੌਜੀ ਕਰਨੈਲ ਸਿੰਘ, ਜੋ ਉਸ ਘਰ ਦਾ ਮਾਲਕ ਹੈ, ਨਾਲ ਹੁੰਦੀ ਹੈ। ਉਹ ਆਪਣੇ ਘਰ ਵਿੱਚ ਇੱਕ ਰਜਾਈ ਹੋਣ ਤੇ ਉਸਨੂੰ ਕਹਿੰਦਾ ਹੈ ਕਿ ਉਹ ਬੱਚੇ ਲੈ ਕੇ ਉਸਦੇ ਘਰ ਹੀ ਆ ਜਾਵੇ ਜਿੱਥੇ ਕਿ ਹੀਟਿੰਗ ਦਾ ਪ੍ਰਬੰਧ ਹੋਣ ਕਾਰਨ ਘਰ ਗਰਮ ਹੈ ਉਹ ਫ਼ੌਜੀ ਦੇ ਘਰ ਜਾ ਕਿ ਆਪਣੀ ਵਿਥਿਆ ਫ਼ੌਜੀ ਨੂੰ ਸੁਣਾਉਂਦੀ ਹੈ ਕਿ ਕਿਸ ਤਰ੍ਹਾਂ ਉਸ ਦੇ ਆਦਮੀ ਨੇ ਉਸ ਨਾਲ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਬੇਵਫ਼ਾਈ ਕੀਤੀ ਹੈ। ਏਥੇ ਸੁੰਨੇ ਅਣਜਾਣੇ ਘਰ ਉਹਨਾਂ ਨੂੰ ਛੱਡ ਗਿਆ। ਉਹ ਦੱਸਦੀ ਹੈ ਕਿ ਮੈਂ ਤਾਂ ਸਿਰਫ ਬੱਚਿਆਂ ਲਈ ਜੀਅ ਰਹੀ ਹਾਂ ਵਰਨਾ ਕਦੋਂ ਦੀ ਮਰ ਜਾਂਦੀ। ਫ਼ੌਜੀ ਕਰਨੈਲ ਸਿੰਘ ਜਿੱਥੇ ਦੂਜੇ ਪੁਰਸ਼ਾਂ ਨਾਲੋਂ ਹਟ ਕੇ ਔਰਤ ਦੀ ਸਥਾਪਤੀ ਲਈ ਉਸ ਦਾ ਸਹਾਰਾ ਬਣਦਾ ਹੈ। ਉਸ ਦੁਆਰਾ ਨਾਇਕਾ ਨੂੰ ਆਪਣੀ ਸਵੈ ਹੋਂਦ ਦੀ ਪਹਿਚਾਣ ਕਰਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ, ਜੋ ਉਸਦਾ ਆਪਣਾ ਪਤੀ ਨਹੀਂ ਕਰਦਾ। ਹਰਬੰਸ ਕੌਰ ਵੀ ਆਪਣੇ ਘਰ ਅਤੇ ਆਪਣੇ ਆਪ ਨੂੰ ਸਥਾਪਿਤ ਕਰਨ ਲਈ ਇੱਕ ਸਰੀਰਕ ਰਿਸ਼ਤਿਆਂ ਤੋਂ ਉੱਪਰ ਉੱਠ ਕੇ ਰੂਹਾਂ ਦੇ ਰਿਸ਼ਤੇ ਕਾਇਮ ਕਰਨ ਲਈ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਚੰਗੇ ਪੱਖ ਵਜੋਂ ਸੋਚਦੀ ਹੈ ਕਿ ਇਸ ਸੰਸਾਰ ਵਿੱਚ ਰਜਾਈ ਵਾਂਗ ਨਿੱਘਾ ਰਿਸ਼ਤਾ ਸਿਰਫ਼ ਰੂਹਾਂ ਦਾ ਰਿਸ਼ਤਾ ਹੈ, ਜਿਵੇਂ ਕਿ ਫ਼ੌਜੀ ਨੇ ਉਹਨਾਂ ਨਾਲ ਜੋੜ ਕੇ ਉਸਨੂੰ ਅਤੇ ਉਸ ਦੇ ਬੱਚਿਆਂ ਨੂੰ ਸਹਾਰਾ ਦਿੱਤਾ। ਫ਼ੌਜੀ ਔਰਤ ਪ੍ਰਤੀ ਉਸਾਰੂ ਦ੍ਰਿਸ਼ਟੀਕੋਣ ਅਪਣਾਉਂਦਾ ਹੋਇਆ ਔਰਤ ਨੂੰ ਵੱਡੀ ਸ਼ਕਤੀ ਕਹਿ ਕੇ ਸਤਿਕਾਰਦਾ ਹੈ। 'ਰਜਾਈ' ਕਹਾਣੀ ਵਿੱਚ ਜਿਹੜੇ ਮਰਦ ਤੇ ਗ੍ਰੰਥ ਔਰਤ ਪ੍ਰਤੀ ਮਾੜਾ ਪੱਖ ਰੱਖਦੇ ਹਨ ਜਾਂ ਔਰਤ ਨੂੰ ਸਿਰਫ ਵਸਤੂ ਸਮਝਦੇ ਹਨ। ਕਰਨੈਲ ਸਿੰਘ ਅਜਿਹੇ ਮਰਦਾਂ ਤੇ ਗ੍ਰੰਥਾਂ ਦੀ ਠੇਕਵੀਂ ਨਿੰਦਿਆਂ ਕਰਦਾ ਹੋਇਆ ਚੰਗੇ ਪੱਖ ਵਾਲੀ ਸੋਚ ਦੇ ਪਰਿਵਰਤਨ ਤੋਂ ਕਹਿੰਦਾ ਹੈ ਕਿ:

> ਫੂਕ ਦਿਓ ਇਹੋ ਜਿਹੇ ਗ੍ਰੰਥਾਂ ਨੂੰ ਜਿਸ 'ਚ ਔਰਤ ਨੂੰ ਜੁੱਤੀ ਲਿਖਿਆ ਗਿਆ ਹੋਵੇ। ਔਰਤ ਨੂੰ ਚਾਹੀਦੈ ਇਹੋ ਜਿਹੇ ਗ੍ਰੰਥ ਨੂੰ ਘਰ 'ਚ ਤਾਂ ਕੀ ਸ਼ਹਿਰ 'ਚ ਨਾ ਵੜਨ ਦੇਵੇ।(20)

ਚੰਗੇ ਪੱਖ ਦੇ ਉਭਾਰ ਵਜੋਂ ਵੀਨਾ ਦੇ ਕਹਾਣੀ ਸੰਗ੍ਰਹਿ *ਮੁੱਲ ਦੀ ਤੀਵੀਂ* ਦੀ ਛੋਟੀ ਸਰਦਾਰਨੀ ਕਹਾਣੀ ਵੀ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਨੈਤਿਕ ਕਦਰਾਂ-ਕੀਮਤਾਂ, ਨੈਤਿਕ ਮੁੱਲਾਂ ਵਾਲੀ ਸੋਚ ਨੂੰ ਪਰਿਵਰਤਨ ਵਜੋਂ ਉਦੋਂ ਉਭਾਰਦੀ ਹੈ, ਜਦੋਂ ਕਹਾਣੀ ਵਿੱਚ ਔਰਤ ਦੀ ਆਪਣੀ ਔਲਾਦ ਪ੍ਰਤੀ ਖਿੱਚ ਅਤੇ ਸੰਸਕਾਰਾਂ ਨੂੰ ਚੰਗੇ ਪੱਖ ਤੋਂ ਭਲੀ-ਭਾਂਤ ਸਪੱਸ਼ਟ ਹੋ ਜਾਂਦੇ ਹਨ। ਇਸ ਪਰਿਵਰਤਨ ਦਾ ਮੂਲ ਕਾਰਨ ਔਲਾਦ ਹੈ, ਨਾ ਕਿ ਨਰਿੰਦਰ ਨਾਲ ਵਿਆਹ ਹੋਣਾ, ਜਦੋਂ ਰੁਪਿੰਦਰ ਆਪਣੇ ਬੱਚੇ ਦੀ ਮਾਂ ਬਣ ਜਾਂਦੀ ਹੈ ਤਾਂ ਉਸਨੂੰ ਬਾਕੀ ਸਾਰੇ ਸਮਾਜਿਕ ਰਿਸ਼ਤੇ-ਨਾਤੇ ਸੋਚ ਦੇ ਪਰਿਵਰਤਨ ਕਾਰਨ ਨਿਗੂਣੇ ਲੱਗ ਪੈਂਦੇ ਹਨ। ਨਾਇਕਾ ਸੰਘਰਸ਼ ਦੇ ਲੰਬੇ ਦੌਰ 'ਚ ਗੁਜ਼ਰ ਕੇ ਆਪਣੇ ਬੱਚੇ ਨੂੰ ਜਨਮ ਅਤੇ ਪਰਵਰਿਸ਼ ਕਰਦੀ ਹੈ। ਕਹਾਣੀ ਦੀ ਨਾਇਕਾ ਰੁਪਿੰਦਰ ਵਿੱਚ ਸੰਵੇਦਨਸ਼ੀਲ ਸਥਿਤੀ ਦਾ ਪਰਿਵਰਤਨ ਰੂਪ ਚੇਤਨ, ਸ਼ਕਤੀਸ਼ਾਲੀ ਵਜੋਂ ਉਦੋਂ ਉੱਭਰਕੇ ਸਾਹਮਣੇ ਆਉਂਦਾ ਹੈ, ਜਦੋਂ ਨਰਿੰਦਰ ਬੱਚੇ ਨੂੰ ਮਿਲਣ ਦੇ ਬਹਾਨੇ ਉਸ ਕੋਲ ਘਰ ਆਉਣਾ ਸ਼ੁਰੂ ਕਰ ਦਿੰਦਾ ਹੈ, ਉਹੀ ਨਰਿੰਦਰ ਜਿਹੜਾ ਮੁਸ਼ਕਲ ਸਮੇਂ ਉਸ ਨੂੰ ਛੱਡ ਕੇ ਚਲਾ ਗਿਆ ਸੀ, ਪਰ ਦੁਬਾਰਾ ਉਹ ਰੁਪਿੰਦਰ ਨਾਲ ਸਰੀਰਕ ਸੰਬੰਧ ਬਣਾਉਣ ਦੀ ਕੋਸ਼ਿਸ਼ ਕਰਦਾ ਹੈ, ਪਰ ਰੁਪਿੰਦਰ ਹੁਣ ਸੋਚ ਦੇ ਪਰਿਵਰਤਨ ਰੂਪ ਤੋਂ ਦੁਬਾਰਾ ਧੋਖਾ ਖਾਣ ਨੂੰ ਤਿਆਰ ਨਹੀਂ, ਉਹ ਉਸਦੀ ਚਾਲ ਨੂੰ ਸਮਝਦੀ ਹੋਈ ਸੋਚ ਦੇ ਪਰਿਵਰਤਨ ਰੂਪ ਤੋਂ ਚੰਗੇ ਪੱਖ ਵਜੋਂ ਜਵਾਬ ਦਿੰਦੀ ਹੋਈ ਕਹਿੰਦੀ ਹੈ ਕਿ:

> ਤਮੀਜ਼ ਨਾਲ ਰਹਿ। ਜੇ ਬੱਚੇ ਕਰਕੇ ਮੈਂ ਤੈਨੂੰ ਇਸ ਘਰ ‘ਚ ਆਉਣ ਜਾਣ ਲਈ ਕਹਿ ਦਿੱਤਾ ਹੈ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਮੈਂ ਫਿਰ ਇਤਿਹਾਸ ਨੂੰ ਦੁਹਰਾਓਣ ਲੱਗੀ ਹਾਂ। ਇਹ ਨਾ ਸਮਝੀ ਕਿ ਮੈਂ ਕਮਜੋਰ ਹੋ ਗਈ ਹਾਂ ਤੇ ਮੈਨੂੰ ਤੇਰੇ ਸਹਾਰੇ ਦੀ ਲੋੜ ਹੈ। ਮੈਂ ਆਪਣੇ ਬੱਚੇ ਨੂੰ ਉਦਾਸ ਨਹੀਂ ਦੇਖ ਸਕਦੀ ਤੇ ਤੇਰਾ ਉਦੇ ਨਾਲ ਖ਼ੂਨ ਦਾ ਰਿਸ਼ਤਾ ਹੈ। ਤੇਰੇ ਬਗੈਰ ਉਹ ਰੋਂਦਾ ਮੇਰੇ ਤੋਂ ਦੇਖਿਆ ਨਹੀਂ ਜਾਂਦਾ।(70)

ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਭਾਵੇਂ ਪੰਜਾਬੀ ਔਰਤ ਆਪਣੇ ਆਪ ਨੂੰ ਆਜ਼ਾਦ ਅਤੇ ਜ਼ਿੰਦਗੀ ਨੂੰ ਖੁੱਲ ਕੇ ਮਾਣਨ ਦਾ ਪ੍ਰਯਤਨ ਕਰਦੀ ਹੈ ਪਰ ਫਿਰ ਵੀ ਉਸਦੇ ਅਵਚੇਤਨ ਵਿੱਚ ਪੂਰਬੀ

ਕਦਰਾਂ-ਕੀਮਤਾਂ ਅਤੇ ਘਰ ਦਾ ਸੰਕਲਪ ਚੰਗੇ ਪੱਖ ਵਜੋਂ ਜ਼ਰੂਰ ਪਿਆ ਹੁੰਦਾ, ਜਿਸਨੂੰ ਉਹ ਛੱਡਣਾ ਨਹੀਂ ਚਾਹੁੰਦੀ। ਜਿਵੇਂ ਕਿ ਕਹਾਣੀਕਾਰ ਦੇ ਕਹਾਣੀ ਸੰਗ੍ਰਹਿ *ਜੋਗੀਆਂ ਦੀ ਧੀ* ਦੀ 'ਮੈਂ ਕੀ ਹਾਂ' ਕਹਾਣੀ ਵਿੱਚ ਅੰਜੂ ਜਦੋਂ ਹਰ ਤਰ੍ਹਾਂ ਦੀ ਅੱਯਾਸ਼ੀ ਕਰਕੇ ਵੇਖ ਲੈਂਦੀ ਹੈ ਤਾਂ ਉਹ ਚੰਗੇ ਪੱਖ ਤੋਂ ਅੱਯਾਸ਼ੀ ਦੇ ਪਰਿਵਰਤਨ ਵਜੋਂ ਨੈਤਿਕ ਕਦਰਾਂ-ਕੀਮਤਾਂ, ਨੈਤਿਕ ਮੁੱਲਾਂ ਨੂੰ ਅਪਨਾ ਕੇ ਆਪਣੀ ਹੋਂਦ, ਸਵੈ ਬਾਰੇ ਜਾਗਰੂਕ ਹੁੰਦੀ ਹੋਈ ਆਪਣੇ ਆਪ ਨੂੰ ਪੁੱਛਦੀ ਹੈ ਕਿ:

> ਮੈਂ ਕੀ ਹਾਂ ? ਉਸਨੂੰ ਅਹਿਸਾਸ ਹੁੰਦਾ ਹੈ ਕਿ ਮੈਂ ਜਿਹੜੀਆਂ ਕਦਰਾਂ-ਕੀਮਤਾਂ ਭੁੱਲ ਕੇ ਇਹ ਸਭ ਕੁਝ ਕੀਤਾ ਪਰ ਮੇਰੀ ਅਸਲ ਪਛਾਣ ਕੀ ਹੈ। ਹਾਂ ਮੇਰਾ ਮਤਲਬ ਹੈ ਨਾ ਮੈਂ ਇਸ ਦੀ ਪਤਨੀ ਹਾਂ ਜਿਸ ਤੇ ਇਸਦਾ ਕਾਨੂੰਨੀ ਜਾਂ ਸਮਾਜਿਕ ਕਬਜ਼ਾ ਹੈ। ਨਾ ਮੈਂ ਇਸਦੀ ਰਖੇਲ ਹਾਂ, ਜੋ ਇਸ ਦੀਆਂ ਮਿਹਰਬਾਨੀਆਂ ਤੇ ਪਲ ਰਹੀ ਹਾਂ, ਨਾ ਮੈਂ ਕੋਈ ਪ੍ਰੋਸਟੀਚਿਊਟ ਹਾਂ, ਜੋ ਮਜਬਰੂੀ ਵਿੱਚ ਇਹ ਧੰਦਾ ਕਰ ਰਹੀ ਹਾਂ।(154)

ਇਸ ਤੋਂ ਇਲਾਵਾ 'ਗ਼ਲਤ ਔਰਤ'' ਔਨਰ ਕਿਲਿੰਗ, ਵੀਨਾ ਵਰਮਾ ਦੁਆਰਾ ਰਚਿਤ ਕਹਾਣੀਆਂ ਵੀ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਔਰਤ-ਮਰਦ ਸੰਬੰਧਾਂ ਨੂੰ ਦੁਖਾਂਤ ਵਿਚੋਂ ਗੁਜ਼ਰਦੇ ਹੋਏ ਵੱਖ-ਵੱਖ ਸਮੱਸਿਆਵਾਂ ਵਿਚੋਂ ਚੰਗੀ ਸੋਚ ਦੇ ਪਰਿਵਰਤਨ ਨੂੰ ਉਭਾਰਦੀਆਂ ਹਨ। 'ਗ਼ਲਤ ਔਰਤ, ਕਹਾਣੀ ਦੀ ਪਾਤਰ ਮਨਜੀਤ ਜਿਸਦਾ ਪਤੀ ਵਿਆਹ ਕਰਵਾ ਕੇ ਵਿਦੇਸ਼ ਚਲਾ ਜਾਂਦਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਉਹ ਉਸਨੂੰ ਕਾਗ਼ਜ਼ ਬਣਨ ਤੱਕ ਉਡੀਕ ਕਰਨ ਲਈ ਛੱਡ ਜਾਂਦਾ ਹੈ। ਮਨਜੀਤ ਦੁਆਰਾ ਆਪਣੇ ਪਤੀ ਕੋਲ ਜਾਣ ਲਈ ਗੈਰ ਕਾਨੂੰਨੀ ਢੰਗ ਨਾਲ ਜਰਮਨ ਜਾਣ ਸਮੇਂ ਆਈਆਂ ਮੁਸ਼ਕਲਾਂ ਨੂੰ ਕਹਾਣੀਕਾਰਾ ਨੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਕਹਾਣੀ ਵਿੱਚ ਪਰਿਵਰਤਨ ਵਜੋਂ ਅੰਕਿਤ ਕੀਤਾ ਹੈ। ਇਹ ਪਰਿਵਰਤਨ ਉਦੋਂ ਵਾਪਰਦਾ ਹੈ, ਜਦੋਂ ਬਲਦੇਵ ਸਿੰਘ ਦੇ ਕਹਿਣ ਤੇ ਪਰਗਟ ਸਿੰਘ ਆਪਣੀ ਕੁੜੀ ਦਾ ਵਿਆਹ ਜਰਮਨ ਤੋਂ ਆਏ ਮੁੰਡੇ ਨਾਲ ਕਰ ਦਿੰਦਾ ਹੈ। ਇਸ ਵਿਆਹ ਤੋਂ ਬਾਅਦ ਹੀ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਮਨਜੀਤ ਦੀ ਸੋਚ ਦਾ ਪਰਿਵਰਤਨ ਹੋਣਾ ਸ਼ੁਰੂ ਹੋ ਜਾਂਦਾ

ਹੈ। ਉਹ ਆਪਣੇ ਬੇਟੇ ਅਤੇ ਪਤੀ ਹਰਜੀਤ ਨੂੰ ਮਿਲਣ ਦੀ ਖ਼ਾਤਰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਕਈ ਤਰ੍ਹਾਂ ਦੇ ਅਮਾਨਵੀ, ਅੱਤਿਆਚਾਰ ਅਤੇ ਯੋਨ ਸ਼ੋਸ਼ਣ ਆਪਣੇ ਤਨ ਅਤੇ ਮਨ ਉਪਰ ਚੰਗੇ ਪੱਖ ਵਾਲੀ ਸੋਚ ਦੇ ਪਰਿਵਰਤਨ ਤੋਂ ਹੰਢਾਉਂਦੀ ਹੈ। ਉਸ ਨਾਲ ਵੱਡੀ ਸੋਚ ਦਾ ਪਰਿਵਰਤਨ ਰੂਪ ਉਦੋਂ ਵਾਪਰਦਾ ਹੈ, ਜਦੋਂ ਇੰਨੀਆਂ ਮੁਸੀਬਤਾਂ ਸਹਿਣ ਤੋਂ ਬਾਅਦ ਆਪਣੇ ਪਤੀ ਕੋਲ ਪਹੁੰਚਦੀ ਹੈ ਤਾਂ ਉਹ ਉਸਨੂੰ ਪਹਿਚਾਨਣ ਤੋਂ ਇਨਕਾਰ ਕਰ ਦਿੰਦਾ ਹੈ। ਅਜਿਹੀ ਸਥਿਤੀ-ਪ੍ਰਸਥਿਤੀ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਵੀਨਾ ਵਰਮਾ ਨੇ *ਇੱਕ ਕੁੜੀ ਇਕੱਲੀ* ਕਹਾਣੀ ਸੰਗ੍ਰਹਿ ਦੀ ਕਹਾਣੀ 'ਔਨਰ ਕਿਲਿੰਗ' ਵਿੱਚ ਜ਼ੁਬੈਦਾ ਤੇ ਬਾਬਰ ਦੇ ਵਿੱਚਲੇ ਵਿਆਹ ਸੰਬੰਧਾਂ ਰਾਹੀਂ ਸੋਚ ਦੇ ਪਰਿਵਰਤਨ ਰੂਪ ਵਜੋਂ ਉੱਭਰਦਾ ਹੈ। ਇਹ ਪਰਿਵਰਤਨ ਉਸ ਸਮੇਂ ਵਾਪਰਦਾ ਹੈ, ਜਦੋਂ ਬਾਬਰ ਆਪਣੀ ਪਤਨੀ ਨੂੰ ਕੁੱਟਦਾ-ਮਾਰਦਾ ਤੇ ਉਸ ਨਾਲ ਦੁਰ-ਵਿਹਾਰ ਕਰਦਾ ਹੈ, ਪਰ ਬਾਬਰ ਦਾ ਪਿਤਾ ਉਸ ਨੂੰ ਲੜਦਾ ਝਗੜਦਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਬਾਬਰ ਦੇ ਪਿਤਾ ਦੀ ਸੋਚ ਦਾ ਪੁੱਤਰ ਪਰਤੀ ਪਿਆਰ ਤੋਂ ਵਿਰੋਧੀ ਪਰਿਵਰਤਨ ਰੂਪ ਉਦੋਂ ਸਪੱਸ਼ਟ ਹੁੰਦਾ ਹੈ, ਜਦੋਂ ਬਾਬਰ ਆਪਣੀ ਪਤਨੀ ਨਾਲ ਦੁਰਵਿਵਹਾਰ ਕਰਦਾ ਹੈ ਤੇ ਬਾਬਰ ਦਾ ਪਿਤਾ ਆਪਣੀ ਨੂੰਹ ਦੀ ਹਮਾਇਤ ਵਿੱਚ ਚੰਗੇ ਪੱਖ ਤੋਂ ਖੜ੍ਹਾ ਹੋ ਕੇ ਪੁੱਤਰ ਨੂੰ ਕਹਿੰਦਾ ਹੈ ਕਿ:

> ਓਏ ਨਲਾਇਕਾ, ਕੀ ਕਰਾਂ ਮੈਂ ਤੇਰਾ? ਕਿਸੇ ਦੀ ਧੀ ਭੈਣ ਆਪਣੀਆਂ ਵਰਗੀ ਹੀ ਹੁੰਦੀ ਏ। ਹੱਥ ਕਿਉਂ ਨਹੀਂ ਟੁੱਟ ਗਏ ਤੇਰੇ ਉਸ ਨੂੰ ਕੁੱਟਣ ਲੱਗਿਆਂ। ਬੇਗੈਰਤਾ, ਬਲੀਮਾ ਵੀ ਨਹੀਂ ਕੱਟਿਆ ਤੇਰੀ ਵਿਆਂਹਦੜ ਨੇ। ਨੱਕ ਡੁਬੋ ਕੇ ਮਰਜਾ ਕਿਸੇ ਪਾਸੇ।" ਖਾਬਰ ਚੌਧਰੀ ਨੇ ਪੁੱਤਰ ਨੂੰ ਰੱਜ ਕੇ ਕੋਸਿਆ।(13)

ਵੀਨਾ ਵਰਮਾ ਦੇ *ਫ਼ਰੰਗੀਆਂ ਦੀ ਨੂੰਹ* ਕਹਾਣੀ ਸੰਗ੍ਰਹਿ ਦੀ ਕਹਾਣੀ "ਫ਼ਰੰਗੀਆਂ ਦੀ ਨੂੰਹ" ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਔਰਤ ਮੌਜੂਦਾ ਸਥਿਤੀਆਂ-ਪ੍ਰਸਥਿਤੀਆਂ ਨਾਲ ਜੂਝਦੀ ਹੋਈ ਨਾਰੀ ਪਛਾਣ, ਸ਼ਕਤੀ ਅਤੇ ਅਸਤਿਤਵ ਨੂੰ ਬਰਕਰਾਰ ਰੱਖਦੀ ਹੋਈ ਨਾਰੀ ਸ਼ਕਤੀ ਦੇ ਰੂਪ ਵਿੱਚ ਪਰਿਵਰਤਨ ਹੋਈ ਵਿਚਰਦੀ ਹੈ। ਇਹ ਕਹਾਣੀ ਜਿੱਥੇ ਔਰਤ ਪ੍ਰਤੀ ਸੱਭਿਆਚਾਰਕ ਰੂਪਾਂਤਰਨ ਦੇ

ਸਮਾਜਿਕ ਪੱਖ ਤੋਂ ਮਨਾਹੀਆਂ ਅਤੇ ਮਿੱਥਾਂ ਨੂੰ ਤੋੜ ਕੇ ਔਰਤ ਦਾ ਸ਼ਕਤੀਸ਼ਾਲੀ ਮਾਡਲ ਪੇਸ਼ ਕਰਦੀ ਹੈ, ਉੱਥੇ ਕਹਾਣੀਕਾਰਾ ਨਾਰੀ ਨੂੰ ਮਰਦ ਤੋਂ ਵੀ ਵੱਡੀ ਸ਼ਕਤੀ ਮੰਨਦੀ ਹੈ। ਇਸ ਕਹਾਣੀ ਦੀ ਨਾਇਕਾ ਸ਼ਾਂਤੀ ਦਾ ਆਪਣੇ ਆਪ ਨੂੰ ਫਰੰਗੀਆਂ ਦੀ ਨੂੰਹ ਸਮਝਣਾ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਤੋਂ ਨਾਰੀ ਸ਼ਕਤੀ ਦੇ ਪਰਿਵਰਤਨ ਰੂਪ ਵਿੱਚ ਖੜੀ ਹੋ ਕੇ ਹਾਲਾਤਾਂ ਅਨੁਸਾਰ ਆਪਣੀ ਮੁੱਢਲੀ ਹੋਂਦ ਨੂੰ ਭੁੱਲ ਉਸਨੂੰ ਨਵੀਂ ਸ਼ਕਤੀ ਅਤੇ ਪ੍ਰੇਰਨਾ ਬਖ਼ਸ਼ਦਾ ਹੈ। ਸ਼ਾਂਤੀ ਆਪਣੇ ਸ਼ਰਾਬੀ ਪਤੀ ਅੱਗੇ ਆਪਣੇ ਅਤੇ ਆਪਣੇ ਬੱਚਿਆਂ ਲਈ ਭੀਖ ਮੰਗ ਕੇ ਸਮਕਾਲੀ ਔਰਤ ਨੂੰ ਕਮਜ਼ੋਰ ਨਹੀਂ ਹੋਣ ਦਿੰਦੀ, ਸਗੋਂ ਇਸਦੇ ਵਿਰੋਧ ਵਿੱਚ ਡਟਦੀ ਹੈ। ਸ਼ਾਂਤੀ ਰਾਹੀਂ ਵਰਤਮਾਨ ਔਰਤ ਦਾ ਅਵਚੇਤਨ ਅਤੇ ਕਿਰਦਾਰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਵਿਭਿੰਨ ਪਰਤਾਂ ਵਿੱਚ ਪਰਿਵਰਤਨ ਰੂਪ ਤੋਂ ਦ੍ਰਿਸ਼ਟੀਗੋਚਰ ਹੁੰਦਾ ਹੈ। ਕਦੇ ਉਹ ਔਰਤ ਵਾਂਗ ਵਿਚਰਦੀ ਹੈ, ਕਦੇ ਮਰਦ ਵਾਂਗ ਅਤੇ ਕਦੇ ਮਰਦ ਤੋਂ ਵੀ ਵੱਡੀ ਸ਼ਕਤੀ ਸਾਬਤ ਹੁੰਦੀ ਹੋਈ ਰੂੜ੍ਹੀਵਾਦੀ ਸਮਾਜ ਨੂੰ ਚੁਣੌਤੀ ਦਿੰਦੀ ਹੈ। ਅਜੋਕੇ ਸਮੇਂ ਵਿੱਚ ਔਰਤ ਭਾਵੇਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਕਾਰਨ ਆਪਣੀ ਸੋਚ, ਵਿੱਦਿਆ ਅਤੇ ਸਮਾਜਿਕ ਪੈਮਾਨਿਆਂ ਵਿੱਚ ਵਧੇਰੇ ਉੱਚੀ ਉੱਠ ਚੁੱਕੀ ਹੈ, ਪਰ ਅਜੇ ਵੀ ਉਸ ਪ੍ਰਤੀ ਮਰਦ ਦੀ ਮੁੱਢਲੀ ਸੋਚ ਪਿਤਰਕੀ ਸਮਾਜ ਵਾਲੀ ਹੀ ਹੈ। ਅਜੇ ਵੀ ਔਰਤ ਸਹੀ ਅਰਥਾਂ ਵਿੱਚ ਮਰਦ ਦੀ ਤਰ੍ਹਾਂ ਸੁਤੰਤਰ ਨਹੀਂ ਹੈ। ਕਹਾਣੀ 'ਫ਼ਰੰਗੀਆਂ ਦੀ ਨੂੰਹ' ਵਿੱਚ ਸ਼ਾਂਤੀ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਸ਼ਕਤੀਸ਼ਾਲੀ, ਚੇਤੰਨ ਔਰਤ ਦੇ ਪਰਿਵਰਤਨ ਵਿੱਚ ਉੱਭਰਦੀ ਹੋਈ ਅਸਲ ਸੱਚ ਦਾ ਬਿਆਨ ਚੰਗੇ ਪੱਖ ਵਜੋਂ ਕਰਦੀ ਜੈ ਸ੍ਰੀ ਕਹਿੰਦੀ ਨੂੰ ਮਾੜੇ ਪਤੀ ਤੋਂ ਅਲੱਗ ਰਹਿਣ ਦੀ ਬਜਾਏ ਹੋਰ ਵਿਆਹ ਕਰਵਾਉਣ ਲਈ ਸਮਝਾਉਂਦੀ ਹੋਈ ਕਹਿੰਦੀ ਹੈ ਕਿ:

> ਜੇ ਕੱਲੀ ਰਹੇਂਗੀ ਫੇਰ ਨੀ ਲੋਕ ਕੁਸ਼ ਕਹਿਣਗੇ। ਇਹ ਮੈਨੂੰ ਪੁੱਛ ਕੇ ਦੇਖ। ਕਿਵੇਂ ਕੁਤੀੜ ਮਗਰ ਪੈਂਦੀ ਐ। ਕੱਲੀ ਤੀਮੀਂ ਦੇਖ ਕੇ ਹਰ ਕੋਈ ਟਰਾਈ ਮਰਦੈ। ਮੈਂ ਜੁੱਤੀ ਮਾਰਦੀ ਆਂ ਇਹੋ-ਜਿਹੇ ਸਮਾਜ ਨੂੰ ਜਿਹੜਾ ਕਿਸੇ ਮਜ਼ੂਰ ਬੰਦੇ ਦਾ ਫੈਦਾ ਚੁਕਦੈ। ਜਿਉਂਦੇ ਬੰਦੇ ਨੂੰ ਹਰ ਚੀਜ਼ ਦੀ ਲੋੜ ਐ ਜੈ ਸ੍ਰੀ। ਪਰ ਔਰਤਾਂ ਵਾਸਤੇ ਸਾਂਹ ਲੈਣਾ ਵੀ ਗੁਨਾਹ ਐ। (270,271)

ਕਹਾਣੀ ਵਿੱਚ ਨਾਇਕਾ ਕਿਧਰੇ ਵੀ ਆਪਣੀ ਹਾਰ ਨਹੀਂ ਮੰਨਦੀ, ਸਗੋਂ ਆਪਣੀ ਲਗਨ, ਮਿਹਨਤ, ਸਿਦਕ ਅਤੇ ਹੌਸਲੇ ਰਾਹੀਂ ਸਥਿਤੀਆਂ-ਪ੍ਰਸਥਿਤੀਆਂ ਨਾਲ ਜੂਝਦੀ ਹੋਈ ਆਪਣੀ ਹੋਂਦ ਅਤੇ ਅਸਤਿਤਵ ਨੂੰ ਚੇਤਨ ਔਰਤ ਦੇ ਪਰਿਵਰਤਨ ਵਜੋਂ ਉੱਭਰਦੀ ਹੈ। ਉਹ ਅਜੋਕੀ ਔਰਤ ਦਾ ਰੂਪ ਹੈ ਜੋ ਆਪਣੇ ਆਲੇ-ਦੁਆਲੇ ਲਿਪਟੀਆਂ ਸਮਾਜਿਕ ਮਨਾਹੀਆਂ, ਦਸਤੂਰ, ਪਿਤਰਕੀ ਵਿਚਾਰਧਾਰਾ ਅਤੇ ਮਿੱਥਾਂ ਦੀਆਂ ਜ਼ੰਜੀਰਾਂ ਨੂੰ ਤੋੜ ਕੇ ਇੱਕ ਵਿਸਫੋਟਕ ਸ਼ਕਤੀ ਦੇ ਪਰਿਵਰਤਨ ਰੂਪ ਵਿੱਚ ਸਾਹਮਣੇ ਆਉਂਦੀ ਹੈ। ਪਰ ਕਈ ਥਾਵਾਂ ਉੱਪਰ ਵੀਨਾ ਵਰਮਾ ਦੀ ਰਚਨਾ ਦ੍ਰਿਸ਼ਟੀ ਨਾਰੀਵਾਦੀ ਉਲਾਰ ਮਾੜੇ ਪੱਖਾਂ ਦਾ ਵੀ ਸ਼ਿਕਾਰ ਹੋ ਜਾਂਦੀ ਹੈ। ਕਹਾਣੀ ਦੀ ਨਾਇਕਾ ਸ਼ਾਂਤੀ ਇੱਕ ਔਰਤ ਦੀ ਭੂਮਿਕਾ ਨਾ ਨਿਭਾਅ ਕੇ ਮਰਦ ਤੋਂ ਵੀ ਵੱਡੀ ਸ਼ਕਤੀ ਬਣ ਜਾਂਦੀ ਹੈ। ਇੱਕ ਪਾਸੇ ਉਹ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਪਰਿਵਰਤਨ ਦੁਆਰਾ ਮਰਦ ਨੂੰ ਪੈਰ ਦੀ ਜੁੱਤੀ ਸਮਝਦੀ ਹੋਈ ਔਰਤ ਪ੍ਰਤੀ ਬਣੀ ਹੋਈ ਮਿੱਥ ਨੂੰ ਤੋੜਦੀ ਹੈ ਅਤੇ ਦੂਜੇ ਪਾਸੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਪਰਿਵਰਤਨ ਦੁਆਰਾ ਇਹੋ ਜਿਹੇ ਸਮਾਜ ਵਿੱਚ ਰਹਿਣ ਲਈ ਜੈ ਸ੍ਰੀ ਨੂੰ ਪਰਾਏ ਮਰਦ ਦਾ ਸਹਾਰਾ ਲੈਣ ਲਈ ਵੰਗਾਰਦੀ ਹੈ। ਉਹ ਔਰਤ ਦੇ ਸ਼ੋਸ਼ਣ ਅਤੇ ਮੁਕਤੀ ਦੇ ਸੰਦਰਭ ਵਿੱਚ ਕੋਈ ਬੱਝਵਾਂ ਤਰਕ ਉਸਾਰਨ ਤੋਂ ਅਸਮਰਥ ਰਹਿੰਦੀ ਹੈ। ਉਸ ਅਨੁਸਾਰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਔਰਤ ਵਿੱਚ ਵੀ ਮਰਦ ਨੂੰ ਭੋਗਣ ਦੀ ਰੁਚੀ ਓਨੀ ਹੀ ਪ੍ਰਬਲ ਦਿਖਾਈ ਦਿੰਦੀ ਹੈ, ਜਿੰਨੀ ਮਰਦਾਂ ਵਿੱਚ ਪਰਾਈ ਔਰਤ ਨੂੰ। ਵੀਨਾ ਵਰਮਾ ਨੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਸ਼ਾਂਤੀ ਦੇ ਅਸਲ ਸੱਚ ਦੇ ਚੰਗੇ ਪੱਖ ਨੂੰ ਬੰਦਸ਼ ਦੇ ਪਰਿਵਰਤਨ ਰੂਪ ਸ਼ਰੇਆਮ ਜਾਂ ਖੁੱਲ੍ਹੇ ਰੂਪ ਵਿੱਚ ਜੈ ਸ੍ਰੀ ਦੇ ਮੂੰਹੋਂ ਅਖਵਾਇਆ ਹੈ ਕਿ:

> ਮੈਂ ਤਾਂ ਸ਼ਰੇਆਮ ਆਂ। ਪਰ ਤੇਰੇ ਵਾਂਗੂ ਸਤੀ ਸਵਿਤਰੀ ਬਣਨ ਦਾ ਪਾਖੰਡ ਨਹੀਂ ਕਰਦੀ ਮੈਂ। ਮਿਹਣੇ ਮਾਰਦੀ ਐ ਯਾਰਾਂ ਅਤੇ ਖਸਮਾਂ ਦੇ। ਤੇਰੇ ਖਸਮ ਵਰਗੇ ਤਾਂ ਮੈਂ ਸ਼ਾਮ ਨੂੰ ਵੀਹ 'ਕੱਠੇ ਕਰਲਾਂ। (265)

ਉਪਰੋਕਤ ਰੂਪ ਵਿੱਚ ਕਹਾਣੀ ਦੀ ਨਾਇਕਾ ਦਾ ਸਮੁੱਚਾ ਕਿਰਦਾਰ ਸੱਭਿਆਚਾਰਕ ਰੂਪਾਂਤਰਨ ਦੇ

ਸਮਾਜਿਕ ਪੱਖ ਤੋਂ ਦੱਬੀ-ਕੁੱਚਲੀ, ਮਾਨਸਿਕ ਤੇ ਸਰੀਰਕ ਤਣਾਅ ਦੇ ਪਰਿਵਰਤਨ ਰੂਪ ਚੇਤਨ, ਨਾਰੀ ਸ਼ਕਤੀ, ਕਿਸੇ ਗੈਂਗ ਦੀ ਲੀਡਰ ਵਾਂਗ ਵੱਖਰੇ-ਵੱਖਰੇ ਚੰਗੇ ਪੱਖਾਂ ਵਜੋਂ ਉੱਭਰ ਕੇ ਸਾਹਮਣੇ ਆਉਂਦੀ ਹੈ। ਉਹ ਔਰਤ ਦੀ ਸਰੀਰਕ ਸੁੰਦਰਤਾ ਦੀ ਵੀ ਗਾਥਾ ਵੀ ਗਾਉਂਦੀ ਹੈ ਜੋ ਔਰਤ ਸ਼ਕਤੀ ਦੀ ਸੀਮਾ ਬਣ ਜਾਂਦੀ ਹੈ।

**(ਅ) ਮਾੜੇ ਪੱਖ**: ਪੱਛਮੀ ਜੀਵਨ-ਮੁੱਲਾਂ, ਪਦਾਰਥਵਾਦੀ ਰੁਚੀ ਅਤੇ ਪੈਸਾ ਆਧਾਰਿਤ ਮਾਨਸਿਕਤਾ ਕਾਰਨ ਸਮਾਜ ਵਿੱਚ ਮਾਨਵੀ-ਮੁੱਲਾਂ ਦੀ ਪਾਲਣਾ ਘਟਦੀ ਜਾ ਰਹੀ ਹੈ ਤੇ ਮਨੁੱਖੀ ਰੁਝਾਨ ਪਦਾਰਥਿਕ ਤੇ ਨਿੱਜ ਕੇਂਦਰਿਤ ਸਰੋਕਾਰਾਂ ਵੱਲ ਵਧ ਰਿਹਾ ਹੈ। ਇਸ ਰੁਝਾਨ ਕਾਰਨ ਮਾਨਵੀ ਰਿਸ਼ਤਿਆਂ ਤੇ ਪਦਾਰਥਵਾਦੀ ਰਿਸ਼ਤਿਆਂ ਵਿੱਚਕਾਰ ਤਣਾਓ ਉਪਜ ਰਿਹਾ ਹੈ। ਆਧੁਨਿਕ ਪੂੰਜੀਵਾਦੀ ਕੀਮਤਾਂ ਦੇ ਪ੍ਰਵੇਸ਼ ਸਦਕਾ ਮਨੁੱਖ ਦੀਆਂ ਸਦੀਆਂ ਦੇ ਯਤਨਾਂ ਨਾਲ ਬਣਾਈਆਂ ਸਦਾਚਾਰਕ, ਭਾਈਚਾਰਿਕ, ਨੈਤਿਕ ਤੇ ਮਾਨਵੀ ਕਦਰਾਂ-ਕੀਮਤਾਂ ਖ਼ਤਮ ਹੋ ਰਹੀਆਂ ਹਨ। ਭਾਰਤੀ ਪੰਜਾਬੀ ਸਮਾਜ ਵਿੱਚ ਭੈਣ-ਭਰਾ, ਪਿਓ-ਧੀ ਦੇ ਰਿਸ਼ਤੇ ਨੂੰ ਸਭ ਤੋਂ ਵੱਧ ਪਵਿੱਤਰ ਮੰਨਿਆ ਜਾਂਦਾ ਹੈ, ਪਰ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਕਾਰਨ ਰਿਸ਼ਤਿਆਂ ਵਿੱਚ ਪ੍ਰਦੂਸ਼ਣ ਪੈਦਾ ਹੋਣ ਕਾਰਨ, ਇਨ੍ਹਾਂ ਨਜ਼ਦੀਕੀ ਰਿਸ਼ਤਿਆਂ 'ਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਚੁੱਕਾ ਹੈ। ਅਜੋਕਾ ਮਨੁੱਖ ਕਈ ਵਾਰ ਅਨੈਤਿਕਤਾ ਦੀਆਂ ਹੱਦਬੰਦੀਆਂ ਨੂੰ ਪਾਰ ਕਰਦਾ ਹੋਇਆ, ਇਨ੍ਹਾਂ ਪਵਿੱਤਰ ਰਿਸ਼ਤਿਆਂ ਦੀ ਮਰਯਾਦਾ ਨੂੰ ਭੰਗ ਕਰਕੇ ਰਿਸ਼ਤਿਆਂ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ। ਇਸ ਬਾਰੇ ਡਾ. ਕੁਲਦੀਪ ਕੌਰ ਦੁਸਾਂਝ ਨੇ ਪਾਲੀ ਭੁਪਿੰਦਰ ਦਾ ਨਾਟ ਪ੍ਰਵਚਨ ਦੇ ਅਨੁਸਾਰ ਦੱਸਿਆ ਹੈ:

> ਬਜ਼ਾਰੀਕਰਨ ਦੇ ਵਿਆਪਕ ਜੰਜਾਲ ਵਿੱਚ ਜਕੜਿਆ ਮਨੁੱਖ ਨੈਤਿਕ ਨਿਘਾਰ ਵੱਲ ਜਾ ਵਸਿਆ ਹੈ। ਪੈਸਾ ਕਮਾਉਣ ਦੀ ਤੀਬਰ ਲਾਲਸਾ ਕਾਰਨ ਮਨੁੱਖੀ ਰਿਸ਼ਤਿਆਂ ਦੇ ਮਹੱਤਵ ਵਿਸਾਰ ਚੁੱਕਾ ਹੈ।(144)

ਡਾ. ਵਨੀਤਾ ਨਾਲ ਹੋਈ ਇੱਕ ਮੁਲਾਕਾਤ ਜਿਸਦਾ ਜਿਕਰ *ਕਲਾ ਸਾਹਿਤ ਸੰਵਾਦ* ਵਿੱਚ ਵੀਨਾ ਵਰਮਾ ਖੁਦ ਸਪੱਸ਼ਟ ਕਰਦੀ ਹੈ ਕਿ ਉਸ ਦੇ ਬੋਲਡ ਹੋਣ ਕਾਰਨ ਉਸਨੇ ਹਾਲਾਤਾਂ ਦਾ ਖੁਦ ਸਾਹਮਣਾ ਕੀਤਾ ਜਿਵੇਂ ਕਿ:

> ਇਹ ਸਭ ਕੁਝ ਮੈਂ ਭੋਗਿਆ ਹੈ। ਇਹ ਤਾਂ ਮੈਂ ਬੋਲਡ ਸੀ ਇਸ ਲਈ ਕੱਟ ਰਹੀ ਹਾਂ, ਵਰਨਾ ਮੇਰੇ

ਵਰਗੀਆਂ ਹਜ਼ਾਰਾਂ ਨਾਲ ਇਸ ਤਰ੍ਹਾਂ ਹੀ ਹੁੰਦਾ ਹੈ ਤੇ ਆਮ ਇੰਜ ਕੱਟਣਾ ਬੜਾ ਔਖਾ ਹੁੰਦਾ ਹੈ। ਉੱਥੇ ਪੜ੍ਹਿਆ-ਲਿਖਿਆ ਬੰਦਾ ਵੀ ਮਿੰਟੋ-ਮਿੰਟੀ ਬਦਤਮੀਜ਼ ਹੋ ਜਾਂਦੈ, ਤਹਾਨੂੰ ਕੁੱਟਦਾ-ਮਰਦਾ ਹੈ। (78)

*ਮੁੱਲ ਦੀ ਤੀਵੀਂ* ਕਹਾਣੀ ਸੰਗ੍ਰਹਿ ਦੀ ਕਹਾਣੀ "ਖਾਲੀ ਪਲਾਟ" ਦੀ ਨਾਇਕਾ ਜੱਸੀ ਜਦੋਂ ਮਾਂ ਪਿਉ ਦੁਆਰਾ ਇੰਗਲੈਂਡ ਵੱਸਦੇ ਹਰਿੰਦਰ ਨਾਲ ਵਿਆਹ ਕਰਾਉਣ ਦੀ ਮਨਸ਼ਾ ਨਾਲ ਪਹੁੰਚ ਜਾਂਦੀ ਹੈ ਤਾਂ ਜੱਸੀ ਆਪਣੇ ਸੁਪਨੇ, ਕਲਪਨਾ ਨੂੰ ਹਕੀਕਤ ਵਿੱਚ ਬਦਲਣ ਲਈ ਹਰਿੰਦਰ ਨਾਲ ਇਸ ਰਿਸ਼ਤੇ ਵਿੱਚ ਬੱਝਦੀ ਹੈ। ਉਹ ਸੁਪਨੇ ਤੇ ਕਲਪਨਾ ਜ਼ਰੀਏ ਇਹ ਸੋਚਣ ਲੱਗਦੀ ਹੈ ਕਿ ਇਸ ਸੁਹਣੇ ਜਿਹੇ ਮੁਲਕ ਵਿੱਚ ਉਸਦਾ ਵੀ ਇੱਕ ਛੋਟਾ ਜਿਹਾ ਘਰ ਪਰਿਵਾਰ ਹੋਵੇਗਾ। ਪਰ ਇਹ ਸਭ ਕੁਝ ਉਸਦੀ ਕਲਪਨਾ ਹੀ ਪ੍ਰਤੀਤ ਹੁੰਦੀ ਹੈ, ਪਰ ਜਦੋਂ ਹਰਿੰਦਰ ਉਸਨੂੰ ਵਰਤ ਕੇ ਉਸ ਨਾਲ ਜਿਸਮਾਨੀ ਸੰਬੰਧ ਬਣਾ ਕੇ ਵਿਆਹ ਕਰਾਉਣ ਤੋਂ ਨਾਂਹ ਕਰ ਦਿੰਦਾ ਹੈ ਤਾਂ ਵੀਨਾ ਵਰਮਾ ਨੇ ਅਜਿਹੀ ਸਥਿਤੀ-ਪ੍ਰਸਥਿਤੀ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਹਰਿੰਦਰ ਦੀ ਮਾੜੀ ਸੋਚ ਦੇ ਪਰਿਵਰਤਨ ਨੂੰ ਉਭਾਰਿਆ ਹੈ। ਕਹਾਣੀ 'ਖ਼ਾਲੀ ਪਲਾਟ' ਵਿੱਚ ਹਰਿੰਦਰ ਔਰਤ ਨੂੰ ਸਿਰਫ਼ ਭੋਗ ਵਸਤੂ ਸਮਝਦਾ ਹੋਇਆ ਜੱਸੀ ਦੇ ਜਿਸਮ ਤੱਕ ਸਾਂਝ ਰੱਖਦਾ ਹੈ, ਪਰ ਜੱਸੀ ਆਪਣੇ ਸੁਪਨੇ, ਕਲਪਨਾ ਨੂੰ ਹਕੀਕਤ ਵਿੱਚ ਬਦਲਣ ਲਈ ਜਦੋਂ ਹਰਿੰਦਰ ਨੂੰ ਵਿਆਹ ਕਰਵਾਉਣ ਬਾਰੇ ਆਪਣੀ ਇੱਛਾ ਰੱਖਦੀ ਹੈ ਤਾਂ ਅੱਗਿਓ ਹਰਿੰਦਰ ਸਵਾਰਥੀ ਤੇ ਮਾੜੇ ਪੱਖ ਵਾਲੀ ਸੋਚ ਦੇ ਪਰਿਵਰਤਨ ਦੁਆਰਾ ਕਹਿੰਦਾ ਹੈ ਕਿ:

ਆਪਣਾ ਵਿਆਹ? ਤੈਨੂੰ ਕਿਸਨੇ ਕਿਹਾ ਆਪਣਾ ਵਿਆਹ ਹੋਵੇਗਾ। ਮੇਰਾ ਤੇਰੇ ਨਾਲ ਕੀ... ਦੁਨੀਆਂ ਦੀ ਕਿਸੇ ਕੁੜੀ ਨਾਲ ਵਿਆਹ ਕਰਾਉਣ ਦਾ ਕੋਈ ਇਰਾਦਾ ਨਹੀਂ।(29)

ਇਸ ਤੋਂ ਇਲਾਵਾ ਕਹਾਣੀ 'ਖਾਲੀ ਪਲਾਟ' ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਮਰਦ ਦੀ ਸਵਾਰਥੀ ਸੋਚ ਦਾ ਪਰਿਵਰਤਨ ਰੂਪ ਔਰਤ ਨੂੰ ਇੱਕ ਭੋਗਣ ਯੋਗ ਵਸਤੂ ਸਮਝਣ ਵਜੋਂ ਕਈ ਪੱਖਾਂ ਤੋਂ ਸਾਹਮਣੇ ਆਉਂਦੇ ਹਨ, ਜਦੋਂ ਹਰਿੰਦਰ ਵਿਆਹ ਦੇ ਝਾਂਸੇ ਵਿੱਚ ਉਸ ਨਾਲ ਸਰੀਰਕ ਸੰਬੰਧ ਬਣਾ ਕੇ ਉਸਨੂੰ ਵਿਆਹ ਤੋਂ ਇਨਕਾਰ ਕਰ ਦੇਂਦਾ ਹੈ। ਜੱਸੀ ਆਪਣੇ ਇਸ ਦੁਖ ਦਾ ਜ਼ਿਕਰ ਜਦੋਂ ਆਪਣੇ ਪਿਤਾ ਸਮਾਨ ਸਹੁਰੇ

ਨਾਲ ਕਰਨਾ ਚਾਹੁੰਦੀ ਹੈ ਤਾਂ ਉਹ ਵੀ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਉਸਨੂੰ ਕਾਮ ਭਰੀਆਂ ਨਜ਼ਰਾਂ ਨਾਲ ਵੇਖਦਾ ਹੈ। ਉਹ ਉੱਥੋਂ ਬੱਚ ਕੇ ਰਿਸ਼ਤੇਦਾਰੀ ਵਿਚੋਂ ਲਗਦੀ ਭੈਣ ਰਾਣੀ ਕੋਲ ਪਹੁੰਚਦੀ ਹੈ ਤਾਂ ਰਾਣੀ ਦਾ ਘਰਵਾਲਾ ਜਗਰੂਪ ਵੀ ਉਸਦਾ ਜਿਸਮ ਮਾਣਨਾ ਚਾਹੁੰਦਾ ਹੈ। ਜਿਸ ਫ਼ੈਕਟਰੀ ਵਿੱਚ ਉਹ ਕੰਮ ਕਰਦੀ ਹੈ। ਉਸਦਾ ਸੁਪਰਵਾਈਜ਼ਰ ਮਿਸਟਰ ਸ਼ਰਮਾ ਵੀ ਉਸ ਨਾਲ ਜਿਸਮਾਨੀ ਸਾਂਝ ਸਥਾਪਿਤ ਕਰਨੀ ਚਾਹੁੰਦਾ ਹੈ। ਇਨ੍ਹਾਂ ਸਥਿਤੀਆਂ-ਪ੍ਰਸਥਿਤੀਆਂ ਵਿੱਚ ਘਿਰੀ ਹੋਈ ਜੱਸੀ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਆਪਣੀ ਸੋਚ ਦੇ ਪਰਿਵਰਤਨ ਵਜੋਂ ਮਰਦ ਨੂੰ ਸਵਾਰਥੀ ਸਮਝਦੀ ਹੋਈ ਮਾੜੇ ਪੱਖ ਨੂੰ ਉਭਾਰਦੀ ਹੋਈ ਕਹਿੰਦੀ ਹੈ ਕਿ:

> ਔਰਤ ਦੀ ਵੀ ਕੀ ਜ਼ਿੰਦਗੀ ਹੈ, ਇੰਗਲੈਂਡ ਹੋਵੇ ਭਾਵੇਂ ਇੰਡੀਆ, ਮਰਦ ਲਈ ਉਹ ਸਿਰਫ਼ ਭੋਗ ਦੀ ਚੀਜ਼ ਹੈ ਵਰਤਣ ਦੀ। ਜਿਵੇਂ ਉਹ ਕੋਈ ਜਾਇਦਾਦ ਹੈ ਜਾਂ ਤੁਰੀ ਫਿਰਦੀ ਅੱਗ ਜਿਸ 'ਤੇ ਹਰ ਕੋਈ ਆਪਣੇ ਹੱਥ ਸੇਕਣਾ ਚਾਹੁੰਦਾ ਹੈ। ਕੋਈ ਆਕਾਸ਼ 'ਚ ਉੱਡਦੀ ਪਤੰਗ ਜਿਸ 'ਤੇ ਹਰ ਸ਼ਰਾਰਤੀ ਬੱਚੇ ਦੀ ਅੱਖ ਹੈ ਕਿ ਕਾਸ਼ ਉਹ ਕੱਟ ਕੇ ਉਸ ਦੀ ਝੋਲੀ 'ਚ ਆ ਪਵੇ। ਕੋਈ ਉਸਨੂੰ ਸਮਝਣ ਦਾ ਯਤਨ ਨਹੀਂ ਕਰਦਾ ਕਿ ਉਸਦੇ ਵੀ ਕੋਈ ਅਰਥ ਹਨ।(36)

ਇਸ ਤੋਂ ਬਾਅਦ ਜਦੋਂ ਜੱਸੀ ਲਈ ਇੰਡੀਆ ਤੋਂ ਵਿਆਹ ਲਈ ਇੱਕ ਮੁੰਡੇ ਦਾ ਹੋਰ ਰਿਸ਼ਤਾ ਆਉਂਦਾ ਹੈ ਤਾਂ ਜੱਸੀ ਸਮੁੱਚੇ ਮਰਦਾਂ ਦੀ ਸਵਾਰਥੀ ਸੋਚ ਦੇ ਪਰਿਵਰਤਨ ਤੋਂ ਦੁਨੀਆ ਦੀ ਹਰ ਔਰਤ ਨੂੰ ਖਾਲੀ ਪਲਾਟ ਸਮਝਣ 'ਤੇ ਮਜਬੂਰ ਹੋ ਜਾਂਦੀ ਹੈ, ਜਿਸ 'ਤੇ ਮਰਦ ਆਪਣੇ ਨਾਂ ਦਾ ਫੱਟਾ ਲਾਉਣਾ ਚਾਹੁੰਦਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਮਰਦਾਂ ਦੀ ਸਵਾਰਥੀ ਸੋਚ ਦੇ ਪਰਿਵਰਤਨ ਨੂੰ ਜੱਸੀ ਖੁਦ ਮਾੜੇ ਪੱਖ ਤੋਂ ਉਭਾਰਦੀ ਹੋਈ ਕਹਿੰਦੀ ਹੈ ਕਿ:

> ਮੈਂ ਕੀ ਦੁਨੀਆਂ ਦੀ ਹਰ ਇੱਕਲੀ ਔਰਤ ਭਾਵੇਂ ਕਿਤੇ ਵੀ ਰਹਿੰਦੀ ਹੋਵੇ, ਖ਼ਾਲੀ ਪਲਾਟ ਵਾਂਗ ਹੀ ਹੈ ਜਿਸ 'ਤੇ ਹਰ ਮਰਦ ਆਪਣੇ ਨਾਂ ਦਾ ਫੱਟਾ ਲਾਉਣਾ ਚਾਹੁੰਦਾ ਹੈ, ਕਬਜ਼ਾ ਕਰਨਾ ਚਾਹੁੰਦਾ ਹੈ।(40)

ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ *ਫਰੰਗੀਆਂ ਦੀ ਨੂੰਹ* 'ਚ "ਲਿੱਬੜੀ ਹੋਈ ਚਾਦਰ" ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਅਣਜੋੜ ਵਿਆਹ ਬੁਰਾਈ ਦੇ ਮਾੜੇ ਪੱਖ ਦਾ ਪਰਿਵਰਤਨ ਰੂਪ ਉਦੋਂ ਉੱਭਰਦਾ ਹੈ, ਜਦੋਂ ਸੁਜਾਤਾ ਅਤੇ ਸੰਜੀਵ ਨਾਮ ਦੇ ਤਣਾਅ ਵਿੱਚ ਪਿਸਦੇ ਜੋੜੇ ਵਿਆਹ ਰਾਹੀਂ ਇਕੱਠੇ ਹੋਏ ਹਨ, ਪਰ ਦਿਲਾਂ ਵਿੱਚ ਦੋਹਾਂ ਦੇ ਇੱਕ ਦੂਜੇ ਲਈ ਕੋਈ ਜਗ੍ਹਾ ਨਹੀਂ। ਕਿਉਂਕਿ ਸੁਜਾਤਾ ਅਤੇ ਸੰਜੀਵ ਦੋਵੇਂ ਵੱਖਰੇ-ਵੱਖਰੇ ਸਮਾਜਿਕ ਸਿਸਟਮ ਦੀ ਪੈਦਾਇਸ਼ ਹਨ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਇਹ ਦੋਵੇਂ ਵਿਆਹੁਤਾ-ਰਿਸ਼ਤੇ ਵਿੱਚ ਫਿੱਟ ਨਹੀਂ, ਮਾਪਿਆਂ ਦੀ ਗਲਤੀ ਕਾਰਨ ਦੋਹਾਂ ਦਾ ਵਿਆਹ ਤਾਂ ਹੋ ਜਾਂਦਾ ਹੈ, ਪਰ ਸੰਜੀਵ ਸੁਜਾਤਾ ਦੀ ਪ੍ਰਵਾਹ ਨਹੀਂ ਕਰਦਾ। ਉਸ ਦਾ ਪ੍ਰਮਾਣ ਰੂਪ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਪਰਿਵਰਤਨ ਵਜੋਂ ਮਰਦ ਪ੍ਰਧਾਨ ਪ੍ਰਵਿਰਤੀ, ਅੱਯਾਸ਼ੀ ਦੇ ਮਾੜੇ ਪੱਖ ਵਾਲੇ ਸਮਾਜ ਤੋਂ ਹੈ। ਕਹਾਣੀ ਵਿੱਚ ਸੰਜੀਵ ਅੱਯਾਸ਼ੀ ਕਰਦਾ ਹੋਇਆ ਵਿਆਹ ਬਾਹਰ-ਸੰਬੰਧ ਕਾਰਨ ਸੁਜਾਤਾ ਨਾਲ ਉਸਦਾ ਵਿਆਹ ਕੋਈ ਖ਼ਾਸ ਮਾਅਨੇ ਨਹੀਂ ਰੱਖਦਾ। ਸੁਜਾਤਾ ਆਪਣੇ ਮਾਪਿਆਂ ਦੁਆਰਾ ਕੀਤੀ ਇਸ ਗਲਤੀ ਨੂੰ ਕੋਸਦੀ ਹੋਈ ਆਪਣੀ ਵਿਆਹੁਤਾ ਜ਼ਿੰਦਗੀ ਤੋਂ ਬਹੁਤ ਨਿਰਾਸ਼ ਪ੍ਰਤੀਤ ਹੁੰਦੀ ਹੈ। ਸੁਜਾਤਾ ਨੂੰ ਆਪਣੇ ਪਤੀ ਦੀਆਂ ਅੱਯਾਸ਼ੀਆਂ ਕਾਰਨ ਇਕੱਲਤਾ ਮਹਿਸੂਸ ਹੁੰਦੀ ਹੈ। ਅਸਲ ਵਿੱਚ ਇਹ ਇਕੱਲਤਾ, ਪਤੀ ਦਾ ਅੱਯਾਸ਼ੀ ਰੂਪ ਆਦਿ ਘਟਨਾਵਾਂ ਕਾਰਨ ਸੁਜਾਤਾ ਦੀ ਸੋਚ, ਵਿਵਹਾਰ ਦਾ ਪਰਿਵਰਤਨ ਰੂਪ ਉੱਭਰ ਕੇ ਮਾੜੇ ਪੱਖ ਵਜੋਂ ਸਾਹਮਣੇ ਆਉਂਦਾ ਹੈ। ਸੁਜਾਤਾ ਵੀ ਆਪਣੇ ਵਿਆਹ ਬਾਹਰੇ ਸੰਬੰਧ ਸਥਾਪਤ ਕਰਨ ਲਈ ਆਪਣੇ ਆਫ਼ਿਸ ਦੇ ਮੈਨੇਜਰ ਨਾਲ ਬਣਾ ਲੈਂਦੀ ਹੈ। ਉਹ ਵੀ ਉਸਨੂੰ ਵਰਤਣ ਤੱਕ ਹੀ ਸੀਮਤ ਰੱਖਦਾ ਹੈ। ਉਹ ਇੱਕ ਸ਼ਾਦੀ-ਸ਼ੁਦਾ ਮਰਦ ਹੈ ਜੋ ਆਪਣੀ ਬੀਵੀ ਨੂੰ ਵੀ ਬਰਾਬਰ ਦਾ ਹਿੱਸਾ ਦੇ ਰਿਹਾ ਹੈ ਅਤੇ ਸੁਜਾਤਾ ਨੂੰ ਵੀ। ਉਹ ਉਸਨੂੰ ਬੇ-ਪਨਾਹ ਮੁਹੱਬਤ ਕਰਨ ਦਾ ਨਾਟਕ ਕਰਦਾ ਹੈ। ਸੁਜਾਤਾ ਕਾਮ ਵਾਸਨਾ ਹਿੱਤ ਉਸ ਵੱਲ ਖਿੱਚੀ ਜਾਂਦੀ ਹੈ ਅਤੇ ਉਹ ਜਦ ਵੀ ਮੌਕਾ ਮਿਲਦਾ ਹੈ ਉਸ ਨਾਲ ਸਰੀਰਕ ਸੰਬੰਧ ਕਾਇਮ ਕਰਦੀ ਹੈ। ਕਾਮ ਵਾਸਨਾ ਵਿੱਚ ਭਟਕੀ ਜਦ ਇੱਕ ਦਿਨ ਉਸਦੇ ਘਰ ਜਾਂਦੀ ਹੈ, ਤਾਂ ਮਿਲਣ ਤੋਂ ਬਾਅਦ ਉਹ ਉਸਨੂੰ ਜਲਦੀ ਜਾਣ ਲਈ ਕਹਿੰਦਾ ਹੈ ਕਿ ਉਸਦੀ ਪਤਨੀ ਨਾ ਆ ਜਾਵੇ। ਜਦੋਂ ਸੁਜਾਤਾ

ਜਾਣ ਲੱਗਦੀ ਹੈ ਤਾਂ ਸਹਿਵਾਸ ਸਮੇਂ ਵਰਤੀ ਗਈ ਬੈੱਡ ਸ਼ੀਟ ਵੀ ਉਹ ਉਸਨੂੰ ਲਿਜਾਣ ਲਈ ਲਿਫ਼ਾਫ਼ੇ ਵਿੱਚ ਪਾ ਕੇ ਦਿੰਦਾ ਹੈ। ਇਸ ਸਮੇਂ ਸੁਜਾਤਾ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਸੋਚ ਦੇ ਪਰਿਵਰਤਨ ਦੁਆਰਾ ਮਾੜੇ ਪੱਖ ਤੋਂ ਮਨ ਹੀ ਮਨ ਮਰਦ ਜਾਤੀ ਦੀਆਂ ਨਜ਼ਰਾ ਵਿੱਚ ਔਰਤ ਤੇ ਚਾਦਰ ਦਾ ਵਰਤਣ ਯੋਗ ਵਸਤੂ ਵਜੋਂ ਅਹਿਸਾਸ ਕਰਦੀ ਇਹ ਸੋਚਦੀ ਹੈ ਕਿ:

> ਕੀ ਫਰਕ ਸੀ ਉਸ ਵਿੱਚ ਅਤੇ ਉਸ ਲਿੱਬੜੀ ਚਾਦਰ ਵਿੱਚ? ਦੋਵੇਂ ਵਿਛਾਈਆਂ ਗਈਆਂ, ਵਰਤੀਆਂ ਗਈਆਂ ਤੇ ਇਕੱਠੀਆਂ ਕਰ ਤੇ ਘਰੋਂ ਬਾਹਰ ਸੁੱਟ ਦਿੱਤੀਆਂ ਗਈਆਂ। ਦੋਹਾਂ ਦਾ ਹੋਣਾ ਇਸ ਘਰ ਲਈ ਖ਼ਤਰਾ ਸੀ। ਉਸਨੂੰ ਲੱਗਿਆ ਜਿਵੇਂ ਉਹ ਪਲਾਸਟਿਕ ਬੈਗ ਵਿੱਚ ਖੁਦ ਆਪਣੇ ਆਪ ਨੂੰ ਚੁੱਕੀ ਜਾ ਰਹੀ ਸੀ।(237)

ਇਸ ਕਹਾਣੀ ਰਾਹੀਂ ਵੀਨਾ ਵਰਮਾ ਨੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਸਿਰਫ ਔਰਤ ਦੀਆਂ ਕਾਮੁਕ ਰੁਚੀਆਂ ਨੂੰ ਪੇਸ਼ ਨਹੀਂ ਕੀਤਾ, ਬਲਕਿ ਸੋਚ ਦੇ ਪਰਿਵਰਤਨ ਜ਼ਰੀਏ ਇਹ ਵੀ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਔਰਤ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਮਰਦ ਦੀਆਂ ਨਜ਼ਰਾਂ ਵਿੱਚ ਔਰਤ ਤੇ ਚਾਦਰ ਦੋਵੇਂ ਵਰਤੋਂ ਯੋਗ ਵਸਤੂ ਹਨ, ਜਿੰਨ੍ਹਾਂ ਨੂੰ ਲੋੜ ਪੈਣ ਤੇ ਵਰਤ ਕੇ ਦੂਰ ਛੁੱਟਿਆ ਜਾਂਦਾ ਹੈ। ਤੁਲਨਾ ਕਰਨ ਤੇ ਇਹਨਾਂ ਦੋਵਾਂ ਵਿੱਚ ਕੋਈ ਅੰਤਰ ਨਹੀਂ। *ਮੁੱਲ ਦੀ ਤੀਵੀਂ* ਕਹਾਣੀ ਸੰਗ੍ਰਹਿ ਦੀ 'ਮੁੱਲ ਦੀ ਤੀਵੀਂ' ਕਹਾਣੀ ਵਿੱਚ ਮੱਘਰ ਸਿੰਘ ਇੱਕ ਥਾਣੇਦਾਰ ਵਜੋਂ ਜਾਣਿਆ ਜਾਂਦਾ ਹੈ। ਇਲਾਕੇ ਵਿੱਚ ਉਸ ਨੂੰ ਚੰਗਾ ਸਮਾਜਿਕ ਰੁਤਬਾ ਹਾਸਲ ਸੀ, ਕਿਉਂਕਿ ਉਸ ਕੋਲ ਸਰਕਾਰੀ ਨੌਕਰੀ ਤੋਂ ਬਿਨ੍ਹਾਂ ਆਪਣੀ ਜ਼ਮੀਨ ਤੇ ਆਪਣਾ ਘਰ ਹੁੰਦਾ ਸੀ। ਮੱਘਰ ਸਿੰਘ ਦੀ ਚੰਗੀ ਸਮਾਜਿਕ ਸਥਿਤੀ ਹੋਣ ਕਰਕੇ ਹੀ ਕਰਮ ਸਿੰਘ ਨੇ ਉਸ ਨਾਲ ਯਾਰੀ ਲਾਈ ਸੀ ਅਤੇ ਮੱਘਰ ਦੇ ਹੱਥ ਰੁਪਈਆ ਧਰ ਕੇ ਆਪਣੀ ਭੈਣ ਦਾ ਰਿਸ਼ਤਾ ਪੱਕਾ ਕੀਤਾ ਸੀ। ਪਰ ਜਦੋਂ ਮੱਘਰ ਸਿੰਘ ਤੇ ਰਿਸ਼ਵਤ ਦਾ ਕੇਸ ਬਣਿਆ ਤਾਂ ਕਰਮੇ ਦੀ ਦੋਸਤੀ ਦਾ ਸੱਚ ਪਰਿਵਰਤਨ ਰੂਪ ਵਜੋਂ ਸਾਹਮਣੇ ਆ ਜਾਂਦਾ ਹੈ। ਵੀਨਾ ਵਰਮਾ ਨੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਇਹਨਾਂ ਦੋਵਾਂ ਦੀ ਯਾਰੀ ਵਿੱਚਲੇ ਦੁਫੇੜ ਦਾ ਅਸਲ ਕਾਰਨ ਆਰਥਿਕ ਤੇ ਸਮਾਜਿਕ ਸਥਿਤੀ-ਪਰਿਸਥਿਤੀ ਦੇ

ਪਰਿਵਰਤਨ ਰੂਪ ਵਜੋਂ ਉਦੋਂ ਮਾੜੇ ਪੱਖ ਤੋਂ ਉਭਾਰਿਆ ਹੈ, ਜਦੋਂ ਕਰਮ ਸਿੰਘ ਮੱਘਰ ਸਿੰਘ ਉੱਪਰ ਰਿਸ਼ਵਤ ਦੇ ਕੇਸ਼ ਪੈਣ ਕਾਰਨ ਦੌਲਤ, ਸੌਹਰਤ ਦੇ ਖੁਸ ਜਾਣ ਦੇ ਡਰੋਂ ਕਹਿੰਦਾ ਹੈ ਕਿ:

> ਮੈਂ ਵੀ ਤੇਰੇ ਨਾਲ ਰਿਸ਼ਤੇਦਾਰੀ ਦੀ ਗਲ ਕਰਨ ਆਇਆ ਸੀ ਯਾਰ। ਕਰਮੇ ਨੇ ਡੂੰਘਾ ਸਾਹ ਲਿਆ। ਕੀ ਗੱਲ? ਮੱਘਰ ਸਿੰਘ ਦਾ ਮੱਥਾ ਠਣਕਿਆ। ਉਹ ਯਾਰ ਸਾਡੀ ਕੁੜੀ ਨ੍ਹੀਂ ਮੰਨਦੀ ਵਿਆਹ ਨੂੰ। ਕਰਮੇ ਨੇ ਗੱਲ ਵਿਚਾਲੇ ਹੀ ਛੱਡ ਦਿੱਤੀ। ਉਦੋਂ ਗੱਲ ਹੋਰ ਸੀ ਮੱਘਰਾ। ਉਦੋਂ ਤੂੰ ਥਾਣੇਦਾਰ ਸੀ ਤੇ ਹੁਣ।(18,19)

ਵੀਨਾ ਦੇ *ਫਰੰਗੀਆਂ ਦੀ ਨੂੰਹ* ਤੋਂ ਲਈ "ਬੰਦ ਬੂਹਾ'' ਕਹਾਣੀ ਵਿੱਚ ਪੇਸ਼ ਮਾੜੇ ਪੱਖ ਵਜੋਂ ਮਾਂ-ਪੁੱਤ ਦੁਆਰਾ ਆਪੋ ਆਪਣੇ ਜਿਨਸੀ ਰਿਸ਼ਤਿਆਂ ਦੀ ਭੁੱਖ, ਪੂਰਤੀ ਲਈ ਨੈਤਿਕ ਕਦਰਾਂ-ਕੀਮਤਾਂ ਵਿੱਚ ਆਏ ਪਰਿਵਰਤਨ ਕਾਰਨ ਉਦੋਂ ਉੱਭਰਦੀਆਂ ਹਨ, ਜਦੋਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਇਹ ਕੋਈ ਮਾਅਨੇ ਨਹੀਂ ਰੱਖਦੀਆਂ। 'ਕਹਾਣੀ 'ਬੰਦ ਬੂਹਾ' ਵਿੱਚ ਇੰਡੀਆ ਤੋਂ ਘਰ ਆਈ ਕੁੜੀ ਰਸ਼ਮੀ ਜਿਸਨੇ ਪੜ੍ਹਾਈ ਕਰਨ ਲਈ ਕਮਰਾ ਕਿਰਾਏ 'ਤੇ ਲਿਆ ਹੋਇਆ ਹੈ। ਸੋਮਾ ਜੋ ਘਰ ਦੀ ਮਾਲਕਣ ਨੂੰ ਰਸ਼ਮੀ ਉਸ ਦੇ ਕੋਲ ਬੈਠੇ ਬਜ਼ੁਰਗ ਬਾਰੇ ਪੁੱਛਦੀ ਹੈ ਤਾਂ ਉਹ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਸੋਚ ਦੇ ਪਰਿਵਰਤਨ ਰੂਪ ਤੋਂ ਬੇਝਿਜਕ ਹੋ ਕੇ ਦੱਸਦੀ ਹੈ ਕਿ ਮੇਰਾ ਪਤੀ ਨਹੀਂ ਮੇਰਾ ਬੁਆਏ ਫਰੈਂਡ ਹੈ, ਰਸ਼ਮੀ ਅਕਸਰ ਹੀ ਸੋਮਾ ਅਤੇ ਹੈਰੀ ਨੂੰ ਇਕੱਠੇ ਵੇਖਦੀ ਤਾਂ ਉਹਨੂੰ ਸ਼ਰਮ ਮਹਿਸੂਸ ਹੁੰਦੀ ਪਰ ਸੋਮਾ ਅਤੇ ਹੈਰੀ ਲਈ ਇਹ ਕੋਈ ਵੱਡੀ ਗੱਲ ਨਹੀਂ ਸੀ। ਅਕਸਰ ਹੀ ਸੋਫ਼ੇ ਉੱਤੇ ਗੁਥ-ਮ-ਗੁਥਾ ਹੋਇਆਂ ਨੂੰ ਰਸ਼ਮੀ ਆਪਣੇ ਅੱਖੀਂ ਦੇਖਦੀ ਅਤੇ ਖੁਦ ਉਹਨਾਂ ਦੀ ਅਜਿਹੀ ਮਾੜੀ ਕਰਤੂਤ ਨੂੰ ਦੇਖ ਕੇ ਸ਼ਰਮ ਮਹਿਸੂਸ ਕਰਦੀ। ਵੀਨਾ ਵਰਮਾ ਕਹਾਣੀ 'ਬੰਦ ਬੂਹਾ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਪਰਿਵਰਤਨ ਦੁਆਰਾ ਬੰਦਸ਼ ਤੋਂ ਉੱਪਰ ਉੱਠ ਕੇ ਖੁੱਲ੍ਹੇ ਰੂਪ ਵਿੱਚ ਵਿਚਰਨ ਤੇ ਇੰਜੁਆਏ ਕਰਨ ਦੀ ਸੋਚ, ਪ੍ਰਵਿਰਤੀ ਨੂੰ ਉਭਾਰਦੀ ਹੈ। ਸੋ, ਇਸ ਘਟਨਾ ਦਾ ਪੂਰਬੀ ਸੋਚ ਦੇ ਪਰਿਵਰਤਨ ਰੂਪ ਦੁਆਰਾ ਦੇਖਿਆ ਜਾ ਸਕਦਾ ਹੈ। ਜਿਵੇਂ ਕਿ:

ਸੋਮਾ ਉਹਦੀ ਗੋਦ ਵਿੱਚ ਸਿਰ ਧਰੀ ਪਈ ਸੀ ਤੇ ਹੈਰੀ ਉਹਦੇ ਵਾਲਾਂ 'ਚ ਹੱਥ ਫੇਰ ਰਿਹਾ ਸੀ। ਐਕਸਕਿਊਜ਼ ਮੀ। ਰਸ਼ਮੀ ਸਿਰ ਝੁਕਾਈ ਬਾਥਰੂਮ ਵੱਲ ਚਲੀ ਗਈ। ਉਹਨੂੰ ਉਮੀਦ ਸੀ ਕਿ ਹੁਣ ਸੋਮਾ ਤੇ ਹੈਰੀ ਸੰਭਲ ਕੇ ਬੈਠ ਜਾਣਗੇ। ਪਰ ਕੋਈਫ਼ਰਕ ਨਹੀਂ ਪਿਆ।(96,97)

ਵਰਮਾ ਵਰਮਾ ਦੀ ਕਿਤਾਬ *ਜੋਗੀਆਂ ਦੀ ਧੀ* "ਮੈਂ ਕੀ ਹਾਂ" ਕਹਾਣੀ ਵਿੱਚ ਵੀ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਨੈਤਿਕ ਕਦਰਾਂ-ਕੀਮਤਾਂ ਦੀ ਟੁੱਟ-ਭੱਜ ਤੇ ਸੱਭਿਆਚਾਰਕ ਤਣਾਉ ਪਰਿਵਰਤਨ ਦੇ ਮੂਲ ਕਾਰਨ ਨੂੰ ਮਾੜੇ ਪੱਖ ਵਜੋਂ ਪੇਸ਼ ਕਰਦੀ ਹੈ। ਪੂਰਬੀ ਸਮਾਜ ਦੇ ਪਾਤਰ ਜਦੋਂ ਵਿਦੇਸ਼ੀ ਧਰਤੀ ਤੇ ਵਿਚਰਦੇ ਹਨ ਤਾਂ ਉਹ ਖੁੱਲ੍ਹ ਕੇ ਆਪਣੀ ਆਜ਼ਾਦੀ ਨੂੰ ਮਾਨਣਾ ਚਾਹੁੰਦੇ ਹਨ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਉਹ ਜਾਇਜ਼ ਨਜਾਇਜ਼ ਰਿਸ਼ਤੇ-ਨਾਤੇ ਸਥਾਪਿਤ ਕਰਕੇ ਖੁੱਲ੍ਹ ਕੇ ਅੱਯਾਸ਼ੀ ਕਰਦੇ ਹਨ। ਭਾਵੇਂ ਉਹ ਮਰਦ ਪਾਤਰ ਹੋਣ ਤੇ ਭਾਵੇਂ ਔਰਤ ਪਾਤਰ। ਇਸ ਕਹਾਣੀ ਦੀ ਨਾਇਕਾ ਅੰਜੂ ਜੋ ਕਿ ਸੋਸ਼ਲ ਅਫ਼ਸਰ ਹੈ। ਉਸਦੇ ਨਾਲ ਉਸਦੀ ਆਫ਼ਿਸ ਦਾ ਕੁਲੀਗ ਦੇਵ ਵੀ ਹੈ। ਅੰਜੂ ਦੀ ਸਹੇਲੀ ਜੈਨੇਟ ਜੋ ਯੂਰਪੀ ਸੱਭਿਆਚਾਰ ਦੀ ਜੰਮਪਲ ਹੈ, ਉਸ ਨੇ ਦੋ ਵਾਰੀ ਵਿਆਹ ਕਰਵਾਇਆ ਸੀ ਪਰ ਉਹ ਹੁਣ ਵੀ ਇਕੱਲੀ ਹੀ ਰਹਿ ਰਹੀ ਸੀ। ਅੰਜਨਾ ਜੈਨੇਟ ਤੋਂ ਪ੍ਰਭਾਵਿਤ ਹੋ ਕੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਆਪਣੇ ਸੱਭਿਆਚਾਰ ਨੂੰ ਮਾੜਾ ਦੱਸਦੀ ਹੈ ਹਾਲਾਂਕਿ ਅੰਜਨਾ ਨੂੰ ਪਤਾ ਹੈ ਕਿ ਜੈਨੇਟ ਦੇ ਦੋ ਵਿਆਹ ਹੋਣ ਤੋਂ ਬਾਅਦ ਵੀ ਉਸਦਾ ਘਰ ਨਹੀਂ ਬਣਦਾ ਤੇ ਉਹ ਆਪਣੇ ਪਤੀ ਤੋਂ ਅਲੱਗ ਰਹਿ ਰਹੀ ਹੈ। ਅੰਜੂ ਦੀ ਦੋਸਤ ਜੈਨੀ ਆਪਣੇ ਕਲਚਰ ਦੀ ਪ੍ਰਸੰਸਾ ਕਰਦੀ ਹੋਈ ਦੱਸਦੀ ਹੈ ਸਾਡੇ ਪਤੀ ਪਤਨੀ ਵਿੱਚਕਾਰ ਜਾਇਜ਼ ਨਜਾਇਜ਼ ਰਿਸ਼ਤਿਆਂ-ਨਾਤਿਆਂ ਲਈ ਕੋਈ ਬੰਦਿਸ਼ ਨਹੀਂ, ਜਿਵੇਂ ਮਰਜ਼ੀ ਆਪਣੇ ਅਨੁਸਾਰ ਅਸੀਂ ਜ਼ਿੰਦਗੀ ਗੁਜ਼ਾਰੀਏ ਕੋਈ ਇੱਕ ਦੂਸਰੇ ਦੀ ਲਾਈਫ਼ ਵਿੱਚ ਦਖ਼ਲ ਅੰਦਾਜ਼ੀ ਨਹੀਂ ਕਰਦਾ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਸਾਡੇ ਪੂਰਬੀ ਸਮਾਜ ਦੀਆਂ ਜ਼ਿਆਦਾਤਰ ਔਰਤਾਂ ਜਦੋਂ ਪੱਛਮ ਵਰਗੇ ਖੁੱਲ੍ਹੇ ਲਿੰਗ ਸਮਾਜ ਵਿੱਚ ਵਿਚਰਦੀਆਂ ਹਨ ਤਾਂ ਉਹ ਉਸ ਪ੍ਰਭਾਵ ਤੋਂ ਬਚ ਨਹੀਂ ਸਕਦੀਆਂ ਅਤੇ ਉਹਨਾਂ ਦੀ ਸੋਚ, ਵਿਚਾਰ ਤੇ ਭਾਵਨਾ ਵਿੱਚ ਪਰਿਵਰਤਨ ਆਉਣਾ ਲਾਜ਼ਮੀ ਹੁੰਦਾ ਹੈ। ਅੰਜੂ ਵੀ ਆਪਣੀ ਸਹੇਲੀ ਵਾਂਗ ਸਭ

ਕੁਝ ਖੁੱਲ ਕੇ ਮਾਨਣਾ ਚਾਹੁੰਦੀ ਹੈ। ਉਸਦੀ ਜ਼ਿੰਦਗੀ ਵਿੱਚ ਵੀ ਜਦ ਇੱਕ ਲੜਕਾ ਆਉਂਦਾ ਹੈ ਤਾਂ ਉਸ ਦੀ ਖੁਸ਼ੀ ਦੀ ਵੀ ਹੱਦ ਨਹੀਂ ਰਹਿੰਦੀ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਕਹਾਣੀ 'ਮੈਂ ਕੀ ਹਾਂ' ਵਿੱਚ ਅੰਜੂ ਦੀ ਸੋਚ, ਵਿਚਾਰ ਵਿੱਚ ਪਰਿਵਰਤਨ ਦਾ ਮੂਲ ਕਾਰਨ ਪੂਰਬੀ ਨੈਤਿਕ ਕਦਰਾਂ-ਕੀਮਤਾਂ, ਰਿਸ਼ਤੇ-ਨਾਤੇ ਨਾਲੋਂ ਟੁੱਟ ਕੇ ਪੱਛਮੀ ਕਦਰਾਂ-ਕੀਮਤਾਂ ਤੇ ਰਿਸ਼ਤੇ-ਨਾਤੇ ਨਾਲ ਜੁੜਨਾ ਹੈ। ਸੋ, ਕਹਾਣੀ ਵਿੱਚ ਖੁਦ ਅੰਜੂ ਆਪਣੀ ਸਮਾਜਿਕ ਜੀਵਨ ਸ਼ੈਲੀ ਨੂੰ ਪੱਛਮੀ ਸਮਾਜਿਕ ਜੀਵਨ ਸ਼ੈਲੀ ਦੇ ਅਨੁਸਾਰ ਢਾਲ ਕੇ ਪਰਿਵਰਤਨ ਰੂਪ ਵਜੋਂ ਮਾੜੇ ਪੱਖ ਤੋਂ ਆਪਣੀ ਸਹੇਲੀ ਨੂੰ ਦੱਸਦੀ ਹੈ ਕਿ:

> ਹੀ ਇਜ ਆਲਰੈਡੀ ਮੈਰਿਡ ਐਂਡ ਹੈਵ ਏ ਫੁਲ ਫੇਮਿਲੀ ਮੈਂ ਤਾਂ ਸਿਰਫ ਉਹਦੇ ਨਾਲ ਦੋਸਤੀ ਕਰਨੀ ਚਾਹੁੰਦੀ ਹਾਂ, ਜਿਵੇਂ ਤੇਰੀ ਜੈਂਕ ਨਾਲ ਹੈ। ਮੈਰਿਜ, ਲਈ ਤਾਂ ਮੇਰੇ ਕੋਲ ਟਾਈਮ ਹੀ ਨਹੀਂ ਹੈ। ਮੈਰਿਜ਼ ਇਜ਼ ਏ ਟੋਟਲ ਡੈਡੀਕੇਸ਼ਨ ਐਂਡ ਯੂ ਨੋ ਆਈ ਐਮ ਟੂ ਬਿਜ਼ੀ ਵਿਦ ਮਾਈ ਓਨ ਵਰਕ।(145)

'ਅੱਧੀ ਬੋਤਲ' ਕਹਾਣੀ ਵਿੱਚ ਵੀ ਸਵੀਟੀ ਨਾਂ ਦੀ ਮੁਟਿਆਰ ਨੂੰ ਕੇਂਦਰ ਵਿੱਚ ਰੱਖ ਕੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਪਰਿਵਰਤਨ ਰੂਪ ਤੋਂ ਉਭਾਰਿਆ ਗਿਆ ਹੈ। ਸਵੀਟੀ ਦੇ ਮਾਤਾ ਪਿਤਾ ਜੋ ਪੰਜਾਬੀ ਸੱਭਿਆਚਾਰ ਦੇ ਹਨ। ਉਸਦੀ ਮਾਂ ਪੂਰਬੀ ਸੱਭਿਆਚਾਰ ਦੀਆਂ ਔਰਤਾਂ ਵਾਂਗ ਆਪਣੇ ਪਤੀ ਨੂੰ ਹੀ ਸਭ ਕੁਝ ਮੰਨਦੀ ਹੋਈ ਆਪਣੇ ਪਤੀ ਦੀਆਂ ਵਧੀਕੀਆਂ ਨੂੰ ਵੀ ਬਰਦਾਸ਼ਤ ਕਰਦੀ ਹੈ। ਪਰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਉਹਨਾਂ ਦੀ ਔਲਾਦ ਇਹਨਾਂ ਕਦਰਾਂ-ਕੀਮਤਾਂ ਤੋਂ ਅਣਜਾਣ ਹੈ। ਉਹ ਬਰਤਾਨਵੀ ਸਮਾਜ ਵਿੱਚ ਵਿਚਰਦਿਆਂ ਹੋਇਆਂ ਇਹਨਾਂ ਖੁੱਲ੍ਹਾਂ ਅਤੇ ਆਜ਼ਾਦ ਹਵਾਵਾਂ ਨੂੰ ਮਾਣਦੀ ਹੈ। ਸਵੀਟੀ ਨਾਂ ਦੀ ਨਾਇਕਾ ਜੋ ਪੱਛਮੀ ਸਮਾਜ ਦੇ ਰੰਗ ਵਿੱਚ ਰੰਗੀ ਹੋਈ ਹੈ। ਉਹ ਆਪਣੇ ਮਾਤਾ-ਪਿਤਾ ਦੀ ਕੋਈ ਕਦਰ ਨਹੀਂ ਕਰਦੀ, ਉਹ ਆਪਣੀ ਮਾਂ ਨੂੰ ਆਪਣੇ ਪਿਤਾ ਵਿਰੁੱਧ ਨਾ ਬੋਲਣ 'ਤੇ ਲੜਦੀ ਹੈ, ਪਰ ਮਾਂ ਪੂਰਬੀ ਸੰਸਕਾਰਾਂ ਵਿੱਚ ਬੱਝੀ ਹੋਣ ਕਾਰਨ ਪਤੀ ਨੂੰ ਪਰਮੇਸ਼ਵਰ ਮੰਨਦੀ ਹੈ। ਕਹਾਣੀ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਪਰੰਪਰਾ ਅਤੇ ਪਰਿਵਰਤਨ ਵਿੱਚਕਾਰ ਟਕਰਾਓ ਹੈ।

ਸਵੀਟੀ ਜੋ ਪੱਛਮੀ ਰੰਗਤ ਵਿੱਚ ਰੰਗੀ ਹੋਈ ਹੈ, ਵਿਆਹ ਵਰਗੀ ਪ੍ਰਥਾ ਨੂੰ ਮੁੱਢੋਂ ਹੀ ਨਕਾਰਦੀ ਹੈ, ਵਿਆਹ ਵਰਗੀ ਪ੍ਰਥਾ ਉਹਨੂੰ ਫ਼ਜ਼ੂਲ ਲੱਗਦੀ ਹੈ, ਉਹ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਵਿਆਹ-ਬੰਧਨ ਨੂੰ "ਫੋਰਸੜ ਮੈਰਿਜ' ਤੋਂ ਵੱਧ ਕੁਝ ਨਹੀਂ ਸਮਝਦੀ ਜਦਕਿ ਭਾਰਤੀ ਸਮਾਜ ਵਿੱਚ ਔਰਤ ਲਈ ਵਿਆਹ ਸੰਪੂਰਨਤਾ ਅਤੇ ਘਰ ਦੇ ਸੰਕਲਪ ਦੇ ਰੂਪ ਵਿੱਚ ਉਜਾਗਰ ਹੁੰਦਾ ਹੈ। ਇਹ ਕਹਾਣੀ ਨੈਤਿਕ ਕਦਰਾਂ-ਕੀਮਤਾਂ ਦੀ ਅਣਹੋਂਦ ਤੋਂ ਪਾਰ ਲੰਘ ਕੇ ਸਵੀਟੀ ਵਰਗੀਆਂ ਕੁੜੀਆਂ ਦੀ ਹਾਲਤ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਪਰਿਵਰਤਨ ਰੂਪ ਨੂੰ ਬਿਆਨਦੀ ਹੈ ਜੋ ਆਪਣੇ ਮਾਤਾ ਪਿਤਾ ਅਤੇ ਭਾਰਤੀ ਸੰਸਕਾਰਾਂ ਨੂੰ ਅੱਖੋਂ ਪਰੋਖੇ ਕਰਕੇ ਰੱਜ ਕੇ ਪੱਬਾਂ ਵਿੱਚ ਅੱਯਾਸ਼ੀ ਮਾਣਦੇ ਹਨ, ਪਰ ਆਪਣੇ ਸੰਸਕਾਰਾਂ ਅਤੇ ਨੈਤਿਕ ਕਦਰਾਂ-ਕੀਮਤਾਂ ਤੋਂ ਦੂਰ ਦੇ ਰਿਸ਼ਤੇ-ਨਾਤੇ ਉਸਨੂੰ ਉਦੋਂ ਪਤਾ ਲੱਗਦਾ ਹੈ, ਜਦੋਂ ਉਸਦੇ ਪਹਿਲੇ ਬੁਆਏ ਫਰੈਂਡ ਤੋਂ ਬਾਅਦ ਇਮਰਾਨ ਵੀ ਉਸਨੂੰ ਵਰਤ ਕੇ ਛੱਡ ਦਿੰਦਾ ਹੈ। ਉਸ ਸਮੇਂ ਉਸਨੂੰ ਇਹ ਵਕਤੀ ਰਿਸ਼ਤਿਆਂ-ਨਾਤਿਆਂ ਦੀ ਅਹਿਮੀਅਤ ਦਾ ਪਤਾ ਲੱਗਦਾ ਹੈ। ਉਹ ਆਪਣੇ ਰਸਤੇ ਤੋਂ ਭਟਕ ਕੇ ਇੱਕ ਦਾਰੂ ਦੀ ਬੋਤਲ ਦਾ ਪ੍ਰਤੀਕ ਬਣ ਕੇ ਰਹਿ ਜਾਂਦੀ ਹੈ, ਜਿਸਨੂੰ ਕੋਈ ਜਿੰਨਾ ਚਾਹੇ ਪੀ ਗਿਆ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਪੱਛਮੀ ਕਦਰਾਂ-ਕੀਮਤਾਂ ਤੇ ਰਿਸ਼ਤੇ-ਨਾਤਿਆਂ ਵਿੱਚ ਜਕੜੀ ਹੋਈ ਸਵੀਟੀ ਪੂਰਬੀ ਰਿਸ਼ਤੇ-ਨਾਤੇ, ਕਦਰਾਂ-ਕੀਮਤਾਂ ਨਾਲੋਂ ਟੁੱਟ ਚੁੱਕੀ ਹੈ, ਜਿਸ ਕਾਰਨ ਸਵੀਟੀ ਦੀ ਸਮਾਜਿਕ ਜੀਵਨ ਸ਼ੈਲੀ ਵਿੱਚ ਆਇਆ ਪਰਿਵਰਤਨ ਹੀ ਮਾੜੇ ਪੱਖ ਦਾ ਉਭਾਰ ਹੈ, ਇਸੇ ਕਹਾਣੀ ਸੰਗ੍ਰਹਿ ਦੀ ਕਹਾਣੀ 'ਅੱਧੀ ਬੋਤਲ' ਵਿੱਚ ਇਹ ਉਭਾਰ ਉਦੋਂ ਉੱਭਰਦਾ ਹੈ, ਜਦੋਂ ਇਮਰਾਨ ਸਵੀਟੀ ਨੂੰ ਕਹਿੰਦਾ ਹੈ ਕਿ:

> ਕਿੱਥੇ ਹੈ ਡਾਰਲਿੰਗ, ਬੋਤਲ ਕਿੱਥੇ ਰੱਖੀ ਹੈ ? ਇਮਰਾਨ ਨੇ ਉਸਦੇ ਕੋਲ ਆ ਕੇ ਪੁੱਛਿਆ। ਤੇਰੇ ਤੋਂ ਵੱਧ ਪਿਆਸਾ ਆਇਆ ਸੀ ਕੋਈ, ਪੀ ਗਿਆ।।ਵੱਟ ਯੂ ਮੀਨ? ਆਈ ਮੀਨ ਬੋਤਲਾਂ ਕਦੋਂ ਕਿਸੇ ਨੂੰ ਉਡੀਕਦੀਆਂ ਨੇ। ਉਹਨਾਂ ਨੂੰ ਪੀਣ ਵਾਲਿਆਂ ਦੀ ਕੋਈ ਘਾਟ ਨਹੀਂ ਹੁੰਦੀ। ਖਾਸ ਕਰ ਜਦੋਂ ਨਸ਼ੇ ਦੀਆਂ ਭਰੀਆਂ ਹੋਣ।" ਸਵੀਟੀ ਵਿਅੰਗ 'ਚ ਹੱਸੀ। ਅੱਧੀ ਬੋਤਲ ਵੀ ਪੀ ਜਾਂਦੇ ਨੇ ਲੋਕ? ਇਮਰਾਨ ਵੀ ਹੱਸਿਆ। ਬੋਤਲ ਕਦੇ ਵੀ ਅੱਧੀ ਨਹੀਂ ਹੁੰਦੀ। ਪੀਣ ਵਾਲੇ ਅੱਧੇ ਹੁੰਦੇ ਨੇ, ਜੋ ਉਹਨੂੰ ਅੱਧ ਵਿਚਾਲੇ

ਛੱਡ ਜਾਂਦੇ ਨੇ। ਉਸ ਦੀਆਂ ਅੱਖਾਂ 'ਚ ਝਲਕਦੀ ਨਿਡਰਤਾ ਦੇਖ ਕੇ ਇਮਰਾਨ ਧੁਰ ਅੰਦਰ ਤੱਕ ਕੰਬ ਗਿਆ। ਉਸਨੂੰ ਲੱਗਿਆ ਜਿਵੇਂ ਉਹ ਬੋਤਲ ਦੀ ਨਹੀਂ ਸਗੋਂ ਆਪਣੀ ਗੱਲ ਕਰ ਰਹੀ ਹੋਵੇ।(263)

'ਬੋੜਾ ਸੱਪ' ਕਹਾਣੀ ਵਿੱਚ ਵੀਨਾ ਵਰਮਾ ਨੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਨੂੰ ਪਰਿਵਰਤਨ ਵਜੋਂ ਪੇਸ਼ ਕੀਤਾ ਗਿਆ ਹੈ। ਇਸ ਪਰਿਵਰਤਨ ਦਾ ਮੂਲ ਕਾਰਨ ਰਿਸ਼ਤਿਆਂ-ਨਾਤਿਆਂ ਵਿੱਚ ਆਏ ਤਕਰਾਰ ਜਾਂ ਪੀੜ੍ਹੀ-ਪਾੜਾ ਹੈ, ਜਿਵੇਂ ਕਿ ਕਹਾਣੀ ਵਿੱਚ ਮਾਂ ਦੇ ਗੁਜ਼ਰ ਜਾਣ ਕਰਕੇ ਬੱਚਿਆਂ ਦਾ ਪਾਲਣ-ਪੋਸ਼ਣ ਪਿਤਾ ਕਰਦੇ ਹਨ। ਪਰ ਬੱਚਿਆਂ ਦਾ ਪਿਤਾ ਪ੍ਰਤੀ ਰਵੱਈਏ/ਵਿਵਹਾਰ ਵਿੱਚ ਆਏ ਪਰਿਵਰਤਨ ਨੂੰ ਧਿਆਨ ਬੱਧ ਕੀਤਾ ਗਿਆ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਬੱਚਿਆ ਵਿੱਚ ਇਹ ਪਰਿਵਰਤਨ ਆਪਣੇ ਨੈਤਿਕ, ਕਦਰਾਂ-ਕੀਮਤਾਂ ਤੇ ਸੰਸਕਾਰਾਂ ਨੂੰ ਭੁੱਲ ਕੇ ਆਪਣੇ ਮਾਪਿਆਂ ਦਾ ਮਜ਼ਾਕ ਉਡਾਉਣ ਦੇ ਰੂਪ ਵਜੋਂ ਸਾਹਮਣੇ ਆਉਂਦਾ ਹੈ। ਕਿੱਕਰ ਸਿੰਘ ਜੋ ਇੱਕ ਪੇਂਡੂ ਜੱਟ ਪੰਜਾਬੀ ਸਮਾਜ-ਸੱਭਿਆਚਾਰ ਨਾਲ ਜੁੜਿਆ ਹੋਇਆ ਵਿਅਕਤੀ ਹੈ। ਉਸਦੇ ਦੋ ਛੋਟੇ ਮੁੰਡੇ ਛਿੰਦੇ ਅਤੇ ਭਿੰਦੇ ਨੇ ਅਜੇ ਜਨਮ ਹੀ ਲਿਆ ਸੀ, ਉਹਨਾਂ ਦੀ ਮਾਂ ਕੈਂਸਰ ਦੀ ਬਿਮਾਰੀ ਨਾਲ ਮਰ ਜਾਂਦੀ ਹੈ। ਉਹ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਆਪ ਕਰਦਾ ਹੈ। ਦੂਜੀ ਮਾਂ ਉਹਨਾਂ ਨਾਲ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਆਏ ਬੇਗਾਨਗੀ ਦਾ ਵਰਤਾਅ ਨਾ ਕਰੇ। ਇਸ ਲਈ ਉਹ ਦੂਸਰਾ ਵਿਆਹ ਵੀ ਨਹੀਂ ਕਰਾਉਂਦਾ। ਕਿੱਕਰ ਸਿੰਘ ਦੇ ਬੱਚੇ ਜਦੋਂ ਵੱਡੇ ਹੋ ਜਾਂਦੇ ਹਨ ਤਾਂ ਉਹ ਫੈਕਟਰੀ ਵਿੱਚ ਕੰਮ ਕਰਨ ਲੱਗ ਜਾਂਦਾ ਹੈ। ਇਨਸਾਨੀ ਫ਼ਿਤਰਤ ਹੈ ਕਿ ਜਦੋਂ ਉਹ ਇਕੱਲਾ ਹੁੰਦਾ ਹੈ ਤਾਂ ਉਹਨੂੰ ਥੋੜ੍ਹਾ ਜਿਹਾ ਸਹਾਰਾ ਮਿਲਣ 'ਤੇ ਉਹ ਉਸੇ ਪਾਸੇ ਝੁਕ ਜਾਂਦਾ। ਫੈਕਟਰੀ ਵਿੱਚ ਕੰਮ ਕਰਦੀ ਮਸ਼ੀਨਨਿਸ਼ਟ ਬੰਤੋ ਟੁੱਟੇ ਹੋਏ ਕਿੱਕਰ ਸਿੰਘ ਨਾਲ ਜੁੜ ਜਾਂਦੀ ਹੈ। ਦੋਹਾਂ ਨੂੰ ਆਪਸ ਵਿੱਚ ਪਿਆਰ ਹੋ ਜਾਂਦਾ ਹੈ, ਬੰਤੋ ਜੋ ਕਿ ਛੋਟੀ ਬਰਾਦਰੀ ਨਾਲ ਸੰਬੰਧਿਤ ਹੈ, ਪਰ ਕਿੱਕਰ ਸਿੰਘ ਨੂੰ ਉਹ ਆਪਣੀ ਪਤਨੀ ਵਾਂਗ ਭੋਲੀ ਅਤੇ ਇਮਾਨਦਾਰ ਲੱਗਦੀ ਹੈ। ਉਹ ਉਸਨੂੰ ਬੱਚਿਆਂ ਦੇ ਆਪਣੇ ਕੰਮਾਂ 'ਤੇ ਸੈੱਟ ਹੋਣ ਤੋਂ ਬਾਅਦ ਵਿਆਹ ਕਰਾਉਣ ਦੀ ਗੱਲ ਕਹਿੰਦਾ ਹੈ, ਪਰ ਕਿੱਕਰ ਸਿੰਘ ਦੀ ਮਾੜੀ ਕਿਸਮਤ

ਕਾਰਨ ਬੰਤੋ ਵੀ ਕੁੱਖ ਦੇ ਕੈਂਸਰ ਨਾਲ, ਉਸਦੇ ਵਿਆਹ ਦੇ ਲਾਰਿਆਂ ਵਿੱਚ ਹੀ ਪੀੜਿਤ ਹੋ ਜਾਂਦੀ ਹੈ। ਫਿਰ ਉਹ ਹੁਣ ਕਿੱਕਰ ਸਿੰਘ ਦਾ ਸਾਥ ਨਿਭਾਉਣ ਤੋਂ ਅਸਮਰੱਥ ਹੈ। ਕਹਾਣੀ ਮੁੱਖ ਰੂਪ ਵਿੱਚ ਇਹ ਬਿਆਨ ਕਰਦੀ ਹੈ ਕਿ ਕਿੱਕਰ ਸਿੰਘ ਜੋ ਆਪਣੇ ਬੱਚਿਆਂ ਦੀ ਖ਼ਾਤਰ ਆਪਣੇ ਪਿਆਰ ਅਤੇ ਐਸ਼ੋ ਆਰਾਮ ਦੀ ਜ਼ਿੰਦਗੀ ਨੂੰ ਤਿਲਾਂਜਲੀ ਦੇ ਕੇ ਉਹਨਾਂ ਦੀ ਪਰਵਰਿਸ਼ ਕਰਦਾ ਹੈ, ਕਹਾਣੀ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਪਰਿਵਰਤਨ ਉਦੋਂ ਵਾਪਰਦਾ ਹੈ ਜਦੋਂ ਦੋਨੋਂ ਬੱਚੇ ਕਿੱਕਰ ਸਿੰਘ ਪ੍ਰਤੀ ਰਿਸ਼ਤੇ-ਨਾਤਿਆਂ ਦੀਆਂ ਸਾਰੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਭੁੱਲ ਕੇ ਉਸਦੀ ਪ੍ਰਵਾਹ ਨਹੀਂ ਕਰਦੇ। ਉਸਦਾ ਵੱਡਾ ਮੁੰਡਾ ਅਮਰੀਕ ਸਿੰਘ ਜਦੋਂ ਉਸ ਨਾਲ ਅਮਰੀਕਾ ਜਾਣ ਦੀ ਗੱਲ ਕਰਦਾ ਹੈ ਤਾਂ ਕਿੱਕਰ ਸਿੰਘ ਅਸਹਿਮਤੀ ਪ੍ਰਗਟਾਉਂਦਾ ਹੈ, ਜਿਸ 'ਤੇ ਸਾਰਾ ਪਰਿਵਾਰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਕਿੱਕਰ ਸਿੰਘ ਦੇ ਮਰਨ ਦਾ ਇੰਤਜ਼ਾਰ ਕਰਦੇ ਹਨ, ਕਿਉਂਕਿ ਉਸਤੋਂ ਬਾਅਦ ਉਹ ਆਪਣੀ ਮਰਜ਼ੀ ਕਰ ਸਕਣਗੇ। ਕਿੱਕਰ ਸਿੰਘ ਨੂੰ ਜਦੋਂ ਇੱਕ ਦਿਨ ਬੰਤੋ ਫ਼ੋਨ ਕਰਦੀ ਹੈ ਤਾਂ ਫ਼ੋਨ ਕਿੱਕਰ ਸਿੰਘ ਦਾ ਮੁੰਡਾ ਚੁੱਕਦਾ ਹੈ, ਪਰ ਉਹ ਉਹਲੇ ਖੜ੍ਹਾ ਸਭ ਕੁਝ ਸੁਣ ਰਿਹਾ ਹੁੰਦਾ ਹੈ, ਇਹ ਸਭ ਸੁਣ ਕੇ ਉਸਨੂੰ ਆਪਣੀ ਅਹਿਮੀਅਤ ਦਾ ਅਹਿਸਾਸ ਹੁੰਦਾ ਹੈ। ਪਰ ਨਾਲ ਹੀ ਇਸੇ ਹੀ ਕਹਾਣੀ ਸੰਗ੍ਰਹਿ ਦੀ ਕਹਾਣੀ 'ਬੋੜਾ ਸੱਪ' ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਪਰਿਵਰਤਨ ਕਾਰਨ ਆਏ ਪਿਉ-ਪੁੱਤਰਾਂ ਵਿੱਚਲੇ ਤਕਰਾਰ ਨੂੰ ਰਿਸ਼ਤਿਆਂ-ਨਾਤਿਆਂ ਦੇ ਮਾੜੇ ਪੱਖ ਵਜੋਂ ਬਿਆਨ ਕੀਤਾ ਗਿਆ ਹੈ। ਰਿਸ਼ਤਿਆਂ-ਨਾਤਿਆਂ ਦੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਭੁੱਲਣ ਕਾਰਨ ਪਿਓ ਤੇ ਪੁੱਤਰਾਂ ਵਿੱਚਕਾਰ ਪਰਿਵਰਤਨ ਰੂਪ ਦਾ ਮਾੜਾ ਪੱਖ ਉਸ ਸਮੇਂ ਵਾਪਰਦਾ ਹੈ, ਜਦੋਂ ਨੈਣ ਦਾ ਫ਼ੋਨ ਭਿੰਦਾ ਚੁੱਕ ਕੇ ਅੱਗੋਂ ਕਹਿੰਦਾ ਹੈ ਕਿ:

> ਹੀ ਇਜ਼ ਨੋਟ ਹੀਅਰ ਵੀ ਡੋਂਟ ਨੋ ਵੈਨ ਹੀ ਇਜ਼ ਬੈਕ? ਮੁੰਡੇ ਨੇ ਰੁੱਖਾ ਜਿਹਾ ਜਵਾਬ ਦੇ ਕੇ ਫੋਨ ਰੱਖ ਦਿੱਤਾ। ਕੌਣ ਸੀ? ਭਿੰਦੇ ਦੀ ਘਰਵਾਲੀ ਨੇ ਪੁੱਛਿਆ। ਨੈਣ ਦਾ ਫੋਨ ਸੀ ਸਾਲੀ, ਤੇਰਾ ਡੈਡ ਕਿੱਥੇ ਆ। ਇਹ ਨਹੀਂ ਖਹਿੜਾ ਛੱਡਦੀ ਡੈਡ ਦਾ ਇਸੇ ਕਰਕੇ ਉਹ ਅਮਰੀਕਾ ਨਹੀਂ ਜਾ ਰਿਹਾ। ਐਂਵੇ ਲੁੱਟ ਕੇ ਖਾਣ ਦੇ ਬਹਾਨੇ ਨੇ। ਡੈਡ ਨੂੰ ਸ਼ਰਮ ਚਾਹੀਦੀ ਐ। ਇਹਦੇ ਨਾਲੋਂ ਤਾਂ ਵਿਆਹ ਕਰਵਾ ਲੈਂਦਾ ਘੱਟੋ

ਘੱਟ ਖੇਹ ਤਾਂ ਨਾ ਖਾਂਦਾ। ਹਾਲੇ ਵੀ ਨਹੀਂ ਟਿਕਦਾ ਮਰਨ ਘਾਟ ਬੈਠਾ ਬੋੜਾ ਸੱਪ ਐ ਇਹ ਸਿਰਫ ਫੁਕਾਰੇ ਮਾਰਨ ਜੋਗਾ ਕੁਸ ਨਈਂ ਕਰ ਸਕਦਾ।(129,130)

ਇਸ ਤਰ੍ਹਾਂ ਕਿੱਕਰ ਸਿੰਘ ਆਪਣੀ ਔਲਾਦ ਦੇ ਮੂੰਹੋਂ ਇਹ ਸਭ ਕੁਝ ਸੁਣਦਾ ਹੈ ਤਾਂ ਉਸਨੂੰ ਧਰਤੀ ਵਿਹਲ ਨਹੀਂ ਦੇਂਦੀ ਕਿ ਮੈਂ ਇਹਨਾਂ ਲਈ ਆਪਣੀ ਜ਼ਿੰਦਗੀ ਗਵਾ ਲਈ ਬੰਤੋ ਨੂੰ ਵੀ ਨਾ ਅਪਣਾ ਸਕਿਆ। ਇਹਨਾਂ ਨੇ ਮੇਰਾ ਇਹ ਮੁੱਲ ਪਾਇਆ, ਉਹ ਗੁੱਸੇ ਨਾਲ ਘਰੋਂ ਨਿਕਲ ਜਾਂਦਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਵੀਨਾ ਵਰਮਾ ਮਾੜੇ ਪੱਖ ਨੂੰ ਰਿਸ਼ਤਿਆਂ-ਨਾਤਿਆਂ ਵਿੱਚਲੇ ਆਏ ਪਰਿਵਰਤਨ ਨੂੰ ਉਦੋਂ ਖੁੱਲ ਕੇ ਉਭਾਰਦੀ ਹੈ, ਜਦੋਂ ਕਿੱਕਰ ਸਿੰਘ ਆਪਣੀ ਔਲਾਦ ਨੂੰ ਕਹਿੰਦਾ ਹੈ ਕਿ:

ਗੰਦੀਏ ਔਲਾਦੇ ਥੋਡੇ ਤੇ ਹੋਰ ਆਸ ਵੀ ਕੀ ਕੀਤੀ ਜਾ ਸਕਦੀ ਐਂ। ਪਿਉ ਨੂੰ ਸੱਪ ਦੱਸਣ ਵਾਲੇ ਸਪੋਲਿਉ।(130)

ਉਪਰੋਕਤ ਅਧਿਐਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਵੀਨਾ ਵਰਮਾ ਦੀਆਂ ਸਮੁੱਚੀਆਂ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਔਰਤ-ਮਰਦ ਦੇ ਸਮਾਜਿਕ ਸਰੋਕਾਰਾਂ 'ਚੋਂ ਪੈਦਾ ਹੋਏ ਸਮਾਜਿਕ ਤੇ ਜਿਨਸੀ ਰਿਸ਼ਤਿਆਂ ਦੀ ਸ਼ਤਰੰਜ ਨੂੰ ਪਰਿਵਰਤਨ ਰੂਪ ਤੋਂ ਚੰਗੇ ਤੇ ਮਾੜੇ ਪੱਖ ਤੋਂ ਪੇਸ਼ ਕਰਦੀਆਂ ਹਨ। ਉਸ ਨੇ ਔਰਤ ਮਨ ਦੀਆਂ ਗਹਿਰਾਈਆਂ ਨੂੰ ਸਮਝਦੇ ਹੋਏ ਔਰਤ ਦੀ ਅਣਕਹੀ ਦੇ ਸਮਾਜਿਕ ਜੀਵਨ ਸ਼ੈਲੀ ਵਿੱਚਲੇ ਪਰਿਵਰਤਨ ਨੂੰ ਸ਼ਿੱਦਤ ਨਾਲ ਚਿਤਰਿਆ ਹੈ। ਉਸ ਦੀਆਂ ਕਹਾਣੀਆਂ ਵਿੱਚ ਔਰਤ ਦੀ ਭੂਮਿਕਾ ਭਾਵੇਂ ਮਾੜੇ ਪੱਖ ਤੋਂ ਵੇਸਵਾ, ਰਖੇਲ ਅਤੇ ਵਸਤੂ ਵਰਗੀ ਨਜ਼ਰ ਆਉਂਦੀ ਹੈ, ਪਰ ਨਾਲ ਹੀ ਚੰਗੇ ਪੱਖ ਵਜੋਂ ਪਤਨੀ, ਭੈਣ ਮਾਂ ਤੇ ਪ੍ਰੇਮਿਕਾ ਦੇ ਰੂਪ ਵਿੱਚ ਵੀ ਨਜ਼ਰ ਆਉਂਦੀ ਹੈ। ਸੱਭਿਆਚਾਰਕ ਰੂਪਾਂਤਰਨ ਦੇ ਇਨ੍ਹਾਂ ਸਮਾਜਿਕ ਪਰਿਵਰਤਨ ਦੀ ਵਿਵਹਾਰਿਕ ਭੂਮਿਕਾ ਉਸ ਦੀ ਦੁਨੀਆ ਨੂੰ ਢਹਿ ਢੇਰੀ ਕਰ ਦੇਂਦੇ ਹਨ। ਉਸਦੀਆਂ ਕਹਾਣੀਆਂ ਦੀਆਂ ਨਾਇਕਾਵਾਂ ਪੜ੍ਹੀਆਂ ਲਿਖੀਆਂ ਅਤੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਵੱਖ-ਵੱਖ ਸਥਿਤੀਆਂ-ਪਰਿਸਥਿਤੀਆਂ ਵਿਚੋਂ ਗੁਜ਼ਰਦੀਆਂ ਹੋਈਆਂ ਪਰਿਵਰਤਨ ਰੂਪ ਸੁਤੰਤਰ ਤੇ ਗ਼ੁਲਾਮ ਵੀ ਹਨ, ਪਰ ਉਹ ਫਿਰ ਵੀ ਆਪਣੇ ਜੀਵਨ ਵਿੱਚ ਮਰਦ ਤੋਂ ਬਿਨਾਂ

ਆਪਣੇ ਆਪ ਨੂੰ ਅੱਧੀਆਂ, ਅਧੂਰੀਆਂ ਤੇ ਅਪੂਰਨ ਮੰਨਦੀਆਂ ਹਨ। ਵੀਨਾ ਵਰਮਾ ਇੱਕ ਪਾਸੇ ਆਪਣੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਮਰਦਾਂ ਦੀ ਅਨੈਤਿਕਤਾ ਦਾ ਪਰਦਾਫਾਸ਼ ਵੀ ਮਾੜੇ ਪੱਖ ਦੇ ਪਰਿਵਰਤਨ ਵਜੋਂ ਕਰਦੀ ਹੈ, ਪਰੰਤੂ ਦੂਜੇ ਪਾਸੇ ਔਰਤਾਂ ਦੀ ਅਨੈਤਿਕਤਾ ਨੂੰ ਉਨ੍ਹਾਂ ਦੀਆਂ ਮਜਬੂਰੀਆਂ ਦੇ ਸੰਦਰਭ ਵਿੱਚ ਪ੍ਰਾਪਤ ਸਮਾਜਿਕ ਪਰਿਵਰਤਨ ਦੇ ਪ੍ਰਸੰਗ ਵਿੱਚ ਜਾਇਜ਼ ਜਾਂ ਨਜਾਇਜ਼ ਨਹੀਂ ਠਹਿਰਾਉਂਦੀ, ਸਗੋਂ ਆਪਣੇ ਆਪ ਨੂੰ ਨਾਰੀਵਾਦੀ ਉਲਾਰ ਦਾ ਸ਼ਿਕਾਰ ਵੀ ਨਹੀਂ ਬਣਾਉਂਦੀ, ਉਹ ਤਾਂ ਔਰਤ ਤੇ ਮਰਦ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਸੁਤੰਤਰ ਇਕਾਈ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰਦੀ ਹੈ। ਵੀਨਾ ਵਰਮਾ ਨੇ ਜਿੱਥੇ ਔਰਤ ਦੀ ਹੋਂਦ, ਸਵੈ-ਪਛਾਣ ਅਤੇ ਸਥਿਤੀ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਦੇ ਚੰਗੇ ਪੱਖ ਦੇ ਸੰਦਰਭ ਰਾਹੀਂ ਪਰਿਵਰਤਨ ਜ਼ਰੀਏ ਸਮਝਣ ਦਾ ਉਪਰਾਲਾ ਕੀਤਾ ਹੈ, ਉੱਥੇ ਔਰਤ ਦੀਆਂ ਦੋਹਰੀਆਂ ਸਥਿਤੀਆਂ ਅਤੇ ਸਮੱਸਿਆਵਾਂ ਨੂੰ ਸਮਝਣ ਦੀ ਕੋਸ਼ਿਸ਼ ਵੀ ਕੀਤੀ ਹੈ। ਉਸਨੇ ਆਪਣੀਆਂ ਕਹਾਣੀਆਂ ਵਿੱਚ ਜਿੱਥੇ ਔਰਤ ਦੀ ਹੋਂਦ ਦੀਆਂ ਸਰੀਰਕ ਅਤੇ ਭਾਵਨਾਤਮਕ ਵਿਲੱਖਣਤਾਵਾਂ ਦੀ ਪੇਸ਼ਕਾਰੀ ਵੀ ਕੀਤੀ ਹੈ, ਉੱਥੇ ਉਸਨੇ ਔਰਤ ਦੇ ਦਮਨ, ਭੈਅ, ਸੰਤਾਪ ਅਤੇ ਅਪ੍ਰਵਾਨ ਕੀਤੇ ਜਾਣ ਦੇ ਭੈਅ ਦੀ ਵੀ ਬਾਖ਼ੂਬੀ ਸਿਰਜਣਾ ਕੀਤੀ ਹੈ। ਵੀਨਾ ਵਰਮਾ ਨੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਤੋਂ ਪਰਿਵਰਤਨ ਦੇ ਅੰਤਰਗਤ ਜਿੱਥੇ ਔਰਤ ਦੀ ਮੱਕਾਰੀ ਤੇ ਚੁਸਤੀ-ਚਲਾਕੀ ਨੂੰ ਮਾੜੇ ਪੱਖਾਂ ਵਜੋਂ ਪਰਿਵਰਤਨ ਜ਼ਰੀਏ ਪੇਸ਼ ਕਰਦੀ ਹੈ। ਉੱਥੇ ਉਹ ਮਰਦ ਦੀਆਂ ਅਨੈਤਿਕ ਤੇ ਅਮਾਨਵੀ ਪ੍ਰਵਿਰਤੀਆਂ ਦਾ ਵੀ ਦਲੇਰੀ ਨਾਲ ਪਰਿਵਰਤਨ ਜ਼ਰੀਏ ਵਰਣਨ ਵੀ ਮਾੜੇ ਪੱਖਾਂ ਵਜੋਂ ਕਰਦੀ ਹੈ।

**3.3. ਆਰਥਿਕ ਪੱਖ**: ਆਰਥਿਕ ਪੱਖ ਦਾ ਮਨੁੱਖੀ ਜੀਵਨ ਸ਼ੈਲੀ ਤੇ ਵਿਕਾਸ ਲਈ ਮਹੱਤਵਪੂਰਨ ਯੋਗਦਾਨ ਰਿਹਾ ਹੈ। ਕਿਉਂਕਿ ਸਮੁੱਚੀ ਲੋਕਾਈ ਨੂੰ ਆਪਣੀਆਂ ਬੁਨਿਆਦੀ ਲੋੜਾਂ ਕੁੱਲੀ,ਗੁੱਲੀ ਅਤੇ ਜੁੱਲੀ ਦੀ ਪੂਰਤੀ ਆਰਥਿਕ ਵਿਕਾਸ ਵਿਚੋਂ ਹੁੰਦੀ ਹੈ। ਇਸ ਲਈ ਆਰਥਿਕ ਹਿੱਤਾਂ ਦੀ ਪੂਰਤੀ ਲਈ ਵਿਅਕਤੀ ਵੱਖ-ਵੱਖ ਪ੍ਰਕਾਰ ਦੀਆਂ ਆਰਥਿਕ ਸੰਸਥਾਵਾਂ ਦਾ ਨਿਰਮਾਣ ਕਰਦਾ ਰਹਿੰਦਾ ਹੈ। ਆਰਥਿਕ ਸੰਸਥਾਵਾਂ ਮੁੱਖ ਤੌਰ 'ਤੇ ਆਰਥਿਕ ਪੱਖ ਦੇ ਮਸਲਿਆਂ ਨਾਲ਼ ਸੰਬੰਧਿਤ ਹੁੰਦੀਆਂ ਹਨ ਤਾਂ ਜੋ ਮਨੁੱਖ ਦੀ ਹੋਂਦ ਨੂੰ ਆਰਥਿਕ ਪੱਖ

ਤੋਂ ਸੁਰੱਖਿਅਤ ਕੀਤਾ ਜਾ ਸਕੇ। ਆਰਥਿਕ ਸੰਸਥਾਵਾਂ ਦਾ ਮੁੱਢਲਾ ਫ਼ਰਜ਼ ਇਹ ਹੈ ਕਿ ਮਨੁੱਖ ਨੂੰ ਸਮਾਜ-ਸੱਭਿਆਚਾਰ ਉੱਤੇ ਬੋਝ ਨਾ ਬਣਨ ਦੇਵੇ। ਹਰੇਕ ਮਨੁੱਖ ਆਪਣੀ ਮਿਹਨਤ ਨਾਲ਼ ਖ਼ੁਦ ਆਪਣੀ ਰੋਜ਼ੀ-ਰੋਟੀ ਦਾ ਪ੍ਰਬੰਧ ਕਰ ਸਕੇ। ਕਿਸੇ ਸਮਾਜ-ਸੱਭਿਆਚਾਰ ਵਿੱਚ ਆਪਣੇ ਆਪ ਨੂੰ ਸਥਿਰ ਰੱਖਣ ਦਾ ਸਭ ਤੋਂ ਵੱਡਾ ਕਾਰਨ ਸੰਬੰਧਿਤ ਸਮਾਜ-ਸੱਭਿਆਚਾਰ ਦੀ ਆਰਥਿਕ ਹਾਲਤ ਦਾ ਗਿਣਿਆ ਜਾਂਦਾ ਹੈ। ਇਹ ਆਰਥਿਕਤਾ ਸਮਾਜ-ਸੱਭਿਆਚਾਰ ਵਿੱਚ ਕਿਸੇ ਦੂਜੇ ਵਿਅਕਤੀਆਂ ਨਾਲ਼ ਸੰਬੰਧਾਂ ਦੀ ਉਸਾਰੀ ਦਾ ਮੂਲ ਅਧਾਰ ਹੈ। ਆਰਥਿਕ ਪੱਖ ਦੇ ਅੰਤਰਗਤ ਵਿਅਕਤੀ ਦੀ ਆਰਥਿਕ ਦਰਜਾਬੰਦੀ ਦੀ ਪੁਣ-ਛਾਣ ਕੀਤੀ ਜਾਂਦੀ ਹੈ। ਕਿਸੇ ਵਿਅਕਤੀ ਨੂੰ ਸੱਭਿਅਕ ਬਣਾਉਣ ਲਈ ਆਰਥਿਕਤਾ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ। ਆਰਥਿਕਤਾ ਬਾਰੇ ਮਿਸਿਜ਼ ਸਾਵਿੰਦਰਜੀਤ ਕੌਰ ਨੇ *ਸਮਾਜ ਵਿਗਿਆਨ ਨਾਲ ਜਾਣ-ਪਛਾਣ* ਲਿਖਿਆ ਹੈ ਕਿ:

> ਸੰਪਤੀ ਅਤੇ ਆਰਥਿਕ ਸੰਸਥਾਵਾਂ ਅਧੀਨ ਪੂਰਵਜਾਂ (ancestor) ਦੁਆਰਾ ਪ੍ਰਾਪਤ ਨਿਜੀ ਜਾਇਦਾਦ ਦੀ ਰੱਖਿਆ ਅਤੇ ਨਵੀਂ ਜਾਇਦਾਦ ਦੇ ਵਿਕਾਸ ਦੀਆਂ ਸਮੱਸਿਆਵਾਂ ਆਉਂਦੀਆਂ ਹਨ। ਨਿਤਾਪ੍ਰਤੀ ਦੀਆਂ ਜ਼ਰੂਰਤਾਂ ਦੀ ਪੂਰਤੀ ਅਤੇ ਵੱਖ-ਵੱਖ ਸੁੱਖ-ਸਹੂਲਤਾਂ ਪ੍ਰਾਪਤ ਕਰਨ ਲਈ ਮਨੁੱਖ ਅਨੇਕ ਪ੍ਰਕਾਰ ਦੇ ਪੇਸ਼ੇ ਅਤੇ ਉਪਯੋਗੀ ਕਲਾਵਾਂ ਨੂੰ ਗ੍ਰਹਿਣ ਕਰਦਾ ਹੈ। ਇਹ ਹੀ ਵੱਖ-ਵੱਖ ਪੇਸ਼ੇ ਆਪਣੇ ਵਿਕਸਿਤ ਰੂਪ ਵਿੱਚ ਆਰਥਿਕ ਸੰਸਥਾਵਾਂ ਦਾ ਰੂਪ ਗ੍ਰਹਿਣ ਕਰਦੇ ਹਨ। ਇਹਨਾਂ ਵਿੱਚ ਕਾਰਖਾਨੇ, ਹੋਰ ਦੂਸਰੇ ਪੇਸ਼ੇ ਬੈਂਕ, ਸਹਿਕਾਰੀ ਸੰਸਥਾਵਾਂ, ਟਰੇਡ ਯੂਨੀਅਨਾਂ, ਆਵਾਜਾਈ ਦੇ ਸਾਧਨ ਪ੍ਰਮੁੱਖ ਹਨ।(226,227)

ਜਦੋਂ ਤੋਂ ਆਰਥਿਕ ਸੰਸਥਾਵਾਂ ਹੋਂਦ ਵਿੱਚ ਆਉਣ ਲੱਗ ਪਈਆਂ, ਉਸ ਸਮੇਂ ਤੋਂ ਮਨੁੱਖ ਨੇ ਸਮਾਜ-ਸੱਭਿਆਚਾਰ ਦੇ ਆਰਥਿਕ ਢਾਂਚੇ ਨੂੰ ਚਲਾਉਣ ਲਈ ਕੁਦਰਤ ਦੀਆਂ ਸਿਰਜਣਾਵਾਂ ਨੂੰ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਆਜ਼ਾਦੀ ਨਾਲ ਕਰਨੀ ਸ਼ੁਰੂ ਕਰ ਦਿੱਤੀ। ਪਰੰਤੂ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਆਜ਼ਾਦੀ ਨੇ ਔਰਤ-ਮਰਦ ਵਰਗ ਲਈ ਜੇਕਰ ਬੇਸ਼ੁਮਾਰ ਮੌਕੇ ਪੈਦਾ ਕੀਤੇ ਹਨ ਅਤੇ ਨਾਲ ਹੀ ਉਸ ਦੀਆਂ ਜ਼ਿੰਮੇਵਾਰੀਆਂ ਤੇ ਮੁਸੀਬਤਾਂ ਵਿੱਚ ਵੀ ਵਾਧਾ ਕੀਤਾ ਹੈ, ਪਰ ਨਾਲ ਹੀ ਆਰਥਿਕ ਵਿਕਾਸ ਨੇ ਮਾਨਵ

ਜਾਤੀ ਲਈ ਵਿਕਾਸ ਦੇ ਨਵੇਂ ਰਾਹ ਖੋਲ੍ਹੇ ਹਨ। ਜਿਸ ਸਦਕਾ ਵਧੇਰੇ ਹਿਊਮਨ ਪਾਵਰ ਦੀ ਜ਼ਰੂਰਤ ਪਈ। ਪਰਿਣਾਮ ਸਰੂਪ ਔਰਤਾਂ ਨੇ ਵੀ ਘਰੋਂ ਬਾਹਰ ਨਿਕਲ ਕੇ ਕਮਾਉਣਾ ਸ਼ੁਰੂ ਕਰ ਦਿੱਤਾ। ਉਹ ਵੀ ਨੌਕਰੀਆਂ ਕਰ ਕੇ ਘਰ ਦੇ ਵਿਕਾਸ ਵਿੱਚ ਸਹਿਯੋਗ ਦੇਣ ਲੱਗ ਪਈਆਂ ਹਨ। ਔਰਤਾਂ ਅੰਦਰ ਰੋਜ਼ਗਾਰ ਦੀ ਭਾਵਨਾ ਨੇ ਇੱਕ ਨਵਾਂ ਹੁਲਾਸ ਭਰਿਆ। ਆਰਥਿਕ ਪੱਖੋਂ ਮਜ਼ਬੂਤ ਹੋ ਕੇ ਉਸਨੇ ਜ਼ਿੰਦਗੀ ਨੂੰ ਨਵੇਂ ਢੰਗ ਨਾਲ ਜ਼ਿੰਦਗੀ ਜਿਊਣ ਲਈ ਪ੍ਰੇਰਿਤ ਹੋਈਆਂ। ਆਰਥਿਕ ਨਿਰਭਰਤਾ ਉਸ ਦੀ ਮਾਨਸਿਕ ਪਰਿਵਾਰਿਕ ਅਤੇ ਸਮਾਜਿਕ ਆਜ਼ਾਦੀ ਦਾ ਆਧਾਰ ਬਣੀ। ਉਸਨੂੰ ਅਣਚਾਹੇ ਦਬਾਵਾਂ ਅੱਗੇ ਝੁਕਣ ਤੋਂ ਰੋਕਦੀ ਹੈ ਤੇ ਕਈ ਮੁਸ਼ਕਲਾਂ/ਮਜਬੂਰੀਆਂ ਦਾ ਟਾਕਰਾ ਕਰਨ ਦਾ ਆਰਥਿਕ ਤੇ ਮਾਨਸਿਕ ਬਲ ਪ੍ਰਦਾਨ ਕਰਦੀ ਹੈ। ਪਰੰਤੂ ਰੂੜ੍ਹੀਵਾਦੀ ਸੋਚ ਨੂੰ ਧਾਰਿਆ ਪੁਰਸ਼ ਅਤਿ-ਵਿਕਸਿਤ ਉਤਰ-ਆਧੁਨਿਕ ਮੁਲਕ ਵਿੱਚ ਆ ਕੇ ਵੀ ਆਪਣੀ ਪਤਨੀ, ਧੀ ਨੂੰ ਕੰਮ ਕਰਨ ਦੀ ਖੁੱਲ੍ਹ ਨਹੀਂ ਦੇਣਾ ਚਾਹੁੰਦਾ। ਉਸਨੂੰ ਜਾਪਦਾ ਹੈ ਕਿ ਕੰਮ ਤੇ ਜਾਣ ਨਾਲ ਉਹ ਘਰ ਵਿੱਚ ਆਪਣੀ ਮਰਜ਼ੀ ਚਲਾਵੇਗੀ ਤੇ ਇਸ ਕਮਾਈ ਨੂੰ ਆਪਣੀ ਮਰਜ਼ੀ ਨਾਲ ਖਰਚਣ ਦੀ ਇੱਛਾ ਵੀ ਰੱਖੇਗੀ ਜੋ ਕਿ ਪੁਰਾਤਨ ਜਗੀਰ ਸੋਚ ਦੇ ਹਾਮੀ ਮਰਦ ਨੂੰ ਮੰਜ਼ੂਰ ਨਹੀਂ। ਉਸ ਨੂੰ ਜਾਪਦਾ ਹੈ ਕਿ ਖੁਦ ਕਮਾਈ ਕਰਨ ਨਾਲ ਉਸਦੀ ਪਤਨੀ ਉਸਦੇ ਕਹੇ ਵਿੱਚ ਨਹੀਂ ਰਹੇਗੀ। ਅਸਲ ਵਿੱਚ ਪਰੰਪਰਕ ਪੰਜਾਬੀ ਮਰਦ ਆਪਣੀ ਪਤਨੀ ਰੂਪੀ ਜਗੀਰ ਨੂੰ ਖ਼ੁਦਮੁਖ਼ਤਿਆਰੀ ਨਹੀਂ ਦੇਣਾ ਚਾਹੁੰਦਾ। ਉਸਨੂੰ ਡਰ ਹੈ ਕਿ ਔਰਤ ਦੇ ਕਮਾਈ ਕਰਨ ਨਾਲ ਮਰਦ ਦੀ ਘਰ ਵਿੱਚਲੀ ਸੱਤਾ ਨੂੰ ਔਰਤ ਦੁਆਰਾ ਵੰਗਾਰਿਆ ਜਾ ਸਕਦਾ ਹੈ। ਜਿਸ ਬਾਰੇ ਹਰਚੰਦ ਸਿੰਘ ਬੇਦੀ *ਔਰਤਾਂ ਦੀਆਂ ਕਹਾਣੀਆਂ* 'ਚ ਲਿਖਦਾ ਹੈ ਕਿ:

> ਪੰਜਾਬੀ ਔਰਤ ਭਾਵੇਂ ਖੁਦ ਕਮਾਉਂਦੀ ਹੋਵੇ ਆਰਥਿਕ ਤੌਰ 'ਤੇ ਸਵੈ-ਨਿਰਭਰ ਹੋਵੇ ਉਹ ਫਿਰ ਵੀ ਮਰਦ 'ਤੇ ਆਸ਼੍ਰਿਤ ਹੈ। ਇਸ ਲਈ ਉਸ ਦੀਆਂ ਸੀਮਾਵਾਂ ਤੇ ਨਿਤਾ ਪ੍ਰਤੀ ਦੀਆਂ ਸਾਰੀਆਂ ਕਿਰਿਆਵਾਂ ਤਾਂ ਕਾਮੇ ਵਾਂਗ ਹੀ ਪੂਰਵ ਪਰਿਭਾਸ਼ਤ ਹਨ। ਔਰਤ ਦੀਆਂ ਤਿੰਨੋਂ ਪੀੜ੍ਹੀਆਂ ਨੇ ਆਪੋ-ਆਪਣੀ ਪੱਧਰ 'ਤੇ ਆਪਣੀ ਸਮਰੱਥਾ ਅਨੁਸਾਰ ਨਿਰੰਤਰ ਲੜਾਈ ਲੜੀ ਭਾਵੇਂ ਇਸਦੀ ਰਫ਼ਤਾਰ ਕਿੰਨ੍ਹੀ ਵੀ ਧੀਮੀ ਕਿਉਂ ਨਾ ਰਹੀ ਹੋਵੇ।(16)

ਇਸ ਤਰ੍ਹਾਂ ਆਰਥਿਕ ਆਜ਼ਾਦੀ ਔਰਤ ਦੀਆਂ ਹੋਰ ਆਜ਼ਾਦੀਆਂ ਦਾ ਆਧਾਰ ਤਾਂ ਬਣਦੀ ਹੈ. ਪਰ ਇਸਦਾ ਭਾਵ ਇਹ ਨਹੀਂ ਕਿ ਆਰਥਿਕ ਤੌਰ ਤੇ ਆਜ਼ਾਦ ਔਰਤ ਕਿਸੇ ਦਬਾਅ ਹੇਠ ਨਹੀਂ ਹੈ। ਉਂਝ ਔਰਤ ਦੁਆਰਾ ਕਮਾਈ ਕਰ ਕੇ ਘਰ ਲਿਆਉਣ ਨਾਲ ਘਰ ਵਿੱਚ ਉਸਦੀ ਕਦਰ ਵੀ ਹੁੰਦੀ ਹੈ ਤੇ ਉਹ ਆਪਣੀ ਮਰਜ਼ੀ ਨਾਲ ਉਹਨਾਂ ਪੈਸਿਆਂ ਨੂੰ ਖਰਚਣ ਦੀ ਖੁੱਲ੍ਹ ਵੀ ਲੈਂਦੀ ਹੈ। ਪੱਛਮੀ ਮੁਲਕਾਂ ਦੀਆਂ ਸੁੱਖ-ਸਹੂਲਤਾਂ ਤੇ ਖੁੱਲ੍ਹਾਂ ਔਰਤ ਵਰਗ ਨੂੰ ਖ਼ਾਸ ਤੌਰ 'ਤੇ ਆਕਰਸ਼ਿਤ ਕਰਦੀਆਂ ਹਨ। ਆਪਣੇ ਹੱਥੀਂ ਕਮਾਈ ਕਰਨੀ ਤੇ ਖਰਚਣਾ ਉਸਨੂੰ ਖੁਸ਼ੀ ਦੇਂਦਾ ਹੈ। ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਵਜੋਂ ਔਰਤ-ਮਰਦ ਦੇ ਵਿਆਹ ਸੰਬੰਧ ਨੂੰ ਚੰਗੇ ਤੇ ਮਾੜੇ ਪੱਖ ਤੋਂ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। ਮੂਲ ਤੌਰ ‘ਤੇ ਇਹ ਉਭਾਰ ਹੇਠ ਲਿਖੇ ਅਨੁਸਾਰ ਹੈ:

**(ੳ) ਚੰਗੇ ਪੱਖ:** ਚੰਗੇ ਪੱਖ ਤੋਂ ਆਰਥਿਕਤਾ ਮਨੁੱਖੀ ਜੀਵਨ ਸ਼ੈਲੀ ਦਾ ਮੂਲ ਧੁਰਾ ਹੈ, ਜਿਸ ਦੇ ਦੁਆਲੇ ਮਨੁੱਖ ਦੀ ਸੰਪੂਰਨ ਜ਼ਿੰਦਗੀ ਘੁੰਮਦੀ ਹੈ। ਆਰਥਿਕ ਤੌਰ 'ਤੇ ਮਾੜਾ ਬੰਦਾ ਰਿਸ਼ਤਿਆਂ ਦੀ ਦੌੜ ਵਿੱਚ ਵੀ ਪਿੱਛੇ ਰਹਿ ਜਾਂਦਾ ਹੈ।। ਸੱਭਿਆਚਾਰਕ ਰੂਪਾਂਤਰਨ ਦੇ ਚੰਗੇ ਆਰਥਿਕ ਪੱਖ ਤੋਂ ਜੀਵਨ ਵਿੱਚ ਆਏ ਪਰਿਵਰਤਨ ਕਾਰਨ ਪਲਦੇ ਵਿਭਿੰਨ ਅੰਤਰ-ਵਿਰੋਧਾਂ ਅਤੇ ਅੰਤਰ-ਦਾਵੰਦਾਂ ਨੂੰ ਵੀਨਾ ਵਰਮਾ ਦੀਆਂ ਕਹਾਣੀਆਂ ਉਭਾਰਦੀਆਂ ਹਨ। ਸਮਾਜ ਦੀ ਰੂਪ-ਰੇਖਾ ਉਘਾੜਨ ਵਿੱਚ ਆਰਥਿਕਤਾ ਦੀ ਬਹੁਤ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਸਮਾਜ ਵਿੱਚ ਆਰਥਿਕਤਾ ਦੇ ਮਹੱਤਵ ਬਾਰੇ ਸਾਰਥਕ ਟਿੱਪਣੀ ਕਰਦੇ ਹੋਏ, ਪੰਜਾਬੀ ਦੇ ਪ੍ਰਸਿੱਧ ਵਿਦਵਾਨ ਡਾ. ਸੁਖਦੇਵ ਸਿੰਘ *ਆਧੁਨਿਕ ਪੰਜਾਬੀ ਕਵਿਤਾ ਦਾ ਕਾਵਿ-ਸ਼ਾਸਤਰ* ‘ਚ ਲਿਖਦੇ ਹਨ ਕਿ:

> ਆਰਥਿਕ ਆਧਾਰ, ਨਿਰਸੰਦੇਹ ਸਮਾਜਿਕ ਉਸਾਰ ਦੇ ਸਾਰੇ ਵਿਚਾਰਧਾਰਕ ਰੂਪਾਂ- ਧਰਮ, ਦਰਸ਼ਨ, ਨੈਤਿਕਤਾ, ਰਾਜਨੀਤੀ ਅਤੇ ਕਲਾ ਆਦਿ ਦੇ ਸੁਭਾਅ ਨੂੰ ਨਿਸ਼ਚਿਤ ਕਰਦਾ ਹੈ।(83)

ਅਜੋਕੇ ਨਿਜ਼ਾਮ ਵਿੱਚ ਆਰਥਿਕਤਾ ਉੱਪਰ ਕਾਬਜ਼ ਜਮਾਤ ਦਿਨੋ-ਦਿਨ ਅਮੀਰ ਹੁੰਦੀ ਜਾਂਦੀ ਹੈ ਤੇ ਕਿਰਤੀ ਵਰਗ ਦਾ ਜੀਵਨ ਆਰਥਿਕ ਮੰਦਹਾਲੀ ਕਾਰਨ ਨਿੱਘਰਦਾ ਜਾਂਦਾ ਹੈ। ਆਰਥਿਕ ਤੰਗੀਆਂ ਹੱਥੋਂ

ਸਤਾਇਆ ਕਿਰਤੀ ਵਰਗ ਅਖੀਰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਇਨਕਲਾਬ ਦੇ ਰਾਹੇ ਪੈਂਦਾ ਹੈ। ਵੀਨਾ ਵਰਮਾ ਦੀ *ਮੁੱਲ ਦੀ ਤੀਵੀਂ* ਵਿੱਚੋਂ ਲਈ ਕਹਾਣੀ 'ਖਾਲੀ ਪਲਾਟ' ਵੀ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਆਤਮ-ਨਿਰਭਰਤਾ ਦੇ ਚੰਗੇ ਪੱਖ ਦਾ ਉਭਾਰ ਹੈ। ਜਿਵੇਂ ਕਿ ਇਸ ਕਹਾਣੀ ਵਿੱਚ ਜੱਸੀ ਆਪਣੀ ਸਹੇਲੀ ਰਾਣੀ ਦੇ ਕਹਿਣ 'ਤੇ ਉਸ ਕੋਲ ਚਲੀ ਜਾਂਦੀ ਹੈ। ਰਾਣੀ ਉਸਨੂੰ ਕਹਿੰਦੀ ਹੈ ਕਿ ਉਹ ਕੋਈ ਮੁੰਡਾ ਭਾਲ ਕੇ ਉਸਦਾ ਘਰ ਵਸਾ ਦੇਵੇਗੀ। ਇਸ ਆਸ 'ਤੇ ਉਹ ਉਸ ਕੋਲ ਰਹਿਣ ਲੱਗ ਪੈਂਦੀ ਹੈ, ਪਰ ਰਾਣੀ ਦੀ ਗੈਰ ਮੌਜੂਦਗੀ ਵਿੱਚ ਉਸਦਾ ਪਤੀ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਉਸਨੂੰ ਮੁੰਡਾ ਭਾਲ ਕੇ ਦੇਣ ਦੀ ਫ਼ੀਸ ਅਦਾ ਕਰਨ ਲਈ ਕਹਿੰਦਾ ਹੈ। ਵੀਨਾ ਵਰਮਾ ਦੀ ਕਹਾਣੀ 'ਖਾਲੀ ਪਲਾਟ' ਦੀ ਜੱਸੀ ਜ਼ਿੰਦਗੀ ਵਿੱਚ ਕਈ ਕਿਸਮ ਦੇ ਲੋਕਾਂ ਨੂੰ ਮਿਲਣ ਤੋਂ ਬਾਅਦ ਜਦੋਂ ਚੰਗੀ ਨੌਕਰੀ ਤੇ ਲਗ ਜਾਂਦੀ ਹੈ ਤਾਂ ਆਫ਼ਿਸ ਦਾ ਵਾਤਾਵਰਣ ਉਸਨੂੰ ਹਲਕਾ ਤੇ ਸੁਖਾਵਾਂ ਜਾਪਦਾ ਹੈ। ਜਦੋਂ ਜੱਸੀ ਦਾ ਦੋਸਤ ਕੰਵਲ ਉਸ ਅੱਗੇ ਵਿਆਹ ਦਾ ਆਫ਼ਰ ਰੱਖਦਾ ਹੈ ਤਾਂ ਉਹ ਇਨਕਾਰ ਕਰ ਦੇਂਦੀ ਹੈ ਕਿਉਂਕਿ ਉਹ ਸਮਝਦੀ ਹੈ ਕਿ ਆਰਥਿਕ ਆਜ਼ਾਦੀ ਮਾਨਣ ਤੋਂ ਬਾਅਦ ਹੁਣ ਉਹ ਉਸਦੀ ਗੁਲਾਮੀ ਨਹੀਂ ਕਰ ਸਕਦੀ। ਔਰਤ ਦੀ ਮਰਦ ਉੱਤੇ ਆਰਥਿਕ ਨਿਰਭਰਤਾ ਕਾਰਨ ਹੀ ਮਰਦ ਹਮੇਸ਼ਾ ਔਰਤ ਨੂੰ ਲਿਤਾੜਦਾ ਆਇਆ ਹੈ ਤੇ ਉਸ ਉੱਤੇ ਰਾਜ ਕਰਦਾ ਰਿਹਾ ਹੈ। ਇਸ ਲਈ ਜੱਸੀ ਕਿਸੇ ਪ੍ਰਕਾਰ ਦੀ ਕੋਈ ਅਧੀਨਗੀ ਨਹੀਂ ਚਾਹੁੰਦੀ ਉਹ ਕੰਵਲ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਔਰਤ ਦੇ ਆਰਥਿਕ ਆਤਮ-ਨਿਰਭਰਤਾ ਦੇ ਚੰਗੇ ਪੱਖ ਬਾਰੇ ਸਪੱਸ਼ਟ ਰੂਪ ਕਹਿੰਦੀ ਹੈ ਕਿ:

ਸਭ ਤੋਂ ਵੱਡੀ ਗੁਲਾਮੀ ਆਰਥਿਕ ਗੁਲਾਮੀ ਹੈ ਕੰਵਲ, ਜਦੋਂ ਤੁਸੀਂ ਕਿਸੇ ਅੱਗੇ ਹੱਥ ਅੱਡਦੇ ਹੋ। ਇਸੇ ਬਿਨ੍ਹਾ ਤੇ ਮਰਦ ਔਰਤ 'ਤੇ ਸਦੀਆਂ ਤੋਂ ਰੂਲ ਕਰਦਾ ਆ ਰਿਹਾ ਹੈ ਤੇ ਮੇਰਾ ਖ਼ਿਆਲ ਨਹੀਂ ਮੈਂ ਇਸ ਪੱਖੋਂ ਗੁਲਾਮ ਹਾਂ।(39)

ਇਸ ਤਰ੍ਹਾਂ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਆਤਮ-ਨਿਰਭਰ ਦੇ ਚੰਗੇ ਪੱਖ ਦੀ ਸੰਪੰਨਤਾ ਉਸਨੂੰ ਜ਼ਿੰਦਗੀ ਵਿੱਚ ਮਹੱਤਵਪੂਰਨ ਫ਼ੈਸਲੇ ਲੈਣ ਲਈ ਲੋੜੀਂਦਾ ਆਤਮ-ਵਿਸ਼ਵਾਸ ਦਿੰਦੀ ਹੈ।

ਇਸਦੇ ਫਲਸਰੂਪ ਉਸਨੂੰ ਕਿਸੇ ਦੀ ਅਧੀਨਗੀ ਸਵੀਕਾਰ ਕਰਨ ਜਾਂ ਆਪਣੇ ਆਤਮ ਸਨਮਾਨ ਨੂੰ ਗਿਰਵੀ ਰੱਖ ਕੇ ਜ਼ਿੰਦਗੀ ਕੱਟਣ ਦੀ ਲੋੜ ਨਹੀਂ ਪੈਂਦੀ। ਉਹ ਬਿਨਾਂ ਕਿਸੇ ਦੀ ਮਦਦ ਤੋਂ ਬਿਨਾਂ ਕਿਸੇ ਦਾ ਅਹਿਸਾਨ ਲਏ ਜ਼ਿੰਦਗੀ ਜਿਉਂਦੀ ਹੈ। ਸੋ ਇਸ ਤਰ੍ਹਾਂ ਇਹ ਕਹਾਣੀਆਂ ਵੀ ਦੂਸਰੀਆਂ ਕਹਾਣੀਆਂ ਵਾਂਗ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਚੰਗੇ ਪੱਖ ਦੇ ਪ੍ਰਭਾਵ ਅਧੀਨ ਮਨੁੱਖ ਦੁਆਰਾ ਹਰ ਤਰ੍ਹਾਂ ਦੀਆਂ ਨੈਤਿਕ ਕਦਰਾਂ-ਕੀਮਤਾਂ ਅਤੇ ਸੰਸਕਾਰਾਂ ਨੂੰ ਪਦਾਰਥਕ ਵਸਤੂਆਂ ਜਾਂ ਪੂੰਜੀਵਾਦੀ ਖਪਤ ਸੱਭਿਆਚਾਰ ਵਿੱਚ ਆ ਕੇ ਖੁੱਲ੍ਹ ਕੇ, ਆਤਮ-ਨਿਰਭਰ ਤੇ ਖ਼ੁਸ਼ਹਾਲ ਜ਼ਿੰਦਗੀ ਮਾਨਣ ਲਈ ਪ੍ਰੇਰਿਤ ਕਰਦੀ ਹੈ। ਵੀਨਾ ਵਰਮਾ ਦੀ ਕਹਾਣੀ 'ਲਿੱਬੜੀ ਹੋਈ ਚਾਦਰ' ਵਿੱਚ ਸੁਜਾਤਾ ਆਪਣੇ ਪਤੀ ਦੇ ਦੋਗਲੇਪਣ ਅਤੇ ਬੁਰੇ ਚਰਿੱਤਰ ਤੋਂ ਦੁੱਖੀ ਹੋ ਕੇ ਆਪਣਾ ਘਰ ਲੈਣ ਦਾ ਫ਼ੈਸਲਾ ਕਰਦੀ ਹੈ। ਉਹ ਆਪਣੇ ਪ੍ਰੇਮੀ ਕੁਮਾਰ ਸਾਹਿਬ ਦੇ ਘਰ ਰਹਿਣ ਜਾਂ ਉਸਦੀ ਕੋਈ ਮਦਦ ਲੈਣ ਲਈ ਤਿਆਰ ਨਹੀਂ। ਜਿਵੇਂ ਕਿ ਕਹਾਣੀ *ਫਰੰਗੀਆਂ ਦੀ ਨੂੰਹ* ਦੀ 'ਲਿੱਬੜੀ ਹੋਈ ਚਾਦਰ' ਕਹਾਣੀ ਵਿੱਚ ਸੁਜੀਤਾ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਆਤਮ-ਨਿਰਭਰਤਾ ਦੇ ਚੰਗੇ ਪੱਖ ਵਜੋਂ ਕਹਿੰਦੀ ਹੈ ਕਿ:

> ਇਹੀ ਤਾਂ ਮੈਂ ਕਹਿ ਰਹੀ ਹਾਂ ਕਿ ਮੈਨੂੰ ਕੀ ਜ਼ਰੂਰਤ ਹੈ ਮੈਂ ਕਿਸੇ ਤੋਂ ਸਹਾਰਾ ਮੰਗਾਂ। ਮੈਂ ਆਪਣਾ ਮਕਾਨ ਖ਼ਰੀਦ ਸਕਦੀ ਹੈ। ਆਈ ਕੈਨ ਐਫੋਰਡ ਮਾਈ ਲਾਈਫ਼। ਆਈ ਡੋਂਡ ਨੀਡ ਐਨੀ ਸਪੋਰਟ।(230)

ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਦਾ ਸਵੈ-ਨਿਰਭਰਤਾ ਉਸ ਵਿੱਚ ਇੱਕ ਆਤਮ ਵਿਸ਼ਵਾਸ ਭਰਦੀ ਹੈ। ਸੁਜਾਤਾ ਮਰਦ ਦੇ ਰਹਿਮ ਦਾ ਪਾਤਰ ਨਹੀਂ ਬਣਦੀ। ਉਹ ਆਪਣੇ ਆਤਮ ਵਿਸ਼ਵਾਸ ਦਾ ਚੰਗੇ ਪੱਖ ਵਜੋਂ ਬਿਆਨ ਕਰਦੀ ਹੋਈ ਕਹਿੰਦੀ ਹੈ ਕਿ:

> ਕੀ ਸਮਝਦੇ ਹੋ ਤੁਸੀਂ ਮਰਦ ਲੋਗ ਸਾਨੂੰ? ਸੋਲ੍ਹਵੀਂ ਸਦੀ ਦੀ ਔਰਤ ਹਾਂ ਮੈਂ, ਜੋ ਤੇਰੇ ਰਹਿਮ ਤੇ ਜੀਵਾਂਗੀ? ਸੁਜਾਤਾ ਨੇ ਉਸੇ ਦੀ ਕਹੀ ਗੱਲ ਉਸਦੇ ਪੱਥਰ ਵਾਂਗ ਮਾਰੀ।(235)

ਇਸ ਤਰ੍ਹਾਂ ਆਰਥਿਕ ਵਿਕਾਸ ਨਾਲ ਸੱਭਿਆਚਾਰਕ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ

ਹਨ। ਆਰਥਿਕ ਸਵੈ-ਨਿਰਭਰਤਾ ਨੇ ਔਰਤ ਅੰਦਰ ਚੰਗੇ ਪੱਖ ਵਜੋਂ ਨਵੇਂ ਖ਼ਿਆਲ ਆਜ਼ਾਦੀ 'ਤੇ ਸਮਾਜਿਕ ਬੰਧਨਾਂ ਪ੍ਰਤੀ ਵਿਦਰੋਹ ਦੀ ਭਾਵਨਾ ਵੀ ਪੈਦਾ ਕੀਤੀ। ਵੀਨਾ ਵਰਮਾ ਦੀਆਂ ਬਹੁਤੀਆਂ ਕਹਾਣੀਆਂ ਦੇ ਔਰਤ ਪਾਤਰ ਬੇਵੱਸੀ ਤੇ ਮਜਬੂਰੀਵਸ ਜ਼ਿੰਦਗੀ ਨਾਲ ਜੁੜੇ ਨਜ਼ਰ ਨਹੀਂ ਆਉਂਦੇ। ਸਗੋਂ ਪੁਰਾਤਨ ਮਾਨਤਾਵਾਂ ਦੇ ਵਿਰੋਧ ਵਿੱਚ ਵਿਦਰੋਹੀ ਦਿਸਦੇ ਹਨ। ਪਿਤਾ-ਪੁਰਖੀ ਨਾਰੀ ਵਿਰੋਧੀ ਸੋਚ ਤੋਂ ਬਗ਼ਾਵਤ ਕਰਦੇ ਹਨ ਜਿਸ ਸੋਚ ਵਿੱਚ ਔਰਤ ਨੂੰ ਪੈਰ ਦੀ ਜੁੱਤੀ ਤੋਂ ਵੱਧ ਹੋਰ ਕੁਝ ਨਹੀਂ ਸਮਝਿਆ ਗਿਆ। ਉਹ ਔਰਤ ਅੱਜ ਆਤਮ-ਵਿਸ਼ਵਾਸ ਨਾਲ ਭਰੀ ਨਜ਼ਰ ਆਉਂਦੀ ਹੈ ਜੋ ਸਮਾਜ ਦੀਆਂ ਫੋਕੀਆਂ ਪਰੰਪਰਾਵਾਂ ਨਾਲ ਹਰ ਸੂਰਤ ਤੇ ਟਕਰਾਉਣ ਲਈ ਤਿਆਰ ਹੈ। ਜਿਵੇਂ ਇਸੇ ਕਹਾਣੀ ਸੰਗ੍ਰਹਿ ਦੀ 'ਰਜਾਈ' ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਚੰਗੇ ਪੱਖ ਵਜੋਂ ਉਸਾਰੂ, ਅਗਾਂਹਵਧੂ ਤੇ ਸਵੈ-ਹੋਂਦ ਦੀ ਸੋਚ ਨੂੰ ਉਭਾਰਦੀ ਹੋਈ ਪਾਤਰ ਹਰਬੰਸ ਕੌਰ ਇੱਕ ਥਾਂ 'ਤੇ ਕਹਿੰਦੀ ਹੈ ਕਿ:

> ਤੂਫਾਨਾਂ 'ਚ ਹੁਣ ਮੈਂ ਨੀ ਡੁੱਬਦੀ ਜੀ। ਮੈਂ ਤੈਰਨਾ ਸਿੱਖੂੰਗੀ ਤੇ ਮੈਨੂੰ ਦੇਖ ਕੇ ਕਈ ਤੈਰਨਗੀਆਂ।(24)

ਕਿਸੇ ਵੀ ਵਿਅਕਤੀ ਲਈ ਆਰਥਿਕ ਤੌਰ ‘ਤੇ ਮਜਬੂਤ ਹੋਣਾ ਅਜੋਕੇ ਸਮੇ ‘ਚ ਬਹੁਤ ਜਰੂਰੀ ਹੈ। ਅੱਜਕਲ ਰਿਸ਼ਤੇ ਨਾਤੇ ਵੀ ਓਦੋਂ ਤੱਕ ਹਨ ਜੋ ਤੱਕ ਜੇਬ ਵਿੱਚ ਕੁੱਝ ਹੈ। ਪੈਸੇ ਨਾਲ ਹੀ ਰਿਸ਼ਤੇ ਸ਼ੁਰੂ ਅਤੇ ਖਤਮ ਹੁੰਦੇ ਹਨ। ਇਸ ਸਬੰਧ ‘ਚ ਡਾ. ਜੀਤ ਸਿੰਘ ਜੋਸ਼ੀ ਆਪਣੀ ਕਿਤਾਬ *ਸੱਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ* ਵਿੱਚ ਲਿਖਦੇ ਹਨ:

> ਜੇ ਸਭਿਆਚਾਰ ਸਮਾਜਿਕ ਉਪਜ ਹੈ ਤਾਂ ਆਰਥਿਕਤਾ ਸਮਾਜਿਕ ਰਿਸ਼ਤਿਆਂ ਨੂੰ ਪੈਦਾ ਕਰਨ ਵਾਲਾ ਮਹੱਤਵਪੂਰਨ ਤੱਤ ਹੈ।(52)

ਆਰਥਿਕ ਤੌਰ ਤੇ ਸਵੈ-ਨਿਰਭਰ ਔਰਤ ਆਪਣੇ-ਆਪ ਵਿੱਚ ਇੱਕ ਵੱਖਰੀ ਤਰ੍ਹਾਂ ਦਾ ਆਤਮ-ਵਿਸ਼ਵਾਸ ਮਹਿਸੂਸ ਕਰਦੀ ਹੈ ਕਿਉਂਕਿ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਸ ਨੂੰ ਕਿਸੇ ਅੱਗੇ ਹੱਥ ਨਹੀਂ ਫੈਲਾਉਣੇ ਪੈਂਦੇ। ਪਰੰਤੂ ਇਸਦਾ ਭਾਵ ਇਹ ਵੀ ਨਹੀਂ ਹੈ ਕਿ ਔਰਤ ਆਪਣੀ ਤਨਖ਼ਾਹ ਬਿਨ੍ਹਾਂ ਕਿਸੇ ਰੋਕ-ਟੋਕ

ਤੋਂ ਆਪਣੀ ਮਰਜ਼ੀ ਨਾਲ ਖ਼ਰਚ ਕਰਦੀ ਹੈ, ਬਲਕਿ ਬਹੁਤੀਆਂ ਔਰਤਾਂ ਤਾਂ ਕਮਾਈ ਕਰਕੇ ਘਰ ਲਿਆ ਕੇ ਘਰ ਦੇ ਵੱਡੇ ਮੈਂਬਰ ਨੂੰ ਦੇਂਦੀਆਂ ਹਨ ਤੇ ਉਨ੍ਹਾਂ ਤੋਂ ਖ਼ਰਚੇ ਲਈ ਪੈਸੇ ਮੰਗਦੀਆਂ ਹਨ। ਆਪਣੀ ਕਮਾਈ ਨਾਲ ਘਰ ਵਿੱਚ ਉਨ੍ਹਾਂ ਦੀ ਕਦਰ ਵੱਧਦੀ ਹੈ ਭਾਵੇਂ ਕਿ ਇਹ ਕਦਰ ਪੈਸੇ ਨਾਲ ਹੀ ਬੱਝਦੀ ਹੈ। ਵੀਨਾ ਵਰਮਾ ਨੇ ਕਹਾਣੀ 'ਦੂਜੀ ਨਾ ਤੀਜੀ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਮਹਿੰਦਰ ਕੌਰ ਨੂੰ ਆਪਣੀ ਕਮਾਈ ਆਪਣੀ ਮਰਜ਼ੀ ਨਾਲ ਖਰਚਣ ਦੀ ਇਜਾਜ਼ਤ ਨਹੀਂ, ਪਰ ਉਸਨੂੰ ਕਮਾਈ ਕਰਨ ਦੀ ਤਸੱਲੀ ਮਿਲਦੀ ਹੈ, ਕਿਉਂਕਿ ਇਸ ਕਮਾਈ ਕਰਕੇ ਹੀ ਘਰ ਵਿੱਚ ਉਸਦੀ ਕਦਰ ਪੈ ਰਹੀ ਹੈ। ਪੈਸੇ ਨੂੰ ਉਹ ਔਰਤ ਦਾ ਦੂਸਰਾ ਖ਼ਸਮ ਮੰਨਦੀ ਹੈ। ਜਿਸ ਨੇ ਔਰਤ ਦੀ ਕਦਰ ਪੁਆਉਣੀ ਹੁੰਦੀ ਹੈ ਜਿਵੇਂ ਕਿ ਉਹ ਆਪਣੇ ਨੇਕ ਸੁਭਾ ਤੋਂ ਸੱਚ ਦਾ ਬਿਆਨ ਕਰਦੀ ਹੋਈ ਚੰਗੇ ਪੱਖ ਦਾ ਉਭਾਰ ਕਰਦੀ ਹੋਈ ਕਹਿੰਦੀ ਹੈ ਕਿ:

> ਮੈਨੂੰ ਕੰਮ ਲਭ ਗਿਆ। ਜਿਵੇਂ ਰੱਬ ਨੇ ਮੈਨੂੰ ਡੁੱਬਦੀ ਨੂੰ ਆਸਰਾ ਦਿੱਤਾ ਸੀ। ਪੈਸਾ ਔਰਤ ਦਾ ਦੂਜਾ ਖਸਮ ਹੈ ਤੇ ਇਸ ਖਸਮ ਨੇ ਉਸ ਘਰ 'ਚ ਵਸਦੀ ਕਦਰ ਪੁਆ ਦਿੱਤੀ ਸੀ ਜਿਥੇ ਮੇਰੇ ਨਾਲ ਜਾਨਵਰਾਂ ਤੋਂ ਵੀ ਵੱਧ ਬੁਰਾ ਸਲੂਕ ਹੁੰਦਾ ਸੀ।(49)

**(ਅ) ਮਾੜੇ ਪੱਖ:** ਸਮਾਜ ਵਿੱਚ ਜਦੋਂ ਕਿਸੇ ਸਮਾਜਿਕ ਵਿਅਕਤੀ ਦੀ ਨਜ਼ਰ ਵਿੱਚ ਪੈਸੇ ਦੀ ਮਹੱਤਤਾ ਸਮਾਜਿਕ ਕਦਰਾਂ-ਕੀਮਤਾਂ ਤੋਂ ਕਿਤੇ ਉੱਚੀ ਉੱਠ ਜਾਂਦੀ ਹੈ, ਤਾਂ ਪਵਿੱਤਰ ਰਿਸ਼ਤੇ ਵੀ ਗੈਰ-ਸਮਾਜਿਕ ਰਿਸ਼ਤਿਆਂ ਵਿੱਚ ਪਰਿਵਰਤਿਤ ਹੋ ਜਾਂਦੇ ਹਨ। ਅਜੋਕੇ ਸਮਾਜ ਵਿੱਚ ਭੈਣ-ਭਰਾ ਦਾ ਮੋਹ ਪਿਆਰ ਭਰਿਆ ਰਿਸ਼ਤਾ ਵੀ ਸਵਾਰਥੀ ਭਾਵਨਾ ਦਾ ਸ਼ਿਕਾਰ ਹੋ ਗਿਆ ਹੈ, ਇਸਦਾ ਕਾਰਨ ਆਰਥਿਕ ਹਿੱਤ ਤੇ ਮਨੁੱਖ ਦੀ ਪਦਾਰਥਵਾਦੀ ਰੁਚੀ ਹੈ। ਅੰਗਰੇਜ਼ੀ ਰਾਜ ਸਮੇਂ ਭਾਰਤੀ ਸੱਭਿਆਚਾਰ ਨੇ ਤੇਜ਼ੀ ਨਾਲ ਵਿਕਾਸ ਕੀਤਾ। ਆਰਥਿਕ ਦੇ ਸਬੰਧ ਵਿੱਚ ਡਾ. ਜੀਤ ਸਿੰਘ ਜੋਸ਼ੀ ਆਪਣੀ ਪੁਸਤਕ *ਸੱਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ* 'ਚ ਲਿਖਦੇ ਹਨ:

> ਸਮਾਜ ਭਾਵੇਂ ਉਹ ਪ੍ਰਾਚੀਨ ਹੋਵੇ ਜਾਂ ਆਧੁਨਿਕ ਜੇ ਆਰਥਿਕ ਪੱਖ ਤੋਂ ਪਛੜਿਆ ਹੈ ਤਾਂ ਉਸ ਦੀਆਂ ਸਮੱਸਿਆਵਾਂ ਦਾ ਰੂਪ ਵਧੇਰੇ ਜਟਿਲ ਤੇ ਗਹਿਰਾ ਹੁੰਦਾ ਹੈ।(51)

ਆਰਥਿਕ ਵਿਕਾਸ ਦੇ ਕਾਰਨ ਪੈਸਾ ਪ੍ਰਮੁੱਖ ਹੋ ਗਿਆ ਅਤੇ ਮਨੁੱਖੀ ਰਿਸ਼ਤਿਆਂ ਦੇ ਖੇਤਰ ਵਿੱਚ ਵੀ ਪੈਸੇ ਦੀ ਪ੍ਰਧਾਨਤਾ ਹੋ ਗਈ ਤੇ ਰਿਸ਼ਤੇ-ਨਾਤੇ ਖ਼ਤਮ ਹੋਣ ਲੱਗੇ। ਨਿਰਮਲ ਸਿੰਘ ਆਜ਼ਾਦ *ਪੰਜਾਬ ਦੀ ਆਰਥਿਕਤਾ* ਪੁਸਤਕ ‘ਚ ਕਹਿੰਦੇ ਹਨ ਕਿ:

> ਆਰਥਿਕ ਬਣਤਰ ਸੱਭਿਆਚਾਰਿਕ ਤਬਦੀਲੀ ਦੇ ਵਿਕਾਸ ਦਾ ਬੁਨਿਆਦੀ ਆਧਾਰ ਹੁੰਦੀ ਹੈ। ਆਰਥਿਕ ਬਣਤਰ ਵਿੱਚ ਲੋਕ-ਮਨ ਕਿੰਨਾ ਕੁ ਖੁੱਭਿਆ ਹੋਇਆ ਹੈ। ਉਸ ਤੋਂ ਕਿੰਨਾ ਕੁ ਅੱਗੇ ਹੈ ਜਾਂ ਕਿੰਨਾ ਕੁ ਪਿੱਛੇ? ਆਰਥਿਕ ਬਣਤਰ ਪ੍ਰਤੀ ਇਹ ਤਿੰਨ ਕਿਸਮ ਦੇ ਪ੍ਰਤਿਕ੍ਰਮ ਹੀ ਸਮੁੱਚੇ ਤੌਰ 'ਤੇ ਵਾਪਰ ਰਹੀ ਜਾਂ ਵਾਪਰਨ ਵਾਲੀ ਸੱਭਿਆਚਾਰਿਕ ਤਬਦੀਲੀ ਦੇ ਸੁਭਾਅ ਨੂੰ ਸਪੱਸ਼ਟ ਕਰ ਸਕਦੇ ਹਨ।(250)

ਜਦੋਂ ਕਦੇ ਮਨੁੱਖ ਦੀ ਲੋੜ ਆਪਣੇ ਘਰ, ਪਿੰਡ ਜਾਂ ਦੇਸ਼ ‘ਚ ਪੂਰੀ ਨਹੀਂ ਹੋਈ ਤਾਂ ਉਸ ਨੂੰ ਰੋਜਗਾਰ ਲਈ ਬਾਹਰ ਨਿਕਲਣਾ ਪਿਆ। ਆਰਥਿਕਤਾ ਲਈ ਜਦੋਂ ਵੀ ਕੋਈ ਪਰਦੇਸੀ ਹੁੰਦਾ ਤਾਂ ਉਹ ਬਹੁਤ ਚਾਹੁੰਣ ‘ਤੇ ਵੀ ਵਾਪਸ ਨਹੀਂ ਪਰਤ ਸਕਦਾ। ਇਸ ਗੱਲ ਦੀ ਪੁਸ਼ਟੀ ਕਰਦੇ ਹੋਏ ਸਰਬਜੀਤ ਕੌਰ ਆਪਣੀ ਪੁਸਤਕ *ਰਵਿੰਦਰ ਰਵੀ, ਸੱਭਿਆਚਾਰਕ ਤਣਾਉ: ਪਰਵਾਸੀ ਸੰਦਰਭ* ਲਿਖਦੀ ਹੈ:

> ਮਨੁੱਖ ਦੀਆਂ ਜਿਵੇਂ ਇੱਛਾਵਾਂ ਵੱਧਦੀਆਂ ਜਾਂਦੀਆਂ ਹਨ ਉਵੇਂ ਦਾ ਹੋਰ ਲਾਲਾਚ ਹੋ ਜਾਂਦਾ ਹੈ। ਉਸ ਨੂੰ ਪੈਸਾ ਉਸ ਦਾ ਆਪਣਾ ਘਰ ਜ਼ਮੀਨ ਅਤੇ ਦੇਸ਼ ਉਸਨੂੰ ਪਰਤਣ ਲਈ ਅਵਾਜ਼ਾਂ ਮਾਰਦਾ ਹੈ ਪਰ ਉਹ ਆਪਣੇ ਪਰਿਵਾਰ ਵਿੱਚ ਵਾਪਸ ਨਹੀਂ ਪਰਤ ਸਕਦਾ ਕਿਉਂਕਿ ਨਵੀਂ ਪੀੜ੍ਹੀ ਦਾ ਉਜਲਾ ਭਵਿੱਖ, ਪੈਸਾ, ਪਦਾਰਥ ਉਸ ਨੂੰ ਆਪਣੇ ਵੱਲ ਖਿਚਦੇ ਹਨ। ਉਸ ਨੂੰ ਪਤਾ ਹੈ ਕਿ ਆਰਥਕ ਤੰਗੀਆਂ ਵਿਚੋਂ ਗੁਜ਼ਰਦਿਆਂ ਉਸ ਨੂੰ ਕੀ ਕੁਝ ਸਹਿਣਾ ਪੈਂਦਾ ਹੈ।(76)

ਅਜੋਕੇ ਸਮੇਂ ਮਨੁੱਖੀ ਰਿਸ਼ਤਿਆਂ-ਨਾਤਿਆਂ ਦੀ ਹੋਂਦ ਲੜਖੜਾ ਰਹੀ ਹੈ। ਰਿਸ਼ਤਿਆਂ-ਨਾਤਿਆਂ ਵਿੱਚ ਨਿੱਜਤਾ ਪ੍ਰਧਾਨ ਹੈ। ਮਨੁੱਖੀ ਰਿਸ਼ਤੇ-ਨਾਤੇ ਭਾਵਨਾਤਮਕ ਤੌਰ ‘ਤੇ ਵੀ ਰੂਪਾਂਤਰਿਤ ਹੋਏ ਹਨ, ਕਿਉਂਕਿ ਭਾਵਨਾ ਉੱਤੇ ਵੀ ਆਰਥਿਕਤਾ ਭਾਰੂ ਹੈ। ਅਜਿਹੇ ਹੀ ਟੁੱਟ ਰਹੇ ਰਿਸ਼ਤਿਆਂ-ਨਾਤਿਆਂ ਦਾ ਆਭਾਸ

ਜਿਵੇਂ ਕਿ ਵੀਨਾ ਵਰਮਾ ਦੀਆਂ ਕਹਾਣੀਆਂ "ਕਾਲਾ ਕੱਛਾ'' ਤੇ 'ਮੈਂ ਜੀਣਾ ਚਾਹੁੰਦੀ ਆਂ, ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਆਏ ਪਰਿਵਰਤਨ ਦੇ ਉਭਾਰ ਵਜੋਂ ਅਣਜੋੜ ਵਿਆਹ ਦੇ ਮਾੜੇ ਪੱਖ ਤੋਂ ਪੀੜਤ ਔਰਤ ਦੀਆਂ ਸਮੱਸਿਆਵਾਂ ਨੂੰ ਉਭਾਰਦੀਆਂ ਹਨ। ਕਹਾਣੀ 'ਕਾਲਾ ਕੱਛਾ' ਦੀ ਨਾਇਕਾ ਸ਼ੀਲਾ ਦੇ ਮਾਪਿਆਂ ਨੇ ਚੰਗਾ ਪੈਸੇ ਵਾਲਾ ਘਰ ਦੇਖ ਕੇ ਉਸਦਾ ਵਿਆਹ ਉਸਤੋਂ ਚਾਰ ਸਾਲ ਛੋਟੇ ਮੁੰਡੇ ਨਾਲ ਕਰ ਦਿੱਤਾ। ਸ਼ੀਲਾ ਦੇ ਮਾਤਾ ਪਿਤਾ ਆਪਣੇ ਆਰਥਿਕ ਪੱਧਰ ਨੂੰ ਉਪਰ ਚੁੱਕਣ ਲਈ ਜਾਂ ਪੈਸੇ/ਡਾਲਰਾਂ/ਪੌਂਡਾਂ ਦੀ ਹੋੜ ਵਿੱਚ ਆਪਣੀ ਧੀ ਦਾ ਅਣਜੋੜ ਵਿਆਹ ਕਰ ਦਿੰਦੇ ਹਨ। ਵੀਨਾ ਵਰਮਾ ਨੇ *ਇੱਕ ਕੁੜੀ ਇਕੱਲੀ* ਕਹਾਣੀ ਸੰਗ੍ਰਹਿ ਦੀ ਕਹਾਣੀ 'ਮੈਂ ਜੀਣਾ ਚਾਹੁੰਦੀ ਆਂ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਅਣਜੋੜ ਵਿਆਹ ਤੋਂ ਔਰਤ ਦੁਖਾਂਤ ਨੂੰ ਮਾੜੇ ਪੱਖ ਵਜੋਂ ਬਿਆਨ ਕੀਤਾ ਗਿਆ ਹੈ। ਜਿਵੇਂ ਕਿ:

> ਕਾਫ਼ੀ ਜ਼ਮੀਨ ਜਾਇਦਾਦ ਵਾਲੇ ਬੰਦੇ ਸਨ ਉਹ ਤੇ ਜੈਲੋ ਦੇ ਪੇਕਿਆਂ ਨਾਲੋਂ ਕਿਤੇ ਵੱਧ ਅਮੀਰ। ਨਾ ਕਿਸੇ ਨੇ ਜੈਲੋ ਦੀ ਮਾਂ ਤੋਂ ਕੁਝ ਪੁੱਛਿਆ ਤੇ ਨਾ ਦੱਸਿਆ। ਚੁੱਪਚਾਪ ਜੈਲੋ ਦਾ ਰਿਸ਼ਤਾ ਜਗੀਰਦਾਰਾਂ ਦੇ ਵੱਡੇ ਮੁੰਡੇ ਭੁਪਿੰਦਰ ਸਿੰਘ ਨਾਲ ਕਰ ਦਿੱਤਾ ਗਿਆ ਜੋ ਉਮਰ 'ਚ ਉਹਦੇ ਨਾਲੋਂ ਅੱਠ ਸਾਲ ਵੱਡਾ ਤੇ ਕੱਦ 'ਚ ਇੱਕ ਗਿੱਠ ਛੋਟਾ ਸੀ। ਰੰਗ ਦਾ ਕਾਲਾ ਸਿਆਹ ਸੀ ਉਹ ਤੇ ਘਰ ਦੇ ਉਸਨੂੰ ਭੂੰਡੂ ਸੱਦਦੇ ਸੀ। ਜੈਲੋ ਦੇ ਮੁਕਾਬਲੇ ਉਹ ਕਾਫੀ ਬਦਸੂਰਤ ਦੇ ਬੇਜੋੜ ਜਿਹਾ ਦਿਖਾਈ ਦਿੰਦਾ ਸੀ।(130)

ਇਸ ਤਰ੍ਹਾਂ ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਮਨੁੱਖ ਦੁਆਰਾ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਪੇਸ਼ ਦੁਸ਼ਵਾਰੀਆਂ ਨੂੰ ਮਾੜੇ ਪੱਖ ਵਜੋਂ ਅਭਿਵਿਅਕਤ ਕੀਤਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਆਰਥਿਕ ਆਜ਼ਾਦੀ ਔਰਤ ਦੀਆਂ ਹੋਰ ਆਜ਼ਾਦੀਆਂ ਦਾ ਆਧਾਰ ਤਾਂ ਬਣਦੀ ਹੈ, ਪਰ ਇਸਦਾ ਭਾਵ ਇਹ ਨਹੀਂ ਕਿ ਆਰਥਿਕ ਤੌਰ ਤੇ ਆਜ਼ਾਦ ਔਰਤ ਕਿਸੇ ਦਬਾਅ ਹੇਠ ਨਹੀਂ ਹੈ। ਉਂਝ ਔਰਤ ਦੁਆਰਾ ਕਮਾਈ ਕਰ ਕੇ ਘਰ ਲਿਆਉਣ ਨਾਲ ਘਰ ਵਿੱਚ ਉਸਦੀ ਕਦਰ ਵੀ ਹੁੰਦੀ ਹੈ। ਉਹ ਆਪਣੀ ਮਰਜ਼ੀ ਨਾਲ ਉਹਨਾਂ ਪੈਸਿਆਂ ਨੂੰ ਖਰਚਣ ਦੀ ਖੁੱਲ੍ਹ ਵੀ ਲੈਂਦੀ ਹੈ। ਆਪਣੇ ਹੱਥੀਂ ਕਮਾਈ ਕਰਨੀ ਤੇ ਖਰਚਣਾ ਉਸਨੂੰ ਖੁਸ਼ੀ ਦਿੰਦਾ ਹੈ। ਵੀਨਾ ਵਰਮਾ ਨੇ 'ਗੋਲੇ ਕਬੂਤਰ' ਕਹਾਣੀ ਵਿੱਚ ਵੀ

ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਇੱਕ ਅਜਿਹੀ ਕਹਾਣੀ ਹੈ ਜੋ ਭਾਰਤੀ ਲੋਕਾਂ ਅੰਦਰ ਵਿਕਸਿਤ ਮੁਲਕਾਂ ਦੀ ਪਦਾਰਥਕ ਲਾਲਸਾ 'ਚ ਉਤਪੰਨ ਹੋਇਆ ਦੁਖਾਂਤ ਹੈ। ਇਸ ਕਹਾਣੀ ਦਾ ਮਰਦ ਪਾਤਰ ਰਣਦੀਪ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਜ਼ਲੀਲ ਹੁੰਦਾ ਚੱਕੀ ਦੇ ਪੁੜਾਂ ਵਿੱਚ ਪਿਸਦਾ ਆਪਣੀ ਜ਼ਮੀਰ ਅਤੇ ਭਾਵਨਾਵਾਂ ਦਾ ਕਤਲ ਕਰਦਾ ਹੈ। ਰਣਦੀਪ ਦੁਆਰਾ ਪੌਂਡ ਦਾ ਲਾਲਚ ਦੇ ਕੇ ਇੱਕ ਗੋਰੀ ਕੁੜੀ ਨਾਲ ਪੱਕਾ ਹੋਣ ਲਈ ਵਿਆਹ ਕਰਵਾ ਲੈਂਦਾ ਹੈ। ਆਖ਼ਰਕਾਰ ਰਣਦੀਪ ਨੂੰ ਆਪਣਾ ਘਰ ਛੱਡ ਕੇ ਜਾਣਾ ਵੀ ਪੈਂਦਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਤੰਗ ਆ ਕੇ ਇੱਕ ਵਾਰ ਫਿਰ ਉਹ ਪੱਕਾ ਹੋਣ ਲਈ ਰੀਟਾ ਨਾਮੀ ਵਿਦੇਸ਼ੀ ਔਰਤ ਨਾਲ ਵਿਆਹ ਕਰਵਾ ਲੈਂਦਾ ਹੈ। ਰੀਟਾ ਜਿਸ ਦਾ ਪਹਿਲਾ ਪਤੀ ਮਰ ਚੁੱਕਾ ਹੈ, ਉਸਦੀ ਸ਼ਕਲ ਰਣਦੀਪ ਨਾਲ ਮਿਲਦੀ-ਜੁਲਦੀ ਹੈ। ਉਹ ਆਪਣੇ ਪਤੀ ਦੀਆਂ ਅਸਥੀਆਂ ਗੰਗਾ ਵਿੱਚ ਪਾਉਣ ਦੇ ਮਕਸਦ ਨਾਲ ਰਣਦੀਪ ਨੂੰ ਇੰਡੀਆ ਲਿਜਾਏ ਜਾਣ ਦੇ ਭਰੋਸੇ ਤੇ ਉਸ ਨਾਲ ਵਿਆਹ ਕਰਵਾ ਲੈਂਦੀ ਹੈ। ਇੱਕ ਦਿਨ ਉਸਦੇ ਕਿਸੇ ਪੁਰਾਣੇ ਆਸ਼ਕ ਦੇ ਆ ਜਾਣ ‘ਤੇ ਰਣਦੀਪ ਅਤੇ ਉਸ ਆਦਮੀ ਵਿੱਚਕਾਰ ਝਗੜਾ ਹੋ ਜਾਂਦਾ ਹੈ। ਰੀਟਾ ਦੇ ਵਿੱਚ ਆਉਣ 'ਤੇ ਉਸ ਆਦਮੀ ਦੁਆਰਾ ਚਾਕੂ ਨਾਲ ਕੀਤੇ ਵਾਰ 'ਤੇ ਰੀਟਾ ਦੀ ਮੌਤ ਹੋ ਜਾਂਦੀ ਹੈ। ਰਣਦੀਪ ਨੂੰ ਬਾਰਾਂ ਸਾਲਾਂ ਦੀ ਕੈਦ ਹੋ ਜਾਂਦੀ ਹੈ। ਉਹ ਆਪਣਾ ਕੇਸ ਲੜਨ ਲਈ ਕੀਤੀ ਵਕੀਲ ਕੁੜੀ ਨਾਲ ਬੈਠਾ, ਆਪਣੇ ਅਤੀਤ ਨੂੰ ਯਾਦ ਕਰਦਾ, ਭਾਵੁਕ ਹੁੰਦਾ ਹੋਇਆ ਦੱਸਦਾ ਹੈ ਕਿ ਕਿਸ ਤਰ੍ਹਾਂ ਉਸਨੇ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਆਪਣੇ ਆਪ ਨੂੰ ਬਰਬਾਦ ਕਰ ਲਿਆ ਹੈ। ਪਿੱਛੋਂ ਭਰਾਵਾਂ ਨੇ ਜ਼ਮੀਨ ਵੰਡ ਲਈ ਘਰ-ਬਾਰ ਸਭ ਸਾਂਭ ਲਿਆ ਅਤੇ ਉਹ ਇੱਥੇ ਨਰਕ ਭੋਗ ਰਿਹਾ ਹੈ। ਪੱਛਮੀ ਪ੍ਰਭਾਵ ਥੱਲੇ ਔਰਤਾਂ ਆਰਥਿਕ ਤੌਰ ਤੇ ਸੁਤੰਤਰ ਹੋਣ ਕਰਕੇ ਦਲੇਰ ਹੋ ਗਈਆਂ ਹਨ। ਉਹ ਮਰਦਾਂ ਅੱਗੇ ਹੁਣ ਗੋਡੇ ਨਹੀਂ ਟੇਕਦੀਆਂ, ਸਗੋਂ ਸੰਘਰਸ਼ ਕਰਕੇ ਆਪਣੀ ਹੋਂਦ ਨੂੰ ਬਰਕਰਾਰ ਰੱਖਦੀਆਂ ਹਨ। ਜੇਕਰ ਮਰਦ ਔਰਤਾਂ ਨੂੰ ਬਲੈਕਮੇਲ ਕਰਦਾ ਹੈ ਤਾਂ ਔਰਤਾਂ ਵੀ ਇਸ ਦਾ ਬਦਲਾ ਲੈਂਦੀਆਂ ਹਨ। ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ *ਫਰੰਗੀਆਂ ਦੀ ਨੂੰਹ* ਦੀ ਕਹਾਣੀ ‘ਗੋਲੇ ਕਬੂਤਰ’ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਰਣਦੀਪ ਸਿੰਘ ਮਾੜੇ ਪੱਖ ਦੀ ਸਵਾਰਥੀ ਸੋਚ

ਵਜੋਂ ਆਪਣੀ ਆਰਥਿਕ ਸਥਿਤੀ-ਪ੍ਰਸਥਿਤੀ ਨੂੰ ਉੱਪਰ ਚੁੱਕਣ ਲਈ ਕਹਾਣੀ 'ਗੋਲੇ ਕਬੂਤਰ' ਵਿੱਚ ਰਣਦੀਪ ਸਿੰਘ ਇੱਕ ਬ੍ਰਿਟਿਸ਼ ਗੋਰੀ ਨਾਲ ਵਿਆਹ ਕਰਵਾ ਕੇ ਬਦਸਲੂਕੀ, ਮਾੜਾ ਵਰਤਾਓ ਕਰਦਾ ਤਾਂ ਅੱਗੋਂ ਗੋਰੀ ਉਸ ਨੂੰ ਕਹਿੰਦੀ ਹੈ ਕਿ:

> ਜੇ ਮੈਂ ਇੱਕ ਫ਼ੋਨ ਇਮੀਗ੍ਰੇਸ਼ਨ ਨੂੰ ਕਰ ਦੇਵਾਂ ਕਿ ਤੂੰ ਇਸ ਕੰਟਰੀ ਵਿੱਚ ਇਲਲੀਗਲ ਹੈ ਤਾਂ ਸਿਰਫ ਏਥੇ ਪੱਕਾ ਹੋਣ ਲਈ ਮੇਰੇ ਨਾਲ ਵਿਆਹ ਕਰਵਾਇਆ ਤੇ ਹੁਣ ਤੂੰ ਮੇਨੂੰ ਕੁੱਟਦਾ ਹੈ, ਕਿਉਂਕਿ ਮੈਂ ਤੇਰੇ ਪਾਸਪੋਰਟ ਤੇ ਸਟੈਂਪ ਨਹੀਂ ਲਗਵਾ ਰਹੀ ਤਾਂ ਤੈਨੂੰ ਘੱਟੋ-ਗੱਟ ਸੱਤ ਸਾਲ ਦੀ ਪਰੀਜਨ ਹੋਵੇਗੀ।(245)

ਵੀਨਾ ਵਰਮਾ, *ਮੁੱਲ ਦੀ ਤੀਵੀਂ* ਦੀ ਕਹਾਣੀ 'ਦੂਜੀ ਨਾ ਤੀਜੀ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਪਾਤਰ ਮਹਿੰਦਰ ਕੌਰ ਕੰਮ ਕਰਕੇ ਸਾਰੀ ਕਮਾਈ ਸੱਸ ਦੇ ਹੱਥ ਤੇ ਰੱਖਣ ਤੋਂ ਪਹਿਲਾਂ ਆਪਣੀ ਪਹਿਲੀ ਕਮਾਈ ਵਿਚੋਂ ਪੰਜ ਪੌਂਡ ਗੁਰਦੁਆਰੇ ਵਿੱਚ ਚੜ੍ਹਾ ਦੇਂਦੀ ਹੈ ਤਾਂ ਸੱਸ ਦਾ ਲਾਲਚੀ ਸੁਭਾ ਮਾੜੇ ਪੱਖ ਦਾ ਧਾਰਨੀ ਹੋਣ ਕਰਕੇ ਨੂੰਹ ਨੂੰ ਚੰਗੀ ਤਰ੍ਹਾਂ ਤਾੜ ਲਾਉਂਦੀ ਹੈ ਕਿ:

> ਪਹਿਲਾਂ ਹੀ ਗੁਰਦੁਆਰੇ ਜਾਣ ਦੀ ਕਿਹੜੀ ਕਾਹਲ ਪੈਗੀ ਸੀ। ਪੈਨੀ ਸ਼ਲਿੰਗ ਚੜ੍ਹਾਈ ਦਾ ਹੁੰਦੈ ਗੁਰਦੁਆਰੇ 'ਚ ਪੌਂਡ ਨਹੀਂ। ਅੱਗੇ ਤੋਂ ਪੇਅ ਪੈਕੇਟ ਸਿੱਧਾ ਘਰ ਲੈ ਕੇ ਆਇਆ ਕਰ। ਰਾਹ 'ਚ ਨਹੀਂ ਲਿਫ਼ਾਫਾ ਖੋਲ੍ਹਣਾ।48

ਉਪਰੋਕਤ ਰੂਪ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਵਿਕਾਸ ਨਾਲ ਸੱਭਿਆਚਾਰਕ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਜਿੱਥੇ ਚੰਗੇ ਪੱਖ ਤੋਂ ਆਰਥਿਕ ਸਵੈ-ਨਿਰਭਰਤਾ ਨੇ ਔਰਤ ਅੰਦਰ ਨਵੇਂ ਖ਼ਿਆਲ ਆਜ਼ਾਦੀ 'ਤੇ ਸਮਾਜਿਕ ਬੰਧਨਾਂ ਪ੍ਰਤੀ ਵਿਦਰੋਹ ਦੀ ਭਾਵਨਾ ਵੀ ਪੈਦਾ ਕੀਤੀ, ਉੱਥੇ ਮਾੜੇ ਪੱਖ ਤੋਂ ਔਰਤ ਦੀ ਆਰਥਿਕ-ਆਤਮ ਨਿਰਭਰਤਾ ਲਈ ਉਸਨੂੰ ਕਰੜਾ ਸੰਘਰਸ਼ ਵੀ ਕਰਨਾ ਪੈਂਦਾ ਹੈ। ਆਪਣੇ ਆਤਮਾ ਨੂੰ ਬਚਾਏ ਰੱਖਣ ਅਤੇ ਘਰ ਦੇ ਲਗਾਤਾਰ ਵੱਧ ਰਹੇ ਖ਼ਰਚਿਆਂ ਨੂੰ ਪੂਰਾ ਕਰਨ ਲਈ ਉਸਨੂੰ ਕਾਫ਼ੀ ਮਿਹਨਤ ਕਰਨੀ ਪੈਂਦੀ ਹੈ। ਹੱਡ-ਭੰਨਵੀਂ ਮਿਹਨਤ ਕਰਨ ਤੇ ਨਾਲ-ਨਾਲ ਔਰਤ ਨੂੰ

ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਕਈ ਵਾਰ ਮੈਨੇਜਰ ਤੇ ਆਪਣੇ ਸਹਿਕਰਮੀਆਂ ਦੇ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਨਸਲੀ ਅਤੇ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ। ਵੀਨਾ ਵਰਮਾ ਦੀਆਂ ਕਹਾਣੀਆਂ 'ਫਰੰਗੀਆਂ ਦੀ ਨੂੰਹ', 'ਖਾਲੀ ਪਲਾਟ', 'ਇੱਕ ਸੀ ਮੈਂ', 'ਚਾਰ ਰਾਤਾਂ', ਵਿੱਚਲੀਆਂ ਔਰਤ ਪਾਤਰ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਨਸਲੀ ਅਤੇ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਵੀ ਹੁੰਦੀਆਂ ਹਨ। ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖੋਂ ਤੋਂ ਆਜ਼ਾਦੀ ਨੇ ਔਰਤ ਵਰਗ ਲਈ ਜੇਕਰ ਬੇਸ਼ੁਮਾਰ ਮੌਕੇ ਪੈਦਾ ਕੀਤੇ ਹਨ ਅਤੇ ਨਾਲ ਹੀ ਉਸ ਦੀਆਂ ਜ਼ਿੰਮੇਵਾਰੀਆਂ ਤੇ ਮੁਸੀਬਤਾਂ ਵਿੱਚ ਵੀ ਵਾਧਾ ਕੀਤਾ ਹੈ। ਕਿਉਂਕਿ ਵਧੇਰੇ ਮਰਦਾਂ ਲਈ ਘਰ ਦੇ ਕੰਮਾਂ ਵਿੱਚ ਹੱਥ ਵਟਾਉਣਾ ਉਨ੍ਹਾਂ ਲਈ ਹੇਠੀ ਵਾਲੀ ਗੱਲ ਹੈ। ਇਸ ਕਰਕੇ ਬਹੁਤੇ ਮਰਦ ਘਰ ਦੇ ਕੰਮਾਂ ਵਿੱਚ ਖ਼ਾਸ ਤੌਰ 'ਤੇ ਰਸੋਈ ਦੇ ਕੰਮ ਵਿੱਚ ਹੱਥ ਵਟਾਉਣ ਨੂੰ ਤਿਆਰ ਨਹੀਂ ਹੁੰਦੇ। ਦੂਜੇ ਪਾਸੇ ਔਰਤ ਨੂੰ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਆਰਥਿਕ ਜ਼ਿੰਮੇਵਾਰੀ ਸਾਂਭ ਲਈ ਹੈ। ਇਸ ਲਈ ਉਹ ਘਰੇਲੂ ਤੇ ਬਾਹਰ ਦੋਹਰੀ ਮਿਹਨਤ ਕਰਨੀ ਪੈ ਰਹੀ ਹੈ। ਫੈਕਟਰੀ ਜਾਂ ਆਫ਼ਿਸ ਵਿੱਚ ਕੰਮ ਕਰਨ ਤੋਂ ਬਾਅਦ ਥੱਕ-ਹਾਰ ਕੇ ਉਸਨੂੰ ਘਰ ਦੇ ਵੀ ਸਾਰੇ ਕੰਮ ਕਰਨੇ ਪੈਂਦੇ ਹਨ

3.4. **ਧਾਰਮਿਕ ਪੱਖ:** ਆਦਿ ਕਾਲ ਤੋਂ ਹੀ ਮਨੁੱਖ ਜੀਵਨ ਸ਼ੈਲੀ ਵਿੱਚ ਧਾਰਮਿਕ ਪੱਖ' ਦਾ ਅਹਿਮ ਯੋਗਦਾਨ ਰਿਹਾ ਹੈ। ਧਾਰਮਿਕ ਪੱਖ ਇੱਕ ਅਜਿਹੀ ਸੰਸਥਾ ਹੈ ਜਿਸ ਦੀ ਬੁਨਿਆਦ ਅਧਿਆਤਮਕਤਾ ਉੱਪਰ ਟਿਕੀ ਹੁੰਦੀ ਹੈ। ਕਿਉਂਕਿ ਵਿਭਿੰਨ ਪ੍ਰਕਾਰ ਦੇ ਵਿਅਕਤੀਆਂ ਅੰਦਰ ਨੈਤਿਕ ਕਦਰਾਂ-ਕੀਮਤਾਂ, ਗੁਣਾਂ ਤੇ ਮੁੱਲਾਂ ਨੂੰ ਵਿਕਸਿਤ ਕਰਨ ਲਈ ਧਾਰਮਿਕ ਪੱਖ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਵਿਸ਼ਵ ਦੇ ਸਮੁੱਚੇ ਧਰਮ ਦਾ ਮੰਤਵ ਜਾਂ ਉਦੇਸ਼ ਮਾਨਵੀ ਭਲਾਈ ਤੇ ਮਨੁੱਖੀ ਏਕਤਾ ਨੂੰ ਪ੍ਰਚੰਡ ਕਰਨਾ ਹੈ ਅਤੇ ਇੱਕ ਆਦਰਸ਼ਕ ਮਨੁੱਖੀ ਜੀਵਨ ਸ਼ੈਲੀ ਦੀ ਸਿਰਜਣਾ ਕਰਨਾ ਹੁੰਦਾ ਹੈ। ਕਿਸੇ ਵਿਸ਼ੇਸ਼ ਧਰਮ ਨੂੰ ਮੰਨਣ ਵਾਲਿਆਂ ਨੂੰ ਉਸ ਧਰਮ ਦੇ ਸਿਧਾਂਤ ਵਿਅਕਤੀਆਂ ਨੂੰ ਆਦਰਸ਼ਕ ਗੁਣਾਂ ਵੱਲ ਪ੍ਰੇਰਦੇ ਹਨ, ਜਿਸ ਨਾਲ਼ ਸਮੁੱਚੀ ਮਨੁੱਖਤਾ ਦੀ ਏਕਤਾ ਨੂੰ ਬਲ ਮਿਲਦਾ ਹੈ। ਓਮ ਪ੍ਰਕਾਸ਼ ਗਾਸੋ ਧਰਮ ਬਾਰੇ ਆਪਣੀ ਪੁਸਤਕ *ਪੰਜਾਬੀ ਸੱਭਿਆਚਾਰ* 'ਚ ਲਿਖਦੇ ਨੇ:

> ਧਰਮ ਵੀ ਸਭਿਆਚਾਰ ਦਾ ਪ੍ਰਮੁੱਖ ਅੰਗ ਹੈ। ਧਰਮ ਸਭਿਆਚਾਰ ਦਾ ਉਹ ਜੀਵਤ ਪੱਖ ਹੈ, ਜੋ ਮਨੁੱਖ ਦੇ ਆਦਰਸ਼, ਕਦਰਾਂ-ਕੀਮਤਾਂ, ਸਦਗੁਣ, ਨਿਮਰਤਾ, ਦਿਆ, ਪ੍ਰੇਮ, ਭਾਈਚਾਰਾ, ਸਦਭਾਵਨਾ, ਸਹਿਣਸ਼ੀਲਤਾ ਆਦਿ ਨੂੰ ਵਿਕਸਿਤ ਕਰਦਾ ਹੈ। 'ਧਰਮ` ਦਾ ਸਾਰ ਕਦਰਾਂ-ਕੀਮਤਾਂ ਨੂੰ ਧਾਰਨ ਕਰਨ ਵਿੱਚ ਹੈ।(22)

ਮੂਲ ਰੂਪ ਵਿੱਚ ਮਨੁੱਖੀ ਜੀਵਨ ਸ਼ੈਲੀ ਵਿੱਚ ਧਾਰਮਿਕ ਪੱਖ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਰਹੀ ਹੈ। ਧਾਰਮਿਕ ਪੱਖ ਦਾ ਸੰਬੰਧ ਸਮੁੱਚੇ ਵਿਅਕਤੀਆਂ ਦੇ ਅੰਤਰੀਵੀ ਸੰਸਾਰ ਨਾਲ਼ ਹੁੰਦਾ ਹੈ। ਮਨੁੱਖ ਆਪਣੇ ਡਰ, ਭੈਅ ਅਤੇ ਅਪਰਾਧੀ ਭਾਵਾਂ ਤੋਂ ਬਚਣ ਲਈ ਧਰਮ ਨੂੰ ਸਹਾਰਾ ਬਣਾਉਂਦਾ ਹੈ। ਓਮ ਪ੍ਰਕਾਸ਼ ਗਾਸੋ ਨੇ ਆਪਣੀ ਪੁਸਤਕ *ਪੰਜਾਬੀ ਸੱਭਿਆਚਾਰ* 'ਚ ਸਿਗਮਿੰਡ ਫਰਾਇਡ ਦੇ ਧਰਮ ਸਬੰਧੀ ਵਿਚਾਰਾਂ ਨੂੰ ਇਸ ਤਰ੍ਹਾਂ ਵਿਅਕਤ ਕਰਦਾ ਹੈ:

> ਮਨੋਵਿਗਿਆਨਕ ਨਜ਼ਰੀਏ ਤੋਂ ਸਿਗਮਿੰਡ ਫਰਾਈਡ ਧਰਮ ਨੂੰ ਮਨੁੱਖ ਵਿੱਚ ਮੌਜੂਦ ਅਪਰਾਧ-ਗ੍ਰੰਥੀ ਦੇ ਤਨਾਉ ਨੂੰ ਘੱਟ ਕਰਨ ਬਾਰੇ 'ਡਿਫੈਂਸ ਮੈਕਾਨਿਜ਼ਮ' ਦੇ ਰੂਪ ਵਿੱਚ ਲੈਂਦਾ ਹੈ।(22)

ਧਾਰਮਿਕ ਪੱਖ ਮਨੁੱਖੀ ਸ਼ਰਧਾ ਅਤੇ ਵਿਸ਼ਵਾਸ ਤੇ ਉਪਜਿਆ ਇੱਕ ਅਜਿਹਾ ਰਹੱਸਮਈ ਸੰਕਲਪ ਹੈ, ਜਿਸ ਦੀ ਹੋਂਦ ਇਸ ਨੂੰ ਮੰਨਣ, ਸਮਝਣ ਵਾਲ਼ਿਆਂ ਦੇ ਅੰਤਰ-ਮਨ ਦੀਆਂ ਭਾਵਨਾਵਾਂ ਤੇ ਨਿਰਭਰ ਕਰਦੀ ਹੈ। ਇਸ ਤਰ੍ਹਾਂ ਧਾਰਮਿਕ ਸੰਕਲਪ ਦੇ ਅੰਤਰਗਤ ਦੈਵੀ ਸ਼ਕਤੀਆਂ, ਵੱਖ-ਵੱਖ ਪੂਜਾ ਵਿਧੀਆਂ,ਜਪ-ਤਪ, ਭਗਤੀ, ਸ਼ਰਧਾ ਆਦਿ ਕਿਰਿਆਵਾਂ ਮਨੁੱਖ ਨੂੰ ਅਧਿਆਤਮਕ ਮਾਰਗ ਤੇ ਚੱਲਣ ਲਈ ਪ੍ਰੇਰਦੀਆਂ ਹਨ। ਧਰਮ ਇੱਕ ਅਜਿਹਾ ਸੰਕਲਪ ਅਤੇ ਵਿਸ਼ਵਾਸ ਹੈ ਜਿਸ ਜਰੀਏ ਮਨੁੱਖ ਅੰਤਿਮ ਸੱਚ ਦੀ ਪ੍ਰਾਪਤੀ ਕਰਦਾ ਹੈ। ਇਸੇ ਵਿਸ਼ਵਾਸ ਦੇ ਸਬੰਧ 'ਚ ਡਾ. ਕੁਲਵੰਤ ਸਿੰਘ ਆਪਣੀ ਕਿਤਾਬ *ਧਰਮ ਪਰਿਪੇਖ ਅਤੇ ਸਿਧਾਂਤ* ਲਿਖਦੇ ਨੇ:

> ਧਰਮ ਦੀ ਵਿਧੀ ਵਿਸ਼ਵਾਸ ਹੈ। ਵਿਸ਼ਵਾਸ ਦਾ ਮਤਲਬ ਹੈ ਕਿ ਤੁਸੀਂ ਅੰਤਿਮ ਸਤਿ ਦੇ ਅੱਗੇ ਆਪਣਾ ਆਪ ਸਮਰਪਣ ਕਰਦੇ ਹੋ, ਉਸ ਨੂੰ ਪ੍ਰਵਾਨ ਕਰਦੇ ਚੱਲਦੇ ਹੋ ਅਤੇ ਉਸ ਨਾਲ ਸੰਚਾਰ ਵਿੱਚ ਜੁੜਦੇ ਹੋ। ਇਸ ਤਰ੍ਹਾਂ ਵਿਸ਼ਵਾਸ (faith) ਤੋਂ ਭਾਵ ਹੈ ਕਿ ਭਾਵਨਾ ਵਿਸ਼ਵਾਸ-ਪ੍ਰਬੰਧ ਤੋਂ ਪੂਰਣ ਹੈ।

ਵਿਸ਼ਵਾਸ (faith) ਅਸੁਰੱਖਿਅਤਾ ਪੈਦਾ ਕਰਦਾ ਹੈ, ਕਿਉਂਕਿ ਇਹ ਅਸਾਨੂੰ ਕਿਸੇ ਅਗਿਆਤ ਅਤੇ ਅਕਥਨੀ ਦੇ ਸਨਮੁੱਖ ਲਿਆ ਖੜ੍ਹਾ ਕਰਦਾ ਹੈ। ਅਸਾਡੀ ਸੋਚ ਨੂੰ ਨਾ-ਅਭਿਵਿਅਕਤ ਕੀਤੇ ਜਾ ਸਕਣ ਵਾਲੇ ਅਨੁਭਵ ਨਾਲ ਜੋੜਦਾ ਹੈ। ਇਹ ਅਵਸਥਾ ਉਸ ਸਮੇਂ ਉਤਪੰਨ ਹੁੰਦੀ ਹੈ, ਜਦੋਂ ਕੋਈ ਵਿਅਕਤੀ ਅੰਤਿਮ-ਸਤਿ ਨਾਲ ਆਪਣਾ ਸੰਪਰਕ ਕਾਇਮ ਕਰਨ ਲੱਗਦਾ ਹੈ ਮੁਕਾਬਲੇ ਤੇ Belief ਵਿੱਚ ਅਕਥਨੀ ਅਨੁਭਵਤਾ ਨੂੰ ਠੋਸ ਪ੍ਰਤੀਕਾਂ ਦੁਆਰਾ ਝੂਲੇ ਦੇ ਨਿਆਈਂ ਇਧਰ-ਉਧਰ ਝੂਟੇ ਦਿਵਾਏ ਜਾਂਦੇ ਹਨ।(178)

ਧਾਰਮਿਕ ਪੱਖ ਦੇ ਮਾਰਗ ਤੇ ਚੱਲਣ ਵਾਲ਼ਾ ਵਿਅਕਤੀ ਦੇ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਆਦਿ ਵਿਕਾਰਾਂ ਵਿੱਚ ਸੰਤੁਲਨ ਬਣਾਈ ਰੱਖਣ ਲਈ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਸਾਡੀ ਰੋਜ਼ਮਰ੍ਹਾ ਜ਼ਿੰਦਗੀ ਵਿੱਚ ਕੀਤੀਆਂ ਜਾਂਦੀਆਂ ਹਰ ਪ੍ਰਕਾਰ ਦੀਆਂ ਕਿਰਿਆਵਾਂ ਜ਼ਿਆਦਾਤਰ ਧਾਰਮਿਕ ਪੱਖ ਅਧਾਰਿਤ ਹੁੰਦੀਆਂ ਹਨ। ਵਣਜਾਰਾ ਬੇਦੀ ਧਰਮ ਦੇ ਬਾਰੇ *ਖੋਜ ਪੱਤ੍ਰਿਕਾ, ਪੰਜਾਬੀ ਸੱਭਿਆਚਾਰ ਵਿਸ਼ੇਸ਼ ਅੰਕ* .ਚ ਕਹਿੰਦੇ ਨੇ:

> ਧਰਮ ਇੱਕ ਜਟਿਲ ਜਿਹਾ ਅਨੁਸ਼ਾਸਨ ਹੈ, ਜਿਸ ਦੀ ਥੋੜ੍ਹੇ ਜਿਹੇ ਸ਼ਬਦਾਂ ਵਿੱਚ ਪਰਿਭਾਸ਼ਾ ਕਰਨੀ ਸੌਖੀ ਨਹੀਂ। ਧਰਮ ਦੇ ਕਈ ਪੰਧ ਅਤੇ ਦਿਸ਼ਾਵਾਂ ਹਨ, ਕਈ ਪਰਤਾਂ ਤੇ ਕਈ ਪਾਸਾਰ। ਇਹ ਇੱਕ ਅਜਿਹੀ ਜੀਵਨ ਜਾਚ ਹੈ, ਜੋ ਯਥਾਰਥ ਦੇ ਨਾਲ਼-ਨਾਲ਼ ਰਹੱਸਮਈ ਸ਼ਕਤੀਆਂ ਵਿੱਚ ਵੀ ਵਿਸ਼ਵਾਸ ਰੱਖਦੀ ਹੈ ਤੇ ਇੱਕ ਲੋਕ ਤੋਂ ਅਗਲੇ ਲੋਕ ਤੱਕ ਪੱਸਰੀ ਹੋਈ ਹੈ।(57)

ਅਸਲ ਵਿੱਚ ਧਾਰਮਿਕ ਪੱਖ ਸਮੁੱਚੀ ਮਨੁੱਖੀ ਜੀਵਨ ਸ਼ੈਲੀ ਦਾ ਇੱਕ ਅਜਿਹਾ ਚੰਗਾ ਪੱਖ ਹੁੰਦਾ ਹੈ, ਜਿਸ ਰਾਹੀਂ ਵਿਅਕਤੀ ਆਤਮ ਪਛਾਣ ਦੇ ਮਾਰਗ ਤੇ ਚਲਦਾ ਹੈ। ਆਤਮ ਪਛਾਣ ਮਨੁੱਖ ਦੀ ਆਪਣੇ ਫ਼ਰਜ਼ਾਂ ਨੂੰ ਜਾਣਨ ਪ੍ਰਤੀ ਚੇਤਨਾ ਹੈ। ਇਸ ਚੇਤਨਾ ਰਾਹੀਂ ਹੀ ਧਰਮ ਤੋਂ ਸੇਧ ਲੈ ਕੇ ਵਿਅਕਤੀ ਦੁਨਿਆਵੀ ਅੜਚਣਾਂ ਵਿੱਚੋਂ ਲੰਘਦਾ ਹੋਇਆ ਕੁਦਰਤ ਨਾਲ਼ ਇੱਕ ਹੋ ਕੇ ਖੁਦ ਨੂੰ ਬ੍ਰਹਿਮੰਡ ਨਾਲ਼ ਜੋੜ ਲੈਂਦਾ ਹੈ। ਪਰੰਤੂ ਅਜੋਕੇ ਸਮੇਂ ਮਾੜੇ ਪੱਖ ਤੋਂ ਡੇਰੇ ਵਰਗੀਆਂ ਸੰਸਥਾਵਾਂ ਤੇ ਉਹਨਾਂ ਸੰਸਥਾਵਾਂ ਦੇ ਮੁਖੀ ਭ੍ਰਿਸ਼ਟਾਚਾਰ, ਪਾਖੰਡਵਾਦ, ਲੋਟੂ-

ਜਮਾਤ ਆਦਿ ਦਾ ਰੂਪ ਧਾਰਨ ਕਰ ਚੁੱਕੀਆਂ ਹਨ। ਧਰਮ ਦੀ ਹੋਂਦ ਸਬੰਧੀ ਡਾ. ਜੀਤ ਸਿੰਘ ਜੋਸ਼ੀ ਆਪਣੀ ਕਿਤਾਬ *ਸੱਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ* 'ਚ ਲਿਖਿਆ ਹੈ:

> ਵਿਸ਼ਿਸ਼ਟ ਧਰਮ ਜਾਂ ਸੰਸਥਾਈ ਧਰਮ ਤੋਂ ਭਾਵ ਧਰਮ ਦੇ ਉਸ ਰੂਪ ਤੋਂ ਹੈ ਜਿਸ ਦੀ ਸਥਾਪਨਾ ਕਿਸੇ ਵਿਅਕਤੀ/ਵਰਗ ਵੱਲੋਂ ਕੀਤੀ ਜਾਂਦੀ ਹੈ। ਹਰ ਵਿਸ਼ਿਸ਼ਟ ਧਰਮ ਦੀ ਆਪਣੀ ਵੱਖਰੀ ਵਿਚਾਰਧਾਰਾ ਹੁੰਦੀ ਹੈ ਜਿਸ ਦੇ ਅਨੁਸਾਰ ਉਸਦੇ ਨਿਯਮ ਅਤੇ ਮਨਾਹੀਆਂ ਦੀ ਸਥਾਪਨਾ ਹੁੰਦੀ ਹੈ।(53)
>
> ਵਹਿਮ ਭਰਮ ਅਤੇ ਲੋਕ ਵਿਸ਼ਵਾਸ ਲੋਕ ਧਰਮ ਦਾ ਆਧਾਰ ਹੁੰਦੇ ਹਨ। ਡਰ, ਤੌਖਲੇ, ਸ਼ੰਕੇ ਅਤੇ ਭੈ ਲੋਕ ਧਰਮ ਦੀ ਹੋਂਦ ਨਿਰਧਾਰਿਤ ਕਰਨ ਵਿੱਚ ਸਹਾਈ ਹੁੰਦੇ ਹਨ।(54)

ਜਿੰਨ੍ਹਾਂ ਦਾ ਸ਼ੋਸ਼ਿਤ ਔਰਤ ਦੀ ਪੇਸ਼ਕਾਰੀ ਵਿੱਚ ਧਾਰਮਿਕ ਮਾਨਤਾਵਾਂ ਵਜੋਂ ਤਕੜਾ ਹੱਥ ਰਿਹਾ ਹੈ। ਔਰਤ ਨੂੰ ਸ਼ੁਰੂ ਤੋਂ ਹੀ ਇਹ ਸਿਖਾਇਆ ਗਿਆ ਹੈ ਕਿ ਉਸਨੇ ਘਰ ਵਿੱਚ ਰਹਿ ਕੇ ਹਰ ਜ਼ੁਲਮ ਸਹਿ ਕੇ ਵੀ ਸਹੁਰੇ ਘਰ ਵਿੱਚ ਰਹਿਣਾ ਹੈ। ਇਸ ਲਈ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਔਰਤ ਨੂੰ ਭਾਰਤੀ ਮਿਥਿਹਾਸਕ ਹਵਾਲਿਆਂ ਦੀ ਪ੍ਰੇਰਨਾ ਦੁਆਰਾ ਜ਼ੁਲਮ ਸਹਿਣ ਤੇ ਜ਼ੁਲਮ ਦਾ ਟਾਕਰਾ ਕਰਨ ਵਜੋਂ ਉਭਾਰਿਆ ਗਿਆ ਹੈ। ਸੋ ਇਹ ਉਭਾਰ ਸਥਿਤੀ-ਪ੍ਰਸਥਿਤੀ ਅਨੁਸਾਰ ਚੰਗੇ ਤੇ ਮਾੜੇ ਪੱਖਾਂ ਵਜੋਂ ਉੱਭਰਦਾ ਹੈ। ਜਿੰਨ੍ਹਾਂ ਦਾ ਵਿਸਥਾਰਪੂਰਵਕ ਵੇਰਵਾ ਹੇਠ ਲਿਖੇ ਅਨੁਸਾਰ ਹੈ।

**(ੳ) ਚੰਗੇ ਪੱਖ:** ਧਾਰਮਿਕ ਪੱਖ ਤੋਂ ਮਨੁੱਖ ਨੂੰ ਨੈਤਿਕ ਜੀਵਨ ਵਿੱਚ ਵਿਚਰਨ ਦੀ ਪ੍ਰੇਰਨਾ ਚੰਗੇ ਪੱਖ ਵਜੋਂ ਦਿੰਦਾ ਹੈ। ਮਨੁੱਖ ਆਪਣੇ ਨੈਤਿਕ ਵਿਵਹਾਰ ਕਾਰਨ ਹੀ ਸਮੁੱਚੇ ਸਮਾਜਿਕ ਸੰਗਠਨਾਂ ਨੂੰ ਨਿਯੰਤਰਨ ਵਿੱਚ ਰੱਖਦਾ ਹੈ ਤੇ ਇਸਦੇ ਨਿਯਮਾਂ, ਅਮਲਾਂ ਤੇ ਬੰਦਸ਼ਾਂ ਜੋ ਹਰ ਧਰਮ ਵਿੱਚ ਵਿਸ਼ੇਸ਼ ਮਹੱਤਵ ਰੱਖਦੇ ਹਨ, ਤੇ ਚਲਣ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਇਸ ਲਈ ਧਰਮ ਜਿੱਥੇ ਸ਼ਰਧਾ ਤੇ ਵਿਸ਼ਵਾਸ ਦਾ ਥੰਮ੍ਹ ਹੈ, ਉੱਥੇ ਜੀਵਨ ਨੂੰ ਸੇਧ ਪ੍ਰਦਾਨ ਵੀ ਕਰਦਾ ਹੈ।

ਮਾਨਸ ਕੀ ਜਾਤੁ, ਸਭੈ ਏਕੈ ਪਹਿਚਾਨਬੋ।।

ਜਿਵੇਂ ਕਿ ਵੀਨਾ ਵਰਮਾ *ਮੁੱਲ ਦੀ ਤੀਵੀਂ* ਕਹਾਣੀ ਸੰਗ੍ਰਹਿ ਦੀ ਕਹਾਣੀ 'ਦੂਜੀ ਨਾ ਤੀਜੀ' ਦੀ ਨਾਇਕਾ ਮਿੰਟੋਂ ਜਦੋਂ ਆਪਣੇ ਸਹੁਰੇ ਘਰੋਂ ਦੁਖੀ ਹੋ ਕੇ ਆਪਣੇ ਮਾਂ-ਬਾਪ ਨੂੰ ਚਿੱਠੀ ਲਿਖਦੀ ਹੈ, ਜਿਸ ਵਿੱਚ ਉਹ ਆਪਣੇ ਉੱਤੇ ਹੋਏ ਜ਼ੁਲਮਾਂ ਦੀ ਦਰਦ ਕਹਾਣੀ ਸੁਣਾਉਂਦੀ ਹੈ ਤੇ ਵਾਪਸ ਭਾਰਤ ਆਉਣ ਲਈ ਕਹਿੰਦੀ ਹੈ ਤਾਂ ਮਾਂ ਉਸਦੀ ਚਿੱਠੀ ਦਾ ਜੁਆਬ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਮਮਤਾ ਭਿੱਜੇ ਮੋਹ, ਸਨੇਹ ਦੁਆਰਾ ਮਿਥਿਹਾਸ ਵਿਚੋਂ ਉਦਾਹਰਨ ਦੇ ਕੇ ਬਿਆਨ ਕਰਦੀ ਹੈ। ਜਿਸ ਵਿੱਚ ਚੰਗੇ ਪੱਖ ਤੋਂ ਉਸਨੂੰ ਸਹੁਰੇ ਘਰ ਵੱਸਣ ਲਈ ਕਹਿੰਦੀ ਹੈ ਕਿ:

> ਧੀਏ! ਧੀਆਂ ਆਪਣੇ ਘਰਾਂ 'ਚ ਹੀ ਚੰਗੀਆਂ ਲਗਦੀਆਂ ਨੇ, ਸੀਤਾ ਨੇ ਰਾਮ ਨਾਲ ਕਿੰਨ੍ਹੇ ਦੁੱਖ ਕੱਟੇ ਪਰ ਸਾਥ ਨਹੀਂ ਛੱਡਿਆ। ਦਰੋਪਦੀ ਸਾਰੀ ਉਮਰ ਬਣਾ 'ਚ ਫਿਰਦੀ ਰਹੀ। ਔਰਤ ਦਾ ਤਾਂ ਜਨਮ ਹੀ ਦੁੱਖ ਸਹਿਣ ਲਈ ਹੋਇਆ ਹੈ। ਆਪਣੇ ਘਰ ਵਿੱਚ ਰਹਿ ਕੇ ਆਪਣੇ ਪਤੀ ਦਾ ਮਨ ਜਿੱਤ, ਰੱਬ ਤੇਰੀ ਤੱਪਸਿਆ ਨੂੰ ਸਫ਼ਲ ਕਰੇ।(115)

ਪੁਰਾਣੇ ਅਤੇ ਆਧੁਨਿਕ ਸਮੇਂ ਵਿੱਚ ਧਰਮ ਦੇ ਅਰਥ ਵਿੱਚ ਪਰਿਵਰਤਨ ਹੁੰਦਾ ਜਾ ਰਿਹਾ ਹੈ। ਡਾ. ਜੀਤ ਸਿੰਘ ਆਪਣੀ ਪੁਸਤਕ *ਸੱਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ* 'ਚ ਲਿਖਦੇ ਹਨ:

> ਪੁਰਾਤਨ ਸਭਿਆਚਾਰ ਉੱਤੇ ਧਰਮ ਦਾ ਵਧੇਰੇ ਪ੍ਰਭਾਵ ਹੋਣ ਕਰਕੇ ਭਾਰਤੀ ਸਭਿਆਚਾਰ ਦਾ ਸਰੂਪ ਅਧਿਆਤਮਵਾਦੀ ਰਿਹਾ ਹੈ, ਪਰੰਤੂ ਆਧੁਨਿਕ ਸਮੇਂ ਵਿੱਚ ਪੱਛਮੀ ਪ੍ਰਭਾਵ ਅਧੀਨ ਭਾਰਤੀ ਸਭਿਆਚਾਰ ਵੀ ਭੌਤਿਕ ਲੱਛਣਾਂ ਵਾਲਾ ਹੁੰਦਾ ਜਾ ਰਿਹਾ ਹੈ।(54)

ਵੀਨਾ ਵਰਮਾ ਦੀ *ਫਰੰਗੀਆਂ ਦੀ ਨੂੰਹ* ਕਹਾਣੀ ਸੰਗ੍ਰਹਿ ਦੀ 'ਰਜਾਈ' ਕਹਾਣੀ ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਨਾਇਕਾ ਹਰਬੰਸ ਕੋਰ ਦੇ ਇਸ ਕਥਨ ਤੋਂ ਚੰਗਾ ਪੱਖ ਸਪੱਸ਼ਟ ਹੁੰਦਾ ਹੈ, ਜਦੋਂ ਉਹ ਫ਼ੌਜੀ ਨੂੰ ਕਹਿੰਦੀ ਹੈ ਕਿ ਨਾਲੇ ਕਹਿੰਦੇ ਆ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਔਰਤ ਮਰਦ ਦੇ ਪੈਰ ਦੀ ਜੁੱਤੀ ਹੁੰਦੀ ਹੈ, ਪਰ ਵੀਨਾ ਵਰਮਾ ਨੇ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ

ਵੇਦਾਂ ਗ੍ਰੰਥਾਂ ਵਿੱਚ ਔਰਤ ਵਿਰੋਧੀ ਅਜਿਹੀ ਸੋਚ ਤੇ ਕਟਾਖਸ਼ ਫ਼ੌਜੀ ਦੇ ਮੂੰਹੋਂ ਕਰਵਾਇਆ ਹੈ। ਫ਼ੌਜੀ ਚੰਗੇ ਪੱਖ ਦੀ ਸੋਚ ਦੁਆਰਾ ਹਰਬੰਸ ਕੌਰ ਨੂੰ ਖ਼ੁਦ ਕਹਿੰਦਾ ਹੈ ਕਿ:

> ਕਿਹੜੇ ਗ੍ਰੰਥ 'ਚ ਲਿਖਿਐ? ਫੂਕ ਦਿਓ ਇਹੋ ਜਿਹੇ ਗ੍ਰੰਥਾਂ ਨੂੰ ਜਿਸ 'ਚ ਔਰਤ ਨੂੰ ਜੁੱਤੀ ਲਿਖਿਆ ਗਿਆ ਹੋਵੇ। ਔਰਤ ਨੂੰ ਚਾਹੀਦੈ ਇਹੋ ਜਿਹੇ ਗ੍ਰੰਥ ਨੂੰ ਘਰ 'ਚ ਤਾਂ ਕੀ ਸ਼ਹਿਰ 'ਚ ਨਾ ਵੜਨ ਦੇਵੇ।(20)

ਅੱਗੇ ਉਹ ਹਰਬੰਸ ਕੌਰ ਨੂੰ ਕਹਿੰਦਾ ਹੈ ਕਿ ਉਸ ਨੇ ਕਦੇ ਕੋਈ ਗ੍ਰੰਥ ਨਹੀਂ ਪੜ੍ਹਿਆ ਉਹ ਸੁਣੀਆਂ ਸੁਣਾਈਆਂ ਗੱਲਾਂ ਤੇ ਵਿਸ਼ਵਾਸ ਕਰਕੇ ਸਦੀਆਂ ਤੋਂ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਮਰਦ ਦੀ ਗੁਲਾਮੀ ਕਰਦੀ ਆਈ ਹੈ। ਉਸਨੇ ਗੁਰੂ ਗ੍ਰੰਥ ਵਿਚੋਂ ਹਵਾਲਾ ਦੇ ਕੇ ਔਰਤ ਜਾਤੀ ਦੀ ਮਹਾਨਤਾ ਨੂੰ ਵੀ ਬਿਆਨ ਕੀਤਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਸਾਨੂੰ ਔਰਤ ਨੂੰ ਨਹੀਂ ਨਿੰਦਣਾ ਚਾਹੀਦਾ। ਉਹ ਵੱਡੇ-ਵੱਡੇ ਰਾਜਿਆਂ ਨੂੰ ਜਨਮ ਦੇਣ ਵਾਲੀ ਹੈ।

**(ਅ) ਮਾੜੇ ਪੱਖ**: ਮਾੜੇ ਪੱਖ ਤੋਂ ਇੱਥੇ ਇਹ ਗੱਲ ਬੜੀ ਸਪੱਸ਼ਟ ਹੈ ਕਿ ਮਾਂ ਵੀ ਭਾਵੇਂ ਔਰਤ ਹੈ, ਪਰੰਤੂ ਉਹ ਧੀ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਮਿਥਿਹਾਸਕ ਸਾਂਚੇ ਵਿੱਚ ਢਾਲਣ ਲਈ ਸੀਤਾ ਅਤੇ ਦਰੋਪਦੀ ਦੇ ਨਾਵਾਂ ਨੂੰ ਇਸਤੇਮਾਲ ਕਰਦੀ ਹੈ। ਕੁੜੀਆਂ ਨੂੰ ਬਚਪਨ ਤੋਂ ਇਹ ਸਿਖਾਇਆ ਜਾਂਦਾ ਹੈ ਕਿ ਧਾਰਮਿਕ ਗ੍ਰੰਥਾਂ ਅਤੇ ਕਿਤਾਬਾਂ ਵਿੱਚ ਇਹ ਲਿਖਿਆ ਹੈ ਕਿ ਔਰਤ ਨੂੰ ਕਦੇ ਵੀ ਮਰਦ ਦੀ ਬਰਾਬਰੀ ਨਹੀਂ ਕਰਨੀ ਚਾਹੀਦੀ। ਉਸਦੇ ਸੰਸਕਾਰਾਂ ਵਿੱਚ ਇਹ ਮਨ ਗੱਲ ਪੱਕੇ ਵਿਸ਼ਵਾਸ ਵਜੋਂ ਭਰੀ ਜਾਂਦੀ ਹੈ ਕਿ ਔਰਤ ਤਾਂ ਮਰਦ ਦੇ ਪੈਰ ਦੀ ਜੁੱਤੀ ਹੁੰਦੀ ਹੈ ਤੇ ਪੈਰ ਵਿੱਚ ਹੀ ਰਹਿਣਾ ਚਾਹੀਦਾ ਹੈ।

ਜਿਵੇਂ ਕਿ *ਮੁੱਲ ਦੀ ਤੀਵੀਂ* ਦੀ ਕਹਾਣੀ 'ਛੋਟੀ ਸਰਦਾਰਨੀ' ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਨਰਿੰਦਰ ਰੁਪਿੰਦਰ ਨੂੰ ਪ੍ਰੇਮ ਦੇ ਜਾਲ ਵਿੱਚ ਫਸਾ ਕੇ ਉਸ ਨਾਲ ਸਰੀਰਕ ਸਬੰਧ ਬਣਾਉਂਦਾ ਹੈ, ਪਰ ਜਦੋਂ ਉਹ ਉਸ ਨਾਲ ਵਿਆਹ ਕਰਨ ਦਾ ਇਜ਼ਹਾਰ ਕਰਦੀ ਹੈ ਤਾਂ ਉਹ ਵੀ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਪੌਰਾਣਿਕ ਕਥਾਵਾਂ ਤੋਂ ਹਵਾਲਾ ਦੇ ਕੇ ਵਿਆਹ ਦੇ ਬੰਧਨ

ਵਿੱਚ ਬੱਝਣ ਤੋਂ ਇਨਕਾਰ ਕਰ ਦਿੰਦਾ ਹੈ। ਉਹ ਚਾਹੁੰਦਾ ਹੈ ਕਿ ਉਹ ਉਸ ਔਰਤ ਨਾਲ ਸਰੀਰਕ ਸਬੰਧ ਤਾਂ ਰੱਖ ਸਕਦਾ ਹੈ, ਪਰ ਇੱਕ ਪਤੀ-ਪਤਨੀ ਦੇ ਰੂਪ ਵਿੱਚ ਸਾਥ ਨਹੀਂ ਦੇ ਸਕਦਾ। ਜਿਵੇਂ ਕਿ ਵੀਨਾ ਵਰਮਾ ਦੀ ਕਹਾਣੀ 'ਛੋਟੀ ਸਰਦਾਰਨੀ' ਵਿੱਚ ਜਦੋਂ ਰੁਪਿੰਦਰ ਨਰਿੰਦਰ ਨੂੰ ਵਿਆਹ ਲਈ ਕਹਿੰਦੀ ਹੈ ਤਾਂ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਉਹ ਆਪਣੇ ਮਾੜੇ ਪੱਖ ਦੀ ਪ੍ਰਮਾਣਿਕਤਾ ਰਾਧਾ ਕ੍ਰਿਸ਼ਨ ਦੇ ਪ੍ਰੇਮ ਕਹਾਣੀ ਦੇ ਹਵਾਲੇ ਦੁਆਰਾ ਦਿੰਦਾ ਹੋਇਆ ਕਹਿੰਦਾ ਹੈ ਕਿ:

> ਰਾਧਾ ਤੇ ਕ੍ਰਿਸ਼ਨ ਦਾ ਕਿਹੜਾ ਵਿਆਹ ਹੋਇਆ ਸੀ? ਹਰਮੰਦਰ ਚ ਉਨ੍ਹਾਂ ਦੀ ਪੂਜਾ ਹੁੰਦੀ ਹੈ। ਪਿਆਰ ਤਾਂ ਬਹੁਤ ਉੱਚਾ ਜ਼ਜਬਾ ਹੈ ਰੂਪ। ਇਹਦਾ ਵਿਆਹ ਨਾਲ ਕੋਈ ਤਾਲੁਕ ਨਹੀਂ। ਵਿਆਹ ਨਾਲ ਪਿਆਰ ਨਹੀਂ ਖਰੀਦੇ ਜਾਂਦੇ। ਵਿਆਹ ਤੋਂ ਬਹੁਤ ਉਤਾਂਹ ਦੀ ਚੀਜ਼ ਹੈ ਇਹ। ਉਹ ਫਿਲਾਸਫ਼ਰਾਂ ਵਾਂਗ ਬੋਲਿਆ।(62)

ਇਸ ਤਰ੍ਹਾਂ ਔਰਤ ਦਾ ਇਹ ਦੁਖਾਂਤ ਹੈ ਕਿ ਉਹ ਪਤੀ ਨੂੰ ਹਮੇਸ਼ਾ ਪਰਮੇਸ਼ਵਰ ਦੇ ਰੂਪ ਵਿੱਚ ਦੇਖੇ, ਪਰ ਪਤੀ ਬਾਹਰ ਅੱਯਾਸ਼ੀ ਕਰਦਾ ਫਿਰੇ। ਜਦੋਂ ਉਸਨੇ ਕਿਸੇ ਔਰਤ ਨਾਲ ਵਿਆਹ ਕਰਾਉਣਾ ਹੁੰਦਾ ਹੈ ਤਾਂ ਉਹ ਔਰਤ ਦੀ ਪਿਛਲੀ ਜ਼ਿੰਦਗੀ ਦਾ ਹਿਸਾਬ ਕਿਤਾਬ ਲਗਾਉਣ ਬੈਠ ਜਾਂਦਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਵਿਅੰਗ ਵਿਧੀ ਰਾਹੀਂ ਵੀਨਾ ਵਰਮਾ ਨੇ *ਫਰੰਗੀਆਂ ਦੀ ਨੂੰਹ* ਕਹਾਣੀ ਸੰਗ੍ਰਹਿ 'ਇੱਕ ਸੀ ਮੈਂ' ਕਹਾਣੀ ਵਿੱਚ ਪੇਸ਼ ਮਰਦ ਦੀ ਅਜਿਹੀ ਮਾੜੇ ਪੱਖ ਵਾਲੀ ਸੋਚ ਨੂੰ ਉਭਾਰਿਆ ਹੈ। ਇਸ ਕਹਾਣੀ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਅੰਟੀ ਅਤੇ ਅਨੀਤਾ ਦੇ ਵਾਰਤਾਲਾਪ ਵਿਚੋਂ ਸਪੱਸ਼ਟ ਹੁੰਦਾ ਹੈ ਕਿ ਭਾਵੇਂ ਧਾਰਮਿਕ ਪੁਰਸ਼ ਹੋਵੇ ਜਾਂ ਪੌਰਾਣਿਕ ਨਾਇਕ ਹੋਵੇ ਹਮੇਸ਼ਾ ਹੀ ਮਾੜੇ ਪੱਖ ਤੋਂ ਔਰਤ ਤੇ ਜ਼ੁਲਮ ਹੀ ਕਰਦਾ ਹੈ। ਧਾਰਮਿਕ ਪੱਖ ਤੋਂ ਰਾਮ ਇੱਕ ਅਜਿਹਾ ਪਾਤਰ ਹੈ, ਜਿਸ ਦੀ ਲੋਕ ਪੂਜਾ ਕਰਦੇ ਹਨ। ਉਸਦੀ ਸੋਚ ਤੇ ਮਾੜੇ ਪੱਖ ਤੋਂ ਵਿਅੰਗ ਕਰਦੀ ਉਹ ਇਹ ਕਹਿਣਾ ਚਾਹੁੰਦੀ ਹੈ ਕਿ:

> ਰਾਜੇ ਮਤਾ ਰਾਜੇ ਜ਼ਰ, ਜੋਰੂ ਤੇ ਜ਼ਮੀਨ ਨੂੰ ਇੱਜ਼ਤ ਦਾ ਸੁਆਲ ਸਮਝਦੇ ਹੁੰਦੇ ਸੀ। ਸੀਤਾ ਨੂੰ ਵਾਪਿਸ ਲਿਆਉਣਾ ਯੁੱਧ ਨੀਤੀ ਸੀ। ਜੇ ਅਸਲੀ ਪਿਆਰ ਹੁੰਦਾ ਤਾਂ ਉਹਨੂੰ ਦੂਹਰੀ ਵਾਰੀ ਕੱਲੀ ਨੂੰ

ਬਨਵਾਸ ਨਾ ਦਿੰਦਾ ਸਗੋਂ ਉਹਦੇ ਨਾਲ ਜਾਂਦਾ ਜੰਗਲਾਂ ਨੂੰ।(125)

ਵੀਨਾ ਵਰਮਾ ਦੇ *ਜੋਗੀਆਂ ਦੀ ਧੀ* ਦੀ 'ਆ ਜਾ ਘਰ ਵਸਾਈਏ' ਕਹਾਣੀ ਵੀ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਮਾੜੇ ਪੱਖ ਦਾ ਉਭਾਰ ਹੈ। ਇਸ ਕਹਾਣੀ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਪਾਖੰਡੀ ਬਾਬਿਆਂ ਵੱਲੋਂ ਲੋਕਾਂ ਨੂੰ ਗੁੰਮਰਾਹ ਕਰਕੇ ਚਲਾਏ ਜਾਂਦੇ ਦੇਹ ਵਪਾਰ ਦਾ ਪਰਦਾਫਾਸ਼ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਬਾਬਾ ਡੱਕਾ ਪੀਰ ਇੱਕ ਦੰਭੀ ਅਤੇ ਖਲ ਪਾਤਰ ਹੈ, ਜਿਹੜਾ ਭੋਲੇ-ਭਾਲੇ ਲੋਕਾਂ ਨੂੰ ਗੁੰਮਰਾਹ ਕਰ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਆਪਣੀ ਹਵਸ ਪੂਰੀ ਕਰਦਾ ਹੈ। ਉਰਵਸ਼ੀ ਉਰਫ਼ ਊਸ਼ਾ ਇੱਕ ਬੋਲਡ ਕਿਰਦਾਰ ਵਜੋਂ ਉੱਭਰਦੀ ਹੈ। ਜਿਹੜੀ ਪਾਖੰਡੀ ਬਾਬਿਆਂ ਦੀ ਧੰਨ-ਦੌਲਤ 'ਤੇ ਫੋਕੀ ਸ਼ੁਹਰਤ ਹਾਸਲ ਕਰ ਮੁੜ ਤਿਆਗ ਦਿੰਦੀ ਹੈ। ਊਸ਼ਾ ਜਦੋਂ ਆਪਣੇ ਜੀਵਨ ਬਾਰੇ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਬਾਬੇ ਨੂੰ ਕੋਈ ਕਰਾਮਾਤ ਕਰਨ ਲਈ ਕਹਿੰਦੀ ਹੈ ਤੇ ਕੋਈ ਜਾਦੂ ਦੀ ਪੁੜੀ ਮੰਗਦੀ ਹੈ ਤਾਂ ਬਾਬਾ ਅੱਗੋਂ ਹਵਸ ਰੂਪ ਦੇ ਮਾੜੇ ਪੱਖ ਨੂੰ ਬਿਆਨ ਕਰਦਾ ਕਹਿੰਦਾ ਹੈ:

> ਜਾਦੂ ਦੀ ਪੁੜੀ? ਤੇਰੇ ਤੋਂ ਵੱਡਾ ਜਾਦੂ ਕਿਹੜਾ ਏ? ਔਰਤ ਦੇ ਹੁਸਨ ਦਾ ਜਾਦੂ ਤਾਂ ਵੱਡਿਆਂ ਵੱਡਿਆਂ ਨੂੰ ਪਾਗਲ ਕਰ ਦਿੰਦਾ ਏ।(197)

ਤੇ ਬਾਅਦ ਵਿੱਚ ਬਾਬਾ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਕਹਿੰਦਾ ਹੈ ਕਿ:

> ਜਦੋਂ ਤੱਕ ਦੁਨੀਆਂ 'ਚ ਬੇਵਕੂਫ ਜ਼ਿੰਦਾ ਨੇ ਅਕਲਮੰਦ ਭੁੱਖੇ ਨਹੀਂ ਮਰਦੇ।(197)

ਧਰਮ ਦਾ ਸਿਧੇ ਜਾਂ ਅਸਿਧੇ ਰੂਪ 'ਚ ਸੱਭਿਆਚਾਰ 'ਤੇ ਪ੍ਰਭਾਵ ਪੈਂਦਾ ਹੈ। ਸਮਾਜ ਵਿੱਚ ਅਕਸਰ ਲੋਕ ਬੁਰਾਈ ਤੋਂ ਜਾਂ ਕਿਸੇ ਮਾੜੀ ਘਟਨਾ ਤੋਂ ਡਰਦੇ ਨੇ ਇਸੇ ਕਰਕੇ ਅੰਧ ਵਿਸ਼ਵਾਸ ਦਾ ਜਨਮ ਹੁੰਦਾ ਹੈ। ਅੰਧ ਵਿਸ਼ਵਾਸ ਬਾਰ ਓਮ ਪ੍ਰਕਾਸ਼ ਗਾਸੋ ਆਪਣੇ ਭਾਵ ਵਿਅਕਤ ਕਰਦੇ ਹੋਏ ਆਪਣੀ ਕਿਤਾਬ 'ਚ ਆਖਦੇ ਨੇ:

> ਧਰਮ ਦਾ ਪਰਤੱਖ ਜਾਂ ਅਪਰਤੱਖ ਰੂਪ 'ਚ ਅਸਾਡੀ, ਕਲਾ, ਸਾਹਿਤ, ਸਾਮਾਜਿਕ ਕਾਰਜਾਂ ਅਤੇ ਸਭਿਆਚਾਰ ਉਤੇ ਪ੍ਰਭਾਵ ਪੈਂਦਾ ਰਿਹਾ ਹੈ। ਇਹ ਪ੍ਰਭਾਵ ਹੌਲੀ ਹੌਲੀ ਪੰਜਾਬ ਦੀਆਂ ਸੱਭਿਆਚਾਰਕ

> ਕੀਮਤਾਂ ਦਾ ਹਿੱਸਾ ਬਣਕੇ ਅਦਿੱਖ ਸ਼ਕਤੀਆਂ ਦਾ ਸੂਚਕ ਬਣ ਬੈਠਾ ਇਨ੍ਹਾਂ ਸ਼ਕਤੀਆਂ ਅੱਗੇ ਸਮਰਪਣ ਕਰ ਦੇਣ ਨਾਲ ਹੀ ਅੰਧ-ਵਿਸ਼ਵਾਸ ਦਾ ਜਨਮ ਹੋ ਜਾਂਦਾ ਹੈ।(64)

ਇਸ ਤਰ੍ਹਾਂ'ਆ ਜਾ ਘਰ ਵਸਾਈਏ' ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਡੇਰੇ ਵਿੱਚਲਾ ਬਾਬਾ ਮਾੜੇ ਪੱਖ ਤੋਂ ਆਪਣੇ ਕੋਲ ਸਮੱਸਿਆਵਾਂ ਲੈ ਕੇ ਆਏ ਸ਼ਰਧਾਲੂ ਲੋਕਾਂ ਨੂੰ ਬੇਵਕੂਫ਼ ਦੱਸਦਾ ਹੈ। ਬਾਬਾ ਊਸ਼ਾ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਇਸ ਧੰਦੇ ਦੇ ਸਾਰੇ ਟਰਿੱਕਸ ਆਫ਼ ਦਾ ਟਰੇਡ ਸਮਝਾਉਂਦਾ ਹੈ। ਊਸ਼ਾ ਬਾਬੇ ਦੀ ਭਾਈਵਾਲ 'ਚ ਚੰਗੇ ਨੋਟ ਕਮਾਉਂਦੀ ਹੈ। ਪਰ ਕੁਝ ਸਮੇਂ ਬਾਅਦ ਅੰਨ੍ਹਾ ਪੈਸਾ ਊਸ਼ਾ ਨੂੰ ਸੁੱਖ ਦੇਣ ਦੀ ਬਜਾਏ ਦੁੱਖ ਦੇਣ ਦਾ ਕਾਰਨ ਬਣਦਾ ਹੈ। ਦੌਲਤ ਦਾ ਉਭਾਰ ਉਸ ਨੂੰ ਫ਼ਜ਼ੂਲ ਲੱਗਦਾ ਹੈ। ਊਸ਼ਾ ਜੀਵਨ ਦੇ ਸੱਚ ਤੋਂ ਮੂੰਹ ਨਹੀਂ ਮੋੜ ਸਕਦੀ। ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਊਸ਼ਾ ਨੂੰ ਆਪਣੇ ਪਾਖੰਡ, ਮਾੜੇ ਪੱਖ ਤੇ ਗਲਾਨੀ ਹੋਣ ਲੱਗਦੀ ਹੈ ਤਾਂ ਇੱਕ ਦਿਨ ਉਹ ਬਾਬੇ ਨੂੰ ਕਹਿੰਦੀ ਹੈ:

> ਸਭ ਝੂਠ ਹੈ। ਧੋਖਾ ਦੇ ਰਹੀ ਹਾਂ ਮੈਂ, ਆਪਣੇ ਆਪ ਨੂੰ ਤੇ ਸਮਾਜ ਨੂੰ। ਘਿਰਨਾ ਆਉਂਦੀ ਹੈ ਕਈ ਵਾਰੀ ਮੈਨੂੰ ਆਪਣੇ ਆਪ ਤੋਂ। ਤੇਰੇ ਨਾਲ ਸੌਂਦੀ ਹਾਂ ਤੇ ਲੋਕਾਂ ਸਾਹਮਣੇ ਸਾਧਵੀ ਦਾ ਭੇਸ ਬਣਾ ਕੇ ਪੂਜਾ ਦਾ ਪਾਖੰਡ ਕਰਦੀ ਹਾਂ।(200)

ਇਹਨਾਂ ਸ਼ਬਦਾਂ ਨਾਲ ਊਸ਼ਾ ਆਪਣੇ ਆਪ ਤੇ ਲਾਹਨਤ ਪਾਉਂਦੀ ਹੈ। ਅੰਤ ਵਿੱਚ ਜੀਵਨ ਦੀ ਮੁੱਖ ਧਾਰਾ ਨੂੰ ਅਪਣਾਉਂਦੀ ਹੈ। ਇਸ ਤਰ੍ਹਾਂ 'ਆ ਜਾ ਘਰ ਵਸਾਈਏ' ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਸਮੁੱਚੀ ਮਨੁੱਖਤਾ ਅੰਦਰ ਡੂੰਘੀਆਂ ਜੜ੍ਹਾਂ ਮਾਰੀ ਬੈਠੀ ਇੱਕ ਬੁਰਾਈ ਉੱਪਰ ਕਟਾਖਸ਼ ਹੈ। *ਮੁੱਲ ਦੀ ਤੀਵੀਂ* ਕਹਾਣੀ ਸੰਗ੍ਰਹਿ ਦੀ 'ਹੋਰ ਉੱਪਰ' ਕਹਾਣੀ ਵਿੱਚ ਵੀ ਵੀਨਾ ਵਰਮਾ ਨੇ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਜਿਨਸੀ ਰਿਸ਼ਤਿਆਂ-ਨਾਤਿਆਂ ਅਤੇ ਮਾਨਵੀ ਅਤ੍ਰਿਪਤੀਆਂ ਦੇ ਸੰਬੰਧ ਤੋਂ ਪਾਖੰਡੀ, ਕਪਟੀ ਅਤੇ ਵੈਲੀ ਸਾਧੂ-ਸੰਤਾਂ ਦਾ ਵੀ ਪਾਜ ਉਘਾੜ ਕੇ ਕੋਝੇ ਮਾੜੇ ਪੱਖ ਨੂੰ ਸਾਹਮਣੇ ਲਿਆਂਦਾ ਹੈ। ਇਸ ਕਹਾਣੀ ਦੀ ਪਾਤਰ ਸ਼ਿਮਲਾ ਦਾ ਪਤੀ ਨਿਪੁੰਸਕ ਹੋਣ ਕਰਕੇ ਸ਼ਿਮਲਾ ਬਾਂਝ ਰਹਿ ਜਾਂਦੀ ਹੈ। ਬੱਚਾ ਨਾ ਪੈਦਾ ਹੋਣ ਦੀ

ਵਜਾ ਸ਼ਿਮਲਾ ਨੂੰ ਕਿਹਾ ਜਾਂਦਾ ਹੈ। ਅਜਿਹੇ ਮਸਲੇ ਤੋਂ ਸ਼ਿਮਲਾ ਦੇ ਪਤੀ ਨੂੰ ਦੋਸ਼ੀ ਨਹੀਂ ਕਿਹਾ ਜਾਂਦਾ, ਸਗੋਂ ਬੱਚਾ ਨਾ ਦੇ ਕਾਰਨ ਸ਼ਿਮਲਾ ਨੂੰ ਦੋਸ਼ੀ ਸਮਝਿਆ ਜਾਂਦਾ ਹੈ। ਅਜਿਹੀਆਂ ਸਥਿਤੀਆਂ-ਪ੍ਰਸਥਿਤੀਆਂ ਤੋਂ ਤੰਗ ਹੋਈ ਸ਼ਿਮਲਾ ਨੂੰ ਸੱਸ ਵੱਲੋਂ ਕੁੱਖ ਹਰੀ ਨਾ ਹੋਣ ਦੇ ਦੋਸ਼ ਵਜੋਂ ਤਾਹਨੇ-ਮਿਹਣੇ ਦਿੱਤੇ ਜਾਂਦੇ ਹਨ। ਪਤੀ ਵੱਲੋਂ ਵੀ ਦੁਰਕਾਰਿਆ ਜਾਂਦਾ ਹੈ। ਸ਼ਿਮਲਾ ਦੀ ਸੱਸ ਉਸ ਨੂੰ ਆਪਣੇ ਪੁੱਤਰ ਦਾ ਦੂਜਾ ਵਿਆਹ ਕਰਵਾਉਣ ਦੀ ਧਮਕੀ ਦਿੰਦੀ ਹੈ। ਸੁਰੇਸ਼ ਦੀ ਤਾਏ ਦੀ ਨੂੰਹ ਕਾਂਤਾ ਸ਼ਿਮਲਾ ਦੀ ਤ੍ਰਾਸਦਿਕ ਵਿੱਚ ਆਸ ਦੀ ਕਿਰਨ ਬਣ ਕੇ ਆਉਂਦੀ ਹੈ। ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਉਹ ਉਸ ਨੂੰ ਬੱਚਾ ਪੈਦਾ ਕਰਨ ਲਈ ਉਹੜ ਪੋਹੜ ਕਰਨ ਵਾਸਤੇ ਪਿੰਡ ਦੇ ਸਾਧ ਕੋਲ ਜਾਣ ਦੀ ਸਲਾਹ ਦਿੰਦੀ ਹੈ। ਇਸ ਤਰ੍ਹਾਂ ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਅਖੌਤੀ ਸਾਧੂਆਂ ਦੀਆਂ ਕਰਤੂਤਾਂ ਉੱਪਰ ਵੀ ਤਿੱਖਾ ਵਿਅੰਗ ਕੀਤਾ ਹੈ। ਜਿਵੇਂ ਕਿ ‘ਮਹਾਰਾਜ’ ਉਸਨੂੰ ਲਗਾਤਾਰ ਚਾਲੀ ਦਿਨ ਉਸਦੀ ਕੁਟੀਆ ‘ਚ ਆਉਣ ਲਈ ਕਹਿੰਦਾ ਹੈ। ਸਾਧ ਦੇ ਕਮਰੇ ‘ਚ ਅਰਦਾਸ ਲੈ ਕੇ ਗਈ ਸ਼ਿਮਲਾ ਨਾਲ ਮਹਾਰਾਜ ਜਿਣਸੀ ਸੰਬੰਧ ਸਥਾਪਤ ਕਰਕੇ ਉਸਦੀ ਜੜ੍ਹ ਹਰੀ ਕਰਨ ਦੀ ਗੱਲ ਕਹਿੰਦਾ ਹੈ। ਸਾਧ ਵੱਲੋਂ ਆਖੇ ਹੇਠ ਲਿਖੇ ਬੋਲਾਂ ਰਾਹੀਂ ਅਖੌਤੀ ਸਾਧ ਦਾ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਮਾੜੇ ਪੱਖ ਦਾ ਪਰਦਾਫਾਸ਼ ਹੋ ਜਾਂਦਾ ਹੈ। ਵੀਨਾ ਵਰਮਾ ਦੀ ਕਹਾਣੀ ‘ਹੋਰ ਉੱਪਰ’ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਪਾਖੰਡੀ ਸਾਧੂ ਦਾ ਮਾੜਾ ਪੱਖ ਉਦੋਂ ਉੱਭਰਦਾ ਹੈ, ਜਦੋਂ ਸ਼ਿਮਲਾ ਨੂੰ ਸਾਧ ਕਹਿੰਦਾ ਹੈ ਕਿ:

> ਕੋਈ ਧਨ ਦਾਨ ਕਰਤਾ ਹੈ। ਕੋਈ ਅੰਨ ਦਾਨ ਕਰਤਾ ਹੈ ਤਥਾ ਕੋਈ ਰਾਜਯ ਤੱਕ ਦਾਨ ਕਰ ਦੇਤਾ ਹੈ। ਪਰ ਹਮ ਵੀਰਜ਼ ਦਾਨ ਕਰਤੇ ਹੈਂ, ਸੁੰਦਰੀ, ਜੋ ਸਭ ਸੇ ਬੜਾ ਦਾਨ ‘ਮਹਾਂ ਦਾਨ’ ਕਹਿਲਾਤਾ ਹੈ। ਕਿਤਨੇ ਘਰੋਂ ਕੋ ਟੂਟਨੇ ਸੇ ਹਮਨੇ ਬਚਾਇਆ ਹੈ। ਕਿਤਨੀ ਬਾਂਝ ਔਰਤੋਂ ਕੋ ਪੁੱਤਰ ਦਾਨ ਦੀਏ ਹੈਂ। ਅਬ ਤੁਮਹਾਰੀ ਮਰਜ਼ੀ ਹੈ। ਤੁਮ ਜੀਵਨ ਕਾ ਯੁੱਧ ਲੜ ਰਹੀ ਹੋ। ਸ਼ਿਮਲਾ ਆਪਣੇ ਪਤੀ ਕੋ ਵਾਪਸ ਜੀਤਨਾ ਹੈ ਤੁਮਨੇ। ਔਰ ਯੁੱਧ ਤਥਾ ਪ੍ਰੇਮ ਮੇ ਸਭ ਉਚਿਤ ਹੈ।(53,54)

ਇਸ ਤੋਂ ਸੁਰੇਸ਼ ਦੇ ਤਾਏ ਦੀ ਨੂੰਹ ਕਾਂਤਾ ਦੀ ਕੁੱਖ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਉਸੇ ਸਾਧ ਦੀ ਕਿਰਪਾ ਨਾਲ ਪੰਜਾਂ ਸਾਲਾਂ 'ਚ ਹੋਏ ਚਾਰ ਪੁੱਤਰਾਂ ਦੇ ਰਾਜ ਤੋਂ ਵੀ ਪਰਦਾ ਉੱਠ ਜਾਂਦਾ ਹੈ। ਕਹਾਣੀ ਅੰਦਰ ਮਾੜੇ ਪੱਖ ਦਾ ਉਭਾਰ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਉਦੋਂ ਵਾਪਰਦਾ ਹੈ, ਜਦੋਂ ਸਾਧੂ ਹਰ ਔਰਤ ਨੂੰ ਆਪਣੀ ਕਾਮੁਕ ਭੁੱਖ ਨੂੰ ਮਿਟਾਉਣ ਲਈ ਆਪ ਹੀ ਪੁੜੀਆਂ ਜਾਂ ਦਵਾ ਦਾਰੂ ਨਾਲ ਬੱਚੇ ਪੈਦਾ ਹੋਣ ਦੇ ਭਰਮ ਨੂੰ ਨਕਾਰਦਾ ਹੋਇਆ ਕਹਿੰਦਾ ਹੈ ਕਿ:

> ਸੰਸਾਰ ਕੀ ਰਚਨਾ ਕਾ ਸਿਰਫ਼ ਏਕ ਹੀ ਤਰੀਕਾ ਭਗਵਾਨ ਨੇ ਬਣਾਇਆ ਹੈ ਔਰ ਵੋ ਹੈ ਨਰ ਔਰ ਮਾਦਾ ਕਾ ਮੇਲ। ਚਾਹੇ ਪਸ਼ੂ ਹੋ ਯਾ ਆਦਮੀ, ਪੌਦਾ ਹੋ ਯਾ ਪਕਸ਼ੀ, ਬਿਨਾਂ ਨਰ ਔਰ ਮਾਦਾ ਕੇ ਮੇਲ ਕੇ ਕੋਈ ਨਸ਼ਲ ਆਗੇ ਨਹੀਂ ਬੜ੍ਹਤੀ। ਫਿਰ ਦਵਾ ਦਾਰੂ ਤੋ ਸਿਰਫ਼ ਦੁਨੀਆਂ ਕੀ ਨਜ਼ਰੋਂ ਮੇ ਧੂਲ ਝੋਕਨੇ ਕੇ ਲੀਏ ਹੈ।(53)

ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਸ਼ਿਮਲਾ ਕੁੱਖ ਹਰੀ ਹੋਣ ਦੇ ਮਜਬੂਰੀ ਵੱਸ ਇੱਕ ਸਾਧੂ ਕੋਲ ਚਲੀ ਜਾਂਦੀ ਹੈ, ਜਿਹੜਾ ਉਸ ਕੋਲੋਂ ਪੈਰਾਂ ਨੂੰ ਮਾਲਸ਼ ਕਰਾਉਂਦਾ-ਕਰਾਉਂਦਾ 'ਹੋਰ ਉੱਪਰ'-'ਹੋਰ ਉੱਪਰ' ਕਹਿੰਦਾ-ਕਹਿੰਦਾ ਸ਼ਿਮਲਾ ਦੇ ਅੱਗੇ ਅਲਫ਼ ਨੰਗਾ ਹੋ ਜਾਂਦਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਕਹਾਣੀ 'ਹੋਰ ਉੱਪਰ' ਵਿੱਚ ਸਾਧੂ ਦੇ ਮਾੜੇ ਪੱਖ ਨੂੰ ਸਪੱਸ਼ਟ ਕਰਦੀ ਹੋਈ ਵੀਨਾ ਵਰਮਾ ਦਾ ਕਹਿਣਾ ਹੈ ਕਿ:

> ਹੋਰ ਉੱਪਰ। ਤੇ ਸਾਧ ਨੇ ਧੋਤੀ ਉੱਪਰ ਚੁੱਕ ਦਿੱਤੀ। ਸਾਢੇ ਛੇ ਫੁੱਟ ਲੰਮਾ ਹੱਟਾ ਕੱਟਾ ਸੰਤ ਸ਼ਿਮਲਾ ਮੂਹਰੇ ਨੰਗਾ ਪਿਆ ਸੀ।(53)

ਉਪਰੋਕਤ ਤੌਰ 'ਤੇ ਕਹਾਣੀ 'ਹੋਰ ਉੱਪਰ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਬਹੁਤ ਹੀ ਕੁਝ ਅਹਿਮ ਸੁਆਲ ਖੜ੍ਹਾ ਕਰਦੀ ਹੈ, ਜਿਵੇਂ ਕਿ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਕਿਹੜੇ ਕਾਰਨਾਂ ਦੀ ਵਜ੍ਹਾ ਨਾਲ ਸ਼ਿਮਲਾ ਤੇ ਕਾਂਤਾ ਵਰਗੀਆਂ ਔਰਤਾਂ ਆਪਣੇ ਇਖ਼ਲਾਕ ਅਤੇ ਆਪਣੀ ਪਵਿੱਤਰਤਾ ਨਾਲ ਸਮਝੌਤਾ ਕਰਨ ਲਈ ਮਜਬੂਰ ਹੁੰਦੀਆਂ ਹਨ। ਹੋਰ ਤਾਂ ਹੋਰ ਸ਼ਿਮਲਾ ਦਾ

ਪਤੀ ਦੂਜਾ ਵਿਆਹ ਕਰਾਉਣ ਦੀ ਗੱਲ ਕਰਕੇ ਉਸ ਦੀ ਦੁਨੀਆ ਉਜਾੜਨ ਲਈ ਤੁਲਿਆ ਹੋਇਆ ਹੈ। ਆਪਣੇ ਆਦਮੀ ਦੇ ਕਿਸੇ ਹੋਰ ਦਾ ਹੋ ਜਾਣ ਦਾ ਡਰ ਅਤੇ ਉਸਦੀ ਨਰਕ ਬਣੀ ਜ਼ਿੰਦਗੀ ਸ਼ਿਮਲਾ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਇੱਕ ਬੂਬਨੇ ਸਾਧ ਤੋਂ ਆਪਣੀ ਕੁੱਖ ਹਰੀ ਕਰਾਉਣ ਲਈ ਮਜਬੂਰ ਕਰਦੇ ਹਨ।ਵੀਨਾ ਵਰਮਾ ਦੇ ਇਸੇ ਕਹਾਣੀ ਸੰਗ੍ਰਹਿ ਦੀ 'ਦੂਜੀ ਨਾ ਤੀਜੀ' ਕਹਾਣੀ ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਪਾਤਰ ਨਛੱਤਰ ਕੌਰ ਦੇ ਸੁਭਾਅ ਦੁਆਰਾ ਇੱਕ ਮਾੜੇ ਪੱਖ ਨੂੰ ਦੇਖਿਆ ਜਾ ਸਕਦਾ ਹੈ, ਕਹਾਣੀ ਵਿੱਚ ਇਹ ਮਾੜਾ ਪੱਖ ਉਸ ਸਮੇਂ ਦੌਰਾਨ ਉੱਘੜਦਾ ਹੈ, ਜਦੋਂ ਨਛੱਤਰ ਕੌਰ ਆਪਣੀ ਨੂੰਹ ਨੂੰ ਆਪਣੀ ਪਹਿਲੀ ਕਮਾਈ 'ਚ ਗੁਰਦੁਆਰੇ ਪੰਜ ਪੌਂਡ ਚੜ੍ਹਾ ਕੇ ਆਈ ਨੂੰ ਕੋਸਦੀ ਹੋਈ ਕਹਿੰਦੀ ਹੈ ਕਿ:

> ਪਹਿਲਾਂ ਹੀ ਗੁਰਦੁਆਰੇ ਜਾਣ ਦੀ ਕਿਹੜੀ ਕਾਹਲ ਪੈ ਗਈ ਸੀ। ਪੈਨੀ ਸ਼ਲਿੰਗ ਚੜਾਈਦਾ ਹੁੰਦੈ ਗੁਰਦੁਆਰੇ 'ਚ ਪੌਂਡ ਨਹੀਂ। ਅੱਗੇ ਤੋਂ ਪੇਅ ਪੈਕਟ ਸਿੱਧਾ ਘਰ ਲੈ ਕੇ ਆਇਆ ਕਰ। ਰਾਹ 'ਚ ਨਹੀਂ ਲਫ਼ਾਫ਼ਾ ਖੋਹਲਣਾ।(116)

ਉਪਰੋਕਤ ਰੂਪ ਵਿੱਚ ਕਹਿ ਸਕਦੇ ਹਾਂ ਕਿ ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਔਰਤ ਮਰਦ ਸੰਬੰਧ ਨੂੰ ਚੰਗੇ ਤੇ ਮਾੜੇ ਪੱਖ ਤੋਂ ਸਪੱਸ਼ਟ ਰੂਪ ਵਿੱਚ ਉਭਾਰਿਆ ਹੈ। ਜਿਵੇਂ ਕਿ ਚੰਗੇ ਪੱਖ ਦਾ ਉਭਾਰ ਧਾਰਮਿਕ, ਮਿਥਿਹਾਸਕ ਅਤੇ ਪੌਰਾਣਿਕ ਕਥਾਵਾਂ ਦੀਆਂ ਉਦਾਹਰਨਾਂ ਦੁਆਰਾ ਵੀਨਾ ਵਰਮਾ ਨੇ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਖ਼ਾਸ ਕਰਕੇ ਔਰਤ ਨੂੰ ਆਪਣੀਆਂ ਕਹਾਣੀਆਂ ਵਿੱਚ ਕਦੇ ਦਰੋਪਦੀ ਅਤੇ ਸੀਤਾ ਬਣਾ ਕੇ ਪਤੀ ਘਰ ਰਹਿਣ ਲਈ ਕਿਹਾ ਜਾਂਦਾ ਹੈ, ਪਰੰਤੂ ਨਾਲ ਹੀ ਕਦੇ ਪੁਰਸ਼ ਪਿਆਰ ਦੇ ਪਿੱਛੇ ਸਰੀਰਕ ਸੰਬੰਧ ਬਨਾਉਣ ਪਿੱਛੋਂ ਵਿਆਹ ਕਰਵਾਉਣ ਨੂੰ ਫ਼ਜੂਲ ਸਮਝ ਕੇ ਰਾਧਾ ਕ੍ਰਿਸ਼ਨ ਦੇ ਪਿਆਰ ਦੀ ਉਦਾਹਰਨ ਦੁਆਰਾ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਮਾੜੇ ਪੱਖ ਨੂੰ ਵੀ ਉਭਾਰਿਆ ਗਿਆ ਹੈ। ਇਸ ਤੋਂ ਇਲਾਵਾ ਉਸ ਨੇ ਤੋਂ ਸਾਧੂਆਂ ਦੇ ਪਾਖੰਡ, ਝੂਠੇ ਅਡੰਬਰਾਂ, ਕਾਮੁਕ ਪ੍ਰਵਿਰਤੀ ਆਦਿ ਤੋਂ ਵੀ ਮਾੜੇ ਪੱਖ ਦਾ ਪਰਦਾ ਉਠਾਇਆ ਹੈ।

**3.5. ਮਨੋਵਿਗਿਆਨਕ ਪੱਖ:** ਮਨੋਵਿਗਿਆਨਿਕ ਪੱਖ ਮਨੁੱਖੀ ਮਾਨਸਿਕ ਪ੍ਰਵਿਰਤੀ ਨਾਲ ਸੰਬੰਧਿਤ ਇੱਕ ਬਿਲਕੁਲ ਨਵਾਂ ਵਿਸ਼ਾ ਹੈ। ਇਹ ਥੋੜ੍ਹੇ ਸਾਲਾਂ ਵਿੱਚ ਹੀ ਇੱਕ ਵੱਖਰਾ ਵਿਗਿਆਨ ਮੰਨਿਆ ਗਿਆ ਹੈ। ਜੇਕਰ ਅਸੀਂ ਆਪਣੇ ਅਤੇ ਦੂਜੇ ਦੇਸ਼ ਦੇ ਇਤਿਹਾਸ ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਸਿਆਣੇ ਸਦਾ ਹੀ ਮਨੁੱਖੀ ਮਨ ਨੂੰ ਸਮਝਣ ਅਤੇ ਉਸਨੂੰ ਚੰਗੇ ਪਾਸੇ ਲਾਉਣ ਦੇ ਯਤਨਾਂ ਵਿੱਚ ਰਹੇ ਹਨ। ਵਿਅਕਤੀ ਦਾ ਵਿਹਾਰਕ ਖੇਤਰ ਸਮਾਜ-ਸੱਭਿਆਚਾਰ ਜੀਵਨ ਸ਼ੈਲੀ ਹੈ, ਹਰੇਕ ਵਿਅਕਤੀ ਅਲੱਗ-ਅਲੱਗ ਮੌਕਿਆਂ ਤੇ ਅਲੱਗ-ਅਲੱਗ ਪ੍ਰਕਾਰ ਦਾ ਵਰਤ-ਵਿਹਾਰ ਕਰਦਾ ਹੈ ਅਤੇ ਵਿਅਕਤੀ ਦੇ ਵਰਤ-ਵਿਹਾਰ ਵਿੱਚ ਉਸਦੀ ਪ੍ਰਕਿਰਤੀ ਤੇ ਹਾਲਤਾਂ ਦੇ ਅਨੁਸਾਰ ਹੁੰਦਾ ਹੈ। ਮਹਾਵੀਰ ਕੁਮਾਰ ਆਪਣੀ ਕਿਤਾਬ ਸਮਾਏ ਮਨੋਵਨ ਵਿੱਚ ਮਨੋਵਿਗਿਆਨ ਸੰਬੰਧੀ ਕਹਿੰਦੇ ਹਨ:

> ਵਿਵਹਾਰਾਤਮਕ ਵਿਗਿਆਨ ਦੇ ਰੂਪ ਵਿੱਚ ਬਹੁਤ ਸਾਰੇ ਮਨੋਵਿਗਿਆਨੀਆਂ ਨੇ ਮਨੁੱਖੀ ਵਿਵਹਾਰ ਨੂੰ ਮਨੋਵਿਗਿਆਨ ਦਾ ਵਿਸ਼ਾ-ਵਸਤੂ ਮੰਨਿਆ ਹੈ। ਵਾਟਸਨ ਦਾ ਨਾਮ ਇਸ ਸੰਦਰਭ ਵਿੱਚ ਪ੍ਰਮੁੱਖਤਾ ਨਾਲ ਲਿਆ ਜਾ ਸਕਦਾ ਹੈ। ਉਸ ਨੇ ਮਨੁੱਖੀ ਵਿਵਹਾਰ ਨੂੰ ਦੋ ਖੰਡਾਂ ਵਿੱਚ ਵੰਡ ਕੇ ਸਮਝਣ ਦਾ ਯਤਨ ਕੀਤਾ, ਜਿਸ ਨੂੰ ਉਸ ਨੇ ਉਤੇਜਨਾ ਤੇ ਪ੍ਰਤੀਕਿਰਿਆ ਕਿਹਾ ਹੈ। ਵਾਟਸਨ ਨੇ ਮਨੁੱਖ ਦੁਆਰਾ ਕਿਸੇ ਖ਼ਾਸ ਸਮਾਜਿਕ ਵਾਤਾਵਰਣ ਵਿੱਚ ਗ੍ਰਹਿਣ ਕੀਤੇ ਅਨੁਭਵਾਂ ਅਤੇ ਅਣਸਿੱਖੇ ਅਨੁਭਵਾਂ ਨੂੰ ਮਨੋਵਿਗਿਆਨ ਦਾ ਵਿਸ਼ਾ ਵਸਤੂ ਮੰਨਿਆਂ ਹੈ।(2)

ਇਸ ਤਰ੍ਹਾਂ ਇੱਥੇ ਵਿਗਿਆਨ ਵਿੱਚ ਮਨੋਵਿਖਪਤਾ, ਮਨੋਸੰਤਾਪ, ਮਨੋ ਸਰੀਰਕ ਵਿਕਾਰ, ਚਰਿੱਤਰ ਦੋਸ਼, ਸ਼ਖ਼ਸੀਅਤ ਵਿਕਾਰ, ਮਾਨਸਿਕ ਕਮਜ਼ੋਰੀ ਤੋਂ ਬਿਨਾਂ ਅਪਰਾਧ, ਸ਼ਰਾਬਨੋਸ਼ੀ, ਸਿਗਰਟਨੋਸ਼ੀ ਅਤੇ ਸਮਾਜਿਕ ਅਪਰਾਧਾਂ ਸਬੰਧੀ ਵਿਵਹਾਰ ਆਦਿ ਦਾ ਅਧਿਐਨ ਕੀਤਾ ਜਾਂਦਾ ਹੈ। ਭਾਵ ਮਨੁੱਖੀ ਜ਼ਿੰਦਗੀ ਦਾ ਹਰ ਉਹ ਪੱਖ ਜੋ ਉਸ ਦੀ ਸ਼ਾਂਤੀ ਨੂੰ ਭੰਗ ਕਰਦਾ ਹੈ, ਮਨੋਵਿਗਿਆਨਿਕ ਪੱਖ ਦਾ ਵਿਸ਼ਾ ਵਸਤੂ ਬਣਦਾ ਹੈ। ਨਵ-ਪੂੰਜੀਵਾਦ ਅਤੇ ਵਿਸ਼ਵੀਕਰਨ ਦੇ ਯੁੱਗ ਵਿੱਚ ਵਾਪਰੀਆਂ ਤਬਦੀਲੀਆਂ ਨੇ ਮਨੁੱਖੀ ਮਾਨਸਿਕਤਾ ਨੂੰ ਪ੍ਰਭਾਵਿਤ ਕੀਤਾ ਹੈ ਤੇ ਕਰ ਰਹੀ ਹੈ। ਇਸ ਦਾ ਪ੍ਰਭਾਵ ਸਮਕਾਲੀ ਕਹਾਣੀ ਅੱਗੇ ਵੀ ਚੁਨੌਤੀਆਂ ਦਾ ਰੂਪ ਗ੍ਰਹਿਣ ਕਰ ਰਿਹਾ ਹੈ।

ਵਿਸ਼ਵੀਕਰਨ ਦੇ ਵਰਤਾਰੇ ਦੇ ਪਰਿਪੇਖ ਅਧੀਨ ਸਮੁੱਚਾ ਧਰਾਤਲ ਔਰਤ-ਮਰਦ ਸੰਬੰਧਾਂ ਵਿੱਚ ਅਸੁਰੱਖਿਅਤ, ਬਦਲਿਆ ਤੇ ਵਿਗੜਿਆਂ ਹੋਇਆ ਵਿਅਕਤ ਕੀਤਾ ਗਿਆ ਹੈ। ਵਿਸ਼ਵੀਕਰਨ ਦੇ ਤੇਜ਼ ਰਫ਼ਤਾਰ ਵਰਤਾਰੇ ਨੇ ਔਰਤ-ਮਰਦ ਸੰਬੰਧਾਂ ਵਿੱਚ ਪੁਰਖ ਪ੍ਰਧਾਨਤਾ ਨੂੰ ਵੰਗਾਰਿਆ ਹੈ। ਇਸ ਚਕਾਚੌਂਧ ਦੇ ਪ੍ਰਭਾਵ ਅਧੀਨ ਔਰਤ-ਮਰਦ ਦਾ ਰਿਸ਼ਤਾ ਮੁੜ ਨਵੀਂ ਹੋਂਦ ਅਖ਼ਤਿਆਰ ਕਰਦਾ ਸਮਕਾਲੀ ਪੰਜਾਬੀ ਕਹਾਣੀ ਰਾਹੀਂ ਅਭਿਵਿਅਕਤ ਕੀਤਾ ਗਿਆ ਹੈ। ਸੋ ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ 'ਮੁੱਲ ਦੀ ਤੀਵੀਂ' ਤੋਂ ਲੈ ਕੇ 'ਇੱਕ ਕੁੜੀ ਇਕੱਲੀ' ਤਕ ਦਾ ਸਫ਼ਰ ਤੈਅ ਕਰਦੀ ਹੋਈ ਗੁਲਾਮ ਤੋਂ ਆਜ਼ਾਦ ਅਵੱਸਥਾ ਤੱਕ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਆਏ ਵਿਵਹਾਰਿਕ ਪਰਿਵਰਤਨ ਨੂੰ ਚੰਗੇ ਤੇ ਮਾੜੇ ਪੱਖ ਤੋਂ ਰੂਪਮਾਨ ਕਰਦੀ ਆ ਰਹੀ ਹੈ। ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਔਰਤ ਦੀ ਮਾਨਸਿਕਤਾ, ਸੁਪਨੇ ਅਤੇ ਜ਼ਿੰਦਗੀ ਦੇ ਵਿਹਾਰਿਕ ਤੱਥਾਂ ਨੂੰ ਬਾਖ਼ੂਬੀ ਪੇਸ਼ ਕੀਤਾ ਹੈ। ਉਸ ਦੀਆਂ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਕ ਗੁੰਝਲਾਂ ਨੂੰ ਸਮਝ ਕੇ ਔਰਤ ਦੀ ਜ਼ਿੰਦਗੀ ਦੇ ਵਿਭਿੰਨ ਵਿਸਥਾਰਾਂ, ਪਾਸਾਰਾਂ, ਤਨਾਵਾਂ ਅਤੇ ਪਰਤਾਂ ਨੂੰ ਇੰਞ ਪੇਸ਼ ਕਰਦੀ ਹੈ ਜਿਵੇਂ ਹਰ ਕਹਾਣੀ ਵਿੱਚਲੀ ਪਾਤਰ ਉਹ ਖ਼ੁਦ ਹੋਵੇ ਅਤੇ ਹਰ ਸੰਕਟ ਉਸਨੇ ਖੁਦ ਹੰਢਾਇਆ ਹੋਵੇ ਤੇ ਹਰ ਖੁਸ਼ੀ ਨੂੰ ਖੁਦ ਮਾਣਿਆ ਹੋਵੇ। ਇਸ ਕਰਕੇ ਉਸ ਦੀਆਂ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਔਰਤ ਦੀਆਂ ਸਮੱਸਿਆਵਾਂ ਦੁਆਲੇ ਹੀ ਘੁੰਮਦੀਆਂ ਹਨ। ਉਸਦੀਆਂ ਕਹਾਣੀਆਂ ਵਿੱਚ ਪੂਰਬੀ ਦੇਸ਼ਾਂ ਦੀਆਂ ਪੜ੍ਹੀਆਂ-ਲਿਖੀਆਂ ਔਰਤਾਂ ਕਾਨੂੰਨੀ ਜਾਂ ਗੈਰ-ਕਾਨੂੰਨੀ ਢੰਗ ਰਾਹੀਂ ਵਿਦੇਸ਼ੀ ਧਰਤੀ ਉਪਰ ਆਪਣੀ ਕਿਸਮਤ ਚਮਕਾਉਣ ਦੇ ਅਣਗਿਣਤ ਸੁਪਨੇ ਲੈ ਕੇ ਆਉਂਦੀਆਂ ਹਨ, ਪਰ ਇਹ ਸੁਪਨੇ ਪਰਾਏ ਮੁਲਕ ਦੇ ਯਥਾਰਥ ਨਾਲ ਟਕਰਾ ਕੇ ਚਕਨਾਚੂਰ ਹੋ ਜਾਂਦੇ ਹਨ, ਜਿੱਥੇ ਤਣਾਅ ਭੋਗਦੀ ਹੋਈ ਔਰਤ ਆਪਣੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਕਿਤੇ ਆਪਣੀ ਮਰਜ਼ੀ ਅਨੁਸਾਰ ਇੱਕ ਤੋਂ ਵਧੇਰੇ ਮਰਦਾਂ ਨਾਲ ਸਰੀਰਕ ਸੰਬੰਧ ਬਣਾਉਂਦੀ ਹੈ ਅਤੇ ਕਿਤੇ ਸਥਿਤੀਆਂ-ਪ੍ਰਸਥਿਤੀਆਂ ਅਨੁਸਾਰ ਜ਼ਬਰਦਸਤੀ ਇੱਕ ਤੋਂ ਵਧੇਰੇ ਮਰਦ ਉਸਦਾ ਸਰੀਰਕ ਸ਼ੋਸ਼ਣ ਕਰਦੇ ਹਨ। ਸੋ ਵੀਨਾ ਵਰਮਾ ਦੀਆਂ ਨਾਇਕਾਵਾਂ ਦੀ ਅਜ਼ਾਦੀ ਦੀ ਗੱਲ ਸੈਕਸ ਸੰਬੰਧਾਂ ਤੋਂ

ਸ਼ੁਰੂ ਹੋ ਕੇ ਸੈਕਸ ਸੰਬੰਧਾਂ ਵਿੱਚ ਹੀ ਖ਼ਤਮ ਹੋ ਜਾਂਦੀ ਹੈ। ਸੋ ਇਹਨਾਂ ਪੱਖਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹਥਲੇ ਅਧਿਆਇ ਵਿੱਚ ਅਸੀਂ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨ ਪ੍ਰਵਿਰਤੀ ਵਿੱਚ ਆਏ ਪਰਿਵਰਤਨ ਨੂੰ ਚੰਗੇ ਤੇ ਮਾੜੇ ਪੱਖਾਂ ਤੋਂ ਹੇਠ ਲਿਖੇ ਅਨੁਸਾਰ ਵਿਚਾਰ-ਚਰਚਾ ਦਾ ਆਧਾਰ ਬਣਾ ਕੇ ਇੱਕ ਸਾਰਥਕ ਸਿੱਟੇ ਤੇ ਪਹੁੰਚਣ ਦੀ ਕੋਸ਼ਿਸ਼ ਕੀਤੀ ਹੈ।

**(ੳ) ਚੰਗੇ ਪੱਖ:** ਵੀਨਾ ਵਰਮਾ ਨੇ ਬੜੀ ਬੇਬਾਕੀ ਨਾਲ ਇੱਕੀਵੀਂ ਸਦੀ ਦੇ ਪਿਤਰਕੀ ਸਮਾਜ ਦੀ ਵਿਚਾਰਧਾਰਾ, ਔਰਤ ਦੀ ਨਿੱਜੀ ਸੋਚ, ਔਰਤ-ਮਰਦ ਦੇ ਲੁਕਵੇਂ ਅਤੇ ਵਰਜਿਤ ਸੰਬੰਧਾਂ ਦੀ ਘੋਖਵੀਂ ਪੜਤਾਲ ਕਰਦਿਆਂ ਮਾਡਰਨ ਔਰਤ ਦਾ ਬੜਾ ਗੁੰਝਲਦਾਰ ਤੇ ਵਿਦਰੋਹੀ ਮਾਡਲ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨ ਪ੍ਰਵਿਰਤੀ ਤੋਂ ਆਏ ਪਰਿਵਰਤਨ ਵਜੋਂ ਚੰਗੇ ਪੱਖ ਨੂੰ ਪੇਸ਼ ਕਰਦੀ ਹੈ। ਇੱਕ ਪਾਸੇ ਉਹ ਔਰਤ ਨੂੰ ਮਰਦ ਤੋਂ ਵਧੇਰੇ ਸ਼ਕਤੀਸ਼ਾਲੀ ਅਤੇ ਦਲੇਰ ਦਿਖਾਉਂਦੀ ਹੈ ਅਤੇ ਦੂਜੇ ਪਾਸੇ ਦੱਸਦੀ ਹੈ ਕਿ ਵਿਕਸਿਤ ਦੇਸ਼ਾਂ ਵਿੱਚ ਵੀ ਔਰਤ ਦਾ ਸਥਾਨ ਰਖੇਲ, ਵੇਸਵਾ ਅਤੇ ਵਸਤੂ ਤੋਂ ਵੱਧ ਕੁਝ ਵੀ ਨਹੀਂ ਹੈ, ਪਰ ਫਿਰ ਵੀ ਕੁਝ ਹੱਦ ਤੱਕ ਵੀਨਾ ਵਰਮਾ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਆਏ ਪਰਿਵਰਤਨ ਦੁਆਰਾ ਚੇਤਨ ਅਤੇ ਅਵਚੇਤਨ ਪੱਧਰ 'ਤੇ ਔਰਤ ਦੇ ਅੰਤਰ-ਦਵੰਦ ਚੰਗੇ ਪੱਖ ਨੂੰ ਪੇਸ਼ ਕਰਦੀ ਹੈ। ਡਾ. ਧਨਵੰਤ ਕੌਰ ਵੀਨਾ ਵਰਮਾ ਬਾਰੇ ਖੋਜ ਦਰਪਣ, ਪਰਵਾਸੀ ਪੰਜਾਬੀ ਸਾਹਿਤ ਵਿਸ਼ੇਸ਼ ਅੰਕ-2 ਲਿਖਦੀ ਹੈ ਕਿ:

> ਉਹ ਵਰਜਿਤ ਸ਼ਬਦਾਂ, ਵਰਜਿਤ ਅਨੁਭਵਾਂ ਨੂੰ ਅਜਿਹੇ ਪ੍ਰਤੀਕਾਂ ਬਿੰਬਾਂ ਰਾਹੀਂ ਮਰਦ ਪ੍ਰਧਾਨ ਸਮਾਜ ਦੇ ਮੱਥੇ 'ਤੇ ਮਾਰਦੀ ਹੈ ਕਿ ਦੋਗਲੇ ਵਿਹਾਰ ਵਾਲੀ ਮਾਨਸਿਕਤਾ ਬੌਖ਼ਲਾ ਉਠਦੀ ਹੈ। ਕਰੂਡ ਸੱਚ ਆਪਣੇ ਨੰਗੇ ਰੂਪ ਵਿੱਚ ਪ੍ਰਵਾਨਣਾ ਮੁਸ਼ਕਿਲ ਹੋ ਜਾਂਦਾ ਹੈ ਪਰ ਕਰੂਡ ਸੱਚ ਤੋਂ ਪਰਦਾ ਉਠਾਉਣਾ ਉਸਦੀ ਕਹਾਣੀ ਦੀ ਪ੍ਰਾਪਤੀ ਹੋ ਨਿਬੜਦਾ ਹੈ।(101)

ਜਿਵੇਂ ਕਿ ਕਹਾਣੀ 'ਮੁੱਲ ਦੀ ਤੀਵੀਂ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਦਾ ਇੱਕ ਔਰਤ ਦੇ ਮਨ ਦੀ ਵੇਦਨਾ ਦਾ ਬਿਆਨ ਇੱਕ ਚੰਗੇ ਪੱਖ ਦੀ ਪਛਾਣ ਹੈ ਕਿ ਔਰਤ ਜਿਸ ਘਰ

ਜਾਂਦੀ ਹੈ ਉਸ ਨਾਲ ਤੇ ਸਿਰ ਦੇ ਸਾਂਈ ਨਾਲ ਮਨ ਹੀ ਮਨ 'ਚ ਇਨ੍ਹਾਂ ਮੋਹ ਪਾਲ ਲੈਂਦੀ ਹੈ ਕਿ ਸਾਰੀ ਜ਼ਿੰਦਗੀ ਉਸੇ ਘਰ 'ਚ ਹੱਸ ਕੇ ਬਤੀਤ ਕਰਨ ਨੂੰ ਤਿਆਰ ਰਹਿੰਦੀ ਹੈ ਭਲੇ ਹੀ ਕਈ ਤਸੀਹੇ ਸਹਿਣ ਕਰਨੇ ਪੈ ਰਹੇ ਹੋਣ। ਲਛਮੀਂ, ਜਿਸ ਨੂੰ ਮੱਘਰ ਸਿੰਘ ਸਿਰਫ ਬਾਰਾਂ ਸੌ ਰੁਪਏ ਵਿੱਚ ਕਲਕੱਤੇ ਤੋਂ ਲੈਕੇ ਆਇਆ ਸੀ। ਉਸ ਨੇ ਮੱਘਰ ਸਿੰਘ ਦੇ ਘਰ ਨੂੰ ਸਵਾਰ ਕੇ ਸਹੀ ਅਰਥਾਂ 'ਚ ਘਰ ਬਣਾਇਆ, ਪਰ ਜਦੋਂ ਮੱਘਰ ਸਿੰਘ ਨੇ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਵਿਵਹਾਰਿਕ ਤੌਰ 'ਤੇ ਔਰਤ, ਪਤਨੀ, ਪਿਆਰ ਦਾ ਪਰਿਵਰਤਨ ਰੂਪ ਵਪਾਰ ਤੇ ਭੋਗਣਯੋਗ ਵਸਤੂ ਵਿੱਚ ਕਰਕੇ ਦੇਖਦਾ ਹੋਇਆ ਲਛਮੀਂ ਨੂੰ 'ਮੁੱਲ ਦੀ ਤੀਵੀਂ' ਹੋਣ ਦਾ ਅਹਿਸਾਸ ਕਰਵਾਉਂਦਾ ਹੈ ਤੇ ਘਰ ਛੱਡਕੇ ਜਾਣ ਬਾਰੇ ਕਹਿੰਦਾ ਹੈ ਤਾਂ ਉਸ ਸਮੇਂ ਲੱਛਮੀ ਆਪਣੇ ਆਪ ਨੂੰ 'ਮੁੱਲ ਦੀ ਤੀਵੀਂ' ਤੋਂ ਪਰਿਵਰਤਨ ਹੋ ਕੇ ਸਿਰਫ ਤੇ ਸਿਰਫ ਘਰ ਦੀ ਸੰਸਕਾਰੀ ਔਰਤ ਤੇ ਵਫ਼ਾਦਾਰ ਪਤਨੀ ਵਾਲੇ ਚੰਗੇ ਪੱਖ ਨੂੰ ਗ੍ਰਹਿਣ ਕਰਦੀ ਹੋਈ ਫਿਰ ਵੀ ਆਪਣੀਆਂ ਮਨ ਦੀਆਂ ਸਾਰੀਆਂ ਸੱਧਰਾਂ ਛੱਡਕੇ ਮਜਬੂਰ ਹੋਕੇ ਆਪਣੇ ਕੱਪੜਿਆਂ ਦੀ ਟਰੰਕੀ ਚੁੱਕ ਲੈਂਦੀ, ਪਰ ਫਿਰ ਵੀਨਾ ਵਰਮਾ ਦੀ ਕਹਾਣੀ ਮੁੱਲ ਦੀ ਤੀਵੀਂ ਵਿੱਚ ਲੱਛਮੀ ਮੱਘਰ ਸਿੰਘ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਪਤੀ-ਪਤਨੀ ਦੇ ਰਿਸ਼ਤੇ ਵਿੱਚਕਾਰ ਬੰਧਨ ਦਾ ਅਹਿਸਾਸ ਕਰਵਾਉਂਦੀ ਹੋਈ ਕਹਿੰਦੀ ਹੈ ਕਿ:

> ਨਦੀ ਔਰ ਨਾਰੀ ਏਕ ਜੈਸੀ ਹੋਤੀ ਹੈ, ਜਬ ਕਿਸੀ ਮੇਂ ਸਮਾ ਜਾਤੀ ਹੈ ਤੋ ਅਲੱਗ ਨਹੀਂ ਹੋਤੀ। ਮੈ. ਨਦੀ ਹੂੰ, ਤੁਮ ਮੇਰੇ ਸਮੁੰਦਰ ਹੋ। ਮੇਰਾ ਅੰਤ ਹੋ ਤੁਮ। ਲੱਛਮੀਂ ਨੇ ਆਖਰੀ ਤੀਰ ਛੱਡਿਆ।(22,23)

ਇਸ ਤਰ੍ਹਾਂ ਪੂੰਜੀਵਾਦੀ ਦੌਰ ਦੀ ਅਤਿ ਦੀ ਭੜਕਦੀ ਲਾਲਸਾ ਪਤੀ-ਪਤਨੀ ਰਿਸ਼ਤੇ-ਨਾਤੇ ਦੇ ਸਮੁੱਚੇ ਢਾਂਚੇ ਨੂੰ ਬੜੀ ਤੀਬਰਤਾ ਨਾਲ ਪ੍ਰਭਾਵਿਤ ਕਰ ਰਹੀ ਹੈ। ਅਜਿਹੇ ਰਿਸ਼ਤੇ ਚਕਾਚੌਂਧ ਵਾਲੀ ਜ਼ਿੰਦਗੀ ਦੇ ਕਲਾਵੇ ਵਿੱਚ ਹਨ। ਮਨੁੱਖੀ ਚਰਿੱਤਰ ਤੇ ਫ਼ਿਤਰਤ ਸਵੈ ਤੱਕ ਕੇਂਦਰਿਤ ਹੋਣ ਦੀ ਬਿਰਤੀ ਤਹਿਤ ਰਿਸ਼ਤੇ ਨਾਤਾ ਪ੍ਰਬੰਧ ਪੂੰਜੀ ਉੱਪਰ ਹੀ ਕੇਂਦਰਿਤ ਹੋਇਆ ਹੈ। ਵੱਧ ਪੈਸੇ ਦੀ ਲਾਲਸਾ ਤਹਿਤ ਉਹ ਇਕੱਲਾ ਤੇ ਫ਼ਰੇਬੀ ਹੁੰਦਾ ਜਾ ਰਿਹਾ ਹੈ। ਮਨੁੱਖ ਦੀ ਵਿਅਕਤੀਗਤ ਹੋਂਦ ਸਵਾਰਥੀ ਬਿਰਤੀ ਦੀ ਧਾਰਨੀ ਬਣ ਰਹੀ ਹੈ। ਨਵੀਂ ਨੈਤਿਕਤਾ ਦੇ ਪੈਮਾਨੇ ਨਵੇਂ ਰਿਸ਼ਤਿਆਂ ਵਿੱਚ ਨਵੀਂ ਪੇਚੀਦਗੀ ਕਰ ਰਹੇ ਹਨ। ਵੀਨਾ ਵਰਮਾ ਦੀਆਂ

ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਜਿੱਥੇ ਇੱਕ ਪਾਸੇ ਕਹਾਣੀ 'ਮੁੱਲ ਦੀ ਤੀਵੀਂ' ਵਿੱਚਲੇ ਪਾਤਰ ਮੱਘਰ ਵਿੱਚ ਰਿਸ਼ਤਿਆਂ-ਨਾਤਿਆਂ ਵਿੱਚ ਪਿਆਰ ਤੋਂ ਵਪਾਰ, ਔਰਤ, ਪਤਨੀ ਤੋਂ ਭੋਗ ਵਸਤੂਆਂ ਆਦਿ ਦੇ ਪਰਿਵਰਤਨ ਕਾਰਨ ਆ ਰਹੇ ਨਿਘਾਰ ਦੀ ਪੇਸ਼ਕਾਰੀ ਕੀਤੀ ਮਿਲਦੀ ਹੈ ਜੋ ਕਿ ਵਿਸ਼ਵੀਕਰਨ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਅਨੇਕਾਂ ਪਹਿਲੂਆਂ ਦੀ ਨੁਮਾਇੰਦਗੀ ਕਰਦੀ ਹੈ, ਉੱਥੇ ਦੂਜੇ ਪਾਸੇ ਕਹਾਣੀ ਵਿੱਚਲੀ ਔਰਤ ਪਾਤਰ ਲੱਛਮੀ ਦੀ ਸੋਚ ਨੂੰ ਅਭਿਵਿਅਕਤ ਕੀਤਾ ਗਿਆ ਹੈ, ਜਿਸ ਦੁਆਰਾ ਲੱਛਮੀ ਵਪਾਰ ਤੋਂ ਪਿਆਰ ਵਿੱਚ ਪਰਿਵਰਤਨ ਹੋ ਕੇ ਮੱਘਰ ਸਿੰਘ ਦਾ ਤੇ ਸਹੁਰੇ ਪਰਿਵਾਰ ਦਾ ਦਿਲ ਜਿੱਤਦੀ ਹੋਈ ਆਪਣੀ ਸਵੈ-ਹੋਂਦ ਨੂੰ ਬਚਾਉਣ ਲਈ ਸੰਘਰਸ਼ ਕਰਦੀ ਹੈ। ਵੀਨਾ ਵਰਮਾ ਦੇ *ਮੁੱਲ ਦੀ ਤੀਵੀਂ* ਕਹਾਣੀ ਸੰਗ੍ਰਹਿ ਦੀ ਕਹਾਣੀ 'ਦੂਜੀ ਨਾ ਤੀਜੀ' ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਮੈਂ ਪਾਤਰ ਪਰਦੇਸ ਵਿੱਚ ਸਹੁਰੇ ਘਰ ਵੱਲੋਂ ਦੁਰਕਾਰੀ ਜਾਣ 'ਤੇ ਆਪਣੇ ਦੁੱਖਾਂ ਦੀ ਸਾਂਝ ਜਦੋਂ ਆਪਣੀ ਇੰਡੀਆ ਬੈਠੀ ਮਾਂ ਨਾਲ ਪਾਉਂਦੀ ਹੈ ਤਾਂ ਮਾਂ ਦੀ ਵਾਰਤਾਲਾਪ ਵਿਚੋਂ ਵੀ ਔਰਤ ਦੀ ਗੁਲਾਮੀ ਅਤੇ ਦੁਰਗਤੀ ਦਾ ਚਿਤਰਣ ਸਪੱਸ਼ਟ ਰੂਪ ਵਿੱਚ ਝਲਕਦਾ ਹੈ, ਪਰ ਨਾਲ ਹੀ ਮਾਂ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਔਰਤ ਤ੍ਰਾਸਦੀ, ਗੁਲਾਮੀ ਤੋਂ ਘਰ-ਪਰਿਵਾਰ ਵਸਾਉਣ, ਇੱਕ ਧੀ, ਪਤਨੀ, ਭੈਣ ਦੇ ਫ਼ਰਜ਼ ਨੂੰ ਚੰਗੀ ਸੋਚ ਵਿੱਚ ਪਰਿਵਰਤਨ ਕਰਦੀ ਹੋਈ ਇਤਿਹਾਸਕ, ਮਿਥਿਹਾਸਕ ਹਵਾਲੇ ਦੁਆਰਾ ਕਹਿੰਦੀ ਹੈ ਕਿ:

> ਧੀਏ! ਧੀਆਂ ਆਪਣੇ ਘਰਾਂ 'ਚ ਹੀ ਚੰਗੀਆਂ ਲਗਦੀਆਂ ਨੇ। ਸੀਤਾ ਨੇ ਰਾਮ ਨਾਲ ਇੰਨ੍ਹੇ ਦੁੱਖ ਕੱਟੇ ਪਰ ਸਾਥ ਨਹੀਂ ਛੱਡਿਆ। ਦਰੋਪਦੀ ਸਾਰੀ ਉਮਰ ਬਣਾ 'ਚ ਫਿਰਦੀ ਰਹੀ। ਔਰਤ ਦਾ ਤਾਂ ਜਨਮ ਹੀ ਦੁੱਖ ਸਹਿਣ ਲਈ ਬਣਿਆ ਹੈ। ਆਪਣੇ ਘਰਾਂ 'ਚ ਰਹਿ ਕੇ ਆਪਣੇ ਮਾਲਕਾਂ ਦਾ ਮਨ ਜਿੱਤ, ਰੱਬ ਤੇਰੀ ਤਪੱਸਿਆ ਨੂੰ ਸਫ਼ਲ ਕਰੇ। ਅਸੀਂ ਤਾਂ ਮਸਾਂ ਵਿਆਹੀ ਸੀ। ਦੂਜੀਆਂ ਵਿਆਹੁਣੀਆਂ ਔਖੀਆਂ ਤੋਂ ਜਾਣਗੀਆਂ। ਸਬਰ ਸੰਤੋਖ ਨਾਲ ਟੈਮ ਕੱਢ।(115)

ਇਸ ਤੋਂ ਇਲਾਵਾ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ

ਮਨੋਵਿਗਿਆਨਿਕ ਪੱਖ ਤੋਂ ਸਮਾਜ ਵਿੱਚ ਫੈਲੀ ਜਾਤ-ਪਾਤ, ਅਤੇ ਧਰਮ ਦੇ ਨਾਂ ਤੇ ਪਾਈਆਂ ਵੰਡੀਆਂ ਨੂੰ ਵੀ ਮਾਨਸਿਕ ਪਰਿਵਰਤਨ ਦੁਆਰਾ ਵੰਗਾਰਿਆ ਗਿਆ ਹੈ। ਉਹ ਸਮਾਜ ਵਿੱਚ ਫੋਕੇ ਕਰਮਕਾਂਡਾਂ ਅਤੇ ਰੀਤੀ-ਰਿਵਾਜ਼ਾਂ ਨੂੰ ਮੱਤ ਦੇਣਾ ਚਾਹੁੰਦੀ ਹੈ। ਉਸਦੀਆਂ ਬਹੁਤੀਆਂ ਕਹਾਣੀਆਂ ਵਿੱਚ ਅਜਿਹੇ ਪਰਿਵਰਤਨ ਸਪੱਸ਼ਟ ਝਲਕਦੇ ਹਨ ਜਿੰਨ੍ਹਾਂ ਵਿਚੋਂ ਜਾਤ-ਪਾਤ, ਧਰਮ ਆਦਿ ਉੱਪਰ ਸਿੱਧਾ ਵਿਅੰਗ ਕੀਤਾ ਗਿਆ ਹੈ। ਖ਼ਾਸ ਕਰਕੇ ਨਾਰੀ ਪਾਤਰ ਮੇਲ-ਮਿਲਾਪ, ਪਿਆਰ ਸਾਂਝ ਨੂੰ ਪ੍ਰਫੁੱਲਿਤ ਕਰ ਰਹੇ ਹਨ। ਕਹਾਣੀਕਾਰ ਦੇ ਕਹਾਣੀ ਸੰਗ੍ਰਹਿ *ਫ਼ਰੰਗੀਆਂ ਦੀ ਨੂੰਹ* ਦੀ 'ਚੁੱਪ ਕੀਤੀ' ਕਹਾਣੀ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਤ੍ਰਿਪਤੀ ਤੋਂ ਅਤ੍ਰਿਪਤੀ ਦੇ ਪਰਿਵਰਤਨ ਦੁਆਰਾ ਔਰਤ ਦੀ ਤ੍ਰਾਸਦੀ ਨੂੰ ਬਿਆਨ ਕੀਤਾ ਗਿਆ ਹੈ। ਕਹਾਣੀ ਵਿੱਚ ਜਦੋਂ ਨਾਇਕਾ ਬਿੱਲੋ ਦਾ ਸੁਰਜੀਤ ਦਰਜ਼ੀ ਜਿਹੜਾ ਕਿ ਛੋਟੀ ਜਾਤ ਦਾ ਹੈ ਨਾਲ ਪਿਆਰ ਸੰਬੰਧਾਂ ਬਾਰੇ ਜਦੋਂ ਉਸਦੇ ਘਰਦਿਆਂ ਨੂੰ ਪਤਾ ਲਗਦਾ ਹੈ ਤਾਂ ਉਸਦਾ ਵਿਆਹ ਇੰਗਲੈਂਡ ਤੋਂ ਆਏ ਉਸ ਤੋਂ ਦੁੱਗਣੀ ਉਮਰ ਦੇ ਨਾਲ ਕਰ ਦਿੰਦੇ ਹਨ। ਇੰਗਲੈਂਡ ਵਿੱਚ ਉਹ ਘੁੱਟਣ ਭਰੀ ਜ਼ਿੰਦਗੀ ਮਹਿਸੂਸ ਕਰਦੀ ਹੈ। ਫਿਰ ਇੱਕ ਦਿਨ ਜਦੋਂ ਮਦਨ ਦੇ ਦੋਸਤ ਜਗਦੀਸ਼ ਦਾ ਅਚਾਨਕ ਐਕਸੀਡੈਂਟ ਹੋ ਜਾਂਦਾ ਹੈ ਤਾਂ ਬਿੱਲੋਂ ਹਸਪਤਾਲ ਵਿੱਚ ਰਹਿ ਕੇ ਉਸ ਦੀ ਸੇਵਾ ਕਰਦੀ ਹੈ ਤਾਂ ਮਦਨ ਲਾਲ ਉਸ ਨੂੰ ਸ਼ੱਕ ਦੀ ਨਜ਼ਰ ਤੋਂ ਵੇਖਦਾ ਹੋਇਆ ਗ਼ਲਤ ਸਾਬਤ ਕਰਦਾ ਹੈ। ਉਨ੍ਹਾਂ ਦੇ ਆਪਸ ਵਿੱਚ ਕੋਈ ਸਰੀਰਕ ਸੰਬੰਧ ਨਹੀਂ ਸੀ। ਇਸ ਲਈ ਉਹ ਆਪਣੀ ਮਨ ਦੀ ਗੱਲ ਸਹੀ ਤਰੀਕੇ ਅਨੁਸਾਰ ਸਪੱਸ਼ਟ ਕਰਦੀ ਹੈ। ਕਹਾਣੀ 'ਚੁੱਪ ਕੀਤੀ' ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਆਪਣੇ ਪਤੀ ਕੋਲੋਂ ਮਾਨਸਿਕ, ਕਾਮੁਕ ਤ੍ਰਿਪਤੀ ਦਾ ਪਰਿਵਰਤਨ ਰੂਪ ਅਤ੍ਰਿਪਤੀ ਵਾਲਾ ਚੰਗੇ ਪੱਖ ਤੋਂ ਉਦੋਂ ਉੱਭਰਕੇ ਸਾਹਮਣੇ ਆਉਂਦਾ ਹੈ, ਜਦੋਂ ਉਹ ਖੁਦ ਅਜਿਹੀ ਤ੍ਰਾਸਦਿਕ ਸਥਿਤੀ ਨੂੰ ਬਿਆਨ ਕਰਦੀ ਕਹਿੰਦੀ ਹੈ ਕਿ:

> ਮੈਨੂੰ ਮੇਰੇ ਪਿਉ ਤੇ ਜਾਂ ਪਤੀ ਤੇ ਇੰਨ੍ਹਾ ਭਰੋਸ਼ਾ ਨ੍ਹੀਂ ਜਿੰਨ੍ਹਾਂ ਜਗਦੀਸ਼ ਭਾਅ ਜੀ ਤੇ ਐ ਖੋਡੇ ਨਾਲ ਬਾਰ੍ਹਾ ਸਾਲ ਸੌਂ ਕੇ ਵੀ ਉਹ ਮਜ਼ਾ ਨ੍ਹੀਂ ਆਇਆ, ਜਿਹੜਾ ਜਗਦੀਸ਼ ਭਾਅ ਜੀ ਨੂੰ ਆਪਣਾ ਮੋਢਾ ਫੜਾ ਕੇ ਆਉਂਦਾ ਸੀ। ਇਹ ਮੇਰੇ ਵਰਗੀ ਪਿਆਸੀ ਰੂਹ ਹੀ ਜਾਣਦੀ ਐ ਜੀ ਕਰਦਾ ਸਾਰੀ ਉਮਰ

ਉਹਦੀ ਸੇਵਾ ਕਰਾਂ।(159)

ਇਸ ਤਰ੍ਹਾਂ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਇਸ ਦੁਖਾਂਤ ਦਾ ਮੂਲ ਕਾਰਨ ਔਰਤ ਦੀ ਕਾਮੁਕ, ਮਾਨਸਿਕ ਤ੍ਰਿਪਤੀ ਦਾ ਪਰਿਵਰਤਨ ਰੂਪ ਅਤ੍ਰਿਪਤੀ ਦੁਖਾਂਤ ਵਜੋਂ ਉੱਭਰਦਾ ਹੈ। ਉਹ ਆਪਣੀ ਅੰਤਰਮਨ ਦੀ ਪੀੜਾ ਨੂੰ ਸਹਿੰਦੀ ਹੋਈ ਜ਼ਿੰਦਗੀ ਲੰਘਾ ਰਹੀ ਹੈ ਤੇ ਛੋਟਾ ਜਿਹਾ ਸਹਾਰਾ ਵੀ ਉਸ ਨੂੰ ਮਾਨਸਿਕ ਸੰਤੁਸ਼ਟੀ ਦਿੰਦਾ ਹੈ। ਜਦੋਂ ਮਦਨ , ਜਗਦੀਸ਼ ਦੀ ਛੋਟੀ ਜਾਤ ਤੇ ਮਿਹਣਾ ਮਾਰਦਾ ਹੋਇਆ ਚੁੱਪ ਕੀਤੀ ਨੂੰ ਕਹਿੰਦਾ ਹੈ ਕਿ ਤੇਰੇ ਮਾਂ ਬਾਪ ਨੇ ਤੇਰੇ ਛੋਟੀ ਜਾਤ ਨਾਲ ਸੰਬੰਧਾਂ ਕਰਕੇ ਵਿਆਹਿਆ ਹੈ ਤਾਂ ਉਹ ਆਪਣੀ ਮਾਨਸਿਕਤਾ ਨੂੰ ਪੇਸ਼ ਕਰਦੀ ਹੋਈ ਕਹਿੰਦੀ ਹੈ ਕਿ:

> ਖਾ ਗਿਆ ਸਾਡੇ ਦੇਸ ਨੂੰ ਜਾਤ-ਪਾਤ ਤੇ ਦਾਜ ਦਹੇਜ ਦਾ ਰਾਖਸਸ਼। ਜੰਮਦੀਆਂ ਕੁੜੀਆਂ ਨੂੰ ਮਾਰ ਦੇਂਦੇ ਨੇ ਮਾਪੇ। ਜਿਹੜੀਆਂ ਬਚਦੀਆਂ ਨੇ ਉਨ੍ਹਾਂ ਨੂੰ ਜਿਉਂਦੇ ਜੀਅ ਸਹੀ ਕਰ ਦਿੱਤਾ ਜਾਂਦੈਂ ਖੁੰਡਾ ਨਾਲ ਨੂੜ ਕੇ।(158)

ਇਸੇ ਕਹਾਣੀ ਸੰਗ੍ਰਹਿ ਦੀ 'ਗੁਲਬਾਨੋ' ਕਹਾਣੀ ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਗੁਲਬਾਨੋ ਜੋ ਆਪਣੇ ਪ੍ਰੇਮੀ ਨਾਲ ਭੱਜ ਜਾਂਦੀ ਹੈ, ਪਰ ਸਮਾਜ ਵਾਲੇ ਉਸਦਾ ਵਿਆਹ ਅਮੀਰ ਖਾਨ ਨਾਲ ਕਰ ਦੇਂਦੇ ਹਨ ਜੋ ਕਿ ਅਧੇੜ ਉਮਰ ਦਾ ਹੈ। ਗੁਲਬਾਨੋ ਉਸਨੂੰ ਦਿਲੋਂ ਆਪਣਾ ਪਤੀ ਸਵੀਕਾਰ ਨਹੀਂ ਕਰਦੀ। ਪਰ ਅਮੀਰ ਖਾਨ ਉਸਨੂੰ ਗੁਲਬਾਨੋ ਦੀ ਇਜਾਜ਼ਤ ਤੋਂ ਬਗੈਰ ਨਹੀਂ ਛੂੰਹਦਾ। ਉਹ ਸੋਚਦੀ ਹੈ ਕਿ ਫਿਰੋਜ਼ ਤੇ ਸਿਰਫ਼ ਉਸਦੇ ਹੁਸਨ ਨੂੰ ਮਾਣਨਾ ਚਾਹੁੰਦਾ ਸੀ ਨਾ ਕਿ ਆਤਮਾ ਨੂੰ। ਚੰਗੇ ਪੱਖ ਵਜੋਂ ਉਹ ਨਾ ਚਾਹੁੰਦੀ ਹੋਈ ਵੀ ਅਮੀਰ ਖਾਨ ਨਾਲ ਜ਼ਿੰਦਗੀ ਬਿਤਾਉਂਦੀ ਹੈ, ਜਦੋਂ ਅਮੀਰ ਖਾਨ ਬਿਮਾਰ ਹੁੰਦਾ ਹੈ ਤਾਂ ਉਹ ਉਸਦੀ ਪੂਰੀ ਸੇਵਾ ਕਰਦੀ ਹੈ। ਉਹ ਸੋਚਦੀ ਹੈ ਕਿ ਉਸਨੇ ਮੈਨੂੰ ਹੁਣ ਤੱਕ ਕੋਈ ਕਮੀ ਨਹੀਂ ਆਉਣ ਦਿੱਤੀ ਤੇ ਮੈਨੂੰ ਉਸਦਾ ਹੱਕ ਉਸਨੂੰ ਦੇਣਾ ਚਾਹੀਦਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਵਜੋਂ ਚੰਗੀ ਸੋਚ, ਪਿਆਰ ਭਾਵਨਾ ਤੋਂ ਕਹਿੰਦੀ ਹੈ ਕਿ:

> ਮੈਂ ਔਰਤ ਹਾਂ ਸਮਝਦੀ ਹਾਂ ਸਭ ਕੁਝ। ਮੇਰਾ ਫ਼ਰਜ਼ ਏ ਕਿ ਜਿਸ ਘਰ ਨੇ ਮੈਨੂੰ ਪਨਾਹ ਦਿੱਤੀ ਏ,

ਉਸ ਨੂੰ ਰੋਸ਼ਨੀ ਦੇਵਾਂ। ਔਰਤ ਮਰਦ ਨੂੰ ਸਿਰਫ਼ ਜਿਸਮਾਨੀ ਸੁੱਖ ਨਹੀਂ ਦਿੰਦੀ, ਉਸ ਨੂੰ ਬਾਪ ਦਾ ਰੁਤਬਾ ਵੀ ਬਖਸਦੀ ਏ ਵਰਨਾ ਜ਼ਮਾਨਾ ਮਰਦ ਨੂੰ ਨਾਮਰਦ ਦੱਸਦਾ ਏ।(292)

ਉਪਰੋਕਤ ਰੂਪ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਕਹਾਣੀਕਾਰ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਜੇਕਰ ਔਰਤ ਸਮਾਜਿਕ ਮਰਯਾਦਾ ਨੂੰ ਨਿਭਾਉਣ ਲਈ ਪਰਿਵਰਤਿਤ ਰੂਪ ਵਿੱਚ ਚੁੱਪ ਰਹਿੰਦੀ ਹੈ ਤਾਂ ਇਸ ਦਾ ਭਾਵ ਇਹ ਨਹੀਂ ਕਿ ਉਸਦੀ ਕੋਈ ਇੱਛਾ ਨਹੀਂ ਹੁੰਦੀ। ਪਰਿਵਰਤਨ ਕਾਰਨ ਇਹਨਾਂ ਅਧੂਰੀਆਂ ਇੱਛਾਵਾਂ ਕਰਕੇ ਉਹ ਸਾਰੀ ਉਮਰ ਤੜਫਦੀ ਰਹਿੰਦੀ ਹੈ ਤੇ ਸੰਪੂਰਨ ਤੋਂ ਪਰਿਵਰਤਨ ਰੂਪ ਅਪੂਰਨ ਦੀ ਤ੍ਰਾਸਦੀ ਨੂੰ ਭੋਗਦੀ ਹੈ।

**(ਅ) ਮਾੜੇ ਪੱਖ:** ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਆਏ ਪਰਿਵਰਤਨ ਕਾਰਨ ਔਰਤ ਅਨੇਕਾਂ ਪੱਧਰ 'ਤੇ ਮਰਦ ਪ੍ਰਧਾਨ ਸਮਾਜ ਵਿੱਚ ਮਾੜੇ ਪੱਖ ਤੋਂ ਸੰਕਟ ਭੋਗਦੀ ਨਜ਼ਰ ਆਉਂਦੀ ਹੈ। ਇਹ ਪਰਿਵਰਤਨ ਮਰਦ ਪ੍ਰਧਾਨ ਸੋਚ ਕਾਰਨ ਅਨਜੋੜ ਵਿਆਹ ਦੀ ਪੀੜ, ਕਿਤੇ ਪਿਉ-ਦਾਦੇ ਦੇ ਹਾਣ ਦੇ ਮਰਦ ਦਾ ਸਾਥ ਅਤੇ ਕਿਤੇ ਮਰਦਾਂ ਵੱਲੋਂ ਖਾਏ ਧੋਖੇ ਦੀ ਪੀੜ ਵਜੋਂ ਵਾਪਰਦਾ। ਉਸ ਦੀਆਂ ਕਹਾਣੀਆਂ ਵਿੱਚ ਹਰ ਔਰਤ ਨੂੰ ਅਜਿਹੇ ਮਰਦ ਦੀ ਤਲਬ ਹੁੰਦੀ ਹੈ, ਜੋ ਉਸ ਦੇ ਹਾਣ ਦਾ ਹੋਵੇ ਅਤੇ ਉਸ ਦੇ ਤਨ, ਮਨ ਅਤੇ ਰੂਹ ਦਾ ਸਾਥੀ ਹੋਵੇ। ਕਈ ਵਾਰ ਔਰਤ ਆਪਣੇ ਪਤੀ ਦੇ ਅਣਮੇਲ ਸਾਥ ਨੂੰ ਛੱਡ ਕੇ ਅਜਿਹੇ ਮਰਦ ਦੀ ਤਲਾਸ਼ ਵਿੱਚ ਤੁਰ ਪੈਂਦੀ ਹੈ ਜੋ ਉਸ ਦੀਆਂ ਭਾਵਨਾਵਾਂ ਦੀ ਕਦਰ ਕਰੇ ਅਤੇ ਜਿਸ ਦੇ ਆਗੋਸ਼ ਵਿੱਚ ਉਹ ਰੱਜੀ-ਪੁੱਜੀ ਮਹਿਸੂਸ ਕਰੇ, ਪਰ ਇਸ ਤਲਾਸ਼ ਵਿੱਚ ਕਈ ਵਾਰ ਉਸ ਦੇ ਪੱਲੇ ਭਟਕਣ ਹੀ ਪੈਂਦੀ ਹੈ ਕਿਉਂਕਿ ਮਰਦ ਆਪਣੀਆਂ ਕਾਮੁਕ ਲੋੜਾਂ ਪੂਰੀਆਂ ਕਰਕੇ ਉਸ ਤੋਂ ਕਿਨਾਰਾ ਕਰ ਲੈਂਦਾ ਹੈ। ਕਹਾਣੀਕਾਰ ਕਹਾਣੀਆਂ ਦੁਆਰਾ ਸੁਚੇਤ ਰੂਪ ਵਿੱਚ ਇਹ ਗੱਲ ਉਭਾਰਦੀ ਹੈ ਕਿ ਭਾਰਤੀ ਸਮਾਜ ਅੰਦਰ ਅਣਜੋੜ ਰਿਸ਼ਤੇ ਵਿਅਕਤੀ ਦੀ ਅਸਧਾਰਨ ਸ਼ਖ਼ਸੀਅਤ ਉਸਾਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ। ਇਸ ਅਣਜੋੜਤਾ ਨੂੰ ਮਰਦ ਦੇ ਮੁਕਾਬਲੇ ਔਰਤ ਭਾਵੇਂ ਵੱਧ ਬਾਰੀਕੀ ਵਿੱਚ ਮਹਿਸੂਸ ਕਰਦੀ ਹੈ, ਪਰ ਉਸ ਅੰਦਰ ਇਸ ਨੂੰ ਵਧੇਰੇ ਸਹਿਣਸ਼ੀਲਤਾ ਨਾਲ ਨਿਭਾਉਣ ਦੀ ਸਮਰੱਥਾ ਹੁੰਦੀ

ਹੈ। ਡਾ. ਪ੍ਰਗਟ ਸਿੰਘ ਅਤ੍ਰਿਪਤੀ ਕਾਰਨ ਪੈਦਾ ਹੋਈਆਂ ਮਾਨਸਿਕ ਗੁੰਝਲਾਂ ਸਬੰਧੀ ਆਪਣੀ ਪੁਸਤਕ ਪੰਜਾਬੀ ਕਹਾਣੀ: ਸਮਕਾਲੀ ਦ੍ਰਿਸ਼ ਲਿਖਦੇ ਹਨ ਕਿ:

> ਵਿਅਕਤੀ ਖ਼ਾਮੀਆਂ ਦਾ ਪੁਤਲਾ ਹੈ। ਵਿਅਕਤੀ ਦੀਆਂ ਅਸਫ਼ਲਤਾਵਾਂ ਉਸ ਅੰਦਰ ਕਈ ਤਰ੍ਹਾਂ ਦੀਆਂ ਮਾਨਸਿਕ ਉਲਝਣਾਂ ਨੂੰ ਜਨਮ ਦਿੰਦੀਆਂ ਹਨ। ਕਾਮ ਦੀ ਭਟਕਣਾ ਮਨੁੱਖ ਦੀ ਅਜਿਹੀ ਭਟਕਣਾ ਹੈ, ਜਿਸ ਤੋਂ ਉਹ ਅਕਸਰ ਤ੍ਰਿਪਤ ਨਹੀਂ ਹੋ ਸਕਦਾ। ਇਸ ਅਤ੍ਰਿਪਤੀ ਵਿੱਚੋਂ ਕਈ ਪ੍ਰਕਾਰ ਦੀਆਂ ਮਾਨਸਿਕ ਗੁੰਝਲਾ ਪੈਦਾ ਹੁੰਦੀਆਂ ਹਨ।(9)

ਕਹਾਣੀ 'ਮਰਿਆ ਚੂਹਾ' ਵਿੱਚ ਵੀ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਤ੍ਰਿਪਤੀ ਦੇ ਪਰਿਵਰਤਨ ਰੂਪ ਵਿਚੋਂ ਕਾਮੁਕ ਭੁੱਖ, ਅਣਜੋੜ ਵਿਆਹ ਤ੍ਰਾਸਦੀ ਤੇ ਪ੍ਰੇਮੀ ਦਾ ਨਾਂ ਮਿਲਣਾ, ਮਾਂ ਦੇ ਪਿਆਰ ਤੋਂ ਅਧੂਰਾਪਣ ਆਦਿ ਅਤ੍ਰਿਪਤ ਇੱਛਾਵਾਂ ਕਾਰਨ ਮਾੜੇ ਪੱਖ ਉੱਭਰ ਕੇ ਸਾਹਮਣੇ ਆਉਂਦੇ ਹਨ। ਜਿਵੇਂ ਕਿ"ਮਰਿਆ ਚੂਹਾ'' ਕਹਾਣੀ ਵਿੱਚ ਸੋਲ੍ਹਾਂ ਸਾਲਾਂ ਦੀ ਮੁਟਿਆਰ ਰਜ਼ੀਆ ਦਾ ਵਿਆਹ ਉਸਦੀ ਮਤਰੇਈ ਮਾਂ ਪੰਜਾਹ ਸਾਲਾਂ ਦੇ ਬੁੱਢੇ ਚੌਧਰੀ ਨਾਲ ਕਰ ਦਿੰਦੀ ਹੈ ਜੋ ਉਹਨੂੰ ਪਾਕਿਸਤਾਨ ਤੋਂ ਇੰਗਲੈਂਡ ਲੈ ਜਾਂਦਾ ਹੈ। ਰਜ਼ੀਆ ਦੁਆਰਾ ਇਸ ਅਣਜੋੜ ਵਿਆਹ ਨੂੰ ਕਬੂਲਣਾ ਨਾ-ਮੁਮਕਿਨ ਹੈ, ਆਖ਼ਰ ਰਜ਼ੀਆ ਆਪਣੀਆਂ ਜਿਨਸੀ ਖ਼ਾਹਿਸ਼ਾਂ ਲਈ ਕਈ ਮਰਦਾਂ ਨਾਲ ਸਰੀਰਕ ਸੰਬੰਧ ਸਥਾਪਿਤ ਕਰਦੀ ਹੈ, ਅਤੇ ਹਰ ਵਿੱਚ ਉਸਨੂੰ ਆਪਣੇ ਪ੍ਰੇਮੀ ਬਸੀਰੇ ਦੀ ਤਲਾਸ਼ ਰਹਿੰਦੀ ਹੈ। ਹਰ ਮਰਦ ਉਸ ਨਾਲ ਸੰਬੰਧ ਬਣਾਉਣ ਨੂੰ ਤਾਂ ਤਿਆਰ ਹੈ, ਪਰ ਉਸਨੂੰ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਕਬੂਲਣ ਲਈ ਤਿਆਰ ਨਹੀਂ। ਇਸ ਦੁਬਿਧਾ ਵਿੱਚ ਫਸੀ ਉਹ ਮਾਨਸਿਕ ਤੌਰ 'ਤੇ ਬਿਮਾਰ ਹੋ ਜਾਂਦੀ ਹੈ। ਆਪਣੇ ਪਿਆਰ ਦੀ ਅਤ੍ਰਿਪਤੀ ਅਤੇ ਵਿਆਹ ਤੋਂ ਬਾਅਦ ਹੀ ਕਾਮੁਕ ਅਤ੍ਰਿਪਤੀ ਕਾਰਨ ਉਸਦੇ ਸੰਬੰਧ ਕਈ ਮਰਦਾਂ ਨਾਲ ਬਣਦੇ ਹਨ, ਪਰ ਸਾਰੇ ਉਹਦੇ ਗਰਮ ਗੋਸ਼ਤ ਦੇ ਭੁੱਖੇ ਨਿਕਲਦੇ ਹਨ, ਕੋਈ ਵੀ ਉਸਨੂੰ ਆਪਣੀ ਪਤਨੀ ਦਾ ਦਰਜਾ ਨਹੀਂ ਦਿੰਦਾ। ਉਸਦਾ ਇਲਾਜ ਕਰ ਰਿਹਾ ਡਾਕਟਰ ਯੂਸਫ਼ ਵੀ ਉਸਨੂੰ ਆਪਣੀ ਪਤਨੀ ਬਣਾਉਣ ਦਾ ਲਾਰਾ ਲਾਉਂਦਾ ਹੈ, ਪਰ ਪੜ੍ਹਾਈ ਪੂਰੀ ਕਰਕੇ ਪਾਕਿਸਤਾਨ ਚਲਾ ਜਾਂਦਾ ਹੈ। ਇਸ ਉਪਰੰਤ ਉਸਦੇ ਸੰਬੰਧ ਟੈਕਸੀ ਡਰਾਈਵਰ

ਨਾਲ ਬਣਦੇ ਹਨ ਅਤੇ ਉਹ ਵੀ ਉਸਨੂੰ ਧੋਖਾ ਦੇ ਜਾਂਦਾ ਹੈ। ਬਾਅਦ ਵਿੱਚ ਰਜ਼ੀਆ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਕਈ ਮਰਦਾਂ ਨਾਲ ਸਰੀਰਕ ਸੰਬੰਧ ਬਣਾਉਂਦੀ ਹੈ ਪਰ ਉਸਨੂੰ ਤ੍ਰਿਪਤੀ ਪ੍ਰਾਪਤ ਨਹੀਂ ਹੁੰਦੀ। ਉਹ ਅਣਜੋੜਤਾ ਦੀ ਝੰਬੀ ਹੋਈ ਹਰ ਇੱਕ ਮਰਦ 'ਚ ਆਪਣੀ ਸੰਪੂਰਨਤਾ ਚਾਹੁੰਦੀ ਹੈ, ਪਰ ਮਿਲਦੀ ਨਹੀਂ। ਵੀਨਾ ਦੇ ਕਹਾਣੀ ਸੰਗ੍ਰਹਿ *ਮੁੱਲ ਦੀ ਤੀਵੀਂ* ਦੀ ਕਹਾਣੀ 'ਮਰਿਆ ਚੂਹਾ' ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਰਜ਼ੀਆ ਦੀ ਸਰੀਰਕ ਤੇ ਮਾਨਸਿਕ ਤ੍ਰਿਪਤੀ ਦਾ ਪਰਿਵਰਤਨ ਰੂਪ ਅਤ੍ਰਿਪਤੀ ਮਾੜੇ ਪੱਖ ਤੋਂ ਉਦੋਂ ਸਪੱਸ਼ਟ ਹੁੰਦਾ ਹੈ, ਜਦੋਂ ਰਜ਼ੀਆ ਖੁਦ ਕਹਿੰਦੀ ਹੈ ਕਿ:

> ਅਜੀਤ ਵੀ ਚਲਾ ਗਿਆ। ਪਰ ਇਸ ਵਾਰ ਮੈਨੂੰ ਜਿਆਦਾ ਫ਼ਰਕ ਨਾ ਪਿਆ। ਜਿਵੇਂ ਹੁਣ ਮੈਨੂੰ ਆਦਤ ਹੀ ਪੈ ਗਈ ਸੀ ਅਜਿਹੀਆਂ ਚੋਟਾਂ ਖਾਣ ਦੀ ਮੈਂ ਕਮਰਾ ਕਿਸੇ ਹੋਰ ਜਵਾਨ ਮੁੰਡੇ ਨੂੰ ਕਿਰਾਏ 'ਤੇ ਦੇ ਦਿੱਤਾ। ਫੇਰ ਹੋਰ, ਫੇਰ ਹੋਰ... ਹੋਰ...। ਪਤਾ ਨਹੀਂ ਕਿੰਨੇ ਆਏ ਤੇ ਗਏ। ਔਰਤ ਤਵਾਇਫ ਹੁੰਦੀ ਏ ਪਾਕਿਸਤਾਨ 'ਚ ਹੀ ਪਤਾ ਸੀ ਪਰ ਮਰਦ ਵੀ ਤਵਾਇਫ ਹੁੰਦਾ ਏ ਇੰਗਲੈਂਡ ਆ ਕੇ ਪਤਾ ਲਗ ਗਿਆ। ਦੁਨੀਆਂ ਦੀ ਹਰ ਔਰਤ ਚਾਹੁੰਦੀ ਹੈ ਕਿ ਉਸਦੀ ਯਾਦ ਵਿੱਚ ਤਾਜ ਬਣੇ ਪਰ ਅੱਜ ਦੇ ਸ਼ਾਹਜਹਾਂ ਉਸਦੀ ਕਬਰ ਤੇ ਤਾਜ ਬਣਾਉਣ ਦੀ ਬਜਾਏ ਉਸਦੀਆਂ ਹੱਡੀਆਂ ਤੱਕ ਵੇਚ ਕੇ ਖਾ ਜਾਣਾ ਚਾਹੁੰਦੇ ਹਨ।(189)

ਇਸ ਤੋਂ ਇਲਾਵਾ "ਚਾਰ ਰਾਤਾਂ'' ਕਹਾਣੀ ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਤ੍ਰਿਪਤੀ ਦੇ ਪਰਿਵਰਤਨ ਰੂਪ ਅਤ੍ਰਿਪਤੀ ਦੇ ਮਾੜੇ ਪੱਖ ਨੂੰ ਉਭਾਰਿਆ ਗਿਆ ਹੈ। ਕਹਾਣੀਕਾਰ ਦੇ *ਫਰੰਗੀਆਂ ਦੀ ਨੂੰਹ* ਕਹਾਣੀ ਸੰਗ੍ਰਹਿ ਦੀ ਕਹਾਣੀ 'ਚਾਰ ਰਾਤਾਂ' ਦੀ ਨਾਇਕਾ ਜਦੋਂ ਉਹ ਬੀ.ਏ. ਵਿੱਚ ਪੜ੍ਹਦੀ ਸੀ ਤਾਂ ਉਸਦਾ ਵਿਆਹ ਕੈਨੇਡਾ ਦੇ ਮੁੰਡੇ ਨਾਲ ਕਰ ਦਿੱਤਾ ਗਿਆ, ਜੋ ਇੱਕ ਟਰੱਕ ਡਰਾਈਵਰ ਸੀ, ਬਿੰਦੂ ਨੂੰ ਕੁੱਟਦਾ ਮਾਰਦਾ ਰਹਿੰਦਾ ਸੀ, ਪਰ ਉਹ ਜ਼ਿਆਦਾ ਸਮਾਂ ਉਸ ਨਾਲ ਨਿਭਾ ਨਾ ਸਕਿਆ ਅਤੇ ਇੱਕ ਦਿਨ ਐਕਸੀਡੈਂਟ ਵਿੱਚ ਮਾਰਿਆ ਜਾਂਦਾ ਹੈ, ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਉਸ ਦੀ ਮੌਤ ਦਾ ਬਿੰਦੂ 'ਤੇ ਕੋਈ ਜ਼ਿਆਦਾ ਪ੍ਰਭਾਵ ਜਾਂ ਸਦਮਾ ਨਹੀਂ ਪਿਆ।

ਇਸ ਦਾ ਮੂਲ ਕਾਰਨ ਉਸ ਦਾ ਨਿਪੁੰਸਕ ਹੋਣਾ ਸੀ, ਪਰ ਉਮਰ ਦੇ ਇਸ ਪਹਿਲੇ ਪੜਾਅ ਨੇ ਹੀ ਵਿਧਵਾ ਦਾ ਕਲੰਕ ਉਸਦੇ ਮੱਥੇ ਉੱਪਰ ਮੜ੍ਹ ਦਿੱਤਾ। ਉਸਦੇ ਕੁਆਰੇ ਚਾਅ ਧਰੇ ਧਰਾਏ ਪਏ ਸਨ ਅਜੇ। ਜ਼ਿੰਦਗੀ ਦੇ ਪਹਿਲੇ ਹਾਦਸੇ ਪਤੀ ਦੀ ਮੌਤ ਤੋਂ ਹਾਲੇ ਉਹ ਪੂਰੀ ਤਰ੍ਹਾਂ ਉੱਭਰੀ ਵੀ ਨਹੀਂ ਸੀ, ਪਰ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਉਹਨੇ ਆਪਣੀ ਜ਼ਿੰਦਗੀ ਨੂੰ ਫਿਰ ਤੋਂ ਸ਼ੁਰੂ ਕਰਨ ਲਈ ਦੂਜਾ ਵਿਆਹ ਕਰਾਉਣ ਦਾ ਮਨ ਬਣਾਇਆ। ਪਰ ਇਸ ਵਿੱਚ ਵੀ ਉਸਦੇ ਪੱਲੇ ਨਿਰਾਸ਼ਾ ਹੀ ਪਈ। ਕਿਉਂਕਿ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਪਹਿਲੇ ਵਿਆਹ ਦੀ ਅਣਜੋੜਤਾ ਤੋਂ ਬਾਅਦ ਦੂਸਰਾ ਵਿਆਹ ਵੀ ਉਸ ਲਈ ਘਾਤਕ ਸਿੱਧ ਹੋਇਆ। ਇਸ ਤੋਂ ਬਾਅਦ ਦਾਰਾ ਨਾਂ ਦੇ ਇੰਡੀਅਨ ਮਰਦ ਅਤੇ ਫਿਰ ਆਪਣੇ ਸੁਪਰਵਾਈਜ਼ਰ ਨਾਲ ਸੰਬੰਧ ਬਣਾ ਲੈਂਦੀ ਹੈ। ਪਰ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਕੋਈ ਵੀ ਮਰਦ ਉਸਦਾ ਸਾਥ ਹਮੇਸ਼ਾ ਵਾਸਤੇ ਨਹੀਂ ਨਿਭਾਉਂਦਾ। ਇਸ ਕਰਕੇ ਉਹ ਮਾਨਸਿਕ ਰੋਗੀ ਹੋ ਜਾਂਦੀ ਹੈ, ਜਦ ਉਸਦੀ ਡਾਕਟਰ ਉਸਨੂੰ ਵਿਆਹ ਕਰਾਉਣ ਦੀ ਇੱਛਾ ਪੁੱਛਦੀ ਹੈ ਤਾਂ ਉਹ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਤ੍ਰਿਪਤੀ ਦੇ ਪਰਿਵਰਤਨ ਰੂਪ ਅਤ੍ਰਿਪਤੀ ਤੋਂ ਔਰਤ-ਮਰਦ ਸੰਬੰਧਾਂ ਦੁਆਰਾ ਮਰਦ ਦਾ ਔਰਤ ਨੂੰ ਸਿਰਫ ਤੇ ਸਿਰਫ ਭੋਗ ਵਸਤੂ ਸਮਝਣ ਵਾਲੀ ਸਵਾਰਥੀ ਸੋਚ ਤੇ ਮਾੜੇ ਪੱਖ ਵਜੋਂ ਤਿੱਖਾ ਵਿਅੰਗ ਕਰਦੀ ਹੋਈ ਮਾਨਸਿਕ ਪ੍ਰਵਿਰਤੀ ਤੋਂ ਕਹਿੰਦੀ ਹੈ ਕਿ:

> ਸਭ ਕੁਝ ਕਰਕੇ ਦੇਖ ਲਿਆ, ਵਿਆਹ ਕਰਵਾ ਕੇ ਦੇਖ ਲਏ ਇਸ਼ਕ ਹੰਢਾ ਕੇ ਮਜਾ ਚਖ ਲਿਆ। ਦੋਸਤੀਆਂ ਨਿਭਾ ਲਈਆਂ। ਪਰ ਸਭ ਪਾਖੰਡ ਐ। ਕੀ ਐ ਬਾਹਰ? ਧੋਖੇ ਫਰੇਬ ਤੇ ਠੱਗੀਆਂ। ਵਿਆਹਾਂ ਦੇ ਨਾਮ ਤੇ ਮਜਬੂਰੀਆਂ। ਮੁਹੱਬਤਾਂ ਦੇ ਝੰਡੇ ਹੇਠ ਸੌਦੇਬਾਜ਼ੀਆਂ। ਕੀ ਕਰਨੀ ਮੈਂ ਅਜਿਹੀ ਦੁਨੀਆਂ।(170)

ਇਸ ਤੋਂ ਇਲਾਵਾ ਵੀਨਾ ਵਰਮਾ ਦੀ ਪੁਸਤਕ *ਜੋਗੀਆਂ ਦੀ ਧੀ* ਚੋਂ "ਕਾਲਾ ਕੱਛਾ'' ਕਹਾਣੀ ਵੀ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਨਾਇਕਾ ਸ਼ੀਲਾ ਅਣਜੋੜ ਵਿਆਹ ਦੀ ਸਮੱਸਿਆ ਤੋਂ ਪੀੜਤ ਤ੍ਰਿਪਤੀ ਦੇ ਪਰਿਵਰਤਨ ਰੂਪ ਅਤ੍ਰਿਪਤੀ ਦਾ ਸ਼ਿਕਾਰ ਹੋਈ ਅਜਿਹੀ ਔਰਤ ਹੈ, ਜਿਸ ਦੇ

ਮਾਪਿਆਂ ਨੇ ਉਸਦਾ ਵਿਆਹ ਉਸ ਤੋਂ ਚਾਰ ਸਾਲ ਛੋਟੇ ਮੁੰਡੇ ਨਾਲ ਕਰ ਦਿੱਤਾ, ਜਿਸਨੂੰ ਵਿਆਹ ਵਰਗੇ ਸੰਬੰਧਾਂ ਬਾਰੇ ਅਜੇ ਪੂਰਨ ਰੂਪ ਵਿੱਚ ਗਿਆਨ ਵੀ ਨਹੀਂ ਸੀ, ਪਰ ਮਾਪਿਆਂ ਦੀ ਇਸ ਗਲਤੀ ਦਾ ਖ਼ਮਿਆਜ਼ਾ ਸ਼ੀਲਾ ਨੂੰ ਕਾਮੁਕ ਤ੍ਰਿਪਤੀ ਦੇ ਪਰਿਵਰਤਨ ਰੂਪ ਅਤ੍ਰਿਪਤੀ ਵਜੋਂ ਬਾਹਰੋਂ ਪੂਰੀ ਕਰਕੇ ਭਰਨਾ ਪੈਂਦਾ ਹੈ ਜੋ ਪਿਆਰ ਅਤੇ ਉਮੰਗਾਂ ਦੀ ਪੂਰਤੀ ਉਸਨੂੰ ਪਤੀ ਤੋਂ ਮਿਲਣੀ ਸੀ ਉਹ ਪੈਸੇ ਤੋਂ ਪ੍ਰਾਪਤ ਨਹੀਂ ਹੋ ਸਕਦੀ। ਉਸ ਦੇ ਅਣਛੋਹੇ ਕੁਆਰੇ ਚਾਅ ਸਿਰਫ਼ ਇੱਕ ਮਰਦ ਹੀ ਪੂਰੇ ਕਰ ਸਕਦਾ ਸੀ ਜਿਸਦੀ ਉਸਨੂੰ ਲੋੜ ਸੀ। ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਔਰਤ ਨੂੰ ਸਮਾਜ ਦੀ ਇਸ ਦੋਸ਼ਪੂਰਨ ਗਲਤੀ ਦਾ ਨਤੀਜਾ ਸਾਰੀ ਉਮਰ ਭੋਗਣਾ ਪੈਂਦਾ ਹੈ। ਸ਼ੀਲਾ ਦੇ ਸੁਪਨਿਆਂ ਦਾ ਸ਼ਹਿਜ਼ਾਦਾ ਜੋ ਉਸਨੇ ਉਲੀਕਿਆ ਸੀ ਉਹ ਨਾ ਮਿਲਿਆ, ਮਜਬੂਰੀ ਵੱਸ ਉਸਨੂੰ ਆਪਣੀ ਨੌਕਰਾਣੀ ਦੇ ਮੁੰਡੇ ਵਿੱਚ ਉਹ ਸਭ ਕੁਝ ਦਿਸਦਾ ਪ੍ਰਤੀਤ ਹੁੰਦਾ ਹੈ। ਉਸਦੀ ਭੁੱਖ ਪੈਸਾ ਨਹੀਂ ਸਿਰਫ ਰੂਹ ਦਾ ਸਾਥੀ ਹੀ ਪੂਰੀ ਕਰ ਸਕਦਾ ਹੈ ਜੋ ਉਸਦੀਆਂ ਅਣਛੋਹ ਉਮੰਗਾਂ ਅਤੇ ਸੱਧਰਾਂ ਨੂੰ ਟੋਹ ਸਕੇ। ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਵੀਨਾ ਵਰਮਾ ਕਹਾਣੀ 'ਕਾਲਾ ਕੱਛਾ' ਵਿੱਚ ਸ਼ੀਲਾ ਦੀ ਮਾਨਸਿਕ ਸਥਿਤੀ ਨੂੰ ਅਣਜੋੜ ਵਿਆਹ ਕਾਰਨ ਤ੍ਰਿਪਤੀ ਦੇ ਪਰਿਵਰਤਨ ਰੂਪ ਅਤ੍ਰਿਪਤੀ ਦੇ ਮਾੜੇ ਪੱਖ ਉਭਾਰ ਉਦੋਂ ਉੱਭਰ ਕੇ ਸਾਹਮਣੇ ਆਉਂਦਾ ਹੈ, ਜਦੋਂ ਸ਼ੀਲਾ ਆਪਣੀ ਕਾਮੁਕ ਤ੍ਰਿਪਤੀ ਦੇ ਪਰਿਵਰਤਨ ਰੂਪ ਅਤ੍ਰਿਪਤੀ ਵਿੱਚ ਬੱਗੇ ਦੇ ਖਿਆਲਾਂ ਵਿੱਚ ਡੁੱਬੀ ਸੋਚਦੀ ਹੈ ਕਿ:

> ਅਸਲ 'ਚ ਅੱਜ ਹੀ ਉਸਦਾ ਵਿਆਹ ਹੋਇਆ ਸੀ। ਇੱਕ ਅਜੀਬ ਜਿਹੀ ਖ਼ੁਸੀ, ਸੰਤੁਸ਼ਟੀ ਤੇ ਨਸ਼ੇ ਨਾਲ ਭਰੀ ਉਹ ਆ ਕੇ ਬੈਠਕ 'ਚ ਪੈ ਗਈ। ਬੱਗੇ ਦੇ ਜਿਸ਼ਮ ਤੇ ਸਾਹਾਂ ਦੀ ਮਹਿਕ ਉਹ ਹਾਲੇ ਵੀ ਆਪਣੇ ਅੰਦਰ ਮਹਿਸੂਸ ਕਰ ਰਹੀ ਸੀ। ਅੱਖਾਂ ਮੀਚੀ ਪਈ ਉਹ ਹਰ ਉਸ ਪਲ ਨੂੰ ਯਾਦ ਕਰ ਰਹੀ ਸੀ ਜੋ ਉਸ ਨੇ ਬੱਗੇ ਦੀਆਂ ਬਾਹਾਂ 'ਚ ਗੁਜ਼ਾਰੇ ਸਨ।(273)

ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਸ਼ੀਲਾ ਆਪਣੀਆਂ ਕਾਮੁਕ ਅਤ੍ਰਿਪਤੀਆਂ ਜੋ ਉਸਦਾ ਪਤੀ ਪੂਰੀਆਂ ਨਹੀਂ ਕਰ ਪਾਉਂਦਾ, ਉਹਨਾਂ ਦੀ ਪੂਰਤੀ ਉਹ ਆਪਣੇ ਨੌਕਰ ਰਾਹੀਂ ਕਰਦੀ ਹੈ। ਇਸ

ਵਿੱਚ ਨਾ ਸ਼ੀਲਾ ਜ਼ਿੰਮੇਵਾਰ ਹੈ ਨਾ ਉਸਦਾ ਪਤੀ ਪ੍ਰਸ਼ੋਤਮ, ਜ਼ਿੰਮੇਵਾਰ ਹੈ। ਇਸ ਮਾੜੇ ਪੱਖ ਦਾ ਜ਼ਿੰਮੇਵਾਰ ਤ੍ਰਿਪਤੀ ਦਾ ਪਰਿਵਰਤਨ ਰੂਪ ਅਤ੍ਰਿਪਤ ਸਾਡੀਆਂ ਮਾਨਸਿਕ ਪ੍ਰਵਿਰਤੀਆਂ ਤੇ ਰਿਸ਼ਤਾ-ਨਾਤਾ ਪ੍ਰਬੰਧ ਆਦਿ ਹੁੰਦਾ ਹੈ, ਜੋ ਇਸ ਬੇ-ਮੇਚਤਾ ਨੂੰ ਅੱਖੋਂ-ਪਰੋਖੇ ਕਰਕੇ ਕਿਸੇ ਦੀ ਪੂਰੀ ਜ਼ਿੰਦਗੀ ਤਬਾਹ ਕਰ ਦਿੰਦੇ ਹਨ। "ਬਨਵਾਸ'' ਕਹਾਣੀ ਵਿੱਚਲੀ ਪਾਤਰ ਆਸ਼ਾ ਵੀ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਮਾੜੇ ਪੱਖ ਵਜੋਂ ਤ੍ਰਿਪਤ ਦੇ ਪਰਿਵਰਤਨ ਕਾਰਨ ਅਤ੍ਰਿਪਤ ਉਪਜੀਆਂ ਸਮੱਸਿਆਵਾਂ ਜਿਵੇਂ ਕਿ ਪਿਆਰ ਦੀ ਅਪ੍ਰਵਾਨਗੀ, ਅਣਜੋੜ ਵਿਆਹ ਆਦਿ ਨੂੰ ਉਭਾਰਦੀ ਹੈ। ਕਹਾਣੀ ਵਿੱਚ ਆਸਾ ਦੀ ਮਾਂ ਆਸਾ ਦਾ ਵਿਆਹ ਅਜਿਹੇ ਮਰਦ ਨਾਲ ਕਰ ਦਿੰਦੀ ਹੈ ਜੋ ਆਪਣੀ ਪਤਨੀ ਪ੍ਰਤੀ ਬਿਲਕੁਲ ਵੀ ਵਫ਼ਾਦਾਰ ਨਹੀਂ ਅਤੇ ਬਾਹਰ ਗੋਰੀਆਂ ਨਾਲ ਧੱਕੇ ਖਾਂਦਾ ਹੈ। ਜਦ ਰਾਤ ਨੂੰ ਉਹ ਘਰ ਆਉਂਦਾ ਹੈ ਤਾਂ ਬਰਫ਼ ਦੀ ਸਿੱਲ੍ਹ ਵਾਂਗ ਉਸ ਨਾਲ ਆ ਕੇ ਪੈ ਜਾਂਦਾ ਹੈ। ਇਸ ਡੂੰਘੇ ਵਿਸ਼ਾਦ ਵਿੱਚ ਹੌਲੀ-ਹੌਲੀ ਆਸ਼ਾ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਤ੍ਰਿਪਤ ਦੇ ਪਰਿਵਰਤਨ ਰੂਪ ਅਤ੍ਰਿਪਤ ਭਾਵਨਾਵਾਂ ਅੰਦਰਲੀ ਔਰਤ ਮਰ ਜਾਂਦੀ ਹੈ। ਇਸ ਪ੍ਰਕਾਰ ਅਣਜੋੜਤਾ ਭਾਵੇਂ ਸ਼ਕਲ, ਅਕਲ, ਉਮਰ ਜਾਂ ਰੁਚੀਆਂ ਕਿਸੇ ਵੀ ਪੱਖੋਂ ਹੋਵੇ, ਪਰੰਤੂ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਮਾੜੇ ਪੱਖ ਵਜੋਂ ਤ੍ਰਿਪਤ ਦੇ ਪਰਿਵਰਤਨ ਕਾਰਨ ਅਤ੍ਰਿਪਤ ਭਾਵਨਾਵਾਂ ਨੂੰ ਉਭਾਰਨ ਵਿੱਚ ਜ਼ੁੰਮੇਵਾਰ ਔਰਤ ਦੇ ਮਾਂ ਪਿਉ ਅਤੇ ਭੈਣ ਭਰਾ ਹੀ ਹੁੰਦੇ ਹਨ। ਵੀਨਾ ਵਰਮਾ ਇੱਕ ਅਜਿਹੀ ਸੰਵੇਦਨਸ਼ੀਲ ਕਹਾਣੀਕਾਰਾ ਹੈ, ਜਿਹੜੀ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਔਰਤ ਦੀ ਮਨੋਦਸ਼ਾ ਨੂੰ ਤ੍ਰਿਪਤ ਦੇ ਪਰਿਵਰਤਨ ਕਾਰਨ ਅਤ੍ਰਿਪਤ ਭਾਵਨਾ ਨੂੰ ਭਲੀਭਾਂਤ ਸਮਝਦੀ ਹੈ। ਉਹ ਔਰਤ ਦੀ ਮਨੋਦਸ਼ਾ ਨੂੰ ਜਿਸ ਗਹਿਰਾਈ ਨਾਲ ਚਿਤਰਦੀ ਹੈ, ਉਸੇ ਹੀ ਗਹਿਰਾਈ ਨਾਲ ਔਰਤ ਦੀਆਂ ਮਾਨਸਿਕ ਪਰਤਾਂ ਨੂੰ ਪਰਿਵਰਤਨ ਦੁਆਰਾ ਫਰੋਲਣ ਦੇ ਸਮਰੱਥ ਹੈ। ਉਹ ਆਪਣੀਆਂ ਕਹਾਣੀਆਂ ਵਿੱਚ ਔਰਤ ਦੀਆਂ ਅਤ੍ਰਿਪਤ ਭਾਵਨਾਵਾਂ ਦੇ ਥੀਮ ਨੂੰ ਪੂਰੀ ਕਥਾ ਬਣਾ ਕੇ ਸਿਰਜਦੀ ਹੈ। ਵੀਨਾ ਵਰਮਾ ਦੀਆਂ ਕਹਾਣੀਆਂ 'ਚ ਵੰਨ-ਸੁਵੰਨਤਾ ਬਾਰੇ ਡਾ. ਪ੍ਰਿਥਵੀ ਰਾਜ ਥਾਪਰ ਆਪਣੀ ਪੁਸਤਕ ਵੀਨਾ ਵਰਮਾ ਦਾ ਗਲਪੀ ਜਗਤ 'ਚ ਲਿਖਦੇ ਹਨ:

> ਇੱਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਸਿਰਫ ਉਸਦੀ ਬੇਬਾਕੀ ਜਾਂ ਸੈਕਸ ਆਧਾਰਿਤ ਕਹਾਣੀਕਾਰਾਂ ਵਜੋਂ ਉਸਨੂੰ ਪੜਨਾ ਉਸਦਾ ਅਧੂਰਾ ਮੁਲਾਂਕਣ ਹੀ ਕਿਹਾ ਜਾ ਸਕਦਾ ਹੈ। ਜਿੱਥੋਂ ਤੱਕ ਵਿਸ਼ੇਗਤ ਸਰੋਕਾਰਾਂ ਦਾ ਸੰਬੰਧ ਹੈ ਉਹ ਵੰਨ-ਸੁਵੰਨਤਾ ਭਰਪੂਰ ਹਨ।(9)

ਮਨੁੱਖ ਦੇ ਸੁਭਾਅ 'ਚ ਤਬਦੀਲੀਆਂ ਦਾ ਆਉਣਾ ਲਾਜ਼ਮੀ ਹੈ ਉਹ ਕਿਸੇ ਵੀ ਹਲਾਤ ਵਿੱਚੋਂ ਜਦੋਂ ਲੰਘਦਾ ਹੋਇਆ ਆਪਣੇ ਆਖ਼ਰੀ ਪੱਖ 'ਤੇ ਪਹੁੰਚਦਾ ਹੈ ਤਾਂ ਉਸਨੂੰ ਵਿਰੋਧੀ ਭਾਵ ਵਾਲੀ ਤਣਾਓ ਦੀ ਸਥਿਤੀ ਵਿੱਚੋਂ ਦੀ ਲੰਘਣਾ ਜ਼ਰੂਰ ਪੈਂਦਾ ਹੈ। ਇਸੇ ਸਬੰਧ ਵਿੱਚ ਡਾ. ਟੀ.ਆਰ.ਵਿਨੋਦ *ਪੰਜਾਬੀ ਨਾਵਲ ਦਾ ਸਾਂਸਕ੍ਰਿਤਿਕ ਅਧਿਐਨ* 'ਚ ਕਹਿੰਦੇ ਹਨ ਕਿ:

> ਆਪਣੇ ਨਿੱਤ ਪਰਿਵਰਤਨਸ਼ੀਲ ਪਰਿਵੇਸ਼ ਦੇ ਸੰਦਰਭ ਵਿੱਚ ਮਨੁੱਖੀ ਸੁਭਾਅ ਕੋਈ ਅੰਤਿਮ-ਪੱਖੀ ਰੂਪ ਧਾਰਨ ਕਰਨ ਤੋਂ ਪਹਿਲਾਂ ਪਰਸਪਰ ਵਿਰੋਧੀ ਭਾਵ, ਸੰਸਕਾਰਾਂ ਵਿਚੋਂ ਪੈਦਾ ਹੋਣ ਵਾਲੀ ਤਣਾਓ ਦੀ ਸਥਿਤੀ ਚੋਂ ਦੀ ਲੰਘਦਾ ਹੈ। ਇਸ ਸਥਿਤੀ ਨੂੰ ਭੋਗਣ ਵਾਲਾ ਮਨੁੱਖ ਸਥਾਪਿਤ ਸੰਸਕ੍ਰਿਤੀ ਪਰਤੀ ਅਨੁਰੂਪਤਾ, ਅਣਭਰਮਣ ਅਤੇ ਅਤਿਭਰਮਣ ਦੀਆਂ ਮਾਨਸਿਕ ਅਵਸਥਾਵਾਂ ਦੇ ਦਾਵੰਦ ਵਿਚੋਂ ਦੀ ਲੰਘ ਰਿਹਾ ਹੁੰਦਾ ਹੈ। ਇਸ ਦਾਵੰਦਮਈ ਮਨੋਦਸ਼ਾ ਨੂੰ ਹੀ ਤਣਾਓ ਕਿਹਾ ਜਾਂਦਾ ਹੈ।(24-25)

ਇਸ ਤਰ੍ਹਾਂ "ਹੁਣ ਮੈਂ ਸੈੱਟ ਹਾਂ" ਕਹਾਣੀ ਵੀ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਵਿਦੇਸ਼ੀ ਰਹਿਤਲ ਤੇ ਵੱਸਣ ਦੀ ਲਾਲਸਾ, ਸੁਪਨੇ ਦੇ ਪਰਿਵਰਤਨ ਰੂਪ ਮਾਨਸਿਕ ਤਣਾਅ, ਬੇਗਾਨਾਪਣ ਆਦਿ ਮਨੋਵਿਰਤੀਆਂ ਮਾੜੇ ਪੱਖ ਦੀ ਪੇਸ਼ਕਾਰੀ ਕਰਦੀਆਂ ਹਨ। ਜਿਵੇਂ ਇਸ ਕਹਾਣੀ ਦੇ ਨਾਇਕ ਗੋਗੀ ਦੇ ਪਿਤਾ ਪਾਖਰ ਸਿੰਘ ਨੂੰ ਕਿਸੇ ਸਾਹਿਤਕ ਕਾਨਫ਼ਰੰਸ ਵਿੱਚ ਇੰਗਲੈਂਡ ਜਾਣ ਦਾ ਮੌਕਾ ਮਿਲ ਜਾਂਦਾ ਹੈ। ਉੱਥੇ ਉਹ ਵਿਦੇਸ਼ੀ ਧਰਤੀ ਦੇ ਮੋਹ ਅਧੀਨ ਆ ਕੇ ਆਪਣੇ ਪੁੱਤਰ ਨੂੰ ਇਸ ਧਰਤੀ 'ਤੇ ਭੇਜ ਕੇ ਆਪ ਵੀ ਉੱਥੇ ਆਉਣ ਦਾ ਸੁਪਨਾ ਲੈਂਦਾ ਹੈ। ਉਹ ਆਪਣੀ ਪਤਨੀ ਨਾਲ ਸਲਾਹਾਂ ਕਰਦਾ ਹੈ ਕਿ ਆਪਾਂ ਵੀ ਮੁੰਡੇ ਨੂੰ ਬਾਹਰ ਹੀ ਭੇਜ ਦਿੰਦੇ ਹਾਂ ਇੱਥੇ ਆਪਣੇ ਦੇਸ਼ ਵਿੱਚ ਕੀ ਪਿਆ ਏ। ਗਗਨ ਜੋ ਇੱਕ ਭੋਲਾ ਭਾਲਾ ਮੁੰਡਾ ਸੀ।

ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਮਾਪਿਆਂ ਦੁਆਰਾ ਲਏ ਗਏ ਗਲਤ ਫ਼ੈਸਲੇ ਕਾਰਨ ਅੱਜ ਨਲਾਇਕ ਅਤੇ ਅਵਾਰਾ ਬਣਿਆ ਫਿਰਦਾ ਹੈ। ਆਪਣੀ ਧਰਤੀ ਦੇ ਵਿਛੋੜੇ ਅਤੇ ਦੁੱਖ ਨੂੰ ਉਹ ਸ਼ਰਾਬ ਰਾਹੀਂ ਭੁਲਾਉਣਾ ਚਾਹੁੰਦਾ ਹੈ। ਜਦੋਂ ਇੱਕ ਦਿਨ ਉਸਦੀ ਅੰਟੀ ਉਸਨੂੰ ਮਿਲਦੀ ਹੈ ਤਾਂ ਇੰਡੀਆ ਦੇ ਯਾਦ ਆਉਣ ਬਾਰੇ ਪੁੱਛਦੀ ਹੈ ਤਾਂ ਕਹਿੰਦਾ ਹੈ ਨਹੀਂ ਅੰਟੀ "ਹੁਣ ਮੈਂ ਸੈੱਟ ਹਾਂ"। ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਉਸਦਾ ਮਾਨਸਿਕ ਤਣਾਅ ਆਪਣੀ ਧਰਤੀ ਤੋਂ ਵਿਛੋੜੇ ਦਾ ਪਰਿਵਰਤਨ ਹੋਇਆ ਬੇਗਾਨੀ ਧਰਤੀ ਤੇ ਵਾਸੇ ਵਜੋਂ ਮਾੜੇ ਪੱਖ ਤੋਂ ਉੱਭਰਕੇ ਸਾਹਮਣੇ ਆਉਂਦਾ ਹੈ। ਇਸ ਮਾੜੇ ਪੱਖ ਦਾ ਜ਼ੁੰਮੇਵਾਰ ਉਸਦਾ ਪਰਿਵਾਰ ਹੈ, ਜਿਸ ਦਾ ਉਭਾਰ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਵੀਨਾ ਵਰਮਾ ਨੇ ਆਪਣੇ ਕਹਾਣੀ ਸੰਗ੍ਰਹਿ *ਜੋਗੀਆਂ ਦੀ ਧੀ* ਦੀ ਕਹਾਣੀ 'ਹੁਣ ਮੈਂ ਸੈੱਟ ਹਾਂ' ਵਿੱਚ ਗਗਨ ਦੀ ਦੁਖੀ ਮਾਨਸਿਕ ਪ੍ਰਵਿਰਤੀ ਦੇਸ਼ ਦੇ ਵਿਛੋੜੇ ਕਾਰਨ ਪਰਿਵਰਤਨ ਰੂਪ ਵਿੱਚ ਬੇਗਾਨੀ ਧਰਤੀ ਉੱਪਰ ਵੱਸਣ ਕਰਕੇ ਉਪਜਦੀ ਹੈ। ਗਗਨ ਦੇ ਮਾਨਸਿਕ ਤਣਾਅ ਬਾਰੇ ਮਾਂ ਬਾਪ ਨੂੰ ਉਦੋਂ ਪਤਾ ਚਲਦਾ ਹੈ, ਜਦੋਂ ਉਹ ਫ਼ੋਨ ਤੇ ਦੋ ਸਾਲ ਦੇ ਬੱਚੇ ਵਾਂਗ ਰੋ ਕੁਰਲਾ ਕੇ ਮਾਨਸਿਕ ਦਰਦ ਨੂੰ ਬਿਆਨ ਕਰਦਾ ਕਹਿੰਦਾ ਹੈ ਕਿ:

> ਮੇਰਾ ਇੱਥੇ ਜੀਅ ਨਹੀਂ ਲੱਗਦਾ। ਕਿਉਂ ਘਰੋਂ ਕੱਢਿਐ ਤੁਸੀਂ ਮੈਨੂੰ? ਕੀ ਕਸੂਰ ਸੀ ਮੇਰਾ? ਥੋਡੀ ਹੀ ਔਲਾਦ ਆਂ ਨਾ ਮੈਂ? ਕਿਉਂ ਜੰਮਿਆ ਸੀ ਮੈਨੂੰ?(214,215)

ਇਨਸਾਨ ਨੇ ਆਪਣੀਆਂ ਲੋੜਾਂ ਦੀ ਪੂਰਤੀ ਲਈ ਅਤੇ ਵਧੀਆ ਜ਼ਿੰਦਗੀ ਜਿਉਣ ਲਈ ਹਮੇਸ਼ਾ ਹੀ ਵਧੀਆ ਰੋਜ਼ਗਾਰ ਦੀ ਭਾਲ ਕੀਤੀ ਹੈ ਅਤੇ ਕਈ ਵਾਰ ਰੋਜ਼ਗਾਰ ਜਾਂ ਪੇਟ ਕਾਰਨ ਮਨੁੱਖ ਆਪ ਜਾਂ ਆਪਣੀ ਸੰਤਾਨ ਨੂੰ ਵਿਦੇਸ਼ ਭੇਜ ਦਿੰਦਾ ਹੈ। ਕਈ ਵਾਰ ਵਿਦੇਸ਼ ਦੀ ਨਿਰਮੋਹੀ ਧਰਤੀ 'ਤੇ ਰਹਿੰਦਿਆਂ ਆਪਣੇ ਘਰ ਦੀ ਆਪਣੇ ਦੇਸ਼ ਦੀ ਬਹੁਤ ਯਾਦ ਆਉਂਦੀ ਹੈ ਇੰਝ ਪ੍ਰਤੀਤ ਹੁੰਦਾ ਜਿਵੇਂ ਇੱਥੇ ਆਕੇ ਇਨਸਾਨ ਆਪਣੀ ਜੜ੍ਹੋਂ ਹੀ ਕੱਟਿਆ ਗਿਆ ਹੋਵੇ। ਇਸੇ ਸਬੰਧ 'ਚ ਨਿਰੰਜਨ ਸਿੰਘ ਤਸਨੀਮ ਆਪਣੀ ਪੁਸਤਕ *ਬਦੇਸ਼ੀ ਪੰਜਾਬੀ ਸਾਹਿਤ* ਕਹਿੰਦਾ ਹੈ ਕਿ:

ਰੋਜ਼ਗਾਰ ਦੇ ਸਿਲਸਿਲੇ ਵਿੱਚ ਜਦੋਂ ਕੋਈ ਮਨੁੱਖ ਆਪਣੇ ਘਰੋਂ ਬਾਹਰ ਜਾਂਦਾ ਹੈ ਤਾਂ ਉਸ ਨੂੰ ਆਪਣੇ ਘਰ ਦੀ ਯਾਦ ਬਹੁਤ ਸਤਾਂਦੀ ਹੈ। ਦੂਰ ਬੈਠੇ ਹੋਏ ਉਸ ਨੂੰ ਇੰਝ ਪਰਤੀਤ ਹੁੰਦਾ ਹੈ ਜਿਵੇਂ ਉਹ ਆਪਣੀ ਜੜ ਨਾਲੋਂ ਹੀ ਕੱਟਿਆ ਗਿਆ ਹੋਵੇ। ਕਈ ਵਾਰ ਉਸ ਦੇ ਮਨ ਵਿੱਚ ਆਪਣੇ ਵਤਨ ਜਾਣ ਦਾ ਉਦਰੇਵਾਂ ਜਾਗਦਾ ਹੈ ਪਰ ਉਹ ਆਪਣੀਆਂ ਮਜ਼ਬੂਰੀਆਂ ਦੇ ਤਾਣੇ ਪੇਟੇ ਵਿੱਚ ਉਲਝਿਆਂ ਓਹ ਆਪਣੀ ਕਲਪਨਾ ਦੇ ਸਹਾਰੇ, ਆਪਣੇ ਸਾਕ ਸੰਬੰਧੀਆਂ ਅਤੇ ਯਾਰਾਂ ਦੋਸਤਾਂ ਨਾਲ ਮੁਲਾਕਾਤ ਕਰ ਲੈਂਦਾ ਹੈ, ਜਦੋਂ ਕਦੀ ਉਹ ਆਪਣੇ ਦੇਸ਼ ਵਾਪਸ ਮੁੜਦਾ ਹੈ ਤਾਂ ਉਸ ਨੂੰ ਆਪਣੇ ਵਤਨ ਦਾ ਹਰ ਜ਼ੱਰਾ ਦੇਵਤਾ ਲੱਗਦਾ ਹੈ। ਉਹ ਲੋਕ ਜਿੰਨ੍ਹਾਂ ਨੂੰ ਉਹ ਪਹਿਲਾਂ ਗੌਲਦਾ ਨਹੀਂ ਸੀ, ਹੁਣ ਉਸ ਨੂੰ ਬਹੁਤ ਚੰਗੇ ਲੱਗਦੇ ਹਨ। ਇੰਝ ਉਸ ਦੇ ਮਨ ਵਿੱਚ ਇਹ ਖਿਆਲ ਉੱਭਰਦਾ ਹੈ ਕਿ ਬਦੇਸ਼ਾ ਵਿੱਚ ਮਿਲਣ ਵਾਲੇ ਐਸ਼ੋ ਆਰਾਮ ਦੀ ਖ਼ਾਤਰ ਉਸ ਨੇ ਬਾਬਾ ਆਦਮ ਵਾਂਗ ਇੱਕ ਐਸੀ ਜ਼ੱਨਤ ਗਵਾ ਲਈ ਹੈ ਜੀਹਦੇ ਲਈ ਉਹ ਹਮੇਸ਼ਾ ਵਿਲਕਦਾ ਰਹੇਗਾ।(100)

'ਮਰਿਆ ਚੂਹਾ', 'ਚਾਰ ਰਾਤਾਂ', 'ਪਿਛਲਾ ਦਰਵਾਜ਼ਾ', 'ਖਾਲੀ ਪਲਾਟ', 'ਗੁਲਬਾਨੋ' ਆਦਿ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਸਮੁੱਚੀਆਂ ਨਾਇਕਾਵਾਂ ਨਾਲ ਮਾਨਸਿਕ ਪਰਿਵਰਤਨ ਉਦੋਂ ਮਾੜੇ ਪੱਖ ਵਜੋਂ ਵਾਪਰਦਾ ਹੈ, ਜਦੋਂ ਮਰਦ ਔਰਤ ਨੂੰ ਸਰੀਰਕ ਤੌਰ ’ਤੇ ਵਰਤ ਕੇ ਭਟਕਣ ਲਈ ਛੱਡ ਦਿੰਦਾ ਹੈ। ਵੀਨਾ ਵਰਮਾ ਨੇ ਅਜਿਹੀਆਂ ਔਰਤਾਂ ਦੀਆਂ ਵਾਸਤਵਿਕ ਸਥਿਤੀ-ਪ੍ਰਸਥਿਤੀਆਂ ਤੋਂ ਸਰੀਰਕ ਤੇ ਮਾਨਸਿਕ ਪਰਿਵਰਤਨ ਰੂਪ ਦਾ ਅਹਿਸਾਸ ਕਹਾਣੀਆਂ ਵਿੱਚ ਬਾਖੂਬੀ ਨਿਭਾਇਆ ਹੈ। ਭਾਵੇਂ ਵੀਨਾ ਵਰਮਾ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਔਰਤ-ਮਰਦ ਦੀ ਵਿਚਾਰਧਾਰਾ, ਸਥਿਤੀ-ਪ੍ਰਸਥਿਤੀ ਅਤੇ ਜਜ਼ਬਾਤਾਂ ਨੂੰ ਬੜੀ ਬੇਬਾਕੀ ਨਾਲ ਚਿੱਤਰ ਕੇ ਉਸ ਨਾਲ ਨਿਆਂ ਕਰਨ ਦੀ ਕੋਸ਼ਿਸ਼ ਕਰਦੀ ਹੈ। ਪਰ ਕਈ ਵਾਰ ਉਹ ਸਵੈ-ਵਿਰੋਧੀ ਧਾਰਨਾਵਾਂ ਦੀ ਸ਼ਿਕਾਰ ਹੋ ਕੇ ਨਾਰੀ ਸ਼ਕਤੀ ਦੀ ਪਰਿਭਾਸ਼ਾ ਹੀ ਬਦਲ ਦਿੰਦੀ ਹੈ। ਉਹ ਇੱਕ ਤੋਂ ਵੱਧ ਮਰਦਾਂ ਨਾਲ ਸੰਬੰਧ ਬਣਾਉਣ ਵਾਲੀਆਂ ਔਰਤਾਂ ਨੂੰ ਕਈ ਵਾਰ ਸਥਿਤੀਆਂ-ਪ੍ਰਸਥਿਤੀਆਂ ਦੇ ਸੱਚ ਵਾਂਗ ਪੇਸ਼ ਨਹੀਂ ਕਰਦੀ, ਸਗੋਂ ਸੱਭਿਆਚਾਰਕ

ਰੂਪਾਂਤਰਨ ਦੇ ਮਨੋਵਿਗਿਆਨ ਤੋਂ ਮਾਨਸਿਕ ਪਰਿਵਰਤਨ ਦੇ ਚੰਗੇ ਤੇ ਮਾੜੇ ਪੱਖ ਵਜੋਂ ਨਾਰੀ ਸ਼ਕਤੀ ਵਜੋਂ ਉਭਾਰਦੀ ਨਜ਼ਰ ਆਉਂਦੀ। ਵੀਨਾ ਵਰਮਾ ਦੀਆਂ ਕਹਾਣੀ ਦਾ ਵਾਚਨ ਕਰਦੇ ਹੋਏ *ਅਚੇਤਨਾ ਦੀ ਲੀਲਾ* ਪੁਸਤਕ 'ਚ ਦਰਜ ਫ਼ਰਾਇਡ ਦਾ ਇੱਕ ਮਤ ਬਹੁਤ ਸਹੀ ਪ੍ਰਤੀਤ ਹੁੰਦਾ ਹੈ ਕਿ:

> ਫ਼ਰਾਇਡ ਦੇ ਇਸ ਮੱਤ ਨਾਲ ਸਹਿਮਤ। ਦਬੇ ਹੋਏ ਅਨੁਭਵਾਂ ਵਿੱਚ ਉਹ ਯਾਦਾ, ਇੱਛਾਵਾਂ, ਲੋੜਾਂ, ਲੈ ਜਾਂ ਉਹ ਵਿਚਾਰ ਹੁੰਦੇ ਹਨ ਜਿਨ੍ਹਾਂ ਨਾਲ ਅਸੀਂ ਕਦੇ ਸਹਿਮਤ ਨਹੀਂ ਹੋਏ ਹੁੰਦੇ। ਇਹ ਦੱਬੀਆਂ ਹੋਈਆਂ ਗੁੰਝਲਾਂ ਜਿਹੜੀਆਂ ਸੁਚੇਤਨਤਾ ਤੇ ਨਿਖੜੀਆਂ ਹੁੰਦੀਆਂ ਹਨ ਅਤੇ ਅਚੇਤਨ ਦੇ ਪਿਛੋਕੜ ਵਿੱਚ ਧੱਕੀਆਂ ਹੁੰਦੀਆਂ ਹਨ, ਮਨਸੰਤਾਪਿਕ ਲੱਛਣ ਪੈਦਾ ਕਰਦੀਆਂ ਹਨ।(75)

ਅਸਲ ਵਿੱਚ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੀਆਂ ਬਹੁਤ ਸਾਰੀਆਂ ਨਾਇਕਾਵਾਂ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਪਰਿਵਰਤਨ ਕਾਰਨ ਮਾਨਸਿਕ ਤਣਾਓ ਵਿਚੋਂ ਗੁਜ਼ਰਦੀਆਂ ਹੋਈਆਂ ਆਪਣੀ ਹੋਂਦ ਬਾਰੇ ਪ੍ਰਸ਼ਨ-ਚਿੰਨ੍ਹ ਖੜ੍ਹੇ ਕਰਕੇ ਸਵੈ ਨੂੰ ਮੁਖ਼ਾਤਿਬ ਵੀ ਹੁੰਦੀਆਂ ਹਨ। ਗੁਰਚਰਨ ਸਿੰਘ ਗਿੱਲ ਨੇ ਵੀਨਾ ਵਰਮਾ ਦੀਆਂ ਕਹਾਣੀਆਂ ਸੰਬੰਧੀ ਆਪਣੇ ਵਿਚਾਰਾਂ ਦੀ ਪੁਸ਼ਟੀ *ਵੀਨਾ ਵਰਮਾ ਦਾ ਕਥਾ ਬੋਧ* 'ਚ ਕਰਦਾ ਹੈ ਕਿ:

> ਕਹਾਣੀਕਾਰ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਇਹ ਸਮੱਸਿਆਂ ਆਮ ਵੇਖਣ ਨੂੰ ਮਿਲਦੀ ਹੈ ਕਿ ਇਸ ਅਣਜੋੜਤਾ ਦੀਆਂ ਸ਼ਿਕਾਰ ਔਰਤਾਂ ਅਨੇਕਾਂ ਤ੍ਰਾਸਦੀਆਂ ਦਾ ਸ਼ਿਕਾਰ ਹੁੰਦੀਆਂ ਹੋਈਆਂ ਪੂਰੀ ਉਮਰ ਹੀ ਭਟਕਣਾ ਵਿੱਚ ਹੀ ਗੁਜ਼ਾਰ ਦਿੰਦੀਆਂ ਹਨ ਅਤੇ ਉਨ੍ਹਾਂ ਦੀਆਂ ਸਰੀਰਕ ਤੇ ਮਾਨਸਿਕ ਤ੍ਰਿਪਤੀਆਂ ਅਧੂਰੀਆਂ ਹੀ ਰਹਿ ਜਾਂਦੀਆਂ ਹਨ।(58)

ਉਪਰੋਕਤ ਵਿਚਾਰ-ਚਰਚਾ ਦੇ ਆਧਾਰ ਤੇ ਮੰਨਿਆ ਜਾਂਦਾ ਹੈ ਕਿ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੇ ਔਰਤ-ਮਰਦ ਪਾਤਰ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਅਣਜੋੜ ਵਿਆਹ ਪ੍ਰਬੰਧ, ਵਿਦੇਸ਼ ਜਾਣ ਦੀ ਲਾਲਸਾ, ਕਾਮੁਕ ਭੁੱਖ ਆਦਿ ਅਨੇਕਾਂ ਸਮੱਸਿਆਵਾਂ ਨਾਲ ਜੂਝਦੇ ਤ੍ਰਿਪਤੀ ਦੇ ਪਰਿਵਰਤਨ ਰੂਪ ਅਤ੍ਰਿਪਤੀ ਕਾਰਨ ਮਾਨਸਿਕ ਤਣਾਅ ਵਿਚੋਂ ਗੁਜ਼ਰਦੇ ਹੋਏ ਚੰਗੇ ਤੇ ਮਾੜੇ ਪੱਖਾਂ ਨੂੰ

ਉਭਾਰਦੇ ਹਨ। ਜਿਵੇਂ ਕਿ ਸਮਾਜ ਨੇ ਇੱਕ ਪਾਸੇ ਔਰਤਾਂ ਨੂੰ ਦਬਾਉਣ ਲਈ ਧਾਰਮਿਕ, ਮਿਥਿਹਾਸ ਅਤੇ ਪੌਰਾਣਿਕ ਕਥਾਵਾਂ ਦਾ ਸਹਾਰਾ ਲਿਆ ਹੈ। ਪਰੰਤੂ ਦੂਜੇ ਪਾਸੇ ਸਮਾਜ ਵੱਲੋਂ ਔਰਤ ਨੂੰ ਕਦੇ ਦਰੋਪਦੀ ਅਤੇ ਸੀਤਾ ਬਣ ਕੇ ਪਤੀ ਘਰ ਰਹਿਣ ਲਈ ਕਿਹਾ ਜਾਂਦਾ ਹੈ ਤੇ ਕਦੇ ਪੁਰਸ਼ ਪਿਆਰ ਦੇ ਪਿੱਛੇ ਸਰੀਰਕ ਸੰਬੰਧ ਬਣਾਉਣ ਪਿੱਛੋਂ ਵਿਆਹ ਕਰਾਉਣ ਲਈ ਰਾਧਾ ਕ੍ਰਿਸ਼ਨ ਦੇ ਪਿਆਰ ਦਾ ਉਦਾਹਰਨ ਦਿੰਦੇ ਹਨ। ਵੀਨਾ ਵਰਮਾ ਨੇ ਬਾਖ਼ੂਬੀ ਔਰਤ ਦੇ ਮਸਲਿਆਂ ਨੂੰ ਅਤੇ ਪੇਚੀਦਗੀਆਂ ਨੂੰ ਆਪਣੀਆਂ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਪਰਿਵਰਤਨ ਕਾਰਨ ਚੰਗੇ ਮਾੜੇ ਪੱਖਾਂ ਤੋਂ ਉਭਾਰਿਆ ਹੈ। ਭਾਵੇਂ ਸਮਾਜ ਦੁਆਰਾ ਸਿਰਜੇ ਮਾੜੇ ਪੱਖਾਂ ਤੋਂ ਉਸ ਦੀਆਂ ਕਹਾਣੀਆਂ ਵਿੱਚਲੀ ਔਰਤ ਬੇਅੰਤ ਮੁਸ਼ਕਲਾਂ ਦੀ ਸ਼ਿਕਾਰ ਹੈ ਤੇ ਆਪਣੇ ਜੀਵਨ ਵਿੱਚ ਅਨੇਕਾਂ ਕਸ਼ਟ ਹੰਢਾ ਰਹੀ ਹੈ। ਪਰ ਅੰਤ ਵਿੱਚ ਚੰਗੇ ਪੱਖ ਵਜੋਂ ਉਹ ਆਪਣੇ ਫ਼ੈਸਲੇ ਆਪ ਲੈ ਕੇ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਆਤਮ-ਨਿਰਭਰ ਹੋ ਰਹੀ ਹੈ ਤੇ ਵਧੀਆ ਜੀਵਨ ਜਿਉਣ ਵਲ ਵੱਧ ਰਹੀ ਹੈ ਅਤੇ ਸਮਾਜ ਵਿੱਚ ਆਪਣੀ ਥਾਂ ਬਣਾ ਰਹੀ ਹੈ। ਉਹ ਸਵੈ-ਇੱਛਾ ਨਾਲ ਮਰਦ ਨਾਲ ਸਰੀਰਕ ਸੰਬੰਧ ਬਣਾ ਰਹੀ ਹੈ ਅਤੇ ਆਪਣੀ ਮਰਜ਼ੀ ਨਾਲ ਸਬੰਧ ਤੋੜ ਰਹੀ ਹੈ। ਹੁਣ ਉਹ ਨਿਰਾਸ਼ਾਵਾਂ ਤੋਂ ਘਬਰਾਉਂਦੀ ਨਹੀਂ, ਸਗੋਂ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਪਰਿਵਰਤਨ ਦੁਆਰਾ ਨਵੀਂ ਸੋਚ ਨੂੰ ਅਪਣਾ ਕੇ ਨਵੇਂ ਸੱਭਿਆਚਾਰ ਦਾ ਅੰਗ ਬਣ ਰਹੀ ਹੈ। ਨਿਰਸੰਦੇਹ ਵੀਨਾ ਵਰਮਾ ਇੱਕ ਦਲੇਰ ਕਹਾਣੀਕਾਰ ਹੈ, ਜਿਸ ਨੇ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਔਰਤ ਚੇਤਨਾ ਅਤੇ ਸੰਵੇਦਨਾ ਦੇ ਵੱਖ-ਵੱਖ ਪਹਿਲੂਆਂ ਉੱਤੇ ਕਲਮ ਚਲਾਈ ਹੈ। ਜਿਵੇਂ ਕਿ ਔਰਤ ਦੀ ਗੁਲਾਮੀ ਤੋਂ ਲੈ ਕੇ ਅਜੋਕੀ ਔਰਤ ਦੀ ਸਵੈ-ਚਿੰਤਨ ਨਾਲ ਉਤਪੰਨ ਹੋਈ ਸਵੈ-ਹੋਂਦ ਪ੍ਰਤੀ ਜਾਗਰੂਕਤਾ, ਆਰਥਿਕ-ਸਵੈ-ਨਿਰਭਰਤਾ, ਔਰਤ ਵਿਰੋਧੀ ਸੋਚ ਪ੍ਰਤੀ ਵਿਦਰੋਹ, ਮਾਨਸਿਕ ਅਤੇ ਸਰੀਰਕ ਆਜ਼ਾਦੀ, ਦੇਹਵਾਦੀ ਤੇ ਭੋਗਵਾਦੀ ਰੁਚੀਆਂ ਦਾ ਵਿਸਥਾਰ ਅਤੇ ਔਰਤ ਅੰਦਰਲੀ ਸਕਾਰਾਤਮਕ ਭਾਵੁਕਤਾ ਨੂੰ ਪਰਿਵਰਤਨ ਦੁਆਰਾ ਬੜੀ ਬਾਰੀਕੀ ਨਾਲ ਚਿਤਰਿਆ ਹੈ। ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਔਰਤ ਮਰਦ ਦੇ ਵਿਆਹੁਤਾ ਅਤੇ ਬਾਹਰੀ ਲਿੰਗਕ ਸੰਬੰਧਾਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ

ਮਨੋਵਿਗਿਆਨ, ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਿਕ ਪੱਖਾਂ ਤੋਂ ਸੰਕੇਤਾਂ ਵਿੱਚ ਪ੍ਰਗਟ ਕਰਨ ਦੀ ਬਜਾਏ ਖੁੱਲ੍ਹ ਕੇ ਬਿਆਨਿਆ ਹੈ। ਕਹਾਣੀਆਂ ਵਿੱਚ ਔਰਤ-ਮਰਦ ਦੀ ਮਾਨਸਿਕਤਾ, ਸੁਪਨੇ ਅਤੇ ਜ਼ਿੰਦਗੀ ਦੇ ਵਿਹਾਰਿਕ ਤੱਥਾਂ ਨੂੰ ਬਾਖ਼ੂਬੀ ਪੇਸ਼ ਕੀਤਾ ਹੈ। ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਵਿਭਿੰਨ ਵਿਸਥਾਰਾਂ, ਪਾਸਾਰਾਂ, ਤਣਾਵਾਂ ਅਤੇ ਪਰਤਾਂ ਨੂੰ ਇੰਞ ਪੇਸ਼ ਕੀਤੇ ਨੇ ਜਿਵੇਂ ਹਰ ਕਹਾਣੀ ਵਿੱਚਲੀ ਪਾਤਰ ਉਹ ਖੁਦ ਹੋਵੇ ਅਤੇ ਹਰ ਸੰਕਟ ਉਸਨੇ ਖੁਦ ਹੰਢਾਇਆ ਹੋਵੇ ਤੇ ਹਰ ਖੁਸ਼ੀ ਨੂੰ ਖੁਦ ਮਾਣਿਆ ਹੋਵੇ।ਅਜੋਕੀ ਔਰਤ ਦੀ ਸਵੈ-ਚਿੰਤਨ ਨਾਲ ਉਤਪੰਨ ਹੋਈ ਸਵੈ-ਹੋਂਦ ਪ੍ਰਤੀ ਜਾਗਰੂਕਤਾ, ਆਰਥਿਕ-ਸਵੈ-ਨਿਰਭਰਤਾ, ਔਰਤ ਵਿਰੋਧੀ ਸੋਚ ਪ੍ਰਤੀ ਵਿਦਰੋਹ, ਮਾਨਸਿਕ ਅਤੇ ਸਰੀਰਕ ਆਜ਼ਾਦੀ, ਦੇਹਵਾਦੀ ਤੇ ਭੋਗਵਾਦੀ ਰੁਚੀਆਂ ਦਾ ਵਿਸਥਾਰ ਅਤੇ ਔਰਤ ਅੰਦਰਲੀ ਸਕਾਰਾਤਮਕ ਭਾਵੁਕਤਾ ਨੂੰ ਬੜੀ ਬਾਰੀਕੀ ਨਾਲ ਚਿਤਰਿਆ ਹੈ। ਕਹਾਣੀਆਂ ਵਿੱਚ ਆਜ਼ਾਦੀ, ਜਿਨਸੀ ਰਿਸ਼ਤਿਆਂ ਵਿੱਚ ਖੁੱਲ੍ਹ, ਖੁੱਲਾਂ ਲਿੰਗਕ ਮਾਹੌਲ, ਜਗੀਰਦਾਰੀ ਕਦਰਾਂ-ਕੀਮਤਾਂ ਕਾਰਨ ਪਰਿਵਾਰਕ ਰਿਸ਼ਤੇ ਖੇਰੂੰ ਖੇਰੂੰ ਹੋ ਰਹੇ ਹਨ।

ਸਮੁੱਚੇ ਰੂਪ ਵਿੱਚ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨ, ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਿਕ ਪੱਖਾਂ ਤੋਂ ਆਇਆ ਜੀਵਨ ਸ਼ੈਲੀ ਪਰਿਵਰਤਨ ਚੰਗੇ ਤੇ ਮਾੜੇ ਪੱਖਾਂ ਦੇ ਅਨੁਭਵ ਦਾ ਆਧਾਰ ਹਕੀਕਤ ਤੇ ਵਿਚਾਰਧਾਰਕ ਤੌਰ ‘ਤੇ ਸਪੱਸ਼ਟ ਰੂਪ ਵਜੋਂ ਉੱਭਰਦਾ ਹੈ।

# ਅਧਿਆਇ-ਚੌਥਾ

## ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਤੁਲਨਾਤਮਕ ਅਧਿਐਨ (ਰਾਜਨੀਤਿਕ ਪੱਖ, ਸਮਾਜਿਕ ਪੱਖ, ਆਰਥਿਕ ਪੱਖ, ਧਾਰਮਿਕ ਪੱਖ, ਮਨੋਵਿਗਿਆਨਕ ਪੱਖ)

## ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਤੁਲਨਾਤਮਕ ਅਧਿਐਨ (ਰਾਜਨੀਤਿਕ ਪੱਖ, ਧਾਰਮਿਕ ਪੱਖ, ਆਰਥਿਕ ਪੱਖ, ਸਮਾਜਿਕ ਪੱਖ, ਮਨੋਵਿਗਿਆਨਕ ਪੱਖ)

ਮਨੁੱਖ ਇੱਕ ਸਮਾਜਿਕ ਪ੍ਰਾਣੀ ਹੋਣ ਕਾਰਨ ਸਮਾਜ ਵਿੱਚ ਰਹਿ ਕੇ ਅਨੇਕ ਪ੍ਰਕਾਰ ਦੀਆਂ ਜੀਵਨ ਸ਼ੈਲੀਆਂ ਸਥਿਤੀਆਂ-ਪਰਸਥਿਤੀਆਂ, ਸਮੱਸਿਆਵਾਂ, ਗ਼ਮੀਆਂ-ਖ਼ੁਸ਼ੀਆਂ ਆਦਿ ਅਨੇਕਾਂ ਕੌੜੇ-ਮਿੱਠੇ ਅਨੁਭਵਾਂ ਦਾ ਧਾਰਨੀ ਰਿਹਾ ਹੈ। ਵੱਖਰੇ-ਵੱਖਰੇ ਦੇਸ਼, ਕੌਮ, ਪ੍ਰਾਂਤ, ਖੇਤਰ ਆਦਿ ਦੇ ਮਨੁੱਖ ਦੇ ਆਪਣੇ ਨਿੱਜੀ ਅਨੁਭਵ ਹੁੰਦੇ ਹਨ। ਇਸ ਲਈ ਮਨੁੱਖ ਮਾਨਸਿਕ ਪ੍ਰਵਿਰਤੀ ਤੋਂ ਸਮਾਨਤਾਵਾਂ ਤੇ ਭਿੰਨਤਾਵਾਂ ਦੇ ਬਾਵਜੂਦ ਵੀ ਇੱਕ ਵਿਸ਼ੇਸ਼ ਸਾਂਚੇ ਵਿੱਚ ਢਲਿਆ ਹੋਇਆ ਹੈ। ਇਸ ਲਈ ਤੁਲਨਾਤਮਕ ਅਧਿਐਨ ਮਨੁੱਖੀ ਸੁਭਾਅ ਨਾਲ ਸੰਬੰਧਿਤ ਇੱਕ ਵਿਸ਼ੇਸ਼, ਵਿਲੱਖਣ ਅਤੇ ਮਹੱਤਵਪੂਰਨ ਗੁਣ ਹੈ। ਮਨੁੱਖ ਦਾ ਆਪਸ ਵਿੱਚ ਤੁਲਨਾ ਕਰਨਾ ਹੀ ਆਪਣੇ ਵਿਅਕਤਿਤਵ ਦੇ ਵਿਕਾਸ, ਅਰਧ-ਵਿਕਾਸ ਅਤੇ ਅਣ-ਵਿਕਾਸ ਤੱਤਾਂ ਦੇ ਗਿਆਨ ਦਾ ਅਭਿਆਸ ਕਰਨਾ ਹੈ। ਕੁਲਦੀਪ ਸਿੰਘ ਧੀਰ *ਤੁਲਨਾਤਮਕ ਸਾਹਿਤ* ਪੁਸਤਕ 'ਚ ਕਹਿੰਦਾ ਹਨ ਕਿ :

> ਸ਼ਬਦ ਤੁਲਨਾਤਮਕ, ਤੁਲਨਾ ਕਰਨ ਦੀ ਪ੍ਰਕਿਰਿਆ ਵਲ ਸੰਕੇਤ ਕਰਦਾ ਹੈ। ਤੁਲਨਾ ਸਮੇਂ, ਵਸਤਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਕਿ ਉਨ੍ਹਾਂ ਦੀਆਂ ਸਮਾਨਤਾਵਾਂ ਅਤੇ ਭਿੰਨਤਾਵਾਂ ਉੱਭਰ ਆਉਣ। ਤੁਲਨਾ ਨਿਸ਼ਚੇ ਹੀ ਦ੍ਰਿਸ਼ਟੀਆਂ ਦੀ ਵਿਭਿੰਨਤਾ ਨੂੰ ਸਵੀਕਾਰ ਕਰ ਕੇ ਤੁਰਦੀ ਹੈ।(1)

ਮਨੁੱਖ ਦਾ ਆਪਸ ਵਿੱਚ ਤੁਲਨਾ ਕਰਨਾ ਹੀ ਉਸ ਨੂੰ ਮਨੁੱਖੀ ਸਭਿਅਤਾ ਦੇ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਸਭਿਆਚਾਰਿਕ ਸੰਗਠਨ ਅਤੇ ਇਸ ਦੀਆਂ ਵਿਲੱਖਣ ਇਕਾਈਆਂ ਦਾ ਬੋਧ ਕਰਵਾਉਂਦਾ ਹੈ, ਜਿਹੜਾ ਕਿ ਮਨੁੱਖਤਾ ਦੀ ਚੇਤਨਾ ਨੂੰ ਅਚੇਤ ਜਾਂ ਸੁਚੇਤ ਰੂਪ ਵਿੱਚ ਪ੍ਰਭਾਵਿਤ ਕਰਦਾ ਰਹਿੰਦਾ ਹੈ। ਮਨੁੱਖੀ ਸਭਿਅਤਾ ਤੇ ਵਿਕਾਸ ਵਿੱਚ ਤੁਲਨਾ ਇੱਕ ਮਹੱਤਵਪੂਰਨ ਰੋਲ ਨਿਭਾਉਂਦੀ ਹੈ। ਸੋ ਸਾਡੇ ਖੋਜ-ਕਾਰਜ ਦਾ ਮੂਲ ਉਦੇਸ਼ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਤੁਲਨਾਤਮਕ ਅਧਿਐਨ (ਰਾਜਨੀਤਿਕ ਪੱਖ, ਧਾਰਮਿਕ ਪੱਖ, ਆਰਥਿਕ ਪੱਖ, ਸਮਾਜਿਕ ਪੱਖ,

ਮਨੋਵਿਗਿਆਨਕ ਪੱਖ) ਤੋਂ ਚੰਗੇ ਤੇ ਮਾੜੇ ਪੱਖ ਨੂੰ ਉਭਾਰਨਾ ਹੈ। ਸੁਖਜੀਤ ਅਤੇ ਵੀਨਾ ਵਰਮਾ ਸਮਕਾਲੀ ਪੰਜਾਬੀ ਕਹਾਣੀ ਖੇਤਰ ਵਿੱਚ ਕੋਈ ਜਾਣ-ਪਛਾਣ ਦੇ ਮੁਥਾਜ ਨਹੀਂ ਹਨ, ਇਹਨਾਂ ਕਹਾਣੀਕਾਰਾਂ ਨੇ ਆਪਣੇ ਜੀਵਨ ਅਨੁਭਵ ਦੀ ਬਹੁ-ਪਾਸਾਰੀ ਹੋਂਦ ਅਵਸਥਾ ਨੂੰ ਗਲਪੀ ਬਿਰਤਾਂਤ ਦੇ ਕਲਾਤਮਕ ਸੰਗਠਨ ਵਿੱਚ ਢਾਲ ਕੇ ਸਮਕਾਲੀ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਵਿਸ਼ੇਸ਼ ਤੇ ਵਿਲੱਖਣ ਤੌਰ ‘ਤੇ ਚਰਚਾ ਯੋਗ ਥਾਂ ਬਣਾ ਲਈ ਹੈ। ਇਹਨਾਂ ਨੇ ਆਪਣੀਆਂ ਗਲਪ ਰਚਨਾਵਾਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਦੇ ਪੱਖ ਤੋਂ ਰਾਜਨੀਤਿਕ, ਧਾਰਮਿਕ, ਆਰਥਿਕ, ਸਮਾਜਿਕ, ਮਨੋਵਿਗਿਆਨਕ ਮਾਨਵੀ ਸਰੋਕਾਰਾਂ ਦੀ ਪਹਿਚਾਣ ਤੇ ਪ੍ਰਸਤੁਤੀ ਕਰਕੇ ਸਮਕਾਲੀ ਪੰਜਾਬੀ ਕਹਾਣੀ ਨੂੰ ਅਮੀਰ ਹੀ ਨਹੀਂ ਬਣਾਇਆ, ਸਗੋਂ ਮੂਲ ਸਮੱਸਿਆਵਾਂ ਦੀ ਪਹਿਚਾਣ ਪ੍ਰਦਾਨ ਕਰਨ ਦਾ ਵੱਡਾ ਉੱਦਮ ਕੀਤਾ ਹੈ। ਸੁਖਜੀਤ ਤੇ ਵੀਨਾ ਵਰਮਾ ਦੇ ਰਚਨਾ ਸੰਦਰਭ ਤੋਂ ਸਾਡਾ ਪ੍ਰਮੁੱਖ ਉਦੇਸ਼ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਤੁਲਨਾਤਮਕ ਅਧਿਐਨ (ਰਾਜਨੀਤਿਕ ਪੱਖ, ਧਾਰਮਿਕ ਪੱਖ, ਆਰਥਿਕ ਪੱਖ, ਸਮਾਜਿਕ ਪੱਖ, ਮਨੋਵਿਗਿਆਨ ਪੱਖ) ਸਮਾਨਤਾ ਅਤੇ ਵਖਰੇਵਿਆਂ ਦੇ ਪੱਖ ਤੋਂ ਸੂਖਮ ਅਤੇ ਸਰਲ ਰੂਪ ਵਿੱਚ ਚੰਗੇ ਤੇ ਮਾੜੇ ਪੱਖਾਂ ਨੂੰ ਚਿਤਰਨਾ ਹੈ। ਸੁਖਜੀਤ ਨੇ ਮੂਲ ਤੌਰ ‘ਤੇ ਤਿੰਨ ਕਹਾਣੀ ਸੰਗ੍ਰਹਿਆਂ ‘ਅੰਤਰਾ’ (1999) ਅਤੇ ‘ ਹੁਣ ਮੈਂ ਇੰਜੁਆਏ ਕਰਦੀ ਆਂ’ (2008), ਮੈਂ ਅਨਯਘੋਸ਼ ਨਹੀਂ (2019) ( ਸਵੈ-ਬਿਰਤਾਂਤ) ਮੈਂ ਜੈਸਾ ਹੂੰ ਮੈਂ ਵੈਸਾ ਕਿਉਂ ਹੂੰ’ ਅਤੇ ਵੀਨਾ ਵਰਮਾ ਨੇ ਮੁੱਲ ਦੀ ਤੀਵੀਂ (1992), ਫਰੰਗੀਆਂ ਦੀ ਨੂੰਹ (2002) ਅਤੇ ਜੋਗੀਆਂ ਦੀ ਧੀ (2009) ਇੱਕ ਕੁੜੀ ਇਕੱਲੀ’ (2019) ਰਾਹੀਂ ਸਮਕਾਲੀ ਪੰਜਾਬੀ ਕਹਾਣੀ ਖੇਤਰ ਵਿੱਚ ਆਮਦ ਕੀਤੀ। ਅਸਲ ਵਿੱਚ ਸੁਖਜੀਤ ਤੇ ਵੀਨਾ ਵਰਮਾ ਕੋਲ ਸਮਕਾਲੀ ਜੀਵਨ ਆਧਾਰ ਤੋਂ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨ ਪੱਖ, ਸਮਾਜਿਕ ਪੱਖ, ਆਰਥਿਕ ਪੱਖ, ਧਾਰਮਿਕ ਪੱਖ ਅਤੇ ਰਾਜਨੀਤਿਕ ਪੱਖ ਤੋਂ ਬਹੁਤ ਜ਼ਿਆਦਾ ਚੰਗਾ ਤੇ ਮਾੜਾ ਅਨੁਭਵ ਹੈ। ਇਸ ਅਨੁਭਵ ਦੇ ਆਧਾਰ ਤੇ ਹੀ ਇਹਨਾਂ ਕਹਾਣੀਕਾਰਾਂ ਨੇ ਔਰਤ-ਮਰਦ ਸੰਬੰਧਾਂ ਦੀ ਵੇਦਨਾ, ਸੰਵੇਦਨਾ ਨੂੰ ਆਪਣੀ ਕਲਾਤਮਿਕ ਸਿਰਜਣਾ ਰਾਹੀ ਸੱਭਿਆਚਾਰਕ ਰੂਪਾਂਤਰਨ ਦਾ ਤੁਲਨਾਤਮਕ ਅਧਿਐਨ ਪੱਖ ਦੇ ਮਨੋਵਿਗਿਆਨ, ਸਮਾਜਿਕ,

ਆਰਥਿਕ, ਧਾਰਮਿਕ ਅਤੇ ਰਾਜਨੀਤਿਕ ਪੱਖਾਂ ਨੂੰ ਚੰਗੇ ਤੇ ਮਾੜੇ ਪੱਖ ਤੋਂ ਸਮਾਨਤਾਵਾਂ ਤੇ ਵੱਖਰਤਾਵਾਂ ਤੋਂ ਬਾਖ਼ੂਬੀ ਨਿਭਾਇਆ ਹੈ। ਸੁਖਜੀਤ ਤੇ ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਔਰਤ ਮਰਦ ਦੇ ਵਿਆਹੁਤਾ ਜੀਵਨ ਦੀ ਤਰਾਸਦੀ, ਬਾਹਰੀ ਲਿੰਗਕ ਸੰਬੰਧ, ਅਣਜੋੜ-ਵਿਆਹ ਸੰਬੰਧ, ਪਦਾਰਥਕ ਸੋਚ, ਸਮਝ ਅਤੇ ਪੂੰਜੀਵਾਦ ਤੇ ਪਾਖੰਡੀ ਸਾਧੂ-ਸੰਤਾਂ ਦੇ ਬੋਲ-ਬਾਲੇ ਆਦਿ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਪੱਖ ਤੋਂ ਮਨੋਵਿਗਿਆਨ, ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਿਕ ਪੱਖਾਂ ਨੂੰ ਆਪਣੇ ਨਿੱਜੀ ਅਨੁਭਵਾਂ ਦੇ ਆਧਾਰ ‘ਤੇ ਚੰਗੇ ਤੇ ਮਾੜੇ ਪੱਖਾਂ ਤੋਂ ਬਿਆਨ ਕੀਤਾ ਹੈ। ਹਥਲੇ ਖੋਜ-ਕਾਰਜ ਦੇ ਅੰਤਰਗਤ 'ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਤੁਲਨਾਤਮਕ ਅਧਿਐਨ (ਰਾਜਨੀਤਿਕ ਪੱਖ, ਧਾਰਮਿਕ ਪੱਖ, ਆਰਥਿਕ ਪੱਖ, ਸਮਾਜਿਕ ਪੱਖ, ਮਨੋਵਿਗਿਆਨਕ ਪੱਖਾਂ) ਨੂੰ ਸਨਮੁੱਖ ਰੱਖ ਕੇ ਸਮੁੱਚੇ ਅਧਿਆਇਆਂ ਨੂੰ ਤੱਥਾਂ ਆਧਾਰਿਤ ਘੋਖਿਆਂ, ਵਿਚਾਰਿਆ ਅਤੇ ਵਿਸਥਾਰਪੂਰਵਕ ਚੰਗੇ ਤੇ ਮਾੜੇ ਪੱਖਾਂ ਤੋਂ ਅਧਿਐਨ ਕੀਤਾ ਜਾਵੇਗਾ। ਜਿੰਨ੍ਹਾਂ ਦੀ ਵਿਸ਼ੇਸ਼ ਰੂਪ ਵਿੱਚ ਵਿਚਾਰ-ਚਰਚਾ ਇਸ ਤਰ੍ਹਾਂ ਹੈ।

**4.1. ਰਾਜਨੀਤਿਕ ਪੱਖ**: ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਰਾਜਨੀਤਿਕ ਪੱਖ ਪਾਤਰਾਂ ਦੇ ਅਵਚੇਤਨ ਮਨ ਦਾ ਹਿੱਸਾ ਬਣ ਕੇ ਸਮਾਨਤਾਵਾਂ ਤੇ ਵੱਖਰਤਾਵਾਂ ਦੇ ਪੱਖ ਤੋਂ ਚੰਗੀਆਂ ਤੇ ਮਾੜੀਆਂ ਪ੍ਰਵਿਰਤੀਮੂਲਕ ਸਥਿਤੀਆਂ-ਪ੍ਰਸਥਿਤੀਆਂ ਰਾਹੀਂ ਸਪੱਸ਼ਟ ਰੂਪ ਵਿੱਚ ਉੱਭਰਦਾ ਹੈ। ਜਿਵੇਂ ਕਿ ਸੁਖਜੀਤ ਦੀਆਂ ਕਹਾਣੀਆਂ 'ਸਤਾਈ ਮੀਲ', ਆਦਮਖ਼ੋਰ, ਪਾਤਸ਼ਾਹ, ਹੁਣ ਮੈਂ ਇੰਜੁਆਏ ਕਰਦੀ ਆਂ’ ਆਦਿ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਪਿਛਲਾ ਦਰਵਾਜ਼ਾ', 'ਦੂਜੀ ਨਾ ਤੀਜੀ', 'ਇੱਕ ਸੀ ਮੈਂ' , ਗੋਲੇ ਕਬੂਤਰ ਅਤੇ 'ਫਰੰਗੀਆਂ ਦੀ ਨੂੰਹ', ਘੜੇ ਦੀ ਮੱਛੀ ਆਦਿ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਭ੍ਰਿਸ਼ਟ ਸਿਆਸੀ ਸਿਸਟਮ, ਮਰਦ ਜਾਤੀ ਵੱਲੋਂ ਔਰਤ ਉੱਪਰ ਹੁੰਦੇ ਜ਼ਬਰ-ਜ਼ੁਲਮ ਅਤੇ ਗ਼ੈਰ-ਕਾਨੂੰਨ ਦੀ ਵਰਤੋਂ ਉੱਤੇ ਕਰੜਾ ਵਿਅੰਗ ਕਰਦੀਆਂ ਹਨ। ਇਸ ਵਿਅੰਗ ਦੁਆਰਾ ਮੌਜੂਦਾ ਸਿਆਸੀ ਸਿਸਟਮ ਨੂੰ ਚਲਾਉਣ ਵਾਲੀਆਂ ਸ਼ਕਤੀਆਂ ਨੂੰ ਪਛਾਣਦੀਆਂ ਹੋਈ ਉਹਨਾਂ ਤੋਂ ਸਮਾਨਤਾਵਾਂ ਤੇ ਵੱਖਰਤਾਵਾਂ ਦੇ ਚੰਗੇ ਤੇ ਮਾੜੇ ਪੱਖ ਤੋਂ ਪਰਦਾ ਉਤਾਰਦੀਆਂ ਹਨ। ਇਹ ਦਿਨੋਂ-ਦਿਨ ਸਿਆਸਤ ਦੇ ਹੋ ਰਹੇ ਅਪਰਾਧੀਕਰਨ, ਮਰਦ ਵੱਲੋਂ ਔਰਤ ਉੱਪਰ ਕੀਤੇ ਜਾ ਰਹੇ ਜ਼ਬਰ-ਜ਼ੁਲਮ ਆਦਿ ਦੇ ਮਸਲਿਆਂ

ਨੂੰ ਉਭਾਰਦੀਆਂ ਹਨ। ਸੁਖਜੀਤ ਤੇ ਵੀਨਾ ਵਰਮਾ ਦੀਆਂ ਸਮੁੱਚੀਆਂ ਕਹਾਣੀਆਂ ਦਾ ਕੇਂਦਰੀ-ਥੀਮ ਔਰਤ-ਮਰਦ ਦੇ ਸਮਾਜਿਕ ਰਾਜਨੀਤਿਕ ਪੱਖਾਂ 'ਚੋਂ ਪੈਦਾ ਹੋਏ ਰਾਜਨੀਤਿਕ ਤੇ ਜਿਨਸੀ ਰਿਸ਼ਤਿਆਂ ਦੀ ਸ਼ਤਰੰਜ ਨੂੰ ਪੇਸ਼ ਕਰਨਾ ਹੈ। ਇਹਨਾਂ ਨੇ ਔਰਤ-ਮਰਦ ਮਨ ਦੀਆਂ ਗਹਿਰਾਈਆਂ ਨੂੰ ਸਮਝਦੇ ਹੋਏ ਔਰਤ-ਮਰਦ ਦੇ ਅਣਕਹੇ ਬੋਲਾਂ ਨੂੰ ਰਾਜਨੀਤਕ ਪੱਖਾਂ ਤੋਂ ਚੰਗੇ ਤੇ ਮਾੜੇ ਪੱਖਾਂ ਵਜੋਂ ਬੜੀ ਸ਼ਿੱਦਤ ਨਾਲ ਸਮਾਨਤਾਵਾਂ ਤੇ ਵੱਖਰਤਾਵਾਂ ਤੋਂ ਚਿਤਰਿਆ ਹੈ। ਇਹਨਾਂ ਦੀਆਂ ਕਹਾਣੀਆਂ ਵਿੱਚ ਪੱਛਮੀ ਤੇ ਭਾਰਤੀ ਸਮਾਜ ਵਿੱਚ ਵਿਚਰ ਰਹੀ ਔਰਤ ਦੀ ਭੂਮਿਕਾ ਭਾਵੇਂ ਵੇਸਵਾ, ਰਖੇਲ ਅਤੇ ਵਸਤੂ ਵਰਗੀਆਂ ਵਜੋਂ ਨਜ਼ਰ ਆਉਂਦੀ ਹੈ, ਪਰੰਤੂ ਹੈ ਔਰਤ ਜਿਹੜੀ ਪਤਨੀ, ਭੈਣ, ਮਾਂ ਤੇ ਪ੍ਰੇਮਿਕਾ ਦਾ ਰੁਤਬਾ ਰੱਖਦੀ ਹੈ। ਜਿੰਨ੍ਹਾਂ ਨੂੰ ਸੁਖਜੀਤ ਤੇ ਵੀਨਾ ਵਰਮਾ ਨੇ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਸਮਾਨਤਾਵਾਂ ਤੇ ਵੱਖਰਤਾਵਾਂ ਦੇ ਚੰਗੇ ਤੇ ਮਾੜੇ ਪੱਖ ਵਜੋਂ ਭਾਰਤੀ ਅਤੇ ਪੱਛਮੀ ਸਥਿਤੀਆਂ-ਪ੍ਰਸਥਿਤੀਆਂ ਆਪਣੀ-ਆਪਣੀ ਦ੍ਰਿਸ਼ਟੀ ਅਨੁਸਾਰ ਵਿਚਾਰਿਆ ਹੈ। ਸੋ ਇਸ ਵਿਚਾਰ ਦਾ ਵਿਸਥਾਰਪੂਰਵਕ ਵੇਰਵਾ ਹੇਠ ਲਿਖੇ ਅਨੁਸਾਰ ਹੈ:

**(ੳ) ਚੰਗੇ ਪੱਖ ਤੋਂ ਸਮਾਨਤਾਵਾਂ ਤੇ ਵੱਖਰਤਾਵਾਂ:** ਜਿੱਥੇ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਆਏ ਪਰਿਵਰਤਨ ਕਾਰਨ ਮੌਜੂਦਾ ਭ੍ਰਿਸ਼ਟ ਸਿਆਸੀ ਸਿਸਟਮ, ਮਰਦ-ਪ੍ਰਧਾਨ ਸੋਚ ਕਾਰਨ ਔਰਤ ਉੱਪਰ ਹੁੰਦੇ ਜ਼ਬਰ-ਜ਼ੁਲਮ ਤੋਂ ਪਰਦਾ ਲਾਹੁੰਦੀਆਂ ਹਨ, ਉੱਥੇ ਇਸ ਸਿਸਟਮ ਵਿੱਚ ਪਿਸ ਰਹੀ ਸਾਧਾਰਨ ਲੋਕਾਈ ਵਿੱਚਲੀਆਂ ਔਰਤ ਪਾਤਰ ਦੇ ਹੱਕ ਵਿੱਚ ਅਜਿਹੇ ਸਿਸਟਮ ਵਿਰੁੱਧ ਚੰਗੇ ਪੱਖ ਤੋਂ ਆਏ ਪਰਿਵਰਤਨ ਦੁਆਰਾ ਸਮਾਨਤਾਵਾਂ ਤੋਂ ਚੇਤਨ ਰੂਪੀ ਟਕਰਾਅ/ਵਿਦਰੋਹ ਉੱਭਰਦਾ ਦਿਖਾਈ ਦਿੰਦਾ ਹੈ। ਅਜਿਹੀਆਂ ਔਰਤਾਂ ਮਰਦ ਵਿਰੁੱਧ ਆਪਣੇ ਸਵੈ-ਸੁਰੱਖਿਆ ਲਈ ਰਾਜਸੀ ਚੇਤਨਾ ਦੁਆਰਾ ਨਵੇਂ ਸਿਰੇ ਤੋਂ ਜ਼ਿੰਦਗੀ ਜਿਉਣ ਲਈ ਲਈ ਹਰ ਤਰ੍ਹਾਂ ਦੀ ਕੋਸ਼ਿਸ਼ ਵਿੱਚ ਨਵੇਂ-ਨਵੇਂ ਰੂਪਾਂ ਵਿੱਚ ਉੱਭਰਦੀ ਰਹਿੰਦੀ ਹੈ। ਕਹਾਣੀਕਾਰ ਪ੍ਰੇਮ ਪ੍ਰਕਾਸ਼ ਔਰਤ ਦੇ ਸਬੰਧ 'ਚ ਆਪਣੀ ਪੁਸਤਕ ਪਦਮਾਂ ਦਾ ਪੈਰ ਲਿਖਦਾ ਹੈ ਕਿ:

> ਹਰੇਕ ਬੰਦੇ ਦੀ ਆਪਣੀ ਪਹੁੰਚ ਹੈ ਕਿ ਉਹ ਔਰਤ ਨੂੰ ਕਿਸ ਰੂਪ 'ਚ ਦੇਖਦਾ ਹੈ। ਜਿਵੇਂ ਮਰਦ ਦੀ ਨਜ਼ਰ ਬਦਲਦੀ ਏ, ਉਵੇਂ ਔਰਤ ਦੇ ਰੂਪ ਵੀ ਬਦਲਦੇ ਰਹਿੰਦੇ ਨੇ। ਕਦੇ ਉਹ ਵੈਸ਼ਿਆ ਵੀ ਹੁੰਦੀ ਏ

ਤੇ ਕਦੇ ਦੇਵੀ ਵੀ। ਉਹ ਦੁਰਗਾ, ਲਕਸ਼ਮੀ, ਸਰਸਵਤੀ, ਚੰਡੀ ਕਈ ਰੂਪਾਂ ਵਿੱਚ ਸਾਨੂੰ ਦਿਸਦੀ ਏ। ਮਰਦ ਇਸਤਰੀ ਦੇ ਏਨੇ ਰੂਪਾਂ ਨੂੰ ਸਮਝਣ ਦੇ ਚੱਕਰ 'ਚ ਏ ਤੇ ਇਸਤਰੀ ਮਰਦ ਦੇ ਰੂਪਾਂ ਨੂੰ। ਦੋਹਾਂ ਦਾ ਮਨੋਰਥ ਇੱਕ ਦੂਜੇ ਦੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਨੂੰ ਸਮਝਣਾ ਤੇ ਫੇਰ ਵਰਤਣਾ ਏ। ਪੰਜਾਬੀ ਸਾਹਿਤ 'ਚ ਔਰਤ ਨੂੰ ਸਮਝਣਾ ਤੇ ਉਹਦੇ ਬਾਰੇ ਲਿਖਣਾ ਬਹੁਤਾ ਚੰਗਾ ਨਹੀਂ ਸਮਝਿਆ ਗਿਆ। ਪਰ ਮੈਂ ਤਾਂ ਸ਼ੁਰੂ ਤੋਂ ਹੀ ਲਿਖ ਰਿਹਾ ਹਾਂ।(46,47)

ਜਿਵੇਂ ਕਿ ਵੀਨਾ ਵਰਮਾ ਦੀ ਕਹਾਣੀ 'ਪਿਛਲਾ ਦਰਵਾਜ਼ਾ' ਦੀ ਪਾਤਰ ਗੀਤਾ ਪਤੀ ਦੀ ਹਰ ਰੋਜ਼ ਦੀ ਕੁੱਟ-ਮਾਰ ਤੋਂ ਤੰਗ ਤੇ ਮਜਬੂਰ ਹੈ, ਜਦੋਂ ਇੱਕ ਦਿਨ ਪਤੀ ਦੀ ਮਾਰ ਖਾ ਕੇ ਦੱਤੇ ਦੇ ਘਰ ਆਉਂਦੀ ਹੈ ਤਾਂ ਦੱਤਾ ਉਸਨੂੰ ਇਸ ਅਤਿਆਚਾਰ ਦੇ ਖਿਲਾਫ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਖੜ੍ਹੇ ਹੋਣ ਲਈ ਚੰਗੇ ਪੱਖ ਵਜੋਂ ਪ੍ਰੇਰਿਤ ਕਰਦਾ ਹੈ। ਉਹ ਉਸਨੂੰ ਸੋਸ਼ਲ ਸਕਿਉਰਿਟੀ ਦੇ ਦਫ਼ਤਰ ਭੇਜ ਦਿੰਦਾ ਹੈ। ਸੁਖਜੀਤ ਦੀ ਕਹਾਣੀ 'ਹਜ਼ਾਰ ਕਹਾਣੀਆਂ ਦਾ ਬਾਪ' ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਚੰਗੇ ਪੱਖ ਦੀ ਹਮਾਇਤ ਵਜੋਂ ਧੀਆਂ/ਔਰਤ ਆਤਮ ਵਿਸ਼ਵਾਸ ਨਾਲ ਭਰਪੂਰ ਅਜੋਕੀ ਔਰਤ ਦੇ ਬਿੰਬ ਨੂੰ ਸਾਕਾਰ ਕਰਦੀਆਂ ਹਨ। ਇਹ ਆਪਣੇ ਆਪ ਦੀ ਸੁਰੱਖਿਆ ਕਰਨ ਵਿੱਚ ਸਮਰੱਥ ਹਨ। ਉਹ ਆਪਣੇ ਉੱਤੇ ਮੰਦੀ ਨਜ਼ਰ ਰੱਖਣ ਵਾਲੇ ਗਿੱਲ ਨੂੰ ਖੁਦ ਹੀ ਢਾਹ ਲੈਂਦੀਆਂ ਹਨ। ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਚੰਗੇ ਪੱਖ ਦੀਆਂ ਸਮਾਨਤਾਵਾਂ ਵਜੋਂ ਪਿੱਤਰ ਪ੍ਰਧਾਨ/ਮਰਦ ਪ੍ਰਧਾਨ ਸਮਾਜ ਨੂੰ ਹੀ ਨਹੀਂ ਉਘਾੜਦੀਆਂ, ਬਲਕਿ ਇਸ ਪ੍ਰਤੀ ਅਜੋਕੀ ਨਾਰੀ ਦੇ ਪ੍ਰਤੀਉੱਤਰ ਦੀਆਂ ਬਹੁ ਸੰਭਾਵਨਾਵਾਂ ਨੂੰ ਵੀ ਚੇਤਨ ਤੌਰ ‘ਤੇ ਉਲੀਕਦੀਆਂ ਹਨ। ਉਸਦੀਆਂ ਕਹਾਣੀਆਂ ਵਿੱਚ ਪ੍ਰਸਤੁਤ ਹੋਈਆਂ ਕਥਾ ਨਾਇਕਾਵਾਂ ਮਰਦ ਪ੍ਰਧਾਨ ਸਮਾਜ ਵਿੱਚ ਡਰੀਆਂ-ਸਹਿਮੀਆਂ, ਰੋਂਦੀਆਂ-ਕੁਰਲਾਉਂਦੀਆਂ ਤੇ ਵਾਸਤੇ ਪਾਉਂਦੀਆਂ ਔਰਤਾਂ ਨਹੀਂ, ਬਲਕਿ ਇਹ ਮਰਦਾਵੇਂ ਸਮਾਜ ਨਾਲ ਸਿੱਧੀ-ਸਿੱਧੀ ਟੱਕਰ ਲੈ ਰਹੀਆਂ ਹਨ। ਜਿਵੇਂ ਕਿ ਵੀਨਾ ਵਰਮਾ ਨੇ ਆਪਣੀ ਕਿਤਾਬ *ਮੁੱਲ ਦੀ ਤੀਵੀਂ* ਦੀ ਕਹਾਣੀ ਪਿਛਲਾ ਦਰਵਾਜ਼ਾ ‘ਚ ਲਿਖਿਆ ਹੈ:

ਦੂਜੇ ਦਿਨ ਦੱਤੇ ਨੇ ਦੋਹਾਂ ਮਾਵਾਂ ਧੀਆਂ ਨੂੰ ਸੋਸ਼ਲ ਸਕਿਓਰਿਟੀ ਦੇ ਦਫ਼ਤਰ ਭੇਜ ਦਿੱਤਾ। ਗੀਤਾ

ਅਤੇ ਬੱਚੀ ਦੀ ਹਾਲਤ ਨੂੰ ਵੇਖਦਿਆਂ ਸੋਸ਼ਲ ਸਰਵਿਸਿਜ਼ ਵਾਲਿਆਂ ਨੇ ਝੱਟ ਉਨ੍ਹਾਂ ਨੂੰ ਸਪੈਸ਼ਲ ਕੇਅਰ ਵਿੱਚ ਲੈ ਲਿਆ। ਉਹਦੇ ਸਹੁਰਿਆਂ ਨੂੰ ਹਵਾ ਵੀ ਨਾ ਮਿਲੀ ਕਿ ਗੀਤਾ ਆਪਣੀ ਦੋ ਸਾਲ ਦੀ ਧੀ ਨੂੰ ਲੈ ਕੇ ਕਿੱਥੇ ਗਈ ਹੈ। ਛੇਤੀ ਹੀ ਗੀਤਾ ਨੂੰ ਕੌਂਸਲ ਦਾ ਫਲੈਟ ਮਿਲ ਗਿਆ।(97)

ਇਸੇ ਤਰ੍ਹਾਂ ਸੁਖਜੀਤ ਦੇ ਕਹਾਣੀ ਸੰਗ੍ਰਹਿ *ਹੁਣ ਮੈਂ ਇੰਜੁਆਏ ਕਰਦੀ ਆਂ* ਦੀ ਕਹਾਣੀ ਹਜਾਰ ਕਹਾਣੀਆਂ ਦਾ ਬਾਪ ਵਿੱਚ ਲਿਖਿਆ ਹੈ ਕਿ:

ਉਹ ਉਸਨੂੰ ਬਕਰੇ ਵਾਂਗ ਕੋਹ ਰਹੀਆਂ ਸਨ ਵੱਡੀ ਚਪੇੜਾਂ ਮਾਰ ਰਹੀ ਸੀ, ਦੂਜੀ ਮਸਤ ਲੱਤਾਂ ਤੇ ਤੀਜੀ ਨੇ ਉਹਦੀ ਦਾੜ੍ਹੀ ਫੜੀ ਸੀ ਅਤੇ ਚੀਕ ਰਹੀ ਸੀ, ਤੂੰ ਸਾਡੇ ਪਾਪਾ ਦਾ ਲਹੂ ਪੀ ਲਿਆ ਅੱਜ ਅਸੀਂ ਦੱਸਦੀਆਂ ਤੈਨੂੰ ਕਿ ਅਸੀਂ ਉਹਦੀਆਂ ਧੀਆਂ ਨਹੀਂ ਪੁੱਤ ਆਂ ਪੁੱਤ(21)

ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਔਰਤ-ਮਰਦ ਨੂੰ ਕਿਸੇ ਵੀ ਪ੍ਰਕਾਰ ਦੇ ਅਣ-ਮਨੁੱਖੀ ਵਿਵਹਾਰ ਦੀਆਂ ਬੁਰਾਈਆਂ ਵਿਰੁੱਧ ਚੰਗੇ ਪੱਖ ਵਜੋਂ ਸਮਾਨਤਾਵਾਂ ਦੇ ਤੌਰ 'ਤੇ ਟਕਰਾਅ ਕਰਦੇ ਹੋਏ ਉਭਾਰਿਆ ਹੈ, ਕਿਉਂਕਿ ਉਹਨਾਂ ਨੂੰ ਆਪਣੇ ਉਪਰ ਹੋ ਰਹੇ ਜ਼ੁਲਮ ਪ੍ਰਤੀ ਸੁਚੇਤ ਹੋਕੇ ਵਿਰੋਧ ਕਰਨਾ ਪਵੇਗਾ। ਔਰਤ-ਮਰਦ ਨੂੰ ਆਪਣੀ ਹਸਤੀ ਦੀ ਪਹਿਚਾਣ ਲਈ ਖੁਦ ਹੀ ਯਤਨ ਕਰਨੇ ਪੈਣਗੇ ਅਤੇ ਰਾਜਨੀਤਿਕ ਪੱਖ ਤੋਂ ਚਾਲਾਂ ਨਾਲ ਖੁਦ ਹੀ ਆਢਾ ਲੈਣਾ ਪਵੇਗਾ। ਇਸ ਤੋਂ ਇਲਾਵਾ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਔਰਤ-ਮਰਦ ਦੇ ਚੰਗੇ ਪੱਖ ਵਜੋਂ ਭ੍ਰਿਸ਼ਟਾਚਾਰ, ਰਿਸ਼ਤੇ-ਨਾਤਿਆਂ ਉੱਪਰ ਹੋ ਰਹੇ ਜ਼ਬਰ-ਜ਼ੁਲਮ, ਅੱਤਿਆਚਾਰ ਵਿਰੁੱਧ ਟਕਰਾਅ ਸਮਾਨਤਾਵਾਂ ਵਜੋਂ ਉੱਭਰਦਾ ਹੈ। ਸੁਖਜੀਤ ਦੀ ਕਹਾਣੀ 'ਤੀਲ੍ਹਾ ਵਿੱਚ ਇਹ ਟਕਰਾਓ ਪਿਓ-ਪੁੱਤਰ ਦੇ ਵਿੱਚਕਾਰ ਹੈ। ਕਹਾਣੀ ਵਿੱਚ ਪਿਓ ਇਲਾਕੇ ਦਾ ਜਾਣਿਆਂ-ਪਛਾਣਿਆਂ ਜਥੇਦਾਰ ਹੈ, ਪਰੰਤੂ ਪਿਓ ਪੁੱਤਰ ਦੀ ਰਾਜਨੀਤੀ ਤੋਂ ਤੰਗ ਆ ਕੇ ਪੁੱਤਰ ਨੂੰ ਜ਼ਮੀਨ ਜਾਇਦਾਦ ਤੋਂ ਬੇਦਖ਼ਲ ਕਰ ਦਿੰਦਾ ਹੈ। ਇਹ ਬੇਦਖ਼ਲ ਪਰਿਵਾਰਕ ਸਾਂਝ, ਸੰਬੰਧ ਆਦਿ ਦੇ ਸਮੁੱਚੇ ਤਾਣੇ-ਬਾਣੇ ਨੂੰ ਆਪਣੇ ਕਲੇਵਰ ਵਿੱਚ ਲੈ ਲੈਂਦਾ ਹੈ। ਜਿਵੇਂ ਕਿ ਕਹਾਣੀ ਵਿੱਚ ਵੱਡਾ ਪੁੱਤਰ ਇਨਕਲਾਬੀ ਹੋਣ ਕਰਕੇ

ਆਪਣੇ ਆਪ ਨੂੰ ਅੱਗ ਦਾ ਤੀਲ੍ਹਾ ਸਮਝਦਾ ਹੈ, ਪਰ ਅੰਤ ਵਿੱਚ ਆਪ ਕੁਰਬਾਨ ਹੋ ਗਿਆ। ਪਰੰਤੂ ਉੱਠਿਆ ਭਾਂਬੜ ਸਮੁੱਚਤਾ ਤੇ ਅਸਰ ਪਾਉਣ ਵਿੱਚ ਨਾਕਾਮਯਾਬ ਰਿਹਾ ਹੈ। ਵੀਨਾ ਵਰਮਾ ਦੀ ਕਹਾਣੀ 'ਫਰੰਗੀਆਂ ਦੀ ਨੂੰਹ' ਵਿੱਚ ਸ਼ਾਂਤੀ ਪਤੀ ਨੂੰ ਛੱਡਣ ਦਾ ਫੈਸਲਾ ਲੈ ਕੇ ਇਸ ਜ਼ਬਰ-ਜ਼ੁਲਮ ਤੇ ਜ਼ਾਲਮਾ ਨਾਲ ਟਕਰਾਉਂਦੀ ਹੈ। ਉਹ ਆਪਣੇ ਮਨਪਸੰਦ ਗੋਰੇ ਵਿਅਕਤੀ ਨਾਲ ਵਿਆਹ ਕਰਵਾ ਕੇ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦੀ ਹੈ ਅਤੇ ਆਪਣੇ ਆਪ ਨੂੰ 'ਫਰੰਗੀਆਂ ਦੀ ਨੂੰਹ' ਕਹਿੰਦੀ ਹੋਈ ਆਪਣੀ ਹਿੰਮਤ ਦੇ ਬਲਬੂਤੇ ਇਹਨਾਂ ਜ਼ਾਲਮ ਲੋਕਾਂ ਨੂੰ ਵੰਗਾਰਦੀ ਹੈ। ਇਸ ਤਰ੍ਹਾਂ ਸੁਖਜੀਤ ਨੇ ਕਹਾਣੀ 'ਤੀਲ੍ਹਾ' ਤੇ ਵੀਨਾ ਵਰਮਾ ਨੇ ਕਹਾਣੀ 'ਫ਼ਰੰਗੀਆਂ ਦੀ ਨੂੰਹ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਮਾਂ, ਬਾਪ, ਭੈਣ, ਭਰਾਵਾਂ, ਪਤੀ-ਪਤਨੀ ਆਦਿ ਸਭ ਰਿਸ਼ਤੇ-ਨਾਤੇ ਚੰਗੇ ਪੱਖਾਂ ਨੂੰ ਬਚਾਉਣ ਲਈ ਰਾਜਨੀਤੀਵਾਨਾਂ ਦੀਆਂ ਕੋਹਜੀਆਂ ਚਾਲਾਂ ਦਾ ਵਿਰੋਧ ਸੁਚੇਤ ਰੂਪ ਵਿੱਚ ਕਰਦੇ ਹਨ ਜਿਵੇਂ ਸੁਖਜੀਤ ਦੇ *ਅੰਤਰਾ* ਕਹਾਣੀ ਸੰਗ੍ਰਹਿ ਦੀ ਤੀਲ੍ਹਾ ਕਹਾਣੀ 'ਚ ਪੇਸ਼ ਕੀਤਾ ਹੈ:

> ਲੋਕ ਬਲਦੀ ਚਿਖ਼ਾ ਚੋ ਤੀਲ੍ਹੇ ਸੁੱਟਣ ਲੱਗ ਪਏ ਸਨ, ਮੇਰੀ ਨਿਗਾਹ ਅੱਗ ਦੀਆਂ ਲਾਟਾਂ ਤੇ ਟਿਕੀ ਹੋਈ ਸੀ, ਫਿਰ ਜਿਵੇਂ 'ਡੁੱਬਦੇ ਨੂੰ ਤਿਣਕੇ' ਦਾ ਸਹਾਰਾ ਮਿਲ ਗਿਆ ਹੋਵੇ। ਮੈਂ ਇੱਕਦਮ ਭੈਣ ਕੋਲ ਆ ਉਹਦੇ ਮੋਢੇ ਤੇ ਹੱਥ ਰੱਖ ਵੇਖ ਰਹੀਂ ਏ ਤੂੰ। ਜਦੋਂ ਲੋਕ ਚਿਖ਼ਾ ਚੋ ਤੀਲ੍ਹੇ ਸੁੱਟਦੇ ਨੇ ਤਾਂ ਭਾਂਬੜ ਤੇਜ਼ ਹੋ ਜਾਂਦੈ ਨਾ।(76)

ਵੀਨਾ ਵਰਮਾ ਨੇ ਵੀ ਇਸੇ ਤਰ੍ਹਾਂ *ਫਰੰਗੀਆਂ ਦੀ ਨੂੰਹ* ਕਹਾਣੀ ਸੰਗ੍ਰਹਿ ਦੀ ਕਹਾਣੀ ਫਰੰਗੀਆਂ ਦੀ ਨੂੰਹ ਵਿੱਚ ਪੇਸ਼ ਕੀਤਾ ਹੈ:

> ਉਹ ਤਾਂ ਉਦੋਂ ਨ੍ਹੀ ਕੁਸ਼ ਕਹਿ ਸਕੇ ਜਦੋਂ ਮੈਂ ਕੱਲੀ ਕਾਰੀ ਸੀ। ਹੁਣ ਤਾਂ ਸੁੱਖ ਨਾਲ ਮੈਂ 'ਫਰੰਗੀਆਂ ਦੀ ਨੂੰਹ' ਆਂ। ਮੇਰੇ ਤਾਂ ਪਰਛਾਵੇਂ ਤੋਂ ਵੀ ਡਰਦੇ ਨੇ ਉਹ।(275)

ਸੁਖਜੀਤ ਦੀ ਕਹਾਣੀ 'ਪਾਤਸ਼ਾਹ' ਵਿੱਚ ਬਾਪੂ ਅਮਰ ਸਿੰਘ ਮਨਮਰਜ਼ੀ ਨਾਲ ਜਿੱਥੇ ਡੇਰੇ ਨਾਲ ਜੁੜ੍ਹਦਾ ਹੈ, ਉੱਥੇ ਅਜੈਬ ਸਿੰਘ ਤੇ ਸੁਖਵਿੰਦਰ ਮਜਬੂਰੀ ਵੱਸ ਇਸਦੇ ਸੰਪਰਕ ਵਿੱਚ ਆਉਂਦੇ ਹਨ। ਬਾਪੂ

ਅਮਰ ਸਿੰਘ ਉਸ ਭੋਲੀ-ਭਾਲੀ ਜਨਤਾ ਦੀ ਸਾਧਾਰਨ ਸਥਿਤੀ-ਪ੍ਰਸਥਿਤੀ ਦਾ ਪ੍ਰਗਟਾਵਾ ਕਰਦਾ ਹੈ, ਜਿਸਨੂੰ ਢੌਂਗੀ ਬਾਬਿਆਂ ਵੱਲੋਂ ਬਹੁਤ ਆਸਾਨੀ ਨਾਲ ਗੁਲਾਮ ਬਣਾ ਲੈਂਦੇ ਹਨ। ਇਸ ਸਾਧਾਰਨ ਜਨ-ਸਾਧਾਰਨ ਲੋਕਾਈ ਉੱਤੇ ਆਪਣੇ ਆਪ ਨੂੰ ਪਾਤਸ਼ਾਹ ਅਖਵਾਉਣ ਵਾਲੇ ਕਪਟੀ ਬਾਬਿਆਂ ਦੀ ਬਾਹਰੀ ਦਿੱਖ (ਪਹਿਰਾਵਾ), ਅਲੰਕਾਰਕ ਸ਼ਬਦਾਵਲੀ, ਇੱਕ ਖਾਸ ਕਿਸਮ ਦਾ ਮਾਹੌਲ (ਜੋ ਵਿਸ਼ੇਸ਼ ਕਿਸਮ ਦਾ ਦੈਵੀ ਪ੍ਰਭਾਵ ਸਿਰਜਦਾ ਹੈ) ਬਾਪੂ ਅਮਰ ਸਿੰਘ ਇਸੇ ਪ੍ਰਭਾਵ ਅਧੀਨ ਆਪਣਾ ਪ੍ਰਲੋਕ ਸਵਾਰਨ ਲਈ ਡੇਰੇ ਵਿੱਚ ਪਾਤਸ਼ਾਹ ਦੇ ਚਰਨੀ ਆ ਲੱਗਾ ਸੀ। ਇਸ ਸੋਝੀ ਤੋਂ ਬਿਲਕੁਲ ਵਿਹੂਣਾ ਕਿ ਡੇਰੇ ਵਿੱਚ ਜਿਸ ਪਾਤਸ਼ਾਹ ਦੇ ਲੜ੍ਹ ਲੱਗਾ ਉਹ ਆਪਣੇ ਆਪ ਨੂੰ ਮੋਹ ਮਾਇਆ ਤੋਂ ਮੁਕਤ ਹੋ ਗਿਆ ਮੰਨਦਾ ਹੈ, ਉਹ ਪਾਤਸ਼ਾਹ ਤਾਂ ਖੁਦ ਮਾਇਆ ਦੇ ਮੋਹ ਵਿੱਚ ਪੂਰੀ ਤਰ੍ਹਾਂ ਵਿਲੀਨ ਹੋ ਕੇ ਭ੍ਰਿਸ਼ਟਾਚਾਰ, ਕਪਟੀ ਆਦਿ ਦੇ ਜਾਲ ਵਿੱਚ ਫਸ ਚੁੱਕਾ ਹੈ। ਮਾਸਟਰ ਅਜੈਬ ਸਿੰਘ ਅਤੇ ਸੁਖਵਿੰਦਰ ਉਸ ਪੜ੍ਹੇ-ਲਿਖੇ ਸੱਭਿਆਚਾਰ ਦੀ ਪ੍ਰਤੀਨਿਧਤਾ ਕਰ ਰਹੇ ਹਨ ਜੋ ਇਹਨਾਂ ਡੇਰਿਆਂ ਦੀ ਚਾਰਦੀਵਾਰੀ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਪਨਪ ਰਹੀਆਂ ਬੁਰਾਈਆਂ ਤੋਂ ਜਾਣੂ ਹਨ। ਉਹ ਇਸ ਪੱਖੋਂ ਸੁਚੇਤ ਹਨ ਕਿ ਕਿਵੇਂ ਇਹਨਾਂ ਵਿੱਚਲੇ ਛੋਟੇ-ਵੱਡੇ ਕਪਟੀ, ਜ਼ੁਲਮੀ ਅਤੇ ਭ੍ਰਿਸ਼ਟੀ ਬਾਬਿਆਂ ਤੋਂ ਬਚਿਆ ਜਾ ਸਕੇ। ਇਹ ਢੌਂਗੀ ਬਾਬੇ ਕਿਵੇਂ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਰੂਹਾਨੀ ਸੰਦੇਸ਼ਾਂ ਨੂੰ ਤੋੜ-ਮਰੋੜ ਕੇ ਮਾੜੇ ਪੱਖ ਪੇਸ਼ ਕਰਕੇ ਆਪਣੇ ਘਟੀਆਂ ਮੰਤਵਾਂ ਦੀ ਪੂਰਤੀ ਕਰਦੇ ਹਨ। ਇਸੇ ਲਈ ਇਹ ਡੇਰੇ ਤੋਂ ਵਿੱਥ ਥਾਪਣ ਵਿੱਚ ਹੀ ਆਪਣੀ ਭਲਾਈ ਸਮਝਦੇ ਹਨ। ਸੁਖਵਿੰਦਰ ਅਤੇ ਅਜੈਬ ਸਿੰਘ ਦਾ ਡੇਰੇ ਨਾਲ ਸੰਪਰਕ ਮਜਬੂਰੀ ਵੱਸ ਬਣਦਾ ਹੈ। ਸੁਖਵਿੰਦਰ ਆਪਣੇ ਨਾਲ ਹੋਏ ਧੱਕੇ ਵਿਰੁੱਧ ਰਾਜਨੀਤਕ ਸਭਾ ਤੇ ਡੇਰੇ ਦੀ ਗੰਢ ਤੁਪ ਹੋਣ ਕਾਰਨ ਕੁਝ ਨਹੀਂ ਕਰ ਪਾਉਂਦਾ। ਪਰੰਤੂ ਕਹਾਣੀ ਸੁਖਜੀਤ ਦੇ *ਮੁੱਲ ਦੀ ਤੀਵੀਂ* ਕਹਾਣੀ ਸੰਗ੍ਰਹਿ ਦੀ ਕਹਾਣੀ ਪਾਤਸ਼ਾਹ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਅਜੈਬ ਸਿੰਘ ਦਾ ਚੰਗੇ ਪੱਖ ਵਜੋਂ ਪਾਤਸ਼ਾਹ ਖ਼ਿਲਾਫ਼ ਖੜ੍ਹੇ ਹੋਣਾ ਅਤੇ ਕਹਿਣਾ ਕਿ:

> ਪਾਤਸ਼ਾਹ ਮੈਂ, ਜੀਹਨੇ ਆਪਣਾ ਸਭ ਕੁਝ ਦੇ ਦਿੱਤੇ ਉਹਨੂੰ (113)

ਇਸ ਤਰ੍ਹਾਂ ਅਜੈਬ ਸਿੰਘ ਦੇ ਚੰਗੇ ਪੱਖ ਤੋਂ ਬੋਲ ਪਾਤਸ਼ਾਹ ਦੇ ਅਸਤਿਤਵ ਸੰਬੰਧੀ ਸੱਚ ਨਸ਼ਰ ਹੁੰਦਾ ਹੈ ਕਿ ਅਜਿਹੇ ਦੰਭੀਆਂ ਨੂੰ ਪਾਤਸ਼ਾਹ ਬਣਾਉਣ ਵਾਲੇ ਉਹ ਭੋਲੇ-ਭਾਲੇ ਲੋਕ ਹੁੰਦੇ ਹਨ ਜੋ ਆਪਣੀ ਅੰਨ੍ਹੀ ਤੇ ਅਥਾਹ ਸ਼ਰਧਾ ਵੱਸ ਆਪਣਾ ਸਭ ਕੁਝ ਇਹਨਾਂ ਤੋਂ ਵਾਰਨ ਲਈ ਤਿਆਰ ਰਹਿੰਦੇ ਹਨ। ਇਸ ਤਰ੍ਹਾਂ ਵਿਚਾਰ ਅਧੀਨ ਕਹਾਣੀ ਧਰਮ ਦੇ ਨਾਮ ਹੇਠ ਅਧਰਮ ਫੈਲਾ ਰਹੇ ਡੇਰਿਆਂ ਦੀ ਕਾਰਗੁਜ਼ਾਰੀ ਨੂੰ ਨਸ਼ਰ ਕਰਦੀ ਹੈ। ਇੰਝ ਧਰਮ ਦੇ ਬਾਣੇ ਹੇਠ ਹੋ ਰਹੀ ਲੁੱਟ-ਖਸੁੱਟ ਮਾਨਵੀ ਮਾਨਸਿਕਤਾ ਵਿੱਚ ਦਿਨ-ਬ-ਦਿਨ ਆ ਰਹੇ ਨਿਘਾਰ ਦਾ ਪ੍ਰਗਟਾਵਾ ਹੈ।

**(ਅ) ਮਾੜੇ ਪੱਖ ਤੋਂ ਸਮਾਨਤਾਵਾਂ ਤੇ ਵੱਖਰਤਾਵਾਂ**: ਜਿਵੇਂ ਕਿ ਸੁਖਜੀਤ ਦੀ ਕਹਾਣੀ ‘ਸਤਾਈ ਮੀਲ’ ਵਿੱਚ ਕਰਨੈਲ ਸਿੰਘ ਆਪਣੇ ਪਿੰਡ ਤੋਂ ਦਿੱਲੀ ਵਿੱਚ ਗੁਰਮੁਖ ਸਿੰਘ ਐੱਮ.ਪੀ. ਦਾ ਅੰਗ ਰੱਖਿਅਕ ਬਣ ਕੇ ਆਉਂਦਾ ਹੈ। ਜਿਵੇਂ-ਜਿਵੇਂ ਸਮਾਂ ਬੀਤਦਾ ਜਾਂਦਾ ਹੈ, ਕਰਨੈਲ ਸਿੰਘ ਸਾਹਮਣੇ ਦੇਵਤਾ ਜਾਪਦੇ ਗੁਰਮੁਖ ਸਿੰਘ ਐੱਮ.ਪੀ. ਦੀ ਅਸਲ ਹਕੀਕਤ ਖੁੱਲ੍ਹਦੀ ਜਾਂਦੀ ਹੈ। ਗੁਰਮੁਖ ਸਿੰਘ ਨਾਲ ਬਿਤਾਏ ਪਲ ਆਪਣੇ ਸਮੇਂ ਦੌਰਾਨ ਕਰਨੈਲ ਘਟੀਆ ਸਿਆਸਤਦਾਨਾਂ, ਭ੍ਰਿਸ਼ਟ ਸਿਆਸੀ ਸਿਸਟਮ ਅਤੇ ਸੱਤਾ ਦੀ ਅਸਲ ਵਾਗਡੋਰ ਸੰਭਾਲਣ ਵਾਲੀ ਲੁਕਵੀਂ ਧਿਰ ਤੋਂ ਚੰਗੀ ਤਰ੍ਹਾਂ ਜਾਣੂ ਹੁੰਦਾ ਹੈ। 'ਸਤਾਈ ਮੀਲ' ਕਹਾਣੀ ਜਿੱਥੇ ਮੌਜੂਦਾ ਭ੍ਰਿਸ਼ਟ ਸਿਆਸੀ ਸਿਸਟਮ ਤੋਂ ਮਾੜੇ ਪੱਖ ਦਾ ਪਰਦਾ ਲਾਹੁੰਦੀ ਹੈ, ਉੱਥੇ ਕਹਾਣੀ ਇਸ ਸਿਸਟਮ ਵਿੱਚ ਪਿੱਸ ਰਹੀ ਸਾਧਾਰਨ ਲੋਕਾਈ ਤੇ ਉਸਦੀ ਸਖ਼ਤ ਜ਼ਿੰਦਗੀ ਦਾ ਗਲਪੀ ਬਿੰਬ ਵੀ ਸਿਰਜਦੀ ਹੈ। ਜਿਵੇਂ ਕਿ ਕਹਾਣੀ ਵਿੱਚ ਐੱਮ.ਪੀ. ਦੇ ਘਰ ਸਾਹਮਣੇ ਕਿਰਾਏ ਦੇ ਮਕਾਨ ਵਿੱਚ ਰਹਿੰਦੀ ਔਰਤ (ਜੋ ਕਮਰੇ ਤੋਂ ਰਸੋਈ ਤੇ ਰਸੋਈ ਤੋਂ ਕਮਰੇ ਦੇ ਨਿਰੰਤਰ ਚੱਕਰ ਕੱਟਦੀ ਹੈ) ਸਾਧਾਰਨ ਲੋਕਾਈ ਦੀ ਪ੍ਰਤੀਕ ਹੈ। ਉਸਦਾ ਲਗਾਤਾਰ ਚੱਕਰ ਕੱਟਣਾ ਸਾਧਾਰਨ ਜਨਮ ਦੀ ਅਣਥੱਕ ਮਿਹਨਤ ਨੂੰ ਪ੍ਰਗਟਾਉਂਦਾ ਹੈ, ਜਿਸਦੀ ਸਥਿਤੀ ਅਣਥੱਕ ਮਿਹਨਤ ਦੇ ਬਾਵਜੂਦ ਵੀ ਜਿਉਂ ਦੀ ਤਿਉਂ ਹੀ ਬਣੀ ਰਹਿੰਦੀ ਹੈ। ਇਸ ਸੱਚ ਨਾਲ ਰੂਬਰੂ ਹੁੰਦਾ ਹੀ ਕਰਨੈਲ ਸਿੰਘ ਵਰਗਾ ਸਾਧਾਰਨ ਪਾਤਰ। ਤੁਲਨਾ ਦੇ ਪੱਖ ਤੋਂ ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਮਨੁੱਖ ਦੁਆਰਾ ਗੈਰ ਪਰਵਾਸ ਧਾਰਨ ਕਰਨ ਅਤੇ ਉਸ ਵਿੱਚ ਪੇਸ਼

ਦੁਸ਼ਵਾਰੀਆਂ ਨੂੰ ਮਾੜੇ ਪੱਖ ਵਜੋਂ ਅਭਿਵਿਅਕਤ ਕੀਤਾ ਗਿਆ ਹੈ। "ਗੋਲੇ ਕਬੂਤਰ'' ਅਜਿਹੀ ਕਹਾਣੀ ਹੈ ਜੋ ਭਾਰਤੀ ਲੋਕਾਂ ਅੰਦਰ ਵਿਕਸਿਤ ਮੁਲਕਾਂ ਦੀ ਪਦਾਰਥਕ ਲਾਲਸਾ 'ਚ ਉਤਪੰਨ ਹੋਇਆ ਦੁਖਾਂਤ ਹੈ। ਇਸ ਕਹਾਣੀ ਦਾ ਮਰਦ ਪਾਤਰ ਰਣਦੀਪ ਜਦੋਂ ਪੱਛਮੀ ਮੁਲਕ ਵਿੱਚ ਗੈਰ ਕਾਨੂੰਨੀ ਰਹਿਣ ਕਰਕੇ ਕੇ ਜ਼ਲੀਲ ਹੁੰਦਾ ਚੱਕੀ ਦੇ ਪੁੜਾਂ ਵਿੱਚ ਪਿਸਦਾ ਆਪਣੀ ਜ਼ਮੀਰ ਅਤੇ ਭਾਵਨਾਵਾਂ ਦਾ ਕਤਲ ਕਰਦਾ ਹੈ ਅਤੇ ਬਲੈਕਮੇਲ ਹੁੰਦਾ ਮੂਰਤੀਮਾਨ ਕੀਤਾ ਗਿਆ ਹੈ। ਰਣਦੀਪ ਦੁਆਰਾ ਪੌਂਡ ਦਾ ਲਾਲਚ ਦੇ ਕੇ ਇੱਕ ਗੋਰੀ ਕੁੜੀ ਨਾਲ ਪੱਕਾ ਹੋਣ ਲਈ ਵਿਆਹ ਕਰਵਾ ਲੈਂਦਾ ਹੈ ਪਰ ਉਹ ਇਸ ਗੱਲ ਤੋਂ ਅਣਜਾਣ ਹੈ ਕਿ ਇਹ ਯੂਰਪੀ ਸੱਭਿਆਚਾਰ ਹੈ ਅਤੇ ਇਹ ਵਿਆਹ ਵੀ ਯੂਰਪੀ ਸੱਭਿਆਚਾਰ ਵਰਗਾ ਹੀ ਹੋਵੇਗਾ। ਰਣਦੀਪ ਜਦੋਂ ਆਪਣੀ ਪਤਨੀ ਦੇ ਕਰੈਕਟਰ ‘ਤੇ ਸ਼ੱਕ ਕਰਕੇ ਉਸਨੂੰ ਕੁੱਟਦਾ ਮਾਰਦਾ ਹੈ ਤਾਂ ਉਦੋਂ ਉਸਨੂੰ ਗੈਰ ਹੋਣ ਦੇ ਦੁਖਾਂਤ ਤੇ ਪੇਸ਼ ਆਈਆਂ ਦੁਸ਼ਵਾਰੀਆਂ ਮਹਿਸੂਸ ਹੁੰਦੀਆਂ ਹਨ। ਉਹ ਆਪਣਾ ਕੇਸ ਲੜਨ ਲਈ ਕੀਤੀ ਵਕੀਲ ਕੁੜੀ ਨਾਲ ਬੈਠਾ, ਆਪਣੇ ਅਤੀਤ ਨੂੰ ਯਾਦ ਕਰਦਾ, ਭਾਵੁਕ ਹੁੰਦਾ ਹੋਇਆ ਦੱਸਦਾ ਹੈ ਕਿ ਕਿਸ ਤਰ੍ਹਾਂ ਪੱਛਮੀ ਮੁਲਕ ਵਿੱਚ ਸੱਧਰਾਂ ਅਤੇ ਚਾਵਾਂ ਨਾਲ ਆਇਆ ਸੀ, ਪਰ ਸਭ ਬਰਬਾਦ ਹੋ ਗਿਆ। ਪਿੱਛੋਂ ਭਰਾਵਾਂ ਨੇ ਜ਼ਮੀਨ ਵੰਡ ਲਈ ਘਰ ਘਾਟ ਸਾਂਭ ਲਿਆ ਅਤੇ ਉਹ ਇੱਥੇ ਨਰਕ ਭੋਗ ਰਿਹਾ ਹੈ। ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਮਾੜੇ ਪੱਖ ਸਬੰਧੀ ਜੀਤ ਸਿੰਘ ਜੋਸ਼ੀ ਆਪਣੀ ਪੁਸਤਕ ਪੰਜਾਬੀ ਅਧਿਐਨ ਅਤੇ ਅਧਿਆਪਨ ਬਦਲਦੇ ਪਰਿਪੇਖ ਵਿੱਚ ਦੇਖਣ ਨੂੰ ਮਿਲਦੀ ਹੈ:

> ਸੰਸਾਰ ਵਿੱਚ ਕੇਵਲ ਦੋ ਸ਼ੇਣੀਆਂ ਹਨ : (1) ਲੁੱਟ ਕਰਨ ਵਾਲੀ, (2) ਲੁੱਟੇ ਜਾਣ ਵਾਲੀ। ਇਹਨ ਸ਼੍ਰੇਣੀਆਂ ਦੀ ਹੋਂਦ ਇੱਕ ਦੂਜੇ ਦੇ ਕਾਰਨ ਹੁੰਦੀ ਹੈ ਪਰ ਹਿੱਤ ਇੱਕ ਦੂਜੇ ਦੇ ਉਲਟ ਹੁੰਦੇ ਹਨ।” (60)

ਰਾਜਨੀਤੀ ਦੇ ਸਬੰਧ ‘ਚ ਜੇ ਸੀ ਜੌਹਰੀ ਆਪਣੀ ਕਿਤਾਬ *ਤੁਲਨਾਤਮਕ ਰਾਜਨੀਤੀ ਅਧਿਐਨ* ਵਿੱਚ ਬੈਂਟਲੇ, ਅਰਥਰ: ਸਰਕਾਰ ਦੀ ਪ੍ਰਕਿਰਿਆ, ਸੇਨ ਐਂਟੋਕੀਓ ਪ੍ਰਿੰਸੀਪੀਆ ਪੈਰਸ ਆਫ ਟਰਨਿਟੀ ਯੂਨੀਵਰਸਿਟੀ, 1949 ਦਾ ਜਵਾਲਾ ਦਿੰਦਾ ਹੋਇਆ ਲਿਖਦਾ ਹੈ ਕਿ

> ਰਾਜਨੀਤਿਕ ਗਤੀਵਿਧੀ ਵਿੱਚ ਲੋਕ ਇੱਕ ਬੇਅੰਤ ਅਤੇ ਅਥਾਹ ਸਮੁੰਦਰ ਵਿੱਚ ਸਫਰ ਕਰਦੇ ਹਨ। ਇੱਥੇ ਨਾ ਤਾਂ ਪਨਾਹ ਲਈ ਬੰਦਰਗਾਹ ਹੈ ਅਤੇ ਨਾ ਹੀ ਲੰਗਰ ਲਈ ਸਥਾਨ, ਨਾ ਹੀ ਸ਼ੁਰੂਆਤ ਹੈ ਅਤੇ ਨਾ ਹੀ ਨਿਸ਼ਚਿਤ ਮੰਜ਼ਿਲ, ਇਕੋ ਕਿੱਲ ਤੇ ਬੈਠ ਕੇ ਉਸ ਸਮੁੰਦਰ ਵਿੱਚ ਤੈਰਦੇ ਹਨ ਜੋ ਦੋਸਤ ਵੀ ਅਤੇ ਦੁਸ਼ਮਣ ਵੀ ਹੈ।(2)

ਜਿਸ ਤੋਂ ਭਾਵ ਹੈ ਕਿ ਇਹ ਰਾਜਨੀਤੀ ਇਕ ਉਹ ਵਿਸ਼ਾਲ ਸਮੁੰਦਰ ਦੇ ਸਮਾਨ ਹੈ ਜਿਸ ਵਿੱਚ ਸਾਰੇ ਇਨਸਾਨ ਸਫਰ ਕਰਦੇ ਹਨ। ਇਸ ਦੀ ਕੋਈ ਪੱਕੀ ਮੰਜਿਲ ਨਹੀਂ, ਲੋਕ ਰਾਜਨੀਤੀਵਾਨਾਂ ਦੇ ਬਣਾਏ ਨਿਯਮਾਂ ਅਨੁਸਾਰ ਚਲਦੇ ਨੇ ਅਤੇ ਜੇਕਰ ਕੋਈ ਇਹਨਾਂ ਦੀ ਉਲੰਘਣਾ ਕਰੇ ਤਾਂ ਸਜਾ ਵੀ ਪੱਕੀ ਹੈ। ਪਰ ਕਈ ਵਾਰ ਨਿਰਦੋਸ਼ ਵੀ ਇਸ ਦੇ ਧੱਕੇ ਚੜ ਜਾਂਦੇ ਹਨ ਅਤੇ ਇੱਥੇ ਇੰਨਸਾਫ ਕਦੋਂ ਮਿਲੇਗਾ ਇਸ ਦਾ ਕੋਈ ਨਿਸ਼ਚਿਤ ਪਤਾ ਨਹੀਂ।

ਰਾਜਨੀਤੀ ਦੇ ਸਬੰਧ 'ਚ ਜੇ ਸੀ ਜੌਹਰੀ ਆਪਣੀ ਕਿਤਾਬ ਤੁਲਨਾਤਮਕ ਰਾਜਨੀਤੀ ਅਧਿਐਨ ਵਿੱਚ ਇਸ ਦੇ ਕੰਮ ਦੀ ਪ੍ਰਕਿਰਿਆ ਬਾਰੇ ਦੱਸਦਾ ਹੈ ਕਿ ਇਸ ਦਾ ਕਾਰਜ ਲਗਾਤਰ ਚੱਲਦਾ ਰਹਿੰਦਾ ਹੈ, ਇਸ ਦੀਆਂ ਜੜ੍ਹਾਂ ਕਿਸੇ ਨਿਸ਼ਚਿਤ ਜਗ੍ਹਾ 'ਤੇ ਨਹੀਂ ਬਲਕੇ ਹਰ ਸੱਭਿਅਕ ਸਮਾਜ 'ਚ ਹਨ। ਜੇ ਸੀ ਜੌਹਰੀ ਬਾਲ, ਏ. ਆਰ. : ਆਧੁਨਿਕ ਰਾਜਨੀਤੀ ਅਤੇ ਸਰਕਾਰ, ਲੰਡਨ ਮੈਕਮਿਲਨ ਦਾ ਹਵਾਲਾ ਦਿੰਦੇ ਹੋਏ ਲਿਖਦਾ ਹੈ:

> ਰਾਜਨੀਤਿਕ ਗਤੀਵਿਧੀ ਵਿੱਚ ਲੋਕ ਇੱਕ ਬੇਅੰਤ ਅਤੇ ਅਥਾਹ ਸਮੁੰਦਰ ਵਿੱਚ ਸਫਰ ਕਰਦੇ ਹਨ। ਇੱਥੇ ਨਾ ਤਾਂ ਪਨਾਹ ਲਈ ਬੰਦਰਗਾਹ ਹੈ ਅਤੇ ਨਾ ਹੀ ਲੰਗਰ ਲਈ ਸਥਾਨ, ਨਾ ਹੀ ਸ਼ੁਰੂਆਤ ਹੈ ਅਤੇ ਨਾ ਹੀ ਨਿਸ਼ਚਿਤ ਮੰਜ਼ਿਲ, ਇਕੋ ਕਿੱਲ ਤੇ ਬੈਠ ਕੇ ਉਸ ਸਮੁੰਦਰ ਵਿੱਚ ਤੈਰਦੇ ਹਨ ਜੋ ਦੋਸਤ ਵੀ ਅਤੇ ਦੁਸ਼ਮਣ ਵੀ ਹੈ।(2)

ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਮਾੜਾ ਪੱਖ ਵੱਖਰਤਾਵਾਂ ਤੋਂ ਉਦੋਂ ਸਾਹਮਣੇ ਆਉਂਦਾ ਹੈ, ਜਦੋਂ ਸਰਮਾਏਦਾਰ ਅੱਗੇ ਆਮ

ਵਰਗ ਆਪਣੇ ਸਮਾਜਿਕ, ਆਰਥਿਕ ਹਿਤ ਖ਼ਾਤਰ ਵਿਲਕਦੇ ਨਜ਼ਰ ਆਉਂਦੇ ਹਨ। ਇਸ ਵਿਰਲਾਪ ਵਿਚੋਂ ਦੋਨੋਂ ਕਹਾਣੀਕਾਰਾਂ ਦੀਆਂ ਕਹਾਣੀਆਂ ਦੇ ਔਰਤ-ਮਰਦ ਦੀ ਤ੍ਰਾਸਦਿਕ ਸਥਿਤੀ ਨੂੰ ਮਾੜੇ ਪੱਖ ਦੀਆਂ ਵੱਖਰਤਾਵਾਂ ਵਜੋਂ ਪਾਤਰਾਂ ਤੋਂ ਖੁਦ ਬਿਆਨ ਕਰਵਾਉਂਦੇ ਹੋਏ ਕਿਹਾ ਹੈ ਜਿਵੇਂ ਸੁਖਜੀਤ ਦੇ *ਅੰਤਰਾ* ਵਿੱਚੋਂ ਲਈ ਕਹਾਣੀ ਸਤਾਈ ਮੀਲ 'ਚ:

> ਇਹ ਸ. ਗੁਰਮੁਖ ਸਿੰਘ ਐਮ.ਪੀ.। ਇਹ ਸਾਡੇ ਪਿੰਡ ਦਾ ਸੁੱਖਾ, ਜਿਹਨੂੰ ਕੁਝ ਸਾਲ ਪਹਿਲਾਂ ਰੋਟੀ ਨਹੀਂ ਸੀ, ਮਿਲਦੀ ਰਜਵੀਂ। ਇਹਦੇ ਕਾਕੇ, ਜਿਹੜੇ ਕੱਲੇ ਕੱਲੇ ਕਾਰਾਂ ਲਈ ਫਿਰਦੇ ਨੇ, ਜੁੱਤੀ ਨਹੀਂ ਸੀ ਹੁੰਦੀ ਉਹਨਾਂ ਦੇ ਪੈਰੀਂ 'ਤੇ ਉਹ ਉਹ ਰੋਜ਼ ਸਤਾਈ ਮੀਲ ਤੁਰਦੀ ਐ ਬਾਪੂ, ਪਤੈ ਕੀਹਦੇ ਲਈ? ਪਤੈ ਕੀਹਦੇ ਲਈ, ਆਪਦੇ ਲਈ ਨਹੀਂ, ਘਰਵਾਲੇ ਲਈ ਵੀ ਨਹੀਂ, ਐਮ.ਪੀ. ਸਾਹਬ ਲਈ ਇਹਦੇ ਕਾਕਿਆਂ ਲਈ ਤੇ ਬਾਪੂ ਆਪਣੇ ਵਰਗੇ ਕੁੱਤਿਆਂ ਲਈ ਰੋਜ਼ ਸਤਾਈ ਮੀਲ।(50)

ਵੀਨਾ ਵਰਮਾ ਨੇ ਇਸੇ ਤ੍ਰਾਸਦੀ ਨੂੰ ਆਪਣੇ ਕਹਾਣੀ ਸੰਗ੍ਰਹਿ *ਫ਼ਰੰਗੀਆਂ ਦੀ ਨੂੰਹ* ਦੀ ਕਹਾਣੀ ਗੋਲੇ ਕਬੂਤਰ ਦੁਆਰਾ ਦਰਸਾਇਆ ਹੈ:

> ਘਰੋਂ ਇੰਗਲੈਂਡ ਸੁਨਹਿਰੀ ਸੁਪਨੇ ਸਜਾ ਕੇ ਤੁਰਿਆ, ਮੈਂ ਇਥੇ ਇੱਕ ਅਪਰਾਧੀ ਬਣ ਕੇ ਰਹਿ ਗਿਆ। ਸਾਹ ਘੁੱਟਵੀਆਂ ਲਾਰੀਆਂ 'ਚ ਆਪਣੀ ਜਾਣ ਜੋਖਮ 'ਚ ਪਾ ਕੇ ਪਰਾਈ ਧਰਤੀ ਤੇ ਦਾਣਾ ਦੁਣਕਾ ਚੁਗਣ ਆਏ ਮੇਰੇ ਵਰਗੇ ਪਤਾ ਨਹੀਂ ਕਿੰਨੇ ਗੋਲੇ ਕਬੂਤਰ ਪਿੰਜਰਿਆਂ 'ਚ ਬੰਦ ਹੋ ਕੇ ਰਹਿ ਗਏ ਜਾਂ ਰਾਹ 'ਚ ਹੀ ਮਾਰੇ ਗਏ। ਘਰੋਂ ਬੇਘਰ ਹੋਏ ਅਸੀਂ ਤੇ ਵਤਨੋਂ ਬੇਵਤਨ। ਨਾ ਅਸੀਂ ਏਥੇ ਆਲਣਾ ਪਾ ਸਕੇ ਤੇ ਨਾ ਸਾਡੀ ਵਾਪਸੀ ਹੋਈ।(257)

ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੇ ਬਿਰਤਾਂਤ ਦੇ ਉਪਰੋਕਤ ਅੰਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਵਿਸ਼ਾ ਪੱਖ ਤੋਂ ਕਾਫ਼ੀ ਸਮਾਨਤਾਵਾਂ ਰੱਖਦੇ ਹਨ, ਪਰੰਤੂ ਇੱਕ ਦੂਜੇ ਨਾਲੋਂ ਵੱਖਰਤਾ ਇਸ ਗੱਲ ਵਿੱਚ ਰਹੀ ਹੈ ਕਿ ਉਹ ਭਾਰਤੀ ਤੇ ਪੱਛਮੀ ਸਮਾਜ ਵਿੱਚ ਜੀਵਨ ਹੰਢਾਅ ਰਹੇ ਜੀਵਨ ਸ਼ੈਲੀ ਨੂੰ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਤੇ ਸਥਿਤੀਆਂ-ਪਰਿਸਥਿਤੀਆਂ ਨੂੰ

ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਵੇਖਣ ਤੇ ਪੇਸ਼ ਕਰਨ ਦਾ ਯਤਨ ਕਰਦੇ ਹਨ। ਕਿਸੇ ਨੇ ਦੋਹਾਂ ਸੱਭਿਆਚਾਰਕ ਕਦਰਾਂ-ਕੀਮਤਾਂ ਦੀ ਟੁੱਟ-ਭੱਜ ਤੇ ਵਤਨ ਦੀ ਤਾਂਘ ਨੂੰ ਕੇਂਦਰ ਵਿੱਚ ਰੱਖਿਆ ਹੈ, ਕਿਸੇ ਨੇ ਊਚ-ਨੀਚ ਭਾਵਨਾ ਵਾਲੇ ਵਿਤਕਰੇ ਨੂੰ, ਕਿਸੇ ਨੇ ਸੱਭਿਆਚਾਰਕ ਸੰਕਟ ਨੂੰ ਅਤੇ ਕਿਸੇ ਨੇ ਔਰਤ-ਮਰਦ ਦੇ ਮਨ ਦੀਆਂ ਤੈਹਾਂ ਨੂੰ ਫਰੋਲਣ ਦਾ ਯਤਨ ਕੀਤਾ ਹੈ। ਇਨ੍ਹਾਂ ਦੀਆਂ ਕਹਾਣੀਆਂ ਵਿੱਚ ਰਾਜਨੀਤਿਕ ਪੱਖਾਂ ਦੇ ਮਾੜੇ ਪੱਖ ਦਾ ਦੁਹਰਾਓ ਜ਼ਰੂਰ ਹੈ ਪਰ ਇਨ੍ਹਾਂ ਦੀ ਕਲਾਤਮਕ ਪਕੜ ਤੇ ਪ੍ਰਸਤੁਤੀ, ਨਿਰਸੰਦੇਹ ਭਿੰਨ ਹੈ। ਇਸ ਤੋਂ ਇਲਾਵਾ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਰਿਸ਼ਤੇ-ਨਾਤੇ ਵਿੱਚਲੇ ਆਪਸੀ ਟਕਰਾਅ, ਨਜਾਇਜ਼ ਸਰੀਰਕ ਸੰਬੰਧਾਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਮਾੜੇ ਪੱਖ ਵਜੋਂ ਸਮਾਨ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਜਿਵੇਂ ਕਿ ਵੀਨਾ ਵਰਮਾ ਦੀ ਕਹਾਣੀ 'ਘੜੇ ਦੀ ਮੱਛੀ' ਵਿੱਚ ਜੀਜਾ ਬਲਦੇਵ ਤੇ ਸਾਲੀ ਸੱਸੀ ਦੇ ਨਜਾਇਜ਼ ਸਰੀਰਕ ਸੰਬੰਧ ਸਪੱਸ਼ਟ ਕਰਦੇ ਹਨ, ਜਦੋਂ ਸੱਸੀ ਨੂੰ ਬਲਦੇਵ ਸਿੰਘ ਬਾਹਰਲੇ ਦੇਸ਼ ਲਿਜਾਣ ਲਈ ਕਹਿੰਦਾ ਹੈ। ਸੱਸੀ ਬਾਹਰ ਜਾਣ ਦੇ ਚੱਕਰ ਵਿੱਚ ਉਸ ਨਾਲ ਸਰੀਰਕ ਸੰਬੰਧ ਬਣਾ ਲੈਂਦੀ। ਸੁਖਜੀਤ ਦੀ ਕਹਾਣੀ 'ਕਾਮਬਲੀ' ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਔਰਤ-ਮਰਦ ਦੇ ਨਜਾਇਜ਼ ਸੰਬੰਧਾਂ ਦੇ ਮਾੜੇ ਪੱਖ ਦਾ ਉਭਾਰ ਓਮੀ ਦੀ ਪਰੀਖਿਆ ਲੈਣ ਗਈ ਭੈਰਵੀ ਸਾਹਮਣੇ ਓਮੀ ਦੇ ਵਜੂਦ ਦੇ ਕੰਬ ਜਾਣ ਵਜੋਂ ਪ੍ਰਗਟ ਉਦੋਂ ਹੁੰਦਾ ਹੈ, ਜਦੋਂ ਓਮੀ ਦਾ ਹਠ ਟੁੱਟ ਜਾਂਦਾ ਹੈ। ਭੈਰਵੀ ਜਿੱਤ ਤਾਂ ਜਾਂਦੀ ਹੈ ਪਰ ਓਮੀ ਨੂੰ ਨਜਾਇਜ਼ ਸੰਬੰਧ ਰੱਖਣ ਲਈ ਪਰਦੇ ਵਿੱਚ ਰਹਿਣ ਦੀ ਸਲਾਹ ਦਿੰਦੀ ਹੈ। ਸੁਖਜੀਤ ਤੇ ਵੀਨਾ ਵਰਮਾ ਨੇ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਇਸ ਮਾੜੇ ਪੱਖ ਦਾ ਉਭਾਰ ਹਵਸ ਪੂਰਤੀ ਹਿੱਤ ਸਮਾਨਤਾਵਾਂ ਵਜੋਂ ਪਾਤਰਾਂ ਦੀ ਆਪਸੀ ਵਾਰਤਾਲਾਪ ਦੁਆਰਾ ਕਰਵਾਉਂਦੇ ਹੋਏ ਹਨ ਜਿਵੇਂ ਵੀਨਾ ਵਰਮਾ ਨੇ ਇੱਕ ਇਕੱਲੀ ਕੁੜੀ ਦੀ ਕਹਾਣੀ ਘੜੇ ਦੀ ਮੱਛੀ ਵਿੱਚ ਲਿਖਿਆ ਮਿਲਦਾ ਹੈ:

> ਕੋਈ ਗਮ ਨਾ ਕਰ। ਹਾਲੇ ਵੀ ਬੜਾ ਕੁੱਝ ਹੋ ਸਕਦੈ। ਗੋਲੀ ਮਾਰ ਸਾਲੇ ਢੱਗੈ ਦੇ। ਤੂੰ ਆਪਣਾ ਪਾਸਪੋਰਟ ਬਣਵਾ। ਮੈਂ ਤੇਰੀ ਸਪੌਸਰਸਿਪ ਭੇਜਦਾ ਜਾ ਕੇ। ਪਰ ਇੱਕ ਗੱਲ ਯਾਦ ਰੱਖੀਂ..। ਉੱਥੇ

ਪਹੁੰਚ ਕੇ ਜੀਜੇ ਨੂੰ ਨਾ ਭੁੱਲਜੀ ਕਿਤੇ। ਬਲਦੇਵ ਮੁਸਕਰਾਇਆ। ਕਦੇ ਵੀ ਨਹੀਂ। ਮੈਂ ਹਮੇਸ਼ਾ ਤੇਰਾ ਹਸਾਨ ਯਾਦ ਰਖੂੰਗੀ ਜੀਜਾ। ਮੈਂ ਤਾਂ ਤੇਰੇ ਘੜੇ ਦੀ ਮੱਛੀ ਬਣ ਕੇ ਰਹੂੰ...ਭਾਵੇਂ ਜਦੋਂ ਮਰਜੀ ਹੱਥ ਪਾ ਕੇ ਫੜ ਲਈਂ। ਇਸ ਦਿਨ ਪਿੱਛੋਂ ਜਦੋਂ ਵੀ ਮੌਕਾ ਮਿਲਦਾ ਦੋਵੇਂ ਜਿਸਮਾਨੀ ਖੇਡ ਖੇਡਦੇ। ਮੌਕਾ ਮਿਲਦਿਆਂ ਹੀ ਹਵਸ ਦੇ ਸਮੁੰਦਰ 'ਚ ਡੂੰਘੀਆਂ ਤਾਰੀਆਂ ਮਾਰਨ ਉਤਰ ਜਾਂਦੇ।(246,247)

ਇਸੇ ਤਰ੍ਹਾਂ ਸੁਖਜੀਤ ਨੇ *ਹੁਣ ਮੈਂ ਇੰਜੁਆਏ ਕਰਦੀ ਆਂ* ਦੀ ਕਹਾਣੀ ਕਾਮਬਲੀ ਵਿੱਚ ਦਰਸਾਇਆ ਹੈ:

ਮੈਂ ਤੁਹਾਡੀ ਦਾਸੀ ਹਾਂ ਤੁਹਾਡਾ ਅਪਮਾਨ ਨਹੀਂ ਸਹਿ ਸਕਦੀ, ਮੈਂ ਕਿਸੇ ਨੂੰ ਕੁਝ ਨਹੀਂ ਦੱਸਾਂਗੀ। ਤੁਹਾਡੀ ਜਿੱਤ ਮੇਰੀ ਜਿੱਤ ਹੈ ਪ੍ਰਭੂ ਆਸ਼ਰਮ ਦਾ ਯਸ਼ ਹੈ ਸਾਧੂਆਂ ਦਾ ਮਾਣ ਹੈ ਮੈਂ ਕਹਾਂਗੀ। ਮੈਂ ਹਾਰ ਗਈ, ਮੁਨਵੀਰ ਨਹੀਂ ਡੋਲੇ।(33)

ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਔਰਤਾਂ ਕਾਨੂੰਨੀ ਦਾਅ-ਪੇਚ ਸਿੱਖ ਕੇ ਸਮਾਨਤਾਵਾਂ ਵਜੋਂ ਆਪਣੇ ਮਤਲਬ/ਸਵਾਰਥ ਲਈ ਵਰਤਦੀਆਂ ਹਨ। ਉਹ ਆਪਣੇ ਭੈਣ, ਭਰਾ, ਮਾਤਾ-ਪਿਤਾ,ਪਤੀ ਅਤੇ ਪਰਿਵਾਰ ਨੂੰ ਟਿੱਚ ਜਾਣਦੀਆਂ ਹੋਈਆ ਆਪਣੀ ਮਨਮਰਜ਼ੀ ਕਰਦੀਆਂ ਹਨ। ਅਜਿਹੀਆਂ ਔਰਤਾਂ ਆਪਣੇ ਪਤੀ ਉੱਤੇ ਗੈਰ-ਜ਼ਰੂਰੀ ਧੌਂਸ ਵੀ ਰੱਖਦੀਆਂ ਹਨ ਹੈ ਅਤੇ ਕਾਨੂੰਨਾਂ ਦਾ ਨਜਾਇਜ਼ ਫਾਇਦਾ ਵੀ ਉਠਾਉਂਦੀਆਂ ਹਨ। ਜਿਵੇਂ ਕਿ ਸੁਖਜੀਤ ਦੀ ਕਹਾਣੀ 'ਹੁਣ ਮੈ ਇੰਜੁਆਏ ਕਰਦੀ ਆਂ' ਅਤੇ ਵੀਨਾ ਵਰਮਾ ਦੀ ਕਹਾਣੀ 'ਗੋਲੇ ਕਬੂਤਰ' ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਔਰਤਾਂ ਮਾੜੇ ਪੱਖ ਵਜੋਂ ਆਪਣੀ ਧੌਂਸ ਦੁਆਰਾ ਮਰਦ ਨੂੰ ਹਰੇਕ ਗੱਲ ਦਾ ਜਵਾਬ ਠੋਕ ਕੇ ਦਿੰਦੀਆਂ ਹਨ। ਵੀਨਾ ਵਰਮਾ ਦੀ ਕਹਾਣੀ 'ਗੋਲੇ ਕਬੂਤਰ' ਵਿੱਚ ਜਿੱਥੇ ਰਣਜੀਤ ਸਿੰਘ ਗੈਰ ਕਾਨੂੰਨੀ ਹੋਣ ਕਾਰਨ ਪਤਨੀ ਦੇ ਜ਼ੁਲਮ ਦਾ ਸ਼ਿਕਾਰ ਹੁੰਦਾ ਹੈ। ਆਪਣੇ ਵਿਆਹ ਦਾ ਸਾਰਾ ਖ਼ਰਚਾ ਆਪ ਕਰਨ, ਘਰ ਦੀਆਂ ਕਿਸ਼ਤਾਂ ਦੇਣ ਤੇ ਘਰੇਲੂ ਖ਼ਰਚ ਕਰਨ ਤੋਂ ਬਾਅਦ ਵੀ ਉਸਦੀ ਬਦਚਲਨ ਪਤਨੀ ਉਸਨੂੰ ਘਰੋਂ ਕੱਢਣ ਦੀ ਧਮਕੀ ਦਿੰਦੀ ਹੈ। ਸੁਖਜੀਤ ਦੀ 'ਜੀ ਬੀਬੀ ਜੀ' ਕਹਾਣੀ ਵਿੱਚ ਪੇਸ਼ ਸੱਭਿਆਚਾਰਕ

ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਸਿਮਰਨ ਦੀ ਜ਼ਿੰਦਗੀ ਵਿੱਚ ਵੀ ਮਾੜੇ ਪੱਖ ਤੋਂ ਵਿਤਕਰੇ ਦੀ ਸ਼ੁਰੂਆਤ ਉਸਦੇ ਜੰਮਣ ਉਪਰੰਤ ਉਸਦੇ ਨਾਮਕਰਨ ਨਾਲ ਹੀ ਹੋ ਜਾਂਦੀ ਹੈ। ਸਿਮਰਨ ਦੀ ਜ਼ਿੰਦਗੀ ਵਿੱਚ ਪਿਤਾ ਦੇ ਰੂਪ ਵਿੱਚ ਆਇਆ ਪਹਿਲਾ ਮਰਦ ਉਸਦਾ ਨਾਮ ਅੱਕੀ ਰੱਖ ਕੇ ਉਸਦੀ ਹੋਂਦ ਪ੍ਰਤੀ ਆਪਣਾ ਵਿਰੋਧ ਜਤਾ ਦਿੰਦਾ ਹੈ। ਘਰ ਵਿੱਚ ਦਾਦੇ ਤੋਂ ਬਾਅਦ ਪਿਉ ਦਾ ਰਾਜ ਸੀ। ਨਾ ਕਦੇ ਦਾਦੀ ਨੇ ਉੱਚਾ ਸਾਹ ਲਿਆ ਅਤੇ ਨਾ ਹੀ ਸਿਮਰਨ ਦੀ ਮਾਂ ਨੇ। ਅੱਗੇ ਹੋਸ਼ ਸੰਭਾਲਦੀ ਸਿਮਰਨ ਨੂੰ ਵੀ ਤਾੜਨਾ ਕਰ ਦਿੱਤੀ ਗਈ। ਅਜੇ ਪਿਉ ਦੀ ਉਮਰ ਢਾਲੇ ਨਹੀਂ ਪਈ ਸੀ ਕਿ ਸਿਮਰਨ ਦਾ ਛੋਟਾ ਭਰਾ ਜਵਾਨੀ ਚੜ੍ਹਨ ਲੱਗਾ। ਉਸਨੇ ਹਰ ਤਰ੍ਹਾਂ ਨਾਲ ਪਿਉ ਦਾ ਲਹਿਜ਼ਾ ਅਪਣਾ ਲਿਆ। ਉਹ ਵੀ ਆਪਣੇ ਤੋਂ ਤਿੰਨ ਸਾਲ ਵੱਡੀ ਭੈਣ ਸਿਮਰਨ ਨਾਲ ਵਧੀਕੀਆਂ ਕਰਨ ਲੱਗਾ। ਇਹਨਾਂ ਵਧੀਕੀਆਂ ਦੀ ਅੱਤ ਉਦੋਂ ਹੁੰਦੀ ਹੈ, ਜਦੋਂ ਉਹ ਨਿੱਜੀ ਸਵਾਰਥ ਲਈ ਪਿਉ ਨੂੰ ਆਪਣੇ ਮਗਰ ਲਾ ਸਿਮਰਨ ਨੂੰ ਉਸਦੀ ਇੱਛਾ ਵਿਰੁੱਧ ਦਹਾਜੂ ਦੇ ਲੜ੍ਹ ਲਾ ਦਿੰਦਾ ਹੈ। ਸਿਮਰਨ ਦੀ ਮਾਂ ਉਸ ਅੱਗੇ ਖਾਨਦਾਨ, ਬਾਪ, ਭਰਾ ਦੀ ਇੱਜ਼ਤ ਦੇ ਤਰਲੇ ਕਰ ਸਥਿਤੀ ਨਾਲ ਸਮਝੌਤਾ ਕਰ ਲੈਣ ਦੇ ਵਾਸਤੇ ਪਾਉਂਦੀ ਹੈ। ਮਜਬੂਰੀ ਵੱਸ ਹਾਲਾਤ ਨਾਲ ਕੀਤਾ ਸਮਝੌਤਾ ਸਿਮਰਨ ਨੂੰ ਪੂਰੀ ਮਰਦ ਜਾਤ ਦਾ ਵਿਰੋਧੀ ਬਣਾ ਦਿੰਦਾ ਹੈ। ਉਹ ਪੂਰੀ ਮਰਦ ਜਾਤ ਤੋਂ ਹੀ ਬਦਲਾ ਲੈਣ ਦੀ ਠਾਣ ਲੈਂਦੀ ਹੈ ਅਤੇ ਬਦਲਾ ਲੈਣ ਲੱਗਦੀ ਹੈ। ਪਹਿਲਾਂ ਆਪਣੇ ਪਿਉ ਤੇ ਭਰਾ ਨਾਲ ਰਿਸ਼ਤਾ ਤੋੜ ਕੇ ਅਤੇ ਫੇਰ ਆਪਣੇ ਪਤੀ ਮਿਸਟਰ ਮੈਨੇਜਰ ਨੂੰ ਲਗਾਤਾਰ ਮਾਨਸਿਕ ਕਸ਼ਟ ਦਿੰਦੇ ਹੋਏ ਅਤੇ ਖੁਦ ਉਸ ਤੋਂ ਸਰੀਰਕ ਕਸ਼ਟ ਲੈਂਦੇ ਹੋਏ ਸਿਮਰਨ ਇੰਝ ਆਪਣੇ ਬਾਪ ਅਤੇ ਭਰਾ ਹੱਥੋਂ ਬੇਇਨਸਾਫੀਆਂ ਦਾ ਸ਼ਿਕਾਰ ਹੋਈ ਪੂਰੀ ਮਰਦ ਜਾਤ ਦੀ ਦੁਸ਼ਮਣ ਬਣ ਬੈਠਦੀ ਹੈ। ਕਹਾਣੀ 'ਜੀ ਬੀਬੀ ਜੀ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਮਾੜੇ ਪੱਖ ਵਜੋਂ ਜੋ ਕਦੇ ਆਪਣੇ ਪਿਉ ਤੇ ਭਰਾ ਦੇ ਇਸ਼ਾਰਿਆਂ, ਸਵਾਰਥਾਂ ਤੇ ਨੱਚਦੀ ਰਹੀ ਹੈ, ਉਹ ਹੁਣ ਖੁਦ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਮਾੜੇ ਪੱਖ ਵਜੋਂ ਆਪਣੇ ਅਧੀਨ ਕੰਮ ਕਰਨ ਵਾਲੇ ਨੌਕਰ ਡਮਰੂ ਨੂੰ ਆਪਣੀਆਂ ਉਂਗਲਾਂ ਉੱਤੇ ਨਚਾ ਕੇ ਆਪਣੇ ਅੰਤਰਮਨ ਨੂੰ ਸ਼ਾਂਤ ਕਰਦੀ ਹੈ। ਸੋ ਸੁਖਜੀਤ ਤੇ ਵੀਨਾ ਵਰਮਾ ਨੇ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਔਰਤ ਦੀਆਂ

ਜਾਇਜ਼/ਨਜਾਇਜ਼ ਰੰਜਸ਼ਾਂ, ਵਿਰੋਧਤਾਵਾਂ ਨੂੰ ਸਮਾਨਤਾਵਾਂ ਤੋਂ ਉਭਾਰਦੀ ਹੈ। ਜਿਵੇਂ ਕਿ ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ *ਫਰੰਗੀਆਂ ਦੀ ਨੂੰਹ* ਦੀ ਕਹਾਣੀ ਗੋਲੇ ਕਬੂਤਰ ਦਰਸਾਉਂਦੀ ਹੈ:

> ਜੇ ਮੈਂ ਇੱਕ ਫੋਨ ਇਮੀਗਰੇਸ਼ਨ ਨੂੰ ਕਰ ਦੇਵਾਂ ਕਿ ਤੂੰ ਇਸ ਕੰਟਰੀ 'ਚ ਈਲੀਗਲ ਐਂ ਤੇ ਸਿਰਫ਼ ਇਥੇ ਪੱਕਾ ਹੋਣ ਲਈ ਮੇਰੇ ਨਾਲ ਵਿਆਹ ਕਰਵਾਇਆ ਸੀ ਤੇ ਹੁਣ ਤੂੰ ਮੈਨੂੰ ਕੁੱਟਦਾ ਹੈ ਕਿਉਂਕਿ ਮੈਂ ਤੇਰੇ ਪਾਸਪੋਰਟ ਤੇ ਸਟੈਂਪ ਨਹੀਂ ਲਗਵਾ ਰਹੀ ਤਾਂ ਤੈਨੂੰ ਘੱਟੋ-ਘੱਟ ਸੱਤ ਸਾਲ ਦੀ ਪਰੀਜਨ ਹੋਵੇਗੀ।(245)

ਇਸੇ ਤਰ੍ਹਾਂ ਹੀ ਸੁਖਜੀਤ ਦੇ ਕਹਾਣੀ ਸੰਗ੍ਰਹਿ *ਹੁਣ ਮੈਂ ਇੰਜੁਆਏ ਕਰਦੀ ਆਂ* ਦੀਕਹਾਣੀ ਜੀ ਬੀਬੀ ਜੀ ‘ਚ ਪੇਸ਼ ਕੀਤਾ ਹੈ:

> ਮੇਰੀ ਜੁੱਤੀ ਤਾਰੋ। ਜੀ ਬੀਬੀ ਜੀ। ਤੂੰ ਮੇਰਾ ਡਮਰੂ ਹੈ ਨਾ? ਜੀ ਬੀਬੀ ਜੀ। ਜਿਵੇਂ ਵਜਾਵਾਂ ਵੱਜੇਂਗਾ। ਜੀ ਬੀਬੀ ਜੀ। ਡਮਰੂ ਨੇ ਇਹੀ ਸਿੱਖਿਆ ਹੈ ਕਿ ਜਦੋਂ ਮੈਡਮ ਚੁੱਪ ਰਹੇ ਰਹਿਣਾ ਹੈ। ਗੱਲਾਂ, ਕਰੇ, ਗੱਲਾਂ ਕਰਨੀਆਂ ਹਨ। ਨੱਚੇ ਤਾਂ ਨੱਚਣਾ, ਹੱਸੇ ਤਾਂ ਹੱਸਣਾ, ਰੋਵੇ ਤਾਂ ਰੋਣਾ ਹੈ।(95)

ਸੁਖਜੀਤ ਦੀ ਕਹਾਣੀ ‘ਹੁਣ ਮੈ ਇੰਜੁਆਏ ਕਰਦੀ ਆਂ' ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਔਰਤ ਦੀਆਂ ਜਾਇਜ਼/ਨਜਾਇਜ਼ ਰੰਜਸ਼ਾਂ, ਵਿਰੋਧਤਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਕਹਾਣੀ ਵਿੱਚ ਪੀ.ਐੱਚ.ਡੀ. ਦੀ ਉਚੇਰੀ ਵਿੱਦਿਆ ਹਾਸਲ ਕਰ ਰਹੀ ਬਿਰਤਾਂਤਕਾਰ ਅਥਵਾ ਮੈਂ ਪਾਤਰ ਡੇਰਾ ਮੁਖੀ ਸੈਹਬ ਜੀਆਂ ਦੇ ਛੋਟੇ ਭਰਾ ਨੂੰ ਮੰਗੀ ਹੁੰਦੀ ਹੈ। ਇੱਕ ਹਾਦਸੇ ਵਿੱਚ ਮੰਗੇਤਰ ਦੀ ਮੌਤ ਹੋ ਜਾਣ ਉਪਰੰਤ ਉਸਦੇ ਮਾਪੇ ਉਸਨੂੰ ਸੈਹਬ ਜੀਆਂ ਨੂੰ ਸੌਂਪ ਜਾਂਦੇ ਹਨ। ਮਾਪੇ ਅਜਿਹਾ ਗੁਰੂ ਘਰ ਨਾਲ ਜੁੜ ਕੇ ਆਪਣੇ ਇੱਕ ਹੋਰ ਧੀ-ਪੁੱਤਰ ਨਾਲ ਅਮਰੀਕਾ ਜਾ ਕੇ ਵੱਸਣ ਦੇ ਸੁਆਰਥ ਅਧੀਨ ਕਰਦੇ ਹਨ। ਇਸ ਸਵਾਰਥ ਦੀ ਪੂਰਤੀ ਲਈ ਧੀ ਨੂੰ ਮਾਧਿਅਮ ਬਣਾਇਆ ਜਾਂਦਾ ਹੈ। ਮਾਪਿਆਂ ਦਾ ਸਵਾਰਥ ਧੀ ਦੀ ਇੱਛਾ ਵਿਰੁੱਧ ਹੋਣ ਵਾਲੇ ਸਰੀਰਕ ਸ਼ੋਸ਼ਣ ਦਾ ਕਾਰਨ ਬਣਦਾ ਹੈ। ਉਹ ਇਸ ਸ਼ੋਸ਼ਣ ਖਿਲਾਫ਼ ਹੁੰਦਿਆਂ ਹੋਇਆਂ ਵੀ ਰੌਣ-ਕੁਰਲਾਉਣ ਤੋਂ ਇਲਾਵਾ ਕੁਝ ਨਹੀਂ ਕਰ ਪਾਉਂਦੀ ਅਤੇ ਵਰ੍ਹਿਆਂ ਤੋਂ ਸਾਂਭੀ ਇੱਜ਼ਤ ਸੈਹਬ ਜੀਆਂ ਹੱਥੋਂ

ਪਲ ਵਿੱਚ ਤੂੰਬਾ-ਤੂੰਬਾ ਹੋ ਜਾਂਦੀ ਹੈ। ਇੱਥੇ ਇਹ ਸੰਭਾਵਨਾ ਜਾਪਦੀ ਹੈ ਕਿ ਬਿਰਤਾਂਤਕਾਰ ਇਸ ਮਾਹੌਲ ਵਿੱਚ ਗੁੰਮ-ਗਵਾਚ ਜਾਵੇਗੀ, ਪਰੰਤੂ ਅਜਿਹਾ ਹੁੰਦਾ ਨਹੀਂ। ਬਲਕਿ ਇਸਦੇ ਵਿਪਰੀਤ ਉਹ ਜਲਦ ਹੀ ਡੇਰੇ ਦੀਆਂ ਰਾਜਨੀਤਿਕ ਪੱਖ ਤੋਂ ਸੱਭਿਆਚਾਰਕ ਅੰਤਰੀਵ ਜੁਗਤਾਂ ਨੂੰ ਸਮਝ ਸੈਹਬ ਜੀਆਂ ਨੂੰ ਪਾਸੇ ਕਰ ਇਸ ਉੱਤੇ ਕਾਬਜ ਹੋ ਜਾਂਦੀ ਹੈ। ਇੰਞ ਦਹਿਸ਼ਤ ਭਰੇ ਮਾਹੌਲ ਵਿੱਚ ਧਕੇਲ ਦਿੱਤੀ ਗਈ 'ਮੈਂ ਪਾਤਰ ਨਾ ਡੇਰਾ ਮੁਖੀ ਤੋਂ ਆਪਣੀ ਇੱਜ਼ਤ ਬਚਾ ਪਾਉਂਦੀ ਹੈ ਅਤੇ ਨਾ ਹੀ ਕੋਝੇ ਮਾਹੌਲ ਤੋਂ ਆਪਣੀ ਕੋਮਲ ਜਜ਼ਬਾਤਾਂ, ਭਾਵਨਾਵਾਂ ਨੂੰ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਜੋ ਕਦੇ ਆਪ ਸ਼ੋਸ਼ਣ ਦਾ ਸ਼ਿਕਾਰ ਹੋਈ ਸੀ, ਹੁਣ ਉਹ ਖੁਦ ਸ਼ੋਸ਼ਣ ਕਰਨ ਲੱਗੀ ਹੈ। ਉਸਨੂੰ ਕਦੇ ਘਿਨੌਣਾ ਜਾਪਣ ਵਾਲਾ ਮਾਹੌਲ ਅਨੰਦਿਤ ਕਰਨ ਲੱਗਦਾ ਹੈ। ਹੌਲੀ-ਹੌਲੀ ਉਸ ਵਿਚੋਂ ਵੀ ਝੂਠ, ਕਮੀਨਗੀ, ਮੱਕਾਰੀ, ਬਦਲਾਖੋਰੀ, ਦੂਸਰਿਆਂ ਦਾ ਵਿਰੋਧ ਨਾ ਸਹਿ ਸਕਣ ਅਤੇ ਦਬਾਉਣ ਵਰਗੀਆਂ ਸਾਰੀਆਂ ਬੁਰਾਈਆਂ ਫਨ ਫੈਲਾਉਣ ਲੱਗੀਆਂ ਹਨ। ਚਾਹੇ ਉਹ ਸੈਹਬ ਜੀਆਂ ਤੋਂ ਬਦਲਾ ਲੈਣ ਲਈ ਉਹਨਾਂ ਦੀ ਬੇਕਸੂਰ ਧੀ ਖਿਲਾਫ ਘੜੀ ਗਈ ਰਣ ਨੀਤੀ ਹੈ ਜਾਂ ਆਪਣੇ ਖਿਲਾਫ਼ ਆਵਾਜ਼ ਉਠਾਉਣ ਵਾਲੇ ਸੁਮੀਤ ਨੂੰ ਸਬਕ ਸਿਖਾਉਣ ਲਈ ਅਪਣਾਇਆ ਜਾਣ ਵਾਲਾ ਕ੍ਰੋਧਿਤ ਰੁਖ਼ ਹੋਵੇ। ਉਸਦਾ ਬੰਦੂਕਧਾਰੀਆਂ ਨੂੰ ਨਾਲ ਲੈ ਕੇ ਸੁਮੀਤ ਨੂੰ ਦਬਾਉਣ ਜਾਣਾ ਇਹ ਦਰਸਾਉਂਦਾ ਹੈ ਕਿ ਹੁਣ ਉਹ ਆਪਣੀ ਪੁਜ਼ੀਸ਼ਨ ਨੂੰ ਬਣਾਈ ਰੱਖਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੇ ਪਾਤਰ ਸ਼ੋਸ਼ਿਤ (Victim) ਤੋਂ ਸ਼ੋਸ਼ਕ (victimizer) ਹੋ ਕੇ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਇਸ ਮਾੜੇ, ਗੰਧਲੇ ਮਾਹੌਲ ਵਿੱਚ ਢਲ ਚੁੱਕੇ ਹਨ। ਇਸ ਸੰਦਰਭ ਵਿੱਚ ਸੁਖਜੀਤ ਦੀ ਕਹਾਣੀ ਨੂੰ ਸਮਝਦਿਆਂ ਡਾ. ਸੁਰਜੀਤ ਸਿੰਘ ਆਪਣੀ ਪੁਸਤਕ *ਲਕੀਰ* ਵਿਚਾਰ ਪ੍ਰਗਟਾਉਦੇ ਨੇ ਕਿ:

> ਕਈ ਵਾਰ ਸਮਾਜ ਨਾਲ, ਇਸ ਵਿੱਚਲੀਆਂ ਨਕਾਰਾਤਮਕ ਸ਼ਕਤੀਆਂ ਨਾਲ ਲੜ੍ਹਦਾ-ਲੜ੍ਹਦਾ ਬੰਦਾ, ਬੇਹੱਦ ਸੰਤੁਸ਼ਟੀ ਮਹਿਸੂਸ ਕਰਦਾ ਹੈ ਕਿ ਉਹ ਇਸ ਨਾਲ ਲੜ੍ਹ ਰਿਹਾ, ਪਰੰਤੂ ਬਹੁਤ ਸੂਖ਼ਮ ਢੰਗ ਨਾਲ ਉਹ ਖੁਦ ਉਸ ਵਰਗਾ ਹੋ ਰਿਹਾ ਹੁੰਦਾ ਹੈ। ਇਸਦਾ ਪਰਮਾਣ ਹੀ 'ਹੁਣ ਮੈ ਇੰਜੁਆਏ ਕਰਦੀ

ਆਂ' ਕਹਾਣੀ ਵਿਚੋਂ ਮਿਲਦਾ ਹੈ। ਕਹਾਣੀ ਦੀ ਨਾਇਕਾ ਸ਼ੁਰੂ ਤੋਂ ਅਖ਼ੀਰ ਤੱਕ ਵਿਕਟਮ ਰਹਿੰਦੀ ਹੈ, ਪਰੰਤੂ ਅੰਤ ਤੱਕ ਪਹੁੰਚਦਿਆਂ ਉਹ ਵਿਕਟਮ ਹੋਣ ਦੀ ਬਜਾਏ ਵਿਕਟਮਾਇਜ਼ਰ ਦੀ ਸਾਰੀ ਪੋਲੇਟਿਕਸ ਹਾਸਿਲ ਕਰ ਚੁੱਕੀ ਹੈ।(81)

ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਮੁੱਖ ਪਾਤਰ ਮਾੜੇ ਪੱਖ ਵਜੋਂ ਸਮਾਨ ਰੂਪ ਤੋਂ ਸ਼ੋਸ਼ਿਤ ਤੋਂ ਸ਼ੋਸ਼ਕ ਵਜੋਂ ਸੂਚਕ ਹੁੰਦੇ ਹਨ। ਜਿਵੇਂ ਕਿ ਸੁਖਜੀਤ ਦੀ ਕਹਾਣੀ 'ਹੁਣ ਮੈਂ ਇੰਜੁਆਏ ਕਰਦੀ ਆਂ' ਵਿੱਚ ਮੁੱਖ ਪਾਤਰ ਹੁਣ ਸੋਸ਼ਿਤ ਵਜੋਂ ਨਹੀਂ ਬਲਕਿ ਸ਼ੋਸ਼ਕ ਵਜੋਂ ਇਸਨੂੰ ਇੰਜੁਆਏ ਕਰਨ ਦੀ ਗੱਲ ਕਰਦੀ ਹੈ। ਇੰਜੁਆਏ ਸ਼ਬਦ ਕੇਵਲ ਔਰਤ ਦੇ ਜਿਸਮਾਨੀ ਰੂਪ ਨੂੰ ਨਹੀਂ, ਬਲਕਿ ਰਿਸ਼ਤਿਆਂ-ਨਾਤਿਆਂ ਦੇ ਨਾਕਾਰਾਤਮਕ ਮਾੜੇ ਪੱਖ ਦਾ ਪ੍ਰਗਟਾਵਾ ਵੀ ਹੈ, ਜਿਸ ਵਿੱਚ ਸਰੀਰਕ, ਮਾਨਸਿਕ ਸ਼ੈਤਾਨੀਅਤ ਤੇ ਹੈਵਾਨੀਅਤ ਸ਼ਾਮਲ ਹੈ। ਇਸੇ ਸਬੰਧ ਵਿੱਚ ਡਾ. ਬਲਦੇਵ ਧਾਲੀਵਾਲ ਹੁਣ ਮੈਂ ਇੰਜੁਆਏ ਕਰਦੀ ਆਂ ਦੇ ਪ੍ਰਸੰਗ ਵਿੱਚ *ਸਮਦਰਸ਼ੀ* 'ਚ ਫਰਮਾਇਆ ਹੈ:

> ਕਹਾਣੀ ਵਿੱਚ ਇੰਜੁਆਏ ਦਾ ਜਿਵੇਂ ਅਰਥ-ਵਿਸਥਾਰ ਅਤੇ ਰੂਪਾਂਤਰਨ ਕੀਤਾ ਗਿਆ ਹੈ ਉਹ ਇਸ ਸ਼ਬਦ ਨੂੰ ਬੜੇ ਡੂੰਘੇ ਅਤੇ ਬਹੁ-ਪਰਤੀ ਮੈਟਾਫ਼ਰ ਵਿੱਚ ਤਬਦੀਲ ਕਰ ਦਿੰਦਾ ਹੈ। ਇਸੇ ਤਰ੍ਹਾਂ ਇੰਜੁਆਏ ਕਰਨ ਵਾਲੀ ਔਰਤ ਨੂੰ ਜੈਂਡਰ ਮੁਕਤ ਕਰਕੇ ਜਿਵੇਂ ਸੱਤਾਵਾਨ ਦੇ ਪ੍ਰਤੀਕ ਵਿੱਚ ਢਾਲਿਆ ਗਿਆ ਹੈ, ਉਹ ਰਾਜਸੀ ਅਵਚੇਤਨ ਦੇ ਵਿਲਖੱਣ ਸਰੂਪ ਦੀ ਦੱਸ ਪਾਉਣ ਵਾਲਾ ਹੋ ਨਿਬੜਦਾ।(37)

ਮੂਲ ਰੂਪ ਵਿੱਚ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਸ਼ੈਤਾਨੀਅਤ ਤੋਂ ਹੈਵਾਨੀਅਤ ਦਾ ਮਾੜੇ ਪੱਖ ਦਾ ਪ੍ਰਗਟਾਅ ਰੂਪ ਬਹੁ-ਪਾਤਰਾਂ ਵਿਚੋਂ ਪ੍ਰਗਟ ਹੁੰਦਾ ਹੈ। ਇਸ ਤਰ੍ਹਾਂ ਇਹ ਸ਼ੈਤਾਨੀਅਤ ਤੋਂ ਹੈਵਾਨੀਅਤ ਦਾ ਪ੍ਰਗਟਾਅ ਰੂਪ ਮਸੂਮੀਅਤ ਨੂੰ, ਆਸਥਾ ਨੂੰ, ਭੋਲ਼ੇਪਣ ਨੂੰ, ਬੇਕਸੂਰ ਨੂੰ ਕਿਸ ਤਰ੍ਹਾਂ ਆਪਣੀ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਮਾੜੇ ਪੱਖ ਦੀ ਚਾਲ ਦੁਆਰਾ ਕੁਚਲਦਾ ਹੈ। ਜਿਸ ਦੀ ਅਨੁਭੂਤੀ ਸੁਖਜੀਤ ਤੇ ਵੀਨਾ

ਵਰਮਾ ਦੀਆ ਕਹਾਣੀਆਂ ਵਿੱਚਲੇ ਭ੍ਰਿਸ਼ਟਾਚਾਰ, ਮਰਦ-ਪ੍ਰਧਾਨ ਸਮਾਜ ਦੀ ਸੋਚ ਦੇ ਧਾਰਨੀ ਪਾਤਰ ਆਦਿ ਦੀ ਜੀਵਨ ਸ਼ੈਲੀ ਵਿਚੋਂ ਹੁੰਦੀ ਹੈ। ਜਿਵੇਂ ਕਿ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਮੁੱਖ ਪਾਤਰ ਵੀ ਕਿਤੇ ਨਾ ਕਿਤੇ ਖੁਦ ਹੈਵਾਨੀਅਤ ਤੇ ਸ਼ੈਤਾਨੀਅਤ ਦਾ ਰੂਪ ਅਖ਼ਤਿਆਰ ਕਰ ਲੈਂਦੇ ਹਨ। ਸੋ ਇਹਨਾਂ ਰਾਹਾਂ ਉੱਪਰ ਚਲਦਿਆਂ ਅਜਿਹੇ ਔਰਤ ਪਾਤਰ ਹਰ ਤਰ੍ਹਾਂ ਦੇ ਧੱਕੇ, ਧੌਂਸ ਨੂੰ ਝੱਲਦੀਆਂ ਹੋਈਆਂ ਅੰਤ ਵਿੱਚ ਆਪਣੇ ਰਾਜ ਦਾ ਢੰਡੋਰਾ ਵਜਾਉਂਦੀਆਂ ਹਨ। ਇਸ ਦਾ ਸਪੱਸ਼ਟੀਕਰਨ ਵੀਨਾ ਵਰਮਾ ਨੇ ਕਹਾਣੀ 'ਗੋਲੇ ਕਬੂਤਰ' ਵਿੱਚ ਵੀ ਕੀਤਾ ਹੈ। ਇਸ ਕਹਾਣੀ ਵਿੱਚ ਰਣਜੀਤ ਦੁਆਰਾ ਆਪਣੀ ਪਤਨੀ ਦੀਆਂ ਗਲਤ ਆਦਤਾਂ ਤੋਂ ਰੋਕਣ ਲਈ ਕਹਿਣਾ ਵੀ ਉਸਨੂੰ ਮਹਿੰਗਾ ਪੈਂਦਾ ਹੈ। ਉਹ ਆਪਣੇ ਪਤੀ ਨੂੰ ਤਾਂ ਛੱਡਣ ਲਈ ਤਿਆਰ ਹੈ, ਪਰ ਆਪਣੇ ਗੋਰੇ ਮਿੱਤਰ ਪ੍ਰੇਮੀ ਨੂੰ ਛੱਡਣ ਲਈ ਤਿਆਰ ਨਹੀਂ। ਉਹ ਰਣਜੀਤ ਨੂੰ ਘਰੋਂ ਕੱਢ ਦਿੰਦੀ ਹੈ ਤੇ ਨਾਲ ਹੀ ਗਹਿਣੇ ਅਤੇ ਚੋਰੀ ਦਾ ਝੂਠਾ ਆਰੋਪ ਲਗਾ ਕੇ ਪੁਲੀਸ ਨੂੰ ਉਸ ਪਿੱਛੇ ਲਗਵਾ ਦਿੰਦੀ ਹੈ। ਰਣਜੀਤ ਫਿਰ ਵੀ ਆਪਣੀ ਪਤਨੀ ਨੂੰ ਸਮਝਾਉਣ ਲਈ ਸੋਚਦਾ ਹੈ। ਪਰ ਰਣਜੀਤ ਦਾ ਦੋਸਤ ਉਸਨੂੰ ਅਸਲੀਅਤ ਦਾ ਸਾਹਮਣਾ ਕਰਨ ਲਈ ਔਰਤ ਪੱਖੀ ਕਾਨੂੰਨ ਹੋਣ ਬਾਰੇ ਦੱਸਦਾ ਹੈ ਕਿ ਉਹ ਗੈਰ-ਕਾਨੂੰਨੀ ਹੋਣ ਕਰਕੇ ਫਸ ਸਕਦਾ ਹੈ। ਸੁਖਜੀਤ ਆਪਣੀ ਪੁਸਤਕ ਹੁਣ *ਮੈਂ ਇੰਜੁਆਏ ਕਰਦੀ ਆਂ* ਦੀ ਕਹਾਣੀ ਹੁਣ ਮੈਂ ਇੰਜੁਆਏ ਕਰਦੀ ਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਮਾੜੇ ਪੱਖ ਵਜੋਂ ਰਾਜ ਦੇ ਇਸ ਢੰਡੋਰੇ ਦੀ ਆਵਾਜ਼ ਨੂੰ ਬਾਖੂਬੀ ਬਿਆਨ ਕੀਤਾ ਹੈ। ਜਿਵੇਂ ਕਿ:

> ਪੂਰਾ ਸਿੱਕਾ ਚੱਲਦੈ ਮੇਰਾ, ਹੇਠਲੀ ਉੱਤੇ ਆ ਗੀ, ਸੈਹਬ ਜੀ ਐਕਟਿਵ ਨਹੀਂ ਰਹੇ ਹੁਣ, ਹੁਣ ਸਿਰਫ ਮੈਂ, ਮੈਂ ਨਿੱਕੇ ਬੀਬੀ ਸੈਹਬਾ। ਓਜੁ ਮੇਰੇ ਕੈਹਣ "ਤੇ ਕਾਂਤੀ ਨੂੰ ਟੋਕਣਾ ਸ਼ੁਰੂ ਕਰ ਦਿੱਤੈ ਸਭ ਨੂੰ ਇਹ ਨਿੱਕੇ ਕੀ ਹੋਇਆ? ਸਿੱਧਾ ਬੀਬੀ ਜੀ ਕਿਹਾ ਕਰੋ ਬੀਬੀ ਸੈਹਬਾ। ਸਾਰੇ ਕੋਸ਼ਿਸ਼ ਕਰਦੇ ਬੀਬੀ ਸੈਹਬਾ ਦੀ ਕਹਿਣ ਜੇ ਭੁੱਲ ਭੁਲੇਖੇ ਕੋਈ ਨਿੱਕੇ ਕੈਹ ਦਿੰਦੇ ਮੇਰੇ ਮੱਥੇ ਤਿਓੜੀ ਮੈਂ ਜਾਂਦੀ ਐ ਉਂਜ ਨਿੱਕੇ ਦਾ ਮਤਲਬ ਵੀ ਕੀ ਐ ! ਜਦੋਂ ਮੈਂ ਈ ਆਂ ਸਭ ਕੁੱਝ ਆਲ-ਇਨ ਆਲ। ਪੰਜ ਕਰਾਂ ਪੰਜਾਹ ਕਰਾਂ ਕਿਸੇ ਦੀ ਜੁੱਰਅਤ ਨਈ ਕਿ ਸੁਆਲ ਕਰ ਜਾਵੇ।(68)

ਇਵੇਂ ਹੀ ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ ਫਰੰਗੀਆਂ ਦੀ ਨੂੰਹ ਦੀ ਕਹਾਣੀ ਗੋਲੇ ਕਬੂਤਰ 'ਚ ਔਰਤ ਪਾਤਰਾਂ ਦੁਆਰਾ ਮਰਦਾ ਦੀ ਧੌਂਸ ਅਤੇ ਧੱਕਿਆਂ ਨੂੰ ਝੱਲਦਿਆਂ ਹੋਇਆਂ ਕਹਾਣੀ ਦੇ ਅਖੀਰ ਵਿੱਚ ਆਪਣੇ ਰਾਜ ਦਾ ਢੰਡੋਰਾ ਦੇਣਾ ਦੇਖਣ ਨੂੰ ਮਿਲਦਾ ਹੈ ਜਿਵੇਂ ਕਿ:

> ਉਹ ਤੇਰੀ ਘਰ ਵਾਲੀ ਹੈ ਤੇਰੀ ਗੁਲਾਮ ਨਹੀਂ। ਤੂੰ ਉਹਦੀ ਮਰਜ਼ੀ ਦੇ ਖਿਲਾਫ਼ ਉਸ ਨੂੰ ਮਿਲ ਨਹੀਂ ਸਕਦਾ। ਤੇ ਜਦੋਂ ਕੋਈ ਤੀਵੀਂ ਆਪਣੇ ਯਾਰ ਦੀ ਖ਼ਾਤਿਰ ਖਸਮ ਨੂੰ ਛੱਡ ਦੇਵੇ, ਤਾਂ ਉਹ ਰੱਬ ਦੇ ਮੋੜੇ ਤੋਂ ਵੀ ਨਹੀਂ ਮੁੜਦੀ ਹੁੰਦੀ। ਭੁੱਲ ਜਾ ਤੂੰ ਉਸ ਨੂੰ। ਕਾਨੂੰਨ ਬਹੁਤ ਕੁੱਤਾ ਆ ਇਥੋਂ ਦਾ। ਤੀਵੀਆਂ ਦੀ ਸੁਣਦੈਂ। ਬੰਦਿਆਂ ਨੂੰ ਚੁੱਕ ਕੇ ਘਰੋਂ ਬਾਹਰ ਮਾਰਦੇ ਨੇ। ਹੋਰ ਐਵੇਂ ਨੀ ਤੀਵੀਆਂ ਦਾ ਰਾਜ ਆਇਆ। ਤੀਵੀਆਂ ਨੀ ਇਥੇ ਬੰਦਿਆਂ ਨੂੰ ਬੋਲਣ ਦਿੰਦੀਆਂ।(246)

ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਮਾੜੇ ਪੱਖ ਵਜੋਂ ਭ੍ਰਿਸ਼ਟਾਚਾਰ ਵਾਤਾਵਰਣ ਵਿੱਚ ਪਲ ਰਿਹਾ ਨਿੱਜੀ ਸਵਾਰਥ, ਲੋਟੂ ਨੀਤੀ, ਭ੍ਰਿਸ਼ਟ ਰਿਸ਼ਤੇ-ਨਾਤੇ ਆਦਿ ਸਮਾਨਤਾਵਾਂ ਵਜੋਂ ਉੱਭਰਦੇ ਦਿਖਾਈ ਦਿੰਦੇ ਹਨ। ਉਪਰੋਕਤ ਵਿਚਾਰ-ਚਰਚਾ ਤੋਂ ਬਾਅਦ ਇਹ ਕਹਿ ਸਕਦੇ ਹਾਂ ਕਿ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਦੇ ਰਾਜਨੀਤਿਕ ਪੱਖ ਤੋਂ ਡੇਰਿਆਂ ਦੀ ਭ੍ਰਿਸ਼ਟਾਚਾਰ ਕਾਰਗੁਜ਼ਾਰੀ, ਮਨੁੱਖੀ ਰਿਸ਼ਤਿਆਂ-ਨਾਤਿਆਂ ਵਿੱਚਕਾਰ ਟਕਰਾਅ ਆਦਿ ਨੂੰ ਚੰਗੇ ਤੇ ਮਾੜੇ ਪੱਖ ਤੋਂ ਸਮਾਨਤਾਵਾਂ ਤੇ ਵੱਖਰਤਾਵਾਂ ਵਜੋਂ ਨਸ਼ਰ ਕਰਦੀਆਂ ਹਨ। ਇਸ ਤੋਂ ਇਲਾਵਾ ਇਹਨਾਂ ਦੀਆਂ ਕਹਾਣੀਆਂ ਦੁਆਰਾ ਹੋ ਰਹੀ ਲੁੱਟ-ਖਸੁੱਟ, ਮਾਨਵੀ ਸੱਭਿਆਚਾਰ ਵਿੱਚ ਦਿਨ-ਬ-ਦਿਨ ਆ ਰਹੇ ਨਿਘਾਰ ਦਾ ਪ੍ਰਗਟਾਵਾ ਅਤੇ ਰਿਸ਼ਤੇ-ਨਾਤਿਆਂ ਵਿੱਚਲੇ ਆਪਸੀ ਤਕਰਾਰ ਨੂੰ ਸਮਾਨਤਾ ਅਤੇ ਵੱਖਰਤਾ ਦੇ ਆਧਾਰ ਤੋਂ ਪੇਸ਼ ਕਰਦੀਆਂ ਹਨ।

**4.2. ਸਮਾਜਿਕ ਪੱਖ:** ਕੋਈ ਵੀ ਸਾਹਿਤਕਾਰ ਉਸ ਚੌਗਿਰਦੇ ਤੋਂ ਅਣਭਿੱਜ ਨਹੀਂ ਰਹਿ ਸਕਦਾ, ਜਿਸ ਵਿੱਚ ਉਹ ਵਿਚਰਦਾ ਉਹੀ ਉਸਦਾ ਸਮਾਜਿਕ ਪੱਖ ਹੁੰਦਾ, ਜਿਹੜਾ ਸਮੇਂ ਦੇ ਹਲਾਤਾਂ ਅਨੁਸਾਰ ਬਦਲਦਾ

ਰਹਿੰਦਾ ਹੈ। ਜਿਵੇਂ ਕਿ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਦਾ ਉਭਾਰ ਸਮਾਨਤਾ ਅਤੇ ਵੱਖਰਤਾ ਦੇ ਪੱਖ ਤੋਂ ਉੱਭਰਦਾ ਹੈ। ਜਿਵੇਂ ਕਿ ਸੁਖਜੀਤ ਦੀਆਂ ਕਹਾਣੀਆਂ ਆਦਮਖ਼ੋਰ, ਜਲ-ਭਰਮ, ਹਜ਼ਾਰ ਕਹਾਣੀਆਂ ਦਾ ਬਾਪ, ਕਾਮ-ਬਲੀ, ਚੰਦਰੀ, ਹੁਣ ਮੈਂ ਇੰਜੁਆਏ ਕਰਦੀ ਆਂ, ਜੀ ਬੀਬੀ ਜੀ, ਪਾਤਸ਼ਾਹ ਆਦਿ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਲਿੱਬੜੀ ਹੋਈ ਚਾਦਰ', ਮੁੱਲ ਦੀ ਤੀਵੀਂ, ਜੋਗੀਆਂ ਦੀ ਧੀ, ਰਾਜਾਈ, ਛੋਟੀ ਸਰਦਾਰਨੀ, ਬੰਦ ਬੂਹਾ, ਮੈਂ ਕੀ ਹਾਂ, ਅੱਧੀ ਬੋਤਲ, ਬੋੜਾ ਸੱਪ, ਗਲਤ ਔਰਤ, ਫ਼ਰੰਗੀਆਂ ਦੀ ਨੂੰਹ ਆਦਿ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਪਿੱਤਰ ਪ੍ਰਧਾਨ, ਮਰਦ ਪ੍ਰਧਾਨ ਸਮਾਜ, ਨੈਤਿਕ ਕਦਰਾਂ-ਕੀਮਤਾਂ, ਮਨੁੱਖੀ ਰਿਸ਼ਤੇ-ਨਾਤੇ ਵਿੱਚਕਾਰ ਤਕਰਾਰ, ਡੇਰਾ ਤੰਤਰ, ਪਾਖੰਡਵਾਦ ਆਦਿ ਦੀ ਮਨੋਘੜਤ ਉੱਤੇ ਫੋਕਸ ਕਰਦੀਆਂ ਹੋਈਆਂ ਪੇਸ਼ ਹੋਈਆਂ ਚੰਗੇ ਤੇ ਮਾੜੇ ਪੱਖ ਵਜੋਂ ਸਮਾਨਤਾਵਾਂ ਤੇ ਵੱਖਰਤਾਵਾਂ ਨੂੰ ਉਭਾਰਦੀਆਂ ਹਨ। ਜਿੰਨ੍ਹਾਂ ਦਾ ਵਿਸਥਾਰ ਸਹਿਤ ਵੇਰਵਾ ਇਸ ਤਰ੍ਹਾਂ ਹੈ:

**(ੳ) ਚੰਗੇ ਪੱਖ ਵਜੋਂ ਸਮਾਨਤਾਵਾਂ ਤੇ ਵੱਖਰਤਾਵਾਂ:** ਮੁੱਢਲੀ ਅਵਸਥਾ ਵਿੱਚ ਜਦੋਂ ਸਮਾਜਿਕ ਪੱਖ ਦੀ ਹੋਂਦ ਬਣਨ ਲੱਗੀ ਉਸ ਸਮੇਂ ਤੋਂ ਹੀ ਮਨੁੱਖ ਇਕੱਠ ਵਿੱਚ ਰਹਿਣ ਲੱਗ ਪਿਆ। ਉਸ ਦੀਆਂ ਲੋੜਾਂ ਵਧਣ ਲੱਗੀਆਂ ਅਤੇ ਨਾਲ ਹੀ ਇਸ ਵਾਧੇ ਨੇ ਲੋੜਾਂ ਵਿੱਚ ਭਿੰਨਤਾ ਵੀ ਲੈ ਆਂਦੀ। ਇਹਨਾਂ ਲੋੜਾਂ ਦੀ ਪੂਰਤੀ ਵਜੋਂ ਉਹ ਵੱਧ ਤੋਂ ਵੱਧ ਸਾਧਨਾਂ ਦਾ ਇਕੱਤਰੀਕਰਨ ਕਰਨ ਲੱਗ ਪਿਆ ਅਤੇ ਨਾਲ ਹੀ ਮਾਨਵੀ ਲੋੜਾਂ ਦੀ ਪੂਰਤੀ ਹਿੱਤ ਪ੍ਰਕਿਰਤੀ ਨੂੰ ਵਰਤਣ ਲੱਗ ਪਿਆ। ਜਿਸ ਤੋਂ ਮਨੁੱਖੀ ਸਮਾਜ ਦੇ ਬਹੁਪੱਖੀ ਵਿਕਾਸ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਮਨੁੱਖੀ ਸਮਾਜ ਵਿੱਚ ਸਮਾਨਤਾ ਅਤੇ ਭਿੰਨਤਾ ਦੋ ਹੋਰ ਅਜਿਹੇ ਲੱਛਣ ਹਨ, ਜਿੰਨ੍ਹਾਂ ਤੋਂ ਬਿਨਾਂ ਸਮਾਜ ਦੀ ਹੋਂਦ ਅਸੰਭਵ ਹੈ, ਸਮਾਨਤਾ ਅਤੇ ਭਿੰਨਤਾ ਦੋਵੇਂ ਇੱਕ ਦੂਜੇ ਦੇ ਵਿਰੋਧੀ ਜ਼ਰੂਰ ਹਨ, ਪਰੰਤੂ ਸਮਾਜ ਦੀ ਸਿਰਜਣਾ ਲਈ ਦੋਵੇਂ ਜ਼ਰੂਰੀ ਹਨ। ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਪੇਸ਼ ਕਰਨ ਸਮੇਂ ਉਹ ਉਲਾਰ ਬਿਰਤੀ ਦਾ ਸ਼ਿਕਾਰ ਨਹੀਂ ਹੁੰਦਾ ਸਗੋਂ ਨਿਰਪੱਖ ਹੋ ਕੇ ਸਥਿਤੀਆਂ-ਪਰਿਸਥਿਤੀਆਂ ਦਾ ਨਿਰੀਖਣ ਕਰਦਾ ਹੈ। ਇਸ ਤੋਂ ਇਲਾਵਾ ਉਹ ਸਮਾਜਿਕ ਪੱਖ ਤੋਂ ਮਨੁੱਖੀ ਰਿਸ਼ਤਿਆਂ-ਨਾਤਿਆਂ ਦੀ

ਸਾਰਥਕਤਾ ਨੂੰ ਵਧੇਰੇ ਜ਼ਹੀਨ ਢੰਗ ਨਾਲ ਪਕੜਨ ਅਤੇ ਚੰਗੇ ਪੱਖ ਤੋਂ ਪੇਸ਼ ਕਰਨ ਵਿੱਚ ਕਾਫ਼ੀ ਸਫਲ ਹੁੰਦਾ ਹੈ। ਹੰਸਰਾਜ ਭਾਟੀਆ ਆਪਣੀ ਪੁਸਤਕ *ਸਮਾਜਿਕ ਮਨੋਵਿਗਿਆਨ* ਵਿੱਚ ਮਨੁੱਖ ਅਤੇ ਮਨੁੱਖ ਦੀ ਸਮਾਜਿਕਤਾ ਬਾਰੇ ਆਖਦੇ ਹਨ ਕਿ:

> ਮਨੁੱਖ ਦਾ ਜਨਮ ਵਸਤੂਆਂ ਭਰੇ ਭੌਤਿਕ ਜਗਤ ਵਿੱਚ ਹੀ ਨਹੀਂ ਬਲਕਿ ਵਿਅਕਤੀਆਂ ਅਤੇ ਸਮੂਹਾਂ ਭਰੇ ਸਮਾਜਿਕ ਸੰਸਾਰ ਵਿੱਚ ਹੀ ਹੁੰਦਾ ਅਤੇ ਹਰ ਵਿਅਕਤੀ ਅਤੇ ਸਮੂਹ ਦੇ ਵਿਵਹਾਰ ਦਾ ਸਥਾਪਿਤ ਢੰਗ ਆਪਣਾ ਹੀ ਹੁੰਦਾ ਹੈ। ਇਹਨਾਂ ਲੋਕਾਂ ਅਤੇ ਸਮੂਹਾਂ ਦੇ ਨਾਲ ਅੰਤਰਕਿਰਿਆ ਦੁਆਰਾ ਵਿਅਕਤੀ ਹੌਲੀ-ਹੌਲੀ ਮਾਨਵਤਾ ਅਤੇ ਸਮਾਜਿਕਤਾ ਵੱਲ ਅੱਗੇ ਵੱਧਦਾ ਅਰਥਾਤ ਮਨੁੱਖ ਬਣਦਾ ਅਤੇ ਸਮਾਜਿਕ ਕਹਾਉਂਦਾ ਹੈ।(300)

ਵੀਨਾ ਵਰਮਾ *ਮੁੱਲ ਦੀ ਤੀਵੀਂ* ਕਹਾਣੀ ਸੰਗ੍ਰਹਿ ਦੀ ਕਹਾਣੀ ਮੁੱਲ ਦੀ ਤੀਵੀਂ ਵਿੱਚ ਕਹਾਣੀ ਦੀ ਨਾਇਕਾ ਲੱਛਮੀ ਨੂੰ ਮੱਘਰ ਸਿੰਘ ਜੋ ਕਿ ਟਰੱਕ ਡਰਾਈਵਰ ਹੈ, ਬੰਗਾਲ ਤੋਂ ਮੁੱਲ ਖਰੀਦ ਕੇ ਲਿਆਇਆ ਹੈ। ਮੱਘਰ ਸਿੰਘ ਲੱਛਮੀ ਨੂੰ ਸਿਰਫ ਆਪਣੀ ਹਵਸ ਪੂਰਤੀ ਵਜੋਂ ਵਰਤਦਾ ਹੈ, ਪਰ ਲੱਛਮੀ ਜਦੋਂ ਮੱਘਰ ਸਿੰਘ ਦੇ ਘਰ ਕਈ ਦਿਨਾਂ ਤੱਕ ਰਹਿੰਦੀ ਹੈ ਤਾਂ ਉਹ ਉਸਦੇ ਘਰ ਨੂੰ ਆਪਣਾ ਹੀ ਘਰ ਸਮਝਣ ਲੱਗ ਪੈਂਦੀ ਹੈ ਅਤੇ ਉਸ ਘਰ ਦੀ ਪੂਰੀ ਦੇਖਭਾਲ ਕਰਦੀ ਹੈ। ਜਦੋਂ ਮੱਘਰ ਸਿੰਘ ਦਾ ਬਾਪੂ ਉਸਨੂੰ ਮਿਲਣ ਲਈ ਉਸ ਦੇ ਘਰ ਆਉਂਦਾ ਉਹ ਉਸਦਾ ਸਤਿਕਾਰ ਵੀ ਜਿਸ ਤਰ੍ਹਾਂ ਨੂੰਹ ਸਹੁਰੇ ਦਾ ਕਰਦੀ ਹੈ। ਉਸ ਤਰ੍ਹਾਂ ਹੀ ਕਰਦੀ ਹੈ। ਜਿਵੇਂ ਕਿ:

> ਬਾਪੂ ਘਰ ਰਹਿੰਦਾ ਲੱਛਮੀ ਸਾਰਾ ਦਿਨ ਉਸਦੀ ਸੇਵਾ 'ਚ ਲੱਗੀ ਰਹਿੰਦੀ। ਭਾਵੇਂ ਉਸ ਨੂੰ ਪੰਜਾਬੀ ਕਲਚਰ ਬਾਰੇ ਜ਼ਿਆਦਾ ਪਤਾ ਨਹੀਂ ਸੀ, ਪਰ ਫੇਰ ਵੀ ਉਹ ਬਾਪੂ ਸਾਹਮਣੇ ਸਿਰ ਢੱਕ ਕੇ ਰੱਖਦੀ, ਅੱਖਾਂ ਝੁਕਾ ਕੇ ਗੱਲ ਕਰਦੀ।(17)

ਇੱਥੇ ਬੱਚੇ ਦੇ ਜਨਮ ਨਾਲ ਹੀ ਸਮਾਜਿਕ ਵਿਤਕਰੇ ਦਾ ਮੁੱਢ ਬੱਝ ਜਾਂਦਾ ਹੈ ਅਤੇ ਫੇਰ ਸ਼ੁਰੂ ਹੁੰਦਾ ਹੈ ਇੱਕ ਸਮਾਜਿਕ ਜੀਵ ਨੂੰ ਔਰਤ ਜਾਂ ਮਰਦ ਬਣਾਉਣ ਦਾ ਸਿਲਸਿਲਾ। ਇਸ ਤਰ੍ਹਾਂ ਸੁਖਜੀਤ ਤੇ ਵੀਨਾ

ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਔਰਤ ਆਪਣੀ ਭੂਮਿਕਾ ਨੂੰ ਪੁਨਰ ਵਿਉਂਤਣ ਦੀ ਪ੍ਰਕਿਰਿਆ ਵਿੱਚ ਤਾਂ ਪਈ ਹੈ, ਪਰੰਤੂ ਮਰਦ ਪ੍ਰਧਾਨ ਸਮਾਜ ਵਿੱਚ ਇਹ ਸੁਖਾਲਾ ਨਹੀਂ ਹੈ। ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਪਿੱਤਰ ਪ੍ਰਧਾਨ/ਮਰਦ ਪ੍ਰਧਾਨ ਸਮਾਜ ਨੂੰ ਹੀ ਮਾੜੇ ਪੱਖ ਵਜੋਂ ਸਮਾਨਤਾਵਾਂ ਤੇ ਵੱਖਰਤਾਵਾਂ ਤੋਂ ਨਹੀਂ ਉਘਾੜਦੀਆਂ, ਬਲਕਿ ਇਸ ਪ੍ਰਤੀ ਅਜੋਕੀ ਔਰਤ ਦੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਵੀ ਪ੍ਰਤੀਉੱਤਰ ਦੀਆਂ ਬਹੁਸੰਭਾਵਨਾਵਾਂ ਨੂੰ ਚੰਗੇ ਪੱਖ ਵਜੋਂ ਵੀ ਸਮਾਨਤਾਵਾਂ ਅਤੇ ਵੱਖਰਤਾਵਾਂ ਤੋਂ ਉਲੀਕਦੀਆਂ ਹਨ। ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਨੇ ਸਿਰਫ ਤੇ ਸਿਰਫ ਔਰਤ ਦੀਆਂ ਕਾਮੁਕ ਰੁਚੀਆਂ ਨੂੰ ਹੀ ਪੇਸ਼ ਨਹੀਂ ਕੀਤਾ, ਬਲਕਿ ਇਹ ਦੱਸਣ ਦੀ ਵੀ ਕੋਸ਼ਿਸ਼ ਕੀਤੀ ਗਈ ਹੈ ਕਿ ਔਰਤ ਕਿੰਨੀਆਂ ਚੰਗੀਆਂ ਤੇ ਮਾੜੀਆਂ ਸਮਾਜਿਕ ਸਥਿਤੀਆਂ-ਪ੍ਰਸਥਿਤੀਆਂ ਦੇ ਕਾਰਨ ਆਪਣੀ ਚੰਗੀ ਹਾਲਤ ਵਿੱਚ ਪਹੁੰਚਦੀ ਹੈ। ਇਸ ਤੋਂ ਇਲਾਵਾ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਪ੍ਰਸਤੁਤ ਹੋਈਆਂ ਕਥਾ ਨਾਇਕਾਵਾਂ ਮਰਦ ਪ੍ਰਧਾਨ ਸਮਾਜ ਦੇ ਮਾੜੇ ਪੱਖ ਨੂੰ ਖ਼ਤਮ ਕਰਕੇ ਚੰਗੇ ਪੱਖਾਂ ਨੂੰ ਵੀ ਉਭਾਰਦੀਆਂ ਹਨ। ਸੁਖਜੀਤ ਤੇ ਵੀਨਾ ਵਰਮਾ ਦੀਆਂ ਔਰਤ ਨਾਇਕਾਵਾਂ ਮਰਦ ਪ੍ਰਧਾਨ ਸਮਾਜ ਤੋਂ ਡਰੀਆਂ-ਸਹਿਮੀਆਂ, ਰੋਂਦੀਆਂ-ਕੁਰਲਾਉਂਦੀਆਂ ਤੇ ਵਾਸਤੇ ਪਾਉਂਦੀਆਂ ਔਰਤਾਂ ਨਹੀਂ, ਬਲਕਿ ਇਹ ਮਰਦਾਵੇਂ ਸਮਾਜ ਨਾਲ ਸਿੱਧੀ-ਸਿੱਧੀ ਟੱਕਰ ਲੈ ਰਹੀਆਂ ਹਨ। ਜਿੱਥੇ ਸੁਖਜੀਤ ਦੀ ਕਹਾਣੀ 'ਚੰਦਰੀ' ਵਿੱਚਲੀ ਔਰਤ ਪਾਤਰ ਹੱਦ ਦਰਜੇ ਦੀ ਜ਼ਿੱਦੀ ਤੇ ਮੂੰਹ ਫੱਟ ਚੰਦਰੀ ਵੀ ਸਵੈ ਸੁਰੱਖਿਆ ਦੇ ਕਾਬਲ ਹੈ। 'ਕਾਮਬਲੀ' ਕਹਾਣੀ ਵਿੱਚਲੀ ਭੈਰਵੀ ਜੇਤੂ ਵਜੋਂ ਉੱਭਰ ਰਹੀ ਹੈ। ਉਹ ਓਮੀ ਦੇ ਹੱਠ ਨੂੰ ਬੜੀ ਸਹਿਜਤਾ ਨਾਲ ਤੋੜ੍ਹਦੀ ਹੈ। 'ਹਜ਼ਾਰ ਕਹਾਣੀਆਂ ਦਾ ਬਾਪ' ਵਿੱਚਲੀਆਂ ਧੀਆਂ ਆਤਮ ਵਿਸ਼ਵਾਸ ਨਾਲ ਭਰਪੂਰ ਅਜੋਕੀ ਔਰਤ ਦੇ ਬਿੰਬ ਨੂੰ ਸਾਕਾਰ ਕਰਦੀਆਂ ਹਨ। ਇਹ ਔਰਤਾਂ ਆਪਣੇ ਆਪ ਦੀ ਸੁਰੱਖਿਆ ਕਰਨ ਵਿੱਚ ਸਮਰੱਥ ਹਨ। ਉਹ ਆਪਣੇ ਉੱਤੇ ਮੰਦੀ ਨਜ਼ਰ ਰੱਖਣ ਵਾਲੇ ਗਿੱਲ ਨੂੰ ਖੁਦ ਹੀ ਢਾਹ ਲੈਂਦੀਆਂ ਹਨ। ਉੱਥੇ ਵੀਨਾ ਵਰਮਾ ਦੀ ਕਹਾਣੀ 'ਫ਼ਰੰਗੀਆਂ ਦੀ ਨੂੰਹ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਨਾਇਕਾ ਸ਼ਾਂਤੀ ਦਾ ਆਪਣੇ ਆਪ ਨੂੰ ਫਰੰਗੀਆਂ

ਦੀ ਨੂੰਹ ਸਮਝਣਾ ਅਤੇ ਚੰਗੇ ਹਾਲਾਤਾਂ ਅਨੁਸਾਰ ਆਪਣੀ ਮੁੱਢਲੀ ਹੋਂਦ ਨੂੰ ਭੁੱਲ ਕੇ ਨਵੀਂ ਸ਼ਕਤੀ ਅਤੇ ਪ੍ਰੇਰਨਾ ਵਜੋਂ ਉੱਭਰਨਾ ਹੀ ਨਾਰੀ ਸ਼ਕਤੀ ਦਾ ਰੂਪ ਮੰਨਣਾ ਹੈ। ਸ਼ਾਂਤੀ ਆਪਣੇ ਸ਼ਰਾਬੀ ਪਤੀ ਅੱਗੇ ਆਪਣੇ ਅਤੇ ਆਪਣੇ ਬੱਚਿਆਂ ਲਈ ਭੀਖ ਮੰਗ ਕੇ ਸਮਕਾਲੀ ਔਰਤ ਨੂੰ ਕਮਜ਼ੋਰ ਨਹੀਂ ਹੋਣ ਦਿੰਦੀ, ਸਗੋਂ ਇਸਦੇ ਵਿਰੋਧ ਵਿੱਚ ਡਟਦੀ ਹੈ। ਸ਼ਾਂਤੀ ਰਾਹੀਂ ਵਰਤਮਾਨ ਔਰਤ ਦਾ ਅਵਚੇਤਨ ਅਤੇ ਕਿਰਦਾਰ ਵਿਭਿੰਨ ਪਰਤਾਂ ਵਿੱਚ ਦ੍ਰਿਸ਼ਟੀਗੋਚਰ ਹੁੰਦਾ ਹੈ। ਕਦੇ ਉਹ ਔਰਤ ਵਾਂਗ ਵਿਚਰਦੀ ਹੈ, ਕਦੇ ਮਰਦ ਵਾਂਗ ਅਤੇ ਕਦੇ ਮਰਦ ਤੋਂ ਵੀ ਵੱਡੀ ਸ਼ਕਤੀ ਸਾਬਤ ਹੁੰਦੀ ਹੋਈ ਰੂੜ੍ਹੀਵਾਦੀ ਸਮਾਜ ਨੂੰ ਚੁਨੌਤੀ ਦਿੰਦੀ ਹੈ। ਸੁਖਜੀਤ ਤੇ ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਔਰਤ ਚੇਤਨਾ ਦੇ ਚੰਗੇ ਪੱਖ ਨੂੰ ਸਮਾਨਤਾਵਾਂ ਵਜੋਂ ਉਭਾਰਿਆ ਗਿਆ ਹੈ। ਜਿਵੇਂ ਕਿ ਸੁਖਜੀਤ ਦੇ ਕਹਾਣੀ ਹੁਣ ਮੈਂ ਇਜੁੰਆਏ ਕਰਦੀ ਆਂ ਦੀ ਕਹਾਣੀ ਹਜ਼ਾਰ ਕਹਾਣੀਆਂ ਦਾ ਬਾਪ 'ਚ ਹੈ ਕਿ:

> ਉਹ ਉਸਨੂੰ ਬਕਰੇ ਵਾਂਗ ਕੋਹ ਰਹੀਆਂ ਸਨ ... ਵੱਡੀ ਚਪੇੜਾਂ ਮਾਰ ਰਹੀ ਸੀ ਦੂਜੀ ਮਸਤ ਲੱਤਾਂ ਤੇ ਤੀਜੀ ਨੇ ਉਹਦੀ ਦਾੜ੍ਹੀ ਫੜੀ ਸੀ ਅਤੇ ਚੀਕ ਰਹੀ ਸੀ, ਤੂੰ ਸਾਡੇ ਪਾਪਾ ਦਾ ਲਹੂ ਪੀ ਲਿਆ ਅੱਜ ਅਸੀਂ ਦੱਸਦੀਆਂ ਤੈਨੂੰ ਕਿ ਅਸੀਂ ਉਹਦੀਆਂ ਧੀਆਂ ਨਹੀਂ ਪੁੱਤ ਆਂ ਪੁੱਤ।(21)

ਸੁਖਜੀਤ ਵਾਂਗਰ ਹੀ ਵੀਨਾ ਵਰਮਾ ਨੇ ਵੀ ਔਰਤਦੇ ਚੇਤਨ ਪੱਖ ਨੂੰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ ਹੈ ਜਿਸਦਾ ਨਮੂਨਾ ਵੀਨਾ ਵਰਮਾ ਨੇ *ਫ਼ਰੰਗੀਆਂ ਦੀ ਨੂੰਹ* 'ਚ ਆਖਦੀ ਹੈ:

> ਜੇ ਕੱਲੀ ਰਹੇਂਗੀ ਫੇਰ ਨੀ ਲੋਕ ਕੁਸ਼ ਕਹਿਣਗੇ। ਇਹ ਮੈਨੂੰ ਪੁੱਛ ਕੇ ਦੇਖ। ਕਿਵੇਂ ਕੁਤੀੜ ਮਗਰ ਪੈਂਦੀ ਐ। ਕੱਲੀ ਤੀਮੀਂ ਦੇਖ ਕੇ ਹਰ ਕੋਈ ਟਰਾਈ ਮਰਦੈ। ਮੈਂ ਜੁੱਤੀ ਮਾਰਦੀ ਆਂ ਇਹੋ-ਜਿਹੇ ਸਮਾਜ ਨੂੰ ਜਿਹੜਾ ਕਿਸੇ ਮਜ਼ੂਰ ਬੰਦੇ ਦਾ ਫੈਦਾ ਚੁਕਦੈ। ਜਿਉਂਦੇ ਬੰਦੇ ਨੂੰ ਹਰ ਚੀਜ਼ ਦੀ ਲੋੜ ਐ ਜੈ ਸ੍ਰੀ। ਪਰ ਔਰਤਾਂ ਵਾਸਤੇ ਸਾਹ ਲੈਣਾ ਵੀ ਗੁਨਾਹ ਐ।(270,271)

ਪਰੰਤੂ ਇੱਕ ਪਾਸੇ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਅਤੀ ਸੰਵੇਦਨਸ਼ੀਲ ਰਿਸ਼ਤੇ-ਨਾਤੇ ਵਿੱਚਲੇ ਪੈਦਾ ਹੋਏ ਚੰਗੇ ਪੱਖ ਸਮਾਨਤਾਵਾਂ ਵਜੋਂ

ਅਸਹਿਜਤਾ ਉੱਤੇ ਕੇਂਦਰਿਤ ਹਨ। ਪਰੰਤੂ ਇਸ ਅਸਹਿਜਤਾ ਦੇ ਵਿਕਾਰੂ ਅਤੇ ਅਨੈਤਿਕ ਭਾਵਾਂ ਨੂੰ ਪ੍ਰਚੰਡ ਕਰਨ ਦੀ ਪ੍ਰਬਲ ਸੰਭਾਵਨਾ ਉੱਤੇ ਸੁਖਜੀਤ ਤੇ ਵੀਨਾ ਵਰਮਾ ਦੀ ਸਵੱਸਥ ਪਹੁੰਚ ਵਿਰਾਮ ਲਗਾਉਂਦੀ ਹੈ। ਸੁਖਜੀਤ ਤੇ ਵੀਨਾ ਵਰਮਾ ਪਤੀ-ਪਤਨੀ, ਭੈਣ-ਭਰਾ ਆਦਿ ਵਿਚਾਲੇ ਪੈਦਾ ਹੋਈ ਅਸਹਿਜ ਸਥਿਤੀ ਦਾ ਵਸਤੂ-ਵਿਵੇਕ ਤਾਂ ਸਿਰਜਦੇ ਹਨ, ਪਰੰਤੂ ਉਸਨੂੰ ਉਚਿਤ ਠਹਿਰਾਉਣ ਜਾਂ ਪ੍ਰਵਾਨਗੀ ਦਿਵਾਉਣ ਲਈ ਯਤਨਸ਼ੀਲ ਨਹੀਂ ਹੁੰਦੇ। ਇਹੀ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੀ ਵਿਸ਼ੇਸ਼ਤਾ ਹੈ। ਜਿਵੇਂ ਕਿ ਸੁਖਜੀਤ ਦੀਆਂ ਕਹਾਣੀਆਂ 'ਦਾਅ', 'ਤੀਲ੍ਹਾ', 'ਮਾਰਕੀਟ', 'ਸਤਾਈ ਮੀਲ', 'ਬਰਫ਼' ਆਦਿ ਕਹਾਣੀਆਂ ਮਨੁੱਖ ਦੀ ਪ੍ਰਕਿਰਤਕ ਅਤੇ ਜੈਵਿਕ ਹੋਂਦ ਵਿੱਚਲੇ ਦਵੰਦ ਨਾਲ ਸੰਬੰਧਿਤ ਹਨ। ਸੁਖਜੀਤ ਦੀ ‘ਬਰਫ਼’ ਕਹਾਣੀ ਵਿੱਚ ਸ਼ਿਮਲੇ ਤੋਂ ਕੁਫਰੀ ਜਾ ਰਹੇ ਮਨੀਸ਼ ਅਤੇ ਬਰਖਾ (ਭਰਾ-ਭੈਣ) ਰਾਹ ਵਿੱਚ ਹੀ ਜੀਪ ਖਰਾਬ ਹੋ ਜਾਣ ਕਾਰਨ ਫਸ ਜਾਂਦੇ ਹਨ। ਅਤਿ ਦੀ ਠੰਡ ਤੋਂ ਬਚਣ ਲਈ ਦੋਹਾਂ ਨੂੰ ਇੱਕੋ ਕੰਬਲ ਦੇ ਸਹਾਰੇ, ਜੀਪ ਵਿੱਚਲੀ ਥੋੜ੍ਹੀ ਕੁ ਥਾਂ ਵਿੱਚ ਰਾਤ ਕੱਟਣ ਲਈ ਮਜਬੂਰ ਹੋਣਾ ਪੈਂਦਾ ਹੈ। ਇਸ ਸਥਿਤੀ ਵਿੱਚ ਦੋਹਾਂ ਦੀ ਹਾਲਤ ਡਾਵਾਂਡੋਲ ਹੋਣ ਲੱਗਦੀ ਹੈ ਜੋ ਨੈਤਿਕ ਮਰਯਾਦਾ ਉਲੰਘੇ ਜਾਣ ਦੀ ਸੰਭਾਵਨਾ ਪੈਦਾ ਕਰਦੀ ਹੈ। ਇਹ ਨੈਤਿਕ ਮਰਿਆਦਾ ਉਲੰਘੀ ਤਾਂ ਭਾਵੇਂ ਨਹੀਂ ਜਾਂਦੀ, ਪਰੰਤੂ ਦੋਹਾਂ ਦੀਆਂ ਦਵੰਦਾਤਮਕ ਸਥਿਤੀਆਂ ਤੋਂ ਉਲੰਘਣਾ ਦਾ ਭੈਅ ਜ਼ਰੂਰ ਰੂਪਮਾਨ ਹੁੰਦਾ ਹੈ। ਇਹ ਭੈਅ ਪ੍ਰਕਿਰਤਕ ਅਵਸਥਾ ਅਤੇ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਚੰਗੇ ਪੱਖ ਦੀ ਵਿਵਸਥਾ ਵਿੱਚਲੇ ਦਾਵੰਦਮਈ ਟਕਰਾਅ ਦਾ ਸੂਚਕ ਹੈ। ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਆਦਿ ਤੋਂ ਅੰਤ ਤੱਕ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਦਾਵੰਦਤਮਕ ਵਿੱਚਲੇ ਟਕਰਾਅ ਨੂੰ ਪ੍ਰਤੀਕਾਤਮਕ ਰੂਪ ਵਿੱਚ ਉਲੀਕਦੀਆਂ ਹਨ। ਸੁਖਜੀਤ ਦੀ 'ਬਰਫ਼' ਕਹਾਣੀ ਵਿੱਚ ਬਰਫ਼ ਪ੍ਰਕਿਰਤਕ ਅਵਸਥਾ ਦੀ ਹੀ ਪ੍ਰਤੀਕਾਤਮਕ ਅਭਿਵਿਅਕਤੀ ਹੈ। ਇਹ ਸਮੱਗਰ ਮਨੁੱਖ ਜਾਤੀ ਦੀ ਮੁੱਢਲੀ ਅਵਸਥਾ ਅਥਵਾ ਮਨੁੱਖ ਦੀ ਜੈਵਿਕ/ਪ੍ਰਕਿਰਤਕ ਹੋਂਦ ਨੂੰ ਪ੍ਰਗਟਾਉਂਦੀ ਹੈ। ਦੂਜੇ ਪਾਸੇ ਮਨੀਸ਼ ਅਤੇ ਬਰਖਾ ਵਿਚਾਲੇ ਭੈਣ-ਭਰਾ ਦਾ ਰਿਸ਼ਤਾ ਸਮਾਜਿਕ ਵਿਵਸਥਾ ਅਥਵਾ ਸਮਾਜਿਕ ਹੋਂਦ ਦਾ ਸੰਕੇਤਕ ਹੈ। ਕਿਉਂਕਿ ਮਨੁੱਖ ਦੀ ਜੈਵਿਕ ਅਤੇ ਸਮਾਜਿਕ ਹੋਂਦ ਦਾ ਸੰਬੰਧ ਕ੍ਰਮਵਾਰ ਜਨਮਜਾਤ

ਪ੍ਰਕਿਰਤੀ ਅਤੇ ਵਿਕਾਸ ਪ੍ਰਕਿਰਿਆ ਨਾਲ ਜੁੜਿਆ ਹੋਇਆ ਹੈ। ਮੂਲ ਤੌਰ ਤੇ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਸਮਾਨਤਾਵਾਂ ਤੇ ਵੱਖਰਤਾਵਾਂ ਨੂੰ ਪ੍ਰਕਿਰਤਕ ਅਵਸਥਾ ਅਤੇ ਸਮਾਜਿਕ ਵਿਵਸਥਾ ਨੂੰ ਇੱਕ-ਦੂਸਰੇ ਦੇ ਸਨਮੁੱਖ ਰੱਖ ਮਨੁੱਖੀ ਹੋਂਦ ਦੇ ਦਵੰਦ ਨੂੰ ਨਸ਼ਰ ਕਰਦੀਆਂ ਹਨ। ਇਹ ਦਵੰਦ ਸੁਖਜੀਤ ਦੀ 'ਬਰਫ਼' ਕਹਾਣੀ ਵਿੱਚ ਮਨੀਸ਼ ਅਤੇ ਬਰਖਾ ਦੀ ਭੈਅਗ੍ਰਸਤ ਸਥਿਤੀ-ਪ੍ਰਸਥਿਤੀ ਅਤੇ ਵਿਵਹਾਰ ਰਾਹੀਂ ਦ੍ਰਿਸ਼ਟੀਗੋਚਰ ਹੁੰਦਾ ਹੈ। ਮਨੀਸ਼ ਅਤੇ ਬਰਖਾ ਦਾ ਕਦੇ ਸ਼ੀਸ਼ੇ ਵਿੱਚ ਆਪਣਾ ਪ੍ਰਤੀਬਿੰਬ ਵੇਖ ਡਰ ਜਾਣਾ ਅਤੇ ਕਦੇ ਭੇੜੀਏ ਦੇ ਆਉਣ ਦਾ ਡਰ ਸਤਾਉਣਾ ਜਿੱਥੇ ਉਹਨਾਂ ਦੀ ਭੈਅਗ੍ਰਸਤ ਅਵਸਥਾ ਨੂੰ ਦਰਸਾ ਰਿਹਾ, ਉੱਥੇ ਗੁੱਝੇ ਰੂਪ ਵਿੱਚ ਭੈਭੀਤ ਹੋਣ ਦੇ ਅਸਲ ਕਾਰਨ ਨੂੰ ਵੀ ਉਭਾਰ ਰਿਹਾ ਹੈ। 'ਪ੍ਰਤੀਬਿੰਬ' ਅੰਧਕਾਰਮਈ ਅਵਚੇਤਨ ਅਤੇ 'ਭੇੜੀਆ' ਕਾਮੁਕ ਵਿਅਕਤੀ ਦੇ ਪ੍ਰਤੀਕਾਤਮਕ ਆਦਿ ਰੂਪ (Symbolic archetypes) ਹਨ। ਮਨੀਸ਼ ਅਤੇ ਬਰਖਾ ਦਾ ਪ੍ਰਤੀਬਿੰਬ ਵੇਖ ਡਰਨਾ ਸੰਕੇਤ ਕਰਦਾ ਹੈ ਕਿ ਦੋਵੇਂ ਦਮਿਤ ਕਾਮਨਾਵਾਂ ਅਤੇ ਇੱਛਾਵਾਂ ਨਾਲ ਗ੍ਰਸੇ ਸਵੈ ਦੇ ਹਨੇਰੇ ਪੱਖ ਨਾਲ ਰੂਬਰੂ ਹੋ ਚੁੱਕੇ ਹਨ। ਇਸ ਲਈ ਉਹਨਾਂ ਨੂੰ ਭੇੜੀਏ ਦਾ ਡਰ ਸਤਾਉਣ ਲੱਗਾ ਹੈ ਜਿਸ ਦੀ ਹੋਂਦ ਜੰਗਲ ਵਿੱਚ ਨਹੀਂ ਬਲਕਿ ਦੋਹਾਂ ਦੇ ਸਵੈ ਮਨ ਵਿੱਚ ਮੌਜੂਦ ਹੈ। ਇਹ ਅਹਿਸਾਸ ਮਨੀਸ਼ ਅਤੇ ਬਰਖਾ ਦੀ ਪ੍ਰਕਿਰਤਕ ਹੋਂਦ ਅਤੇ ਰਿਸ਼ਤੇ-ਨਾਤੇ ਵਿੱਚਲੇ ਤੀਖਣ ਸੰਘਰਸ਼ ਨੂੰ ਤੇਜ਼ ਕਰਦਾ ਹੈ। ਸੁਖਜੀਤ ਦੀ *ਅੰਤਰਾ* ਦੀ 'ਬਰਫ' ਕਹਾਣੀ ਇਸ ਆਂਤਰਿਕ ਸੰਘਰਸ਼ ਨੂੰ ਉਲੀਕਦੀ ਰਿਸ਼ਤਿਆਂ-ਨਾਤਿਆਂ ਦੀ ਮਰਿਆਦਾਗਤ ਸਾਰਥਕਤਾ ਨੂੰ ਬਰਕਰਾਰ ਰੱਖਣ ਵੱਲ ਮਨੀਸ਼ ਅਤੇ ਬਰਖਾ ਦੀ ਮਾਂ ਨੂੰ ਉਹਨਾਂ ਦੀ ਦਾਦੀ ਦੇ ਆਖੇ ਹੇਠਲੇ ਕਥਨ ਰਾਹੀਂ ਰਿਸ਼ਤੇ-ਨਾਤੇ ਵਿੱਚਲੇ ਸੂਖਮ ਤੇ ਚੰਗੇ ਪੱਖ ਵਾਲੇ ਸੰਕੇਤ ਯਾਦ ਆਉਂਦੇ ਰਹਿੰਦੇ ਹਨ। ਜਿਵੇਂ ਕਿ:

> ਦੇਖ ਕੁੜੇ ਬਹੂ, ਭਾਈ ਸਿਆਣਿਆਂ ਦੀ ਕਹੌਤ ਐ ਕਿ ਜੁਆਨ ਧੀ ਪੁੱਤ ਇੱਕ ਲਟੈਣ ਥੱਲੇ ਪੈਣ ਤਾਂ ਲਟੇਣ ਟੁੱਟ ਜਾਂਦੀ ਐ।(26)

ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਔਰਤ-ਮਰਦ ਸੰਬੰਧ ਅਜਿਹੀਆਂ ਧਾਰਨਾਵਾਂ ਸਿਰਜਦੇ ਹਨ, ਜਿਸ ਵਿੱਚ ਉਹ ਸਮਾਜ, ਸੱਭਿਆਚਾਰ,

ਅਮੀਰੀ ਗਰੀਬੀ ਤੇ ਆਲੇ ਦੁਆਲੇ ਨਾਲ ਸੰਬੰਧਿਤ ਚੰਗੇ ਪੱਖ ਤੋਂ ਅਜਿਹੇ ਪ੍ਰਸ਼ਨ ਸਮਾਜ ਦੇ ਸਨਮੁਖ ਕਰਦੇ ਹਨ, ਜਿਨ੍ਹਾਂ ਦਾ ਜਵਾਬ ਪਿਤਰਕੀ ਸਮਾਜ ਕੋਲ ਵੀ ਨਹੀਂ ਹੈ। ਉਹ ਸਮਾਜ ਵਿੱਚ ਆਪਣੀ ਵਸਤੂਮੁਖੀ ਪਹਿਚਾਣ ਨੂੰ ਤੋੜ ਕੇ ਲਿਆਕਤ ਅਤੇ ਅੰਦਰੂਨੀ ਸੁੰਦਰਤਾ ਨਾਲ ਜੁੜੇ ਅਸਤਿਤਵ ਨੂੰ ਸਪੱਸ਼ਟ ਕਰਦੇ ਹੋਏ ਬਰਾਬਰਤਾ ਲਈ ਯਤਨਸ਼ੀਲ ਹੁੰਦੇ ਹਨ। ਵੀਨਾ ਵਰਮਾ *ਮੁੱਲ ਦੀ ਤੀਵੀਂ* ਦੀ ਕਹਾਣੀ ਮੁੱਲ ਦੀ ਤੀਵੀਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ  ਔਰਤ ਦਾ ਅਵਚੇਤਨ ਮੁੱਖ ਤੌਰ' ਤੇ ਚੰਗੇ ਪੱਖ ਤੋਂ ਗ੍ਰਹਿਸਤੀ ਘਰ ਨਾਲ ਹੀ ਜੁੜਿਆ ਹੋਇਆ ਹੁੰਦਾ ਹੈ। ਉਹ ਆਪਣੀ ਸੰਪੂਰਨਤਾ ਗ੍ਰਹਿਸਤੀ ਘਰ ਨਾਲ ਸਮਝਦੀ ਹੈ। ਕਹਾਣੀ ਵਿੱਚ ਜਦੋਂ ਮੱਘਰ ਸਿੰਘ ਲੱਛਮੀ ਨੂੰ ਵਾਪਸ ਛੱਡਣ ਲਈ ਕਹਿੰਦਾ ਹੈ ਤਾਂ ਲੱਛਮੀ ਮੱਘਰ ਸਿੰਘ ਤਰਲੇ, ਮਿੰਨਤਾਂ ਦੇ ਵਾਸਤੇ ਪਾਉਂਦੀ ਹੈ।

> ਅਬ ਹਮ ਕਹਾਂ ਜਾਏਂਗੇ ਸਿਰਦਾਰ ਜੀ ਆਪਨਾ ਘਰ ਛੋੜ ਕੇ। ਔਰਤ ਏਕ ਬਾਰ ਜਿਸ ਘਰ ਮੇਂ ਚਲੀ ਜਾਤੀ ਹੈ ਉਸੇ ਹਮੇਸ਼ਾ ਅਪਨਾ ਹੀ ਘਰ ਸਮਝਦੀ ਹੈ। ਨਦੀ ਔਰ ਨਾਰੀ ਏਕ ਜੈਸੀ ਹੋਤੀ ਹੈ। ਜਬ ਕਿਸੀ ਮੇਂ ਸਮਾ ਜਾਤੀ ਹੈ ਤੋਂ ਅਲੱਗ ਨਹੀਂ ਹੋਤੀ। ਮੈਂ ਨਦੀ ਹੂੰ ਤੁਮ ਮੇਰੇ ਸਮੁੰਦਰ।  ਮੇਰਾ ਅੰਤ ਹੋ ਤੁਮ(22)

ਸੁਖਜੀਤ *ਅੰਤਰਾ* ਦੀ ਕਹਾਣੀ 'ਆਦਮਖ਼ੋਰ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਅਨਯ ਪੁਰਖੀ ਬਿਰਤਾਂਤ ਸ਼ੈਲੀ ਵਿੱਚ ਚੰਗੇ ਪੱਖ ਤੋਂ ਅਸਤਿੱਤਵ ਨੂੰ ਪੇਸ਼ ਕਰਦੀ ਹੈ। ਕਹਾਣੀ 'ਕਿਸਨੂੰ ਅਤੇ ਕਿਉਂ' ? ਇਹਨਾਂ ਸਵਾਲਾਂ ਦੇ ਜਵਾਬ ਵੱਲ ਕਹਾਣੀ ਦਾ ਬਿਰਤਾਂਤ ਅੱਗੇ ਪਾਤਰ ਬੀਬੇ ਨਾਂ ਦੇ ਸ਼ਖ਼ਸ ਤੋਂ ਤੁਰਦਾ ਤੇ ਨਿਖਰਦਾ ਹੈ। ਬੀਬੇ ਦਾ ਨਾਂ ਉਸਦੇ ਕਿਰਦਾਰ ਦੀ ਹਾਮੀ ਭਰ ਰਿਹਾ ਹੈ। ਮੁੱਢ ਤੋਂ ਪਿਤਾ ਦੇ ਸਾਏ ਤੋਂ ਮਹਿਰੂਮ ਰਹੇ ਬੀਬੇ ਨੂੰ ਮਾਂ ਦੇ ਮੋਹ ਵਿਹੂਣੇ ਰਵੱਈਏ ਨੇ ਹਮੇਸ਼ਾ ਦਬਾਈ ਰੱਖਿਆ। ਉਸਦੀ ਮਾਂ ਹਰ ਦਮ ਘਰ ਵਿੱਚ ਆਉਣ-ਜਾਣ ਵਾਲੇ ਸੰਤਾਂ ਦੀ ਸਾਖੀ ਵਿੱਚ ਲੀਨ ਰਹਿੰਦੀ। ਉਸ ਲਈ ਸਕੂਲੋਂ ਪੜ੍ਹ ਕੇ ਜਾਂ ਡੰਗਰ ਚਾਰ ਕੇ ਪਰਤੇ ਬੀਬੇ ਦਾ ਆਉਣਾ ਹਮੇਸ਼ਾ ਅਸਹਿ ਹੁੰਦਾ। ਕਿਉਂਕਿ ਇਸ ਨਾਲ ਉਸਦੀ ਸੰਤਾਂ ਪ੍ਰਤੀ ਲੱਗੀ ਲਗਨ ਵਿੱਚ ਵਿਘਨ ਪੈਂਦਾ। ਫਲਸਰੂਪ ਮਾਂ ਵੱਲੋਂ ਬੀਬੇ ਦੀ ਰੱਜ ਕੇ ਮਾਰ ਕੁਟਾਈ ਕੀਤੀ ਜਾਂਦੀ। ਇਸ ਸਭ

ਦਾ ਬੀਬੇ ਦੇ ਸੁਭਾਅ ਤੇ ਗਹਿਰਾ ਅਸਰ ਪਿਆ। ਉਹ ਹਮੇਸ਼ਾ ਡਰਿਆ-ਸਹਿਮਿਆ ਰਹਿਣ ਲੱਗਾ।

> ਤੈਨੂੰ ਰੱਬ ਦੀ ਰੱਖਾਂ ਵੇ ਬੱਚਾ ਵੇ ਤੈਨੂੰ ਕੁਝ ਨਾ ਹੋਵੇ। ਤੂੰ ਮੇਰੇ ਚੰਨ ਵੀਰ ਦੀ ਨਿਸ਼ਾਨੀ ਵੇ ਇਹ ਤਾਂ ਉਦੋਂ ਦੀ ਮਾਰ ਦੇਣ ਲੱਗੀ ਸੀ ਵੇ ਤੈਨੂੰ ਜਦੋਂ ਅਜੇ ਤੂੰ ਇਹਦੇ ਢਿੱਡ 'ਚ ਸੈਂ। ਬਚ ਕੇ ਰਹਿ ਬੱਚੜਿਆ, ਬਾਬਾ ਨਾਨਕ ਤੇਰੀ ਰੱਖਿਆ ਕਰੇ। ਇਹਨੂੰ ਸਮੱਤ ਦੇਵੇ ਰੱਬ, ਇਹ ਤੋਂ ਭਲੇ ਦੀ ਆਸ ਕੋਈ ਨਹੀਂ, ਪਹਿਲਾਂ ਇਹਨੇ ਮੇਰਾ ਵੀਰ ਖਾ ਲਿਆ।(33)

ਵੀਨਾ ਵਰਮਾ ਨੇ ਕਹਾਣੀ "ਜੋਗੀਆਂ ਦੀ ਧੀ'' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਚੰਗੇ ਪੱਖ ਵਜੋਂ "ਮੈਂ ਪਾਤਰ' ਨੂੰ ਘਰ ਦੀ ਸਥਾਪਤੀ ਲਈ ਜੂਝਦੇ ਵਿਖਾਇਆ ਗਿਆ ਹੈ ਕਿ ਔਰਤ ਲਈ ਘਰ ਕਿੰਨਾ ਜ਼ਰੂਰੀ ਹੈ। "ਮੈਂ ਪਾਤਰ' ਜਦੋਂ ਅਜੇ ਛੋਟੀ ਹੁੰਦੀ ਹੈ ਤਾਂ ਸੰਤਾ ਹਟਵਾਣੀਆ ਉਸਨੂੰ ਜੋਗੀਆਂ ਦੀ ਧੀ ਨਾਮ ਨਾਲ ਬੁਲਾਉਂਦਾ ਹੈ। ਘਰ ਪ੍ਰਤੀ ਖਿੱਚ ਤੋਂ ਉਹ ਸਦਾ ਡਰਦੀ ਰਹਿੰਦੀ ਹੈ ਕਿ ਸ਼ਾਇਦ ਇਹ ਉਸਦਾ ਘਰ ਨਹੀਂ ਹੈ ਅਤੇ ਮੈਂ ਤਾਂ ਪਰਾਈ ਹਾਂ। ਵਾਸਤਵ ਵਿੱਚ ਭਾਵੇਂ ਸੰਤੇ ਹਟਵਾਣੀਏ ਵੱਲੋਂ ਇਹ ਨਾਮ ਇੱਕ ਮਜ਼ਾਕ ਹੀ ਸੀ, ਪਰ "ਮੈਂ ਪਾਤਰ' ਨੂੰ ਸੱਚ-ਮੁੱਚ ਇਸ ਅਹਿਸਾਸ ਉਦੋਂ ਹੁੰਦਾ ਹੈ, ਜਦੋਂ ਉਹ ਵਾਰ-ਵਾਰ ਕਿਰਾਏ ਦੇ ਘਰ ਬਦਲਦੀ ਹੈ ਕਿ ਉਹ ਆਪਣਾ ਕਿਤੇ ਪੱਕਾ ਘਰ ਨਹੀਂ ਬਣਾ ਸਕੀ। ਜੋਗੀਆਂ ਵਾਂਗ ਦਰ-ਦਰ ਭਟਕ ਰਹੀ ਹੈ। ਵੀਨਾ ਵਰਮਾ ਨੇ ਕਹਾਣੀ *ਜੋਗੀਆਂ ਦੀ ਧੀ* ਦੁਆਰਾ ਮੈਂ ਪਾਤਰ ਨੂੰ ਬਿਆਨ ਕੀਤਾ ਹੈ ਕਿ :

> ਪਰਸੋਂ ਹੀ ਨਵੇਂ ਘਰ 'ਚ ਸ਼ਿਫਟ ਹੋ ਕਿ ਆਈ ਸੀ। ਆਈ ਕਾਹਦੀ ਸੀ ਬੱਸ ਐਵੇਂ ਹੀ ਸਮਾਨ ਸਣੇ ਆਪਣਾ ਆਪ ਲਿਆ ਕਿ ਸਿੱਟਿਆ ਸੀ ਏਥੇ ਏਸ ਨਵੇਂ ਮਕਾਨ ਤੇ।(282)

**(ਅ) ਮਾੜੇ ਪੱਖ ਵਜੋਂ ਸਮਾਨਤਾਵਾਂ ਤੇ ਵੱਖਰਤਾਵਾਂ**: ਅਜੋਕੇ ਪੰਜਾਬੀ ਕਹਾਣੀ ਨਾਲ ਜੁੜੇ ਕਹਾਣੀਕਾਰ ਸਮਾਜਿਕ ਮਨੁੱਖ ਤੇ ਕੁਦਰਤੀ ਮਨੁੱਖ ਵਿੱਚਲੇ ਦਵੰਦ ਨੂੰ ਸਮਾਜਿਕ ਪੱਧਰ ਤੇ ਆਪਣੀਆਂ ਕਹਾਣੀਆਂ ਵਿੱਚ ਰੂਪਮਾਨ ਕਰ ਰਹੇ ਹਨ। ਕਿਸੇ ਵੀ ਸੱਭਿਆਚਾਰਕ ਪ੍ਰਬੰਧ ਵਿੱਚ ਸੱਭਿਆਚਾਰਕ ਮਨਾਹੀਆਂ ਮਾਨਵੀ ਨੈਤਿਕ ਆਚਾਰ ਦਾ ਇੱਕ ਮਹੱਤਵਪੂਰਨ ਅੰਗ ਹੁੰਦੀਆਂ ਹਨ। ਇਨ੍ਹਾਂ ਨਾਲ ਸਾਡੀਆਂ ਪਰੰਪਰਾਵਾਂ, ਸੰਸਕਾਰ, ਰੀਤੀ-ਰਿਵਾਜ, ਮਨੌਤਾਂ ਤੇ ਰਹਿਣ-ਸਹਿਣ ਨਿਰਧਾਰਤ ਹੁੰਦੇ ਹਨ। ਵਿਸ਼ਵੀਕਰਨ ਤੇ ਮਸ਼ੀਨੀਕਰਨ ਦੇ ਇਸ

ਤਬਦੀਲੀ ਵਾਲੇ ਦੌਰ ਵਿੱਚ ਸਾਡੇ ਸਮਾਜਿਕ ਰਿਸ਼ਤਿਆਂ-ਨਾਤਿਆਂ ਵਿੱਚ ਨੈਤਿਕ-ਆਚਾਰ ਤੇ ਸੱਭਿਆਚਾਰਕ ਮਨਾਹੀਆਂ ਤਬਦੀਲ ਹੋ ਕੇ ਮਾੜੇ ਪੱਖ ਵਜੋਂ ਟੁੱਟ ਰਹੀਆਂ ਹਨ। ਡਾ. ਸੁਰਿੰਦਰ ਕੁਮਾਰ ਦਵੇਸ਼ਰ ਆਪਣੀ ਪੁਸਤਕ *ਔਰਤ, ਸੈਕਸ ਤੇ ਦਲਿਤਵਾਦ* 'ਚ ਔਰਤ ਦੀ ਹੋਂਦ ਸਬੰਧੀ ਲਿਖਦੇ ਹਨ ਕਿ:

> ਸਾਡੇ ਮਰਦ ਪ੍ਰਧਾਨ ਸਮਾਜ ਵਿੱਚ ਪਤੀ-ਪ੍ਰਮੇਸ਼ਵਰ ਦੀ ਧਾਰਣਾ ਇੱਕ ਮੁੱਲ ਵਜੋਂ ਸਥਾਪਤ ਰਹੀ ਹੈ ਪ੍ਰੰਤੂ ਔਰਤ ਦੀ ਵਾਸਤਵਿਕ ਸਥਿਤੀ ਵਿਅਕਤੀ ਹੋਣ ਨਾਲੋਂ ਵਸਤੂ ਦੇ ਨੇੜੇ ਸਮਝੀ ਜਾਂਦੀ ਰਹੀ ਹੈ, ਜੇ ਕਹਾਣੀ ਨੇ ਆਪਣੇ ਘਿਸੇ-ਪਿਟੇ ਥੀਮ ਨੂੰ ਇਸੇ ਰੂਪ ਵਿੱਚ ਪੁਨਰ-ਸਿਰਜਤ ਕਰਕੇ ਮਰਦ ਪ੍ਰਤੀ ਨਫ਼ਰਤ ਤੇ ਔਰਤ ਪ੍ਰਤੀ ਕਰੁਣਾ ਤੇ ਤਰਸ ਦੀ ਭਾਵੁਕਤਾ ਨੂੰ ਹੀ ਸੰਚਾਰਿਤ ਕਰਨਾ ਹੁੰਦਾ ਤਾਂ ਇਹ ਕਹਾਣੀ ਵੀ ਸਾਡੇ ਬਹੁਤੇ ਇਸਤਰੀ ਕਹਾਣੀਕਾਰਾਂ ਦੀਆਂ ਅਜਿਹੀਆਂ ਕਹਾਣੀਆਂ ਦੇ ਸਥਾਪਤ ਮਾਡਲ ਦਾ ਹੀ ਅਨੁਸਰਣ ਕਰਦੀ ਅਤੇ ਇਸ ਕਹਾਣੀ ਦਾ ਬਹੁਤਾ ਮੁੱਲ ਵੀ ਨਾ ਪੈਂਦਾ।(20)

ਸੁਖਜੀਤ ਦੀ ਕਹਾਣੀ 'ਜੀ ਬੀਬੀ ਜੀ' ਅਤੇ ਵੀਨਾ ਵਰਮਾ ਦੀ ਕਹਾਣੀ 'ਲਿੱਬੜੀ ਹੋਈ ਚਾਦਰ' ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਮਰਦ ਪ੍ਰਧਾਨ ਸਮਾਜ ਵਿੱਚਲੀ ਸੋਚ ਸਮਝ ਕਾਰਨ ਵਿਆਹੁਤਾ ਜੀਵਨ ਵਿੱਚਲੇ ਪਤੀ-ਪਤਨੀ ਦੇ ਆਪਸੀ ਤਕਰਾਰ ਅਤੇ ਅਣਜੋੜ ਵਿਆਹ ਸਮੱਸਿਆ ਨੂੰ ਮਾੜੇ ਪੱਖ ਦਾ ਸ਼ਬਦੀ ਜਾਮਾ ਸਮਾਨ ਰੂਪ ਵਿੱਚ ਪਹਿਨਾਉਂਦੀਆਂ ਹਨ। ਜਿਵੇਂ ਕਿ ਸੁਖਜੀਤ 'ਜੀ ਬੀਬੀ ਜੀ' ਕਹਾਣੀ ਵਿੱਚਲੀ ਮੁੱਖ ਕਿਰਦਾਰ ਸਿਮਰਨ ਨੂੰ ਮਰਦ ਪ੍ਰਧਾਨ ਸਮਾਜ ਦੇ ਅੰਤਰਗਤ ਅਧੀਨਗੀ ਵਜੋਂ ਪੇਸ਼ ਕਰਦੀ ਹੈ। ਸਿਮਰਨ ਜਨਮ ਤੋਂ ਜਵਾਨੀ ਤਕ ਤੈਅ ਕੀਤੀ ਗਈ ਜੀਵਨ ਯਾਤਰਾ ਮਰਦ ਪ੍ਰਧਾਨ ਸਮਾਜ ਵਿੱਚਲੇ ਲਿੰਗ ਆਧਾਰਿਤ ਵਿਤਕਰੇ ਨੂੰ ਅਧੀਨਗੀ ਵਜੋਂ ਸਵੀਕਾਰ ਕਰਦੀ ਆ ਰਹੀ ਹੈ। ਵੀਨਾ ਵਰਮਾ ਦੀ ਕਹਾਣੀ "ਲਿੱਬੜੀ ਹੋਈ ਚਾਦਰ'' ਵਿੱਚ ਸੁਜਾਤਾ ਅਤੇ ਸੰਜੀਵ ਨਾਮ ਦੇ ਪਿਸਦੇ ਜੋੜੇ ਦੀ ਕਹਾਣੀ ਹੈ, ਜਿਹੜੇ ਵਿਆਹ ਰਾਹੀਂ ਇਕੱਠੇ ਹੋਏ ਹਨ, ਪਰ ਅਣਜੋੜ ਵਿਆਹ ਕਾਰਨ ਦੋਹਾਂ ਦੇ ਦਿਲਾਂ ਵਿੱਚ ਇੱਕ ਦੂਜੇ ਲਈ ਕੋਈ ਜਗ੍ਹਾ ਨਹੀਂ, ਕਿਉਂਕਿ ਸੁਜਾਤਾ ਅਤੇ ਸੰਜੀਵ ਦੋਵੇਂ ਵੱਖਰੇ-ਵੱਖਰੇ ਸਮਾਜਿਕ ਸਿਸਟਮ ਦੀ ਪੈਦਾਇਸ਼ ਹਨ। ਦੋਵੇਂ ਵਿਆਹੁਤਾ-ਰਿਸ਼ਤੇ ਵਿੱਚ ਫਿੱਟ ਨਹੀਂ, ਮਾਪਿਆਂ ਦੀ ਗਲਤੀ ਕਾਰਨ ਦੋਹਾਂ ਦਾ ਵਿਆਹ ਤਾਂ ਹੋ ਜਾਂਦਾ ਹੈ,

ਪਰ ਸੰਜੀਵ ਜਿਹੜੀ ਸੁਜਾਤਾ ਦੀ ਪ੍ਰਵਾਹ ਨਹੀਂ ਕਰਦਾ। ਉਸ ਦਾ ਪ੍ਰਮਾਣਿਕ ਰੂਪ ਮਰਦ ਪ੍ਰਧਾਨ ਪ੍ਰਵਿਰਤੀ ਵਾਲੇ ਸਮਾਜ ਤੋਂ ਮਿਲਦਾ ਹੈ, ਜਿਵੇਂ ਕਿ ਖੁੱਲ੍ਹਾਂ ਮਾਣਦਾ ਹੋਇਆ ਅਤੇ ਬਾਹਰ ਦੂਸਰੀਆਂ ਔਰਤਾਂ ਨਾਲ ਤੁਰਿਆ ਫਿਰਦਾ ਮਰਦ। ਸੁਜਾਤਾ ਨਾਲ ਉਸਦਾ ਵਿਆਹ ਕੋਈ ਖ਼ਾਸ ਮਾਅਨੇ ਨਹੀਂ ਰੱਖਦਾ। ਸੁਜਾਤਾ ਆਪਣੇ ਮਾਪਿਆਂ ਦੁਆਰਾ ਕੀਤੀ ਇਸ ਗਲਤੀ ਨੂੰ ਕੋਸਦੀ ਹੋਈ ਆਪਣੀ ਵਿਆਹੁਤਾ ਜ਼ਿੰਦਗੀ ਤੋਂ ਬਹੁਤ ਨਿਰਾਸ਼ ਪ੍ਰਤੀਤ ਹੁੰਦੀ ਹੈ। ਸੁਜਾਤਾ ਨੂੰ ਆਪਣੇ ਪਤੀ ਦੀਆਂ ਆਪ ਮੁਹਾਰੀਆਂ ਕਾਰਨ ਇਕੱਲਤਾ ਮਹਿਸੂਸ ਹੁੰਦੀ ਹੈ। ਉਹ ਆਪਣੇ ਤਾਲੁਕਾਤ ਆਪਣੇ ਆਫ਼ਿਸ ਦੇ ਮੈਨੇਜਰ ਨਾਲ ਬਣਾ ਲੈਂਦੀ ਹੈ। ਉਹ ਵੀ ਉਸਨੂੰ ਵਰਤਣ ਤੱਕ ਹੀ ਸੀਮਤ ਰੱਖਦਾ ਹੈ। ਉਹ ਇੱਕ ਸ਼ਾਦੀ-ਸ਼ੁਦਾ ਮਰਦ ਹੈ ਜੋ ਆਪਣੀ ਬੀਵੀ ਨੂੰ ਵੀ ਬਰਾਬਰ ਦਾ ਹਿੱਸਾ ਦੇ ਰਿਹਾ ਹੈ ਅਤੇ ਸੁਜਾਤਾ ਨੂੰ ਵੀ। ਉਹ ਉਸਨੂੰ ਬੇ-ਪਨਾਹ ਮੁਹੱਬਤ ਕਰਨ ਦਾ ਨਾਟਕ ਕਰਦਾ ਹੈ। ਸੁਜਾਤਾ ਕਾਮ ਵਾਸਨਾ ਹਿੱਤ ਉਸ ਵੱਲ ਖਿੱਚੀ ਜਾਂਦੀ ਹੈ ਅਤੇ ਉਹ ਜਦ ਵੀ ਮੌਕਾ ਮਿਲਦਾ ਹੈ ਉਸ ਨਾਲ ਸਰੀਰਕ ਸੰਬੰਧ ਕਾਇਮ ਕਰਦੀ ਹੈ। ਕਾਮ ਵਾਸਨਾ ਵਿੱਚ ਭਟਕੀ ਜਦ ਇੱਕ ਦਿਨ ਉਸਦੇ ਘਰ ਜਾਂਦੀ ਹੈ, ਤਾਂ ਮਿਲਣ ਤੋਂ ਬਾਅਦ ਉਹ ਉਸਨੂੰ ਜਲਦੀ ਜਾਣ ਲਈ ਕਹਿੰਦਾ ਹੈ ਕਿ ਉਸਦੀ ਪਤਨੀ ਨਾ ਆ ਜਾਵੇ। ਜਦੋਂ ਸੁਜਾਤਾ ਜਾਣ ਲੱਗਦੀ ਹੈ ਤਾਂ ਸਹਿਵਾਸ ਸਮੇਂ ਵਰਤੀ ਗਈ ਬੈੱਡ ਸ਼ੀਟ ਵੀ ਉਹ ਉਸਨੂੰ ਲਿਜਾਣ ਲਈ ਲਿਫਾਫੇ ਵਿੱਚ ਪਾ ਕੇ ਦਿੰਦਾ ਹੈ। ਇਸ ਸਮੇਂ ਸੁਜਾਤਾ ਨੂੰ ਆਪਣੀ ਅਹਿਮੀਅਤ ਦਾ ਅਹਿਸਾਸ ਹੁੰਦਾ ਹੈ ਕਿ ਉਹ ਕੀ ਹੈ। ਇਸ ਤਰ੍ਹਾਂ ਸੁਖਜੀਤ *ਮੁੱਲ ਦੀ ਤੀਵੀਂ* ਦੀ ਕਹਾਣੀ ਜੀ ਬੀਬੀ ਜੀ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਮਰਦ ਪ੍ਰਧਾਨ ਸਮਾਜ ਦੀ ਸੋਚ ਅਧੀਨ ਮਾੜੇ ਪੱਖ ਵਜੋਂ ਔਰਤ ਦੀ ਤ੍ਰਾਸਦਿਕ ਸਥਿਤੀ-ਪ੍ਰਸਥਿਤੀ ਨੂੰ ਸਮਾਨਤਾਵਾਂ ਤੋਂ ਪੇਸ਼ ਕੀਤਾ ਗਿਆ ਹੈ। ਜਿਵੇਂ ਕਿ:

> ਪਰ ਅੱਕੀ ਨੇ ਕਾਲਜ ਜਾਣ ਤੋਂ ਪਹਿਲਾਂ ਪਹਿਲਾਂ ਆਪਣਾ ਨਾਂ ਬਦਲ ਕੇ ਸਿਮਰਨ ਰੱਖ ਲਿਆ ਸੀ। ਘਰ ਵਿੱਚ ਦਾਦੇ ਤੋਂ ਮਗਰੋਂ ਪਿਓ ਦਾ ਰਾਜ ਸੀ। ਨਾ ਕਦੇ ਦਾਦੀ ਨੇ ਉੱਚਾ ਸਾਹ ਲਿਆ ਸੀ, ਨਾ ਮਾਂ ਨੇ, ਅੱਗੋਂ ਹੋਸ਼ ਸੰਭਾਲਦੀ ਸਿਮਰਨ ਨੂੰ ਵੀ ਤਾੜਣਾ ਕਰ ਦਿੱਤੀ ਗਈ ਸੀ। ਪਿਓ ਦੀ ਉਮਰ ਅਜੇ ਢਾਲੇ ਨਹੀਂ ਸੀ ਪਈ ਕਿ ਛੋਟਾ ਭਰਾ ਜਵਾਨੀ ਚੜ੍ਹਨ ਲੱਗਾ। ਅੱਠਵੀਂ 'ਚੋਂ ਦੋ ਵਾਰੀ ਫੇਲ੍ਹ ਹੋ ਕੇ ਉਹ

ਪਿਓ ਨਾਲ ਫੈਕਟਰੀ ਜਾਣ ਲੱਗਾ। ਉਸ ਨੇ ਹਰ ਪਿਓ ਦਾ ਲਹਿਜਾ ਅਪਣਾ ਲਿਆ ਸੀ। ਫੈਕਟਰੀ ਤੇ ਘਰ ਵਿੱਚ ਵੀ। ਸਿਮਰਨ ਵੱਡੀ ਸੀ ਤੇ ਬੀ.ਏ. ਤਕ ਹਰ ਕਲਾਸ ਵਿੱਚ ਫਸਟ ਆਉਂਦੀ ਰਹੀ ਸੀ ਪਰ ਛੋਟੇ ਭਰਾ ਲਈ ਉਹ ਕਮ-ਅਕਲ ਤੇ ਵਾਧੂ ਸ਼ੈਅ ਸੀ। ਉਹ ਤਾਂ ਮਾਂ ਨੂੰ ਵੀ ਅੱਖਾਂ ਕੱਢ ਲੈਂਦਾ ਸੀ, ਪਿਓ ਦੀ ਰੀਸ ਅਤੇ ਸਹਿ ਨਾਲ। ਸਿਮਰਨ ਪੜ੍ਹ ਰਹੀ ਹੁੰਦੀ, ਉਹ ਆ ਕੇ ਲਾਈਟ ਬੁਝਾ ਦਿੰਦਾ ਤੇ ਹੁਕਮ ਚਾੜ੍ਹਦਾ, "ਸੌਂ ਜਾਂ ਵੱਡੀਏ ਪੜ੍ਹਾਕੇ ਤੇ ਹੋਰਾਂ ਨੂੰ ਵੀ ਸੌਣ ਦੇ..। ਤੇਰੇ ਵਾਂਗੂ ਵਿਹਲੇ ਨਹੀਂ ਸਾਰੇ..।(79)

ਇਸੇ ਤਰ੍ਹਾਂ ਮਰਦ ਪ੍ਰਧਾਨ ਸਮਾਜ ਦੀ ਸੋਚ ਅਧੀਨ ਮਾੜੇ ਪੱਖ ਵਜੋਂ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਵੀਨਾ ਵਰਮਾ ਨੇ *ਫਰੰਗੀਆਂ ਦੀ ਨੂੰਹ* ਦੀ ਕਹਾਣੀ ਲਿੱਬੜੀ ਹੋਈ ਚਾਦਰ ਵਿੱਚ ਪੇਸ਼ ਕੀਤਾ ਹੈ। ਜਿਵੇਂ ਕਿ:

ਸੁਜਾਤਾ ਘਰ ਦੀਆਂ ਪੀੜੀਆਂ ਉਤਰਦੀ ਹੋਈ ਸੋਚ ਰਹੀ ਸੀ ਕਿ ਕੀ ਫਰਕ ਸੀ ਉਸ ਵਿੱਚ ਅਤੇ ਉਸ ਲਿੱਬੜੀ ਚਾਦਰ ਵਿੱਚ? ਦੋਵੇਂ ਵਿਛਾਈਆਂ ਗਈਆਂ, ਵਰਤੀਆਂ ਗਈਆਂ ਤੇ ਇਕੱਠੀਆਂ ਕਰ ਤੇ ਘਰੋਂ ਬਾਹਰ ਸੁੱਟ ਦਿੱਤੀਆਂ ਗਈਆਂ। ਦੋਹਾਂ ਦਾ ਹੋਣਾ ਇਸ ਘਰ ਲਈ ਖ਼ਤਰਾ ਸੀ। ਉਸਨੂੰ ਲੱਗਿਆ ਜਿਵੇਂ ਉਹ ਪਲਾਸਟਿਕ ਬੈਗ ਵਿੱਚ ਖੁਦ ਆਪਣੇ ਆਪ ਨੂੰ ਚੁੱਕੀ ਜਾ ਰਹੀ ਸੀ।(237)

ਇਸ ਤਰ੍ਹਾਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਲਿੰਗ ਇੱਕ ਸਮਾਜਿਕ ਧਾਰਨਾ ਬਣੀ ਹੋਈ ਹੈ ਜਿਸ ਮੁਤਾਬਕ ਔਰਤ-ਮਰਦ ਦੀ ਭੂਮਿਕਾ ਜਨਮ ਤੋਂ ਨਿਰਧਾਰਤ ਨਹੀਂ ਹੁੰਦੀ, ਬਲਕਿ ਸਮਾਜ ਨਿਰਧਾਰਤ ਕਰਦਾ ਹੈ। ਇਸੇ ਕਰਕੇ ਨਾ ਤਾਂ ਇਹ ਹਮੇਸ਼ਾ ਲਈ ਸਥਿਰ ਰਹਿੰਦੀ ਹੈ ਅਤੇ ਨਾ ਹੀ ਹਰ ਸਮਾਜ ਵਿੱਚ ਇੱਕ ਸਮਾਨ ਹੁੰਦੀ ਹੈ। ਜਿੱਥੇ ਮਰਦ ਪ੍ਰਧਾਨ ਸਮਾਜ ਹੈ, ਉੱਥੇ ਆਦਮੀ ਦਾ ਪਲੜ੍ਹਾ ਭਾਰੀ ਹੁੰਦਾ ਹੈ। ਵੰਸ਼ ਉਸਦੇ ਨਾਮ ਉੱਤੇ ਚੱਲਦਾ ਹੈ। ਆਰਥਿਕ ਸ਼ਕਤੀ ਉਸਦੇ ਹੱਥ ਵਿੱਚ ਹੋਣ ਕਾਰਨ ਉਹ ਹੀ ਸ਼ਕਤੀਸ਼ਾਲੀ ਹੁੰਦਾ ਹੈ। ਇਸ ਸ਼ਕਤੀ ਨੂੰ ਬਣਾਏ ਰੱਖਣ ਲਈ ਸਮਾਜਿਕ ਪੱਖ ਦਾ ਪੂਰਾ ਢਾਂਚਾ ਉਸੇ ਤਰ੍ਹਾਂ ਉਸਾਰ ਦਿੱਤਾ ਜਾਂਦਾ ਹੈ। ਬਲਵਿੰਦਰ ਅਰੋੜਾ ਦੀ ਪੁਸਤਕ *ਨਾਰੀ ਸ਼ਕਤੀ* ਸਮਾਜੀਕਰਨ ਦੀ ਗੱਲ ਕਰਦੇ ਹੋਏ ਮਰਦ ਪ੍ਰਧਾਨ ਸਮਾਜ ਅਤੇ ਸਮਾਜਿਕ ਸ਼ਕਤੀਆਂ ਸਬੰਧੀ ਆਖਦੇ ਨੇ:

ਸਮਾਜੀਕਰਣ ਦੀਆਂ ਸਾਰੀਆਂ ਸੰਸਥਾਵਾਂ ਜਿਵੇਂ ਪਰਿਵਾਰ, ਸਕੂਲ, ਧਰਮ, ਰਾਜ, ਵਿਆਹ ਆਦਿ ਇਸੇ ਸ਼ਕਤੀ ਢਾਂਚੇ ਨੂੰ ਕਾਇਮ ਰੱਖਣ ਲਈ ਕਾਰਜਸ਼ੀਲ ਰਹਿੰਦੀਆਂ ਹਨ। ਪੰਜਾਬੀ ਸਮਾਜ ਦਾ ਇਹੋ ਸੱਚ ਹੈ।(28)

ਇਸ ਤਰ੍ਹਾਂ ਔਰਤ-ਮਰਦ ਪਰਾਧੀਨਤਾ ਅਤੇ ਪ੍ਰਧਾਨਤਾ ਦੀਆਂ ਅਵਸਥਾਵਾਂ ਨੂੰ ਇੱਕ-ਦੂਸਰੇ ਦੇ ਸਨਮੁੱਖ ਰੱਖ ਦੋਹਾਂ ਦੀ ਸਾਰਥਕਤਾ ਉੱਤੇ ਸਵਾਲ ਖੜ੍ਹੇ ਕਰ ਜਾਂਦੀਆਂ ਹਨ। ਇਹ ਸਦੀਆਂ ਤੋਂ ਚੱਲਦੇ ਆ ਰਹੇ ਮਰਦ ਪ੍ਰਧਾਨ ਸਮਾਜ ਦੀਆਂ ਵਧੀਕੀਆਂ ਅਤੇ ਉਸਦੇ ਵਿਰੋਧ ਵਿੱਚ ਉੱਭਰ ਰਹੇ ਔਰਤ ਪ੍ਰਤੀ ਉੱਤਰ ਦੋਹਾਂ ਦੇ ਜਾਇਜ਼ ਹੋਣ ਦਾ ਹੁੰਗਾਰਾ ਨਹੀਂ ਭਰਦੀਆਂ। ਜਾਤ, ਧਰਮ, ਲਿੰਗ, ਰਿਸ਼ਤਾ-ਨਾਤਾ ਆਦਿ ਅਨੇਕ ਪ੍ਰਕਾਰ ਦੀਆਂ ਪੂਰਵਧਾਰਨਾਵਾਂ ਵਿਅਕਤੀ ਦੇ ਸਮਾਜਿਕ ਪੱਖ ਦਾ ਹਿੱਸਾ ਹੁੰਦੀਆਂ ਹਨ। ਸੁਖਜੀਤ ਤੇ ਵੀਨਾ ਵਰਮਾ ਦੀਆਂ ਰਚਿਤ ਕਹਾਣੀਆਂ ਵਿਅਕਤੀ ਮਾਨਸਿਕਤਾ ਅਤੇ ਵਰਤ-ਵਿਵਹਾਰ ਨੂੰ ਨਿਰਧਾਰਤ ਅਤੇ ਪ੍ਰਭਾਵਿਤ ਕਰਨ ਵਿੱਚ ਧਰਮ, ਜਾਤ, ਲਿੰਗ ਅਤੇ ਰਿਸ਼ਤੇ-ਨਾਤਾ ਪ੍ਰਬੰਧ ਹਮੇਸ਼ਾ ਕਿਰਿਆਸ਼ੀਲ ਰਹਿੰਦਾ ਹੈ। ਵੀਨਾ ਵਰਮਾ ਦੀ ਕਹਾਣੀ ਖਾਲੀ ਪਲਾਟ ਪਾਤਰ ਜੱਸੀ ਮਾਂ ਪਿਉ ਦੁਆਰਾ ਇੰਗਲੈਂਡ ਵੱਸਦੇ ਹਰਿੰਦਰ ਨਾਲ ਵਿਆਹ ਕਰਾਉਣ ਦੀ ਮਨਸ਼ਾ ਨਾਲ ਪਹੁੰਚ ਜਾਂਦੀ ਹੈ। ਉਸਦੇ ਵੀ ਇਹੀ ਸੁਪਨੇ ਨੇ ਕਿ ਇਸ ਸੋਹਣੇ ਜਿਹੇ ਮੁਲਕ ਵਿੱਚ ਉਸਦਾ ਵੀ ਇੱਕ ਛੋਟਾ ਜਿਹਾ ਘਰ ਪਰਿਵਾਰ ਹੋਵੇਗਾ। ਪਰ ਇਹ ਸਭ ਕੁਝ ਉਸਦੀ ਕਲਪਨਾ ਹੀ ਪ੍ਰਤੀਤ ਹੁੰਦੀ ਹੈ, ਪਰ ਜਦੋਂ ਹਰਿੰਦਰ ਉਸਨੂੰ ਵਰਤ ਕੇ ਉਸ ਨਾਲ ਜਿਸਮਾਨੀ ਸੰਬੰਧ ਬਣਾ ਕੇ ਵਿਆਹ ਕਰਾਉਣ ਤੋਂ ਨਾਂਹ ਕਰ ਦਿੰਦਾ ਹੈ। ਇਸ ਤਰ੍ਹਾਂ ਸੁਖਜੀਤ ਦੇ ਕਹਾਣੀ ਦੀ ਕਹਾਣੀ ਹਜ਼ਾਰ ਕਹਾਣੀਆਂ ਦਾ ਬਾਪ ਤੇ ਵੀਨਾ ਵਰਮਾ ਦੀ ਕਹਾਣੀ ਖਾਲੀ ਪਲਾਟ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਮਾੜੇ ਪੱਖ ਵਜੋਂ ਕਾਮੁਕ ਹਵਸ ਪੂਰਤੀ ਤੇ ਜਾਤੀਗਤ ਊਚ ਨੀਚ ਭਾਵਨਾ ਵੱਖਰਤਾਵਾਂ ਵਜੋਂ ਉੱਭਰਦੀ ਹੈ। ਜਿਵੇਂ ਕਿ ਪਹਿਲਾਂ ਗੱਲ ਕਰਦੇ ਹਾਂ ਵੀਨਾ ਵਰਮਾ ਦੇ *ਮੁੱਲ ਦੀ ਤੀਵੀਂ* ਕਹਾਣੀ ਸੰਗ੍ਰਹਿ ਦੀ ਖਾਲੀ ਪਲਾਟ ਕਹਾਣੀ ਬਾਰੇ:

ਆਪਣਾ ਵਿਆਹ? ਤੈਨੂੰ ਕਿਸਨੇ ਕਿਹਾ ਆਪਣਾ ਵਿਆਹ ਹੋਵੇਗਾ। ਮੇਰਾ ਤੇਰੇ ਨਾਲ ਕੀ ਦੁਨੀਆਂ ਦੀ

ਕਿਸੇ ਕੁੜੀ ਨਾਲ ਵਿਆਹ ਕਰਾਉਣ ਦਾ ਕੋਈ ਇਰਾਦਾ ਨਹੀਂ।(29)

ਇਵੇਂ ਹੀ ਸੁਖਜੀਤ ਦੇ *ਹੁਣ ਮੈਂ ਇੰਜੁਆਏ ਕਰਦੀ ਆਂ* ਦੀ ਕਹਾਣੀ ਹਜ਼ਾਰ ਕਹਾਣੀਆਂ ਦਾ ਬਾਪ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਮਾੜੇ ਪੱਖ ਵਜੋਂ ਕਾਮੁਕ ਹਵਸ ਪੂਰਤੀ ਤੇ ਜਾਤੀਗਤ ਉਚ ਨੀਚ ਭਾਵਨਾ ਵੱਖਰਤਾਵਾਂ ਵਜੋਂ ਉੱਭਰਦੀ ਹੈ:

> ਸਾਲੇ ਜੱਟ। ਠੀਕ ਈ ਕਿਹਾ ਸੀ ਵਡੇਰਿਆਂ ਨੇ ਕਿ ਇਨ੍ਹਾਂ ਤੋਂ ਦੂਰ ਈ ਰਹੋ। ਸਾਲਾ ਹੁਣ ਮੈਨੂੰ ਸਾਸਰੀ ਕਾਲ ਵੀ ਨਹੀਂ ਕਰਦਾ, ਆਕੜ ਕੇ ਲੰਘੂ, ਜਿਵੇਂ ਸਾਲੇ ਦਾ ਮੈਂ ਹੱਕ ਮਾਰ ਲਿਆ ਹੋਵੇ ਸਾਲੇ ਜੱਟ ਸਮਝਦੇ ਆ ਕਿ ਨਿੱਕੀਆਂ ਜਾਤਾਂ ਦੀਆਂ ਤੀਵੀਆਂ ਤੇ ਤਾਂ ਹੱਕ ਹੀ ਹੈ ਉਨ੍ਹਾਂ ਦਾ। ਸਾਲਿਓ ਮੇਰੇ ਮੁੰਡਾ ਈ ਨਹੀਂ ਹੋਇਆ ਕੋਈ, ਜੇ ਹੁੰਦਾ ਤਾਂ ਮੈਂ ਜੱਟਾਂ ਵਾਂਗੂੰ ਪਾਲਦਾ, ਫੇਰ ਦੇਖਦੇ ਕਿਵੇਂ ਮਾਗਟਾਂ ਦੀ। ਉਹਨੂੰ ਕਹਿੰਦਾ, "ਜਾਹ ਪੁੱਤ ਇਨ੍ਹਾਂ ਜੱਟਾਂ ਦੀ। ਪਰ ਧੀਆਂ ਦਾ ਕੀ ਕਰਾਂ? ਇਨ੍ਹਾਂ ਦੇ ਤਾਂ ਦੁੱਖ ਹੀ ਦੁੱਖ ਨੇ।(20)

ਉਪਰੋਕਤ ਰੂਪ ਵਿੱਚ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਚੰਗੇ ਤੇ ਮਾੜੇ ਪੱਖਾਂ ਨੂੰ ਸਮਾਨਤਾਵਾਂ ਤੇ ਵੱਖਰਤਾਵਾਂ ਦੇ ਪਾਸਾਰਾਂ ਤੋਂ ਪੇਸ਼ ਕੀਤਾ ਗਿਆ ਹੈ। ਸਿਰਜਨਾਤਮਿਕ ਅਤੇ ਕਲਾਤਮਿਕ ਪੱਖ ਤੋਂ ਇਹਨਾਂ ਕਹਾਣੀਆਂ ਦਾ ਬਿਰਤਾਂਤ ਮਨੁੱਖੀ ਜੀਵਨ ਦੀਆਂ ਨਿੱਕੀਆਂ-ਨਿੱਕੀਆਂ ਪਰਤਾਂ ਨੂੰ ਫਰੋਲਣਾ ਹੈ। ਇਹਨਾਂ ਪਰਤਾਂ ਵਿਚੋਂ ਪਾਤਰਾਂ ਦੀਆਂ ਮੂਲ ਸਮੱਸਿਆਵਾਂ ਦਾ ਉਭਾਰ ਸਮਾਨਤਾਵਾਂ ਅਤੇ ਵੱਖਰਤਾਵਾਂ ਦੇ ਆਧਾਰ ਤੇ ਸਪੱਸ਼ਟ ਦਿਖਾਈ ਦਿੰਦਾ ਹੈ। ਸੁਖਜੀਤ ਤੇ ਵੀਨਾ ਵਰਮਾ ਦਾ ਕਹਾਣੀ ਸੰਸਾਰ ਬਾਹਰਮੁਖੀ ਸਥਿਤੀਆਂ-ਪ੍ਰਸਥਿਤੀਆਂ ਦੇ ਪ੍ਰਸੰਗ ਵਿੱਚ ਅੰਦਰਲੇ ਵੇਗ ਨੂੰ ਸੰਸਕ੍ਰਿਤਕ (ਧਰਮ, ਜਾਤ, ਸੰਬੰਧ, ਮੁਲਕ, ਮਿਥਿਹਾਸਕ/ਇਤਿਹਾਸਕ) ਕੋਡਾਂ ਦੇ ਚੰਗੇ ਤੇ ਮਾੜੇ ਪੱਖਾਂ ਰਾਹੀਂ ਪੇਸ਼ ਕਰਦਾ ਹੈ। ਉਸਦੀਆਂ ਕਹਾਣੀਆਂ ਸਮਾਜ ਦੇ ਬਹੁ-ਪਾਸਾਰਾਂ ਮਨੁੱਖੀ ਰਿਸ਼ਤਿਆਂ-ਨਾਤਿਆਂ ਦੇ ਮਾਨਵੀ ਅਤੇ ਅਮਾਨਵੀ ਸੰਦਰਭਾਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਔਰਤ ਮਰਦ ਦੀਆਂ ਗੁੰਝਲਾਂ ਦੇ ਪੱਧਰ 'ਤੇ ਸਮਾਨਤਾ ਅਤੇ ਵੱਖਰਤਾ ਤੋਂ ਚੰਗੇ ਤੇ ਮਾੜੇ ਪੱਖ ਤੋਂ ਚਿਤਰਿਤ ਕਰਦੀਆਂ ਹਨ। ਮੂਲ

ਰੂਪ ਵਿੱਚ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਚੰਗੇ ਤੇ ਮਾੜੇ ਪੱਖਾਂ ਤੋਂ ਪਾਸਾਰਾਂ ਤਹਿਤ ਵਿਭਿੰਨ ਕਿਸਮ ਦੇ ਤਣਾਓ ਅਤੇ ਟਕਰਾ ਸਮਾਨਤਾਵਾਂ ਤੇ ਵੱਖਰਤਾਵਾਂ ਵਜੋਂ ਉਜਾਗਰ ਹੁੰਦੇ ਹਨ। ਸੁਖਜੀਤ ਤੇ ਵੀਨਾ ਵਰਮਾ ਦਾ ਕਹਾਣੀ ਰੂਪ ਵੀ ਸਮਾਜਿਕ ਸਥਿਤੀ ਵਿੱਚਲੇ ਸੰਕਟਾਂ ਨੂੰ ਮੁਖ਼ਾਤਬ ਹੈ। ਪਰ ਛੂਤ-ਛਾਤ, ਜਾਤ-ਪਾਤ, ਜਾਤੀ ਵਿਤਕਰਾ, ਸਮਾਜਿਕ ਅਨਿਆਂ, ਬੌਧਿਕ ਅਸਹਿਮਤੀ, ਸਮਾਜਿਕ ਵਿਰੋਧ, ਔਰਤਾਂ ਦਾ ਸ਼ੋਸ਼ਣ, ਈਰਖਾ ਸਾੜਾ, ਸਮਾਜਿਕ ਬਾਈਕਾਟ, ਆਰਥਿਕ ਸ਼ੋਸ਼ਣ ਸਮਾਜਿਕ ਦਬਾਓ, ਮਾਨਸਿਕ ਦਬਾਓ ਆਦਿ ਵਰਗੇ ਚੰਗੇ ਮਾੜੇ ਪੱਖ ਕਹਾਣੀਆਂ ਦਾ ਵਿਸ਼ਾ ਬਣਦੀਆਂ ਹੋਈਆਂ ਸਮਾਨਤਾਵਾਂ ਅਤੇ ਵੱਖਰਤਾਵਾਂ ਤੋਂ ਉੱਭਰਦੀਆਂ ਹਨ।

**4.3. ਆਰਥਿਕ ਪੱਖ:** ਕੋਈ ਵੀ ਸਾਹਿਤ ਰੂਪ ਸਥਿਰ, ਅਕੱਟ ਅਤੇ ਅਬਦਲਣਯੋਗ ਸੰਰਚਨਾ ਨਹੀਂ ਹੁੰਦਾ। ਜਿਵੇਂ-ਜਿਵੇਂ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਤਬਦੀਲੀ ਆਉਂਦੀ ਹੈ ਅਤੇ ਯੁੱਗ-ਚੇਤਨਾ ਵਿੱਚ ਪਰਿਵਰਤਨ ਵਾਪਰਦਾ ਹੈ ਤਾਂ ਬਦਲੀਆਂ ਯੁੱਗ ਸਥਿਤੀਆਂ-ਪਰਿਸਥਿਤੀਆਂ ਅਤੇ ਚੇਤਨਾ ਅਨੁਕੂਲ ਸਾਹਿਤ ਰੂਪ ਬਣਦੇ, ਬਿਨਸਦੇ ਅਤੇ ਪਰਿਵਰਤਿਤ ਹੁੰਦੇ ਹਨ। ਸਾਹਿਤਕਾਰ ਦੀ ਸਿਰਜਣਾ ਸਮਾਜਿਕ ਅਮਲ ਹੁੰਦੀ ਹੈ। ਜਦੋਂ ਯੁੱਗ ਸਥਿਤੀਆਂ-ਪਰਿਸਥਿਤੀਆਂ ਬਦਲਦੀਆਂ ਹਨ ਤਾਂ ਇਸ ਦੇ ਅਸਰ ਅਧੀਨ ਨਾ ਸਿਰਫ਼ ਵਸਤੂ ਦ੍ਰਿਸ਼ਟੀ ਵਿੱਚ ਤਬਦੀਲੀ ਵਾਪਰਦੀ ਹੈ, ਸਗੋਂ ਰਚਨਾਤਮਿਕ ਰੀਤੀਆਂ ਅਤੇ ਸੰਰਚਨਾ ਵਿੱਚ ਵੀ ਬਦਲਾਅ ਆਉਂਦਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਮਨੁੱਖੀ ਚੇਤਨਾ ਅਤੇ ਆਪਸੀ ਸਬੰਧਾਂ ਵਿੱਚ ਆਏ ਪਰਿਵਰਤਨਾਂ ਨੂੰ ਸੁਖਜੀਤ ਤੇ ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਬੜੀ ਖ਼ੂਬਸੂਰਤੀ ਨਾਲ ਚੰਗੇ ਤੇ ਮਾੜੇ ਪੱਖ ਤੋਂ ਪੇਸ਼ ਕੀਤਾ ਹੈ। ਇਨ੍ਹਾਂ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਚੰਗੇ ਤੇ ਮਾੜੇ ਪੱਖਾਂ ਕਾਰਨ ਮਾਨਵੀ ਰਿਸ਼ਤਿਆਂ-ਨਾਤਿਆਂ ਵਿੱਚ ਪੈਦਾ ਹੋਈਆਂ ਆਪਸੀ ਦਰਾਰਾਂ ਨੂੰ ਪੇਸ਼ ਕੀਤਾ ਗਿਆ ਹੈ। ਔਰਤ ਮਰਦ ਦੇ ਤਣਾਅਗ੍ਰਸਤ ਸੰਬੰਧ, ਅਣਜੋੜ ਰਿਸ਼ਤਿਆਂ ਦਾ ਦੁਖਾਂਤ, ਪੈਸੇ ਦੇ ਲਾਲਚ ਕਰਕੇ ਇੱਕ ਤੋਂ ਵੱਧ ਮਰਦਾਂ ਨਾਲ ਸੰਬੰਧ, ਪੱਕੇ ਹੋਣ ਦੇ ਚੱਕਰ ਵਿੱਚ ਔਰਤ ਦੀ ਭੋਗੀ ਬਿਰਤੀ, ਨੌਕਰੀਪੇਸ਼ਾ ਔਰਤ ਦਾ ਸਰੀਰਕ ਤੇ ਮਾਨਸਿਕ

ਸ਼ੋਸ਼ਣ, ਔਰਤ ਹੋਣ ਦੀ ਸਮੱਸਿਆ ਅਤੇ ਰਿਸ਼ਤਿਆਂ ਵਿੱਚ ਗੁਆਚ ਰਹੇ ਮੋਹ ਦਾ ਸੰਤਾਪ ਆਦਿ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਨੂੰ ਚੰਗੇ ਤੇ ਮਾੜੇ ਵਜੋਂ ਉੱਭਰਦੇ ਹਨ। ਸੁਖਜੀਤ ਤੇ ਵੀਨਾ ਵਰਮਾ ਦਾ ਕਹਾਣੀ ਸੰਸਾਰ ਵਿੱਚ ਉੱਘੜਨ ਵਾਲਾ ਔਰਤ-ਮਰਦ ਦਾ ਗਲਪੀ ਬਿੰਬ ਵਿਸ਼ੇਸ਼ ਤੌਰ ਤੇ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਚੰਗੇ ਤੇ ਮਾੜੇ ਪੱਖ ਵਜੋਂ ਸਮਾਨਤਾਵਾਂ ਤੇ ਵੱਖਰਤਾਵਾਂ ਵੱਲ ਧਿਆਨ ਖਿੱਚਦਾ ਹੈ। ਜਿਵੇਂ ਕਿ ਸੁਖਜੀਤ ਦੀਆਂ ਕਹਾਣੀਆਂ ਆਦਮਖ਼ੋਰ, ਮਾਰਕੀਟ, ਹੁਣ ਮੈਂ ਇੰਜੁਆਏ ਕਰਦੀ ਆਂ, ਪਾਤਸ਼ਾਹ, ਦਾਅ ਆਦਿ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ ਕਾਲਾ ਕੱਛਾ, ਫਰੰਗੀਆਂ ਦੀ ਨੂੰਹ', 'ਖਾਲੀ ਪਲਾਟ', 'ਇੱਕ ਸੀ ਮੈਂ', 'ਚਾਰ ਰਾਤਾਂ' 'ਲਿੱਬੜੀ ਹੋਈ ਚਾਦਰ' ਅਤੇ 'ਗੋਲੇ ਕਬੂਤਰ' ਆਦਿ ਔਰਤ-ਮਰਦ ਰਿਸ਼ਤੇ-ਨਾਤੇ, ਦੀਆਂ ਨਵੀਨ ਆਰਥਿਕ ਸਥਿਤੀਆਂ-ਪ੍ਰਸਥਿਤੀਆਂ ਨੂੰ ਸਮਾਨਤਾਵਾਂ ਅਤੇ ਵੱਖਰਤਾਵਾਂ ਵਜੋਂ ਚੰਗੇ ਤੇ ਮਾੜੇ ਪੱਖ ਤੋਂ ਪੇਸ਼ ਕਰਨ ਲਈ ਪ੍ਰਮੁੱਖ ਰੂਪ ਵਿੱਚ ਮਹੱਤਵਪੂਰਨ ਅਤੇ ਆਕਰਸ਼ਣ ਹਨ। ਜਿੰਨ੍ਹਾਂ ਦਾ ਨਿਮਨਲਿਖਤ ਵੇਰਵਾ ਹੇਠ ਲਿਖੇ ਅਨੁਸਾਰ ਹੈ:

**(ੳ) ਚੰਗੇ ਪੱਖ ਵਜੋਂ ਸਮਾਨਤਾਵਾਂ ਤੇ ਵੱਖਰਤਾਵਾਂ**: ਮਨੁੱਖ ਆਪਣੇ ਸਮਾਜ-ਸੱਭਿਆਚਾਰ ਜੀਵਨ ਨੂੰ ਉੱਪਰ ਚੁੱਕਣ ਲਈ ਆਰਥਿਕ ਪੱਖ ਨੂੰ ਮਜਬੂਤ ਕਰਨ ਲਈ ਹਮੇਸ਼ਾ ਤਤਪਰ ਰਹਿੰਦਾ ਹੈ, ਕਿਉਂਕਿ ਅਜੋਕੇ ਸਮੇਂ ਜੇਕਰ ਮਨੁੱਖ ਨੇ ਖੁਸ਼ਹਾਲ ਜ਼ਿੰਦਗੀ ਜਿਉਣੀ ਹੈ ਤਾਂ ਉਸਦੀ ਆਰਥਿਕ ਸਥਿਤੀ-ਪਰਸਥਿਤੀ ਮਜਬੂਤ ਹੋਣੀ ਲਾਜ਼ਮੀ ਹੈ, ਸਮਾਜ ਵਿੱਚ ਇਹ ਆਰਥਿਕ ਵਸੀਲੇ ਹੀ ਮਨੁੱਖ ਨੂੰ ਇੱਜਤ ਮਾਣ ਦਿੰਦੇ ਹਨ। ਡਾ. ਸੁਖਦਿਆਲ ਸਿੰਘ ਆਰਥਿਕ ਪੱਖ ਦੇ ਚੰਗੇ ਪੱਖ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਕਿਰਤ ਨੂੰ ਮਹੱਤਤਾ ਦਿੰਦੇ ਹੋਏ ਆਪਣੀ ਪੁਸਤਕ *ਪਰਭੂਸਤਾ ਸਿਧਾਂਤ* 'ਚ ਕਹਿੰਦੇ ਹਨ ਕਿ:

> ਗੁਰੂ ਨਾਨਕ ਦੇਵ ਜੀ ਨੇ ਭਾਈਚਾਰੇ ਵਿੱਚ ਕੰਮ ਕਰੋ, ਵੰਡ ਛਕੋ ਅਤੇ ਨਾਮ ਜਪੋ ਦੇ ਆਧਾਰ ਤੇ ਕਿਰਤ ਦਾ ਸੰਕਲਪ ਦਿੱਤਾ ਹੈ।(56)

ਸੁਖਜੀਤ ਦੁਆਰਾ ਰਚਿਤ 'ਦਾਅ'ਕਹਾਣੀ ਅਤੇ ਵੀਨਾ ਵਰਮਾ ਦੁਆਰਾ ਰਚਿਤ 'ਕਾਲਾ ਕੱਛਾ' ਕਹਾਣੀ ਸਾਧਾਰਨ ਲੋਕਾਈ ਦੇ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਦੇ ਆਰਥਿਕ ਪੱਖ ਤੋਂ ਚੰਗੇ

ਪੱਖ ਨੂੰ ਵੱਖਰੀਆਂ-ਵੱਖਰੀਆਂ ਸਥਿਤੀਆਂ-ਪ੍ਰਸਥਿਤੀਆਂ ਤੋਂ ਸਮਾਨਤਾਵਾਂ ਵਜੋਂ ਰੂਪਮਾਨ ਕਰਦੀਆਂ ਹਨ। ਜਿੱਥੇ ਸੁਖਜੀਤ ਦੀ ਕਹਾਣੀ 'ਦਾਅ' ਦਾ ਕੇਂਦਰੀ ਪਾਤਰ ਗਿੰਦਾ ਇਲਾਕੇ ਦਾ ਮੰਨਿਆ-ਪ੍ਰਮੰਨਿਆ ਭਲਵਾਨ ਹੈ। ਉਸਦੇ ਘੁਲਣ ਦੀ ਸਫਾਈ ਦੀ ਧੁੰਮ ਦੂਰ-ਦੂਰ ਤੱਕ ਹੈ। ਪਰੰਤੂ ਪਿੰਡ ਦੇ ਸਰਪੰਚ ਦੇ ਮੁੰਡੇ ਮਲਕੀਤ ਨਾਲ ਗਿੰਦੇ ਦੇ ਘੁਲਣ ਦੀ ਘਟਨਾ ਲੋਕਾਂ ਨੂੰ ਹੈਰਾਨ ਕਰਦੀ ਹੈ। ਹੈਰਾਨੀ ਦੀ ਵਜ੍ਹਾ ਇਹ ਹੈ ਕਿ ਵੀਹਾਂ ਪਿੰਡਾਂ ਤੋਂ ਝੰਡੀ ਪੁੱਟਣ ਵਾਲਾ ਗਿੰਦਾ ਭਲਵਾਨ ਮਲਕੀਤ ਵਰਗੇ ਸਾਧਾਰਨ ਭਲਵਾਨ ਨੂੰ ਕਿਉਂ ਢਾਅ ਨਹੀਂ ਪਾ ਰਿਹਾ ਹੈ ? ਲੋਕ ਇਸ ਗੱਲ ਤੋਂ ਅਨਜਾਣ ਹਨ ਕਿ ਗਿੰਦਾ ਸਰਪੰਚ ਤੋਂ ਆਪਣੇ ਬੱਚੇ ਦੇ ਇਲਾਜ ਲਈ ਫੜੇ ਪੈਸਿਆਂ ਬਦਲੇ ਮਲਕੀਤ ਵੱਲੋਂ ਢੱਠਣ ਦੀ ਸ਼ਰਤ ਪਹਿਲਾਂ ਹੀ ਮੰਨ ਚੁੱਕਾ ਹੈ। ਇਸ ਘੋਲ ਦੌਰਾਨ ਗਿੰਦੇ ਨੂੰ ਖੁਦ ਤੀਖਣ, ਆਰਥਿਕ ਸੰਘਰਸ਼ਮਈ ਜੀਵਨ ਚੋਂ ਗੁਜ਼ਰਨਾ ਪੈਂਦਾ ਹੈ। ਜਿੱਥੇ ਇਹ ਆਰਥਿਕ ਸੰਘਰਸ਼ 'ਗਿੰਦੇ ਬਾਪੂ' ਅਤੇ 'ਗਿੰਦੇ ਭਲਵਾਨ' ਵਿੱਚਕਾਰ ਹੈ, ਉੱਥੇ ਚੰਗੇ ਪੱਖ ਤੋਂ ਮਾਨਵੀ ਰਿਸ਼ਤੇ-ਨਾਤਿਆਂ ਵਿੱਚਲੀ ਮੋਹ-ਤੰਦ ਨੂੰ ਉਘਾੜਦਾ ਹੈ। ਇਸੇ ਵੀਨਾ ਵਰਮਾ ਦੀ ਕਹਾਣੀਆਂ "ਕਾਲਾ ਕੱਛਾ'' ਅਤੇ 'ਖਾਲੀ ਪਲਾਟ' ਦੀਆਂ ਨਾਇਕਾਵਾਂ ਅਣਜੋੜ ਵਿਆਹ ਦੀ ਸਮੱਸਿਆ ਤੋਂ ਪੀੜਤ ਔਰਤਾਂ ਹਨ। 'ਕਾਲਾ ਕੱਛਾ' ਕਹਾਣੀ ਦੀ ਸ਼ੀਲਾ ਦੇ ਮਾਪਿਆਂ ਨੇ ਚੰਗਾ ਪੈਸੇ ਵਾਲਾ ਘਰ ਦੇਖ ਕੇ ਉਸਦਾ ਵਿਆਹ ਉਸਤੋਂ ਚਾਰ ਸਾਲ ਛੋਟੇ ਮੁੰਡੇ ਨਾਲ ਕਰ ਦਿੱਤਾ। ਕਈ ਮਾਤਾ ਪਿਤਾ ਆਪਣੇ ਆਰਥਿਕ ਪੱਧਰ ਨੂੰ ਉਪਰ ਚੁੱਕਣ ਲਈ ਜਾਂ ਪੈਸੇ/ਡਾਲਰਾਂ/ਪੌਂਡਾਂ ਦੀ ਹੋੜ ਵਿੱਚ ਆਪਣੀ ਧੀ ਨੂੰ ਉਸ ਤੋਂ ਦੁੱਗਣੀ ਉਮਰ ਦੇ ਆਦਮੀ ਨਾਲ ਵਿਆਹ ਦਿੰਦੇ ਹਨ। 'ਖਾਲੀ ਪਲਾਟ' ਕਹਾਣੀ ਵਿੱਚ ਜੱਸੀ ਆਪਣੀ ਸਹੇਲੀ ਰਾਣੀ ਦੇ ਕਹਿਣ 'ਤੇ ਉਸ ਕੋਲ ਚਲੀ ਜਾਂਦੀ ਹੈ। ਰਾਣੀ ਉਸਨੂੰ ਕਹਿੰਦੀ ਹੈ ਕਿ ਉਹ ਕੋਈ ਮੁੰਡਾ ਭਾਲ ਕੇ ਉਸਦਾ ਘਰ ਵਸਾ ਦੇਵੇਗੀ। ਇਸ ਆਸ 'ਤੇ ਉਹ ਉਸ ਕੋਲ ਰਹਿਣ ਲੱਗ ਪੈਂਦੀ ਹੈ, ਪਰ ਰਾਣੀ ਦੀ ਗੈਰ ਮੌਜੂਦਗੀ ਵਿੱਚ ਉਸਦਾ ਪਤੀ ਉਸਨੂੰ ਮੁੰਡਾ ਭਾਲ ਕੇ ਦੇਣ ਦੀ ਫੀਸ ਅਦਾ ਕਰਨ ਲਈ ਕਹਿੰਦਾ ਹੈ। ਇਸ ਤਰ੍ਹਾਂ ਜੱਸੀ ਜ਼ਿੰਦਗੀ ਵਿੱਚ ਕਈ ਕਿਸਮ ਦੇ ਲੋਕਾਂ ਨੂੰ ਮਿਲਣ ਤੋਂ ਬਾਅਦ ਜਦੋਂ ਚੰਗੀ ਨੌਕਰੀ ਤੇ ਲੱਗ ਜਾਂਦੀ ਹੈ ਤਾਂ ਆਫ਼ਿਸ ਦਾ ਵਾਤਾਵਰਣ ਉਸਨੂੰ ਹਲਕਾ ਤੇ ਸੁਖਾਵਾਂ ਜਾਪਦਾ ਹੈ। ਜਦੋਂ ਜੱਸੀ ਦਾ ਦੋਸਤ ਕੰਵਲ ਉਸ ਅੱਗੇ ਵਿਆਹ ਦਾ ਆਫ਼ਰ ਰੱਖਦਾ ਹੈ ਤਾਂ ਉਹ ਇਨਕਾਰ ਕਰ ਦੇਂਦੀ ਹੈ ਕਿਉਂਕਿ

ਉਹ ਸਮਝਦੀ ਹੈ ਕਿ ਆਰਥਿਕ ਆਜ਼ਾਦੀ ਮਾਨਣ ਤੋਂ ਬਾਅਦ ਹੁਣ ਉਹ ਸੋਚ ਦੀ ਗੁਲਾਮੀ ਨਹੀਂ ਕਰ ਸਕਦੀ। ਔਰਤ ਦੀ ਮਰਦ ਉੱਤੇ ਆਰਥਿਕ ਨਿਰਭਰਤਾ ਕਾਰਨ ਹੀ ਮਰਦ ਹਮੇਸ਼ਾ ਔਰਤ ਨੂੰ ਲਿਤਾੜਦਾ ਆਇਆ ਹੈ ਤੇ ਉਸ ਉੱਤੇ ਰਾਜ ਕਰਦਾ ਰਿਹਾ ਹੈ। ਇਸ ਤਰ੍ਹਾਂ ਸੁਖਜੀਤ ਦੇ *ਅੰਤਰਾ* ਕਹਾਣੀ ਸੰਗ੍ਰਹਿ ਦੀ ਕਹਾਣੀ ਦਾਅ ਅਤੇ ਵੀਨਾ ਵਰਮਾ ਦੀ ਕਹਾਣੀ ਖਾਲੀ ਪਲਾਟ ਦੇ ਬਿਰਤਾਂਤ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਔਰਤ-ਮਰਦ ਦੇ ਅਣਜੋੜ-ਵਿਆਹ ਸੰਬੰਧ ਵਿਚੋਂ ਉਪਜੇ ਆਤਮ-ਵਿਸ਼ਵਾਸ ਤੇ ਸਵੈ-ਪਛਾਣ ਸੰਬੰਧੀ ਅਤੇ ਰਿਸ਼ਤੇ-ਨਾਤਿਆਂ ਦੀ ਨਿੱਘ ਵਿੱਚਲੇ ਚੰਗੇ ਪੱਖਾਂ ਸਾਧਾਰਨ ਲੋਕਾਈ ਦੀਆਂ ਸਥਿਤੀਆਂ-ਪ੍ਰਸਥਿਤੀਆਂ ਨੂੰ ਵੱਖਰਤਾਵਾਂ ਤੋਂ ਇਸ ਤਰ੍ਹਾਂ ਪ੍ਰਗਟ ਕੀਤਾ ਹੈ ਕਿ:

> ਜਦੋਂ ਵੀ ਚੌਹ ਵਰ੍ਹਿਆਂ ਦਾ ਬੱਬੂ ਉਸਦੇ ਖਿਆਲਾਂ 'ਚ ਆ ਜਾਂਦਾ ਸੀ, ਤਾਂ ਗਿੰਦਾ ਢਹਿਣ ਲੱਗਦਾ। ਪਰ ਉਹਦੇ ਅੰਦਰਲਾ ਭਲਵਾਨ ਪਿੱਠ ਨਹੀਂ ਸੀ ਲੱਗਣ ਦਿੰਦਾ। ਬੱਬੂ ਦਾ ਬਾਪੂ ਜਦੋਂ ਕੰਡ ਲਵਾਉਣ ਲੱਗਦਾ ਸੀ ਤਾਂ ਗਿੰਦਾ ਭਲਵਾਨ ਅੜ੍ਹ ਜਾਂਦਾ। ਏਨੇ ਹਜ਼ੂਮ ਸਾਹਵੇਂ ਗਿੰਦਾ ਭਲਵਾਨ ਕਿਸੇ ਅਨਾੜੀ ਤੋਂ ਢੱਠ ਜਾਵੇ।(64-65)

ਇਵੇਂ ਹੀ ਵੀਨਾ ਵਰਮਾ ਦੇ ਮੁੱਲ ਦੀ ਤੀਵੀਂ ਕਹਾਣੀ ਸੰਗ੍ਰਹਿ ਦੀ ਕਹਾਣੀ ਖਾਲੀ ਪਲਾਟ ਦੇ ਬਿਰਤਾਂਤ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਔਰਤ-ਮਰਦ ਦੇ ਅਣਜੋੜ-ਵਿਆਹ ਸੰਬੰਧ ਵਿਚੋਂ ਉਪਜੇ ਆਤਮ-ਵਿਸ਼ਵਾਸ ਤੇ ਸਵੈ-ਪਛਾਣ ਸੰਬੰਧੀ ਅਤੇ ਰਿਸ਼ਤੇ-ਨਾਤਿਆਂ ਦੀ ਨਿੱਘ ਵਿੱਚਲੇ ਚੰਗੇ ਪੱਖਾਂ ਸਾਧਾਰਨ ਲੋਕਾਈ ਦੀਆਂ ਸਥਿਤੀਆਂ-ਪ੍ਰਸਥਿਤੀਆਂ ਨੂੰ ਵੱਖਰਤਾਵਾਂ ਤੋਂ ਇਸ ਤਰ੍ਹਾਂ ਪ੍ਰਗਟ ਕੀਤਾ ਹੈ ਕਿ:

> ਸਭ ਤੋਂ ਵੱਡੀ ਗੁਲਾਮੀ ਆਰਥਿਕ ਗੁਲਾਮੀ ਹੈ ਕੰਵਲ, ਜਦੋਂ ਤੁਸੀਂ ਕਿਸੇ ਅੱਗੇ ਹੱਥ ਅੱਡਦੇ ਹੋ। ਇਸੇ ਬਿਨ੍ਹਾ ਤੇ ਮਰਦ ਔਰਤ 'ਤੇ ਸਦੀਆਂ ਤੋਂ ਰੂਲ ਕਰਦਾ ਆ ਰਿਹਾ ਹੈ ਤੇ ਮੇਰਾ ਖ਼ਿਆਲ ਨਹੀਂ ਮੈਂ ਇਸ ਪੱਖੋਂ ਗ਼ੁਲਾਮ ਹਾਂ।(39)

ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਦੇ ਆਰਥਿਕ ਪੱਖ ਤੋਂ ਸੰਪੰਨਤਾ ਔਰਤ-ਮਰਦ ਤੇ ਸਾਧਾਰਨ ਲੋਕਾਈ ਦੀ ਜ਼ਿੰਦਗੀ

ਵਿੱਚ ਮਹੱਤਵਪੂਰਨ ਫ਼ੈਸਲੇ ਲੈਣ ਲਈ ਲੋੜੀਂਦਾ ਆਤਮ-ਵਿਸ਼ਵਾਸ ਪੈਦਾ ਕਰਦੀਆਂ ਹਨ। ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਔਰਤ-ਮਰਦ ਪਾਤਰ ਨੂੰ ਕਿਸੇ ਦੀ ਅਧੀਨਗੀ ਸਵੀਕਾਰ ਕਰਨ ਜਾਂ ਆਪਣੇ ਆਤਮ ਸਨਮਾਨ ਨੂੰ ਗਿਰਵੀ ਰੱਖ ਕੇ ਜ਼ਿੰਦਗੀ ਕੱਟਣ ਦੀ ਲੋੜ ਨਹੀਂ ਪੈਂਦੀ। ਸੋ ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੇ ਔਰਤ-ਮਰਦ ਪਾਤਰ ਹਰ ਤਰ੍ਹਾਂ ਦੀਆਂ ਨੈਤਿਕ ਕਦਰਾਂ-ਕੀਮਤਾਂ ਅਤੇ ਸੰਸਕਾਰਾਂ ਨੂੰ ਪਦਾਰਥਕ ਵਸਤੂਆਂ ਜਾਂ ਪੂੰਜੀਵਾਦੀ ਖਪਤ ਸੱਭਿਆਚਾਰ ਵਿੱਚ ਮਨੁੱਖ ਦੇ ਸੰਘਰਸ਼ਸ਼ੀਲ ਜੀਵਨ ਨੂੰ ਉਭਾਰਦੀਆਂ ਹਨ। ਵੀਨਾ ਵਰਮਾ ਦੀ ਕਹਾਣੀ 'ਲਿੱਬੜੀ ਹੋਈ ਚਾਦਰ' ਵਿੱਚ ਸੁਜਾਤਾ ਆਪਣੇ ਪਤੀ ਦੇ ਦੋਗਲੇਪਣ ਅਤੇ ਬੁਰੇ ਚਰਿੱਤਰ ਤੋਂ ਦੁੱਖੀ ਹੋ ਕੇ ਆਪਣਾ ਘਰ ਲੈਣ ਦਾ ਫ਼ੈਸਲਾ ਕਰਦੀ ਹੈ। ਉਹ ਆਪਣੇ ਪ੍ਰੇਮੀ ਕੁਮਾਰ ਸਾਹਿਬ ਦੇ ਘਰ ਰਹਿਣ ਜਾਂ ਉਸਦੀ ਕੋਈ ਮਦਦ ਲੈਣ ਲਈ ਤਿਆਰ ਨਹੀਂ। ਸਵੈ-ਨਿਰਭਰਤਾ ਉਸ ਵਿੱਚ ਇੱਕ ਆਤਮ ਵਿਸ਼ਵਾਸ ਭਰਦੀ ਹੈ। ਸੁਜਾਤਾ ਮਰਦ ਦੇ ਰਹਿਮ ਦਾ ਪਾਤਰ ਨਹੀਂ ਬਣਦੀ। ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ *ਫਰੰਗੀਆਂ ਦੀ ਨੂੰਹ* ਦੀ ਕਹਾਣੀ ਲਿੱਬੜੀ ਹੋਈ ਚਾਦਰ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਸੁਜਾਤਾ ਆਪਣੇ ਆਤਮ ਵਿਸ਼ਵਾਸ ਦਾ ਬਿਆਨ ਚੰਗੇ ਪੱਖ ਨੂੰ ਉਭਾਰਦਾ ਹੈ। ਜਿਵੇਂ ਕਿ:

> ਇਹੀ ਤਾਂ ਮੈਂ ਕਹਿ ਰਹੀ ਹਾਂ ਕਿ ਮੈਨੂੰ ਕੀ ਜ਼ਰੂਰਤ ਹੈ ਮੈਂ ਕਿਸੇ ਤੋਂ ਸਹਾਰਾ ਮੰਗਾਂ। ਮੈਂ ਆਪਣਾ ਮਕਾਨ ਖ਼ਰੀਦ ਸਕਦੀ ਹੈ। ਆਈ ਕੈਨ ਐਫੋਰਡ ਮਾਈ ਲਾਈਫ਼। ਆਈ ਡੋਂਡ ਨੀਡ ਐਨੀ ਸਪੋਰਟ।(230)

**(ਅ) ਮਾੜੇ ਪੱਖ ਵਜੋਂ ਸਮਾਨਤਾਵਾਂ ਤੇ ਵੱਖਰਤਾਵਾਂ:** ਮੌਜੂਦਾ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀਆਂ ਨੀਤੀਆਂ ਦੇ ਕਾਰਨ ਨਿਮਨ-ਵਰਗ ਆਰਥਿਕ ਪੱਖ ਦੇ ਮਾੜੇ ਪੱਖ ਤੋਂ ਸੰਕਟ ਭੋਗ ਰਿਹਾ ਹੈ, ਜਿਸ ਦੇ ਕਾਰਨ ਨਿਮਨ-ਵਰਗ ਸਰੀਰਕ ਮਾਨਸਿਕ ਕਸਟ ਸਹਿਣ ਲਈ ਮਜਬੂਰ ਹੋ ਰਿਹਾ ਹੈ। ਇਸ ਆਰਥਿਕ ਸੰਕਟ ਦੇ ਪਿੱਛੇ ਕਾਰਜ ਕਰ ਰਹੇ ਵਿਭਿੰਨ ਪਹਿਲੂਆਂ ਵਿੱਚ ਭ੍ਰਿਸ਼ਟ ਧਰਮ, ਰਾਜਨੀਤੀ, ਸਰਮਾਏਦਾਰੀ ਨਜ਼ਰ ਆ ਰਹੇ ਹਨ। ਆਰਥਿਕ ਸੰਕਟ ਦੇ ਮਾੜੇ ਪੱਖ ਕਾਰਨ ਨਿਮਨ-ਵਰਗ ਕਈ ਵਾਰ

ਆਪੇ ਆਪਣੀਆਂ ਧੀਆਂ ਦੇ ਵਿਆਹ ਅਨਜੋੜ ਵਿਅਕਤੀ ਨਾਲ ਕਰਨ ਲਈ ਮਜਬੂਰ ਹੁੰਦੇ ਹਨ। ਆਰਥਿਕ ਸਮੱਸਿਆ ਨੂੰ ਹੱਲ ਕਰਨ ਲਈ ਉਹ ਥਾਂ-ਥਾਂ ਭਟਕਦੇ ਫਿਰਦੇ ਹਨ। ਡੇਰਿਆਂ ਵਿੱਚ ਅਖੌਤੀ ਬਾਬਿਆਂ ਵੱਲੋਂ ਕੀਤੀ ਜਾਂ ਦੀ ਆਰਥਿਕ ਲੁੱਟ ਵੀ ਮਾੜੇ ਪੱਖ ਵਜੋਂ ਉੱਭਰਦਾ ਹੈ। ਰਾਮ ਨਾਥ ਸ਼ੁਕਲਾ ਆਪਣੀ ਪੁਸਤਕ *ਆਰਥਿਕ ਮੰਦਵਾੜੇ ਦੇ ਕਾਰਨ ਤੇ ਸਮਾਧਾਨ* 'ਚ ਕਹਿੰਦੇ ਹਨ ਕਿ:

> ਆਰਥਿਕ ਮੰਦਵਾੜੇ ਲਈ ਬਹੁਤਾ ਕਰਕੇ ਸਰਕਾਰਾਂ ਦੀ ਦਖ਼ਲ ਨਾ ਦੇਣ ਦੀ ਨੀਤੀ ਵੀ ਜ਼ੁੰਮੇਵਾਰ ਹੁੰਦੀ ਹੈ। ਪੂੰਜੀਵਾਦੀ ਕਿਸਮ ਦੀਆਂ ਸਰਕਾਰਾਂ ਆਮ ਤੌਰ 'ਤੇ ਧਨੀ ਲੋਕਾਂ ਤੋਂ ਪਰਭਾਵਿਤ ਹੁੰਦੀਆ ਹਨ। ਜੇਕਰ ਇਹ ਕਿਹਾ ਜਾਵੇ ਕਿ ਇਹ ਸਰਕਾਰਾਂ ਹੁੰਦੀਆ ਹੀ ਪੂੰਜੀਵਾਦੀ ਲੋਕਾਂ ਦੀਆਂ ਹਨ ਤੇ ਇਸ ਵਿੱਚ ਕੋਈ ਅੱਤਕਥਨੀ ਨਹੀਂ ਹੋਵੇਗੀ। ਪੂੰਜੀਵਾਦੀ ਲੋਕ ਆਪਣੇ ਧਨ ਦੇ ਬਲਬੂਤੇ ਸਰਕਾਰ ਦੀ ਸਿਰਜਣਾ ਕਰਦੇ ਹਨ ਤੇ ਆਖਣ ਸੁਣਨ ਨੂੰ ਇਹ ਲੋਕਾਂ ਦੀਆਂ, ਲੋਕਾਂ ਲਈ ਅਤੇ ਲੋਕ ਦੁਆਰਾ ਬਣਾਈਆਂ ਸਰਕਾਰਾਂ ਹੁੰਦੀਆ ਹਨ ਜਿਵੇਂ ਕਿ ਲੋਕ ਰਾਜ ਦੀ ਪਰਿਭਾਸ਼ਾ ਦਿੰਦਿਆਂ ਆਖਿਆ ਗਿਆ ਹੈ ਪਰੰਤੂ ਸਾਧਾਰਨ ਲੋਕ ਦਾ ਤਾਂ ਇਹਨ ਨੂੰ ਸਿਰਜਣਾ ਵਿੱਚ ਕੋਈ ਬਹੁਤਾ ਹੱਥ ਹੀ ਨਹੀ ਹੁੰਦਾ। ਉਹ ਤਾਂ ਕੇਵਲ ਧਨੀ ਲੋਕਾਂ ਦੇ ਹੱਥ ਵਿੱਚ ਮੋਹਰੇ ਹੁੰਦੇ ਹਨ ਜਿੰਨ੍ਹਾਂ ਨੂੰ ਧਨੀ ਤੇ ਪੂੰਜੀਪਤੀ ਲੋਕ ਜਿਸ ਤਰ੍ਹਾਂ ਚਾਹੁੰਦੇ ਹਨ ਵਰਤ ਲੈਂਦੇ ਹਨ।(82)

ਜਿਵੇਂ ਕਿ ਸੁਖਜੀਤ ਦੀ ਕਹਾਣੀ 'ਦਾਅ' 'ਮਾਰਕੀਟ ਅਤੇ ਵੀਨਾ ਵਰਮਾ ਦੀ ਕਹਾਣੀ 'ਗੋਲੇ ਕਬੂਤਰ' ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਮਾੜੇ ਪੱਖ ਨੂੰ ਉਭਾਰਦੀਆਂ ਹਨ। ਜਿੱਥੇ ਵੀਨਾ ਵਰਮਾ ਦੀ ਕਹਾਣੀ 'ਗੋਲੇ ਕਬੂਤਰ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਮਨੁੱਖ ਦੀ ਵਿਦੇਸ਼ ਜਾਣ ਦੀ ਪਦਾਰਥਕ ਲਾਲਸਾ ਵਿਚੋਂ ਉਪਜੇ ਮਾੜੇ ਪੱਖ ਤੋਂ ਮਜਬੂਰੀ ਵੱਸ ਸੰਘਰਸ਼ਸ਼ੀਲ ਜੀਵਨ ਨੂੰ ਉਭਾਰਿਆ ਗਿਆ ਹੈ, ਉੱਥੇ ਸੁਖਜੀਤ ਦੀ ਕਹਾਣੀ 'ਮਾਰਕੀਟ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਪੂੰਜੀਵਾਦ, ਸਰਮਾਏਦਾਰੀ ਪ੍ਰਬੰਧ ਦੁਆਰਾ ਡਾ. ਛੀਨਾ ਦੇ ਹਸਪਤਾਲ ਵਿੱਚ ਬੱਚੇ ਦਾ ਵੱਧ ਘੱਟ ਮੁੱਲ ਲਏ ਕੇ (ਕੁੜੀ, ਮੁੰਡੇ) ਵੇਚਣ ਦੀ ਪਦਾਰਥਕ ਲਾਲਸਾ ਦੇ ਮਾੜੇ ਪੱਖ ਨੂੰ ਵੀ ਉਭਾਰਿਆ ਗਿਆ ਹੈ।

ਜਿਵੇਂ ਵੀਨਾ ਵਰਮਾ ਦੀ ਕਹਾਣੀ 'ਗੋਲੇ ਕਬੂਤਰ' ਜਿੱਥੇ ਭਾਰਤੀ ਲੋਕਾਂ ਅੰਦਰ ਵਿਕਸਿਤ ਮੁਲਕਾਂ ਦੀ ਪਦਾਰਥਕ ਲਾਲਸਾ 'ਚ ਉਤਪੰਨ ਹੋਏ ਸੰਘਰਸ਼ਮਈ ਦੁਖਾਂਤ ਨੂੰ ਉਭਾਰਦੀ ਹੈ, ਉੱਥੇ ਮਰਦ ਪਾਤਰ ਰਣਦੀਪ ਜਲੀਲ ਹੁੰਦਾ ਚੱਕੀ ਦੇ ਪੁੜਾਂ ਵਿੱਚ ਪਿਸਦਾ ਆਪਣੀ ਜ਼ਮੀਰ ਅਤੇ ਭਾਵਨਾਵਾਂ ਦਾ ਕਤਲ ਕਰਦਾ ਵੀ ਸਪੱਸ਼ਟ ਦਿਖਾਈ ਦਿੰਦਾ ਹੈ। ਰਣਦੀਪ ਪੌਂਡ ਦੇ ਲਾਲਚ ਵਿੱਚ ਇੱਕ ਗੋਰੀ ਕੁੜੀ ਨਾਲ ਪੱਕਾ ਹੋਣ ਲਈ ਵਿਆਹ ਕਰਵਾ ਲੈਂਦਾ ਹੈ। ਆਖਰਕਾਰ ਰਣਦੀਪ ਨੂੰ ਆਪਣੀ ਤੰਗੀ ਤੁਰਸ਼ੀ ਕਾਰਨ ਘਰ ਛੱਡ ਕੇ ਜਾਣਾ ਪੈਂਦਾ ਹੈ। ਇਸ ਤੰਗੀ ਤੁਰਸ਼ੀ ਕਾਰਨ ਫਿਰ ਇੱਕ ਵਾਰ ਫਿਰ ਉਹ ਪੱਕਾ ਹੋਣ ਲਈ ਰੀਟਾ ਨਾਮੀ ਵਿਦੇਸ਼ੀ ਔਰਤ ਨਾਲ ਵਿਆਹ ਕਰਵਾ ਲੈਂਦਾ ਹੈ। ਰੀਟਾ ਜਿਸ ਦਾ ਪਹਿਲਾ ਪਤੀ ਮਰ ਚੁੱਕਾ ਹੈ, ਉਸਦੀ ਸ਼ਕਲ ਰਣਦੀਪ ਨਾਲ ਮਿਲਦੀ-ਜੁਲਦੀ ਹੈ। ਉਹ ਆਪਣੇ ਪਤੀ ਦੀਆਂ ਅਸਥੀਆਂ ਗੰਗਾ ਵਿੱਚ ਪਾਉਣ ਦੇ ਮਕਸਦ ਨਾਲ ਰਣਦੀਪ ਨੂੰ ਇੰਡੀਆ ਲਿਜਾਏ ਜਾਣ ਦੇ ਭਰੋਸੇ ਤੇ ਉਸ ਨਾਲ ਵਿਆਹ ਕਰਵਾ ਲੈਂਦੀ ਹੈ। ਇੱਕ ਦਿਨ ਉਸਦੇ ਕਿਸੇ ਪੁਰਾਣੇ ਆਸ਼ਕ ਦੇ ਆ ਜਾਣ 'ਤੇ ਰਣਦੀਪ ਅਤੇ ਉਸ ਆਦਮੀ ਵਿੱਚਕਾਰ ਝਗੜਾ ਹੋ ਜਾਂਦਾ ਹੈ। ਪਰ ਜਦੋਂ ਉਹ ਆਦਮੀ ਰਣਦੀਪ ਉੱਪਰ ਚਾਕੂ ਦਾ ਵਾਰ ਕਰਦਾ ਹੈ ਤਾਂ ਰੀਟਾ ਦਾ ਦੋਨਾਂ ਦੇ ਝਗੜੇ ਵਿੱਚਕਾਰ ਆ ਜਾਣ ਤੇ ਚਾਕੂ ਰੀਟਾ ਦੇ ਲੱਗ ਜਾਣ ਕਾਰਨ ਮੌਤ ਹੋ ਜਾਂਦੀ ਹੈ, ਰੀਟਾ ਦਾ ਕਤਲ ਕੇਸ ਰਣਦੀਪ ਤੇ ਪੈ ਜਾਣ ਕਾਰਨ ਉਸ ਨੂੰ ਬਾਰਾਂ ਸਾਲਾਂ ਦੀ ਕੈਦ ਹੋ ਜਾਂਦੀ ਹੈ। ਉਹ ਆਪਣਾ ਕੇਸ ਲੜਨ ਲਈ ਕੀਤੀ ਵਕੀਲ ਕੁੜੀ ਨਾਲ ਬੈਠਾ, ਆਪਣੇ ਅਤੀਤ ਨੂੰ ਯਾਦ ਕਰਦਾ, ਭਾਵੁਕ ਹੁੰਦਾ ਹੋਇਆ ਦੱਸਦਾ ਹੈ ਕਿ ਕਿਸ ਤਰ੍ਹਾਂ ਉਸਨੇ ਆਪਣੇ ਆਪ ਨੂੰ ਬਰਬਾਦ ਕਰ ਲਿਆ ਹੈ। ਪਿੱਛੋਂ ਭਰਾਵਾਂ ਨੇ ਜ਼ਮੀਨ ਵੰਡ ਲਈ ਘਰ-ਬਾਰ ਸਭ ਸਾਂਭ ਲਿਆ ਅਤੇ ਉਹ ਇੱਥੇ ਨਰਕ ਭੋਗ ਰਿਹਾ ਹੈ। ਇਸ ਤੋਂ ਇਲਾਵਾ ਆਧੁਨਿਕ ਪੂੰਜੀਵਾਦੀ ਪ੍ਰਬੰਧ ਵਿੱਚਲੇ ਮੰਡੀ ਕਲਚਰ ਨੂੰ ਪ੍ਰਸਤੁਤ ਕਰਦੀ ਸੁਖਜੀਤ ਦੀ ਕਹਾਣੀ 'ਮਾਰਕੀਟ' ਹੈ। ਇਹ ਕਹਾਣੀ ਅਨਯ ਪੁਰਖੀ ਬਿਰਤਾਂਤ ਸ਼ੈਲੀ ਵਿੱਚ ਲਿਖੀ ਗਈ ਹੈ। ਕਹਾਣੀ ਦਾ ਆਦਿ ਸੰਕੇਤਕ ਰੂਪ ਵਿੱਚ ਤੂਰ ਹਸਪਤਾਲ ਦੇ ਭੂਤ ਅਤੇ ਵਰਤਮਾਨ ਅਵਸਥਾ ਦੀ ਆਪਸ ਵਿੱਚ ਪੂੰਜੀਵਾਦ ਪ੍ਰਬੰਧ ਦੇ ਆਰਥਿਕ ਪੱਖ ਦੀ ਸੂਚਨਾ ਦੇ ਰਿਹਾ ਹੈ। ਇਸ ਸੂਚਨਾ ਦੁਆਰਾ ਪ੍ਰਕਿਰਤੀ ਦਾ ਆਭਾਸ ਲੇਬਰ ਰੂਮ ਉੱਪਰ ਲੱਗੀ ਹਸਪਤਾਲ ਦੇ ਫਾਊਂਡਰ ਦੀ ਤਸਵੀਰ ਤੋਂ

ਹੁੰਦਾ ਹੈ। ਤਸਵੀਰ ਦਾ ਧੂੜ ਨਾਲ ਭਰੀ ਹੋਣਾ ਅਤੇ ਟੇਢਾ ਹੋਣਾ ਮਹੱਤਵਪੂਰਨ ਸੰਕੇਤ ਹੈ, ਜੋ ਹਸਪਤਾਲ ਦੀ ਦੁਰਦਸ਼ਾ ਵੱਲ ਇਸ਼ਾਰਾ ਕਰਦਾ ਹੈ। ਇਹ ਦੁਰਦਸ਼ਾ ਕਿਵੇਂ ਅਤੇ ਕਿਉਂ ਹੈ ? ਇਸਦਾ ਜਵਾਬ ਕਹਾਣੀ ਦੀ ਪੜ੍ਹਤ ਨੂੰ ਜਾਨਣ ਉਪਰੰਤ ਮਿਲਦਾ ਹੈ। ਇਸ ਪੜ੍ਹਤ ਤੋਂ ਪਤਾ ਚੱਲਦਾ ਹੈ ਕਿ ਕਹਾਣੀ ਦੇ ਮੁੱਖ ਪਾਤਰ ਪ੍ਰੋਫੈਸਰ ਸੁਖਵੰਤ ਦੀ ਪਤਨੀ ਇਸ ਮਿਟਰਨਟੀ ਹਸਪਤਾਲ ਵਿੱਚ ਦਾਖਲ ਹੈ। ਇੱਥੇ ਉਹ ਇੱਕ ਬੇਟੇ ਨੂੰ ਜਨਮ ਦਿੰਦੀ ਹੈ। ਜਦ ਇਹ ਖਬਰ ਪ੍ਰੋਫੈਸਰ ਸੁਖਵੰਤ ਨੂੰ ਨਰਸ ਤੋਂ ਮਿਲਦੀ ਹੈ ਤਾਂ ਉਹ ਆਪਣੀ ਖੁਸ਼ੀ ਦਾ ਇਜ਼ਹਾਰ ਨਰਸ ਨੂੰ ਬਖ਼ਸ਼ੀਸ਼ ਦੇ ਕੇ ਕਰਨਾ ਚਾਹੁੰਦਾ ਹੈ। ਪਰੰਤੂ ਨਰਸ ਵੱਲੋਂ ਇਸ ਬਖ਼ਸ਼ੀਸ਼ ਨੂੰ ਸਵੀਕਾਰ ਨਾ ਕਰਦਿਆਂ ਹੋਇਆ ਇੱਕ ਬੋਰਡ ਵੱਲ ਇਸ਼ਾਰਾ ਕੀਤਾ ਜਾਂਦਾ ਹੈ। ਇਸ ਬੋਰਡ ਉੱਤੇ ਲਿਖਿਤ ਰੂਪ ਵਿੱਚ ਹਸਪਤਾਲ ਦੇ ਮੁਖੀ ਡਾ. ਛੀਨਾ ਵੱਲੋਂ ਬਖ਼ਸ਼ੀਸ਼ ਲੈਣ ਜਾਂ ਦੇਣ ਦੀ ਸਖ਼ਤ ਮਨਾਹੀ ਕੀਤੀ ਗਈ ਹੁੰਦੀ ਹੈ। ਉਸ ਪਲ ਤੋਂ ਪ੍ਰੋਫੈਸਰ ਸੁਖਵੰਤ ਦੇ ਮਨ ਵਿੱਚ ਡਾ. ਛੀਨਾ ਲਈ ਅਤਿਅੰਤ ਸਤਿਕਾਰ ਪੈਦਾ ਹੋ ਜਾਂਦਾ ਹੈ ਪਰੰਤੂ ਇਹ ਸਤਿਕਾਰ ਜ਼ਿਆਦਾ ਦੇਰ ਬਣਿਆ ਨਹੀਂ ਰਹਿੰਦਾ। ਇਸਦੇ ਟੁੱਟਣ ਦੀ ਵਜ੍ਹਾ ਪ੍ਰੋਫੈਸਰ ਸੁਖਵੰਤ ਅਤੇ ਉਸਦੀ ਪਤਨੀ ਨੂੰ ਹਸਪਤਾਲ ਵਿੱਚ ਮਿਲਣ ਆਈ ਸ਼ਰਮਾ ਜੋੜੀ ਬਣਦੀ ਹੈ। ਇਹ ਸ਼ਰਮਾ ਜੋੜੀ ਵਿਆਹ ਦੇ ਕਈ ਵਰ੍ਹਿਆਂ ਬਾਅਦ ਵੀ ਨਿਰਸੰਤਾਨ ਸੀ। ਜਦ ਇਸ ਗੱਲ ਦਾ ਪਤਾ ਰਾਜਬੀਰ (ਪ੍ਰੋਫੈਸਰ ਸ਼ਰਮਾ ਦੀ ਪਤਨੀ) ਦੀ ਦੇਖ-ਰੇਖ ਲਈ ਰੱਖੀ ਗਈ ਬੀਬੀ ਸੋਭਾ ਨੂੰ ਲੱਗਦਾ ਹੈ ਤਾਂ ਉਹ ਸ਼ਰਮਾ ਜੋੜੀ ਨੂੰ ਹਸਪਤਾਲ ਵਿਚੋਂ ਹੀ ਬੱਚਾ ਗੋਦ ਲੈਣ ਦੀ ਸਲਾਹ ਦਿੰਦੀ ਹੋਈ ਡਾ. ਛੀਨਾ ਨੂੰ ਮਿਲਣ ਲਈ ਆਖਦੀ ਹੈ। ਇਹ ਗੱਲ ਪ੍ਰੋਫੈਸਰ ਸੁਖਵੰਤ ਨੂੰ ਜਿੱਥੇ ਹੈਰਾਨ ਕਰਦੀ ਹੈ, ਉੱਥੇ ਸ਼ਰਮਾ ਜੋੜੀ ਵਿੱਚ ਇੱਕ ਉਮੀਦ ਦੀ ਕਿਰਨ ਪੈਦਾ ਕਰ ਦਿੰਦੀ ਹੈ। ਸ਼ਰਮਾ ਜੋੜੀ ਦੇ ਜ਼ੋਰ ਪਾਉਣ ਉੱਤੇ ਸੁਖਵੰਤ ਡਾ. ਛੀਨਾ ਨੂੰ ਮਿਲਣ ਲਈ ਚੱਲ ਪੈਂਦਾ ਹੈ। ਇਸ ਮੁਲਾਕਾਤ ਦੌਰਾਨ ਡਾ. ਛੀਨਾ ਅਤੇ ਉਸ ਵੱਲੋਂ ਚਲਾਏ ਜਾ ਰਹੇ ਹਸਪਤਾਲ ਦੀ ਕੋਝੀ ਹਕੀਕਤ ਹੌਲੀ-ਹੌਲੀ ਸੁਖਵੰਤ ਦੇ ਸਾਹਮਣੇ ਆਉਣ ਲੱਗਦੀ ਹੈ। ਡਾ. ਛੀਨਾ ਦੁਆਰਾ ਸ਼ਰਮਾ ਜੋੜੀ ਨਾਲ ਬੱਚਾ ਵੇਚਣ ਦੀ ਕੀਤੀ ਜਾ ਰਹੀ ਡੀਲ ਤੋਂ ਪ੍ਰੋਫੈਸਰ ਸੁਖਵੰਤ ਨੂੰ ਹਸਪਤਾਲ ਦੀ ਚਾਰਦੀਵਾਰੀ ਵਿੱਚ ਨਜਾਇਜ਼ ਢੰਗ ਨਾਲ ਚੱਲ ਰਹੇ ਬੱਚਿਆਂ ਦੇ ਵਪਾਰ ਦਾ ਪਤਾ ਚੱਲਦਾ ਹੈ। ਸੁਖਵੰਤ ਉਦੋਂ ਅੰਦਰ ਤੱਕ ਹਿੱਲ ਜਾਂਦਾ ਹੈ ਜਦ ਉਸਨੂੰ ਪਤਾ

ਚੱਲਦਾ ਹੈ ਕਿ ਸ਼ਰਮਾ ਜੋੜੀ ਨੂੰ ਦਿੱਤਾ ਜਾਣ ਵਾਲਾ ਸ਼ਿਸ਼ੂ ਕੁਝ ਮਹੀਨਿਆਂ ਪਿੱਛੋਂ ਜ਼ਬਰ ਜਿਨਾਹ ਦਾ ਸ਼ਿਕਾਰ ਹੋਈ ਇੱਕ ਤੇਰ੍ਹਾਂ ਸਾਲ ਦੀ ਬੱਚੀ ਦੀ ਕੁੱਖੋਂ ਹੋਣ ਵਾਲਾ ਹੈ। ਇਸ ਤੇਰ੍ਹਾਂ ਸਾਲਾਂ ਦੀ ਬੱਚੀ ਨੂੰ ਉਸਦੇ ਅਨਪੜ੍ਹ ਪਿਉ ਵੱਲੋਂ ਪੇਟ ਦਰਦ ਦੀ ਸ਼ਿਕਾਇਤ ਕਰਕੇ ਹਸਪਤਾਲ ਵਿੱਚ ਦਾਖਲ ਕਰਵਾਇਆ ਜਾਂਦਾ ਹੈ। ਹਸਪਤਾਲ ਦੇ ਡਾਕਟਰ ਇਹ ਜਾਣ ਚੁੱਕੇ ਹੁੰਦੇ ਹਨ ਕਿ ਇਸ ਪੇਟ ਦਰਦ ਦੀ ਵਜ੍ਹਾ ਬੱਚੀ ਦਾ ਗਰਭਵਤੀ ਹੋਣਾ ਹੈ। ਉਹ ਇਸ ਸੱਚ ਤੋਂ ਵੀ ਭਲੀਭਾਂਤ ਵਾਕਫ਼ ਹੁੰਦੇ ਹਨ ਕਿ ਇਸ ਛੋਟੀ ਜਿਹੀ ਉਮਰੇ ਬੱਚੀ ਦਾ ਮਾਂ ਬਣਨਾ ਉਸ ਲਈ ਖ਼ਤਰੇ ਤੋਂ ਖ਼ਾਲੀ ਨਹੀਂ। ਪਰੰਤੂ ਇਸ ਸਭ ਦੇ ਬਾਵਜੂਦ ਬੱਚੀ ਦਾ ਸਹੀ ਇਲਾਜ ਅਥਵਾ ਗਰਭਪਾਤ ਕਰਨ ਦੀ ਬਜਾਏ ਹਸਪਤਾਲ ਦੇ ਮੁਖੀ ਦੇ ਇਸ਼ਾਰੇ ਉੱਤੇ ਦਿਨ ਲੰਘਾਏ ਜਾਂਦੇ ਹਨ। ਕਿਉਂਕਿ ਇਸ ਬੱਚੀ ਦੀ ਕੁੱਖ ਤੋਂ ਪੈਦਾ ਹੋਣ ਵਾਲੇ ਸ਼ਿਸ਼ੂ ਦਾ ਸੌਦਾ ਡਾ. ਛੀਨਾ ਅੱਸੀ ਹਜ਼ਾਰ ਵਿੱਚ ਕਰ ਚੁੱਕਾ ਹੈ। ਇਸ ਘਿਨੌਣੇ ਸੱਚ ਦਾ ਪਤਾ ਲੱਗਣ ਉੱਤੇ ਪ੍ਰੋਫੈਸਰ ਸੁਖਵੰਤ ਵੱਸੋਂ ਬਾਹਰ ਹੋ ਜਾਂਦਾ ਹੈ। ਉਹ ਸ਼ਰਮਾ ਜੋੜੀ ਨੂੰ ਬੱਚਾ ਲੈਣ ਤੋਂ ਮਨ੍ਹਾ ਕਰ ਅਤੇ ਡਾ. ਛੀਨਾ ਦੇ ਸਾਹਮਣੇ ਖੜ੍ਹ ਉਸਨੂੰ ਦਲਾਲ ਆਖ ਆਪਣਾ ਵਿਰੋਧ ਜਤਾਉਂਦਾ ਹੈ। ਪ੍ਰੋਫੈਸਰ ਸੁਖਵੰਤ ਵੱਲੋਂ ਡਾ. ਛੀਨਾ ਦਾ ਵਿਰੋਧ ਕਹਾਣੀਕਾਰ ਦੀ ਮਨੁੱਖੀ ਕਦਰਾਂ-ਕੀਮਤਾਂ ਪ੍ਰਤੀ ਵਚਨਬੱਧਤਾ ਵਜੋਂ ਉੱਭਰਦਾ ਹੈ। ਕਹਾਣੀ ਦੀ ਉਪਰੋਕਤ ਪੜ੍ਹਤ ਤੋਂ ਕਹਾਣੀ ਦੇ ਸਿਰਲੇਖ ਦਾ ਅਰਥ ਘੇਰਾ ਵੀ ਸਪੱਸ਼ਟ ਹੋਣ ਲੱਗਦਾ ਹੈ। ਕਹਾਣੀ ਦਾ ਸਿਰਲੇਖ 'ਮਾਰਕੀਟ' ਮੌਜੂਦਾ ਪੂੰਜੀਵਾਦੀ ਪ੍ਰਬੰਧ ਦਾ ਤਤਸਮ ਹੋ ਨਿੱਬੜਦਾ ਹੈ ਜਿਸ ਵਿੱਚ ਹਰ ਚੀਜ਼ ਵਿਕਾਊ ਹੈ। ਫੇਰ ਉਹ ਚਾਹੇ ਵਸਤ ਹੋਵੇ ਜਾਂ ਵਿਅਕਤੀ। ਇਹਨਾਂ ਨੂੰ ਮੰਡੀ ਦੀ ਕੀਮਤ ਅਦਾ ਕਰਕੇ ਖ੍ਰੀਦਿਆ ਜਾ ਸਕਦਾ ਹੈ। ਇਹ ਮੰਡੀ ਕਲਚਰ ਤੋਂ ਮਨੁੱਖੀ ਸੱਭਿਆਚਾਰਕ ਜੀਵਨ ਨੂੰ ਇਸ ਕਦਰ ਗੰਦਲਾ ਕਰ ਦਿੰਦਾ ਹੈ ਕਿ ਉਸ ਵਿਚੋਂ ਮਨੁੱਖੀ ਭਾਵਨਾਵਾਂ ਅਤੇ ਕਦਰਾਂ-ਕੀਮਤਾਂ ਹੀ ਮਨਫ਼ੀ ਹੋ ਜਾਂਦੀਆਂ ਹਨ।ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਉਪਜੇ ਮਾੜੇ ਪੱਖ ਨੂੰ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਵੱਖਰਤਾਵਾਂ ਵਜੋਂ ਉਭਾਰਿਆ ਹੈ। ਇਹ ਉਭਾਰ ਪੂੰਜੀਵਾਦ, ਸਰਮਾਏਦਾਰੀ, ਮੰਡੀਕਰਨ ਦੁਆਰਾ ਮਨੁੱਖੀ ਕਦਰਾਂ-ਕੀਮਤਾਂ ਦੇ ਮਨਫ਼ੀ ਹੋਣ ਕਾਰਨ ਜਾਂ ਮਜਬੂਰੀ ਵੱਸ, ਸੰਘਰਸ਼ਮਈ ਜੀਵਨ ਕਾਰਨ ਪਦਾਰਥਕ ਲਾਲਸਾ ਵਜੋਂ ਉੱਭਰਕੇ ਸਾਹਮਣੇ

ਆਉਂਦਾ ਹੈ। ਜਿਵੇਂ ਕਿ ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ ਫਰੰਗੀਆਂ ਦੀ ਨੂੰਹ ਦੀ ਗੋਲੇ ਕਬੂਤਰ ‘ਚ ਪੇਸ਼ ਕੀਤਾ ਹੈ:

> ਘਰੋਂ ਇੰਗਲੈਂਡ ਸੁਨਹਿਰੀ ਸੁਪਨੇ ਸਜਾ ਕੇ ਤੁਰਿਆ, ਮੈਂ ਇਥੇ ਇੱਕ ਅਪਰਾਧੀ ਬਣ ਕੇ ਰਹਿ ਗਿਆ। ਸਾਹ ਘੁੱਟਵੀਆਂ ਲਾਰੀਆਂ 'ਚ ਆਪਣੀ ਜਾਣ ਜੋਖਮ 'ਚ ਪਾ ਕੇ ਪਰਾਈ ਧਰਤੀ ਤੇ ਦਾਣਾ ਦੁਣਕਾ ਚੁਗਣ ਆਏ ਮੇਰੇ ਵਰਗੇ ਪਤਾ ਨਹੀਂ ਕਿੰਨੇ "ਗੋਲੇ ਕਬੂਤਰ' ਪਿੰਜਰਿਆਂ 'ਚ ਬੰਦ ਹੋ ਕੇ ਰਹਿ ਗਏ ਜਾਂ ਰਾਹ 'ਚ ਹੀ ਮਾਰੇ ਗਏ। ਘਰੋਂ ਬੇਘਰ ਹੋਏ ਅਸੀਂ ਤੇ ਵਤਨੋਂ ਬੇਵਤਨ। ਨਾ ਅਸੀਂ ਏਥੇ ਆਲਣਾ ਪਾ ਸਕੇ ਤੇ ਨਾ ਸਾਡੀ ਵਾਪਸੀ ਹੋਈ।(257)

ਇਵੇਂ ਹੀ ਸੁਖਜੀਤ ਨੇ ਆਪਣੇ ਕਹਾਣੀ ਸੰਗ੍ਰਹਿ ਅੰਤਰਾ ਦੀ ਮਾਰਕੀਟ ਕਹਾਣੀ ਵਿੱਚ ਦਰਸਾਇਆ ਹੈ ਕਿ:

> ਡਾ. ਛੀਨਾ ਨੂੰ ਜਿਵੇਂ ਕੋਈ ਫ਼ਰਕ ਨਹੀਂ ਸੀ ਪੈਂਦਾ, ਉਸਨੇ ਉਵੇਂ ਕਾਰੋਬਾਰੀ ਲਹਿਜ਼ੇ ’ਚ ਕਿਹਾ, ਦੇਖੋ ਜੀ, ਉਂਜ ਤਾਂ ਇਹ ਅਨਮੋਲ ਵਸਤਾਂ ਨੇ, ਇਹਨਾਂ ਦਾ ਮੁੱਲ ਤਾਂ ਕੋਈ ਹੁੰਦਾ ਨਹੀਂ, ਪਰ ਹਸਪਤਾਲ ਦੇ ਵਾਸਤੇ, ਤੁਹਾਡੇ ਕੋਲੋਂ ‘ਫੀ-ਮੇਲ’ ਦਾ ਲਗ ਭੱਗ ਪੰਜਾਹ ਹਜ਼ਾਰ ਤੇ ‘ਮੇਲ’ ਦਾ ਤਕਰੀਬਨ ਇੱਕ ਲੱਖ।(99)

ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਮਾੜੇ ਪੱਖ ਨੂੰ ਪੂੰਜੀਵਾਦ, ਸਰਮਾਏਦਾਰੀ ਪ੍ਰਬੰਧ ਵਿੱਚਲੇ ਢਾਂਚੇ ਵਿਚੋਂ ਪਦਾਰਥਕ ਲਾਲਸਾ ਅਤੇ ਮੱਧਵਰਗੀ ਔਰਤ-ਮਰਦ ਦੇ ਸੰਘਰਸ਼ਸ਼ੀਲ ਜੀਵਨ ਸ਼ੈਲੀ ਤੋਂ ਪੈਦਾ ਹੋਈ ਪਦਾਰਥਕ ਲਾਲਸਾ ਦੁਆਰਾ ਵੱਖਰਤਾਵਾਂ ਤੋਂ ਉਭਾਰਿਆ ਹੈ। ਇਸ ਤੋਂ ਇਲਾਵਾ ਜਿੱਥੇ ਸੁਖਜੀਤ ਨੇ ਕਹਾਣੀ ‘ਪਾਤਸ਼ਾਹ’ ਅਤੇ ਵੀਨਾ ਵਰਮਾ ਨੇ ਕਹਾਣੀ ‘ਲਿੱਬੜੀ ਹੋਈ ਚਾਦਰ’ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਭ੍ਰਿਸ਼ਟਾਚਾਰ, ਪਾਖੰਡਵਾਦ, ਅਤੇ ਪੂੰਜੀਵਾਦ ਦੇ ਪ੍ਰਭਾਵ ਆਦਿ ਮਾੜੇ ਪੱਖਾਂ ਨੂੰ ਉਭਾਰਿਆ ਹੈ। ਜਿੱਥੇ ਸੁਖਜੀਤ ਦੀ ‘ਪਾਤਸ਼ਾਹ’ ਕਹਾਣੀ ਵਿੱਚ ਪੇਸ਼ ਪਾਤਸ਼ਾਹ ਨਾਲ ਸੰਭਾਵਿਤ ਮਿਲਣੀ ਤੋਂ ਅਸਹਿਜ ਮਹਿਸੂਸ ਕਰ ਰਹੇ ਅਜੈਬ ਸਿੰਘ ਨੂੰ ਜਦ ਇਹ ਪਤਾ ਚੱਲਦਾ ਹੈ ਕਿ ਉਸਨੂੰ ਜਿਸ ਆਲੀਸ਼ਾਨ ਕੋਠੀ ਵਿੱਚ ਲਿਆਇਆ ਗਿਆ ਹੈ,

ਉਹ ਪਾਤਸ਼ਾਹ ਦੀ ਨਹੀਂ, ਬਲਕਿ ਡੇਰੇ ਦੇ ਪ੍ਰਬੰਧਕ ਬਾਬਾ ਦਿਆ ਸਿੰਘ ਦੀ ਹੈ ਤਾਂ ਉਹ ਕੁਝ ਪਲ ਲਈ ਰਾਹਤ ਮਹਿਸੂਸ ਕਰਦਾ ਹੈ। ਇਸ ਸਭ ਘਟਨਾਕ੍ਰਮ ਦਾ ਅਸਲ ਮਨੋਰਥ ਅਜੈਬ ਸਿੰਘ ਨੂੰ ਉਸਦੇ ਬਾਪੂ ਨਾਲ ਨਾ ਮਿਲਣ ਦੇਣਾ ਅਤੇ ਉਸਦੀ ਜ਼ਮੀਨ ਹਥਿਆਉਣਾ ਹੈ। ਅਜੈਬ ਸਿੰਘ ਨੂੰ ਡੇਰੇ ਦੇ ਇਹਨਾਂ ਘਟੀਆ ਮਨਸੂਬਿਆਂ ਦਾ ਪਤਾ ਕੁਟੀਆ ਵਿੱਚ ਮਿਲੇ ਆਪਣੇ ਵਿਦਿਆਰਥੀ ਸੁਖਵਿੰਦਰ ਤੋਂ ਲੱਗਦਾ ਹੈ। ਅਜੈਬ ਸਿੰਘ ਨੂੰ ਉਸ ਨਾਲ ਵਾਪਰ ਚੁੱਕੇ ਘਟਨਾਕ੍ਰਮ ਬਾਰੇ ਦੱਸ ਰਹੇ ਸੁਖਵਿੰਦਰ ਦੀਆਂ ਗੱਲਾਂ ਤੋਂ ਡੇਰਾ ਤੰਤਰ ਦੀਆਂ ਪਲੀਤ ਪਰਤਾਂ ਇੱਕ-ਇੱਕ ਕਰਕੇ ਖੁੱਲ੍ਹਣ ਲੱਗਦੀਆਂ ਹਨ। ਸੁਖਵਿੰਦਰ ਦੀ ਪੰਜ ਕਿੱਲੇ ਜ਼ਮੀਨ ਵੀ ਡੇਰਾ ਹਥਿਆ ਚੁੱਕਾ ਸੀ। ਸੁਖਵਿੰਦਰ ਦਾ ਛੋਟਾ ਵੀਰ ਹੁਣ ਡੇਰੇ ਵਿੱਚ ਖੇਤੀ ਅਤੇ ਮਾਂ ਲੰਗਰ ਵਿੱਚ ਸੇਵਾ ਇਸ ਆਸ ਨਾਲ ਕਰਦੇ ਸਨ ਕਿ ਸ਼ਾਇਦ ਪਾਤਸ਼ਾਹ ਮਿਹਰ ਕਰ ਦੇਵੇ। ਸੁਖਵਿੰਦਰ ਹੁਣ ਖੁਦ ਮਜਬੂਰਨ ਪ੍ਰੈੱਸ ਵਿੱਚ ਡੇਰੇ ਦੀ ਝੂਠੀ ਮਹਿਮਾ ਦਾ ਪ੍ਰਚਾਰ ਕਰਨ ਦਾ ਕੰਮ ਕਰਦਾ। ਉਸ ਮੂੰਹੋਂ ਸੁਣੀਆਂ ਗੱਲਾਂ ਨੇ ਅਜੈਬ ਸਿੰਘ ਨੂੰ ਧੁਰ ਅੰਦਰ ਤੱਕ ਹਿਲਾ ਦਿੱਤਾ। ਇੱਕ-ਇੱਕ ਕਰਕੇ ਸੱਚ ਅਜੈਬ ਸਿੰਘ ਸਾਹਮਣੇ ਖੁੱਲ੍ਹਣ ਲੱਗਾ ਕਿ ਕਿਵੇਂ ਉਸਦੇ ਬਾਪੂ ਦਾ ਡੇਰੇ ਨੂੰ ਜ਼ਮੀਨ ਮੱਥਾ ਟੇਕਣ ਲਈ ਮੰਨ ਜਾਣਾ, ਪਰੰਤੂ ਫੇਰ ਆਪਣੇ ਪੁੱਤਰ ਅਜੈਬ ਸਿੰਘ ਨੂੰ ਮਿਲਣ ਲਈ ਅੜ੍ਹ ਜਾਣਾ, ਬਾਪੂ ਵੱਲੋਂ ਅਜੈਬ ਸਿੰਘ ਨੂੰ ਭੇਜੇ ਸੁਨੇਹੇ, ਉਹਨਾਂ ਸੁਨੇਹਿਆਂ ਨੂੰ ਡੇਰੇ ਅੰਦਰ ਹੀ ਦਬਾ ਦਿੱਤਾ ਜਾਣਾ, ਬਾਪੂ ਨੂੰ ਸੁਨੇਹਿਆਂ ਬਦਲੇ ਝੂਠੇ ਜਵਾਬ ਘੜ੍ਹ ਕੇ ਸੁਣਾ ਦਿੱਤੇ ਜਾਣਾ, ਰਜਿਸਟਰੀ ਹੋਣ ਤਕ ਅਜੈਬ ਸਿੰਘ ਨੂੰ ਬੰਧਕ ਬਣਾ ਕੇ ਰੱਖਣਾ ਆਦਿ। ਇਸ ਸਭ ਦਾ ਮਨੋਰਥ ਬਿਨਾਂ ਕਿਸੇ ਵਿਰੋਧ ਦੇ ਜ਼ਮੀਨ ਨੂੰ ਡੇਰੇ ਦੇ ਨਾਂ ਲਾਉਣਾ ਸੀ।' ਉੱਥੇ ਵੀਨਾ ਵਰਮਾ ਨੇ ਆਪਣੀ ਕਹਾਣੀ 'ਮੁੱਲ ਦੀ ਤੀਵੀਂ' ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਸਰਮਾਏਦਾਰੇ ਵੱਲੋਂ ਇੱਕ ਔਰਤ ਦੀ ਬੇਵਸੀ, ਮਜਬੂਰੀ ਤੇ ਗਰੀਬੀ ਕਾਰਨ ਮਾੜੇ ਪੱਖ ਜ਼ਰ, ਜੋਰੂ ਜ਼ਮੀਨ ਦੇ ਬਲ ਤੇ ਸਰੀਰਕ, ਮਾਨਸਿਕ, ਭਾਵਨਾਤਮਕ ਸ਼ੋਸ਼ਣ ਦਾ ਉਭਾਰ ਹੈ, ਜਿਵੇਂ ਕਿ ਕਹਾਣੀ ਵਿੱਚਲੀ ਪਾਤਰ ਲੱਛਮੀ ਹੈ, ਜਿਸਨੂੰ ਟਰੱਕ ਡਰਾਈਵਰ ਮੱਘਰ ਸਿੰਘ ਬੰਗਾਲ ਤੋਂ ਖਰੀਦ ਕੇ ਲਿਆਂਦਾ ਹੈ। ਮੱਘਰ ਸਿੰਘ ਹਮੇਸ਼ਾ ਉਸਨੂੰ ਇੱਕ ਵਸਤੂ ਵਾਂਗ ਵਰਤਦਾ ਹੈ। ਉਹ ਲੱਛਮੀ ਨਾਲ ਕੋਈ ਭਾਵਨਾਤਮਕ ਸਾਂਝ ਨਹੀਂ ਰੱਖਦਾ, ਸਗੋਂ ਉਸਦਾ ਮਕਸਦ ਸਿਰਫ਼ ਆਪਣੀ ਸਰੀਰਕ ਲੋੜ ਨੂੰ ਪੂਰਾ

ਕਰਨਾ ਹੈ। ਮੱਘਰ ਸਿੰਘ ਕੋਲ ਲੱਛਮੀ ਕਈ ਦਿਨ ਤੋਂ ਰਹਿੰਦੀ ਹੋਣ ਕਰਕੇ ਉਹ ਉਸਦੇ ਘਰ ਨੂੰ ਆਪਣਾ ਘਰ ਸਮਝ ਕੇ ਉਸਦੀ ਦੇਖਭਾਲ਼ ਕਰਨ ਲੱਗ ਜਾਂਦੀ ਹੈ ਲੱਛਮੀ ਮੱਘਰ ਸਿੰਘ ਦੁਆਰਾ ਵਸਤੂ ਵਾਂਗ ਵਰਤੇ ਜਾਣ ਦੇ ਬਾਵਜੂਦ ਵੀ ਉਸਨੂੰ ਆਪਣਾ ਪਤੀ ਸਵੀਕਾਰਦੀ ਹੈ ਤੇ ਉਸਦੇ ਘਰ ਦੀ ਸਾਂਭ-ਸੰਭਾਲ ਕਰਦੀ ਹੈ। ਉਸਦੇ ਅਚੇਤ ਮਨ ਵਿੱਚ ਘਰ ਦਾ ਸੰਕਲਪ ਜੁੜਿਆ ਹੋਇਆ ਹੈ। ਉਹ ਮੱਘਰ ਸਿੰਘ ਨਾਲ ਭਾਵਨਾਤਮਕ ਸਾਂਝ ਰੱਖਦੀ ਹੈ ਪਰ ਜਦੋਂ ਮੱਘਰ ਉਸਨੂੰ ਉਸਦੇ ਦੇਸ਼ ਛੱਡਣ ਦੀ ਗੱਲ ਕਰਦਾ ਹੈ ਤਾਂ ਉਹ ਆਪਣੀ ਵੇਦਨਾ ਇਵੇਂ ਪਰਗਟ ਕਰਦੀ ਹੈ ਕਿ ਲੱਛਮੀ ਦੇ ਅਨੁਸਾਰ ਉਸਦਾ ਘਰ ਉਹੀ ਹੈ, ਜਿਸ ਨਾਲ ਉਹ ਤਨੋਂ ਮਨੋਂ ਜੁੜੀ ਹੁੰਦੀ ਹੈ। ਉਹ ਮੱਘਰ ਸਿੰਘ ਨਾਲ ਤਨੋਂ ਹੀ ਨਹੀਂ ਜੁੜਦੀ ਸਗੋਂ ਮਨੋਂ ਵੀ ਉਸਨੂੰ ਸਭ ਕੁਝ ਮੰਨ ਲੈਂਦੀ ਹੈ ਪਰ ਮੱਘਰ ਸਿੰਘ ਦੀਆਂ ਨਜ਼ਰ ਵਿੱਚ ਉਸਦੀ ਅਸਲੀਅਤ ਕੁਝ ਹੋਰ ਹੀ ਹੈ। ਉਹ ਲੱਛਮੀ ਨੂੰ ਸਿਰਫ਼ ਭੋਗ ਵਸਤੂ ਹੀ ਸਮਝਦਾ ਹੈ। ਸੋ, ਸੁਖਜੀਤ ਤੇ ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਮਾੜੇ ਪੱਖ ਨੂੰ ਦੰਭੀ ਬਾਬਿਆਂ, ਭ੍ਰਿਸ਼ਟ ਡੇਰਿਆਂ, ਮੁਖੀਆਂ ਦੁਆਰਾ ਜ਼ਮੀਨ ਜਾਇਦਾਦ ਦੀ ਲੁੱਟ-ਖਸੁੱਟ ਅਤੇ ਸਰਮਾਏਦਾਰ ਵੱਲੋਂ ਵਪਾਰੀਕਰਨ ਆਦਿ ਨੀਤੀਆਂ ਦੁਆਰਾ ਸਮੁੱਚੀਆਂ ਮਨੁੱਖਤਾ ਦੇ ਸਰੀਰਕ, ਮਾਨਸਿਕ ਸ਼ੋਸ਼ਣ ਨੂੰ ਵੱਖਰਤਾਵਾਂ ਤੋਂ ਪ੍ਰਸਤੁਤ ਕੀਤਾ ਹੈ। ਜਿਵੇਂ ਕਿ ਪਹਿਲਾ ਸੁਖਜੀਤ ਦੇ ਕਹਾਣੀ ਸੰਗ੍ਰਹਿ ਚੋਂ ਲਈ ਕਹਾਣੀ ਪਾਤਸ਼ਾਹ ਦੀ ਗੱਲ ਕਰਦੇ ਹਾਂ:

> ਸਾਰਾ ਕਮਰਾ ਵਿਦੇਸ਼ੀ ਚੀਜਾਂ ਨਾਲ ਭਰਿਆ ਪਿਆ ਸੀ, ਰੰਗਦਾਰ ਟੀ.ਵੀ. ਤੋਂ ਲੈ ਕੇ ਟਾਰਚ ਤੱਕ, ਹੈਂਗਰਾਂ ਤੇ ਟੰਗੇ ਰੇਸ਼ਮੀ ਚੋਲਿਆਂ ਤੋਂ ਲੈ ਕੇ ਬੂਹੇ-ਬਾਰੀਆਂ ਦੇ ਪਰਦਿਆਂ ਤਕ, ਸਭ ਕੁਝ ਵਿਦੇਸ਼ੀ ਸੀ। ਬਾਹਰ ਦੀ ਗਰਮੀ ਦੇ ਸਾੜੇ ਪਿੰਡੇ ਨੂੰ ਏ.ਸੀ. ਦੀ ਠੰਢਕ ਸਹਿਲਾ ਰਹੀ ਸੀ। ਫਰਿੱਜ ਦੇ ਠੰਡੇ ਦੁੱਧ ਨੇ ਉਹਦੇ ਅੰਦਰ ਠੰਢ ਵਰਤਾ ਦਿੱਤੀ ਸੀ। ਬਾਬਾ ਦਿਆ ਸਿੰਘ ਦੇ ਨਰਮ ਬੋਲਾਂ ਅਤੇ ਕਮਰੇ ਅੰਦਰਲੇ ਵਾਤਾਵਰਨ ਨੇ ਅਜੈਬ ਸਿੰਘ ਉੱਤੇ ਸੁੱਖ ਅਤੇ ਆਨੰਦ ਦੀ ਚਾਦਰ ਜਿਹੀ ਤਾਣ ਦਿੱਤੀ ਸੀ, ਬੇਹੋਸ਼ੀ ਵਰਗੀ। ਜਿਸਨੇ ਉਸਨੂੰ ਬਹੁਤ ਕੁਝ ਭੁਲਾ ਦਿੱਤਾ ਸੀ। ਉਹ ਇੰਨਾ ਮੋਹਿਆ ਗਿਆ ਸੀ ਜੇ ਇਹ ਹਾਲਤ ਵਿੱਚ ਬਾਬਾ ਦਿਆ ਸਿੰਘ ਉਸਨੂੰ ਜ਼ਮੀਨ ਦਾ ਅਤੇ ਬਾਪੂ ਦਾ ਖਿਆਲ ਛੱਡਣ ਲਈ

> ਆਖਦਾ ਤਾਂ ਉਹ ਝੱਟ ਹਾਂ ਕਰ ਦਿੰਦਾ। ਸ਼ਾਇਦ ਉਸਦੇ ਬਾਪੂ ਨਾਲ ਵੀ ਇੰਝ ਹੀ ਹੋਇਆ ਸੀ। ਇਸ ਕਮਰੇ ਦੇ ਵਾਤਾਵਰਨ ਨੇ ਉਨ੍ਹਾਂ ਵਰਗੇ ਕਿੰਨਿਆਂ ਨੂੰ ਲੁੱਟਿਆ ਤੇ ਠੱਗਿਆ ਸੀ।(101)

ਇਵੇਂ ਹੀ ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ *ਮੁੱਲ ਦੀ ਤੀਵੀਂ* ਚੋਂ ਕਹਾਣੀ ਮੁੱਲ ਦੀ ਤੀਵੀਂ 'ਚ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਮਾੜੇ ਪੱਖ ਨੂੰ ਦਰਸਾਇਆ ਗਿਆ ਹੈ ਕਿ:

> ਕੋਈ ਘਰ ਘੁਰ ਨ੍ਹੀਂ ਇਹ ਤੇਰਾ, ਮੁੱਲ ਦੀ ਤੀਵੀਂ ਐ ਤੂੰ। ਐਵੇਂ ਕਿਸੇ ਗ਼ਲਤ ਫ਼ਿਹਮੀ 'ਚ ਨਾ ਪੈਜੀ ਕਿਤੇ। ਪੈਸੇ ਦੇ ਕੇ ਲਿਆਂਦਾ ਸੀ ਤੈਨੂੰ ਮੈਂ। ਹੁਣ ਤੇਰਾ ਟੈਮ ਪੂਰਾ ਹੋ ਗਆ ਤਾਂ ਤੈਨੂੰ ਵਾਪਿਸ ਭੇਜ ਰਿਹਾ।(22)

ਸੰਖੇਪ ਤੌਰ ਤੇ ਇਹ ਕਹਿ ਸਕਦੇ ਹਾਂ ਕਿ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਤੋਂ ਜਿੱਥੇ ਮਹੀਨ ਪਰਤਾਂ ਨੂੰ ਚੰਗੇ ਤੇ ਮਾੜੇ ਪੱਖਾਂ ਨੂੰ ਸਮਾਨਤਾਵਾਂ ਤੇ ਵੱਖਰਤਾਵਾਂ ਤੋਂ ਫਰੋਲ ਕੇ ਖੋਲਦੀਆਂ ਹਨ, ਉੱਥੇ ਦੋਨੋਂ ਕਹਾਣੀਕਾਰਾਂ ਦੀਆਂ ਕਹਾਣੀਆਂ ਮਨੁੱਖੀ ਜੀਵਨ ਦੀਆਂ ਬਹੁਤ ਸਾਰੀਆਂ ਅਮੂਰਤਨ ਪਰਤਾਂ ਨੂੰ ਭਾਵੁਕ ਪੱਧਰ ਤੇ ਆਰਥਿਕ ਸਵੈ-ਨਿਰਭਰਤਾ ਤੋਂ ਔਰਤ-ਮਰਦ ਅੰਦਰ ਨਵੇਂ ਖ਼ਿਆਲਾਂ, ਆਜ਼ਾਦੀ 'ਤੇ ਸਮਾਜਿਕ ਬੰਧਨਾਂ ਪ੍ਰਤੀ ਵਿਦਰੋਹ ਦੀ ਭਾਵਨਾ ਵੀ ਪੈਦਾ ਕਰਦੀਆਂ ਹੋਈਆਂ ਚੰਗੇ ਪੱਖ ਤੋਂ ਸਮਾਨਤਾਵਾਂ ਅਤੇ ਵੱਖਰਤਾਵਾਂ ਨੂੰ ਵੀ ਪੇਸ਼ ਕਰਦੀਆਂ ਹਨ। ਇਸ ਤੋਂ ਇਲਾਵਾ ਮਾੜੇ ਪੱਖ ਨੂੰ ਪੂੰਜੀਵਾਦ, ਸਰਮਾਏਦਾਰੀ ਪ੍ਰਬੰਧ ਵਿੱਚਲੇ ਢਾਂਚੇ ਵਿਚੋਂ ਪਦਾਰਥਕ ਲਾਲਸਾ ਅਤੇ ਮੱਧਵਰਗੀ ਔਰਤ-ਮਰਦ ਦੇ ਸੰਘਰਸ਼ਸ਼ੀਲ ਜੀਵਨ ਸ਼ੈਲੀ ਤੋਂ ਪੈਦਾ ਹੋਈ ਪਦਾਰਥਕ ਲਾਲਸਾ ਦੁਆਰਾ ਸਮਾਨਤਾਵਾਂ ਤੇ ਵੱਖਰਤਾਵਾਂ ਤੋਂ ਉਭਾਰਿਆ ਹੈ, ਕਿਉਂਕਿ ਜਿੱਥੇ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੇ ਔਰਤ-ਮਰਦ ਪਾਤਰ ਆਰਥਿਕ ਪੱਖੋ ਤੋਂ ਆਜ਼ਾਦ ਹਨ। ਉੱਥੇ ਨਾਲ ਹੀ ਇਸ ਆਰਥਿਕ ਆਜ਼ਾਦੀ ਨੇ ਬੇਸ਼ੁਮਾਰ ਮੌਕੇ ਪੈਦਾ ਕੀਤੇ ਹਨ ਅਤੇ ਨਾਲ ਹੀ ਉਸ ਦੀਆਂ ਜਿੰਮੇਵਾਰੀਆਂ ਤੇ ਮੁਸੀਬਤਾਂ ਵਿੱਚ ਵੀ ਵਾਧਾ ਕੀਤਾ ਹੈ।

**4.4. ਧਾਰਮਿਕ ਪੱਖ:** ਔਰਤ ਦੀ ਦੇਹ ਕਾਮੁਕਤਾ ਦਾ ਸ਼ੋਸ਼ਣ ਲੰਬੇ ਸਮੇਂ ਤੋਂ ਲਗਾਤਾਰ ਹੁੰਦਾ ਆ ਰਿਹਾ

ਹੈ। ਇਸ ਸ਼ੋਸ਼ਣ ਦਾ ਮਾੜਾ ਪੱਖ ਵਿਸ਼ਵੀਕਰਨ ਪ੍ਰਭਾਵ, ਪੂੰਜੀਵਾਦੀ ਸੋਚ ਅਤੇ ਮਰਦ-ਪ੍ਰਧਾਨ ਸਮਾਜ ਆਦਿ ਦੀ ਸੁਮੇਲ ਵਿਚਾਰਧਾਰਾ ਵਿਚੋਂ ਉਪਜਦਾ ਹੈ। ਜਿਸ ਦੇ ਅੰਤਰਗਤ ਔਰਤ ਜੀਵਨ ਦਾ ਸਿੱਧੇ ਜਾਂ ਅਸਿੱਧੇ ਢੰਗ ਨਾਲ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਕੀਤਾ ਜਾ ਰਿਹਾ ਹੈ। ਇਹਨਾਂ ਪੱਖਾਂ ਦੇ ਅੰਤਰਗਤ ਸ਼ੋਸ਼ਿਤ ਔਰਤ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਅਭਿਵਿਅਕਤ ਕਰਨ ਲਈ ਅਨੇਕਾਂ ਕਹਾਣੀਕਾਰ ਹਨ। ਚੰਗੇ ਪੱਖ ਤੋਂ ਜਿੱਥੇ ਪੁਰਾਣੇ ਸਮਿਆਂ ਵਿੱਚ ਰਿਸ਼ੀਆਂ ਮੁਨੀਆਂ, ਗੁਰੂਆਂ-ਪੀਰਾਂ ਅਤੇ ਫ਼ਕੀਰਾਂ ਨੇ ਔਰਤ ਨੂੰ ‘ਜਗਤ ਜਣਨੀ’ ਦਾ ਦਰਜਾ ਦੇ ਸਤਿਕਾਰ ਦਿੱਤਾ, ਉੱਥੇ ਵਰਤਮਾਨ ਸਮੇਂ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਔਰਤ ਮਾੜੇ ਪੱਖ ਵਜੋਂ ਨਿਰੋਲ ਖਪਤ ਵਸਤੂ ਸਮਝੀ ਜਾਣ ਲੱਗੀ ਹੈ। ਵਰਤਮਾਨ ਦੌਰ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਵੱਖ-ਵੱਖ ਡੇਰਿਆਂ ਵਿੱਚ ਬੈਠੇ ਪਾਖੰਡੀ ਸਾਧੂ ਸੰਤਾਂ ਵੱਲੋਂ ਮਾੜੇ ਪੱਖ ਤੋਂ ਔਰਤ ਜਾਤ ਨੂੰ ਭਰਮਾ ਕੇ ਉਸ ਨਾਲ ਜੋ ਦੁਰਗਤੀ ਕੀਤੀ ਜਾਂਦੀ ਹੈ, ਉਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।ਇਸ ਸਬੰਧ ਵਿੱਚ ਵਨੀਤਾ ਦਾ ਆਪਣੀ ਪੁਸਤਕ *ਨਾਰੀਵਾਦ ਅਤੇ ਸਾਹਿਤ* ਅਨੁਸਾਰ ਮੰਨਣਾ ਹੈ ਕਿ:

> ਭਾਰਤ ਵਿੱਚ ਔਰਤ ਦੀ ਗੁਲਾਮੀ ਲਈ ਮਨੂੰ ਸਿਮਰਤੀ ਸਭ ਤੋਂ ਵੱਧ ਜ਼ਿੰਮੇਵਾਰ ਹੈ। ਇਸ ਦੇ ਨਾਲ ਹੀ ਅਸੀਂ ਕੁਝ ਗ੍ਰੰਥਾਂ ਤੋਂ ਵੀ ਇਸ ਗੱਲ ਦਾ ਅਨੁਮਾਨ ਲਗਾ ਸਕਦੇ ਹਾਂ ਕਿ ਉਸ ਦਾ ਸਮਾਜਿਕ, ਆਰਥਿਕ ਤੇ ਰਾਜਸੀ ਪਰਬੰਧ ਨਾਰੀ ਨੂੰ ਕਿਵੇਂ ਗੁਲਾਮ ਬਣਾ ਕਰਹਾ ਸੀ? ਉਦਾਹਰਣ ਦੇ ਤੌਰ ਤੇ ਬ੍ਰਾਹਮਣ ਗ੍ਰੰਥਾਂ ਦਾ ਕਥਨ ਹੈ ਕਿ ਨਾਰੀ ਕਦੇ ਵੀ ਆਜ਼ਾਦੀ ਦੇ ਯੋਗ ਨਹੀਂ। ਇਸਤਰੀ, ਸ਼ੂਦਰ, ਕੁੱਤੇ ਅਤੇ ਕਾਂ ਸਭ ਝੂਠ ਦਾ ਨਮੂਨਾ ਹਨ। ਰਿਗਵੇਦ ਵਿੱਚ ਕਿਹਾ ਗਿਆ ਹੈ ਕਿ ਨਾਰੀਆਂ ਚੰਚਲ ਤੇ ਬੇਕਾਬੂ ਹੁੰਦੀਆਂ ਹਨ ਅਤੇ ਨਾਰੀਆਂ ਧਰਤੀ ਦੀ ਸਭ ਤੋਂ ਨੀਚ ਵਸਤੂ ਹਨ ਅਤੇ ਸਭ ਬੁਰਾਈਆਂ ਦੀ ਜੜ।(14-15)

ਸੋ ਹਥਲੇ ਖੋਜ-ਕਾਰਜ ਦਾ ਮੂਲ ਉਦੇਸ਼ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਦੁਆਰਾ ਧਾਰਮਿਕ ਪੱਖ ਤੋਂ ਆਏ ਪਰਿਵਰਤਨ ਨੂੰ

ਚੰਗੇ ਤੇ ਮਾੜੇ ਪੱਖ ਵਜੋਂ ਉਭਾਰਨਾ ਹੈ। ਸੁਖਜੀਤ ਦੀਆਂ ਕਹਾਣੀਆਂ 'ਆਦਮਖ਼ੋਰ', 'ਹੁਣ ਮੈ ਇੰਜੁਆਏ ਕਰਦੀ ਆਂ' ਅਤੇ 'ਪਾਤਸ਼ਾਹ', ਨੈਂ ਯੁੱਗ, ਕਾਮ-ਬਲੀ ਆਦਿ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਦੂਜੀ ਨਾ ਤੀਜੀ, 'ਛੋਟੀ ਸਰਦਾਰਨੀ' ਅਤੇ 'ਹੋਰ ਉੱਪਰ', ਸ਼ੂਗਰ ਡੈਡੀ ਆਦਿ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਦੁਆਰਾ ਧਾਰਮਿਕ ਪੱਖ ਤੋਂ ਸਥਾਨਕ ਡੇਰਿਆਂ, ਪਾਖੰਡੀ ਸਾਧੂ-ਸੰਤਾਂ ਤੇ ਮਨੁੱਖੀ ਸਮੂਹ ਦੀ ਅੰਨ੍ਹੀ ਸ਼ਰਧਾ ਦੇ ਨਾਲ-ਨਾਲ ਔਰਤ-ਮਰਦ ਸੰਬੰਧਾਂ ਆਦਿ ਤੋਂ ਚੰਗੇ ਤੇ ਮਾੜੇ ਪੱਖ ਵਜੋਂ ਸਮਾਨਤਾਵਾਂ ਤੇ ਵੱਖਰਤਾਵਾਂ ਸਪੱਸ਼ਟ ਤੌਰ 'ਤੇ ਸਾਹਮਣੇ ਆਉਂਦੀਆਂ ਹਨ। ਜਿੰਨ੍ਹਾਂ ਨੂੰ ਹੇਠ ਲਿਖੇ ਅਨੁਸਾਰ ਵਿਸਥਾਰਪੂਰਵਕ ਵਿਚਾਰਿਆ ਗਿਆ ਹੈ:

**(ੳ) ਚੰਗੇ ਪੱਖ ਵਜੋਂ ਸਮਾਨਤਾਵਾਂ ਤੇ ਵੱਖਰਤਾਵਾਂ:** ਸੁਖਜੀਤ ਦੀ 'ਪਾਤਸ਼ਾਹ' ਅਤੇ ਵੀਨਾ ਵਰਮਾ ਦੀ ਕਹਾਣੀ 'ਦੂਜੀ ਨਾ ਤੀਜੀ', ਸ਼ੂਗਰ ਡੈਡੀ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਆਏ ਪਰਿਵਰਤਨ ਵਿੱਚਲੇ ਚੰਗੇ ਪੱਖ ਨੂੰ ਸਮਾਨਤਾਵਾਂ ਤੇ ਵੱਖਰਤਾਵਾਂ ਤੋਂ ਉਭਾਰਦੀਆਂ ਹੋਈਆਂ ਸਪੱਸ਼ਟ ਦਿਖਾਈ ਦਿੰਦੀਆਂ ਹਨ। ਇਹਨਾਂ ਕਹਾਣੀਆਂ ਵਿੱਚ ਲੋਕ ਸਮੂਹ ਵਿੱਚ ਅੰਨ੍ਹੀ ਸ਼ਰਧਾ ਭਾਵਨਾ, ਵਿਸ਼ਵਾਸ ਵਜੋਂ ਪਛਾਣ ਰੱਖਣ ਵਾਲੀ ਸਮੁੱਚੀ ਮਨੁੱਖਤਾ ਨੂੰ ਦੇਖਿਆ ਜਾਵੇ ਤਾਂ ਚੰਗੇ ਪੱਖ ਤੋਂ ਆਇਆ ਪਰਿਵਰਤਨ ਸਮਾਨਤਾਵਾਂ ਵਜੋਂ ਉੱਭਰ ਕੇ ਸਾਹਮਣੇ ਆਉਂਦਾ ਹੈ। ਇਹ ਧਿਰ ਆਪਣੀ ਤੁੱਛ ਬੁੱਧੀ, ਅਥਾਹ ਵਿਸ਼ਵਾਸ ਅਤੇ ਅੰਨ੍ਹੀ ਸ਼ਰਧਾ (ਜੋ ਕਦੇ-ਕਦੇ ਭੈਅ ਅਤੇ ਆਤੰਕ ਦਾ ਰੂਪ ਵੀ ਧਾਰਨ ਕਰ ਲੈਂਦੀ ਹੈ) ਕਾਰਨ ਡੇਰਾ ਮੁਖੀ ਦੇ ਅੱਗੇ ਸਿਰ ਨਿਵਾਉਂਦੀ ਹੈ। ਉਸਦੀ ਹਾਂ ਵਿੱਚ ਹਾਂ ਮਿਲਾਉਣਾ ਚੰਗੇ ਪੱਖ ਤੋਂ ਆਪਣਾ ਧਰਮ ਸਮਝਦੀ ਹੈ। ਧਰਮ ਸਬੰਧੀ ਵਿਚਾਰ ਪੇਸ਼ ਕਰਦੇ ਹੋਏ ਭੁਪਿੰਦਰ ਸਿੰਘ ਧਾਲੀਵਾਲ ਆਪਣੀ ਕਿਤਾਬ ਧਰਮ ਨੂੰ ਕਿਵੇਂ ਸਮਝੀਏ ਲਿਖਦੇ ਨੇ:

> ਧਰਮ ਇੱਕ ਵਿਅਕਤੀਗਤ ਵਿਸ਼ਵਾਸ ਹੈ, ਜਿਸ ਵਿੱਚ ਸਭ ਤੋਂ ਸਰਵਉੱਤਮ ਅੰਦਰੂਨੀ ਚਾਹਤ ਹੁੰਦੀ ਹੈ।(39)

ਇਹ ਚਾਹਤ ਹੀ ਆਪਣੇ ਆਪ ਨੂੰ ਆਪਣੀਆਂ ਲੋੜਾਂ, ਥੁੜਾਂ, ਤੋਟਾਂ ਕਾਰਨ ਬੇਆਸਰਾ ਮਹਿਸੂਸ ਕਰਦੀ ਹੋਈ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਪਰਿਵਰਤਨ ਕਾਰਨ ਚੰਗੇ ਪੱਖ ਵਾਲੇ

ਆਸਰੇ ਦੀ ਭਾਲ ਵਿੱਚ ਰਹਿੰਦੀ ਹੈ। ਇਸਦੀ ਇਹੀ ਭਾਲ ਇਸਨੂੰ ਰੱਬ ਦੀ ਰਜ਼ਾ ਨਾਲ ਜੋੜਦੀ ਹੈ। ਇਸ ਧਿਰ ਦੀ ਗਿਣਤੀ ਜਿਵੇਂ-ਜਿਵੇਂ ਵੱਧਦੀ ਜਾਂਦੀ ਹੈ, ਡੇਰੇ ਦੀਆਂ ਜੜ੍ਹਾਂ ਉੱਨ੍ਹੀਆਂ ਹੀ ਮਜ਼ਬੂਤ ਹੁੰਦੀਆਂ ਜਾਂਦੀਆਂ ਹਨ। ਡੇਰੇ ਦੇ ਸੰਪਰਕ ਵਿੱਚ ਆਈ ਇਹ ਧਿਰ ਮਾਨਸਿਕ ਬਦਲਾਅ ਚੋਂ ਗੁਜ਼ਰਦੀ ਹੈ। ਡੇਰਾ ਤੰਤਰ ਦੇ ਸਰੂਪ, ਕਿਰਿਆਸ਼ੀਲਤਾ, ਪ੍ਰਭਾਵ ਅਰਥਾਤ ਸਮੁੱਚੀ ਸੰਰਚਨਾ ਨੂੰ ਸਿਰਜਣਾਤਮਕ ਧਰਾਤਲ ਉੱਤੇ ਪ੍ਰਸਤੁਤ ਕਰਦੀਆਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਆਏ ਪਰਿਵਰਤਨ ਨੂੰ ਚੰਗਾ ਪੱਖ ਵਜੋਂ ਸਮਾਨਤਾਵਾਂ ਦੇ ਆਧਾਰ ਤੇ ਉਦੋਂ ਵਾਪਰਿਆ ਦੇਖਿਆ ਜਾ ਸਕਦਾ ਹੈ। ਸੁਖਜੀਤ ਦੇ ਕਹਾਣੀ ਸੰਗ੍ਰਹਿ *ਹੁਣ ਮੈਂ ਇੰਜੁਆਏ ਕਰਦੀ ਆਂ* ਦੀ ਕਹਾਣੀ ਪਾਤਸ਼ਾਹ ਵਿੱਚ ਬਾਪੂ ਆਪਣੀ ਜ਼ਮੀਨ ਜਾਇਦਾਦ ਡੇਰੇ ਨੂੰ ਦਾਨ ਵਜੋਂ ਕਰ ਦਿੰਦਾ ਹੈ, ਕਿਉਂਕਿ ਉਹ ਸੋਚਦਾ ਹੈ ਕਿ ਇਹ ਸੰਸਾਰਕ ਜੀਵਨ ਦੁੱਖਾਂ ਦਾ ਘਰ ਹੈ, ਇੱਥੇ ਪਦਾਰਥ ਚੀਜ਼ਾਂ ਨਾਲ ਮੋਹ ਕਰਕੇ ਪਰਲੋਕ ਨਹੀਂ ਸੁਧਾਰਿਆਂ ਜਾਣਾ। ਉਸ ਦਾ ਅਟੱਲ ਵਿਸ਼ਵਾਸ ਹੈ ਕਿ ਇਹ ਸਾਧੂ ਸੰਤ ਹੀ ਅਸਲ ਰਸਤਾ ਦੱਸ ਸਕਦੇ ਹਨ, ਸੋ, ਬਾਪੂ ਸਮੁੱਚੀ ਸੰਗਤ ਨੂੰ ਬਾਬੇ ਦੇ ਚਰਨੀ ਲੱਗਣ ਦਾ ਉਪਦੇਸ਼ ਦਿੰਦਾ ਹੈ। 'ਦੂਜੀ ਨਾ ਤੀਜੀ' ਕਹਾਣੀ ਜਦੋਂ ਵਿਦੇਸ਼ ਗਈ ਪਤੀ ਦੇ ਦੁੱਖ ਦਾ ਰੋਣਾ ਆਪਣੇ ਮਾਂ ਨੂੰ ਸੁਣਾਉਂਦੀ ਹੈ ਤਾਂ ਮਾਂ ਸ਼ਰਧਾ ਭਾਵਨਾ ਅਨੁਸਾਰ ਰੱਬ ਤੇ ਭਰੋਸਾ ਰੱਖਣ ਲਈ ਧੀ ਨੂੰ ਉਪਦੇਸ਼ ਦਿੰਦੀ ਹੈ, ਇਸ ਸ਼ਰਧਾ ਭਾਵਨਾ ਦੇ ਨਾਲ-ਨਾਲ ਉਹ ਇਤਿਹਾਸ-ਮਿਥਿਹਾਸਕ ਹਵਾਲੇ ਦੇ ਕੇ ਸੀਤਾ ਤੇ ਰਾਮ ਦੇ ਰਿਸ਼ਤੇ-ਨਾਤੇ ਵਿੱਚਕਾਰ ਪਤਨੀ ਨੂੰ ਪਤੀ ਦੀ ਅਧੀਨਗੀ ਸਵੀਕਾਰ ਕਰਨ ਦੇ ਨਾਲ-ਨਾਲ ਧਾਰਮਿਕ ਉਪਦੇਸ਼ ਦੇ ਕੇ ਸ਼ਰਧਾ ਰੱਖਣ ਲਈ ਘਰ ਵਸਾਉਣ ਬਾਰੇ ਕਹਿੰਦੀ ਹੈ। ਜਦੋਂ ਦੋਨੋਂ ਕਹਾਣੀਆਂ ਵਿੱਚਲੇ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਸੋਚ ਕਾਰਨ ਆਏ ਪਰਿਵਰਤਨ ਵਜੋਂ ਪਾਤਰ ਅੰਨ੍ਹੀ ਸ਼ਰਧਾ, ਭਾਵਨਾ ਵਜੋਂ ਕਹਿੰਦੇ ਹਨ ਕਿ:

> ਭਾਈ ਸੌ ਹੱਥ ਰੱਸਾ ਭਾਈ ਹੋਣਾ ਤਾਂ ਉਹੀ ਐ ਜੋ ਪਾਤਸ਼ਾਹ ਨੂੰ ਭਾਵੇਂ ਮੈਂ ਬਹੁਤ ਜ਼ੋਰ ਲਾਇਆ ਟੱਬਰ ਨੂੰ ਪਾਅਸ਼ਾਹ ਦੇ ਲੜ ਲੱਗ ਜੋ ਪਰ ਮੇਰੀ ਕਿਸੇ ਨਹੀਂ ਸੁਣੀ ਡੂਠੀ ਪੜ੍ਹਾਈਆਂ ਨੇ ਪੱਟੀ ਮੇਸ ਕਰਤੀ ਭਾਈ ਮੈਂ ਤਾਂ ਫਿਰ ਘਰ ਈਂ ਛੱਡ ਤਾ ਮੈਂ ਪਾਅਸ਼ਾਹ ਦੇ ਚਰਨੀ ਲੱਗ ਆਪਣੀਆਂ ਭੁੱਲਾਂ ਬਖਸਾ ਲੀਆਂ

> ਮੈਂ ਤਾਂ ਥੋਨੂੰ ਵੀ ਕਹਿਨਾਂ ਸਾਰਿਆਂ ਨੂੰ ਛੱਡੋ ਭਾਈ, ਏਹ ਝੂਠੇ ਮਾਣ ਤੇ ਲੱਗ ਜੋ ਪਾਤਸ਼ਾਹ ਦੇ ਚਰਨੀ। ਪਾਤਸ਼ਾਹ ਦੀ ਮਿਹਰ ਨਾਲ ਮੋਹ ਮਾਇਆ ਤੋਂ ਮੁਕਤ ਹੋ ਗਿਆ ਸੀ। ਜੇ ਉਸਨੂੰ ਚਿੰਤਾ ਸੀ ਤਾਂ ਸਿਰਫ਼ ਆਪਣੇ ਪ੍ਰਲੋਕ ਦੀ, ਜਿਸ ਨੂੰ ਸੁਧਾਰਨ ਲਈ ਉਸਨੇ ਆਪਣੀ ਸਾਰੀ ਜ਼ਮੀਨ ਡੇਰੇ ਨੂੰ ਮੱਥਾ ਟੇਕ ਦਿੱਤੀ ਸੀ।(97)

ਇਸੇ ਤਰ੍ਹਾਂ ਅੰਨੀ ਸ਼ਰਧਾ ਦੀ ਝਲਕ ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ *ਮੁੱਲ ਦੀ ਤੀਵੀਂ* ਦੂਜੀ ਨਾ ਤੀਜੀ ਵਿੱਚ ਦੇਖਣ ਨੂੰ ਮਿਲਦੀ ਹੈ:

> ਧੀਏ! ਧੀਆਂ ਆਪਣੇ ਘਰਾਂ 'ਚ ਹੀ ਚੰਗੀਆਂ ਲਗਦੀਆਂ ਨੇ, ਸੀਤਾ ਨੇ ਰਾਮ ਨਾਲ ਕਿੰਨ੍ਹੇ ਦੁੱਖ ਕੱਟੇ ਪਰ ਸਾਥ ਨਹੀਂ ਛੱਡਿਆ। ਦਰੋਪਦੀ ਸਾਰੀ ਉਮਰ ਬਣਾ 'ਚ ਫਿਰਦੀ ਰਹੀ। ਔਰਤ ਦਾ ਤਾਂ ਜਨਮ ਹੀ ਦੁੱਖ ਸਹਿਣ ਲਈ ਹੋਇਆ ਹੈ। ਆਪਣੇ ਘਰ ਵਿੱਚ ਰਹਿ ਕੇ ਆਪਣੇ ਪਤੀ ਦਾ ਮਨ ਜਿੱਤ, ਰੱਬ ਤੇਰੀ ਤੱਪਸਿਆ ਨੂੰ ਸਫ਼ਲ ਕਰੇ।(115)

ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਔਰਤ-ਮਰਦ ਦੀ ਧਾਰਮਿਕ ਗ੍ਰੰਥਾਂ ਵਿੱਚ ਪ੍ਰਬਲ ਸ਼ਰਧਾ ਨੂੰ ਚੰਗੇ ਪੱਖ ਵਜੋਂ ਸਪੱਸ਼ਟ ਰੂਪ ਵਿੱਚ ਬਿਆਨ ਕੀਤਾ ਗਿਆ ਹੈ। ਉਦਾਹਰਨ ਵਜੋਂ ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ *ਇੱਕ ਕੁੜੀ ਇਕੱਲੀ* ਦੀ ਕਹਾਣੀ ਸ਼ੂਗਰ ਡੈਡੀ ਵੀ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਪਾਤਰ ਵਿੱਚ ਸ਼ਰਧਾ ਭਾਵਨਾ ਕਾਰਨ ਆਏ ਪਰਿਵਰਤਨ ਨੂੰ ਉਭਾਰਦੀ ਦੇਖੀ ਜਾ ਸਕਦੀ ਹੈ। ਇਸ ਕਹਾਣੀ ਵਿੱਚ ਜਦੋਂ ਪਾਤਰ ਕਿਸ਼ੋਰੀ ਲਾਲ ਆਪਣੀ ਪਤਨੀ ਨਾਲ ਦੁਰ-ਵਿਹਾਰ ਕਰਦਾ ਬੁਰਾ ਭਲਾ ਬੋਲਦਾ ਤਾਂ ਅਜਿਹੇ ਬੋਲ ਹੀ ਪਤਨੀ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਆਏ ਪਰਿਵਰਤਨ ਵਜੋਂ ਉੱਭਰ ਕੇ ਰੱਬ ਅੱਗੇ ਸ਼ਰਧਾ ਭਾਵਨਾ, ਵਿਸ਼ਵਾਸ ਦਾ ਕਾਰਨ ਬਣਦੇ ਹਨ, ਜਦੋਂ ਉਹ ਰੱਬ ਅੱਗੇ ਅਜਿਹੇ ਰਿਸ਼ਤੇ-ਨਾਤੇ, ਸੰਯੋਗ ਆਦਿ ਦੇ ਤਰਲੇ ਪਾਉਂਦੀ ਰੱਬ ਦੀ ਰਜ਼ਾ ਵਿੱਚ ਚੰਗੇ ਪੱਖ ਵਜੋਂ ਕਹਿੰਦੀ ਹੈ ਕਿ:

> ਹੇ ਪ੍ਰਭੂ, ਕਿਹੜੇ ਪਾਪਾਂ ਦਾ ਫਲ ਮਿਲਿਆ ਮੈਨੂੰ ? ਕਿਹੜੇ ਜਨਮ ਦੀ ਸਜ਼ਾ ਦਿੱਤੀ ਤੂੰ ਮੈਨੂੰ ਏਸ

ਬੰਦੇ ਦੇ ਰੂਪ 'ਚ ? ਮੈਂ ਤੇਰਾ ਕੀ ਵਿਗਾੜਿਆ ਸੀ ? ਇਹਦੇ ਨਾਲੋਂ ਤਾਂ ਮੈਂ ਕੁਆਰੀ ਚੰਗੀ ਰਹਿੰਦੀ। ਉਹ ਰੱਬ ਮੂਹਰੇ ਸਵਾਲ ਕਰਦੀ।(68)

ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਆਇਆ ਪਰਿਵਰਤਨ ਚੰਗੇ ਪੱਖ ਵਜੋਂ ਸਮਾਨਤਾਵਾਂ ਦੇ ਆਧਾਰ ਤੇ ਇਹ ਦੱਸਦਾ ਹੈ ਕਿ ਜੇਕਰ ਔਰਤ ਸ਼ਰਮ, ਹਯਾ ਤੇ ਸਮਾਜਿਕ ਮਰਯਾਦਾ ਕਰਕੇ ਖ਼ਾਮੋਸ਼ੀ ਰਹਿੰਦੀ ਹੈ ਤਾਂ ਇਸਦਾ ਮਤਲਬ ਇਹ ਨਹੀਂ ਕਿ ਉਸਦੀਆਂ ਕੋਈ ਭਾਵਨਾਵਾਂ ਨਹੀਂ, ਬਲਕਿ ਉਹ ਤਾਂ ਆਪਣੇ ਹੱਕ ਲਈ ਜਾਗਰੂਕ ਹੋ ਕੇ ਜਿਊਣ ਦੀ ਚਾਹਵਾਨ ਹੈ ਤੇ ਉਹ ਹਰ ਵਾਰ ਸਜ਼ਾ ਭੁਗਤਣ ਲਈ ਤਿਆਰ ਨਹੀਂ। ਜਿਵੇਂ ਕਿ ਵੀਨਾ ਵਰਮਾ ਦੀ *ਫ਼ਰੰਗੀਆਂ ਦੀ ਨੂੰਹ* ਕਿਤਾਬ 'ਚ ਦਰਜ ਚੁੱਪ ਕੀਤੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਅਣਜੋੜ ਵਿਆਹ ਦੀ ਸਮੱਸਿਆ ਅਤੇ ਅਧੂਰੇ ਰਿਸ਼ਤਿਆਂ ਦੀ ਅਤ੍ਰਿਪਤੀ, ਖ਼ਾਮੋਸ਼ੀ ਨੂੰ ਇੱਕ ਨਿਵੇਕਲੇ ਢੰਗ ਨਾਲ ਸੋਚ ਵਿੱਚ ਆਏ ਪਰਿਵਰਤਨ ਵਜੋਂ ਚੰਗੇ ਪੱਖ ਤੋਂ ਪੇਸ਼ ਕੀਤਾ ਗਿਆ ਹੈ। ਇਹ ਚੰਗਾ ਪੱਖ ਉਸ ਸਮੇਂ ਦੌਰਾਨ ਵਾਪਰਦਾ ਹੈ, ਜਦੋਂ ਕਹਾਣੀ ਦੇ ਅੰਤ ਵਿੱਚ ਬਿੱਲੋ ਆਪਣੇ ਪਤੀ ਮਦਨ ਨੂੰ ਸਭਿਆਚਾਰ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਚੰਗੇ ਪੱਖ ਵਜੋਂ ਰਮਾਇਣ ਦੇ ਹਵਾਲਿਆਂ ਨਾਲ ਆਪਣੇ ਮਨ ਦੇ ਭਾਵ ਆਪਣੇ ਪਤੀ ਮਦਨ ਨਾਲ ਸਾਂਝੇ ਕਰਦੀ ਕਹਿੰਦੀ ਹੈ ਕਿ:

ਠਿਕਾਣਾ ਤੇ ਸੀਤਾ ਨੂੰ ਵੀ ਮਿਲ ਗਿਆ ਸੀ, ਰਿਸ਼ੀ ਬਾਲਮੀਕ ਦੇ ਆਸ਼ਰਮ 'ਚ ਸਦੀਆਂ ਪਹਿਲਾਂ ਜੰਗਲ 'ਚ। ਮੈਂ ਤਾਂ ਇੱਕੀਵੀ ਸਦੀ 'ਚ ਇੰਗਲੈਂਡ ਰਹਿ ਰਹੀ ਆਂ ਮੇਰੀ ਅਗਨੀ ਪ੍ਰੀਖਿਆ ਲੈਣ ਤੋਂ ਪਹਿਲਾਂ ਆਪਣੀ ਮੰਜੀ ਹੇਠ ਸੋਟਾ ਫੇਰੋ।(158)

ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਸਰਧਾਲੂ ਪਾਤਰਾਂ ਦੇ ਮਨਾਂ ਵਿੱਚ ਡੇਰੇ ਮੁਖੀ ਨੂੰ ਆਪਣੇ ਤਨ, ਮਨ ਅਤੇ ਧੰਨ ਦੀ ਪ੍ਰਾਪਤੀ ਲਈ ਚੰਗੇ ਪੱਖ ਤੋਂ ਸਰਵ-ਉੱਚ ਸ਼ਕਤੀ ਮੰਨਦੇ ਹਨ। ਇਸ ਤੋਂ ਇਲਾਵਾ ਡੇਰਾ ਮੁਖੀ ਤੇ ਉਸ ਸਿਸਟਮ ਨੂੰ ਚਲਾਉਣ ਅਤੇ ਬਣਾਉਣ ਵਿੱਚ ਅਦ੍ਰਿਸ਼ਟ ਰੂਪ ਵਿੱਚ ਬਹੁ-ਸਕਤੀਆਂ ਵੀ ਕੰਮ ਕਰਦੀਆਂ ਹਨ। ਮੂਲ ਰੂਪ ਵਿੱਚ ਦੋਨੋਂ

ਕਹਾਣੀਕਾਰ ਦੀਆਂ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਔਰਤ-ਮਰਦ ਨੂੰ ਇਤਿਹਾਸਕ/ਮਿਥਿਹਾਸਕ ਪਾਤਰਾਂ ਦੇ ਹਵਾਲਿਆਂ ਅਨੁਸਾਰ ਸ਼ਰਧਾਂ ਭਾਵਨਾਂ, ਵਿਸ਼ਵਾਸ਼ ਵਿੱਚ ਮਾਨਸਿਕ ਪਰਿਵਰਤਨ ਦੁਆਰਾ ਦ੍ਰਿੜ ਤੇ ਪੱਕਾ ਕਰਨ ਦੀ ਹਰ ਕੋਸ਼ਿਸ਼ ਉੱਭਰਦੀ ਹੈ।

**(ਅ) ਮਾੜੇ ਪੱਖ ਵਜੋਂ ਸਮਾਨਤਾਵਾਂ ਤੇ ਵੱਖਰਤਾਵਾਂ**: ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਮਾੜੇ ਪੱਖ ਦਾ ਪਰਿਵਰਤਨ ਰੂਪ ਸਮਾਨਤਾਵਾਂ ਤੇ ਵੱਖਰਤਾਵਾਂ ਵਜੋਂ ਉੱਭਰਦਾ ਹੈ। ਇਸ ਪਰਿਵਰਤਨ ਦੁਆਰਾ ਹੀ ਅਜੋਕੇ ਪੂੰਜੀਵਾਦੀ ਸਿਸਟਮ ਵਿੱਚ ਸੰਕਟ ਗ੍ਰਸਤ ਆਮ ਆਦਮੀ ਦਾ ਬਹੁਪਰਤੀ ਬਿਰਤਾਂਤ ਰੂਪਮਾਨ ਹੁੰਦਾ ਹੈ। ਸੁਖਜੀਤ ਤੇ ਵੀਨਾ ਵਰਮਾ ਜਿੱਥੇ ਆਮ ਆਦਮੀ ਦੀਆਂ ਉਨ੍ਹਾਂ ਸਥਿਤੀਆਂ-ਪਰਸਥਿਤੀਆਂ ਨੂੰ ਆਪਣੀਆਂ ਵਿਲੱਖਣ ਜੁਗਤਾਂ ਨਾਲ ਰੂਪਮਾਨ ਕਰਕੇ ਪਾਤਰਾਂ ਦੀ ਪੱਧਰ ਤੇ ਪੇਸ਼ਕਾਰੀ ਕਰਦੇ ਹਨ। ਉੱਥੇ ਨਾਲ ਹੀ ਉਸ ਨਾਲ ਜੁੜੇ ਰਿਸ਼ਤਿਆਂ-ਨਾਤਿਆਂ, ਭਾਵਨਾਵਾਂ, ਦੁਖਾਂਤਕ ਸਥਿਤੀਆਂ-ਪਰਸਥਿਤੀਆਂ ਨੂੰ ਆਪਣੇ ਥੀਮਕ ਪਾਸਾਰਾਂ ਰਾਹੀਂ ਸਿਰਜਿਤ ਕਰਦੇ ਹਨ। ਉਹਨਾਂ ਦੀ ਨਿਵੇਕਲੀ ਰਚਨਾਤਮਕ ਦ੍ਰਿਸ਼ਟੀ ਅਜੋਕੇ ਸਮਾਜਿਕ, ਸੰਸਕ੍ਰਿਤਿਕ ਮੁੱਲ-ਪ੍ਰਬੰਧ ਦੀ ਨਿਸ਼ਾਨਦੇਹੀ ਕਰਨ ਦੇ ਸਮਰੱਥ ਹੈ। ਇਹ ਕਹਾਣੀਆਂ ਮੂਲ ਰੂਪ ਵਿੱਚ ਰਿਸ਼ਤਿਆਂ-ਨਾਤਿਆਂ ਦੇ ਬਦਲਦੇ ਸਮੀਕਰਨ ਅਤੇ ਔਰਤ-ਮਰਦ ਚੇਤਨਾ ਦੇ ਪੈਰਾਡਾਇਮ ਦੁਆਲੇ ਘੁੰਮਦੀਆਂ ਹਨ। ਇਨ੍ਹਾਂ ਕਹਾਣੀਆਂ ਵਿੱਚ ਅਜੋਕੇ ਸੰਸਾਰ ਵਿੱਚ ਵੱਧ ਰਹੇ ਮਾਨਸਿਕ ਦਬਾਓ ਅੰਦਰ ਅਜੋਕੇ ਪੰਜਾਬੀ ਸਮਾਜਿਕ ਸਿਸਟਮ ਦੇ ਆਰਥਿਕ ਤੇ ਸੱਭਿਆਚਾਰਕ ਰੂਪਾਂਤਰਨ ਨੂੰ ਦੇਖਿਆ-ਸਮਝਿਆ ਜਾ ਸਕਦਾ ਹੈ। ਇਨ੍ਹਾਂ ਕਹਾਣੀਆਂ ਵਿੱਚ ਵਿਚਰ ਰਹੇ ਸਧਾਰਨ ਪਾਤਰ ਪਦਾਰਥਕ-ਮਾਨਸਿਕਤਾ ਨਾਲ ਸੰਕਟਗ੍ਰਸਤ ਹਨ। ਇਸ ਪਦਾਰਥਕ ਤੇ ਪੂੰਜੀਵਾਦੀ ਸਿਸਟਮ ਵਿੱਚ ਸਭ ਕੁੱਝ ਲਈ ਪੈਸਾ ਹੀ ਪ੍ਰਧਾਨ ਹੈ। ਇਹ ਪੈਸਾ ਰਿਸ਼ਤਿਆਂ-ਨਾਤਿਆਂ ਦੀ ਸੰਵੇਦਨਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਿਹਾ ਹੈ। ਸਿੱਟੇ ਵਜੋਂ ਰਿਸ਼ਤਿਆਂ-ਨਾਤਿਆਂ ਦਾ ਅਹਿਸਾਸ ਤੇ ਮੋਹ-ਪਿਆਰ ਸਭ ਬਨਾਵਟੀ ਪੱਧਰ ਤੇ ਹੋ ਗਿਆ ਹੈ ਤੇ ਅਜਿਹੀ ਸਥਿਤੀ-ਪਰਸਥਿਤੀ ਕਾਰਨ ਸਧਾਰਨ ਮਨੁੱਖ ਖੰਡਿਤ ਮਾਨਸਿਕਤਾ ਦਾ ਸ਼ਿਕਾਰ ਹੋ ਰਿਹਾ ਹੈ ਜਿਸ ਵਿੱਚ ਡਰ, ਸੁਰੱਖਿਆ, ਬੇਚੈਨੀ ਤੇ ਲਾਚਾਰਗੀ ਭਰਿਆ ਮਾਹੌਲ

ਪੈਦਾ ਹੋ ਗਿਆ ਹੈ। ਡੇਰਾਵਾਦ ਦੇ ਪੈਦਾ ਹੋਣ ਸੰਬੰਧੀ ਪਵਨ ਗੁਲ੍ਹਾਟੀ *ਆਧੁਨਿਕਤਾ ਅਤੇ ਪੰਜਾਬੀ ਨਾਵਲ* ਪੁਸਤਕ 'ਚ ਲਿਖਦੇ ਨੇ:

> ਪੂੰਜੀਵਾਦ ਡੇਰਾਵਾਦ ਨੂੰ ਉਤਸ਼ਾਹਿਤ ਕਰ ਕੇ ਆਪਣੇ ਨਿੱਜੀ ਹਿਤ ਦੀ ਪੂਰਤੀ ਕਰਦਾ ਹੈ। ਪੂੰਜੀਵਾਦ ਡੇਰਾਵਾਦ ਨੂੰ ਵਧਾ-ਫੈਲਾ ਕੇ ਆਪਣੀਆਂ ਊਣਤਾਈਆਂ, ਘਾਟਾ, ਵਿਸੰਗਤੀਆਂ ਅਤੇ ਸ਼ੋਸ਼ਕੀ ਬਿਰਤੀ ਤੇ ਪਰਦਾ ਪਾਦਾ ਹੈ। ਲੋਕ ਆਪਣੀਆਂ ਮੂਲ ਅਤੇ ਅਸਲੀ ਸਮੱਸਿਆਵਾਂ, ਦੁਸ਼ਵਾਰੀਆ, ਅਧੂਰੀਆਂ ਇਛਾਵਾਂ-ਆਕਾਂਖਿਆਵਾਂ, ਮਨੋਕਾਮਨਾਵਾਂ ਦਾ ਨਿਵਾਰਨ ਮੌਜੂਦਾ ਵਿਵਸਥਾ ਨੂੰ ਬਦਲ ਕੇ ਨਹੀਂ ਕਰਨਾ ਚਾਹੁੰਦੇ ਸਗੋਂ, ਇਹਨਾਂ ਦਾ ਨਿਵਾਰਨ ਡੇਰਿਆਂ/ਸਾਧ ਸੰਤ ਕੋਲ ਕਰਾਉਣ 'ਚ ਅਕੀਦਾ ਰੱਖਦੇ ਹਨ। ਡੇਰਾਵਾਦੀ ਸਾਧ ਸੰਤ ਲੋਕਾਂ ਦਾ ਧਿਆਨ ਵਿਗਿਆਨ ਅਤੇ ਸੰਮੋਹਨ ਦੀ ਵਿਧੀ ਨਾਲ ਆਪਣ ਵੱਲ ਖਿੱਚੀ ਰੱਖਦੇ ਹਨ। ਇਸ ਵਿਧੀ ਰਾਹੀਂ ਉਹ (ਸਾਧ ਸੰਤ) ਲੋਕਾਂ ਅਤੇ ਔਰਤ ਦਾ ਸ਼ੋਸ਼ਣ ਕਰਦੇ ਹਨ।(69)

ਸੋ ਸੁਖਜੀਤ ਦੀ ਕਹਾਣੀ 'ਪਾਤਸ਼ਾਹ' ਅਤੇ ਵੀਨਾ ਵਰਮਾ ਦੀ ਕਹਾਣੀ 'ਰਾਜਾਈ' ਤੇ 'ਛੋਟੀ ਸਰਦਾਰਨੀ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਵੇਦਾਂ/ਗ੍ਰੰਥਾਂ ਦੇ ਹਵਾਲਿਆਂ ਅਨੁਸਾਰ ਮਾਨਸਿਕ ਪਰਿਵਰਤਨ ਕਾਰਨ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਨੂੰ ਭੋਗ ਵਸਤੂ ਤੇ ਮਰਦ ਨੂੰ ਪਤੀ-ਪਰਮੇਸਵਰ ਦਾ ਦਰਜਾ ਦੇ ਕੇ ਸਮਾਨਤਾਵਾਂ ਦੇ ਮਾੜੇ ਪੱਖ ਤੋਂ ਸਮਝਿਆ ਜਾਂਦਾ ਹੈ। ਜਿਵੇਂ ਕਿ ਵੀਨਾ ਵਰਮਾ ਆਪਣੇ ਕਹਾਣੀ ਸੰਗ੍ਰਿਹ *ਜੋਗੀਆਂ ਦੀ ਧੀ* ਦੀ ਕਹਾਣੀ ਆ ਜਾ ਘਰ ਵਸਾਈਏ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਪਾਖੰਡੀ ਬਾਬਿਆਂ ਵੱਲੋਂ ਲੋਕਾਂ ਨੂੰ ਗੁੰਮਰਾਹ ਕਰਕੇ ਚਲਾਏ ਜਾਂਦੇ ਦੇਹ ਵਪਾਰ ਦੇ ਮਾੜੇ ਧੰਦੇ ਦਾ ਪਰਦਾਫਾਸ਼ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਬਾਬਾ ਡੱਕਾ ਪੀਰ ਇੱਕ ਦੰਭੀ ਅਤੇ ਖਲ ਪਾਤਰ ਹੈ, ਜਿਹੜਾ ਭੋਲੇ-ਭਾਲੇ ਲੋਕਾਂ ਨੂੰ ਗੁੰਮਰਾਹ ਕਰ ਆਪਣੀ ਹਵਸ ਪੂਰੀ ਕਰਦਾ ਹੈ। ਉਰਵਸ਼ੀ ਉਰਫ਼ ਊਸ਼ਾ ਇੱਕ ਬੋਲਡ ਕਿਰਦਾਰ ਵਜੋਂ ਮਾੜੇ ਪੱਖ ਵਾਲੀ ਭੂਮਿਕਾ ਨਿਭਾਉਂਦੀ ਉੱਭਰਦੀ ਹੈ। ਜਿਹੜੀ ਪਾਖੰਡੀ ਬਾਬਿਆਂ ਦੀ ਧੰਨ-ਦੌਲਤ 'ਤੇ ਫੋਕੀ ਸ਼ੋਹਰਤ ਹਾਸਲ ਕਰਕੇ ਅੰਤ ਵਿੱਚ ਫੋਕੀ ਸ਼ੋਹਰਤ ਨੂੰ

ਤਿਆਗ ਦਿੰਦੀ ਹੈ। ਊਸ਼ਾ ਜਦੋਂ ਆਪਣੇ ਜੀਵਨ ਬਾਰੇ ਬਾਬੇ ਨੂੰ ਕੋਈ ਕਰਾਮਾਤ ਕਰਨ ਲਈ ਕਹਿੰਦੀ ਹੈ ਤੇ ਕੋਈ ਜਾਦੂ ਦੀ ਪੁੜੀ ਮੰਗਦੀ ਹੈ ਤਾਂ ਬਾਬਾ ਅੱਗੋਂ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਔਰਤ ਪਰਤੀ ਕਾਮੁਕ ਭੁੱਖ ਕਾਰਨ ਆਏ ਪਰਿਵਰਤਨ ਤੋਂ ਮਾੜੇ ਪੱਖ ਦੀ ਸੋਚ ਰੱਖਦਾ ਹੋਇਆ ਕਹਿੰਦਾ ਹੈ ਕਿ:

> ਜਾਦੂ ਦੀ ਪੁੜੀ? ਤੇਰੇ ਤੋਂ ਵੱਡਾ ਜਾਦੂ ਕਿਹੜਾ ਏ? ਔਰਤ ਦੇ ਹੁਸਨ ਦਾ ਜਾਦੂ ਤਾਂ ਵੱਡਿਆਂ ਵੱਡਿਆਂ ਨੂੰ ਪਾਗਲ ਕਰ ਦਿੰਦਾ ਏ। ਕੋਈ ਜਾਦੂ-ਟੂਣਾ ਨਹੀਂ ਹੁੰਦਾ। ਸ਼ਿਰਫ਼ ਲੋਕਾਂ ਦੇ ਅੰਧ ਵਿਸਵਾਸ਼ ਦਾ ਫ਼ਾਇਦਾ ਉਠਾਦੇ ਹਾਂ ਅਸੀਂ। ਵਰਨਾ ਸਾਡੇ ਕੋਲ ਕੋਈ ਸੁਪਰ ਪਾਵਰ ਨਹੀਂ ਹੁੰਦੀ। ਇਹ ਸਭ ਪਾਖੰਡ ਨੇ। ਤੂੰ ਵੀ ਕਰ ਸਕਦੀ ਏਂ। ਹਜ਼ਾਰਾਂ ਪੌਂਡ ਕਮਾ ਸਕਦੀ ਏ ਜਦੋਂ ਤੱਕ ਦੁਨੀਆਂ 'ਚ ਬੇਵਕੂਫ ਜ਼ਿੰਦਾ ਨੇ ਅਕਲਮੰਦ ਭੁੱਖੇ ਨਹੀਂ ਮਰਦੇ।(197)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਅਨੇਕਾਂ ਥੀਮਕ ਪਾਸਾਰਾਂ ਨੂੰ ਆਪਣੇ ਕਲਾਵੇ ਵਿੱਚ ਲਈ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਪਰਿਵਰਤਨ ਰੂਪ ਦੇ ਬਹੁ-ਅਰਥਾਂ ਦੀਆਂ ਧਾਰਨੀ ਹੋਣ ਕਰਕੇ ਮਾੜੇ ਪੱਖ ਨੂੰ ਸਮਾਨਤਾਵਾਂ ਵਜੋਂ ਉਭਾਰਦੀਆਂ ਹਨ। ਇਹਨਾਂ ਕਹਾਣੀਆਂ ਨੇ ਜਿੱਥੇ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਦੇ ਧਾਰਮਿਕ ਪੱਖ ਤੋਂ ਕੋਹਜ, ਪਾਖੰਡਵਾਦ, ਦੰਭਵਾਦ ਆਦਿ ਨੂੰ ਪਰਿਵਰਤਨ ਦੀ ਦ੍ਰਿਸ਼ਟੀ ਤੋਂ ਸਮਾਨਤਾਵਾਂ ਤੋਂ ਉਜਾਗਰ ਕੀਤਾ ਹੈ, ਉੱਥੇ ਨਾਲ ਹੀ ਲੋਕ ਸਮੂਹ ਦੀ ਅੰਨ੍ਹੀ ਸ਼ਰਧਾ ਭਾਵਨਾ ਨੂੰ ਵੀ ਪਰਿਵਰਤਨ ਦੀ ਦ੍ਰਿਸ਼ਟੀ ਤੋਂ ਸਮਾਨਤਾਵਾਂ ਵਜੋਂ ਉਭਾਰਿਆ ਗਿਆ ਹੈ, ਜਿਹੜੀ ਔਰਤ-ਮਰਦ ਦੇ ਅਸਤਿਤਵ ਦਾ ਬਹੁਤ ਹੀ ਚਲਾਕੀ ਭਰੇ ਤਰੀਕੇ ਨਾਲ ਘਾਣ ਕਰ ਰਹੀ ਹੈ। ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿਚੋਂ ਔਰਤ-ਮਰਦ ਦੀਆਂ ਵਿਭਿੰਨ ਪਰਤਾਂ ਅਤੇ ਕਾਮ ਦੀਆਂ ਤ੍ਰਿਪਤ ਪਰਿਵਰਤਨ ਰੂਪ ਅਤ੍ਰਿਪਤ ਇੱਛਾਵਾਂ ਸਮਾਨਤਾਵਾਂ ਵਜੋਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਜਿਵੇਂ ਕਿ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਮਾਨਸਿਕ ਪਰਿਵਰਤਨ ਦੇ ਸ਼ੈਤਾਨੀਅਤ ਦਾ ਪ੍ਰਗਟਾਵਾ ਮਾੜੇ ਪੱਖ ਵਜੋਂ ਬਹੁ-ਪਾਤਰਾਂ ਵਿਚੋਂ ਸਮਾਨਤਾਵਾਂ ਤੋਂ ਪ੍ਰਗਟ ਹੁੰਦਾ ਹੈ। ਇਹ ਸ਼ੈਤਾਨੀਅਤ ਮਾਨਸਿਕ ਪਰਿਵਰਤਨ ਕਿਵੇਂ ਹੈਵਾਨੀਅਤ ਦਾ ਰੂਪ ਧਾਰ ਕੇ ਮਸੂਮੀਅਤ ਨੂੰ,

ਆਸਥਾ ਨੂੰ, ਭੋਲ਼ੇਪਣ ਨੂੰ, ਬੇਕਸੂਰ ਨੂੰ ਕੁਚਲਦਾ ਹੈ? ਇਸ ਦੀ ਅਨੁਭੂਤੀ ਸੁਖਜੀਤ ਆਪਣੇ ਕਹਾਣੀ ਸੰਗ੍ਰਹਿ *ਹੁਣ ਮੈਂ ਇੰਜੁਆਏ ਕਰਦੀ ਆਂ* ਦੀ ਕਹਾਣੀ ਹੁਣ ਮੈਂ ਇੰਜੁਆਏ ਕਰਦੀ ਹਾਂ ਵਿਚੋਂ ਡੇਰਾ ਮੁਖੀ ਪਾਤਰ ਸੈਹਬ ਜੀਆਂ ਦੇ ਪਾਤਰ ਤੋਂ ਹੁੰਦੀ ਹੈ, ਜਿਸਦੀ ਹਵਸ ਦਾ ਸ਼ਿਕਾਰ ਹੋਈ ਮੁੱਖ ਪਾਤਰ ਵੀ ਕਿਤੇ ਨਾ ਕਿਤੇ ਖੁਦ ਹੈਵਾਨੀਅਤ ਪਰਿਵਰਤਨ ਰੂਪ ਅਖ਼ਤਿਆਰ ਕਰ ਲੈਂਦੀ ਹੈ। ਉਹ ਵੀ ਸੈਹਬ ਜੀਆਂ ਦੇ ਕਦਮਾਂ ਉੱਤੇ ਚੱਲਦੇ ਹੋਏ ਹਰ ਤਰ੍ਹਾਂ ਦੇ ਧੱਕੇ, ਧੌਂਸ ਦਾ ਅਨੰਦ ਮਾਣਦੀ ਹੋਈ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਮਾਨਸਿਕ ਪਰਿਵਰਤਨ ਤੋਂ ਮਾੜੇ ਪੱਖ ਨੂੰ ਉਭਾਰਦੀ ਹੋਈ ਕਹਿੰਦੀ ਹੈ ਕਿ:

> ਪੂਰਾ ਸਿੱਕਾ ਚੱਲਦੈ ਮੇਰਾ, ਹੇਠਲੀ ਉੱਤੇ ਆ ਗੀ, ਸੈਹਬ ਜੀ ਐਕਟਿਵ ਨਹੀਂ ਰਹੇ ਹੁਣ, ਹੁਣ ਸਿਰਫ ਮੈਂ, ਮੈਂ ਨਿੱਕੇ ਬੀਬੀ ਸੈਹਬਾ। ਉਂਜ ਮੇਰੇ ਕੈਹਣ 'ਤੇ ਕਾਂਤੀ ਨੂੰ ਟੋਕਣਾ ਸ਼ੁਰੂ ਕਰ ਦਿਤੈ ਸਭ ਨੂੰ ਇਹ ਨਿੱਕੇ ਕੀ ਹੋਇਆ? ਸਿੱਧਾ ਬੀਬੀ ਜੀ ਕਿਹਾ ਕਰੋ ਬੀਬੀ ਸੈਹਬਾ। ਸਾਰੇ ਕੋਸ਼ਿਸ਼ ਕਰਦੇ ਬੀਬੀ ਸੈਹਬਾ ਦੀ ਕਹਿਣ ਜੇ ਭੁੱਲ ਭੁਲੇਖੇ ਕੋਈ ਨਿੱਕੇ ਕੈਹ ਦਿੰਦੇ ਮੇਰੇ ਮੱਥੇ ਤਿਓੜੀ ਮੈਂ ਜਾਂਦੀ ਐ ਉਂਜ ਨਿੱਕੇ ਦਾ ਮਤਲਬ ਵੀ ਕੀ ਐ ! ਜਦੋਂ ਮੈਂ ਈ ਆਂ ਸਭ ਕੁੱਝ ਆਲ-ਇਨਆਲ। ਪੰਜ ਕਰਾਂ ਪੰਜਾਹ ਕਰਾਂ ਕਿਸੇ ਦੀ ਜੁੱਰਅਤ ਨਈ ਕਿ ਸੁਆਲ ਕਰ ਜਾਵੇ।(68)

ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਉਪਰੋਕਤ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਆਏ ਪਰਿਵਰਤਨ ਕਾਰਨ ਸਮਕਾਲੀ ਸਮਾਜ ਦੇ ਵਰਤਾਰੇ ਡੇਰਾ ਤੰਤਰ ਦੇ ਨਕਸ਼ਾਂ ਨੂੰ ਮਾੜੇ ਪੱਖ ਤੋਂ ਸਮਾਨਤਾਵਾਂ ਵਜੋਂ ਉਘਾੜਦੀਆਂ ਹਨ, ਜਿਸ ਵਿੱਚ ਧਰਮ ਜਬਰ, ਜ਼ੁਲਮ, ਹਵਸ ਦਾ ਜਾਲ ਧਰਮ ਦੇ ਬਾਣੇ ਹੇਠ ਆਪਣੀਆਂ ਜੜ੍ਹਾਂ ਫੈਲਾਅ ਰਿਹਾ ਹੈ। ਇਹ ਕਹਾਣੀਆਂ ਡੇਰਾਵਾਦ ਦੀ ਸਥਾਪਤੀ ਵਿੱਚ ਕਾਰਜਸ਼ੀਲ ਜੁਗਤਾਂ ਅਤੇ ਇਹਨਾਂ ਵਿੱਚ ਔਰਤ ਮਰਦ ਦੀ ਮਾਨਸਿਕਤਾ ਉੱਤੇ ਪਰਿਵਰਤਨ ਰੂਪ ਵਾਲੇ ਪੈਣ ਵਾਲੇ ਵਿਕੋਲਿਤਰੇ- ਦੁਸ਼ਪ੍ਰਭਾਵਾਂ, ਮਾੜੇ ਪੱਖਾਂ ਨੂੰ ਸੰਕੇਤਕ ਅੰਦਾਜ਼ ਵਿੱਚ ਸਮਾਨਤਾਵਾਂ ਵਜੋਂ ਪ੍ਰਸਤੁਤ ਕਰਦੀਆਂ ਹਨ। ਇਹਨਾਂ ਕਹਾਣੀਆਂ ਦੀ ਲੜੀ ਵਿੱਚ ਵੱਖਰੇ ਅਤੇ ਨਿਵੇਕਲੇ ਪਰਿਪੇਖ ਤੋਂ ਸੁਖਜੀਤ ਦੇ ਇਸੇ ਕਹਾਣੀ ਸੰਗ੍ਰਹਿ ਦੀ ਇੱਕ ਹੋਰ ਕਹਾਣੀ ਜੁੜਦੀ ਹੈ 'ਕਾਮਬਲੀ' ਇਸ ਕਹਾਣੀ ਵਿੱਚ ਵੀ ਪੇਸ਼

ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਕਾਮ ਦੇ ਸਰਬਕਾਲਿਕ ਥੀਮ ਨਾਲ ਸੰਬੰਧਿਤ ਮਾੜੇ ਪੱਖ ਪਰਿਵਰਤਿਤ ਹੋਏ ਉੱਭਰਦੇ ਹਨ। ਇਸ ਕਹਾਣੀ ਵਿੱਚ ਜਦੋਂ ਓਮੀ ਦੀ ਪਰੀਖਿਆ ਲੈਣ ਗਈ ਭੈਰਵੀ ਸਾਹਮਣੇ ਓਮੀ ਦਾ ਵਜੂਦ ਕੰਬ ਜਾਂਦਾ ਹੈ। ਉਸਦਾ ਹਠ ਟੁੱਟ ਜਾਂਦਾ ਹੈ। ਭੈਰਵੀ ਜਿੱਤ ਜਾਂਦੀ ਹੈ। ਭੈਰਵੀ ਜਿੱਤ ਤਾਂ ਜਾਂਦੀ ਹੈ ਪਰ ਓਮੀ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਆਪਣੀ ਹਵਸ ਦੀ ਭੁੱਖ, ਧਾਕ ਕਾਰਨ ਮਾਨਸਿਕ ਪਰਿਵਰਤਨ ਵਜੋਂ ਮਾੜੇ ਪੱਖ ਨੂੰ ਬਿਆਨ ਕਰਦੀ ਆਖਦੀ ਹੈ ਕਿ:

> ਮੈਂ ਤੁਹਾਡੀ ਦਾਸੀ ਹਾਂ ਤੁਹਾਡਾ ਅਪਮਾਨ ਨਹੀਂ ਸਹਿ ਸਕਦੀ, ਮੈਂ ਕਿਸੇ ਨੂੰ ਕੁਝ ਨਹੀਂ ਦੱਸਾਂਗੀ। ਤੁਹਾਡੀ ਜਿੱਤ ਮੇਰੀ ਜਿੱਤ ਹੈ ਪ੍ਰਭੂ ਆਸ਼ਰਮ ਦਾ ਯਸ਼ ਹੈ ਸਾਧੂਆਂ ਦਾ ਮਾਣ ਹੈ ਮੈਂ ਕਹਾਂਗੀ। ਮੈਂ ਹਾਰ ਗਈ, ਮੁਨੀਵਰ ਨਹੀਂ ਡੋਲੇ।(33)

ਭੈਰਵੀ ਅਜਿਹਾ ਹੀ ਕਰਦੀ ਹੈ। ਓਮੀ ਜੀ ਦੀ ਜੈ ਜੈ ਕਾਰ ਹੁੰਦੀ ਹੈ। ਇਸ ਉਪਰੰਤ ਓਮੀ ਜੀ ਦੁਆਰਾ ਕਾਮਬਲੀ ਨੂੰ ਵੱਸ ਵਿੱਚ ਕਰਨ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ, ਜਿਸ ਵਿੱਚ ਭੈਰਵੀ ਉਹਨਾਂ ਦਾ ਸਾਥ ਦਿੰਦੀ ਹੈ, ਪਰੰਤੂ ਕਾਮਬਲੀ ਨੂੰ ਵੱਸ ਵਿੱਚ ਕਰਨ ਲੱਗੇ ਓਮੀ ਜੀ ਲਈ ਖੁਦ ਇਸਦੇ ਵਸੋਂ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ। ਇੰਝ ਕਾਮ ਦੀ ਸ਼ਕਤੀਸ਼ਾਲੀ ਹੋਂਦ 'ਯੋਗੀ', ਓਮੀ ਜੀ ਦੀ ਹੋਂਦ ਉੱਤੇ ਪ੍ਰਸ਼ਨ ਚਿੰਨ੍ਹ ਲਗਾ ਦਿੰਦੀ ਹੈ। ਕਹਾਣੀ 'ਕਾਮਬਲੀ' ਸਿਰਫ ਤੇ ਸਿਰਫ ਇਹਨਾਂ ਅਰਥਾਂ ਤੱਕ ਮਹਿਦੂਦ ਨਹੀਂ ਹੈ। ਜਿਵੇਂ ਕਿ ਇਸ ਕਹਾਣੀ ਵਿੱਚ ਓਮੀ ਇੱਕ ਸਾਧਾਰਨ ਮਨੁੱਖ ਹੈ। ਪਰੰਤੂ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਉਸਨੂੰ ਓਮੀ ਜੀ ਵਜੋਂ ਸਥਾਪਤ ਕੀਤਾ ਜਾ ਰਿਹਾ ਹੈ। ਇਸ ਪ੍ਰਗਟਾਵੇ ਨਾਲ ਹੀ ਕਹਾਣੀ ਦੇ ਸਰਬਕਾਲੀ ਮਾੜਾ ਪੱਖ ਸਮਕਾਲੀ ਮਾੜੇ ਪੱਖ ਨਾਲ ਜੁੜ ਜਾਂਦਾ ਹੈ। ਕਹਾਣੀ ਦੀ ਸਮਕਾਲੀ ਮਾੜਾ ਪੱਖ ਆਧੁਨਿਕ ਸਮੇਂ ਵਿੱਚ ਡੇਰਾ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਵਜੋਂ ਉਭਾਰ ਅਤੇ ਇਸਦੀ ਸਥਾਪਤੀ ਦੀ ਇੱਕੋ-ਇੱਕ ਮਹੱਤਵਪੂਰਨ ਜੁਗਤ ਨਾਲ ਸੰਬੰਧਿਤ ਹੈ। ਇਹ ਜੁਗਤ ਹੈ ਸਾਧਾਰਨ ਨੂੰ ਅਸਧਾਰਨ ਬਣਾਉਣ ਦੀ ਹੈ। ਮਨੁੱਖ ਨੂੰ ਪਰਮ ਮਨੁੱਖ ਵਜੋਂ ਪੇਸ਼ ਕਰਨ ਦੀ। ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਭੈਰਵੀ ਉਸ ਸ਼ਕਤੀਵਾਨ ਧਿਰ ਦਾ ਬੋਧ ਕਰਵਾਉਂਦੀ ਹੈ, ਜੋ ਸਭ ਕੁਝ ਜਾਣਦਿਆਂ ਹੋਇਆਂ ਵੀ ਝੂਠ

ਦੇ ਮਾੜੇ ਪੱਖਾਂ ਨੂੰ ਸੱਚ ਵਜੋਂ ਪ੍ਰਸਤੁਤ ਕਰਦੀ ਹੈ। ਜਿਸਦਾ ਇੱਕੋ-ਇੱਕ ਮੰਤਵ ਆਸ਼ਰਮ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨਾ ਹੈ। ਇਹ ਕਾਮ ਨੂੰ ਕੇਂਦਰ ਵਿੱਚ ਰੱਖਦੇ ਹੋਏ ਡੇਰਾਵਾਦ ਦੇ ਪੂਰੇ ਸਿਸਟਮ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਮਾੜੇ ਪੱਖਾਂ ਵਜੋਂ ਅਗਰਭੂਮੀ ਵਿੱਚ ਲੈ ਕੇ ਆਉਂਦੀ ਹੈ। ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਮੂਲ ਰੂਪ ਵਿੱਚ ਧਰਮ ਪ੍ਰਚਾਰ ਲਈ ਹੋਂਦ ਵਿੱਚ ਆਏ ਡੇਰਿਆਂ ਦੀ ਚਾਰਦੀਵਾਰੀ ਵਿੱਚ ਇਕੱਤਰਤ ਹੋਣ ਵਾਲੇ ਵਿਅਕਤੀਆਂ ਤੋਂ ਬਣਨ ਵਾਲੇ ਸਮੂਹ ਦੀ ਮਾਨਸਿਕਤਾ ਦੇ ਨਾਲ-ਨਾਲ ਵਿਅਕਤੀ ਦੇ ਵਿਕਾਸ ਤੇ ਕਿਰਿਆਵਾਂ ਵਿਚੋਂ ਮਾੜੇ ਪੱਖ ਸਮਾਨਤਾਵਾਂ ਵਜੋਂ ਨਜ਼ਰ ਆਉਂਦੇ ਹਨ। ਅਜੋਕੇ ਸਮੇਂ ਡੇਰੇ ਦੀ ਸ਼ਰਨ ਵਿੱਚ ਇਕੱਤਰ ਹੋਏ ਸਮੂਹ, ਇਸਦੀ ਕਾਰਜਸ਼ੀਲਤਾ ਅਤੇ ਨਿਰਨਿਆਂ ਬਾਰੇ ਨਵੇਂ ਸਿਰੇ ਤੋਂ ਸੋਚਣ ਲਈ ਮਜਬੂਰ ਕਰਨਾ ਇਹਨਾਂ ਕਹਾਣੀਆਂ ਦੀ ਖੂਬੀ ਹੈ। ਸੁਖਜੀਤ ਤੇ ਵੀਨਾ ਵਰਮਾ ਕਹਾਣੀਆਂ ਰਾਹੀਂ ਡੇਰਾ ਸੰਸਕ੍ਰਿਤੀ ਵਿੱਚ ਰਹਿ ਰਹੇ ਝੂਠੇ ਅਤੇ ਪਾਖੰਡੀ ਬਾਬਿਆਂ ਦੇ ਕਿਰਦਾਰ ਨੂੰ ਮਾੜੇ ਪੱਖ ਵਜੋਂ ਸਮਾਨਤਾਵਾਂ ਤੋਂ ਸਾਹਮਣੇ ਲੈ ਕੇ ਆਉਂਦੇ ਹਨ, ਜਿੱਥੇ ਔਰਤਾਂ ਤਾਂ ਕੀ ਮਰਦ ਦਾ ਵੀ ਸਤਿਕਾਰ ਨਹੀਂ ਕੀਤਾ ਜਾਂਦਾ। ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਸ਼ਰਧਾਲੂਆਂ ਦੀ ਗਿਣਤੀ ਜਿਵੇਂ-ਜਿਵੇਂ ਵੱਧਦੀ ਜਾਂਦੀ ਹੈ, ਸਮਾਨਤਾਵਾਂ ਵਜੋਂ ਡੇਰੇ ਦੀਆਂ ਜੜ੍ਹਾਂ ਉਨ੍ਹੀਆਂ ਹੀ ਮਜ਼ਬੂਤ ਹੁੰਦੀਆਂ ਜਾਂਦੀਆਂ ਹਨ। ਇਸ ਮਜ਼ਬੂਤੀ ਦੇ ਆਸਰੇ ਡੇਰਾਮੁਖੀ ਨਾਲ ਮਿਲਣ ਉੱਤੇ ਅਜਿਹਾ ਨੈੱਟਵਰਕ ਤਿਆਰ ਹੋ ਜਾਂਦਾ ਹੈ, ਜੋ ਜਨ-ਸਾਧਾਰਨ (ਸ਼ਰਧਾਲੂ) ਤੇ ਆਪਣੀ ਪਕੜ ਬਿਠਾਉਂਦਾ ਹੋਇਆ ਉਸਨੂੰ ਮਾੜੇ ਪੱਖ ਤੋਂ ਸੰਚਾਲਿਤ ਕਰਦਾ ਹੈ। ਜਿਵੇਂ ਕਿ ਵੀਨਾ ਵਰਮਾ *ਜੋਗੀਆਂ ਦੀ ਧੀ* ਦੀ ਕਹਾਣੀ ਆ ਜਾ ਘਰ ਵਸਾਈਏ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਡੇਰਾਮੁਖੀ ਮਾੜੇ ਪੱਖ ਵਜੋਂ ਆਪਣੇ ਕੋਲ ਸਮੱਸਿਆਵਾਂ ਲੈ ਕੇ ਆਏ ਲੋਕਾਂ/ਸ਼ਰਧਾਲੂਆਂ ਨੂੰ ਬੇਵਕੂਫ਼ ਦੱਸਦਾ ਹੈ। ਡੇਰਾਮੁਖੀ ਊਸ਼ਾ ਨੂੰ ਇਸ ਧੰਦੇ ਦੇ ਸਾਰੇ ਟਰਿੱਕਸ ਆਫ਼ ਦਾ ਟਰੇਡ ਸਮਝਾਉਂਦਾ ਹੈ। ਊਸ਼ਾ ਬਾਬੇ ਦੀ ਭਾਈਵਾਲ 'ਚ ਚੰਗੇ ਨੋਟ ਕਮਾਉਂਦੀ ਹੈ। ਪਰ ਕੁਝ ਸਮੇਂ ਬਾਅਦ ਅੰਨ੍ਹਾ ਪੈਸਾ ਊਸ਼ਾ ਨੂੰ ਸੁੱਖ ਦੇਣ ਦੀ ਬਜਾਏ ਦੁੱਖ ਦੇਣ ਦਾ ਕਾਰਨ ਬਣਦਾ ਹੈ। ਦੌਲਤ ਦਾ ਉਭਾਰ ਉਸ ਨੂੰ

ਫ਼ਜ਼ੂਲ ਲੱਗਦਾ ਹੈ। ਊਸ਼ਾ ਜੀਵਨ ਦੇ ਸੱਚ ਤੋਂ ਮੂੰਹ ਨਹੀਂ ਮੋੜ ਸਕਦੀ। ਊਸ਼ਾ ਨੂੰ ਆਪਣੇ ਪਾਖੰਡ ਤੇ ਗਲਾਨੀ ਹੋਣ ਲੱਗਦੀ ਹੈ ਤਾਂ ਇੱਕ ਦਿਨ ਉਹ ਡੇਰਾਮੁਖੀ ਨੂੰ ਆਪਣੇ ਮਾੜੇ ਪੱਖਾਂ ਬਾਰੇ ਕੋਸਦੀ ਹੋਈ ਕਹਿੰਦੀ ਹੈ ਕਿ:

> ਸਭ ਝੂਠ ਹੈ। ਧੋਖਾ ਦੇ ਰਹੀ ਹਾਂ ਮੈਂ, ਆਪਣੇ ਆਪ ਨੂੰ ਤੇ ਸਮਾਜ ਨੂੰ। ਘਿਰਨਾ ਆਉਂਦੀ ਹੈ ਕਈ ਵਾਰੀ ਮੈਨੂੰ ਆਪਣੇ ਆਪ ਤੋਂ। ਤੇਰੇ ਨਾਲ ਸੌਂਦੀ ਹਾਂ ਤੇ ਲੋਕਾਂ ਸਾਹਮਣੇ ਸਾਧਵੀ ਦਾ ਭੇਸ ਬਣਾ ਕੇ ਪੂਜਾ ਦਾ ਪਾਖੰਡ ਕਰਦੀ ਹਾਂ।(200)

ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਮਨੁੱਖ ਅੰਦਰਲੇ ਦੰਭ, ਮੱਕਾਰ, ਲੱਚਰਤਾ ਅਤੇ ਝੂਠ ਵਰਗੇ ਮਾੜੇ ਪੱਖਾਂ ਨੂੰ ਸਮਾਨਤਾਵਾਂ ਵਜੋਂ ਪੇਸ਼ ਕੀਤਾ ਗਿਆ ਹੈ, ਜਿਸਦਾ ਸ਼ਿਕਾਰ ਵਧੇਰੇ ਔਰਤ ਹੀ ਹੁੰਦੀ ਹੈ। ਇਹਨਾਂ ਦੀਆਂ ਕਹਾਣੀਆਂ ਡੇਰਾ ਸੰਸਕ੍ਰਿਤੀ ਪ੍ਰਤੀ ਬਣੇ ਹੋਏ ਸਧਾਰਨ ਮਨੁੱਖ ਦੇ ਵਿਸ਼ਵਾਸ ਨੂੰ ਚਕਨਾਚੂਰ ਕਰਦੀਆਂ ਹੋਈਆਂ ਰੌਂਗਟੇ ਖੜੇ ਕਰ ਦਿੰਦੀਆਂ ਹਨ। ਇਸ ਤੋਂ ਇਲਾਵਾ ਸੁਖਜੀਤ ਤੇ ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਤੋਂ ਇਤਿਹਾਸਕ ਤੇ ਮਿਥਿਹਾਸਕ ਛੋਹ ਦੇ ਕੇ ਵੀ ਮਾੜੇ ਪੱਖਾਂ ਨੂੰ ਸਮਾਨ ਰੂਪ ਵਿੱਚ ਸਿਰਜਿਆ ਹੈ। ਜਿਵੇਂ ਕਿ ਵੀਨਾ ਵਰਮਾ ਦੀ ਕਹਾਣੀ 'ਤਈਅਬਾ' ਵਿੱਚ ਦੇਖੀ ਜਾ ਸਕਦੀ ਹੈ। ਜਦੋਂ ਕਹਾਣੀ ਦੀ ਨਾਇਕਾ ਤਈਅਬਾ ਨੂੰ ਉਸਦਾ ਪ੍ਰੇਮੀ ਸਲੀਮ, ਸ਼ੇਖ਼ ਕੋਲ ਵੇਚ ਦਿੰਦਾ ਹੈ ਤਾਂ ਉਹ ਤਵਾਇਫ਼ ਬਣ ਜਾਂਦੀ ਹੈ ਤੇ ਤਵਾਇਫ਼ ਦੇ ਰੂਪ ਵਿੱਚ ਉਸਦੀ ਦੁਖਦਾਈ ਵੇਦਨਾ ਨੂੰ ਮਾੜੇ ਪੱਖ ਵਜੋਂ ਪਰਗਟ ਕੀਤਾ ਹੈ। ਜੋ ਪਾਠਕ ਮਨ ਨੂੰ ਵੀ ਧੁਰ ਅੰਦਰੋਂ ਹਿਲਾ ਜਾਂਦਾ ਹੈ। ਜਿਵੇਂ ਕਿ ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ ਮੁੱਲ ਦੀ ਤੀਵੀਂ ਦੀ ਕਹਾਣੀ ਤਈਅਬਾ ਵਿੱਚ ਦਰਜ ਹੈ:

> ਹਿੰਦੂ ਧਰਮ ਵਿੱਚ ਗੀਤਾ ਦਾ ਸੰਦੇਸ਼ ਹੈ ਕਿ ਰੂਹ ਅਮਰ ਹੈ। ਸਰੀਰ ਤਾਂ ਚੋਲਾ ਹੈ ਕੱਪੜਿਆਂ ਵਾਂਗ ਇਨਸਾਨ ਇਸਨੂੰ ਬਦਲਦਾ ਹੈ। ਤੂੰ ਤੇ ਖੁਦ ਹੀ ਦੱਸਿਆ ਹੈ ਕਿ ਤੇਰੀ ਰੂਹ ਨੂੰ ਕਿਸ ਨੇ ਨਹੀਂ ਛੂਹਿਆ। ਸਿਰਫ਼ ਬਦਨ ਹੀ ਛਲਣੀ ਹੈ। ਬਦਨ ਤਾਂ ਰੋਜ਼ ਛਲਣੀ ਹੁੰਦੇ ਹਨ ਤਈਅਬਾ ਰੂਹ ਤੇ ਝਰੀਟ ਕਿਸਮਤ ਨਾਲ ਪੈਂਦੀ ਹੈ।(176)

ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਕੇਂਦਰ ਵਿੱਚ 'ਡੇਰਾ' ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਦੇ ਧਾਰਮਿਕ ਪੱਖ ਤੋਂ ਸਮਾਨਤਾਵਾਂ ਵਜੋਂ ਮਾੜੇ ਪੱਖ ਦਾ ਪ੍ਰਤੀਕ ਹੁੰਦਾ ਹੈ। ਇੱਥੇ ਡੇਰੇ ਦਾ ਸਰੂਪ, ਕਿਰਿਆਸ਼ੀਲਤਾ, ਪ੍ਰਭਾਵ ਅਰਥਾਤ ਸਮੁੱਚੇ ਸਿਸਟਮ ਨੂੰ ਸਿਰਜਣਾਤਮਕ ਧਰਾਤਲ ਉੱਤੇ ਮਾੜੇ ਪੱਖ ਨੂੰ ਉਭਾਰਦਾ ਹੈ। ਸੁਖਜੀਤ ਦੀ ਕਹਾਣੀ ਨੂੰ ਸਮਝਦਿਆਂ ਧਨਵੰਤ ਕੌਰ ਨੇ ਆਪਣੀ ਪੁਸਤਕ *ਲਕੀਰ* 'ਚ ਵਿਚਾਰ ਦਿੱਤੇ ਨੇ ਕਿ:

> ਇਹਨਾਂ ਕਹਾਣੀਆਂ ਵਿੱਚ ਡੇਰੇ ਸਿਰਫ਼ ਕਹਾਣੀਆਂ ਦਾ ਵਾਪਰਨ ਸਥਾਨ ਹੀ ਨਹੀਂ। ਲੋਕ ਮਨ ਦੀ ਧਾਰਮਿਕ ਆਸਥਾ ਤੋਂ ਮਰਿਯਾਦਾ ਕਾਰਨ ਡੇਰਿਆਂ ਵਿੱਚ ਅਨਰਥ ਵਾਪਰਨਾ ਕਹਾਣੀ ਦੀ ਇੱਕ ਸੰਭਾਵਨਾ ਹੈ। ਪਰ ਘੋਰ ਅਨਰਥ ਡੇਰਿਆਂ ਵਿੱਚ ਹੀ ਕਿਉਂ ਵਾਪਰ ਰਹੇ ਹਨ, ਇਹ ਇੱਕ ਹੋਰ ਸੰਭਾਵਨਾ ਹੈ ਜਿਸਨੂੰ ਇਹ ਕਹਾਣੀਆਂ ਬੜ੍ਹੇ ਕਾਰਗਰ ਢੰਗ ਨਾਲ ਉਜਾਗਰ ਕਰ ਰਹੀਆਂ ਹਨ। ਇਹਨਾਂ ਕਹਾਣੀਆਂ ਵਿੱਚ ਅਸੀਂ ਡੇਰਿਆਂ ਵਿੱਚ ਕਾਰਜਸ਼ੀਲ ਸ਼ੈਤਾਨੀਅਤ ਦੀ ਪੂਰੀ ਮਕੈਨਿਕਸ ਨੂੰ ਸਮਝ ਸਕਦੇ ਹਾਂ। ਇਹਨਾਂ ਕਹਾਣੀਆਂ ਦੀ ਵੇਦਨਾ ਇਹ ਨਹੀਂ ਕਿ ਪਾਤਸ਼ਾਹਾਂ, ਸੈਹਬਾਂ, ਸੇਵਕਾਂ, ਸ਼ਰਧਾਲੂਆਂ, ਦੀਨਾਂ, ਦੁਖੀਆਂ ਦੀ ਹਾਜ਼ਰੀ ਦੇ ਬਾਵਜੂਦ ਇਹਨਾਂ ਡੇਰਿਆਂ ਵਿੱਚ ਮਿਹਰ, ਬਖ਼ਸ਼ਿਸ਼, ਸੇਵਾ, ਸਮਰਪਣ, ਭਾਣਾ, ਪੁੰਨ-ਕਰਮ, ਸੱਤੇ ਕੁਲਾਂ ਤਾਰਨ ਜਾਂ ਚੁਰਾਸੀ ਕੱਟਣ ਵਰਗੇ ਸ਼ਬਦਾਂ ਦੀ ਵਰਤੋਂ ਕੁਢੱਬੀ, ਕੁਚੱਜੀ ਤੇ ਕੁਚੀਲ ਕਿਉਂ ਲੱਗ ਰਹੀ ਹੈ, ਇਹਨਾਂ ਕਹਾਣੀਆਂ ਦਾ ਫ਼ਿਕਰ ਤਾਂ ਇਹ ਹੈ ਕਿ ਅਜੋਕੇ ਯੁੱਗ ਦੇ ਛੋਟੇ-ਵੱਡੇ ਪਾਤਸ਼ਾਹਾਂ, ਸੈਹਬਾਂ, ਬੀਬੀ ਸੈਹਬਾਂ ਵਰਗਿਆਂ ਦੀਆਂ ਸੰਤਾਨਾਂ ਅਤੇ ਭਗੌੜਿਆਂ, ਠੱਗਾਂ, ਵੈਲੀਆਂ ਦੀ ਪਨਾਹਗਾਰ ਬਣੇ ਇਹਨਾਂ ਡੇਰਿਆਂ ਵਿੱਚ ਬੇ-ਗੈਰਤੀ, ਬੇਸ਼ਰਮੀ, ਢੀਠਤਾ ਕਿਹੜਾ ਤਾਂਡਵ ਨੱਚ ਰਹੀ ਹੈ, ਅੰਨ੍ਹੀ ਧੌਂਸ, ਬੇਖਵੀ ਤਾਕਤ ਦੇ ਘੋਰ ਨਰਕ ਦਾ ਅੱਡਾ ਬਣ ਰਹੇ ਡੇਰਿਆਂ ਨੂੰ ਸ਼ੈਤਾਨਾਂ ਤੇ ਹੈਵਾਨਾਂ ਦੀ ਸਪੇਸ ਵਜੋਂ ਥੀਮੀਕ੍ਰਿਤ ਕਰਨਾ ਇਹਨਾਂ ਕਹਾਣੀਆਂ ਦੀ ਜੁਗਤ ਵੀ ਹੈ ਤੇ ਮੁੱਦਾ ਵੀ।(71)

ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ

ਧਾਰਮਿਕ ਪੱਖ ਤੋਂ ਚੰਗੇ ਤੇ ਮਾੜੇ ਪੱਖ ਸਮਾਨਤਾਵਾਂ ਤੇ ਵੱਖਰਤਾਵਾਂ ਵਜੋਂ ਉੱਭਰੇ ਸਾਹਮਣੇ ਆਉਂਦੇ ਹਨ। ਜਿਵੇਂ ਕਿ ਕਹਾਣੀਆਂ ਸਮੁੱਚੀ ਮਨੁੱਖਤਾ ਅੰਦਰ ਡੂੰਘੀਆਂ ਜੜ੍ਹਾਂ ਮਾਰੀ ਬੈਠੀ ਇੱਕ ਬੁਰਾਈ ਉੱਪਰ ਕਟਾਖਸ਼ ਸਮਾਨਤਾਵਾਂ ਵਾਲਾ ਹੈ। ਇਹ ਕਟਾਖਸ਼ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਦੇ ਧਾਰਮਿਕ ਪੱਖ ਤੋਂ ਜਿਨਸੀ ਰਿਸ਼ਤਿਆਂ-ਨਾਤਿਆਂ ਅਤੇ ਮਾਨਵੀ ਅਤ੍ਰਿਪਤੀਆਂ ਦੇ ਸੰਬੰਧ ਤੋਂ ਪਾਖੰਡੀ, ਕਪਟੀ ਅਤੇ ਵੈਲੀ ਸਾਧੂ-ਸੰਤਾਂ ਦਾ ਵੀ ਮਾੜੇ ਪੱਖ ਦੇ ਪਾਜ ਉਘਾੜ ਕੇ ਕੋਝੇ ਪੱਖ ਨੂੰ ਸਮਾਨਤਾਵਾਂ ਵਜੋਂ ਸਾਹਮਣੇ ਲਿਆਉਂਦਾ ਹੈ। ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਮੂਲ ਰੂਪ ਵਿੱਚ ਧਰਮ ਪ੍ਰਚਾਰ ਲਈ ਹੋਂਦ ਵਿੱਚ ਆਏ ਡੇਰਿਆਂ ਦੀ ਚਾਰਦੀਵਾਰੀ ਵਿੱਚ ਇਕੱਤਰ ਹੋਣ ਵਾਲੇ ਵਿਅਕਤੀਆਂ ਤੋਂ ਬਣਨ ਵਾਲੇ ਸਮੂਹ ਦੇ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ ਪੱਖ ਨਾਲ-ਨਾਲ ਵਿਅਕਤੀਆਂ ਦੀਆਂ ਪ੍ਰਵਿਰਤੀਮੂਲਕ ਕਿਰਿਆਵਾਂ ਨੂੰ ਵੀ ਚੰਗੇ ਤੇ ਮਾੜੇ ਪੱਖਾਂ ਦੀਆਂ ਸਮਾਨਤਾਵਾਂ ਅਤੇ ਵੱਖਰਾਤਾਵਾਂ ਨੂੰ ਪੇਸ਼ ਕਰਦੀਆਂ ਹਨ, ਜਿਸ ਦੁਆਰਾ ਧਾਰਮਿਕ ਪੱਖ ਤੋਂ ਡੇਰੇ ਦੀ ਸ਼ਰਨ ਵਿੱਚ ਇਕੱਤਰ ਹੋਏ ਸਮੂਹ, ਇਸਦੀ ਕਾਰਜਸ਼ੀਲਤਾ ਅਤੇ ਨਿਰਨਿਆਂ ਬਾਰੇ ਨਵੇਂ ਸਿਰੇ ਤੋਂ ਸੋਚਣ ਲਈ ਮਜਬੂਰ ਕਰਨਾ ਇਹਨਾਂ ਕਹਾਣੀਆਂ ਦੀ ਪੇਸ਼ਕਾਰੀ ਵਜੋਂ ਵਿਸ਼ੇਸ਼ ਖੂਬੀ ਉੱਭਰਦੀ ਹੈ।

**4.5. ਮਨੋਵਿਗਿਆਨਕ ਪੱਖ:** ਮਨੁੱਖ ਨੂੰ ਆਪਣੇ ਡਰਾਂ ਉੱਤੇ ਕਾਬੂ ਪਾਉਣ ਲਈ ਕਿਸੇ ਨਾ ਕਿਸੇ ਸਹਾਰੇ ਦੀ ਹਮੇਸ਼ਾ ਲੋੜ ਰਹੀ ਹੈ। ਕੁਦਰਤੀ ਵਰਤਾਰਿਆਂ ਦੀ ਨਾ ਸਮਝੀ ਕਰਕੇ ਮਨੁੱਖ ਦੇ ਮਨ ਵਿੱਚ ਕੁਦਰਤ ਪ੍ਰਤੀ ਡਰ ਸਮਾਏ ਹੋਏ ਸਨ। ਇਹ ਡਰ ਮਨੁੱਖ ਦੇ ਮਨ ਵਿੱਚ ਪਹਿਲੇ ਤੋਂ ਹੀ ਬੁਨਿਆਦੀ ਡਰ ਸਨ। ਇਹਨਾਂ ਤੋਂ ਨਿਜਾਤ ਪਾਉਣ ਲਈ ਮਨੁੱਖ ਨੇ ਅਜਿਹੇ ਵਰਤਾਰਿਆਂ ਨੂੰ ਜਨਮ ਦਿੱਤਾ ਜਿਸ ਤੋਂ ਕੁਦਰਤ ਦੀ ਪੂਜਾ ਅਤੇ ਅੱਜ ਦੇ ਆਧੁਨਿਕ ਮਨੋਵਿਗਿਆਨਿਕ ਪੱਖ ਦਾ ਸਰੂਪ ਬਣਿਆ। ਮਾਨਸਿਕ ਤੌਰ ਤੇ ਮਜ਼ਬੂਤ ਹੋਣ, ਡਰਾਂ ਉੱਤੇ ਕਾਬੂ ਪਾਉਣ ਲਈ ਮਨੁੱਖ ਨੇ ਅਜਿਹੀਆਂ ਵਿਧੀਆਂ ਅਪਣਾਈਆਂ ਜੋ ਉਸਨੂੰ ਇਹ ਭਰੋਸਾ ਦਿਵਾਉਂਦੀਆਂ ਹਨ ਕਿ ਕੁਦਰਤੀ ਸੰਘਰਸ਼ ਵਿੱਚ ਉਹ ਆਪਣੀ ਹਸਤੀ ਨੂੰ ਬਚਾਈ ਰੱਖ ਸਕਣ। ਕੁਦਰਤ ਦੀ ਪੂਜਾ ਤੋਂ ਸ਼ੁਰੂ ਹੋਏ ਇਸ ਵਰਤ-ਵਰਤਾਰੇ ਨੇ ਮਨੋਵਿਗਿਆਨਿਕ ਪੱਖ ਦਾ ਰੂਪ ਧਾਰਨ ਕਰ ਲਿਆ। ਇਹੀ ਮਾਨਸਿਕ

ਬਣਤਰ ਹੈ ਜੋ ਬੁਨਿਆਦੀ ਤੌਰ ਤੇ ਮਨੁੱਖ ਤੋਂ ਮਨੋਵਿਗਿਆਨ ਕਾਰਜ ਕਰਵਾਉਂਦੀ ਹੈ। ਬੀਤਦੇ ਸਮੇਂ ਦੇ ਨਾਲ-ਨਾਲ ਜਿਉਂ ਮਨੁੱਖ ਨੇ ਕੁਦਰਤੀ ਵਰਤਾਰਿਆਂ ਦੀ ਸਮਝ ਹਾਸਲ ਕੀਤੀ ਤਾਂ ਕੁਦਰਤ ਪ੍ਰਤੀ ਉਸਦੇ ਤੌਖਲੇ ਘਟਦੇ ਗਏ ਪਰ ਦੂਜੇ ਪਾਸੇ ਮਨੋਵਿਗਿਆਨਿਕ ਪੱਖ ਤੋਂ ਉਸਦੇ ਮਨ ਵਿੱਚ ਹੋਰ ਬਹੁਤ ਸਾਰੇ ਰਹੱਸਾਂ ਨੇ ਜਨਮ ਲਿਆ। ਇਹਨਾਂ ਰਹੱਸਾਂ ਨੇ ਇਤਿਹਾਸਕ, ਸਮਾਜਿਕ ਅਤੇ ਮਨੋਵਿਗਿਆਨਕ ਵਿਧੀਆਂ ਨੂੰ ਜਨਮ ਦਿੱਤਾ। ਇੰਦਰਜੀਤ ਕੌਰ ਸੰਧੂ ਨੇ *ਮਨੋਵਿਗਿਆਨ ਮਾਨਸਿਕ ਜੀਵਨ ਦਾ ਅਧਿਐਨ* 'ਚ ਲਿਖਿਆ ਹੈ ਕਿ:

> ਮਨੋਵਿਗਿਆਨ ਦਾ ਸੰਬੰਧ ਉਨ੍ਹਾਂ ਕਿਰਿਆਵਾਂ ਨਾਲ ਹੈ ਜਿਨ੍ਹਾਂ ਨੂੰ ਅਸੀਂ ਮਾਨਸਿਕ ਕਿਰਿਆਵਾਂ ਕਹਿੰਦੇ ਹਾਂ, ਜਿਵੇਂ ਸਿੱਖਣਾ, ਯਾਦ ਕਰਨਾ, ਸੋਚਣਾ, ਯੋਜਨਾ ਬਣਾਉਣਾ, ਨਿਰੀਖਣ ਕਰਨਾ, ਇੱਛਾ ਕਰਨਾ, ਪਿਆਰ ਕਰਨਾ ਅਤੇ ਘ੍ਰਿਣਾ ਕਰਨਾ ਆਦਿ।(3)

ਮਨੋਵਿਗਿਆਨ ਅਤੇ ਮਨ ਦੀ ਕਿਰਿਆ ਸਬੰਧੀ ਏ.ਪੀ ਸ਼ਰਮਾ ਆਪਣੀ ਕਿਤਾਬ *ਮਨੋਵਿਗਿਆਨ ਦੀ ਜਾਣ-ਪਛਾਣ* 'ਚ ਲਿਖਦੇ ਨੇ,

> ਮਨੋਵਿਗਿਆਨ ਦਾ ਸੰਬੰਧ ਸਾਡੇ ਮਨ ਨਾਲ ਹੈ। ਮਨ ਦੁਆਰਾ ਹੀ ਸਾਡੇ ਅੰਦਰ ਧਰਮ ਦਾ ਡੂੰਘਾ ਚਿੰਤਨ ਕਰਨ ਲਈ ਧਾਰਣਾਵਾਂ ਉਪਜਦੀਆਂ ਹਨ। ਮਨ ਮਾਨਸਿਕ ਕਿਰਿਆ ਦਾ ਰੂਪ ਹੈ। ਇਸਦੇ ਤਿੰਨ ਪੱਖ ਹਨ: ਗਿਆਨਕਾਰੀ, ਭਾਵਨਾਕਾਰੀ ਅਤੇ ਇੱਛਾਕਾਰੀ। ਇਨ੍ਹਾਂ ਤਿੰਨਾਂ ਨੂੰ ਮਿਲਾ ਕੇ ਹੀ ਮਾਨਸਿਕ ਕਿਰਿਆ ਪੂਰੀ ਹੁੰਦੀ ਹੈ।(16)

ਇਸ ਤਰ੍ਹਾਂ ਸੁਖਜੀਤ ਦੀਆਂ ਕਹਾਣੀਆਂ ਬਰਫ਼, ਆਦਮਖ਼ੋਰ, ਜਲ-ਭਰਮ, ਮਾਰਕੀਟ, ਫ਼ੋਟੋ ਵਿੱਚਲੀ ਕੁੜੀ, ਹਜ਼ਾਰ ਕਹਾਣੀਆਂ ਦਾ ਬਾਪ, ਕਾਮ-ਬਲੀ, ਚੰਦਰੀ, ਹੁਣ ਮੈਂ ਇੰਜੁਆਏ ਕਰਦੀ ਆਂ, ਜੀ ਬੀਬੀ ਜੀ, ਪਾਤਸ਼ਾਹ ਆਦਿ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ ਮਰਿਆ ਚੂਹਾ, ਚਾਰ ਰਾਤਾਂ, ਕਾਲਾ ਕੱਛਾ, ਹੁਣ ਮੈਂ ਸੈੱਟ ਹਾਂ, ਮੁੱਲ ਦੀ ਤੀਵੀਂ, 'ਪਿਛਲਾ ਦਰਵਾਜ਼ਾ', 'ਖਾਲੀ ਪਲਾਟ', 'ਗੁਲਬਾਨੋ' ਆਦਿ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਵੱਖ-ਵੱਖ ਪਾਤਰਾਂ ਦੀ ਮਾਨਸਿਕ ਪ੍ਰਵਿਰਤੀ ਨੂੰ ਚੰਗੇ ਤੇ ਮਾੜੇ ਪੱਖ ਨੂੰ ਸਮਾਨਤਾਵਾਂ ਤੇ ਵੱਖਰਤਾਵਾਂ ਵਜੋਂ ਉਭਾਰਦੀਆਂ ਹਨ। ਸੁਖਜੀਤ ਤੇ ਵੀਨਾ ਵਰਮਾ ਨੇ

ਆਪਣੀਆਂ ਕਹਾਣੀਆਂ ਵਿੱਚ ਔਰਤ ਦੀ ਮਾਨਸਿਕਤਾ, ਸੁਪਨੇ ਅਤੇ ਜ਼ਿੰਦਗੀ ਦੇ ਵਿਹਾਰਿਕ ਤੱਥਾਂ ਨੂੰ ਬਾਖ਼ੂਬੀ ਪੇਸ਼ ਕੀਤਾ ਹੈ। ਇਸ ਪੇਸ਼ਕਾਰੀ ਦੁਆਰਾ ਦੋਨੋਂ ਕਹਾਣੀਕਾਰ ਮਨੋਵਿਗਿਆਨਕ ਗੁੰਝਲਾਂ ਨੂੰ ਸਮਝ ਕੇ ਔਰਤ-ਮਰਦ ਦੀ ਜ਼ਿੰਦਗੀ ਦੇ ਵਿਭਿੰਨ ਵਿਸਥਾਰਾਂ, ਪਾਸਾਰਾਂ, ਤਨਾਵਾਂ ਅਤੇ ਪਰਤਾਂ ਨੂੰ ਇੰਝ ਪੇਸ਼ ਕਰਦੇ ਹਨ ਜਿਵੇਂ ਹਰ ਕਹਾਣੀ ਵਿੱਚਲੇ ਔਰਤ-ਮਰਦ ਪਾਤਰ ਉਹ ਖੁਦ ਹੋਣ ਅਤੇ ਹਰ ਸੰਕਟ ਉਹਨਾਂ ਨੇ ਖੁਦ ਹੰਢਾਇਆ ਹੋਵੇ ਤੇ ਹਰ ਖੁਸ਼ੀ ਨੂੰ ਖੁਦ ਮਾਣਿਆ ਹੋਵੇ। ਇਸ ਕਰਕੇ ਇਹਨਾਂ ਦੀਆਂ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਔਰਤ-ਮਰਦ ਦੀਆਂ ਸਮੱਸਿਆਵਾਂ ਨੂੰ ਸਮਾਨਤਾਵਾਂ ਅਤੇ ਵੱਖਰਤਾਵਾਂ ਦੇ ਚੰਗੇ ਤੇ ਮਾੜੇ ਪੱਖ ਤੋਂ ਪੇਸ਼ ਕਰਦੀਆਂ ਹਨ। ਸੋ ਇਹਨਾਂ ਪੱਖਾਂ ਦਾ ਵਿਸਥਾਰ ਸਹਿਤ ਵੇਰਵਾ ਇਸ ਤਰ੍ਹਾਂ ਹੈ:

**(ੳ) ਚੰਗੇ ਪੱਖ ਵਜੋਂ ਸਮਾਨਤਾਵਾਂ ਤੇ ਵੱਖਰਤਾਵਾਂ:** ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨ ਦਾ ਚੰਗਾ ਪੱਖ ਬਿਰਤਾਂਤ ਜੁਗਤ ਪ੍ਰਸਿੱਧ ਮਨੋਵਿਗਿਆਨੀਆਂ ਫਰਾਇਡ, ਐਡਲਰ ਤੇ ਜੁੰਗ ਦੇ ਅਵਚੇਤਨ ਦੇ ਸਿਧਾਂਤਾਂ ਤੋਂ ਪੈਦਾ ਹੋਈ ਜੁਗਤ ਵਜੋਂ ਉਭਾਰਿਆ ਹੈ। ਜਿਸ ਵਿੱਚ ਪਾਤਰਾਂ ਦੇ ਮਨ ਵਿੱਚਲੇ ਚੇਤਨਾ ਦੀਆਂ ਵੱਖ-ਵੱਖ ਪਰਤਾਂ ਨੂੰ ਕਥਾਨਕ ਵਿੱਚ ਉਸਾਰਿਆ ਤੇ ਵਿਸਥਾਰਿਆ ਜਾਂਦਾ ਹੈ। ਪਾਤਰਾਂ ਦੇ ਮਨੁੱਖੀ ਮਨ ਦੇ ਪ੍ਰਵਾਹ ਨੂੰ ਅੰਦਰੂਨੀ ਵਾਰਤਾਲਾਪ, ਮਨੋਭਾਵ, ਸੁਪਨੇ ਤੇ ਪ੍ਰਤੀਕਾਂ ਰਾਹੀਂ ਸਿਰਜਿਆ ਹੁੰਦਾ ਹੈ। ਡਾ. ਗੁਰਪਾਲ ਸੰਧੂ, *ਨਹੀਂ, ਮੈਂ ਨਹੀਂ' ਦਾ ਕਥਾ-ਪ੍ਰਵਚਨ* 'ਚ ਇਸ ਪ੍ਰਸੰਗ ਦੀ ਪ੍ਰੋੜ੍ਹਤਾ ਕਰਦੇ ਹੋਈ ਲਿਖਦੀ ਹੈ:

> ਅਜੋਕੇ ਮਰਦ ਔਰਤ ਵਿੱਚ ਵੱਧ ਰਹੀ ਚੇਤੰਨਤਾ ਅਤੇ ਸੰਵਦੇਨਸ਼ੀਲਤਾ ਨੇ ਜਿੱਥੇ ਉਹਨਾਂ ਨੂੰ ਇੱਕਲਾ ਕਰ ਦਿੱਤਾ ਹੈ ਉੱਥੇ ਉਨ੍ਹਾਂ ਨੂੰ ਟੁਕੜਿਆਂ ਵਿੱਚ ਜੀਣ ਲਈ ਮਜ਼ਬੂਰ ਕੀਤਾ ਹੈ।(87-88)

ਜਿਵੇਂ ਕਿ ਵੀਨਾ ਵਰਮਾ ਦੀ 'ਕਚੀਲ'' ਤੇ 'ਹੁਣ ਮੈਂ ਸੈੱਟ ਹਾਂ' ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਚੰਗੇ ਪੱਖ ਵਜੋਂ ਔਰਤ-ਮਰਦ ਦੀ ਆਪਣਾ ਘਰ ਵਸਾਉਣ ਦੀ ਹਸਰਤ ਨੂੰ ਬਿਆਨ ਕੀਤਾ ਗਿਆ ਹੈ। ਇਸ ਕਹਾਣੀ ਦੀ ਨਾਇਕਾ ਸੁਰਜੀਤ ਵੀ ਆਪਣੇ ਪਤੀ ਨਾਲ ਬੱਚਿਆਂ ਨਾਲ ਘਰ ਵਸਾਉਣ ਦੀ ਲਾਲਸਾ ਵਜੋਂ ਸਪੱਸ਼ਟ ਰੂਪ ਵਿੱਚ ਪ੍ਰਤੀਬਿੰਬਤ ਹੁੰਦੀ ਹੈ। ਕਹਾਣੀ "ਹੁਣ ਮੈਂ ਸੈੱਟ ਹਾਂ'' ਵਿੱਚ

ਪੇਸ਼ ਵਿਦੇਸ਼ੀ ਰਹਿਤਲ ਤੇ ਵੱਸਣ ਲਈ ਪਦਾਰਥਕ ਲਾਲਸਾ ਨੂੰ ਪੇਸ਼ ਕੀਤਾ ਗਿਆ ਹੈ। ਇਸ ਕਹਾਣੀ ਦੇ ਨਾਇਕ ਗੋਗੀ ਦੇ ਪਿਤਾ ਪਾਖਰ ਸਿੰਘ ਨੂੰ ਕਿਸੇ ਸਾਹਿਤਕ ਕਾਨਫਰੰਸ ਵਿੱਚ ਇੰਗਲੈਂਡ ਜਾਣ ਦਾ ਮੌਕਾ ਮਿਲ ਜਾਂਦਾ ਹੈ, ਉੱਥੇ ਉਹ ਵਿਦੇਸ਼ੀ ਧਰਤੀ ਦੇ ਮੋਹ ਅਧੀਨ ਆ ਕੇ ਆਪਣੇ ਪੁੱਤਰ ਨੂੰ ਇਸ ਧਰਤੀ 'ਤੇ ਭੇਜ ਕੇ ਆਪ ਵੀ ਉੱਥੇ ਆਉਣ ਦੀ ਲੰਮੀ ਸੋਚ ਸੋਚਦਾ ਹੈ। ਉਹ ਆਪਣੀ ਪਤਨੀ ਨਾਲ ਸਲਾਹਾਂ ਕਰਦਾ ਹੈ ਕਿ ਆਪਾਂ ਵੀ ਮੁੰਡੇ ਨੂੰ ਬਾਹਰ ਹੀ ਭੇਜ ਦਿੰਦੇ ਹਾਂ ਇੱਥੇ ਆਪਣੇ ਦੇਸ਼ ਵਿੱਚ ਕੀ ਪਿਆ ਏ। ਗਗਨ ਜੋ ਇੱਕ ਭੋਲਾ ਭਾਲਾ ਮੁੰਡਾ ਸੀ। ਮਾਪਿਆਂ ਦੀ ਗਲਤੀ ਕਾਰਨ ਅੱਜ ਨਾਲਾਇਕ ਅਤੇ ਅਵਾਰਾ ਬਣਿਆ ਫਿਰਦਾ ਹੈ। ਆਪਣੀ ਧਰਤੀ ਦੇ ਵਿਛੋੜੇ ਅਤੇ ਦੁੱਖ ਨੂੰ ਉਹ ਸ਼ਰਾਬ ਰਾਹੀਂ ਭੁਲਾਉਣਾ ਚਾਹੁੰਦਾ ਹੈ। ਜਦੋਂ ਇੱਕ ਦਿਨ ਉਸਦੀ ਅੰਟੀ ਉਸਨੂੰ ਮਿਲਦੀ ਹੈ ਤਾਂ ਇੰਡੀਆ ਦੇ ਯਾਦ ਆਉਣ ਬਾਰੇ ਪੁੱਛਦੀ ਹੈ ਤਾਂ ਉਹ ਕਹਿੰਦਾ ਹੈ ਨਹੀਂ ਅੰਟੀ "ਹੁਣ ਮੈਂ ਸੈੱਟ ਹਾਂ"। ਕਹਾਣੀ ਵਿੱਚ ਇਹ ਉਸਦੀ ਮਾਨਸਿਕ ਪੀੜਾ ਦੀ ਵੇਦਨਾ ਸੰਵੇਦਨਾ ਹੈ। ਇਸ ਸਭ ਦਾ ਜ਼ੁੰਮੇਵਾਰ ਉਸਦਾ ਪਰਿਵਾਰ ਹੈ। ਵੀਨਾ ਵਰਮਾ ਨੇ ਕਹਾਣੀ 'ਹੁਣ ਮੈਂ ਸੈੱਟ ਹਾਂ' ਵਿੱਚ ਗਗਨ ਦੀ ਦੁਖੀ ਮਾਨਸਿਕ ਪ੍ਰਵਿਰਤੀ ਰਾਹੀਂ ਫ਼ੋਨ ਤੇ ਦੋ ਸਾਲ ਦੇ ਬੱਚੇ ਵਾਂਗ ਰੋਣ ਕਰਲਾਉਣ ਦੀ ਸਥਿਤੀ-ਪ੍ਰਸਥਿਤੀ ਨੂੰ ਉਭਾਰਿਆ ਹੈ। ਮੂਲ ਰੂਪ ਵਿੱਚ ਕਹਾਣੀ ਚੰਗੇ ਪੱਖ ਤੋਂ ਪਰਦੇਸੀ ਨੂੰ ਆਪਣੇ ਵਤਨ ਦੀ ਯਾਦ, ਪਿਆਰ ਆਦਿ ਖਿੱਚ ਲਈ ਪ੍ਰੇਰਦੀ ਰਹਿੰਦੀ ਹੈ। ਸੋ, ਸੁਖਜੀਤ ਤੇ ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਔਰਤ-ਮਰਦ ਵਿੱਚ ਆਪਣੇ ਘਰ ਦੀ ਖਿੱਚ ਨੂੰ ਚੰਗੇ ਪੱਖ ਵਜੋਂ ਸਮਾਨਤਾਵਾਂ ਤੋਂ ਬਿਆਨ ਕੀਤਾ ਗਿਆ ਹੈ। ਜਿਵੇਂ ਕਿ ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ ਜੋਗੀਆਂ ਦੀ ਧੀ ਦੀ ਕਹਾਣੀ ਹੁਣ ਮੈਂ ਸੈੱਟ ਹਾਂ 'ਚ:

> ਮੇਰਾ ਇੱਥੇ ਜੀਅ ਨਹੀਂ ਲੱਗਦਾ। ਕਿਉਂ ਘਰੋਂ ਕੱਢਿਐ ਤੁਸੀਂ ਮੈਨੂੰ? ਕੀ ਕਸੂਰ ਸੀ ਮੇਰਾ? ਥੋਡੀ ਹੀ ਔਲਾਦ ਆਂ ਨਾ ਮੈਂ? ਕਿਉਂ ਜੰਮਿਆ ਸੀ ਮੈਨੂੰ?(214,215)

ਮਨੋਵਿਗਿਆਨਿਕ ਪੱਖ ਤੋਂ ਔਰਤ-ਮਰਦ ਵਿੱਚ ਆਪਣੇ ਘਰ ਦੀ ਖਿੱਚ ਨੂੰ ਵੀਨਾ ਵਰਮਾ ਨੇ ਆਪਣੇ ਕਹਾਣੀ ਸੰਗ੍ਰਹਿ ਮੁੱਲ ਦੀ ਤੀਵੀਂ ਦੀ ਕਹਾਣੀ ਕਚੀਲ 'ਚ ਵੀ ਦਰਸਾਇਆ ਹੈ ਜਿਵੇ:

> ਮੈਂ ਹੁਣ ਚਾਲੀ ਸਾਲਾਂ ਦੀ ਹੋ ਗਈ ਹਾਂ। ਕਿੰਨੀ ਕੁ ਦੇਰ ਤੱਕ ਲਟਕੀ ਜਾਊ। ਮੇਰਾ ਵੀ ਜੀਅ ਕਰਦੈ ਕਿ ਮੇਰਾ ਘਰ ਹੋਏ... ਪਤੀ ਤੇ ਬੱਚੇ ਹੋਣ। ਇੱਕ ਆਮ ਔਰਤ ਵਾਂਗ ਮੈਂ ਵੀ ਘਰ ਗ੍ਰਸਥੀ ਦਾ ਸੁੱਖ ਭੋਗਣਾ ਚਾਹੁੰਦੀ ਹਾਂ। ਪਰ ਹਰ ਵਾਰੀ ਮੇਰੀ ਕਿਸਮਤ...। ਉਹ ਹੁਬਕੀਆਂ ਲੈ ਰਹੀ ਸੀ।(77)

**(ਅ) ਮਾੜੇ ਪੱਖ ਵਜੋਂ ਸਮਾਨਤਾਵਾਂ ਤੇ ਵੱਖਰਤਾਵਾਂ:** ਅਜੋਕੀ ਪੰਜਾਬੀ ਕਹਾਣੀ ਵਿੱਚ ਕਹਾਣੀਕਾਰਾਂ ਨੇ ਮਰਦ-ਔਰਤ ਸੰਬੰਧਾਂ ਨੂੰ ਲੈ ਕੇ ਸਮਾਜਿਕ ਸਿਸਟਮ ਵਿੱਚ ਵਿਚਰਦੇ ਰਿਸ਼ਤਿਆਂ ਨਾਲ ਜੁੜੇ ਮਰਦ ਤੇ ਔਰਤ ਪਾਤਰਾਂ ਨੂੰ ਨਵ-ਪਰਿਭਾਸ਼ਤ ਕਰਨ ਦੀ ਪਹਿਲ ਕੀਤੀ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿੱਚ ਇਨ੍ਹਾਂ ਰਿਸ਼ਤਿਆਂ ਵਿੱਚ ਪ੍ਰਚਲਿਤ ਪਰੰਪਰਾਵਾਂ, ਰੀਤਾਂ-ਰਸਮਾਂ, ਮਰਿਆਦਾ ਤੇ ਮੁੱਲਾਂ ਨੂੰ ਰੂਪਾਂਤਰਿਤ ਹੁੰਦੇ ਵਿਖਾਇਆ ਗਿਆ ਹੈ। ਅਜੋਕੇ ਕਹਾਣੀਕਾਰਾਂ ਨੇ ਇਸ ਦੌਰ ਵਿੱਚ ਪਾਤਰਾਂ ਰਾਹੀਂ ਸਮਾਜਿਕ ਮੁੱਲ ਵਿਧਾਨ ਤੇ ਮਨਾਹੀਆਂ ਨੂੰ ਟੁੱਟਦੇ-ਭੱਜਦੇ ਵਿਖਾਇਆ ਹੈ। ਦੂਸਰੇ ਪਾਸੇ ਕਹਾਣੀਕਾਰਾਂ ਦਾ ਆਪਣੀਆਂ ਕਹਾਣੀਆਂ ਵਿੱਚ ਪੂਰਾ ਜ਼ੋਰ ਇਸ ਵਿਸ਼ੇ ਵੱਲ ਵੀ ਹੈ ਕਿ ਅਜੋਕਾ ਮਨੁੱਖ ਮਨੋਵਿਗਿਆਨਕ ਤੌਰ ਤੇ ਇਨ੍ਹਾਂ ਮਾਨਸਿਕ ਦਬਾਵਾਂ ਅਧੀਨ ਵਿਚਰ ਰਿਹਾ ਹੈ। ਮਨ ਦੀਆਂ ਮਨੋਗ੍ਰੰਥੀਆਂ ਉਸ ਦੀ ਸ਼ਖ਼ਸੀਅਤ ਦੇ ਅੰਤਰੀਵੀ ਭਾਗ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ। ਇਹ ਅਜੋਕੀ ਕਹਾਣੀ ਦੇ ਬਹੁਪਰਤੀ ਵਿਸ਼ੇ ਹਨ। ਕਹਾਣੀਕਾਰ ਗਰੇਵਾਲ ਨੇ ਮਨੁੱਖ ਦੀ ਅੰਦਰਲੀ ਸ਼ਖ਼ਸੀਅਤ ਨੂੰ ਇੱਕ ਚੁਨੌਤੀ ਵਜੋਂ ਲਿਆ ਹੈ ਤੇ ਇਸ ਰਾਹੀਂ ਇਹਨਾਂ ਨੇ ਆਪਣੀਆਂ ਕਹਾਣੀਆਂ ਵਿੱਚ ਮਰਦ-ਔਰਤ ਸੰਬੰਧਾਂ ਦੀ ਬਾਤ ਪਾਈ ਹੈ। ਇਹਨਾਂ ਦੀਆਂ ਕਹਾਣੀਆਂ ਦੇ ਥੀਮ ਜਿੱਥੇ ਸੰਬੰਧਾਂ ਨਾਲ ਪੈਦਾ ਹੋਏ ਤਣਾਉ ਨੂੰ ਪੇਸ਼ ਕਰਦੇ ਹਨ। ਉੱਥੇ ਇਨ੍ਹਾਂ ਸੰਬੰਧਾਂ ਦੇ ਕਰੂਰ ਸੱਚ ਦੀ ਜਾਣਕਾਰੀ ਵੀ ਦਿੰਦੇ ਹਨ। ਪ੍ਰੋ. ਪਵਨਜੀਤ ਕੌਰ ਇਸ ਪ੍ਰਸੰਗ ਬਾਰੇ *ਅਜੋਕੀ ਕਹਾਣੀ-ਦ੍ਰਿਸ਼ਟੀਗਤ ਬਦਲਾਵ* 'ਚ ਕਹਿੰਦੇ ਹਨ ਕਿ:

> ਅਜੋਕਾ ਵਿਅਕਤੀ ਇੱਕੋ ਸਮੇਂ, ਅੰਦਰਮੁਖੀ ਅਤੇ ਬਾਹਰਮੁਖੀ ਜੀਵਨ ਭੋਗ ਰਿਹਾ ਹੈ। ਪੂੰਜੀਵਾਦੀ ਬਣਤਰ ਵੱਲ ਵੱਧ ਰਹੇ ਸਮਾਜ ਦੇ ਵਿਗਿਆਨਕ, ਉਦਯੋਗਿਕ ਅਤੇ ਤਕਨਾਲੋਜੀ ਦੇ ਦੌਰ ਵਿੱਚ ਵਿਅਕਤੀ ਦੀ ਮਾਨਸਿਕ-ਪ੍ਰਕਿਰਿਆ ਮਹਿਜ ਬਿਰਤੀ ਦੀ ਲਖਾਇੱਕ ਨਹੀਂ ਰਹਿੰਦੀ। ਜੀਵਨ

ਜਟਿਲ ਅਤੇ ਸਮੱਸਿਆ-ਗ੍ਰਸਤ ਬਣ ਜਾਂਦਾ ਹੈ। ਪੈਰ-ਪੈਰ ਤੇ ਠੋਕਰਾਂ ਹਨ। ਸਮਾਜਿਕ, ਆਰਥਕ ਤੇ ਰਾਜਨੀਤਿਕ ਦਬਾਓ ਹਨ। ਇਛਾਵਾਂ ਤੇ ਸੁਪਨੇ ਖੰਡਿਤ ਹਨ। ਇੰਞ ਖੰਡਿਤ ਵਿਅਕਤੀ ਦੀ ਮਾਨਸਿਕਤਾ ਵਿੱਚ ਤਣਾਓ ਦੀ ਸਥਿਤੀ, ਇੱਕ ਪੀੜਾ, ਇੱਕ ਸੰਤਾਪ ਦੇ ਰੂਪ ਵਿੱਚ ਵਿਕਸਿਤ ਹੁੰਦੀ ਰਹਿੰਦੀ ਹੈ।(7)

ਜਿੱਥੇ ਸੁਖਜੀਤ ਦੀ ਕਹਾਣੀ 'ਆਦਮਖ਼ੋਰ'ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ 'ਕਿਸਨੂੰ ਅਤੇ ਕਿਉਂ' ? ਇਹਨਾਂ ਸਵਾਲਾਂ ਦੇ ਜਵਾਬ ਵੱਲ ਕਹਾਣੀ ਦਾ ਬਿਰਤਾਂਤ ਚੰਗੇ ਤੇ ਮਾੜੇ ਪੱਖ ਤੋਂ ਅੱਗੇ ਤੁਰਦਾ ਤੇ ਨਿਖਰਦਾ ਹੈ। ਜਿਵੇਂ ਕਿ ਫੜੇ ਜਾਣ ਵਾਲੇ ਸ਼ਖ਼ਸ ਦਾ ਨਾਂ ਬੀਬਾ ਹੈ। ਬੀਬੇ ਦਾ ਨਾਂ ਉਸਦੇ ਕਿਰਦਾਰ ਦੀ ਹਾਮੀ ਭਰ ਰਿਹਾ ਹੈ। ਜਿੱਥੇ ਮੁੱਢ ਤੋਂ ਪਿਤਾ ਦੇ ਸਾਏ ਤੋਂ ਮਹਿਰੂਮ ਰਹੇ ਬੀਬੇ ਨੂੰ ਮਾਂ ਦੇ ਮੋਹ ਵਿਹੂਣੇ ਰਵੱਈਏ ਨੇ ਹਮੇਸ਼ਾ ਦਬਾਈ ਰੱਖਿਆ। ਉਸਦੀ ਮਾਂ ਹਰ ਦਮ ਘਰ ਵਿੱਚ ਆਉਣ-ਜਾਣ ਵਾਲੇ ਸੰਤਾਂ ਦੀ ਸਾਖੀ ਵਿੱਚ ਲੀਨ ਰਹਿੰਦੀ। ਉਸ ਲਈ ਸਕੂਲੋਂ ਪੜ੍ਹ ਕੇ ਜਾਂ ਡੰਗਰ ਚਾਰ ਕੇ ਪਰਤੇ ਬੀਬੇ ਦਾ ਆਉਣਾ ਹਮੇਸ਼ਾ ਅਸਹਿ ਹੁੰਦਾ। ਕਿਉਂਕਿ ਇਸ ਨਾਲ ਉਸਦੀ ਸੰਤਾਂ ਪ੍ਰਤੀ ਲੱਗੀ ਲਗਨ ਵਿੱਚ ਵਿਘਨ ਪੈਂਦਾ। ਫਲਸਰੂਪ ਮਾਂ ਵੱਲੋਂ ਬੀਬੇ ਦੀ ਰੱਜ ਕੇ ਮਾਰ ਕੁਟਾਈ ਕੀਤੀ ਜਾਂਦੀ। ਇਸ ਸਭ ਦਾ ਬੀਬੇ ਦੇ ਸੁਭਾਅ ਤੇ ਗਹਿਰਾ ਅਸਰ ਪਿਆ। ਉਹ ਹਮੇਸ਼ਾ ਡਰਿਆ-ਸਹਿਮਿਆ ਰਹਿਣ ਲੱਗਾ। ਕਹਾਣੀ 'ਆਦਮਖ਼ੋਰ' ਵਿੱਚ ਭੀੜ ਦਾ ਕੇਂਦਰੀ ਧੁਰਾ ਪਾਤਰ ਬੀਬਾ, ਗਾਂ ਅਤੇ ਉਸਦੇ ਵੱਛੇ ਨਾਲ ਪਿਆਰ ਸਾਂਝ ਅਤੇ ਬੀਬੇ ਦਾ ਮਾਂ ਦੇ ਪਿਆਰ ਤੋਂ ਵਿਹੂਣਾ ਆਦਿ ਛੋਟੇ-ਛੋਟੇ ਵੇਰਵੇ ਕਹਾਣੀ ਦੀਆਂ ਮਨੋਵਿਗਿਆਨਕ ਤੰਦਾਂ ਨੂੰ ਉਭਾਰਦੀਆਂ ਹੋਈਆਂ ਕਹਾਣੀਕਾਰ ਦੀਆਂ ਸਮੱਸਿਆ ਮੂਲਕ ਸਮਾਨਤਾਵਾਂ ਤੇ ਵੱਖਰਤਾਵਾਂ ਨੂੰ ਚੰਗੇ ਤੇ ਮਾੜੇ ਪੱਖ ਵਜੋਂ ਪ੍ਰਗਟ ਕਰਦੀਆਂ ਹਨ। ਇਸ ਤਰ੍ਹਾਂ ਜਿੱਥੇ ਸੁਖਜੀਤ ਦੀ ਕਹਾਣੀ 'ਆਦਮਖ਼ੋਰ' ਵਿੱਚ ਭੀੜ ਦਾ ਨਿਰਮਾਣ ਇੱਕ ਤਤਕਾਲਿਕ ਘਟਨਾ ਜਾਂ ਸਥਿਤੀ-ਪਰਸਥਿਤੀ ਦੇ ਆਧਾਰ ਉੱਤੇ ਹੋਇਆ ਹੈ। ਜਿਵੇਂ ਹੀ ਇਹ ਘਟਨਾ ਸਮਾਪਤ ਹੋ ਜਾਵੇਗੀ ਤਾਂ ਭੀੜ ਦਾ ਟੁੱਟ ਜਾਣਾ ਵੀ ਸੁਭਾਵਿਕ ਹੈ। ਇਸਦੇ ਸਾਰੇ ਮੈਂਬਰਾਂ ਵਿੱਚ ਇੱਕ ਸਮਾਨ ਸੰਵੇਗ ਦਾ ਉਦਭੱਵ ਹੁੰਦਾ ਹੈ। ਇਸਦੇ ਜ਼ਿਆਦਾਤਰ ਮੈਂਬਰ ਇੱਕੋ ਸਮੇਂ ਭੈਅ, ਦੁੱਖ, ਘ੍ਰਿਣਾ, ਉਤਸ਼ਾਹ, ਕ੍ਰੋਧ

ਆਦਿ ਦਾ ਅਨੁਭਵ ਕਰਦੇ ਹਨ ਅਤੇ ਉਸੇ ਅਨੁਸਾਰ ਕਾਰਜ ਵੀ ਕਰਦੇ ਹਨ। ਹੱਦੋਂ ਵੱਧ ਸਹਿਜ ਵਿਸ਼ਵਾਸੀ ਹੋਣ ਕਾਰਨ ਭੀੜ ਵਿੱਚ ਲੋਕ ਬਿਨਾਂ ਕਿਸੇ ਤਰਕ ਜਾਂ ਵਿਚਾਰ ਦੇ ਸੱਚ ਮੰਨ ਲੈਂਦੇ ਹਨ। ਇਸਦਾ ਸਭ ਤੋਂ ਪ੍ਰਮੁੱਖ ਕਾਰਨ ਇਹ ਹੈ ਕਿ ਭੀੜ ਵਿੱਚ ਵਿਅਕਤੀ ਦਾ ਸੁਝਾਅ, ਗ੍ਰਹਿਣਸ਼ੀਲਤਾ ਬਹੁਤ ਜ਼ਿਆਦਾ ਵੱਧ ਜਾਂਦੀ ਹੈ। ਇਸ ਕਾਰਨ ਤਰਕ ਅਤੇ ਬੁੱਧੀ ਦੇ ਆਧਾਰ ਉੱਤੇ ਕਿਸੇ ਵਿਸ਼ੇ ਉੱਤੇ ਵਿਚਾਰ ਕਰਨ ਦੀ ਸ਼ਕਤੀ ਉਸ ਵਿੱਚ ਨਹੀਂ ਰਹਿੰਦੀ। ਉੱਥੇ ਵੀਨਾ ਵਰਮਾ ਨੇ "ਮਰਿਆ ਚੂਹਾ'' ਕਹਾਣੀ ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਮਾੜੇ ਪੱਖ ਵਜੋਂ ਮਤਰੇਈ ਮਾਂ ਵੱਲੋਂ ਮਮਤਾ ਨਾਂ ਮਿਲਣ ਕਾਰਨ ਅਣਜੋੜ ਵਿਆਹ ਦੀ ਸਮੱਸਿਆ ਨੂੰ ਉਭਾਰਿਆਂ ਗਿਆ ਹੈ। ਇਸ ਕਹਾਣੀ ਵਿੱਚ ਇੱਕ ਸੋਲ੍ਹਾਂ ਸਾਲਾਂ ਦੀ ਮੁਟਿਆਰ ਰਜ਼ੀਆ ਦਾ ਵਿਆਹ ਉਸਦੀ ਮਤਰੇਈ ਮਾਂ ਪੰਜਾਹ ਸਾਲਾਂ ਦੇ ਬੁੱਢੇ ਚੌਧਰੀ ਨਾਲ ਕਰ ਦਿੰਦੀ ਹੈ ਜੋ ਉਹਨੂੰ ਪਾਕਿਸਤਾਨ ਤੋਂ ਇੰਗਲੈਂਡ ਲੈ ਜਾਂਦਾ ਹੈ। ਰਜ਼ੀਆ ਦੁਆਰਾ ਇਸ ਅਣਜੋੜ ਵਿਆਹ ਨੂੰ ਕਬੂਲਣਾ ਨਾ-ਮੁਮਕਿਨ ਹੈ, ਆਖਰ ਰਜ਼ੀਆ ਆਪਣੀਆਂ ਜਿਨਸੀ ਖ਼ਾਹਿਸ਼ਾਂ ਲਈ ਕਈ ਮਰਦਾਂ ਨਾਲ ਸਰੀਰਕ ਸੰਬੰਧ ਸਥਾਪਿਤ ਕਰਦੀ ਹੈ ਅਤੇ ਹਰ ਵਿੱਚ ਉਸਨੂੰ ਆਪਣੇ ਪ੍ਰੇਮੀ ਬਸੀਰੇ ਦੀ ਤਲਾਸ਼ ਰਹਿੰਦੀ ਹੈ। ਹਰ ਮਰਦ ਉਸ ਨਾਲ ਸੰਬੰਧ ਬਣਾਉਣ ਨੂੰ ਤਾਂ ਤਿਆਰ ਹੈ, ਪਰ ਉਸਨੂੰ ਕਬੂਲਣ ਲਈ ਤਿਆਰ ਨਹੀਂ। ਇਸ ਦੁਬਿਧਾ ਵਿੱਚ ਫਸੀ ਉਹ ਮਾਨਸਿਕ ਤੌਰ 'ਤੇ ਬਿਮਾਰ ਹੋ ਜਾਂਦੀ ਹੈ। ਆਪਣੇ ਪਿਆਰ ਦੀ ਅਤ੍ਰਿਪਤੀ ਅਤੇ ਵਿਆਹ ਤੋਂ ਬਾਅਦ ਹੀ ਕਾਮੁਕ ਅਤ੍ਰਿਪਤੀ ਕਾਰਨ ਉਸਦੇ ਸੰਬੰਧ ਕਈ ਮਰਦਾਂ ਨਾਲ ਬਣਦੇ ਹਨ, ਪਰ ਸਾਰੇ ਉਹਦੇ ਗਰਮ ਗੋਸ਼ਤ ਦੇ ਭੁੱਖੇ ਨਿਕਲਦੇ ਹਨ, ਕੋਈ ਵੀ ਉਸਨੂੰ ਆਪਣੀ ਪਤਨੀ ਦਾ ਦਰਜਾ ਨਹੀਂ ਦਿੰਦਾ। ਉਸਦਾ ਇਲਾਜ ਕਰ ਰਿਹਾ ਡਾਕਟਰ ਯੂਸਫ ਵੀ ਉਸਨੂੰ ਆਪਣੀ ਪਤਨੀ ਬਣਾਉਣ ਦਾ ਲਾਰਾ ਲਾਉਂਦਾ ਹੈ, ਪਰ ਪੜ੍ਹਾਈ ਪੂਰੀ ਕਰਕੇ ਪਾਕਿਸਤਾਨ ਚਲਾ ਜਾਂਦਾ ਹੈ। ਇਸ ਉਪਰੰਤ ਉਸਦੇ ਸੰਬੰਧ ਟੈਕਸੀ ਡਰਾਈਵਰ ਨਾਲ ਬਣਦੇ ਹਨ ਅਤੇ ਉਹ ਵੀ ਉਸਨੂੰ ਧੋਖਾ ਦੇ ਜਾਂਦਾ ਹੈ। ਬਾਅਦ ਵਿੱਚ ਰਜ਼ੀਆ ਕਈ ਮਰਦਾਂ ਨਾਲ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਸਰੀਰਕ ਸੰਬੰਧ ਬਣਾਉਂਦੀ ਹੈ ਪਰ ਉਸਨੂੰ ਤ੍ਰਿਪਤੀ ਪ੍ਰਾਪਤ ਨਹੀਂ ਹੁੰਦੀ। ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਅਣਜੋੜਤਾ ਦੀ

ਡੁੰਬੀ ਹੋਈ ਉਹ ਹਰ ਇੱਕ 'ਚ ਆਪਣੀ ਸੰਪੂਰਨਤਾ ਚਾਹੁੰਦੀ ਹੈ ਪਰ ਮਿਲਦੀ ਨਹੀਂ। ਇਸ ਤਰ੍ਹਾਂ ਵੱਖਰਤਾਵਾਂ ਦੇ ਪੱਖ ਤੋਂ ਸੁਖਜੀਤ ਤੇ ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਮਾੜੇ ਪੱਖ ਵਜੋਂ ਮਾਂ-ਬਾਪ ਦੇ ਪਿਆਰ ਦੀ ਵਿਹੂਣਤਾ ਅਤੇ ਅਣਜੋੜ ਵਿਆਹ ਸਮੱਸਿਆ ਕਾਰਨ ਔਰਤ-ਮਰਦ ਦੀ ਤ੍ਰਾਸਦੀ ਨੂੰ ਰੂਪਮਾਨ ਕੀਤਾ ਗਿਆ ਹੈ। ਜਿਵੇਂ ਕਿ ਸੁਖਜੀਤ ਦੀ *ਅੰਤਰਾ* ਪੁਸਤਕ ਚੋਂ ਲਈ ਕਹਾਣੀ ਆਦਮਖ਼ੋਰ,:

> ਭੀੜ "ਚੋਂ ਆਵਾਜ਼ਾਂ ਆਉਂਦੀਆਂ ਨੇ: ਕਿੱਥੂੰ ਫੜਿਆ ਏ? ਫੌਜੀ ਬੁੱਢੇ ਕੋਲੋਂ। ਇਹ ਬੁੱਢਾ ਬੜਾ ਵਿਗੜਿਆ ਏ, ਕਈ ਮੁੰਡੇ ਪੱਟ ਸੂ ਏਸ। ਬੀਬਾ ਏ ਬੀਬਾ। ਬੀਬਾ? ਭੀੜ ਨੂੰ ਸੱਪ ਸੁੰਘ ਜਾਂਦੈ ਇੱਕ ਦਮ। ਫਿਰ ਜ਼ਨਾਨੀਆਂ ਦੀ ਘੁਸਰ ਮੁਸਰ ਹੁੰਦੀ ਏ। ਹੇਖਾਂ ਇਨ੍ਹਾਂ ਨੂੰ ਨੌਂ ਮੀਨ੍ਹੇ ਸਾਂਭੋਂ ਢਿੱਡ "ਚ, ਗਿੱਲੇ ਥਾਓਂ ਸੁੱਕੇ ਕਰਦੇ ਰਹੋ, ਤੇ ਵੱਡੇ ਹੋ ਕੇ ਆਹ ਦੱਛਣਾ ਦਿੱਤੀ ਸੂ। ਆਂਹਦਾ ਏ ਆਪਣਾ ਪਿੰਡ ਤਾਂ ਅਸਲੋਂ ਗਰਕ ਗਿਆ ਏ। ਲੈ, ਬੇੜਾ ਤਾਂ ਉਹਦਾ ਗਰਕਿਆ ਏ, ਜਿਹਨੂੰ ਧਰਮ ਕਰਮ ਫੁੱਟੀ ਅੱਖ ਨਹੀਂ ਭਾਉਂਦਾ।(30,31)

ਔਰਤ ਮਰਦ ਦੀ ਤ੍ਰਾਸਦੀ ਨੂੰ ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ *ਮੁੱਲ ਦੀ ਤੀਵੀਂ* ਦੀ ਕਹਾਣੀ ਮਰਿਆ ਚੂਹਾ ਦਰਸਾਉਂਦੀ ਹੈ:

> ਅਜੀਤ ਵੀ ਚਲਾ ਗਿਆ। ਪਰ ਇਸ ਵਾਰ ਮੈਨੂੰ ਜਿਆਦਾ ਫ਼ਰਕ ਨਾ ਪਿਆ। ਜਿਵੇਂ ਹੁਣ ਮੈਨੂੰ ਆਦਤ ਹੀ ਪੈ ਗਈ ਸੀ ਅਜਿਹੀਆਂ ਚੋਟਾਂ ਖਾਣ ਦੀ ਮੈਂ ਕਮਰਾ ਕਿਸੇ ਹੋਰ ਜਵਾਨ ਮੁੰਡੇ ਨੂੰ ਕਿਰਾਏ 'ਤੇ ਦੇ ਦਿੱਤਾ। ਫੇਰ ਹੋਰ... ਫੇਰ ਹੋਰ... ਹੋਰ...। ਪਤਾ ਨਹੀਂ ਕਿੰਨੇ ਆਏ ਤੇ ਗਏ। ਔਰਤ ਤਵਾਇਫ ਹੁੰਦੀ ਏ ਪਾਕਿਸਤਾਨ 'ਚ ਹੀ ਪਤਾ ਸੀ ਪਰ ਮਰਦ ਵੀ ਤਵਾਇਫ ਹੁੰਦਾ ਏ ਇੰਗਲੈਂਡ ਆ ਕੇ ਪਤਾ ਲਗ ਗਿਆ। ਦੁਨੀਆਂ ਦੀ ਹਰ ਔਰਤ ਚਾਹੁੰਦੀ ਹੈ ਕਿ ਉਸਦੀ ਯਾਦ ਵਿੱਚ ਤਾਜ ਬਣੇ ਪਰ ਅੱਜ ਦੇ ਸ਼ਾਹਜਹਾਂ ਉਸਦੀ ਕਬਰ ਤੇ ਤਾਜ ਬਣਾਉਣ ਦੀ ਬਜਾਏ ਉਸਦੀਆਂ ਹੱਡੀਆਂ ਤੱਕ ਵੇਚ ਕੇ ਖਾ ਜਾਣਾ ਚਾਹੁੰਦੇ ਹਨ।(189)

ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੇ ਪਾਤਰਾਂ ਦੀ ਮਾਨਸਿਕ ਸਥਿਤੀ-ਪ੍ਰਸਥਿਤੀ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਦੇ ਮਨੋਵਿਗਿਆਨਿਕ ਪੱਖ ਤੋਂ ਸਮਝਣ ਲਈ ਉਸ ਪਰਿਵੇਸ਼ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਜਿਸਦਾ ਉਹ ਅੰਗ ਹੁੰਦੇ ਹਨ। ਕਿਉਂਕਿ ਵਿਅਕਤੀ ਦੇ ਮਨ ਦਾ ਵਿਕਾਸ ਖਲਾਅ ਵਿੱਚ ਨਹੀਂ ਹੁੰਦਾ ਬਲਕਿ ਆਪਣੇ ਪਰਿਵੇਸ਼ ਦੀ ਪ੍ਰਤੀਕਿਰਿਆ ਦੇ ਸਰੂਪ ਵਿਚੋਂ ਹੁੰਦਾ ਹੈ। ਜਿੱਥੇ ਸੁਖਜੀਤ ਦੀ ਕਹਾਣੀ 'ਹੁਣ ਮੈਂ ਇੰਜੁਆਏ ਕਰਦੀ ਆਂ, ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਮਾੜੇ ਪੱਖ ਵਜੋਂ ਮਰਦ ਪ੍ਰਧਾਨ ਸਮਾਜ ਕਾਰਨ ਔਰਤ ਨੂੰ ਅਨੇਕਾਂ ਤਰ੍ਹਾਂ ਦੀਆਂ ਸਮੱਸਿਆਵਾਂ ਵਿਚੋਂ ਗੁਜ਼ਰਕੇ ਸਰੀਰਕ ਤੇ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਕਹਾਣੀ ਦੀ ਮੁੱਖ ਪਾਤਰ ਦਾ ਡੇਰੇ ਵਿੱਚ ਆਉਣ ਤੋਂ ਬਾਅਦ ਸਰੀਰਕ, ਜੈਵਿਕ, ਸਮਾਜਿਕ ਤੇ ਸਾਂਸਕ੍ਰਿਤਕ ਪੱਧਰ ਉੱਤੇ ਅੰਦਰੂਨੀ ਤੇ ਬਾਹਰੀ ਸਥਿਤੀਆਂ-ਪ੍ਰਸਥਿਤੀਆਂ ਵਿਚੋਂ ਲੰਘ ਕੇ ਸਰੀਰਕ ਤੇ ਮਾਨਸਿਕ ਸ਼ੋਸ਼ਣ ਕਰਵਾਉਣਾ ਪੈਂਦਾ ਹੈ, ਜਿਹੜਾ ਉਸਦੀ ਮਾਨਸਿਕਤਾ "ਚੋਂ, ਵਿਵਹਾਰ "ਚੋ, ਦੂਸਰਿਆਂ (ਸੈਹਬ ਜੀਆਂ, ਕਾਮਰੇਡ, ਕਾਂਤੀ, ਸੁਮੀਤ, ਸਿਮਰਨ, ਕੰਮੋ, ਬਿੰਬੋ) ਨਾਲ ਸੰਬੰਧਾਂ "ਚੋਂ ਅਰਥਾਤ ਉਹਨਾਂ ਦੀ ਸਮੁੱਚੀ ਸ਼ਖ਼ਸੀਅਤ ਚੋਂ ਪ੍ਰਗਟ ਹੋ ਰਿਹਾ ਹੈ। ਡੇਰੇ ਵਿੱਚ ਆਉਣ ਉਪਰੰਤ ਮੁੱਖ ਪਾਤਰ ਸਰੀਰਕ ਤੇ ਜੈਵਿਕ ਤੌਰ ਤੇ ਇੱਕ ਮੁਟਿਆਰ ਤੋਂ ਔਰਤ ਵਿੱਚ ਪਰਿਪੱਕ ਹੋਈ ਹੈ, ਪਰੰਤੂ ਉਹ ਇਸ ਪਰਿਪੱਕ ਅਵਸਥਾ ਵਿੱਚ ਜਿਸ ਢੰਗ ਨਾਲ ਇੱਥੇ ਪਹੁੰਚਦੀ ਹੈ, ਉਸਨੇ ਉਸਨੂੰ ਪ੍ਰਫੁੱਲਿਤ ਕਰਨ ਦੀ ਬਜਾਏ ਖੇਰੂੰ-ਖੇਰੂ ਕਰ ਦਿੱਤਾ। ਉੱਥੇ ਵੀਨਾ ਵਰਮਾ ਦੀ ਕਹਾਣੀ"ਚਾਰ ਰਾਤਾਂ'' ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਮਾੜੇ ਪੱਖ ਵਜੋਂ ਅਣਜੋੜ ਵਿਆਹ ਸੰਬੰਧ ਦੀ ਤ੍ਰਾਸਦੀ ਨੂੰ ਉਦੋਂ ਕੀਤਾ ਗਿਆ ਹੈ, ਜਦੋਂ ਕਹਾਣੀ ਦੀ ਨਾਇਕਾ ਬਿੰਦੂ ਅਜੇ ਬੀ.ਏ. ਵਿੱਚ ਪੜ੍ਹਦੀ ਸੀ ਤਾਂ ਉਸਦਾ ਵਿਆਹ ਕੈਨੇਡਾ ਦੇ ਮੁੰਡੇ ਨਾਲ ਕਰ ਦਿੱਤਾ ਗਿਆ, ਜੋ ਇੱਕ ਟਰੱਕ ਡਰਾਈਵਰ ਸੀ, ਬਿੰਦੂ ਨੂੰ ਕੁੱਟਦਾ ਮਾਰਦਾ ਰਹਿੰਦਾ ਸੀ, ਪਰ ਉਹ ਜ਼ਿਆਦਾ ਸਮਾਂ ਉਸ ਨਾਲ ਨਿਭਾ ਨਾ ਸਕਿਆ ਅਤੇ ਇੱਕ ਦਿਨ ਐਕਸੀਡੈਂਟ ਵਿੱਚ ਮਾਰਿਆ ਜਾਂਦਾ ਹੈ, ਜਿਸ ਦੀ ਮੌਤ ਦਾ ਬਿੰਦੂ 'ਤੇ ਕੋਈ ਜ਼ਿਆਦਾ ਪ੍ਰਭਾਵ ਉਸਦੀ ਨਿਪੁੰਸਕਤਾ ਕਰਕੇ ਨਾ ਪਿਆ, ਪਰ ਉਮਰ ਦੇ ਇਸ ਪਹਿਲੇ ਪੜਾਅ ਨੇ ਹੀ

ਵਿਧਵਾ ਦਾ ਕਲੰਕ ਉਸਦੇ ਮੱਥੇ ਮੜ੍ਹ ਦਿੱਤਾ। ਉਸਦੇ ਕੁਆਰੇ ਚਾਅ ਧਰੇ ਧਰਾਏ ਪਏ ਸਨ ਅਜੇ। ਜ਼ਿੰਦਗੀ ਦੇ ਪਹਿਲੇ ਹਾਦਸੇ ਪਤੀ ਦੀ ਮੌਤ ਤੋਂ ਹਾਲੇ ਉਹ ਪੂਰੀ ਤਰ੍ਹਾਂ ਉੱਭਰੀ ਵੀ ਨਹੀਂ ਸੀ ਕਿ ਉਹਨੇ ਆਪਣੀ ਜ਼ਿੰਦਗੀ ਨੂੰ ਫਿਰ ਤੋਂ ਸ਼ੁਰੂ ਕਰਨ ਲਈ ਦੂਜਾ ਵਿਆਹ ਕਰਾਉਣ ਦਾ ਮਨ ਬਣਾਇਆ। ਪਰ ਇਸ ਵਿੱਚ ਵੀ ਉਸਦੇ ਪੱਲੇ ਨਿਰਾਸ਼ਾ ਹੀ ਪਈ ਪਹਿਲੇ ਵਿਆਹ ਦੀ ਅਣਜੋੜਤਾ ਤੋਂ ਬਾਅਦ ਦੂਸਰਾ ਵਿਆਹ ਵੀ ਉਸ ਲਈ ਘਾਤਕ ਸਿੱਧ ਹੋਇਆ। ਇਸ ਤੋਂ ਬਾਅਦ ਦਾਰਾ ਨਾਂ ਦੇ ਇੰਡੀਅਨ ਮਰਦ ਅਤੇ ਫਿਰ ਆਪਣੇ ਸੁਪਰਵਾਈਜ਼ਰ ਨਾਲ ਸੰਬੰਧ ਬਣਾ ਲੈਂਦੀ ਹੈ ਪਰ ਕੋਈ ਵੀ ਮਰਦ ਉਸਦਾ ਸਾਥ ਹਮੇਸ਼ਾ ਵਾਸਤੇ ਨਹੀਂ ਨਿਭਾਉਂਦਾ। ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਵਿੱਚਲੀ ਨਾਇਕਾ ਦੀ ਮਾਨਸਿਕ ਪ੍ਰਵਿਰਤੀ ਨੂੰ ਮਾੜੇ ਪੱਖ ਵਜੋਂ ਆਪਣੇ ਸਵੈ ਨਾਲ ਸੰਵਾਦ ਰਚਾਉਂਦੀਆਂ ਹੋਈਆਂ ਨੂੰ ਸਮਾਨਤਾਵਾਂ ਦੇ ਪੱਖ ਤੋਂ ਤ੍ਰਾਸਦੀ ਨੂੰ ਬਿਆਨ ਕਰਵਾਇਆ ਹੈ। ਇੱਥੇ ਪਹਿਲਾਂ ਗੱਲ ਕਰਦੇ ਹਾਂ ਸੁਖਜੀਤ ਦੇ ਕਹਾਣੀ ਸੰਗ੍ਰਹਿ *ਹੁਣ ਮੈਂ ਇੰਜੁਆਏ ਕਰਦੀ ਆਂ* ਵਿੱਚੋਂ ਲਈ ਕਹਾਣੀ ਜਿਵੇਂ ਕਿ:

> ਕਦੇ ਕਦੇ, ਧੁਰ ਅੰਦਰੋਂ, ਇੱਕ ਟੀਸ ਉਠਦੀ ਐ ਜੇਹੜੀ ਇਹ ਨਹੀਂ ਭੁੱਲਣ ਦੇਂਦੀ ਕਿ ਸੈਹਬ ਜੀ ਨਾਂ ਦੇ ਬੰਦੇ ਨੇ ਮੈਨੂੰ ਕੀ ਤੋਂ ਕੀ ਬਣਾਤਾ। ਉਹ ਨਿੱਕੀਆਂ ਨਿੱਕੀਆਂ ਨਿੱਕੀਆਂ ਕਿੰਨੀਆਂ ਈ ਖੁਸ਼ੀਆਂ ਆਪਣਾ ਘਰ, ਆਪਣਾ ਘਰਵਾਲਾ, ਆਪਣੇ ਬੱਚੇ ਸਭ ਖੋਹ ਲਿਆ ਤੇ ਦੇ "ਤਾ ਗੁਰੂ ਘਰ। ਜਿਥੇ ਜਦੋਂ ਚਾਹੇ ਅਣਚਾਹੇ ਕੰਮ ਭੁਗਤਾ ਮੈਂ ਆਪਣੇ ਬਾਰੇ ਸੋਚਦੀ ਆਂ ਤਾਂ ਐਨਾ ਖਾਲੀਪਣ ਮਹਿਸੂਸ ਹੁੰਦੈ, ਐਨੀ ਇਕੱਲ ਕਿ ਭੈਅ ਆਉਂਦੇ।(70)

ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ *ਫਰੰਗੀਆਂ ਦੀ ਨੂੰਹ* ਦੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਵਿੱਚਲੀ ਨਾਇਕਾ ਦੀ ਮਾਨਸਿਕ ਪ੍ਰਵਿਰਤੀ ਨੂੰ ਸਵੈ ਨਾਲ ਸੰਵਾਦ ਰਚਾਉਂਦੀਆਂ ਹੋਈਆਂ ਨੂੰ ਸਮਾਨਤਾਵਾਂ ਦੇ ਪੱਖ ਤੋਂ ਤ੍ਰਾਸਦੀ ਨੂੰ ਬਿਆਨ ਕਰਵਾਇਆ ਹੈ ਜਿਵੇਂ:

> ਸਭ ਕੁਝ ਕਰਕੇ ਦੇਖ ਲਿਆ, ਵਿਆਹ ਕਰਵਾ ਕੇ ਦੇਖ ਲਏ... ਇਸ਼ਕ ਹੰਢਾ ਕੇ ਮਜਾ ਚਖ ਲਿਆ। ਦੋਸਤੀਆਂ ਨਿਭਾ ਲਈਆਂ। ਪਰ ਸਭ ਪਾਖੰਡ ਐ। ਕੀ ਐ ਬਾਹਰ? ਧੋਖੇ ਫਰੇਬ ਤੇ ਠੱਗੀਆਂ।

ਵਿਆਹਾਂ ਦੇ ਨਾਮ ਤੇ ਮਜਬੂਰੀਆਂ। ਮੁਹੱਬਤਾਂ ਦੇ ਝੰਡੇ ਹੇਠ ਸੌਦੇਬਾਜ਼ੀਆਂ। ਕੀ ਕਰਨੀ ਮੈਂ ਅਜਿਹੀ ਦੁਨੀਆਂ।(170)

ਸੁਖਜੀਤ *ਹੁਣ ਮੈਂ ਇੰਜੁਆਏ ਕਰਦੀ ਆਂ* ਦੀ ਕਹਾਣੀ 'ਪਾਤਸ਼ਾਹ' ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨਿਕ ਪੱਖ ਤੋਂ ਮਾੜੇ ਪੱਖ ਵਜੋਂ ਮਾਨਸਿਕ ਸ਼ੈਤਾਨੀਅਤ ਦਾ ਪ੍ਰਗਟਾਵਾ ਬਹੁ-ਪਾਤਰਾਂ ਵਿਚੋਂ ਉੱਭਰਦਾ ਹੈ। ਕਹਾਣੀ ਅਨਯਪੁਰਖੀ ਬਿਰਤਾਂਤ ਸ਼ੈਲੀ ਵਿੱਚ ਲਿਖੀ ਗਈ ਇੱਕ ਅਜਿਹੀ ਕਹਾਣੀ ਹੈ, ਜਿਸ ਵਿੱਚ ਪਾਤਸ਼ਾਹ ਅਖਵਾਉਣ ਵਾਲੇ ਢੌਂਗੀ ਬਾਬਿਆਂ ਦਾ ਪਾਜ ਉਘਾੜਿਆ ਗਿਆ ਹੈ, ਜੋ ਝੂਠ ਤੇ ਕਪਟ ਨੂੰ ਆਧਾਰ ਬਣਾ ਜ਼ਬਰ, ਜੁਰਮ, ਘਿਨਾਉਣੇਪਨ ਦੀ ਦੁਨੀਆ ਨੂੰ ਉਸਾਰਦੇ ਹਨ ਅਤੇ ਫੇਰ ਨਿਰੰਤਰ ਇਸ ਦੁਨੀਆ ਨੂੰ ਬਣਾਏ ਰੱਖਣ ਲਈ ਟੇਢੀਆਂ ਚਾਲਾਂ ਚੱਲਦੇ ਹਨ। ਅਫਵਾਹ ਦੇ ਨਿਰਮਾਣ ਤੇ ਪ੍ਰਸਾਰ ਵਿੱਚ ਇਸਨੂੰ ਘੜਨ ਤੇ ਫੈਲਾਉਣ ਵਾਲੀਆਂ ਦੋਵੇਂ ਧਿਰਾਂ ਉੱਤਰਦਾਈ ਹੁੰਦੀਆਂ ਹਨ। ਨਿਰਮਾਣ ਕਰਤਾ ਧਿਰ ਆਪਣੇ ਮਨੋਰਥ ਦੀ ਪ੍ਰਾਪਤੀ ਲਈ ਇਸਨੂੰ ਘੜ੍ਹਦੀ ਹੈ ਅਤੇ ਜਨ-ਸਾਧਾਰਨ ਉਸਦਾ ਆਪਣੇ ਆਪ ਪ੍ਰਸਾਰਨ ਕਰਦਾ ਰਹਿੰਦਾ ਹੈ। ਅਫਵਾਹ ਦਾ ਨਿਰਮਾਣ ਕਰਨ ਵਾਲੀ ਧਿਰ ਲੋਕਾਂ ਦੀ ਮਨੋਸਥਿਤੀ ਤੋਂ ਚੰਗੀ ਤਰ੍ਹਾਂ ਜਾਣੂ ਹੁੰਦੀ ਹੈ। ਉਹ ਜਾਣਦੀ ਹੈ ਕਿ ਚਿੰਤਾ, ਭੈਅ ਦੇ ਭਾਵ ਤੇ ਜੀਵਨ ਸੁਆਰਨ ਦੀ ਇੱਛਾ ਹਰੇਕ ਵਿੱਚ ਕਿਰਿਆਸ਼ੀਲ ਰਹਿੰਦੀ ਹੈ। ਇਹਨਾਂ ਭਾਵਾਂ ਨੂੰ ਉਤੇਜਿਤ ਕਰਕੇ ਉਹ ਆਪਣੇ ਸੁਆਰਥ ਦੀ ਪੂਰਤੀ ਕਰਨਾ ਲੋਚਦੀ ਹੈ। ਇਹ ਸਵਾਰਥ ਵੱਧ ਤੋਂ ਵੱਧ ਵਿਅਕਤੀ ਨੂੰ ਮਾਨਸਿਕ ਤੌਰ ਤੇ ਗ਼ੁਲਾਮ ਬਣਾਉਣਾ ਅਤੇ ਸੱਭਿਆਚਾਰ ਸਿਸਟਮ ਨੂੰ ਆਪਣੀ ਮਨਮਰਜ਼ੀ ਮੁਤਾਬਕ ਚਲਾਉਣ ਦਾ ਹੁੰਦਾ ਹੈ। 'ਪਾਤਸ਼ਾਹ' ਕਹਾਣੀ ਵਿੱਚ ਪਾਤਸ਼ਾਹ ਦੀ ਹੋਂਦ ਅਫਵਾਹਾਂ ਉੱਤੇ ਹੀ ਕਾਇਮ ਹੈ। ਅਫਵਾਹਾਂ ਦੇ ਬਲਬੂਤੇ ਉੱਤੇ ਹੀ ਪਾਤਸ਼ਾਹ ਦਾ ਖ਼ੌਫ਼ ਪੂਰੇ ਇਲਾਕੇ ਵਿੱਚ ਹੁੰਦਾ ਹੈ। ਡੇਰਾ ਮੁਖੀ ਦੇ ਨਾਲ-ਨਾਲ, ਬਿਰਤਾਂਤਕਾਰ ਦੇ ਮਾਪੇ ਅਤੇ ਕਾਮਰੇਡ (ਜੋ ਆਪਣੇ ਸਵਾਰਥ ਲਈ ਗ਼ਲਤ ਨੂੰ ਸਹੀ ਕਰਕੇ ਜਾਣਦੇ ਹਨ) ਵਿਚੋਂ ਵੀ ਮਾਨਸਿਕ ਸ਼ੈਤਾਨੀਅਤ ਨਜ਼ਰੀ ਪੈਂਦੀ ਹੈ। ਇਹ ਮਾਨਸਿਕ ਸ਼ੈਤਾਨੀਅਤ ਕਿਵੇਂ ਮਾੜੇ ਪੱਖ ਤੋਂ ਹੈਵਾਨੀਅਤ ਦਾ ਰੂਪ ਧਾਰ ਕੇ ਮਾਸੂਮੀਅਤ ਨੂੰ, ਆਸਥਾ ਨੂੰ, ਭੋਲੇਪਨ ਨੂੰ, ਬੇਕਸੂਰ ਨੂੰ ਕੁਚਲਦੀ ਹੈ ? ਜਿੱਥੇ ਇਸ ਦੀ ਅਨੁਭੂਤੀ ਡੇਰਾ ਮੁਖੀ ਪਾਤਰ ਸੈਹਬ ਜੀਆਂ ਦੇ

ਪਾਤਰ ਤੋਂ ਹੁੰਦੀ ਹੈ ਜਿਸਦੀ ਹਵਸ ਦਾ ਸ਼ਿਕਾਰ ਹੋਈ ਮੁੱਖ ਪਾਤਰ ਵੀ ਕਿਤੇ ਨਾ ਕਿਤੇ ਖੁਦ ਹੈਵਾਨੀ ਰੂਪ ਅਖ਼ਤਿਆਰ ਕਰ ਲੈਂਦੀ ਹੈ:

ਪੂਰਾ ਸਿੱਕਾ ਚੱਲਦੈ ਮੇਰਾ, ਹੇਠਲੀ ਉੱਤੇ ਆ ਗੀ, ਸੈਹਬ ਜੀ ਐਕਟਿਵ ਨਹੀਂ ਰਹੇ ਹੁਣ, ਹੁਣ ਸਿਰਫ ਮੈਂ, ਮੈਂ ਨਿੱਕੇ ਬੀਬੀ ਸੈਹਬਾ। ਉਂਜ ਮੇਰੇ ਕੈਹਣ "ਤੇ ਕਾਂਤੀ ਨੂੰ ਟੋਕਣਾ ਸ਼ੁਰੂ ਕਰ ਦਿੱਤੈ ਸਭ ਨੂੰ ਇਹ ਨਿੱਕੇ ਕੀ ਹੋਇਆ ? ਸਿੱਧਾ ਬੀਬੀ ਜੀ ਕਿਹਾ ਕਰੋ ਬੀਬੀ ਸੈਹਬਾ। ਸਾਰੇ ਕੋਸ਼ਿਸ਼ ਕਰਦੇ ਬੀਬੀ ਸੈਹਬਾ ਦੀ ਕਹਿਣ ਜੇ ਭੁੱਲ ਭੁਲੇਖੇ ਕੋਈ ਨਿੱਕੇ ਕੈਹ ਦਿੰਦੇ ਮੇਰੇ ਮੱਥੇ ਤਿਓੜੀ ਮੈਂ ਜਾਂਦੀ ਐ ਉਂਜ ਨਿੱਕੇ ਦਾ ਮਤਲਬ ਵੀ ਕੀ ਐ ! ਜਦੋਂ ਮੈਂ ਈ ਆਂ ਸਭ ਕੁੱਝ ਆਲ-ਇਨਆਲ। ਪੰਜ ਕਰਾਂ ਪੰਜਾਹ ਕਰਾਂ ਕਿਸੇ ਦੀ ਜੁੱਰਅਤ ਨਈ ਕਿ ਸੁਆਲ ਕਰ ਜਾਵੇ।(68)

ਵੀਨਾ ਵਰਮਾ ਦੀ ਕਹਾਣੀਆਂ 'ਮਰਿਆ ਚੂਹਾ, ਚਾਰ ਰਾਤਾਂ, ਕਾਲਾ ਕੱਛਾ, ਬਨਵਾਸ ਔਰਤ-ਮਰਦ ਦੇ ਅਣਜੋੜ ਵਿਆਹ ਸੰਬੰਧ ਵਿੱਚਲੇ ਦਾਵੰਦਮਈ, ਤਣਾਅਮਈ ਕਿਰਦਾਰ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਦੇ ਮਨੋਵਿਗਿਆਨਿਕ ਪੱਖ ਨੂੰ ਬਿਆਨ ਕਰਦੀਆਂ ਹਨ। ਵੀਨਾ ਵਰਮਾ ਨੇ ਇਸ ਅਣਜੋੜ ਵਿਆਹ ਸੰਬੰਧ ਦੇ ਦਵੰਦ, ਤਣਾਅ ਆਦਿ ਨੂੰ ਮਾਨਸਿਕ ਪ੍ਰਵਿਰਤੀ ਤੋਂ ਉਮਰ ਦੇ ਆਧਾਰ ਤੇ, ਔਰਤ-ਮਰਦ ਦੇ ਵਿਆਹ ਬਾਹਰੇ ਸਰੀਰਕ ਸੰਬੰਧ ਦੇ ਆਧਾਰ 'ਤੇ ਅਤੇ ਖਰੀਦਦਾਰੀ ਰਿਸ਼ਤੇ-ਨਾਤੇ ਦੇ ਆਧਾਰ ਤੋਂ ਸਮੱਸਿਆਵਾਂ ਨਾਲ ਜੂਝਦੇ ਹੋਇਆ ਨੂੰ ਬਿਆਨ ਕੀਤਾ ਹੈ। ਇਸ ਤਰ੍ਹਾਂ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਦੇ ਮਨੋਵਿਗਿਆਨਿਕ ਪੱਖ ਤੋਂ ਸੁਖਜੀਤ ਤੇ ਵੀਨਾ ਵਰਮਾ ਕਹਾਣੀਆਂ ਵਿੱਚ ਔਰਤ-ਮਰਦ ਦੀ ਮਾਨਸਿਕ ਪ੍ਰਵਿਰਤੀ ਵਿੱਚ ਅਜ਼ਾਦੀ ਦੀ ਗੱਲ ਸੈਕਸ ਸੰਬੰਧਾਂ ਤੋਂ ਸ਼ੁਰੂ ਕਰਕੇ ਸੈਕਸ ਸੰਬੰਧਾਂ ਤੱਕ ਲਿਆ ਕੇ ਖਤਮ ਹੁੰਦੀ, ਕਿਉਂਕਿ ਜਦੋਂ ਮਰਦ ਔਰਤ ਨੂੰ ਸਰੀਰਕ ਤੌਰ 'ਤੇ ਇੱਕ ਵਸਤੂ ਵਜੋਂ ਵਰਤ ਕੇ ਭਟਕਣ ਲਈ ਛੱਡ ਦਿੰਦਾ ਹੈ ਤਾਂ ਸੁਖਜੀਤ ਤੇ ਵੀਨਾ ਵਰਮਾ ਨੇ ਅਜਿਹੀਆਂ ਔਰਤਾਂ ਦੀਆਂ ਵਾਸਤਵਿਕ ਸਥਿਤੀ-ਪ੍ਰਸਥਿਤੀਆਂ ਦਾ ਅਹਿਸਾਸ ਕਹਾਣੀਆਂ ਵਿੱਚ ਬਾਖੂਬੀ ਨਿਭਾਇਆ ਹੈ। ਭਾਵੇਂ ਸੁਖਜੀਤ ਤੇ ਵੀਨਾ ਵਰਮਾ ਔਰਤ-ਮਰਦ ਦੀ ਵਿਚਾਰਧਾਰਾ, ਸਥਿਤੀ-ਪ੍ਰਸਥਿਤੀ ਅਤੇ ਜਜ਼ਬਾਤਾਂ ਨੂੰ ਬੜੀ ਬੇਬਾਕੀ

ਨਾਲ ਚਿੱਤਰ ਕੇ ਉਸ ਨਾਲ ਨਿਆਂ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਰੰਤੂ ਕਈ ਵਾਰ ਸੁਖਜੀਤ ਤੇ ਵੀਨਾ ਵਰਮਾ ਔਰਤ-ਮਰਦ ਦੇ ਵਿਆਹ ਬਾਹਰੇ ਸਰੀਰਕ ਸੰਬੰਧਾਂ ਅਤੇ ਔਰਤ-ਮਰਦ ਦੀਆਂ ਸੰਵੇਦਨਸ਼ੀਲ ਵੇਦਨਾਵਾਂ, ਸਥਿਤੀਆਂ-ਪ੍ਰਸਥਿਤੀਆਂ ਦੇ ਸੱਚ ਨੂੰ ਬਿਨਾਂ ਝਿਜਕ ਬਿਆਨ ਕਰ ਦਿੰਦੇ ਹਨ, ਅਸਲ ਵਿੱਚ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੇ ਬਹੁਤ ਸਾਰੇ ਮਾਂ, ਬਾਪ, ਭੈਣ, ਭਰਾ, ਪਤੀ-ਪਤਨੀ ਆਦਿ ਰਿਸ਼ਤੇ-ਨਾਤੇ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਦੇ ਮਨੋਵਿਗਿਆਨਿਕ ਪੱਖ ਤੋਂ ਮਾਨਸਿਕ ਤਣਾਓ ਵਿਚੋਂ ਗੁਜ਼ਰਦੇ ਹੋਏ ਆਪਣੀ ਹੋਂਦ ਬਾਰੇ ਸੰਵੇਦਨਸ਼ੀਲ ਪ੍ਰਸ਼ਨ-ਚਿੰਨ੍ਹ ਖੜ੍ਹੇ ਕਰਕੇ ਸਵੈ ਨੂੰ ਮੁਖ਼ਾਤਬ ਵੀ ਹੁੰਦੇ ਹਨ। ਜਿਵੇਂ ਕਿ ਸੁਖਜੀਤ ਦੀ ਕਹਾਣੀ 'ਆਦਮਖ਼ੋਰ, ਵਿੱਚ ਭੋਲੂ ਵੱਛੇ ਨੂੰ ਬੀਬੇ ਦੀ ਮਾਂ ਦਾ ਗਲੋਂ ਲਾਹੁਣ ਲਈ ਵੇਚ ਦੇਣਾ, ਭੈਣ ਦੇ ਸਿਰ ਉੱਤੇ ਬੀਬੇ ਨੂੰ ਗੋਰੀ ਵਹਿੜ ਦਾ ਦਿੱਸਣਾ, ਬੀਬੇ ਦਾ ਵੱਡੀ ਗਾਂ ਬਾਰੇ ਭੈਣ ਤੋਂ ਪੁੱਛਣ ਉੱਤੇ ਉਸਦਾ ਕੰਮ ਦੀ ਨਾ ਰਹਿਣ ਕਰ ਕੇ ਗਊਸ਼ਾਲਾ ਦੇ ਦੇਣ ਬਾਰੇ ਪਤਾ ਲੱਗਣਾ, ਗੋਰੀ ਵਹਿੜ ਦਾ ਰੰਭਣਾ , ਬੀਬੇ ਦੀ ਮਾਂ ਦਾ ਉਸਨੂੰ ਚਿਮਟੇ ਨਾਲ ਮਾਰਨਾ ਆਦਿ ਅਤੇ ਵੀਨਾ ਵਰਮਾ ਦੀ ਕਹਾਣੀ 'ਮਰਿਆ ਚੂਹਾ' ਅਣਜੋੜ ਵਿਆਹ ਸਮੱਸਿਆ ਅਤੇ ਰਿਸ਼ਤੇ-ਨਾਤਿਆਂ ਨੂੰ ਪਦਾਰਥਕ, ਪੂੰਜੀਵਾਦ ਗਲਬੇ ਵਿੱਚ ਜਕੜ ਕੇ ਆਪਣੀਆਂ ਛੋਟੀਆਂ-ਛੋਟੀਆਂ ਕੁਝ ਅਜਿਹੀਆਂ ਸੰਵੇਦਨਸ਼ੀਲ ਮਾਨਸਿਕ ਪ੍ਰਵਿਰਤੀਆਂ ਨੂੰ ਪੇਸ਼ ਕਰਦੀਆਂ ਹਨ, ਜਿਹੜੀਆਂ ਕਹਾਣੀਆਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਦੇ ਮਨੋਵਿਗਿਆਨਿਕ ਪੱਖ ਵਜੋਂ ਆਮ ਤੋਂ ਖ਼ਾਸ ਬਣਾਉਂਦੀਆਂ ਹਨ। ਸੁਖਜੀਤ ਨੇ 'ਹੁਣ ਮੈਂ ਇੰਜੁਆਏ ਕਰਦੀ ਆਂ" ਵਿੱਚ ਪਾਤਰਾਂ ਦੀ ਮਾਨਸਿਕ ਪ੍ਰਵਿਰਤੀ ਨੂੰ ਅਤੇ ਵੀਨਾ ਵਰਮਾ ਆਪਣੇ ਕਹਾਣੀ ਸੰਗ੍ਰਹਿ *ਫਰੰਗੀਆਂ ਦੀ ਨੂੰਹ* ਦੀ ਕਹਾਣੀ 'ਇੱਕ ਸੀ ਮੈਂ' ਵਿੱਚਲੀ ਨਾਇਕਾ ਦੀ ਮਾਨਸਿਕ ਪ੍ਰਵਿਰਤੀ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਦੇ ਮਨੋਵਿਗਿਆਨਿਕ ਪੱਖ ਤੋਂ ਆਪਣੇ ਸਵੈ ਲਈ ਸੰਵਾਦ ਰਚਾਉਂਦੀਆਂ ਹੋਈਆਂ ਨੂੰ ਸਮਾਨਤਾ ਦੇ ਪੱਖ ਤੋਂ ਬਿਆਨ ਕੀਤਾ ਹੈ। ਜਿਵੇਂ ਕਿ:

> ਕੀ ਕਰ ਰਹੀ ਹਾਂ ਮੈਂ? ਕੀ ਮਕਸਦ ਹੈ ਮੇਰਾ? ਕੌਣ ਹੈ ਇਹ ਆਦਮੀ ਜੋ ਹਰ ਰਾਤ ਮੈਨੂੰ ਫਰੋਲਦੈ ਤੇ ਇਹਨੂੰ ਮੇਰੇ 'ਚੋ ਮੈਂ ਨਹੀਂ ਲੱਭਦੀ। ਕਾਸ਼! ਕੋਈ ਕਿਤਾਬ ਵਾਂਗ ਮੈਨੂੰ ਖੋਹਲ ਕੇ ਪੜ੍ਹਦਾ। ਮੇਰੇ

> ਅੱਖਰ ਅੱਖਰ ਨੂੰ ਸਮਝਦਾ ਤੇ ਮੈਨੂੰ ਬੰਦ ਕਰ ਦਿੰਦਾ ਪਰ ਉਸਨੂੰ ਤਾਂ ਸਾਇਕੋਲੋਜੀ ਦਾ ਊੜਾ ਐੜਾ ਵੀ ਨਹੀਂ ਆਉਂਦਾ ਸੀ। ਇਹ ਕਿਹੋ ਜਿਹਾ ਰਿਸ਼ਤਾ ਸੀ ਜਿਸ ਵਿੱਚ ਮੈਂ ਗੂੰਗੀ ਦਾ ਰੋਲ ਨਿਭਾਅ ਰਹੀ ਸੀ।(12)

ਅਸਲ ਵਿੱਚ ''ਜੇ ਬੰਦੇ ਨੂੰ ਸਮਝਣਾ ਹੈ ਤਾਂ ਉਸਦੇ ਪਰਿਵੇਸ਼ ਨੂੰ ਸਮਝੋ'' ਇਸ ਕਥਨ ਦੀ ਪ੍ਰੋੜ੍ਹਤਾ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੇ ਔਰਤ-ਮਰਦ ਪਾਤਰਾਂ ਦੀ ਮਾਨਸਿਕਤਾ ਵਿਚੋਂ ਸੱਭਿਆਚਾਰਕ ਰੂਪਾਂਤਰਨ ਤੁਲਨਾਤਮਕ ਅਧਿਐਨ ਦੇ ਮਨੋਵਿਗਿਆਨਿਕ ਪੱਖ ਤੋਂ ਸਮਾਨਤਾਵਾਂ ਅਤੇ ਵੱਖਰਤਾਵਾਂ ਦੇ ਆਧਾਰ ਤੇ ਸਪੱਸ਼ਟ ਝਲਕਦੀ ਹੈ। ਉਪਰੋਕਤ ਰੂਪ ਵਿੱਚ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਦੇ ਮਨੋਵਿਗਿਆਨਿਕ ਪੱਖ ਤੋਂ ਸਮਕਾਲੀ ਡੇਰਾ ਤੰਤਰ ਦੇ ਪਾਖੰਡੀ, ਘਿਨਾਉਣੇ ਨੈਣ ਨਕਸ਼ਿਆਂ ਨੂੰ ਉਘਾੜਦੀਆਂ ਹਨ, ਜਿਸ ਵਿੱਚ ਜਬਰ, ਜ਼ੁਲਮ, ਹਵਸ ਦਾ ਜਾਲ ਆਪਣੀਆਂ ਜੜ੍ਹਾਂ ਫੈਲਾਅ ਰਿਹਾ ਹੈ। ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਡੇਰਾਵਾਦ ਦੀ ਸਥਾਪਤੀ ਵਿੱਚ ਕਾਰਜਸ਼ੀਲ ਜੁਗਤਾਂ ਅਤੇ ਇਹਨਾਂ ਦੇ ਮਨੁੱਖੀ ਮਾਨਸਿਕਤਾ ਉੱਤੇ ਪੈਣ ਵਾਲੇ ਵਿਕੋਲਿਤਰੇ-ਦੁਸ਼ਪ੍ਰਭਾਵਾਂ ਨੂੰ ਸੰਕੇਤਕ ਅੰਦਾਜ਼ ਵਿੱਚ ਪ੍ਰਸਤੁਤ ਕਰਦੀਆਂ ਹਨ। ਇਹਨਾਂ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਰਾਹੀਂ ਇਹ ਦੱਸਿਆ ਹੈ ਕਿ ਸਮਾਜ ਨੇ ਔਰਤ ਨੂੰ ਦਬਾਉਣ ਲਈ ਧਾਰਮਿਕ, ਮਿਥਿਹਾਸਕ ਅਤੇ ਪੌਰਾਣਿਕ ਕਥਾਵਾਂ ਦੇ ਹਵਾਲਿਆਂ ਤੋਂ ਪਤੀ ਪਰਮੇਸ਼ਰ ਦੇ ਅਧੀਨ ਰਹਿਣ ਲਈ ਮਜਬੂਰ ਕੀਤਾ ਹੈ। ਸੁਖਜੀਤ ਤੇ ਵੀਨਾ ਵਰਮਾ ਨੇ ਬਾਖ਼ੂਬੀ ਔਰਤ-ਮਰਦ ਦੇ ਸੰਵੇਦਨਸ਼ੀਲ ਮਸਲਿਆਂ ਨੂੰ ਅਤੇ ਪੇਚੀਦਗੀਆਂ ਨੂੰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ ਹੈ। ਭਾਵੇਂ ਉਹਨਾਂ ਦੀਆਂ ਕਹਾਣੀਆਂ ਵਿੱਚਲੇ ਔਰਤ-ਮਰਦ ਬਹੁਤ ਜ਼ਿਆਦਾ ਮੁਸ਼ਕਲਾਂ ਦਾ ਸ਼ਿਕਾਰ ਰਹੇ ਹਨ ਅਤੇ ਆਪਣੇ ਜੀਵਨ ਵਿੱਚ ਅਨੇਕਾਂ ਕਸ਼ਟ ਹੰਢਾ ਰਹੇ ਹਨ। ਪਰ ਅੰਤ ਵਿੱਚ ਉਹ ਆਪਣੇ ਫ਼ੈਸਲੇ ਆਤਮ-ਨਿਰਭਰ ਹੋ ਕੇ ਆਪਣੇ ਆਪ ਲੈ ਲੈਂਦੇ ਹਨ। ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੀਆਂ ਔਰਤਾਂ ਸਵੈ-ਇੱਛਾ ਨਾਲ ਮਰਦ ਨਾਲ ਸਰੀਰਕ ਸੰਬੰਧ ਬਣਾਉਂਦੀਆਂ ਅਤੇ ਤੋੜਦੀਆਂ ਹਨ। ਅਜਿਹੀਆਂ ਔਰਤਾਂ ਹੁਣ ਉਹ ਨਿਰਾਸ਼ਾਵਾਂ ਤੋਂ ਘਬਰਾਉਂਦੀ ਨਹੀਂ ਸਗੋਂ, ਨਵੀਂ ਸੋਚ ਨੂੰ

ਅਪਣਾ ਕੇ ਨਵੇਂ ਸੱਭਿਆਚਾਰ ਦਾ ਅੰਗ ਬਣ ਰਹੀਆਂ ਹਨ। ਨਿਰਸੰਦੇਹ ਸੁਖਜੀਤ ਤੇ ਵੀਨਾ ਵਰਮਾ ਨੇ ਔਰਤ ਚੇਤਨਾ ਅਤੇ ਸੰਵੇਦਨਾ ਦੇ ਵੱਖ-ਵੱਖ ਪਹਿਲੂਆਂ ਉੱਤੇ ਕਲਮ ਚਲਾਈ ਹੈ। ਜਿਵੇਂ ਕਿ ਔਰਤ ਦੀ ਗੁਲਾਮੀ ਤੋਂ ਲੈ ਕੇ ਅਜੋਕੀ ਔਰਤ ਦੀ ਸਵੈ-ਚਿੰਤਨ ਨਾਲ ਉਤਪੰਨ ਹੋਈ ਸਵੈ-ਹੋਂਦ ਪ੍ਰਤੀ ਜਾਗਰੂਕਤਾ, ਆਰਥਿਕ-ਸਵੈ-ਨਿਰਭਰਤਾ, ਔਰਤ ਵਿਰੋਧੀ ਸੋਚ ਪ੍ਰਤੀ ਵਿਦਰੋਹ, ਮਾਨਸਿਕ ਅਤੇ ਸਰੀਰਕ ਆਜ਼ਾਦੀ, ਦੇਹਵਾਦੀ ਤੇ ਭੋਗਵਾਦੀ ਰੁਚੀਆਂ ਦਾ ਵਿਸਥਾਰ ਅਤੇ ਔਰਤ ਅੰਦਰਲੀ ਸਕਾਰਾਤਮਕ ਭਾਵੁਕਤਾ ਨੂੰ ਬੜੀ ਬਾਰੀਕੀ ਨਾਲ ਚਿਤਰਿਆ ਹੈ।

ਇਸ ਅਧਿਆਇ ਦੀ ਉਪਰੋਕਤ ਵਿਚਾਰ-ਚਰਚਾ ਤੋਂ ਬਾਅਦ ਅਸੀਂ ਇਹ ਕਹਿ ਸਕਦੇ ਹਾਂ ਕਿ ਦੋਨੋਂ ਕਹਾਣੀਕਾਰਾਂ ਨੂੰ ਆਪਣੇ ਜੀਵਨ ਅਨੁਭਵ ਦੀ ਬਹੁ-ਪਾਸਾਰੀ ਹੋਂਦ ਅਵਸਥਾ ਨੂੰ ਗਲਪੀ ਬਿਰਤਾਂਤ ਦੇ ਕਲਾਤਮਕ ਸੰਗਠਨ ਵਿੱਚ ਢਾਲ ਕੇ ਸਮਕਾਲੀ ਪੰਜਾਬੀ ਕਹਾਣੀ ਖੇਤਰ ਵਿੱਚ ਵਿਸ਼ੇਸ਼ ਤੇ ਵਿਲੱਖਣ ਤੌਰ ‘ਤੇ ਉਭਾਰਿਆ ਗਿਆ ਹੈ। ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਮੌਜੂਦਾ ਸਿਆਸੀ ਸਿਸਟਮ ਨੂੰ ਚਲਾਉਣ ਵਾਲੀਆਂ ਸ਼ਕਤੀਆਂ ਨੂੰ ਪਛਾਣਦੀਆਂ ਹੋਈ ਉਹਨਾਂ ਤੋਂ ਪਰਦਾ ਉਤਾਰਦੀਆਂ ਹਨ। ਸੁਖਜੀਤ ਤੇ ਵੀਨਾ ਆਪਣੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ, ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਮਨੋਵਿਗਿਆਨ ਪੱਖਾਂ ਤੋਂ ਆਏ ਪਰਿਵਰਤਨ ਨੂੰ ਡੇਰੇ ਦੇ ਪਾਖੰਡਵਾਦ, ਔਰਤ-ਮਰਦ ਦੇ ਰਿਸ਼ਤੇ-ਨਾਤੇ ਵਿੱਚ ਭੈਣ, ਭਰਾ, ਮਾਂ, ਬਾਪ ਅਤੇ ਪਤੀ-ਪਤਨੀ ਵਿੱਚਕਾਰ ਆਏ ਤਕਰਾਰਾਂ ਦੀਆਂ ਸਮਾਨਤਾਵਾਂ ਅਤੇ ਵੱਖਰਤਾਵਾਂ ਨੂੰ ਚੰਗੇ ਤੇ ਮਾੜੇ ਦ੍ਰਿਸ਼ਟੀਕੋਣ ਤੋਂ ਵਿਚਾਰਿਆ, ਘੋਖਿਆ ਅਤੇ ਸਮਝ ਕੇ ਪੇਸ਼ ਕੀਤਾ ਹੈ। ਇਹਨਾਂ ਪੱਖਾਂ ਦੇ ਆਧਾਰ ਤੇ ਕਹਾਣੀਆਂ ਵਿੱਚ ਸਮਾਨਤਾਵਾਂ ਅਤੇ ਵੱਖਰਤਾਵਾਂ ਦੇ ਆਧਾਰ ਤੇ ਪਤੀ-ਪਤਨੀ ਵਿੱਚ ਅਤੇ ਦੰਭਵਾਦੀ, ਪਾਖੰਡੀ ਸਾਧੂ, ਸੰਤਾਂ ਦੀ ਕਾਮ-ਪੂਰਤੀ ਦੇ ਅਨੇਕਾਂ ਰੂਪ ਉੱਭਰੇ ਹਨ, ਜਿਨ੍ਹਾਂ ਵਿੱਚ ਪਵਿੱਤਰਤਾ ਦੀ ਹੱਦ ਤਕ ਪੂਜੇ ਜਾਂਦੇ ਰਿਸ਼ਤਿਆਂ-ਨਾਤਿਆਂ ਦੀ ਮਿੱਥ ਭੰਜਨ ਵਾਲੇ ਵਿਵਾਦਿਤ ਰੂਪ ਨੂੰ ਵੀ ਛੋਹਿਆ ਗਿਆ ਹੈ। ਇਸ ਤੋਂ ਇਲਾਵਾ ਧਾਰਮਿਕ, ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਮਨੋਵਿਗਿਆਨਕ ਆਦਿ ਪੱਖਾਂ ਨੂੰ ਭ੍ਰਿਸ਼ਟਾਚਾਰ, ਮਨੁੱਖੀ ਰਿਸ਼ਤਿਆਂ-ਨਾਤਿਆਂ ਦੇ ਬਦਲਦੇ ਸਰੂਪ, ਔਰਤ-

ਮਰਦ ਦੀਆਂ ਗੁੰਝਲਾਂ ਅਤੇ ਪਰਤਾਂ ਆਦਿ ਪਰਿਵਰਤਨ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਵਜੋਂ ਕਹਾਣੀਆਂ ਰਾਹੀਂ ਚੰਗੇ ਤੇ ਮਾੜੇ ਪੱਖਾਂ ਤੋਂ ਬਾਖੂਬੀ ਪੇਸ਼ ਹੋਏ ਹਨ। ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਭਾਵੇਂ ਕਾਮ-ਤ੍ਰਿਪਤੀ, ਅਤ੍ਰਿਪਤੀ, ਪ੍ਰੇਮ-ਪਿਆਰ ਵਰਗੇ ਸਰਬਕਾਲੀ ਥੀਮ ਨਾਲ ਸੰਬੰਧਿਤ ਹੋਣ ਅਤੇ ਭਾਵੇਂ ਡੇਰਾ ਤੰਤਰ, ਦੰਭਵਾਦੀ ਪ੍ਰਵਿਰਤੀਮੂਲਕ ਵਰਗੇ ਥੀਮ ਨਾਲ ਸੰਬੰਧਿਤ ਹਨ, ਪਰੰਤੂ ਇਹਨਾਂ ਦੀਆਂ ਕਹਾਣੀਆਂ ਵਿੱਚ ਅਣਮਨੁੱਖੀ ਵਿਵਹਾਰ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ, ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਮਨੋਵਿਗਿਆਨਿਕ ਪੱਖ ਤੋਂ ਚੰਗੇ ਤੇ ਮਾੜੇ ਪੱਖ ਵਜੋਂ ਸਮਾਨਤਾਵਾਂ ਤੇ ਵੱਖਰਤਾਵਾਂ ਨੂੰ ਉਭਾਰਿਆ ਗਿਆ ਹੈ।ਆਪਣੀਆਂ ਗਲਪ ਰਚਨਾਵਾਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਦੇ ਪੱਖ ਤੋਂ ਰਾਜਨੀਤਿਕ, ਧਾਰਮਿਕ, ਆਰਥਿਕ, ਸਮਾਜਿਕ, ਮਨੋਵਿਗਿਆਨਕ ਮਾਨਵੀ ਸਰੋਕਾਰਾਂ ਦੀ ਪਹਿਚਾਣ ਤੇ ਪ੍ਰਸਤੁਤੀ ਕਰਕੇ ਸਮਕਾਲੀ ਪੰਜਾਬੀ ਕਹਾਣੀ ਨੂੰ ਅਮੀਰ ਹੀ ਨਹੀਂ ਬਣਾਇਆ, ਸਗੋਂ ਮੂਲ ਸਮੱਸਿਆਵਾਂ ਦੀ ਪਹਿਚਾਣ ਪ੍ਰਦਾਨ ਕਰਨ ਦਾ ਉੱਦਮ ਕੀਤਾ ਹੈ।

# ਅਧਿਆਇ-ਪੰਜਵਾਂ

## ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਨਾਲ ਤੁਲਨਾਤਮਕ ਅਧਿਐਨ: (ਸੁਖਜੀਤ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਸੰਦਰਭ 'ਚ)

# ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਨਾਲ ਤੁਲਨਾਤਮਕ ਅਧਿਐਨ: (ਵੀਨਾ ਵਰਮਾ ਅਤੇ ਸੁਖਜੀਤ ਦੀਆਂ ਕਹਾਣੀਆਂ ਦੇ ਸੰਦਰਭ ਵਿੱਚ)

ਵਰਤਮਾਨ ਯੁੱਗ ਵਿਸ਼ਵੀਕਰਨ ਦਾ ਯੁੱਗ ਹੈ। ਵਿਸ਼ਵੀਕਰਨ ਹਰ ਤਰ੍ਹਾਂ ਦੀਆਂ ਖੁੱਲ੍ਹਾਂ ਦਾ ਸਮਰਥਨ ਕਰਦਾ ਹੈ। ਵਿਸ਼ਵੀਕਰਨ ਨੇ ਪੂੰਜੀ ਨੂੰ ਖੁਸ਼ਹਾਲੀ ਜਾਂ ਤਾਕਤ ਦਾ ਨਹੀਂ, ਸਗੋਂ ਮਹਾਨਤਾ ਦਾ ਪ੍ਰਤੀਮਾਨ ਬਣਾ ਦਿੱਤਾ ਹੈ। ਇਸ ਕਾਰਨ ਇਸ ਦੌਰ ਵਿੱਚ ਹਰ ਮਨੁੱਖ ਵਿੱਚ ਅਮੀਰ ਬਣਨ ਦੀ ਹੋੜ ਲੱਗੀ ਹੋਈ ਹੈ। ਅਮੀਰ ਬਣਨ ਲਈ ਉਹ ਹਰ ਤਰ੍ਹਾਂ ਦੇ ਜਾਇਜ਼ ਅਤੇ ਨਜਾਇਜ਼ ਤਰੀਕੇ ਵਰਤ ਰਿਹਾ ਹੈ। ਭ੍ਰਿਸ਼ਟਾਚਾਰ ਦੇ ਨਾਲ-ਨਾਲ ਉਹ ਤਾਕਤ, ਧੌਂਸ, ਜੁਰਮ, ਨਸ਼ਿਆਂ ਦੇ ਸਹਾਰੇ ਪਦਾਰਥਕ ਤੌਰ 'ਤੇ ਖੁਸ਼ਹਾਲ ਹੋ ਰਿਹਾ ਹੈ, ਪਰ ਮਾਨਸਿਕ ਤੌਰ 'ਤੇ ਅਸਥਿਰਤਾ, ਅਸੰਤੁਸ਼ਟਤਾ ਅਤੇ ਅਤ੍ਰਿਪਤੀਆਂ ਦਾ ਸ਼ਿਕਾਰ ਹੈ। ਰਾਜਨੀਤਕ ਨੇਤਾਵਾਂ, ਧਾਰਮਿਕ ਆਗੂਆਂ ਅਤੇ ਉੱਚ ਅਧਿਕਾਰੀਆਂ ਦੀ ਮਿਲੀ-ਭੁਗਤ ਆਪਣੇ ਨਿੱਜੀ ਲਾਭਾਂ ਲਈ ਦੇਸ਼ ਦੇ ਭਵਿੱਖ ਨਾਲ ਖਿਲਵਾੜ ਕਰ ਰਹੀ ਹੈ। ਇਸ ਸਬੰਧੀ ਧੰਨਵੰਤ ਕੌਰ ਆਪਣੀ ਪੁਸਤਕ *ਨਵੀਂ ਪੰਜਾਬੀ ਕਹਾਣੀ: ਜਗਤ ਅਤੇ ਜੁਗਤ* 'ਚ ਫ਼ਰਮਾਉਂਦੀ ਹੈ:

> ਇਸ ਦੌਰ ਵਿੱਚ ਹੋੜ ਹਰ ਹੀਲੇ ਅਮੀਰ ਬਣਨ ਦੀ ਲੱਗੀ ਹੋਈ ਹੈ। ਸਮਾਜ ਦੇ ਉੱਪਰਲੇ ਵਰਗ ਵਿੱਚ ਰਾਜਨੀਤੀ ਤੇ ਜੁਰਮ ਦੀ ਗਲਵੱਕੜੀ ਮੱਧਵਰਗ ਨੂੰ ਵੀ ਸਾਰੇ ਹੱਥ-ਕੰਡੇ ਵਰਤਣ ਲਈ ਬੁਰੀ ਤਰ੍ਹਾਂ ਉਕਸਾ ਰਹੀ ਹੈ। ਭ੍ਰਿਸ਼ਟਾਚਾਰ ਦੇ ਨਾਲ-ਨਾਲ ਧੱਕੇ, ਧੌਂਸ, ਤਾਕਤ, ਜੁਰਮ, ਹਵਸ ਤੇ ਨਸ਼ਿਆਂ ਵਰਗੇ ਹੋਰ ਹਰ ਪ੍ਰਕਾਰ ਦੇ ਅਵੈੜਾਂ ਉੱਪਰ ਧਰਮ ਤੇ ਰਾਜਨੀਤੀ ਦਾ ਓਢਣ ਵਿਨਾਸ਼ ਵੱਲ ਜਾ ਰਹੇ ਭਵਿੱਖੀ ਪੰਜਾਬ ਦਾ ਦਰਦਨਾਕ ਦ੍ਰਿਸ਼ ਸਿਰਜ ਰਿਹਾ ਹੈ। (95)

ਵਰਤਮਾਨ ਸਮੇਂ ਵਿੱਚ ਮਨੁੱਖ ਇੱਕੋ ਸਮੇਂ ਖੇਤਰੀ, ਰਾਸ਼ਟਰੀ ਅਤੇ ਗਲੋਬਲ ਸੋਚ ਨਾਲ ਜੁੜਿਆ ਹੋਇਆ ਹੈ। ਅਜੋਕਾ ਮਨੁੱਖ ਇੱਕ ਪਾਸੇ ਅਸਲੋਂ ਨਿੱਜੀ ਇੱਛਾਵਾਂ ਨਾਲ ਜੁੜਿਆ ਹੋਇਆ ਹੈ, ਦੂਜੇ ਪਾਸੇ ਗਲੋਬਲ ਸੋਚ ਨਾਲ ਵੀ ਉਸ ਦਾ ਨਾਤਾ ਹੈ। ਇਸ ਕਾਰਨ ਨਿੱਜੀ ਇੱਛਾਵਾਂ ਤੋਂ ਲੈ ਕੇ ਗਲੋਬਲ ਸੋਚ ਤੱਕ

ਕਹਾਣੀ ਦੇ ਸਰੋਕਾਰ ਫੈਲੇ ਹੋਏ ਹਨ। ਨਿੱਜੀ ਇੱਛਾਵਾਂ ਅਤੇ ਗਲੋਬਲ ਸੋਚ ਵਿੱਚਕਾਰ ਬੰਦਾ ਆਪਣੇ ਆਪ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰਦਾ ਹੈ। ਇਸ ਕੋਸ਼ਿਸ਼ ਵਿੱਚ ਅੱਜ ਦਾ ਮਨੁੱਖ ਉਲਝਿਆ ਪਿਆ ਹੈ। ਇਸ ਉਲਝਣ ਅਤੇ ਵਿਖੰਡਤ ਪ੍ਰਸਥਿਤੀ ਨੂੰ ਸਮਕਾਲੀ ਪੰਜਾਬੀ ਕਹਾਣੀਕਾਰ ਸੁਖਜੀਤ ਤੇ ਵੀਨਾ ਵਰਮਾ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਨਾਲ ਤੁਲਨਾਤਮਕ ਅਧਿਐਨ ਦੁਆਰਾ ਫੜਨ ਦੀ ਕੋਸ਼ਿਸ਼ ਕਰਦੇ ਹਨ। ਵਰਤਮਾਨ ਸਮੇਂ ਵਸਤੂ ਯਥਾਰਥ ਦਾ ਸਰੂਪ ਸਰਲ ਨਾ ਹੋ ਕੇ ਜਟਿਲ ਅਤੇ ਗੁੰਝਲਦਾਰ ਹੋ ਗਿਆ ਹੈ। ਇਸ ਕਾਰਨ ਕਹਾਣੀ ਗਤੀਸ਼ੀਲ ਯਥਾਰਥ ਨੂੰ ਕਿਸੇ ਇੱਕ ਵਿਚਾਰਧਾਰਾ ਜਾਂ ਦ੍ਰਿਸ਼ਟੀ ਰਾਹੀਂ ਪੇਸ਼ ਕਰਨ ਦੀ ਥਾਂ ਉਸ ਨੂੰ ਉਸ ਦੇ ਚੰਗੇ-ਮੰਦੇ, ਲੁਪਤ-ਅਲੁਪਤ, ਦਿਸਦੇ-ਅਣਦਿਸਦੇ ਸਰੂਪ ਸਹਿਤ ਪੇਸ਼ ਕਰਦੀ ਹੈ। ਨਿਗੂਣੇ ਤੋਂ ਨਿਗੂਣੇ ਅਤੇ ਅਤਿ ਨਿੱਜੀ ਸਰੋਕਾਰ ਸਮਕਾਲੀ ਪੰਜਾਬੀ ਕਹਾਣੀ ਦਾ ਵਿਸ਼ਾ ਬਣ ਸਕਦੇ ਹਨ, ਜੇਕਰ ਉਨ੍ਹਾਂ ਵਿੱਚ ਮਾਨਵੀ ਸੰਵੇਦਨਾ ਨੂੰ ਝੰਜੋੜਨ ਦੀ ਸਮਰੱਥਾ ਹੋਵੇ। ਸੁਖਵਿੰਦਰ ਸਿੰਘ ਰੰਧਾਵਾ ਦਾ ਆਪਣੀ ਪੁਸਤਕ *ਕਥਾ ਚਿੰਤਨ* 'ਚ ਕਹਾਣੀ ਬਾਰੇ ਵਿਚਾਰ ਹੈ ਕਿ:

> ਕਹਾਣੀ ਵਸਤੂ-ਯਥਾਰਥ ਦੇ ਕਿਸੇ ਇੱਕਹਿਰੇ ਅਨੁਭਵ, ਪਾਸਾਰ ਪੱਖ ਤੇ ਸੰਦਰਭ ਉੱਤੇ ਨਹੀਂ ਟੇਕ ਰੱਖਦੀ ਸਗੋਂ ਇਹ ਲਗਾਤਾਰ ਬਦਲਾਉ ਦੀ ਪ੍ਰਕਿਰਿਆ ਵਿੱਚ ਪਏ ਗਤੀਸ਼ੀਲ ਯਥਾਰਥ ਨੂੰ ਉਸਦੇ ਲੁਪਤ-ਅਲੁਪਤ, ਪ੍ਰਗਟ-ਅਪ੍ਰਗਟ, ਦਿਸਦੇ-ਅਣਦਿਸਦੇ ਤੇ ਚੰਗੇ-ਮੰਦੇ ਸਮੱਗਰ ਸਰੂਪ ਸਹਿਤ ਅਕਸਣ ਦੀ ਚੇਸ਼ਟਾ ਕਰਦੀ ਹੈ।(14)

ਸਮਕਾਲੀ ਪੰਜਾਬੀ ਕਹਾਣੀਕਾਰ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਬਹੁ-ਪਸਾਰੀ ਹੋਣ ਦੀ ਥਾਂ ਬਹੁ-ਪਰਤੀ ਹਨ। ਪਹਿਲਾਂ ਕਹਾਣੀ ਇਕਹਿਰੀ ਹੋਣ ਦੇ ਨਾਲ-ਨਾਲ ਬਹੁ-ਪਸਾਰੀ ਸੀ। ਇਸ ਵਿੱਚ ਇੱਕ ਸਥਿਤੀ ਦੇ ਕਈ ਪਸਾਰ ਪੇਸ਼ ਕੀਤੇ ਜਾਂਦੇ ਸੀ। ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਬਹੁ-ਪਰਤੀ ਹੋਣ ਕਾਰਨ ਇੱਕ ਕਾਰਜ ਵਿੱਚ ਪਈ ਮਾਨਸਿਕਤਾ ਦੀਆਂ ਕਈ ਪਰਤਾਂ ਪੇਸ਼ ਕਰਦੀਆਂ ਹਨ। ਬਹੁ-ਪਰਤੀ ਹੋਣ ਕਾਰਨ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੀ ਸੰਚਾਰ ਵਿਧੀ ਸਰਲ ਦੀ ਥਾਂ ਜਟਿਲ ਹੈ। ਇਸ ਕਾਰਨ ਇਹਨਾਂ ਦੀਆਂ ਕਹਾਣੀਆਂ ਦੇ ਸਰੋਕਾਰ ਬਹੁ-ਪਸਾਰੀ ਹੋਣ ਦੀ ਥਾਂ ਬਹੁ-ਪਰਤੀ ਹਨ

ਜਿਹੜੇ ਇੱਕ ਪ੍ਰਸਥਿਤੀ ਵਿੱਚ ਪਈ ਮਾਨਸਿਕਤਾ ਦੀਆਂ ਕਈ ਪਰਤਾਂ ਨੂੰ ਪੇਸ਼ ਕਰਦੀਆਂ ਹਨ। ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਨਾਲ ਤੁਲਨਾਤਮਕ ਅਧਿਐਨ: (ਵੀਨਾ ਵਰਮਾ ਅਤੇ ਸੁਖਜੀਤ ਦੀਆਂ ਕਹਾਣੀਆਂ ਦੇ ਸੰਦਰਭ ਵਿੱਚ) ਯਥਾਰਥ ਦਾ ਅਜਿਹਾ ਬਹੁ-ਪੱਖੀ ਅਤੇ ਬਹੁ-ਪਰਤੀ ਸਰੂਪ ਪੇਸ਼ ਹੋਇਆ ਹੈ। ਮੱਧਕਾਲੀ ਸੋਚ ਅਨੁਸਾਰ ਬੰਦੇ ਦੀ ਸ਼ਨਾਖਤ ਨੂੰ ਮਾੜੇ ਅਤੇ ਚੰਗੇ ਪੱਖ ਵਿੱਚ ਵੰਡ ਕੇ ਦੇਖਿਆ ਜਾਂਦਾ ਹੈ, ਪਰ ਵਰਤਮਾਨ ਸਮੇਂ ਬੰਦੇ ਦੀ ਸ਼ਨਾਖਤ ਮਾੜੇ ਜਾਂ ਚੰਗੇ ਬੰਦੇ ਦੇ ਰੂਪ ਵਿੱਚ ਨਹੀਂ ਕੀਤੀ ਜਾ ਸਕਦੀ, ਕਿਉਂਕਿ ਵਰਤਮਾਨ ਯੁੱਗ ਸੂਚਨਾ ਤਕਨਾਲੋਜੀ ਦਾ ਯੁੱਗ ਹੈ, ਪਰ ਅਜੇ ਤੱਕ ਕੋਈ ਅਜਿਹਾ ਯੰਤਰ ਜਾਂ ਤਕਨੀਕ ਨਹੀਂ ਬਣੀ ਜੋ ਬੰਦੇ ਦੀ ਸ਼ਖ਼ਸੀਅਤ ਬਾਰੇ ਕੋਈ ਨਿਰਣਾ ਦੇ ਸਕੇ। ਪਰੰਤੂ ਫਿਰ ਵੀ ਵੀਨਾ ਵਰਮਾ ਅਤੇ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਨਾਲ ਤੁਲਨਾਤਮਕ ਅਧਿਐਨ ਦੁਆਰਾ ਔਰਤ-ਮਰਦ ਦੇ ਰਿਸ਼ਤੇ ਵਿੱਚਲੇ ਸੰਬੰਧ ਨੂੰ ਚੰਗੇ ਤੇ ਮਾੜੇ ਪੱਖ ਵਜੋਂ ਸਮਾਨਤਾਵਾਂ ਤੇ ਵੱਖਰਤਾਵਾਂ ਤੋਂ ਘੋਖਿਆ, ਵਿਚਾਰਿਆ ਜਾਵੇਗਾ। ਖ਼ਾਸ ਕਰਕੇ ਮਰਦ ਪ੍ਰਧਾਨ ਸਮਾਜ ਦੇ ਬੋਲ-ਬਾਲੇ ਕਾਰਨ ਉਪਜੇ ਔਰਤ ਦੁਖਾਂਤ, ਤ੍ਰਾਸਦੀ ਨੂੰ ਚੰਗੇ ਪੱਖ ਤੋਂ ਸਮਾਨਤਾਵਾਂ ਤੇ ਵੱਖਰਤਾਵਾਂ ਵਜੋਂ ਉਭਾਰਿਆ ਜਾਵੇਗਾ, ਜਿੱਥੇ ਸੁਖਜੀਤ ਦੀਆਂ ਔਰਤ ਪਾਤਰਾਂ ਪਰੰਪਰਾਮੁਖੀ ਸੋਚ ਅਧੀਨ ਮਰਦ ਵੱਲੋਂ ਕੀਤੇ ਜਾਂਦੇ ਸ਼ੋਸ਼ਣ ਨੂੰ ਸਹਿਣ ਕਰਦੀਆਂ ਹਨ, ਉੱਥੇ ਵੀਨਾ ਵਰਮਾ ਦੀਆਂ ਔਰਤ ਪਾਤਰਾਂ ਵੱਖਰਤਾ ਦੇ ਪੱਖ ਤੋਂ ਖੁੱਲ ਕੇ ਜ਼ਿੰਦਗੀ ਜਿਊਣ ਨੂੰ ਪਹਿਲ ਦਿੰਦੀਆਂ ਹਨ ਤੇ ਮਰਦ ਦੇ ਸ਼ੋਸ਼ਣ ਦਾ ਚੇਤਨ ਤੌਰ 'ਤੇ ਵਿਰੋਧ ਕਰਦੀਆਂ ਹਨ। ਦੋਨਾਂ ਕਹਾਣੀਕਾਰਾ ਨੇ ਆਪਣੇ ਜੀਵਨ ਅਨੁਭਵ ਦੁਆਰਾ ਜੋ ਮਹਿਸੂਸ ਕੀਤਾ। ਉਸ ਨੂੰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਨਾਲ ਤੁਲਨਾਤਮਕ ਅਧਿਐਨ ਦੁਆਰਾ ਚੰਗੇ ਤੇ ਮਾੜੇ ਪੱਖ ਨੂੰ ਸਿਰਜਿਆ ਹੈ। ਵੀਨਾ ਵਰਮਾ ਜੋ ਕਿ ਬਰਤਾਨੀਆ ਵਿੱਚ ਪਿਛਲੇ ਤਿੰਨ ਦਹਾਕਿਆਂ ਤੋਂ ਰਹਿ ਰਹੀ ਹੈ। ਉਸਨੇ ਉੱਥੋਂ ਦੇ ਲਿੰਗ ਖੁੱਲ ਵਾਲੇ ਦੇਸ਼ ਤੇ ਸਮਾਜ ਵਿੱਚ ਵਿਚਰਦਿਆਂ ਉਸਦੀ ਆਪਣੀ ਜ਼ਿੰਦਗੀ ਕਈ ਹਾਦਸਿਆਂ ਵਿਚੋਂ ਲੰਘੀ। ਵੀਨਾ ਵਰਮਾ ਨੇ ਔਰਤ ਹੋਣ ਦੇ ਨਾਤੇ ਔਰਤ ਜੀਵਨ ਦੇ ਵਿਭਿੰਨ ਪਹਿਲੂਆਂ ਨੂੰ ਨੇੜਿਓ ਦੇਖਿਆ, ਘੋਖਿਆ, ਵਿਚਾਰਿਆ ਤੇ ਅਨੁਭਵ ਕੀਤਾ। ਔਰਤ ਦੀ ਤ੍ਰਾਸਦੀ ਨੂੰ ਵਾਚਦਿਆਂ ਤੇ ਉਸਦੇ

ਦੁੱਖ ਨੂੰ ਮਹਿਸੂਸ ਕਰਦਿਆਂ ਉਹ ਆਪਣੀ ਕਹਾਣੀ ਸਿਰਜਣਾ ਕਰਦੀ ਹੈ। ਉਸਦੇ ਕਹਾਣੀ ਸੰਗ੍ਰਹਿ 'ਮੁੱਲ ਦੀ ਤੀਵੀਂ' ਨੂੰ ਤਾਂ ਔਰਤ ਦੀ ਤ੍ਰਾਸਦੀ ਅਤੇ ਯਥਾਰਥ ਦਾ ਸਿਖਰ ਕਿਹਾ ਜਾਂਦਾ ਹੈ। ਇਸ ਤਰ੍ਹਾਂ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਨਾਲ ਤੁਲਨਾ ਦੇ ਪੱਖ ਤੋਂ ਵੀਨਾ ਵਰਮਾ ਤੇ ਸੁਖਜੀਤ ਦੋਨੋਂ ਜੀਵਨ ਅਨੁਭਵ ਵੱਖਰਾ-ਵੱਖਰਾ ਹੈ, ਪਰੰਤੂ ਫਿਰ ਵੀ ਇਹਨਾਂ ਦੋਨਾਂ ਦੀ ਔਰਤ-ਮਰਦ ਸੰਬੰਧਾਂ ਨੂੰ ਜਾਣਨ, ਸਮਝਣ ਤੇ ਅਨੁਭਵ ਕਰਨ ਦੀ ਸ਼ਕਤੀ ਕਾਫ਼ੀ ਹੱਦ ਤੱਕ ਸਮਾਨਤਾਵਾਂ ਤੇ ਵੱਖਰਤਾਵਾਂ ਵਾਲੀ ਹੈ। ਵੀਨਾ ਵਰਮਾ ਅਤੇ ਸੁਖਜੀਤ ਇੱਕ ਅਜਿਹੇ ਕਹਾਣੀਕਾਰ ਹਨ, ਜਿਨ੍ਹਾਂ ਨੇ ਸਮਕਾਲੀ ਪੰਜਾਬੀ ਕਹਾਣੀ ਨੂੰ ਇੱਕ ਨਵੀਂ ਯਥਾਰਥਕ ਰੰਗਤ ਦਿੱਤੀ ਹੈ। ਇਨ੍ਹਾਂ ਕਹਾਣੀਆਂ ਦੇ ਵਿਸ਼ੇ ਵੰਡ ਤੋਂ ਬਾਅਦ ਸਮਕਾਲੀ ਔਰਤ-ਮਰਦ ਦੇ ਵਿਆਹ ਸੰਬੰਧ, ਔਰਤ ਦੀ ਮਾਨਸਿਕਤਾ, ਪੀੜਤ ਔਰਤ ਦੀ ਸਥਿਤੀ-ਪ੍ਰਸਥਿਤੀ ਅਤੇ ਨਾਰੀ ਚੇਤਨਾ ਸਮਾਨ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੀ ਹੈ, ਕਿਉਂਕਿ ਵੀਨਾ ਵਰਮਾ ਤੇ ਸੁਖਜੀਤ ਪੰਜਾਬੀ ਵਿੱਚ ਅਜਿਹੇ ਕਹਾਣੀਕਾਰ ਹਨ, ਜਿਨ੍ਹਾਂ ਉੱਪਰ ਆਧੁਨਿਕ ਤਕਨਾਲੋਜੀ ਯੁੱਗ ਦਾ ਕਾਫ਼ੀ ਪ੍ਰਭਾਵ ਹੈ, ਕਿਉਂਕਿ ਇਸ ਪ੍ਰਭਾਵ ਨੇ ਸਮਕਾਲੀ ਪੰਜਾਬੀ ਕਹਾਣੀ ਵਿੱਚ ਨਵੀਆਂ ਚੁਣੌਤੀਆਂ ਲਿਆਂਦੀਆਂ, ਜਿਸ ਨਾਲ ਨਵੇਂ ਵਿਸ਼ਿਆਂ ਦਾ ਆਗਮਨ ਹੋਇਆ। ਜਿਵੇਂ ਕਿ ਸਮਲਿੰਗੀ ਸੰਬੰਧ, ਔਰਤ-ਮਰਦ ਸੰਬੰਧ, ਮਨੁੱਖ ਦੀ ਖੰਡਿਤ ਮਾਨਿਸਕਤਾ, ਭੋਗ ਬਿਰਤੀ, ਦੇਹ ਵਪਾਰ, ਮੱਧ ਸ਼੍ਰੇਣੀ ਦੀ ਦਿਸ਼ਾਹੀਣਤਾ, ਪੱਛਮੀ ਰਿਸ਼ਤਿਆਂ-ਨਾਤਿਆਂ ਦਾ ਪ੍ਰਭਾਵ, ਕਿਰਸਾਣੀ ਆਰਥਿਕ, ਸਮਾਜਿਕ ਮੰਦਹਾਲੀ ਸਥਿਤੀ-ਪ੍ਰਸਥਿਤੀ ਅਤੇ ਮਨੁੱਖੀ ਰਿਸ਼ਤਿਆਂ-ਨਾਤਿਆਂ ਦਾ ਤਿੜਕਣਾ, ਭ੍ਰਿਸ਼ਟਾਚਾਰ, ਸ਼ੋਸ਼ਣ, ਪਾਖੰਡਵਾਦ ਆਦਿ ਹਨ। ਇਸ ਤਰ੍ਹਾਂ ਵੀਨਾ ਵਰਮਾ ਅਤੇ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਨਾਲ ਸਮਾਨਤਾਵਾਂ ਤੇ ਵੱਖਰਤਾਵਾਂ ਦੇ ਆਧਾਰ ਤੇ ਔਰਤ-ਮਰਦ ਦੀ ਮਾਨਿਸਕਤਾ ਨੂੰ ਚੰਗੇ ਤੇ ਮਾੜੇ ਪੱਖ ਤੋਂ ਪੇਸ਼ ਕੀਤਾ ਜਾਂਦਾ ਹੈ। ਇਹਨਾਂ ਦੀਆਂ ਕਹਾਣੀਆਂ ਵਿੱਚ ਗ੍ਰਹਿਸਥ ਸੰਬੰਧ, ਔਰਤ-ਮਰਦ ਸੰਬੰਧ, ਮਰਦ ਦੀ ਔਰਤ ਪ੍ਰਤੀ ਕਬਜ਼ੇ ਦੀ ਭਾਵਨਾ, ਪੰਜਾਬ ਦੀ ਸਮੱਸਿਆ, ਔਰਤ-ਮਰਦ ਦਾ ਸੰਕਲਪ, ਮਾਵਾਂ ਦਾ ਆਪਣੀ ਔਲਾਦ ਪ੍ਰਤੀ ਪਿਆਰ ਸੱਖਣਤਾ ਦੀ ਪੀੜਾ, ਅਣਜੋੜ ਵਿਆਹ ਸੰਬੰਧ, ਡੇਰਾ ਤੰਤਰ, ਪਾਖੰਡਵਾਦ ਦਾ ਸੰਕਲਪ ਆਦਿ ਬਹੁਤ ਸਾਰੇ ਵਿਸ਼ੇ ਸੱਭਿਆਚਾਰਕ ਰੂਪਾਂਤਰਨ ਦੇ

ਯਥਾਰਥ ਦੀ ਪੇਸ਼ਕਾਰੀ ਦੁਆਰਾ ਸਮਾਨਤਾਵਾਂ ਅਤੇ ਵੱਖਰਤਾਵਾਂ ਨੂੰ ਉਭਾਰਦੇ ਹਨ। ਜਦੋਂ ਕਿ ਵੀਨਾ ਵਰਮਾ ਪੱਛਮੀ ਜੀਵਨ ਜਾਂਚ ਨਾਲ ਜੁੜੀ ਹੋਣ ਕਰਕੇ ਔਰਤ ਦੇ ਅਨੁਭਵ ਨੂੰ ਬਿਆਨ ਕਰਨ ਵਾਲੀ ਕਹਾਣੀਕਾਰਾ ਹੈ। ਉਸ ਦਾ ਵਿਆਹ ਤੋਂ ਬਾਅਦ ਦਾ ਜ਼ਿਆਦਾ ਸਮਾਂ ਇੰਗਲੈਂਡ ਵਿੱਚ ਬੀਤਿਆ ਹੋਣ ਕਰਕੇ ਉਸ ਦੀ ਕਹਾਣੀ ਸਿਰਜਣਾ ਵਿੱਚ ਪੱਛਮੀ ਸਮਾਜਿਕ, ਧਾਰਮਿਕ, ਰਾਜਨੀਤਿਕ, ਆਰਥਿਕ ਅਤੇ ਮਨੋਵਿਗਿਆਨਕ ਸਮੱਸਿਆਵਾਂ ਦਾ ਉਭਾਰ ਯਥਾਰਥਕ ਪੱਖ ਤੋਂ ਸਪੱਸ਼ਟ ਦਿਖਾਈ ਦਿੰਦਾ ਹੈ। ਇਸ ਅਨੁਭਵ ਰਾਹੀਂ ਹੀ ਉਹ ਔਰਤ-ਮਰਦ ਦੀ ਮਾਨਿਸਕਤਾ ਨੂੰ ਬੜੀ ਡੂੰਘਾਈ ਨਾਲ ਯਥਾਰਥਕ ਰੂਪ ਵਜੋਂ ਪੇਸ਼ ਕਰਨ ਦੀ ਸਮਰੱਥਾ ਰੱਖਦੀ ਹੈ। ਗੁਰਚਰਨ ਸਿੰਘ ਗਿੱਲ *ਵੀਨਾ ਵਰਮਾ ਦਾ ਕਥਾ ਬੋਧ* ਵਿੱਚ ਔਰਤ ਦੀ ਸਥਿਤੀ ਬਾਰੇ ਲਿਖਦਾ ਹੈ ਕਿ:

> ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੀ ਔਰਤ ਭਾਵੇਂ ਉਹ ਪੱਛਮੀ ਸਮਾਜ ਦੀ ਹੈ ਅਤੇ ਭਾਵੇਂ ਉਹ ਭਾਰਤੀ ਸਮਾਜ ਦੀ ਹੈ ਮਰਦ ਪਧਾਨ ਸਮਾਜ ਵਿੱਚ ਉਹ ਚੱਕੀ ਦੇ ਪੁੜ ਵਾਂਗ ਪਿਸ ਰਹੀ ਹੈ। ਇਹ ਔਰਤ ਕਦੇ ਮੁੱਲ ਦੀ ਤੀਵੀਂ, ਕਦੇ ਖਾਲੀ ਪਲਾਟ, ਛੁੱਟੜ ਅਤੇ ਅਖ਼ੀਰ ਵੇਸਵਾ ਤੱਕ ਬਣ ਜਦੀ ਹੈ। ਉਸਨੂੰ ਪਿਆਰ, ਸੁਨੇਹ, ਸਮਰਪਣ, ਤਿਆਗ ਅਤੇ ਕੁਰਬਾਨੀ ਕਰਕੇ ਵੀ ਪਤਨੀ ਦਾ ਦਰਜਾ ਨਹੀਂ ਪ੍ਰਾਪਤ ਹੁੰਦਾ।(22)

ਇਸ ਤਰ੍ਹਾਂ ਵੀਨਾ ਵਰਮਾ ਆਪਣੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਜਿੱਥੇ ਜਿਣਸੀ ਸੰਬੰਧ ਨੂੰ ਖੁੱਲ ਕੇ ਪੇਸ਼ ਕਰਦੀ ਹੈ, ਉੱਥੇ ਮਰਦ ਵਿੱਚ ਪੈਸੇ ਤੇ ਸਰੀਰਕ ਭੁੱਖ ਨੂੰ ਵੀ ਉਭਾਰਦੀ ਹੈ, ਜਿਸ ਦਾ ਮਾੜਾ ਨਤੀਜਾ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਮਾੜੇ ਪੱਖ ਵਜੋਂ ਔਰਤ ਦੇ ਸਰੀਰਕ ਤੇ ਮਾਨਸਿਕ ਸ਼ੋਸ਼ਣ ਕਾਰਨ ਉੱਭਰਦਾ ਹੈ। ਇਸ ਤਰ੍ਹਾਂ ਵੀਨਾ ਵਰਮਾ ਅਤੇ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਨਾਲ ਤੁਲਨਾਤਮਕ ਅਧਿਐਨ ਤੋਂ ਚੰਗੇ ਤੇ ਮਾੜੇ ਪੱਖ ਵਜੋਂ ਵੱਖਰਤਾਵਾਂ ਤੇ ਸਮਾਨਤਾਵਾਂ ਤੇ ਚਰਚਾ ਕਰਨ ਤੋਂ ਪਹਿਲਾਂ ਅਸੀਂ ਇਨ੍ਹਾਂ ਦੋਨਾਂ ਦੇ ਕਹਾਣੀ ਸੰਗ੍ਰਹਿਆਂ ਤੇ ਪੰਛੀ ਝਾਤ ਮਾਰਾਂਗੇ। ਸੁਖਜੀਤ ਨੇ ਸਮਕਾਲੀ ਪੰਜਾਬੀ

ਕਹਾਣੀ ਜਗਤ ਨੂੰ ਕੁੱਲ ਤਿੰਨ ਕਹਾਣੀ ਸੰਗ੍ਰਹਿ ਦਿੱਤੇ ਹਨ, ਜਿੰਨ੍ਹਾਂ ਵਿੱਚ ਉਸਨੇ ਔਰਤ-ਮਰਦ ਸੰਬੰਧਾਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਮੁੱਖ ਥੀਮ ਵਜੋਂ ਲਿਆ ਹੈ। ਇਹਨਾਂ ਕਹਾਣੀ ਸੰਗ੍ਰਹਿਆਂ ਵਿਚੋਂ ਹੁਣ ਮੈਂ ਇੰਜੁਆਏ ਕਰਦੀ ਹਾਂ, ਅੰਤਰਾ ਅਤੇ 'ਮੈਂ ਅਯਨਘੋਸ਼ ਨਹੀਂ'(2019) ਹਨ, ਜਿੰਨ੍ਹਾਂ ਵਿੱਚ ਸੁਖਜੀਤ ਨੇ ਔਰਤ-ਮਰਦ ਸੰਬੰਧ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਨੂੰ ਚੰਗੇ ਤੇ ਮਾੜੇ ਪੱਖ ਵਜੋਂ ਸਮਾਨਤਾਵਾਂ ਤੇ ਵੱਖਰਤਾਵਾਂ ਵਜੋਂ ਰੂਪਮਾਨ ਕੀਤਾ ਹੈ। ਜਿੰਨ੍ਹਾਂ ਰਾਹੀਂ ਉਸ ਨੇ ਸਮਾਜਿਕ, ਆਰਥਿਕ, ਧਾਰਮਿਕ, ਮਨੋਵਿਗਿਆਨਕ ਅਤੇ ਰਾਜਨੀਤਕ ਪੱਖਾਂ ਨੂੰ ਪਿਆਰ ਸੰਬੰਧ, ਵਿਆਹ ਬਾਹਰੇ ਸਰੀਰਕ ਸੰਬੰਧ ਤੇ ਦੰਭਵਾਦੀ ਸਾਧੂ-ਸੰਤਾਂ ਦੀ ਪਾਖੰਡੀ ਸੋਚ ਨੂੰ ਵੀ ਉਭਾਰਿਆ ਹੈ। ਵੀਨਾ ਵਰਮਾ ਨੇ ਕਥਾ ਜਗਤ ਨੂੰ ਕੁੱਲ ਚਾਰ ਕਹਾਣੀ ਸੰਗ੍ਰਹਿ ਦਿੱਤੇ ਹਨ। ਜਿੰਨ੍ਹਾਂ ਵਿੱਚ 'ਮੁੱਲ ਦੀ ਤੀਵੀਂ' (1994), 'ਫ਼ਰੰਗੀਆਂ ਦੀ ਨੂੰਹ' (2002) ਅਤੇ 'ਜੋਗੀਆਂ ਦੀ ਧੀ' (2009) ਇੱਕ ਕੁੜੀ ਇਕੱਲੀ (2019) ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਵਜੋਂ ਆਪਣੀ ਵੱਖਰੀ ਪਛਾਣ ਬਣਾ ਚੁੱਕੇ ਹਨ। ਇਸ ਨੇ ਆਪਣੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਨਾਲ ਔਰਤ ਦੇ ਸੰਤਾਪ, ਨੈਤਿਕ ਚੁੱਪ, ਦਮਨ ਅਤੇ ਔਰਤ-ਮਰਦ ਦੇ ਜਿਣਸੀ ਸੰਬੰਧ ਵਜੋਂ ਪੇਸ਼ ਕੀਤਾ ਹੈ। ਉਸਨੇ ਸਮਾਜ ਵਿੱਚਲੇ ਵਰਜਿਤ ਰਿਸ਼ਤਿਆਂ ਵਰਗੇ ਵਿਸ਼ੇ-ਪੱਖਾਂ ਨੂੰ ਬੜੀ ਬਰੀਕ-ਬੀਨ ਅਤੇ ਦਲੇਰੀ ਨਾਲ ਆਪਣੀਆਂ ਕਹਾਣੀਆਂ ਵਿੱਚ ਪ੍ਰਸਤੁਤ ਕੀਤਾ ਹੈ। ਕਹਾਣੀ ਸੰਗ੍ਰਹਿ 'ਮੁੱਲ ਦੀ ਤੀਵੀਂ' ਵਿੱਚ ਕਹਾਣੀਕਾਰਾ ਨੇ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਨੂੰ ਔਰਤ ਦੇ ਸੰਤਾਪ ਰਾਹੀਂ ਉਭਾਰਿਆ ਹੈ। ਅਜਿਹੀਆਂ ਔਰਤਾਂ ਕਈ ਜਗ੍ਹਾ ਮਰਦ ਹੱਥੋਂ ਤ੍ਰਿਸਕਾਰੀਆਂ ਜਾਂ ਮਰਦ ਦੀਆਂ ਵਧੀਕੀਆਂ ਦਾ ਸ਼ਿਕਾਰ ਹੁੰਦੀਆਂ ਹਨ ਅਤੇ ਕਈ ਜਗ੍ਹਾ ਇਹ ਔਰਤ-ਮਰਦ ਦੇ ਸਾਥ ਲਈ ਬੇਚੈਨ ਤੇ ਮਾਨਸਿਕ ਸੰਕਟਗ੍ਰਸਤ ਸਥਿਤੀਆਂ-ਪ੍ਰਸਥਿਤੀਆਂ ਨੂੰ ਆਪਣੇ ਤਨ-ਮਨ ਤੇ ਹੰਢਾਉਂਦੀਆਂ ਹਨ। ਕਈ ਜਗ੍ਹਾ ਪਹਿਲੀ ਮੁਹੱਬਤ ਦੀ ਅਪ੍ਰਵਾਨਗੀ, ਅਣਜੋੜ-ਵਿਆਹ ਸੰਬੰਧ, ਤਲਾਕ ਦੀ ਸਮੱਸਿਆ, ਛੁੱਟੜ ਦੇ ਸੰਤਾਪ ਦੇ ਰੂਪ ਵਿੱਚ, ਨਿਪੁੰਸਕ ਪਤੀ ਤੇ ਬਾਂਝ ਹੋਣ ਦੇ ਰੂਪ ਵਿੱਚ ਅਤੇ ਮਤਰੇਈ ਮਾਂ ਵੱਲੋਂ ਪੈਸੇ ਖ਼ਾਤਰ ਵੇਚੀ ਗਈ ਔਰਤ ਦੀਆਂ ਸਮੱਸਿਆਵਾਂ ਵਿੱਚ ਘਿਰੀ ਹੋਈ ਨੂੰ ਕਰੁਣਾਮਈ ਸਥਿਤੀ-ਪ੍ਰਸਥਿਤੀ ਰਾਹੀਂ ਰੂਪਮਾਨ ਕੀਤਾ ਹੈ। ਵੀਨਾ ਵਰਮਾ ਦੇ ਦੂਸਰੇ

ਕਹਾਣੀ ਸੰਗ੍ਰਹਿ 'ਫ਼ਰੰਗੀਆਂ ਦੀ ਨੂੰਹ' ਦੀਆਂ ਵਧੇਰੇ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਵਜੋਂ ਔਰਤ ਦੁਆਲੇ ਕੇਂਦਰਿਤ ਹਨ। ਇਸ ਕਹਾਣੀ ਸੰਗ੍ਰਹਿ ਦੀ ਵਿਸ਼ੇਸ਼ ਗੱਲ ਇਹ ਹੈ ਕਿ ਪਹਿਲਾਂ ਜਿੱਥੇ ਉਹ ਔਰਤ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਕਾਰਨਾਂ ਨੂੰ ਉਭਾਰਦੀ ਹੈ, ਉੱਥੇ ਇਸ ਕਹਾਣੀ ਸੰਗ੍ਰਹਿ ਦੀਆਂ ਨਾਇਕਾਵਾਂ ਆਪਣੀ ਹੋਣੀ ਅਤੇ ਤ੍ਰਾਸਦਿਕ ਸਥਿਤੀਆਂ-ਪ੍ਰਸਥਿਤੀਆਂ ਵਿੱਚ ਸੰਘਰਸ਼ ਕਰਦੀਆਂ ਵੀ ਨਜ਼ਰ ਆਉਂਦੀਆਂ ਹਨ। ਕਹਾਣੀਕਾਰਾ ਨੇ ਇਸ ਕਹਾਣੀ ਸੰਗ੍ਰਹਿ ਵਿੱਚ ਆਪਣੀ ਹੋਂਦ ਲਈ ਜੂਝ ਰਹੀਆਂ ਔਰਤਾਂ ਨੂੰ ਰੂਪਮਾਨ ਕੀਤਾ ਹੈ। 'ਜੋਗੀਆਂ ਦੀ ਧੀ' ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਰੂਪ ਔਰਤ ਨੂੰ ਕੇਂਦਰ ਬਿੰਦੂ ਵਿੱਚ ਰੱਖ ਕੇ ਉੱਭਰਦਾ ਹੈ। ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿਦੇਸ਼ ਵਿੱਚ ਰਹਿ ਰਹੀਆਂ ਪੂਰਬੀ ਸਮਾਜ ਦੀਆਂ ਔਰਤਾਂ ਹੀ ਨਹੀਂ, ਬਲਕਿ ਪੂਰੇ ਏਸ਼ੀਆ ਦੀਆਂ ਔਰਤਾਂ ਵੀ ਸ਼ਾਮਲ ਹਨ। ਇਹ ਔਰਤਾਂ ਆਪਣੀ ਹੋਂਦ ਅਤੇ ਹੋਣੀ ਲਈ ਬਿਗਾਨੀ ਧਰਤੀ ਤੇ 'ਘਰ ਦੇ ਸੰਕਲਪ' ਅਧੀਨ ਸੰਤਾਪ ਭੋਗਦੀਆਂ ਹਨ। ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਵਜੋਂ ਇਸ ਕਹਾਣੀ ਸੰਗ੍ਰਹਿ ਦੀਆਂ ਨਾਇਕਾਵਾਂ ਨੂੰ ਗੁੰਝਲਦਾਰ ਸਮੱਸਿਆਵਾਂ ਵਿੱਚ ਗੁਜ਼ਰਦੇ ਹੋਏ ਵਿਖਾਇਆ ਗਿਆ ਹੈ ਤੇ ਮਰਦ ਪਾਤਰ ਨੂੰ ਸਿਰਫ਼ ਭੁੱਖਾ ਬਘਿਆੜ, ਕਾਮੀ ਅਤੇ ਮਤਲਬੀ ਦਰਸਾਇਆ ਗਿਆ ਹੈ। ਵੀਨਾ ਵਰਮਾ ਨੇ ਇਨ੍ਹਾਂ ਤਿੰਨਾਂ ਕਹਾਣੀ ਸੰਗ੍ਰਹਿਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਦੁਆਰਾ ਔਰਤ ਨੂੰ ਤੀਵੀਂ, ਨੂੰਹ ਤੋਂ ਧੀ ਤੱਕ ਦੇ ਇਸ ਸਫ਼ਰ ਵਜੋਂ ਪੇਸ਼ ਕੀਤਾ ਗਿਆ ਹੈ। ਆਧੁਨਿਕ ਯੁੱਗ ਦੀ ਤਰੱਕੀ ਨੇ ਵਿਸ਼ਵ ਨੂੰ ਇੱਕ ਪਿੰਡ ਬਣਾ ਦਿੱਤਾ ਹੈ। ਜਿਸ ਨਾਲ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥਕ ਰੂਪ ਉੱਭਰਦਾ ਹੈ। ਇਸ ਤਰ੍ਹਾਂ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਵਜੋਂ ਸਾਡੇ ਖਾਣ-ਪੀਣ, ਪਹਿਨਣ, ਰਹਿਣ-ਸਹਿਣ, ਬੋਲਚਾਲ ਤੇ ਮਿਲਵਰਤਨ ਆਦਿ ਵਿੱਚ ਬਹੁਤ ਰੂਪਾਂਤਰਨ ਆ ਰਿਹਾ ਹੈ। ਇਹ ਰੂਪਾਂਤਰਨ ਸਿਰਫ਼ ਨਿੱਜੀ ਪੱਧਰ 'ਤੇ ਹੀ ਨਹੀਂ ਹੋ ਰਿਹਾ, ਬਲਕਿ ਇਸਦਾ ਪ੍ਰਭਾਵ ਸਾਹਿਤ ਉੱਪਰ ਵੀ ਪੈ ਰਿਹਾ ਹੈ। ਵਰਤਮਾਨ ਸਮੇਂ ਵਿੱਚ ਸਾਹਿਤ ਕੋਲ ਤੁਲਨਾਤਮਕ ਅਧਿਐਨ ਅਜਿਹੇ ਯਥਾਰਥ ਆਧਾਰਿਤ ਪੈਮਾਨੇ ਹਨ, ਜਿਸ ਨਾਲ ਅਸੀਂ ਕਿਸੇ ਵੀ ਸਾਹਿਤਕ ਰਚਨਾ ਵਿੱਚਲੀਆਂ ਸਮਾਨਤਾਵਾਂ ਅਤੇ ਵੱਖਰਤਾਵਾਂ ਨੂੰ ਚੰਗੇ ਤੇ ਮਾੜੇ ਪੱਖ ਵਜੋਂ ਸਹਿਜੇ ਹੀ ਜਾਂਚ

ਸਕਦੇ ਹਾਂ, ਕਿਉਂਕਿ ਤੁਲਨਾਤਮਕ ਅਧਿਐਨ ਰਾਹੀਂ ਦੋ ਜਾਂ ਦੋ ਤੋਂ ਵੱਧ ਰਚਨਾਵਾਂ ਵਿੱਚਲੀਆਂ ਸਮਾਨਤਾਵਾਂ ਅਤੇ ਵੱਖਰਤਾਵਾਂ ਨੂੰ ਪਰੀਖਿਆ, ਘੋਖਿਆ ਜਾਂ ਵਿਚਾਰਿਆ ਜਾ ਸਕਦਾ ਹੈ। ਸੋ ਅਸੀਂ ਹਥਲੇ ਖੋਜ-ਕਾਰਜ ਦੇ ਅਧਿਆਇ ਵਿੱਚ ਵੀਨਾ ਵਰਮਾ ਅਤੇ ਸੁਖਜੀਤ ਦੀਆਂ ਕਹਾਣੀਆਂ ਨੂੰ ਆਧਾਰ ਮੰਨ ਕੇ ਜਦੋਂ ਅਸੀਂ ਦੋਵੇਂ ਕਹਾਣੀਕਾਰਾਂ ਦੀਆਂ ਰਚਨਾਵਾਂ ਦੀ ਗੱਲ ਕਰਦੇ ਹਾਂ ਤਾਂ ਦੋਵਾਂ ਦੀਆਂ ਰਚਨਾਵਾਂ ਨੂੰ ਸਮਕਾਲੀ ਪੰਜਾਬੀ ਸਾਹਿਤ ਜਗਤ ਵਿੱਚ ਆਲੋਚਕਾਂ ਦੁਆਰਾ ਨਿੰਦਿਆ ਭਾਵ ਆਲੋਚਨਾ ਦੁਆਰਾ ਚੰਗੇ ਮਾੜੇ ਪੱਖਾਂ ਨੂੰ ਉਭਾਰਿਆ ਗਿਆ ਹੈ। ਕਈ ਆਲੋਚਕਾਂ ਨੇ ਇਨ੍ਹਾਂ ਦੇ ਪੱਖ ਦੀ ਗੱਲ ਕੀਤੀ ਹੈ, ਪਰੰਤੂ ਕਈਆਂ ਨੇ ਇਹਨਾਂ ਦੀ ਵਿਰੋਧਤਾ ਕੀਤੀ ਹੈ। ਇਹਨਾਂ ਦੁਆਰਾ ਰਚਿਤ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਔਰਤ-ਮਰਦ ਦੇ ਸੰਬੰਧ ਦੀ ਗੱਲ ਕਰਨਾ ਅਤੇ ਸਮਾਜ ਵਿੱਚ ਅਣਦੇਖੇ ਵਿਸ਼ੇ-ਪੱਖ ਨੂੰ ਛੂਹਣਾ ਤੇ ਆਪਣੀਆਂ ਕਹਾਣੀਆਂ ਵਿੱਚ ਵਿਸ਼ੇ ਦੇ ਰੂਪ ਵਿੱਚ ਲੈਕੇ ਪੇਸ਼ ਕਰਨਾ ਇਹਨਾਂ ਕਹਾਣੀਕਾਰਾਂ ਦੀ ਬੇਬਾਕੀ ਤੇ ਚੇਤੰਨਤਾ ਦਾ ਹੀ ਸਬੂਤ ਹੈ। ਇਨ੍ਹਾਂ ਦੋਵਾਂ ਕਹਾਣੀਕਾਰਾਂ ਨੇ ਆਪਣੀ ਜ਼ਿੰਦਗੀ ਵਿੱਚ ਜਿਹੜੀਆਂ ਕਠਿਨਾਈਆਂ ਦਾ ਸਾਹਮਣਾ ਕੀਤਾ ਹੈ, ਉਨ੍ਹਾਂ ਨੂੰ ਹੀ ਆਧਾਰ ਬਣਾ ਕੇ ਕਹਾਣੀ ਰਚਨਾ ਕੀਤੀ। ਇਸ ਕਰਕੇ ਇਨ੍ਹਾਂ ਦੀਆਂ ਕਹਾਣੀਆਂ ਨੂੰ ਕਾਲਪਨਿਕ ਨਹੀਂ, ਸਗੋਂ ਯਥਾਰਥ ਦੇ ਨੇੜੇ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਦੀਆਂ ਕਹਾਣੀਆਂ ਪਿੰਡੇ ਤੇ ਹੰਢਾਏ ਹੋਏ ਸੱਚ ਨੂੰ ਬਿਆਨ ਕਰਦੀਆਂ ਹਨ। ਇਨ੍ਹਾਂ ਦੀਆਂ ਕਹਾਣੀਆਂ ਵਿੱਚ ਔਰਤ-ਮਰਦ ਨਾਲ ਸੰਬੰਧਿਤ ਅਨੇਕਾਂ ਪੱਖਾਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਨਾਲ ਚੰਗੇ ਤੇ ਮਾੜੇ ਪੱਖ ਤੋਂ ਸਮਾਨਤਾਵਾਂ ਤੇ ਵੱਖਰਤਾਵਾਂ ਵਜੋਂ ਬਿਆਨ ਕੀਤਾ ਗਿਆ ਹੈ, ਜਿਸ ਵਿੱਚ ਮੂਲ ਤੌਰ 'ਤੇ ਔਰਤ ਦੀ ਤ੍ਰਾਸਦੀ, ਮਾਨਸਿਕ ਸੰਤਾਪ, ਇਕੱਲਤਾ, ਬੇਗਾਨਗੀ ਆਦਿ ਅਨੇਕਾਂ ਪੱਖਾਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥਕ ਪੱਖ ਜਿਵੇਂ ਕਿ ਸਮਾਜਿਕ, ਧਾਰਮਿਕ, ਰਾਜਨੀਤਿਕ, ਮਨੋਵਿਗਿਆਨ ਤੇ ਆਰਥਿਕ ਪੱਖਾਂ ਨੂੰ ਔਰਤ ਦੀ ਤ੍ਰਾਸਦੀ ਦਾ ਕਾਰਨ ਮੰਨਿਆ ਗਿਆ ਹੈ। ਇਨ੍ਹਾਂ ਦੋਵਾਂ ਨੇ ਪਰੰਪਰਾਗਤ ਨੈਤਿਕ ਕਦਰਾਂ-ਕੀਮਤਾਂ ਤੋਂ ਔਰਤ ਨੂੰ ਨੀਵਾਂ ਮੰਨਣ ਦਾ ਵਿਰੋਧ ਕੀਤਾ ਤੇ ਔਰਤ ਨੂੰ ਅਜ਼ਾਦ ਜ਼ਿੰਦਗੀ ਮਾਨਣ ਲਈ ਪ੍ਰੇਰਿਤ ਕੀਤਾ ਹੈ। ਸੁਖਜੀਤ ਨੇ ਪੜ੍ਹੇ-ਲਿਖੇ ਅਤੇ ਮੱਧ ਸ਼੍ਰੇਣੀ ਔਰਤ-ਮਰਦ ਸੰਬੰਧਾਂ ਨੂੰ ਆਪਣੀ ਕਹਾਣੀ ਰਚਨਾ ਦੁਆਰਾ ਉਭਾਰਿਆ ਹੈ, ਜੋ

ਆਰਥਿਕ ਤੌਰ 'ਤੇ ਆਤਮ-ਨਿਰਭਰ ਹੋਣ ਕਰਕੇ ਆਪਣੇ ਪਤੀ-ਪਤਨੀ ਰਿਸ਼ਤੇ-ਨਾਤੇ ਨੂੰ ਆਜ਼ਾਦ ਹੋਕੇ ਜ਼ਿੰਦਗੀ ਜਿਊਣ ਦੇ ਚਾਹਵਾਨ ਹਨ। ਉਹ ਆਪਣੀਆਂ ਸਰੀਰਕ ਜਰੂਰਤਾਂ ਲਈ ਵੀ ਆਪਣੀ ਆਰਥਿਕਤਾ ਨੂੰ ਸਹਾਰਾ ਬਣਾਉਂਦੇ ਹਨ। ਕੁਝ ਕਹਾਣੀਆਂ ਵਿੱਚ ਔਰਤਾਂ ਨੂੰ ਪਰੰਪਰਾਗਤ, ਕਦਰਾਂ-ਕੀਮਤਾਂ, ਜਾਗੀਰਦਾਰ ਸਿਸਟਮ, ਕਿਸਾਨੀ ਸੰਕਟ ਆਦਿ ਸਮੱਸਿਆਵਾਂ ਨਾਲ ਬੱਝੀ ਹੋਈਆਂ ਪੇਸ਼ ਕੀਤਾ ਗਿਆ ਹੈ। ਜੋ ਆਪਣੇ ਪਤੀ ਨੂੰ ਪਰਮੇਸ਼ਵਰ ਮੰਨ ਕੇ ਪੂਜਦੀ ਹੈ ਤੇ ਉਸ ਦੁਆਰਾ ਕੀਤੇ ਜਾ ਰਹੇ ਸ਼ੋਸ਼ਣ ਨੂੰ ਚੁੱਪ-ਚਾਪ ਸਹਿੰਦੀ ਹੈ। ਵੀਨਾ ਵਰਮਾ ਨੇ ਵੀ ਔਰਤ-ਮਰਦ ਸੰਬੰਧ ਨੂੰ ਆਪਣੀਆਂ ਕਹਾਣੀਆਂ ਦਾ ਆਧਾਰ ਬਣਾਇਆ ਹੈ, ਜੋ ਅਸਲੀਅਤ ਪਤਾ ਲੱਗਣ ਦੇ ਸਰੀਰਕ, ਮਾਨਸਿਕ ਸੰਤਾਪ ਨੂੰ ਭੋਗਦੇ ਹਨ। ਕਿਉਂਕਿ ਵੀਨਾ ਵਰਮਾ ਦੇ ਔਰਤ-ਮਰਦ ਪਾਤਰ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥਕ ਪੱਖ ਤੋਂ ਪੱਛਮੀ ਸਮਾਜ ਵਿੱਚ ਰਹਿ ਕੇ ਪੱਛਮੀ ਢੰਗ ਨਾਲ ਰਹਿਣਾ ਤਾਂ ਸਿੱਖ ਲੈਂਦੇ ਹਨ, ਪਰ ਕਿਸੇ ਵੀ ਤਰ੍ਹਾਂ ਆਪਣੀ ਪੂਰਬੀ ਸੋਚ ਨੂੰ ਨਕਾਰ ਨਹੀਂ ਸਕਦੇ। ਇਹਨਾਂ ਪਾਤਰਾਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਆਪਣੇ ਮਾਪਿਆਂ ਦੁਆਰਾ ਲਾਲਚ ਵੱਸ ਅਣਜੋੜ ਵਿਆਹ ਕਰਕੇ ਇੰਗਲੈਂਡ ਵਰਗੇ ਮੁਲਕ ਵਿੱਚ ਭੇਜ ਤਾਂ ਦਿੱਤਾ ਜਾਂਦਾ ਹੈ, ਪਰੰਤੂ ਉੱਥੇ ਉਹ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਤਨੋ-ਮਨੋ ਦੁਖਾਂਤ ਨੂੰ ਭੋਗਦੇ ਹਨ, ਪਰ ਜਦੋਂ ਇਨ੍ਹਾਂ ਨੂੰ ਆਪਣੀ ਸਰੀਰਕ ਤੇ ਮਾਨਸਿਕ ਸੰਤੁਸ਼ਟੀ ਨਹੀਂ ਮਿਲਦੀ ਤਾਂ ਅਜਿਹੇ ਸਮੇਂ ਔਰਤ-ਮਰਦ ਵਿਆਹ ਬਾਹਰੇ ਸਰੀਰਕ ਸੰਬੰਧ ਸਥਾਪਿਤ ਕਰ ਲੈਂਦੇ ਹਨ। ਕਈ ਵਾਰ ਇਹੀ ਸੰਬੰਧ ਇਨ੍ਹਾਂ ਲਈ ਤਣਾਅ ਦਾ ਕਾਰਨ ਬਣ ਜਾਂਦੇ ਹਨ। ਇਸ ਤਰ੍ਹਾਂ ਇਨ੍ਹਾਂ ਦੋਵਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਔਰਤ-ਮਰਦ ਸੰਬੰਧ ਇੱਕ ਦੂਜੇ ਤੋਂ ਸਦੀਵੀਂ ਸਾਥ ਵੀ ਚਾਹੁੰਦੇ ਰਹਿੰਦੇ ਹਨ। ਪਰੰਤੂ ਇਹਨਾਂ ਵਿਚੋਂ ਜ਼ਿਆਦਾਤਰ ਮਰਦ ਪਾਤਰ ਸਿਰਫ਼ ਸਰੀਰਕ ਸੰਬੰਧ ਤੱਕ ਹੀ ਸਾਥ ਦਿੰਦੇ ਹਨ, ਕਿਉਂਕਿ ਜਦੋਂ ਅਜਿਹੇ ਮਰਦ ਇਨ੍ਹਾਂ ਔਰਤਾਂ ਨੂੰ ਛੱਡ ਕੇ ਚਲੇ ਜਾਂਦੇ ਹਨ ਤਾਂ ਇਹ ਆਪਣੇ ਆਪ ਨੂੰ ਭੋਗ ਵਸਤੂ ਮਹਿਸੂਸ ਕਰਦੀਆਂ ਹਨ। ਇਨ੍ਹਾਂ ਦੋਵਾਂ ਕਹਾਣੀਕਾਰਾ ਦੇ ਔਰਤ-ਮਰਦ ਪਾਤਰ ਜ਼ਿੰਦਗੀ ਲਈ ਸੰਘਰਸ਼ ਕਰਦੇ ਵੀ ਨਜ਼ਰ ਆਉਂਦੇ ਹਨ, ਭਾਵੇਂ ਇਹ ਸੰਘਰਸ਼ ਆਪਣੀ ਹੋਂਦ ਦੀ ਸਥਾਪਤੀ ਲਈ ਜਾਂ ਆਪਣੇ ਬੱਚਿਆਂ ਦੀ ਖ਼ਾਤਰ

ਕਰਦੇ ਹਨ। ਪਰੰਤੂ ਦੋਨੋਂ ਕਹਾਣੀਕਾਰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਨੂੰ ਸਮਾਨਤਾਵਾਂ ਤੇ ਵੱਖਰਤਾਵਾਂ ਦੇ ਪੱਖ ਤੋਂ ਚੰਗੇ ਤੇ ਮਾੜੇ ਪੱਖ ਵਜੋਂ ਉਭਾਰਦੇ ਹਨ। ਜਿੰਨ੍ਹਾਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਪੇਸ਼ ਕੀਤਾ ਗਿਆ ਹੈ:

**5.1. ਪਰੰਪਰਾਗਤ ਰਸਮ-ਰਿਵਾਜ ਅਧੀਨ ਵਿਚਰਦੇ ਔਰਤ-ਮਰਦ ਦਾ ਸੰਘਰਸ਼:-**

ਭਾਰਤੀ ਸਮਾਜ ਵਿੱਚ ਮਰਦ ਦੇ ਮੁਕਾਬਲੇ ਔਰਤ ਦੀ ਸਥਿਤੀ-ਪ੍ਰਸਥਿਤੀ ਹਮੇਸ਼ਾ ਤ੍ਰਾਸਦਿਕ ਹੀ ਬਣੀ ਰਹੀ ਹੈ। ਪੁਰਾਤਨ ਸਮੇਂ ਤੋਂ ਹੀ ਜਦੋਂ ਲੜਕੀ ਦਾ ਜਨਮ ਹੁੰਦਾ ਸੀ ਤਾਂ ਘਰ ਵਿੱਚ ਸੋਗ ਦਾ ਮਾਹੌਲ ਬਣ ਜਾਂਦਾ ਸੀ। ਬਚਪਨ ਤੋਂ ਹੀ ਪਰੰਪਰਾਗਤ ਰਹੁ-ਰੀਤਾਂ ਅਧੀਨ ਵਿਚਰਦੇ ਔਰਤ ਨਾਲ ਮਰਦ ਵੱਲੋਂ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਵਿਤਕਰਾ ਕੀਤਾ ਜਾਂਦਾ ਸੀ। ਉਸਨੂੰ ਲੜਕੇ ਬਰਾਬਰ ਨਹੀਂ ਰੱਖਿਆ ਜਾਂਦਾ ਸੀ। ਇਹ ਵਿਤਕਰਾ ਉਸਦੇ ਖਾਣ-ਪੀਣ, ਰਹਿਣ-ਸਹਿਣ, ਪੜ੍ਹਨ-ਲਿਖਣ ਆਦਿ ਸਭ ਵਿੱਚ ਕੀਤਾ ਜਾਂਦਾ ਸੀ। ਉਸਨੂੰ ਹਮੇਸ਼ਾ ਦੂਜਿਆਂ ਦੀ ਖੁਸ਼ੀ ਲਈ ਹੀ ਜਿਊਣਾ ਪੈਂਦਾ ਸੀ। ਕਈ ਵਾਰ ਤਾਂ ਉਸਨੂੰ ਸਮਾਜ ਲਈ, ਖ਼ਾਨਦਾਨ ਦੀ ਇੱਜ਼ਤ ਲਈ ਆਪਣੀਆਂ ਖ਼ੁਸੀਆਂ, ਰੀਝਾਂ, ਭਾਵਨਾਵਾਂ ਆਦਿ ਦਾ ਦਮਨ ਵੀ ਕਰਨਾ ਪੈਂਦਾ ਹੈ। ਇਸ ਸਭ ਲਈ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਪਰੰਪਰਾਗਤ ਰਸਮ-ਰਿਵਾਜ ਅਧੀਨ ਵਿਚਰਦੇ ਔਰਤ ਲਈ ਮਾੜੇ ਪੱਖ ਤੋਂ ਮਰਦ ਪ੍ਰਧਾਨ ਸਮਾਜ ਜ਼ਿੰਮੇਵਾਰ ਹੈ। ਪਰੰਤੂ ਚੰਗੇ ਪੱਖ ਤੋਂ ਆਧੁਨਿਕ ਨਾਰੀ ਚੇਤਨਾ ਨੇ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਪਿੱਤਰ ਸੱਤਾ ਤੋਂ ਉਪਜੇ ਮਰਦ ਪ੍ਰਧਾਨ ਸਮਾਜ ਦਾ ਵਿਰੋਧ ਕਰਕੇ ਔਰਤ ਨੂੰ ਆਜ਼ਾਦ ਜ਼ਿੰਦਗੀ ਜਿਊਣ ਲਈ ਪ੍ਰੇਰਿਤ ਕੀਤਾ। ਇਸ ਤਰ੍ਹਾਂ ਵੀਨਾ ਵਰਮਾ ਅਤੇ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਪਰੰਪਰਾਗਤ ਰਹੁ-ਰੀਤਾਂ ਅਧੀਨ ਵਿਚਰਦੇ ਔਰਤ-ਮਰਦ ਦੇ ਸੰਘਰਸ਼ ਨੂੰ ਉਭਾਰਿਆ ਗਿਆ ਹੈ। ਡਾ. ਜਗਜੀਵਨ ਦਾ *ਪਰੰਪਰਾਗਤ ਕਦਰਾਂ ਕੀਮਤਾਂ ਸਬੰਧੀ ਸੱਭਿਆਚਾਰ ਦੇ ਮੂਲ ਆਧਾਰ* ਪੁਸਤਕ ਵਿੱਚ ਕਹਿਣਾ ਹੈ ਕਿ:

> ਪਰੰਪਰਾ ਅਤੇ ਕਦਰਾਂ-ਕੀਮਤਾਂ ਵਿੱਚ ਵਾਪਰੀ ਟੁੱਟ-ਭੱਜ, ਪਈਆਂ ਦਰਾੜਾਂ ਅਤੇ ਆਰੋਪਿਤ ਬਾਹਰਮੁਖੀ ਤਬਦੀਲੀ ਨੇ ਇਨ੍ਹਾਂ ਸੱਭਿਆਚਾਰਕ ਇਕਾਈਆਂ ਲਈ ਅਨੇਕਾਂ ਮਾਨਸਿਕ ਸੰਕਟ,

ਵਿਸੰਗਤੀਆਂ, ਪੇਚੀਦਗੀਆਂ ਅਤੇ ਕਲੇਸ਼ ਹੀ ਪੈਦਾ ਨਹੀਂ ਕੀਤੇ ਸਗੋਂ ਇਨ੍ਹਾਂ ਦੀ ਨਿਵੇਕਲੀ ਸੱਭਿਆਚਾਰਕ ਪਹਿਚਾਣ ਵਿਰੂਪਤ ਹੋ ਜਾਣ ਅਤੇ ਗਵਾਚ ਜਾਣ ਦੀ ਸਥਿਤੀ ਵੀ ਪੈਦਾ ਕੀਤੀ ਹੈ।(29)

ਇਹਨਾਂ ਪਰੰਪਰਾਗਤ ਰਸਮ-ਰਿਵਾਜਾਂ, ਨੈਤਿਕ ਕਦਰਾਂ-ਕਦਰਾਂ ਤੇ ਮੁੱਲਾਂ ਦਾ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥਕ ਪੱਖ ਤੋਂ ਡਾ. ਹੁਕਮ ਚੰਦ ਰਾਜਪਾਲ ਆਪਣੀ ਪੁਸਤਕ *ਆਧੁਨਿਕ ਕਾਵਿਯ ਮੇਂ ਨਵੀਨ ਜੀਵਨ ਮੁੱਲਯ* 'ਚ ਲਿਖਦੇ ਹਨ ਕਿ:

> ਮਨੁੱਖ ਜਦੋਂ ਵੀ ਆਪਣੇ ਕਰਤੱਬ ਤੋਂ ਗਿਰਿਆ ਤਾਂ ਉਸਦੇ ਪਿੱਛੇ ਅਰਥ ਵੀ ਅਸੀਮ ਅਭਿਲਾਸ਼ਾ ਰਹੀ ਹੈ। ਅੱਜ ਦੇ ਯੁੱਗ ਵਿੱਚ ਤਾਂ ਜੀਵਨ ਮੁੱਲਾਂ ਵਿੱਚ ਅਰਥ ਮੁੱਲ ਦੀ ਸੁਤੰਤਰ ਮਹੱਤਤਾ ਵਿਖਾਈ ਦਿੰਦੀ ਹੈ। ਜਿਸ ਕੋਲ ਧਨ ਹੈ, ਉਹ ਸਭ ਕੁਝ ਹੈ। ਇਸ ਲਈ ਅੱਜ ਦੇ ਯੁੱਗ ਨੂੰ ਅਰਥ ਯੁੱਗ ਕਹਿਣਾ ਸਹੀ ਰਹੇਗਾ।(29)

ਇੰਞ ਅਜਿਹੇ ਸਮਾਜ ਵਿੱਚ ਔਰਤ ਦਾ ਦਰਜਾ ਮਰਦ ਦੇ ਸਮਾਨ ਨਹੀਂ ਹੁੰਦਾ। ਇਸ ਸਮਾਜ ਵਿੱਚ ਔਰਤ ਵਿਆਹ ਤੋਂ ਪਹਿਲਾਂ ਧੀ ਦੇ ਰੂਪ ਵਿੱਚ ਆਪਣੇ ਪਿਤਾ ਦੇ ਅਧੀਨ, ਵਿਆਹੇ ਜਾਣ ਉਪਰੰਤ ਪਤਨੀ ਦੇ ਰੂਪ ਵਿੱਚ ਆਪਣੇ ਪਤੀ ਦੇ ਅਧੀਨ ਅਤੇ ਫੇਰ ਮਾਂ ਦੇ ਰੂਪ ਵਿੱਚ ਆਪਣੇ ਪੁੱਤਰਾਂ ਅਧੀਨ ਵਿਚਰਦੀ ਹੈ। ਇਸ ਤਰ੍ਹਾਂ ਅਜਿਹੇ ਸਮਾਜ ਵਿੱਚ ਔਰਤ ਦੀ ਨਾ ਕੋਈ ਆਪਣੀ ਸੁਤੰਤਰ ਹੋਂਦ ਹੁੰਦੀ ਹੈ ਅਤੇ ਨਾ ਹੀ ਇੱਛਾ। ਸੋ, ਸੁਖਜੀਤ ਤੇ ਵੀਨਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਔਰਤ-ਮਰਦ ਸੰਬੰਧਾਂ ਵਿੱਚ ਵਾਪਰ ਰਹੀ ਤਬਦੀਲੀ, ਰਿਸ਼ਤਿਆਂ ਦੀ ਵਿਗੜਦੀ ਵਿਆਕਰਣ, ਆਧੁਨਿਕ ਮਨੁੱਖ ਦੀ ਦਵੰਦਮਈ ਪੀੜਾਗ੍ਰਸਤ ਮਾਨਸਿਕਤਾ, ਦੰਭੀ, ਪਾਖੰਡੀ ਤੇ ਮੌਕਾਪ੍ਰਸਤ ਸਵੈ ਕੇਂਦਰਿਤ ਸੋਚ ਦਾ ਮਾਲਕ ਇਨਸਾਨ, ਅਜੋਕੇ ਕੰਪੀਟੀਸ਼ਨ ਦੇ ਯੁੱਗ ਵਿੱਚ ਆਪਣੇ ਪੈਰੀਂ ਖੜ੍ਹੇ ਹੋਣ ਦੀ ਸਮੱਸਿਆ, ਨੈਤਿਕ ਕਦਰਾਂ-ਕੀਮਤਾਂ ਵਿੱਚਲੀ ਗਿਰਾਵਟ, ਵਿਸ਼ਵੀਕਰਨ ਦੇ ਦੌਰ ਵਿੱਚ ਬਦਲ ਰਹੇ ਸਮਾਜਿਕ ਮੁੱਲਾਂ ਆਦਿ ਦੁਆਰਾ ਪਰੰਪਰਾਗਤ ਰਸਮ-ਰਿਵਾਜ ਅਧੀਨ ਵਿਚਰਦੇ ਔਰਤ-ਮਰਦ ਦੇ ਸੰਘਰਸ਼ ਨੂੰ ਚੰਗੇ ਤੇ ਮਾੜੇ ਪੱਖ ਤੋਂ

ਸਮਾਨਤਾਵਾਂ ਤੇ ਵੱਖਰਤਾਵਾਂ ਵਜੋਂ ਹੇਠ ਅਨੁਸਾਰ ਵਿਚਾਰਿਆ ਤੇ ਘੋਖਿਆ ਗਿਆ ਹੈ:

**(ੳ) ਚੰਗੇ ਪੱਖ:** ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਪਰੰਪਰਾਗਤ ਰਹੁ-ਰੀਤਾਂ ਅਧੀਨ ਵਿਚਰਦੇ ਔਰਤ-ਮਰਦ ਦੇ ਸੰਘਰਸ਼ ਨੂੰ ਉਭਾਰਿਆ ਗਿਆ ਹੈ। ਇਹਨਾਂ ਦੀਆਂ ਕਹਾਣੀਆਂ ਵਿੱਚ ਪਿੱਤਰ ਪ੍ਰਧਾਨ ਤੇ ਮਰਦ ਪ੍ਰਧਾਨ ਸਮਾਜ ਦਾ ਬੋਲ-ਬਾਲਾ ਹੈ। ਪਿੱਤਰ ਪ੍ਰਧਾਨ ਸਮਾਜ ਅਤੇ ਸੰਸਕ੍ਰਿਤੀ ਮਰਦ ਕੇਂਦਰਿਤ ਅਤੇ ਮਰਦ ਦੁਆਰਾ ਨਿਯੰਤ੍ਰਿਤ ਹੁੰਦੀ ਹੈ। ਇਸਦਾ ਸਮੁੱਚਾ ਸੰਗਠਨ ਇਸ ਤਰ੍ਹਾਂ ਕਿਰਿਆਸ਼ੀਲ ਹੁੰਦਾ ਹੈ ਕਿ ਪਰਿਵਾਰ, ਆਰਥਿਕਤਾ, ਕਾਨੂੰਨ, ਰਾਜਨੀਤੀ, ਕਲਾ ਆਦਿ ਸਮੱਗਰ ਖੇਤਰਾਂ ਵਿੱਚ ਮਰਦ ਦੀ ਹੀ ਸੱਤਾ ਸਥਾਪਿਤ ਹੁੰਦੀ ਹੈ, ਪਰ ਅਜੋਕੇ ਸਮੇਂ ਔਰਤ ਮਰਦ ਸੱਤਾ ਨੂੰ ਵੰਗਾਰਦੀ ਹੋਈ ਸਮਾਜਿਕ, ਆਰਥਿਕ, ਰਾਜਨੀਤਿਕ ਸੰਰਚਨਾ ਅਤੇ ਕਿਰਿਆਵਾਂ ਦੀ ਅਜਿਹੀ ਵਿਵਸਥਾ ਘੜ੍ਹਦੀ ਹੈ, ਜਿਸ ਵਿੱਚ ਔਰਤ ਆਪਣੀ ਸਥਾਪਤੀ ਤੇ ਸਵੈ-ਹੋਂਦ ਦੇ ਸੰਘਰਸ਼ ਦੁਆਰਾ ਆਪਣੀ ਤਾਕਤ ਦੇ ਯਥਾਰਥਕ ਰੂਪ ਨੂੰ ਚੰਗੇ ਪੱਖ ਵਜੋਂ ਉਭਾਰਦੀ ਹੈ। ਔਰਤ ਦੀ ਸਥਿਤੀ ਬਾਰੇ *ਸੱਤਾ ਦਾ ਪ੍ਰਵਚਨ ਅਤੇ ਪੰਜਾਬੀ ਕਵਿਤਾ* ਪੁਸਤਕ ਵਿੱਚ ਤਸਕੀਨ ਦਾ ਕਹਿਣਾ ਹੈ ਕਿ:

> ਆਜ਼ਾਦੀ ਦਾ ਅਰਥ ਸਮਾਜ ਨਾਲੋਂ ਟੁੱਟਣਾ ਨਹੀਂ, ਸਗੋਂ ਆਪਣੀ ਹੋਂਦ ਵਾਸਤੇ ਆਜ਼ਾਦੀ ਦੀ ਤਲਾਸ਼ ਜ਼ਰੂਰੀ ਹੁੰਦੀ ਹੈ ਅਤੇ ਇਹ ਸਮਾਜ ਵਿਚੋਂ ਹੀ ਉਤਪੰਨ ਹੁੰਦੀ ਹੈ, ਜਿੱਥੇ ਇਕੱਲਤਾ ਨਹੀਂ, ਸਗੋਂ ਸਾਵੀ ਹੋਂਦ ਦੀ ਜ਼ਰੂਰਤ ਹੁੰਦੀ ਹੈ।(56)

ਵੀਨਾ ਵਰਮਾ ਦੀ ਕਹਾਣੀ 'ਤੂੰ ਕੌਣ ਹੈਂ' ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਪਰੰਪਰਾਗਤ ਰਸਮ-ਰਿਵਾਜ ਅਧੀਨਗੀ ਨੂੰ ਨਾ ਸਵੀਕਾਰ ਕਰਦੇ ਹੋਏ ਔਰਤ-ਮਰਦ ਦੇ ਸੰਘਰਸ਼ ਨੂੰ ਪੇਸ਼ ਕੀਤਾ ਗਿਆ ਹੈ, ਕਿਵੇਂ ਔਰਤ ਸੰਕਟ ਭੋਗਦੀ ਹੋਈ ਦੁਚਿੱਤੀ ਦੀ ਅਵਸਥਾ ਵਿੱਚ ਨਿਕਲਕੇ ਚੰਗੇ ਪੱਖ ਦੁਆਰਾ ਅਸਲ ਸੱਚ ਨੂੰ ਬਿਆਨ ਕਰਦੀ ਹੈ। ਨਾਇਕਾ ਮਾਨਸਿਕ ਤੌਰ ਤੇ ਬੇਸ਼ੱਕ ਸੰਕਟ ਭੋਗਦੀ ਹੈ, ਪਰ ਰੂੜ੍ਹੀਵਾਦ ਸੋਚ ਨੂੰ ਤਿਆਗ ਕੇ ਆਪਣੀ ਜ਼ਿੰਦਗੀ ਦਾ ਫੈਸਲਾ ਖੁਦ ਲੈ ਕੇ ਆਪਣੀ ਹੋਂਦ ਦਾ ਅਹਿਸਾਸ ਮਰਦ ਨੂੰ ਕਰਵਾਉਂਦੀ ਪੇਸ਼ ਹੋਈ ਹੈ। ਕਹਾਣੀ ਦੀ ਨਾਇਕਾ ਕਿਰਨ ਤਲਾਕਸ਼ੁਦਾ ਤੇ ਇੱਕ ਬੱਚੇ ਦੀ ਮਾਂ ਹੈ ਤੇ ਉਹ

ਆਪਣੇ ਪਤੀ ਨਾਲੋਂ ਅਲੱਗ ਰਹਿੰਦੀ ਹੈ। ਜਦੋਂ ਉਹ ਆਪਣੇ ਕਿਰਾਏਦਾਰ ਸੁਖਪਾਲ ਦੇ ਸੰਪਰਕ ਵਿੱਚ ਆਉਂਦੀ ਹੈ ਤਾਂ ਉਸ ਪ੍ਰਤੀ ਆਕਰਸ਼ਿਤ ਹੋ ਕੇ ਉਸ ਨਾਲ ਸਰੀਰਕ ਸੰਬੰਧ ਕਾਇਮ ਕਰ ਲੈਂਦੀ ਹੈ। ਪਰ ਜਦੋਂ ਸੁਖਪਾਲ ਆਪਣੇ ਆਪ ਨੂੰ ਘਰ ਦਾ ਮਾਲਕ ਸਮਝਣ ਲੱਗਦਾ ਹੈ ਤਾਂ ਇਸ ਖੁੱਲ ਲਈ ਕਿਰਨ ਬਿਲਕੁਲ ਤਿਆਰ ਨਹੀਂ ਹੁੰਦੀ। ਉਹ ਮਰਦ ਨੂੰ ਆਪਣੀ ਜ਼ਿੰਦਗੀ ਦੀ ਮੰਜ਼ਿਲ ਨਹੀਂ ਮੰਨਦੀ, ਸਗੋਂ ਉਹ ਸਿਰਫ਼ ਆਪਣੀਆਂ ਸ਼ਰਤਾਂ ਤੇ ਹੀ ਜਿਊਣਾ ਚਾਹੁੰਦੀ ਹੈ। ਜਦੋਂ ਉਹ ਸੁਖਪਾਲ ਨੂੰ ਉਸਦੀ ਅਸਲੀਅਤ ਤੋਂ ਜਾਣੂੰ ਕਰਵਾ ਕਿ ਇਹ ਅਹਿਸਾਸ ਕਰਵਾਉਂਦੀ ਹੈ ਕਿ ਔਰਤ ਹੁਣ ਹੀਣੀ ਨਹੀਂ, ਸਗੋਂ ਆਤਮ ਨਿਰਭਰ ਹੋ ਚੁੱਕੀ ਹੈ। ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਪਿੱਤਰ ਪ੍ਰਧਾਨ/ਮਰਦ ਪ੍ਰਧਾਨ ਸਮਾਜ ਨੂੰ ਹੀ ਨਹੀਂ ਉਘਾੜਦੀਆਂ ਬਲਕਿ ਇਸ ਪ੍ਰਤੀ ਅਜੋਕੀ ਨਾਰੀ ਦੇ ਪ੍ਰਤੀਉੱਤਰ ਦੀਆਂ ਬਹੁ ਸੰਭਾਵਨਾਵਾਂ ਨੂੰ ਸਮਾਨਤਾਵਾਂ ਦੇ ਚੰਗੇ ਪੱਖ ਵਜੋਂ ਉਲੀਕਦੀਆਂ ਹਨ। ਇਨ੍ਹਾਂ ਦੀਆਂ ਕਹਾਣੀਆਂ ਵਿੱਚ ਪ੍ਰਸਤੁਤ ਹੋਈਆਂ ਕਥਾ ਨਾਇਕਾਵਾਂ ਮਰਦ ਪ੍ਰਧਾਨ ਸਮਾਜ ਵਿੱਚ ਡਰੀਆਂ-ਸਹਿਮੀਆਂ, ਰੋਂਦੀਆਂ-ਕੁਰਲਾਉਂਦੀਆਂ ਤੇ ਵਾਸਤੇ ਪਾਉਂਦੀਆਂ ਔਰਤਾਂ ਨਹੀਂ, ਬਲਕਿ ਇਹ ਮਰਦਾਵੇਂ ਸਮਾਜ ਨਾਲ ਸਿੱਧੀ-ਸਿੱਧੀ ਟੱਕਰ ਲੈ ਰਹੀਆਂ ਹਨ। ਸੁਖਜੀਤ ਦੀ ਕਹਾਣੀ 'ਹਜ਼ਾਰ ਕਹਾਣੀਆਂ ਦਾ ਬਾਪ' ਵਿੱਚਲੀਆਂ' ਧੀਆਂ ਵੀ ਆਤਮ ਵਿਸ਼ਵਾਸ ਨਾਲ ਭਰਪੂਰ ਅਜੋਕੀ ਔਰਤ ਦੇ ਚੰਗੇ ਪੱਖ ਵਾਲੇ ਬਿੰਬ ਨੂੰ ਸਾਕਾਰ ਕਰਦੀਆਂ ਹਨ। ਇਹ ਆਪਣੇ ਆਪ ਦੀ ਸੁਰੱਖਿਆ ਕਰਨ ਵਿੱਚ ਸਮਰੱਥ ਹਨ। ਉਹ ਆਪਣੇ ਉੱਤੇ ਮੰਦੀ ਨਜ਼ਰ ਰੱਖਣ ਵਾਲੇ ਗਿੱਲ ਨੂੰ ਖੁਦ ਹੀ ਢਾਹ ਲੈਂਦੀਆਂ ਹਨ। ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਨੇ ਆਪਣੀਆਂ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਔਰਤਾਂ ਨੂੰ ਪਰੰਪਰਾਗਤ ਰਹੁ-ਰੀਤਾਂ ਵਿਚੋਂ ਬਾਹਰ ਕੱਢ ਕੇ ਉਭਾਰਿਆ ਹੈ। ਸੋ ਇਸ ਉਭਾਰ ਵਿਚੋਂ ਹੀ ਔਰਤਾਂ ਦਾ ਸਵੈ-ਆਤਮ ਨਿਰਭਰਤਾ ਵਾਲਾ ਚੰਗਾ ਪੱਖ ਸਮਾਨਤਾਵਾਂ ਵਜੋਂ ਉੱਭਰਦਾ ਸਪੱਸ਼ਟ ਦਿਖਾਈ ਦਿੰਦਾ ਹੈ। ਜਿਵੇਂ ਕਿ ਪਹਿਲਾਂ ਗੱਲ ਕਰਦੇ ਹਾਂ ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ *ਜੋਗੀਆਂ ਦੀ ਧੀ* ਦੀ ਕਹਾਣੀ ਤੂੰ ਕੌਣ ਹੈ ਦੀ:

> ਨਹੀਂ, ਤੂੰ ਮੈਨੂੰ ਗੁਮਰਾਹ ਨਹੀਂ ਕੀਤਾ। ਦੁੱਧ ਪੀਂਦੀ ਬੱਚੀ ਨਹੀਂ ਹਾਂ ਮੈਂ। ਜੇ ਤੂੰ ਮੈਨੂੰ ਭੋਗ ਰਿਹਾ ਹੈ ਤਾਂ ਮੈਂ ਤੈਨੂੰ ਭੋਗ ਰਹੀਂ ਹਾਂ। ਕੋਈ ਮੇਰੇ ਨਾਲ ਜ਼ਬਰਦਸਤੀ ਨਹੀਂ ਕੀਤੀ ਤੂੰ। ਜੋ ਵੀ ਹੋਇਐ ਮੇਰੀ

> ਕੰਸੈਂਟ ਨਾਲ ਹੋਇਐ। ਐਡਲਟ ਹਾਂ ਮੈਂ, ਆਪਣੇ ਕੰਮਾਂ ਲਈ ਖੁਦ ਰਿਸਪੌਂਸੀਵੱਲ ਹਾਂ। ਮੈਂ ਤੈਨੂੰ ਕੋਈ ਬਲੇਮ ਨਹੀਂ ਦੇ ਰਹੀ। ਦੋ ਜਵਾਨ ਜਿਸਮ ਨੇੜੇ ਹੋਣਗੇ ਤਾਂ ਇਹੀ ਕੁਝ ਹੋਵੇਗਾ। ਇਟਸ ਨੈਚੂਰਲ। ਆਈ ਡੌਂਟ ਰਿਗਰੈਟ! ਆਈ ਲਾਈਕ ਯੂਅਰ ਬਾਡੀ ਐਂਡ ਇਨਜੋਏ ਸੈਕਸ ਵਿਦ ਯੂ। ਦੈਸਿਟ। ਕਿਰਨ ਨੇ ਗੱਲ ਮੁਕਾਈ।(30)

ਇਸੇ ਤਰ੍ਹਾਂ ਔਰਤ ਦੇ ਸਵੈ-ਆਤਮ ਨਿਰਭਰ ਵਾਲੇ ਪੱਖ ਦੀ ਹਾਮੀ ਸੁਖਜੀਤ ਦੇ ਕਹਾਣੀ ਸੰਗ੍ਰਹਿ *ਹੁਣ ਮੈਂ ਇੰਜੁਆਇ ਕਰਦੀ ਆਂ* ਦੀ ਕਹਾਣੀ ਹਜਾਰ ਕਹਾਣੀਆਂ ਦਾ ਬਾਪ ਵੀ ਸ਼ਪਸਟ ਕਰ ਰਹੀ ਹੈ ਕਿ:

> ਉਹ ਉਸਨੂੰ ਬਕਰੇ ਵਾਂਗ ਕੋਹ ਰਹੀਆਂ ਸਨ ਵੱਡੀ ਚਪੇੜਾਂ ਮਾਰ ਰਹੀ ਸੀ ਦੂਜੀ ਮਸਤ ਲੱਤਾਂ ਤੇ ਤੀਜੀ ਨੇ ਉਹਦੀ ਦਾੜ੍ਹੀ ਫੜੀ ਸੀ ਅਤੇ ਚੀਕ ਰਹੀ ਸੀ, ਤੂੰ ਸਾਡੇ ਪਾਪਾ ਦਾ ਲਹੂ ਪੀ ਲਿਆ ਅੱਜ ਅਸੀਂ ਦੱਸਦੀਆਂ ਤੈਨੂੰ ਕਿ ਅਸੀਂ ਉਹਦੀਆਂ ਧੀਆਂ ਨਹੀਂ ਪੁੱਤ ਆਂ ਪੁੱਤ।(20)

**(ਅ) ਮਾੜੇ ਪੱਖ:** ਮਰਦ ਪ੍ਰਧਾਨ ਸਮਾਜ ਵਿੱਚ ਔਰਤ ਪੁਰਾਤਨ ਸਮੇਂ ਤੋਂ ਹੀ ਸੰਤਾਪ ਦਾ ਸਾਹਮਣਾ ਕਰਦੀ ਆਈ ਹੈ। ਕਈ ਵਾਰ ਤਾਂ ਅਜਿਹੀ ਸਥਿਤੀ ਵੀ ਪੈਦਾ ਹੁੰਦੀ ਹੋ ਜਾਂਦੀ ਹੈ ਕਿ ਪੁੱਤਰ ਵੀ ਆਪਣੀ ਮਾਂ ਦੇ ਆਚਰਨ ਤੇ ਸ਼ੱਕ ਕਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ। ਡਾ. ਹਰਿਭਜਨ ਸਿੰਘ ਦੀ ਪੁਸਤਕ *ਨਾਰੀ ਸ਼ਕਤੀ* ਅਨੁਸਾਰ:

> ਇਉਂ ਜਾਪਦਾ ਹੈ ਜਿਵੇਂ ਇਸਤਰੀ ਨੂੰ ਪੁਰਖ-ਪ੍ਰਧਾਨ ਸਮਾਜ ਵਿੱਚ ਪਰਵਾਨ ਹੋਣ ਲਈ ਹੀ ਰੋਲ ਮਿਲਿਆ ਹੈ, ਉਸੇ ਨੂੰ ਨਿਭਾਉਣ ਹਿਤ ਉਹ ਸਮਾਜਿਕ ਅਵਿੱਗਿਆ ਕਰ ਬੈਠੀਆਂ ਤੇ ਉਸ ਦੀ ਸਜ਼ਾ ਕਦੀ ਉਨ੍ਹਾਂ ਦੇ ਪ੍ਰੇਮੀਆਂ ਨੂੰ ਅਤੇ ਹਮੇਸ਼ਾ ਉਨ੍ਹਾਂ ਦੇ ਪੁੱਤਾਂ ਨੂੰ ਭੋਗਣੀ ਪਈ।(28)

ਜਿੱਥੇ ਸੁਖਜੀਤ ਦੀ ਕਹਾਣੀ 'ਜੀ ਬੀਬੀ ਜੀ' ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਇਸੇ ਮਰਦ ਪ੍ਰਧਾਨ ਸਮਾਜ ਨੂੰ ਸ਼ਬਦੀ ਜਾਮਾ ਪਹਿਣਾਉਂਦੀ ਹੈ। 'ਜੀ ਬੀਬੀ ਜੀ' ਕਹਾਣੀ ਵਿੱਚਲੀ ਮੁੱਖ ਕਿਰਦਾਰ ਸਿਮਰਨ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਮਰਦ ਪ੍ਰਧਾਨ ਸਮਾਜ ਦੀ ਵਧੀਕੀ ਦਾ ਸ਼ਿਕਾਰ ਦਰਸਾਇਆ ਗਿਆ ਹੈ। ਉਸਦੇ ਜਨਮ ਤੋਂ ਜਵਾਨੀ ਤਕ ਤੈਅ ਕੀਤੀ ਗਈ ਜੀਵਨ ਯਾਤਰਾ ਮਰਦ

ਪ੍ਰਧਾਨ ਸਮਾਜ ਵਿੱਚਲੇ ਲਿੰਗ ਆਧਾਰਿਤ ਵਿਤਕਰੇ ਨੂੰ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਨਾਲ ਪਰੰਪਰਾਗਤ ਰਹੁ-ਰੀਤਾਂ ਅਧੀਨ ਵਿਚਰਦੀ ਔਰਤ ਦੇ ਸੰਘਰਸ਼ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ, ਉੱਥੇ ਵੀਨਾ ਵਰਮਾ ਦੀ ਕਹਾਣੀ 'ਮੁੰਡਾ ਪਸੰਦ ਹੈ' ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਪਰੰਪਰਾਗਤ ਰਹੁ-ਰੀਤਾਂ ਨੂੰ ਤੋੜਕੇ ਆਤਮ-ਨਿਰਭਰ/ਚੇਤਨ ਕੁੜੀਆਂ ਲਈ ਯੋਗ ਵਰ ਦੀ ਤਲਾਸ਼ ਕਰਦੀਆਂ ਨੂੰ ਰੂਪਮਾਨ ਕੀਤਾ ਗਿਆ ਹੈ, ਪਰ ਬਾਅਦ ਵਿੱਚ ਵਿਆਹ ਨਾਲੋਂ ਇਕੱਲੇ ਤੌਰ 'ਤੇ ਜ਼ਿੰਦਗੀ ਜਿਊਣ ਨੂੰ ਪਹਿਲ ਦੇ ਆਧਾਰ ਤੇ ਰੱਖਣ ਨੂੰ ਪੇਸ਼ ਕੀਤਾ ਗਿਆ ਹੈ। ਕਹਾਣੀ ਦੀ ਨਾਇਕਾ ਪ੍ਰਿਯਾ ਜਦ ਦੂਸਰਾ ਵਿਆਹ ਕਰਵਾਉਣ ਲਈ ਕਰਨਬੀਰ ਨੂੰ ਮਿਲਦੀ ਹੈ ਤਾਂ ਦੋਨਾਂ ਦੇ ਵਿਚਾਰਾਂ ਦੀ ਸਾਂਝ ਨਾ ਹੋਣ ਕਰਕੇ ਉਸਨੂੰ ਨਾ ਪਸੰਦ ਕਰ ਦਿੰਦੀ ਹੈ। ਜਦੋਂ ਕਰਨਬੀਰ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਪ੍ਰਿਯਾ ਨੂੰ ਔਰਤਾਂ ਬਾਰੇ ਮਾੜੇ ਪੱਖ ਵਜੋਂ ਇੱਕ ਵਿਸ਼ੇਸ਼ ਟਿੱਪਣੀ ਕਰਦਾ ਹੈ ਤਾਂ ਕਰਨਬੀਰ ਦੇ ਇਸ ਜੁਆਬ ਨੇ ਪ੍ਰਿਯਾ ਦੇ ਮਨ ਵਿੱਚ ਕਰਨਬੀਰ ਪ੍ਰਤੀ ਨਫ਼ਰਤ ਪੈਦਾ ਕਰ ਦਿੱਤੀ। ਉਹ ਔਰਤ ਦੀ ਆਜ਼ਾਦੀ ਅਤੇ ਜਾਗਰੂਕਤਾ ਬਾਰੇ ਕਰਨਬੀਰ ਨੂੰ ਹੋਰ ਨਾ ਸਮਝਾਉਂਦੀ ਹੋਈ ਵਿਆਹ ਤੋਂ ਇਨਕਾਰ ਕਰ ਦਿੰਦੀ ਹੈ। ਸੋ, ਇਸ ਦਾ ਸਪੱਸ਼ਟੀਕਰਨ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਪਰੰਪਰਾਗਤ ਰਸਮ-ਰਿਵਾਜ ਅਧੀਨ ਵਿਚਰਦੇ ਔਰਤ-ਮਰਦ ਦੇ ਵਿਚਾਰਧਾਰਿਕ ਸੰਘਰਸ਼ ਦਾ ਮਾੜੇ ਪੱਖ ਦੇ ਉਭਾਰ ਦੁਆਰਾ ਸਮਾਨਤਾਵਾਂ ਵਜੋਂ ਸਪੱਸ਼ਟ ਹੋ ਜਾਂਦਾ ਹੈ। ਜਿਵੇਂ ਕਿ ਸੁਖਜੀਤ ਦੇ *ਮੈਂ ਹੁਣ ਇੰਜੁਆਇ ਕਰਦੀ ਆਂ* ਕਹਾਣੀ ਸੰਗ੍ਰਹਿ ਦੀ ਜੀ ਬੀਬੀ ਜੀ ਕਹਾਣੀ ਦਰਸਾਉਂਦੀ ਹੈ ਕਿ:

> ਜਦੋਂ ਉਹ ਵੱਡੀ ਹੋ ਰਹੀ ਸੀ ਓਦੋਂ ਦਾਦੇ ਅਤੇ ਪਿਉ ਦੇ ਚੰਗੇ ਮੰਦੇ ਬੋਲਾਂ ਮੂਹਰੇ ਦਾਦੀ ਅਤੇ ਮਾਂ ਨੂੰ ਚੁੱਪ ਵੇਖਕੇ ਸੋਚਿਆ ਕਰਦੀ ਸੀ ਕਿ ਔਰਤ ਤੇ ਮਰਦ ਦੇ ਹੋਰ ਫ਼ਰਕਾਂ ਨਾਲ ਇੱਕ ਫਰਕ ਇਹ ਵੀ ਹੁੰਦਾ ਹੈ ਕਿ ਔਰਤਾਂ ਦੇ ਕੰਨ ਹੁੰਦੇ ਹਨ ਤੇ ਮਰਦਾਂ ਦੀ ਜ਼ੁਬਾਨ। ਤਾਂ ਹੀ ਹੁਣ ਆਪਣੇ ਘਰ ਵਿੱਚ ਕਿਸੇ ਮਰਦ ਦੇ ਬੋਲ ਨਹੀਂ ਸੁਣ ਸਕਦੀ। ਉਹ ਬੋਲ ਤਾਂ ਉਕਾ ਹੀ ਨਹੀਂ ਜਿਹੜਾ ਉਸਦਾ ਨਾਨਾ, ਦਾਦਾ ਤੇ ਪਿਉ ਬੋਲਿਆ ਕਰਦਾ ਸੀ।(82)

ਇਸੇ ਤਰ੍ਹਾਂ ਉਪਰੋਕਤ ਸੰਘਰਸ਼ ਦੇ ਪੱਖ ਨੂੰ ਵੀਨਾ ਵਰਮਾ ਆਪਣੇ ਕਹਾਣੀ ਸੰਗ੍ਰਹਿ *ਜੋਗੀਆਂ ਦੀ ਧੀ* ਦੀ ਕਹਾਣੀ ਮੁੰਡਾ ਪਸੰਦ ਹੈ ਵਿੱਚ ਇਸ ਤਰ੍ਹਾਂ ਪੇਸ਼ ਕਰਦੀ ਹੈ:

> ਔਰਤ ਨੂੰ ਤਾਂ ਲੜਨ ਦੀ ਆਦਤ ਪੈ ਗਈ ਹੈ। ਕਈ ਵਾਰੀ ਉਹ ਬਗ਼ੈਰ ਕਾਰਨ ਹੀ ਲੜੀ ਜਾਂਦੀ ਹੈ, ਕਿਉਂਕਿ ਉਹਨੇ ਆਪਣੀ ਇਮਪੋਰਟੈਂਸ ਪਰੂਵ ਕਰਨੀ ਹੁੰਦੀ ਹੈ। ਸਦੀਆਂ ਤੋਂ ਮਰਦ ਤੋਂ ਬਦਲਾ ਲੈਣ ਦਾ ਖੁਦ ਨਾਲ ਵਾਅਦਾ ਕਰ ਕੇ ਔਰਤ ਮਰਦ ਦਾ ਜਿਊਣਾ ਹਰਾਮ ਕਰ ਰਹੀ ਹੈ।(242)

ਇਸ ਤਰ੍ਹਾਂ ਵੀਨਾ ਵਰਮਾ ਅਤੇ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਨਾਲ ਚਿਤਰਨ ਸਮਾਨਤਾਵਾਂ ਤੇ ਵੱਖਰਤਾਵਾਂ ਦੇ ਪੱਖ ਤੋਂ ਪਰੰਪਰਾਗਤ ਰਹੁ-ਰੀਤਾਂ ਅਧੀਨ ਵਿਚਰਦੇ ਔਰਤ-ਮਰਦ ਦੇ ਵਿਚਾਰਧਾਰਿਕ ਸੰਘਰਸ਼ ਨੂੰ ਮਾੜੇ ਪੱਖ ਰਾਹੀਂ ਉਭਾਰਿਆ ਗਿਆ ਹੈ। ਮੂਲ ਤੌਰ ’ਤੇ ਔਰਤ ਨੂੰ ਸੰਘਰਸ਼ ਤੇ ਦੁਖਾਂਤ ਦਾ ਭਾਗੀ ਬਣਾਇਆ ਜਾਂਦਾ ਹੈ। ਜਿੱਥੇ ਸਮਾਨਤਾਵਾਂ ਦੇ ਪੱਖ ਤੋਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਔਰਤ-ਮਰਦ ਪਾਤਰ ਪਰੰਪਰਾਗਤ ਰਹੁ-ਰੀਤਾਂ ਦੀਆਂ ਸ਼ਿਕਾਰ ਹੁੰਦੇ ਜ਼ਿੰਦਗੀ ਗੁਜ਼ਾਰਦੇ ਹਨ, ਉੱਥੇ ਵੱਖਰਤਾਵਾਂ ਦੇ ਪੱਖ ਤੋਂ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਔਰਤ-ਮਰਦ ਪਾਤਰ ਹਿੰਮਤ ਨਹੀਂ ਹਾਰਦੇ, ਬਲਕਿ ਆਪਣੀ ਹੋਂਦ ਦੀ ਸਥਾਪਤੀ ਲਈ ਜੱਦੋ-ਜਹਿਦ ਕਰਦੇ ਹਨ। ਉਦਾਹਰਨ ਵਜੋਂ ਵੀਨਾ ਵਰਮਾ ਦੀਆਂ ਕਹਾਣੀਆਂ ‘ਤੂੰ ਕੌਣ ਹੈ’, ‘ਮੁੰਡਾ ਪਸੰਦ ਹੈ’ ਅਤੇ ‘ਮੈਂ ਕੀ ਹਾਂ’ ਵਿੱਚ ਵੀ ਅਜਿਹੇ ਔਰਤ-ਮਰਦ ਪਾਤਰ ਹਨ, ਜਿਹੜੇ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਅਲੱਗ ਰਹਿ ਕੇ ਪਰੰਪਰਾਗਤ ਰਹੁ-ਰੀਤਾਂ ਦੀ ਉਲੰਘਣਾ ਕਰਕੇ ਆਜ਼ਾਦ ਜ਼ਿੰਦਗੀ ਜਿਊਣ ਦੀ ਚਾਹਤ ਰੱਖਦੇ ਹਨ। ਸੁਖਜੀਤ ਤੇ ਵੀਨਾ ਵਰਮਾ ਨੇ ਕਹਾਣੀਆਂ ਵਿੱਚ ਅਜਿਹੇ ਔਰਤ-ਮਰਦ ਦੀ ਵਿਚਰਨ ਦੀ ਇੱਛਾ ਨੂੰ ਧਿਆਨ ਵਿੱਚ ਰੱਖਦੇ ਹੋਏ ਉਜਾਗਰ ਕੀਤਾ ਹੈ। ਵੀਨਾ ਵਰਮਾ ਦੀ ‘ਮੈਂ ਕੀ ਹਾਂ’ ਕਹਾਣੀ ਵਿੱਚ ਵੀ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਪਰੰਪਰਾਗਤ ਰਹੁ-ਰੀਤਾਂ ਨੂੰ ਤੋੜਕੇ ਔਰਤ ਪਾਤਰ ਰਿਸ਼ਤੇ-ਨਾਤਿਆਂ ਨੂੰ ਛੱਡ ਕੇ ਇਕੱਲੀ ਰਹਿਣ ਅਤੇ ਖੁੱਲ੍ਹੀ ਜ਼ਿੰਦਗੀ ਜਿਊਣ ਦੀ ਚਾਹਤ ਰੱਖਦੀ ਹੈ। ਇਸ ਸਭ ਨੂੰ ਕਰਨ ਵਿੱਚ ਉਹ

ਸਫ਼ਲਤਾ ਵੀ ਪ੍ਰਾਪਤ ਕਰਦੀ ਹੈ ਅਤੇ ਅਜਿਹੀ ਮਰਦਾਂਵੀ ਸੋਚ ਅਤੇ ਸਮਾਜ ਉੱਪਰ ਪ੍ਰਸ਼ਨ ਚਿੰਨ੍ਹ ਰਾਹੀਂ ਤਿੱਖਾ ਵਿਅੰਗ ਵੀ ਕਰਦੀ ਹੈ। ਉਹ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਪਰੰਪਰਾਗਤ ਰਹੁ-ਰੀਤਾਂ ਨੂੰ ਤੋੜਕੇ ਹਰ ਤਰ੍ਹਾਂ ਦੇ ਜਾਇਜ਼-ਨਜਾਇਜ਼ ਰਿਸ਼ਤੇ-ਨਾਤਿਆਂ ਨਾਲੋਂ ਇਕੱਲੇ ਜ਼ਿੰਦਗੀ ਜਿਊਣ ਨੂੰ ਤਰਜੀਹ ਦਿੰਦੀਆਂ ਹੋਈਆਂ *ਜੋਗੀਆਂ ਦੀ ਧੀ* ਦੀ ਕਹਾਣੀ ਮੈਂ ਕੀ ਹਾਂ ਵਿੱਚ ਜੈਨੀ ਤੇ ਅੰਜੂ ਆਪਸੀ ਵਾਰਤਾਲਾਪ ਰਾਹੀਂ ਕਹਿੰਦੀਆਂ ਹਨ ਕਿ:

> ਤੇ ਮੈਂ ਤੈਨੂੰ ਸੱਚ ਦੱਸਾਂ, ਵਿਆਹ ਕਰਵਾਉਣ ਨੂੰ ਮੇਰਾ ਦਿਲ ਵੀ ਨਹੀਂ ਕਰਦਾ। ਅੰਜੂ ਨੇ ਬੋਲ ਟੇਰ ਕੇ ਕਿਹਾ।ਹੋਰ ਕੀ ਦਿਲ ਕਰਦਾ ਹੈ ਤੇਰਾ? ਜੈਨੀ ਜਾਣ ਬੁੱਝ ਕੇ ਅਣਜਾਣ ਬਣੀ। ਮੇਰਾ ਦਿਲ ਕਰਦਾ ਹੈ ਮੈਂ ਕਿਸੇ ਵਧੀਆ ਬੰਦੇ ਨਾਲ ਇਸ਼ਕ ਕਰਾਂ। ਅੰਜੂ ਦੇ ਚਿਹਰੇ ਤੇ ਗੁਲਾਬੀ ਮੁਸਕੁਰਾਹਟ ਫ਼ੈਲ ਗਈ। ਨਥਿੰਗ ਲਾਈਕ ਦੈਟ। ਆਈ ਐਗਰੀ। ਜੈਨੀ ਨੇ ਹਾਂ 'ਚ ਹਾਂ ਸਿਰ ਹਿਲਾਇਆ। ਕੋਈ ਨਜ਼ਾਇਜ਼ ਕੰਮ ਕਰਨ ਨੂੰ ਦਿਲ ਕਰਦਾ ਹੈ ਮੇਰਾ। ਸਾਰੇ ਬੰਧਨ, ਕਾਨੂੰਨ ਤੇ ਰਸਮੋ ਰਿਵਾਜ ਤੋੜ ਕੇ। ਇਸ ਤੋਂ ਅੱਗੇ ਉਸ ਤੋਂ ਗੱਲ ਨਾ ਹੋਈ। ਅੰਜੂ, ਦੁਨੀਆਂ ਦੀ ਸੁਰੂਆਤ ਹੀ ਨਜ਼ਾਇਜ਼ ਰਿਸ਼ਤੇ ਤੋਂ ਹੋਈ ਸੀ। ਐਡਮ ਤੇ ਈਵ ਦਾ ਰਿਸ਼ਤਾ।(138)

ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਇਸ ਵਰਤਾਰੇ ਉੱਤੇ ਦ੍ਰਿਸ਼ਟੀ ਕੇਂਦਰਿਤ ਹਨ ਕਿ ਸਥਿਤੀਆਂ-ਪਰਸਥਿਤੀਆਂ ਪੰਜਾਬੀ ਬੰਦੇ ਦੇ ਸਮੂਹਿਕ ਅਵਚੇਤਨ ਨੂੰ ਉਘਾੜਦੀਆਂ ਹਨ। ਇਹ ਸਮੂਹਿਕ ਅਵਚੇਤਨ ਲੋਕ ਰੂੜ੍ਹੀਆਂ ਦੇ ਰੂਪ ਵਿੱਚ ਮਰਦ ਅਵਚੇਤਨ ਉੱਤੇ ਅਸਰ ਅੰਦਾਜ਼ ਹੈ। ਮਰਦ ਮਾਨਸਿਕਤਾ ਇਸਦੇ ਬਲਬੂਤੇ ਉੱਤੇ ਆਪਣਾ ਪ੍ਰਭੂਤੱਵ ਬਣਾਈ ਰੱਖਦਾ ਹੈ। ਇਸ ਤਰ੍ਹਾਂ ਮਰਦ ਦੇ ਔਰਤ ਪ੍ਰਤੀ ਦ੍ਰਿਸ਼ਟੀਕੋਣ ਨੂੰ ਵੀਨਾ ਵਰਮਾ ਅਤੇ ਸੁਖਜੀਤ ਨੇ ਆਪਣੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਨਾਲ ਪਰੰਪਰਾਗਤ ਰਹੁ-ਰੀਤਾਂ ਵਿੱਚ ਜਕੜ ਕੇ ਚਿਤਰਿਆ ਹੋਇਆ ਰੂਪ ਸਮਾਨਤਾਵਾਂ ਦੇ ਪੱਖ ਤੋਂ ਪੇਸ਼ ਕੀਤਾ ਹੈ, ਕਿਉਂਕਿ ਜਦੋਂ ਮਰਦ ਦੀ ਔਰਤ ਪ੍ਰਤੀ ਜ਼ਿਆਦਤੀ ਜਾਂ ਅੱਯਾਸ਼ੀ ਵਧ ਜਾਂਦੀ ਹੈ ਤਾਂ ਵੀਨਾ ਵਰਮਾ ਅਤੇ ਸੁਖਜੀਤ ਦੀਆਂ ਨਾਇਕਾਵਾਂ ਆਪਣੀ ਹੋਂਦ ਸਥਾਪਤੀ ਲਈ ਜੱਦੋ-ਜਹਿਦ ਤੇ ਸੰਘਰਸ਼ ਕਰਦੀਆਂ

ਹਨ। ਕਿਸੇ ਹੱਦ ਤੱਕ ਸੁਖਜੀਤ ਦੀਆਂ ਕਹਾਣੀਆਂ ਵਿੱਚ ਵੀ ਔਰਤ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਪਰੰਪਰਾਗਤ ਰਹੁ-ਰੀਤਾਂ ਵਿੱਚ ਬੱਝੀ ਹੋਈ ਹੈ, ਜਿਸ ਕਰਕੇ ਉਹ ਸਮਾਜ ਦੁਆਰਾ ਕੀਤੇ ਜਾਂਦੇ ਸ਼ੋਸ਼ਣ ਦੇ ਵਿਰੁੱਧ ਆਵਾਜ਼ ਨਹੀਂ ਉਠਾਉਂਦੀਆਂ, ਬਲਕਿ ਇਨ੍ਹਾਂ ਅੱਤਿਆਚਾਰਾਂ ਨੂੰ ਚੁੱਪ-ਚਾਪ ਰਹਿ ਕੇ ਸਹਿ ਰਹੀਆਂ ਹਨ। ਜਿਵੇਂ ਕਿ ਕਹਾਣੀਕਾਰ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਸਪੱਸ਼ਟ ਮਾੜੇ ਪੱਖ ਵਜੋਂ ਸਮਾਨਤਾਵਾਂ ਤੋਂ ਸਪੱਸ਼ਟ ਦਿਖਾਈ ਦਿੰਦੀ ਹੈ ਜਿਵੇਂ ਕਿ ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ *ਜੋਗੀਆਂ ਦੀ ਧੀ* ਦੀ ਕਹਾਣੀ ਜੋਗੀਆਂ ਦੀ ਧੀ ਵਿੱਚ :

> ਕੋਈ ਕਲਚਰ ਨਹੀਂ ਹੁੰਦਾ ਸਾਡਾ। ਅਸੀਂ ਸਿਰਫ਼ ਔਰਤ ਹਾਂ ਤੇ ਇਹੀ ਸਾਡਾ ਕਲਚਰ ਹੈ। ਗੋਰੀਆਂ, ਕਾਲੀਆਂ, ਚਿੱਟੀਆਂ ਤੇ ਬਰਾਊਨ ਸਭ ਅੰਦਰੋਂ ਇੱਕ ਹਾਂ। ਆਪਣੀ ਹੋਂਦ ਲਈ ਲੜ ਰਹੀਆਂ ਅਸੀਂ ਜਦੋਂ ਬਾਹਰੋਂ ਮੱਦਦ ਮੰਗਦੀਆਂ ਹਾਂ ਤਾਂ ਸਾਡੀਆਂ ਕਮਜ਼ੋਰੀਆਂ ਦਾ ਫ਼ਾਇਦਾ ਉਠਾਉਂਦਾ ਹੈ ਮਰਦ। (152)

ਇਸੇ ਤਰ੍ਹਾਂ ਉਪਰੋਕਤ ਵੇਰਵੇ ਪ੍ਰਤੀ ਸੁਖਜੀਤ ਦੇ ਕਹਾਣੀ ਸੰਗ੍ਰਹਿ *ਹੁਣ ਮੈਂ ਇੰਜੁਆਇ ਕਰਦੀ ਆਂ* ਦੀ ਕਹਾਣੀ ਜੀ ਬੀਬੀ ਜੀ ਵੀ ਹਾਮੀ ਭਰਦੀ ਹੈ ਕਿ:

> ਪਰ ਪਿਓ ਨੇ ਆਉਂਦਿਆਂ ਹੀ ਮਾਂ ਨਾਲ ਕੁੱਤੇ ਖਾਣੀ ਕੀਤੀ ਸੀ। ਸਿਮਰਨ ਸਾਹਮਣੇ ਨਹੀਂ ਸੀ ਹੋਈ। ਮਾਂ ਨੂੰ ਰੋਂਦੀ ਨੂੰ ਸੁਣਦੀ ਰਹੀ ਸੀ। ਦੂਜੇ ਦਿਨ ਮਾਂ ਨੇ ਰੋਂਦੀ ਰੋਂਦੀ ਨੇ ਹੀ ਕਾਲਜ ਜਾਣ ਤੋਂ ਡੱਕ ਦਿੱਤਾ ਸੀ। ਸਿਮਰਨ ਰੁਕ ਗਈ ਸੀ। ਜਿੱਦ ਨਹੀਂ ਸੀ ਕੀਤੀ। ਮੇਘਨਾ ਆਈ ਸੀ, ਪਤਾ ਲੈਣ ਤਾਂ ਸਿਮਰਨ ਨੇ ਬਿਨਾਂ ਲੁਕਾਅ ਦੇ ਦੱਸ ਦਿੱਤਾ ਕਿ ਉਹ ਅੱਜ ਤੋਂ ਬਾਅਦ ਕਾਲਜ ਨਹੀਂ ਜਾਵੇਗੀ। ਪਰ ਤੇਰੀ ਐਮ.ਏ। ਖਸਮਾਂ ਨੂੰ ਖਾਂਦੀ ਐਮ.ਏ. ਮੈਂ ਮਾਂ ਨੂੰ ਰੋਂਦੀ ਨਹੀਂ ਵੇਖ ਸਕਦੀ।(81)

ਉਪਰੋਕਤ ਰੂਪ ਵਿੱਚ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਪਰੰਪਰਾਗਤ ਰਸਮ-ਰਿਵਾਜ ਅਧੀਨ ਵਿਚਰਦੇ ਔਰਤ-ਮਰਦ ਪਾਤਰ ਦਾ ਸੰਘਰਸ਼ ਆਪਣੀ ਵੱਖਰੀ ਮਾਨਵੀ ਹੋਂਦ ਦੀ ਪਹਿਚਾਣ ਕਰਦੇ

ਹੋਏ ਆਪਣਾ ਵੱਖਰਾ ਮੁਕਾਮ ਸਮਾਨਤਾਵਾਂ ਤੇ ਵੱਖਰਤਾਵਾਂ ਤੋਂ ਚੰਗੇ ਤੇ ਮਾੜੇ ਪੱਖ ਦੁਆਰਾ ਬਨਾਉਣਾ ਚਾਹੁੰਦੇ ਹਨ। ਜਿਵੇਂ ਕਿ ਔਰਤਾਂ ਪਿਤਾ, ਪਤੀ, ਪ੍ਰੇਮੀ ਜਾਂ ਸਮਾਜ ਦੀਆਂ ਵਧੀਕੀਆਂ ਨੂੰ ਬਰਦਾਸ਼ਤ ਕਰੀ ਜਾਣ ਦੀ ਥਾਂ ਆਪਣੇ ਸਵੈ-ਮਾਣ ਅਤੇ ਨਿੱਜਤਵ ਨੂੰ ਨਿਖਾਰਦੀਆਂ ਆਪਣੀ ਮਿਹਨਤ, ਹਿੰਮਤ ਤੇ ਸੂਝ-ਬੂਝ ਦੇ ਬਲਬੂਤੇ ਆਪਣਾ ਵੱਖਰਾ ਮੁਕਾਮ ਬਣਾਉਣ ਦੇ ਆਹਰ ਵਿੱਚ ਹਨ। ਉਨ੍ਹਾਂ ਨੇ ਆਪਣੇ ਮੁਕਾਮ ਦੀ ਪ੍ਰਾਪਤੀ ਲਈ ਮਰਦ ਪ੍ਰਧਾਨ ਸਮਾਜ ਦੁਆਰਾ ਦਰਪੇਸ਼ ਔਕੜਾਂ ਦੇ ਬਾਵਜੂਦ ਆਪਣੀ ਮਾਨਵੀ ਹੋਂਦ ਨੂੰ ਬਣਾਈ ਰੱਖਣ ਲਈ ਆਪਣੀਆਂ ਜ਼ਿੰਮੇਵਾਰੀਆਂ 'ਤੇ ਵੰਗਾਰਾਂ ਨੂੰ ਬੜੀ ਸ਼ਿੱਦਤ ਨਾਲ ਨਿਭਾਇਆ ਹੈ। ਜਦੋਂ ਕਿ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੀ ਔਰਤ ਪਾਤਰਾਂ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਪਰੰਪਰਾਗਤ ਰਹੁ-ਰੀਤਾਂ ਨੂੰ ਤੋੜਕੇ ਸਮਾਜ ਸਾਹਮਣੇ ਆਪਣੀ ਬਹਾਦਰੀ ਦਿਖਾਉਂਦੀ ਹੋਈ ਆਪਣੇ ਹੱਕ ਦੀ ਪ੍ਰਾਪਤੀ ਸਮਾਨਤਾਵਾਂ ਤੇ ਵੱਖਰਤਾਵਾਂ ਵਜੋਂ ਚੰਗੇ ਤੇ ਮਾੜੇ ਪੱਖ ਤੋਂ ਕਰਦੀ ਹੈ। ਉਹ ਸਮਾਜ ਦੀ ਪਰਵਾਹ ਨਹੀਂ ਕਰਦੀਆਂ, ਸਗੋਂ ਸਮਾਜ ਵਿੱਚ ਪੂਰੀ ਆਜ਼ਾਦੀ ਨਾਲ ਵਿਚਰਦੀਆਂ ਹੋਈਆਂ ਆਪਣੀ ਜ਼ਿੰਦਗੀ ਬਤੀਤ ਕਰਦੀਆਂ ਹਨ। ਉਨ੍ਹਾਂ ਲਈ ਮਰਦ ਪਾਤਰ ਸਹਾਰਾ ਨਹੀਂ, ਬਲਕਿ ਉਹ ਵੀ ਅਜ਼ਾਦ ਤੇ ਸੁਤੰਤਰ ਵਿਚਰਨ ਦੀ ਸਮਰੱਥਾ ਰੱਖਦੀਆਂ ਹਨ।

### 5.2. ਜਗੀਰਦਾਰੀ, ਭ੍ਰਿਸ਼ਟਾਚਾਰ, ਦੰਭਵਾਦ, ਸ਼ੋਸਣ, ਸ਼ੋਸਿਕ ਤੇ ਆਪਸੀ ਟਕਰਾਅ ਦਾ ਪਰਦਾਫ਼ਾਸ:

ਵਾਸਤਵ ਵਿੱਚ ਜਗੀਰਦਾਰੀ, ਭ੍ਰਿਸ਼ਟਾਚਾਰ, ਦੰਭਵਾਦ, ਸ਼ੋਸ਼ਣ, ਸ਼ੋਸ਼ਕ ਤੇ ਆਪਸੀ ਟਕਰਾਅ ਦਾ ਪਰਦਾਫਾਸ਼ ਹੋਣਾ ਸੁਭਾਵਿਕ ਹੈ। ਜਗੀਰਦਾਰੀ ਸਮਾਜ-ਸੱਭਿਆਚਾਰ ਕਦਰਾਂ-ਕੀਮਤਾਂ ਵਿੱਚ ਜੰਮੇ ਪਲੇ ਔਰਤ-ਮਰਦ ਰਿਸ਼ਤੇ-ਨਾਤੇ ਜਦੋਂ ਬਰਤਾਨੀਆ ਵਰਗੇ ਵਿਕਸਤ, ਪੂੰਜੀਵਾਦੀ ਮੁਲਕ ਵਿੱਚ ਪਹੁੰਚਦੇ ਹਨ ਤਾਂ ਆਪਸੀ ਟਕਰਾਓ ਕਾਰਨ ਸੱਭਿਆਚਾਰਕ ਰੂਪਾਂਤਰਨ ਹੋਣਾ ਸੁਭਾਵਿਕ ਹੈ। ਇਹੀ ਟਕਰਾਓ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਪਾਤਰਾਂ ਦੇ ਚੇਤਨ ਤੇ ਅਵਚੇਤਨ ਮਨ ਦਾ ਹਿੱਸਾ ਬਣ ਕੇ ਸਮਾਨਤਾ ਤੇ ਵੱਖਰਤਾ ਦੇ ਪੱਖ ਤੋਂ ਵੱਖ-ਵੱਖ ਪ੍ਰਵਿਰਤੀਮੂਲਕ ਸਥਿਤੀਆਂ-ਪ੍ਰਸਥਿਤੀਆਂ ਰਾਹੀ ਭ੍ਰਿਸ਼ਟਾਚਾਰ, ਦੰਭਵਾਦ, ਸ਼ੋਸ਼ਣ, ਸ਼ੋਸ਼ਕ ਤੇ ਆਪਸੀ ਟਕਰਾਅ ਉੱਭਰਦਾ

ਹੈ। ਇਹਨਾਂ ਕਹਾਣੀਕਾਰਾਂ ਨੇ ਜ਼ਿੰਦਗੀ ਦੇ ਸੱਚ ਦਾ ਸਾਹਮਣਾ ਹੀ ਨਹੀਂ ਕੀਤਾ, ਬਲਕਿ ਸਮਕਾਲ ਦੇ ਵਰਤਮਾਨ ਦੀ ਥਾਂ ਭੂਤ ਵਿੱਚ ਵਿਚਰਨ ਲੱਗੇ। ਨਤੀਜੇ ਵਜੋਂ ਇਹਨਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਦਵੰਦ ਦੀ ਉਪਜ ਹਨ। ਡਾ. ਸੁਰਿੰਦਰਪਾਲ ਸਿੰਘ ਦੀ ਹੱਥ ਲਿਖਤ *ਪਰਵਾਸੀ ਪੰਜਾਬੀ ਕਵਿਤਾ ਦੇ ਬੁਨਿਆਦੀ ਸਰੋਕਾਰ* ਅਨੁਸਾਰ:

> ਜਗੀਰੂ ਕਦਰਾਂ-ਕੀਮਤਾਂ ਵਾਲੇ ਸਮਾਜ ਵਿੱਚ ਜੰਮੇ ਪਲੇ ਜਿਹੜੇ ਪੰਜਾਬੀ ਸੰਸਾਰ ਦੇ ਕਿਸੇ ਖਿੱਤੇ ਵਿੱਚ ਵੀ ਗਏ, ਉਨ੍ਹਾਂ ਦੀ ਜੀਵਨ ਜਾਚ, ਮਨੁੱਖੀ ਕੀਮਤਾਂ ਪ੍ਰਤੀ ਉਨ੍ਹਾਂ ਦਾ ਦ੍ਰਿਸ਼ਟੀਕੋਣ ਅਤੇ ਜੀਵਨ ਮੁੱਲ ਅਤਿ ਵਿਕਸਿਤ ਪੂੰਜੀਵਾਦੀ ਸਮਾਜ ਦੇ ਜੀਵਨ ਮੁੱਲਾਂ ਨਾਲ ਤਿੱਖੇ ਵਿਰੋਧ ਅਤੇ ਟਕਰਾਓ ਦੀ ਸਥਿਤੀ ਵਿੱਚ ਪਏ ਹਨ।(32)

ਜਿਵੇਂ ਕਿ ਸੁਖਜੀਤ ਦੀਆਂ ਕਹਾਣੀਆਂ 'ਸਤਾਈ ਮੀਲ', ਆਦਮਖ਼ੋਰ, ਪਾਤਸ਼ਾਹ, ਹੁਣ ਮੈਂ ਇੰਜੁਆਏ ਕਰਦੀ ਆਂ' ਆਦਿ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਪਿਛਲਾ ਦਰਵਾਜ਼ਾ', 'ਦੂਜੀ ਨਾ ਤੀਜੀ', 'ਇੱਕ ਸੀ ਮੈਂ' , ਗੋਲੇ ਕਬੂਤਰ ਅਤੇ 'ਫਰੰਗੀਆਂ ਦੀ ਨੂੰਹ' ਆਦਿ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਭ੍ਰਿਸ਼ਟ ਸਿਆਸੀ ਸਿਸਟਮ ਵਿਰੁੱਧ ਔਰਤ-ਮਰਦ ਵੱਲੋਂ ਟਕਰਾਅ ਵਜੋਂ ਸਪੱਸ਼ਟ ਦਿਖਾਈ ਦਿੰਦਾ ਹੈ। ਜਿੰਨ੍ਹਾਂ ਨੂੰ ਸਮਾਨਤਾਵਾਂ ਤੇ ਵੱਖਰਤਾਵਾਂ ਦੇ ਚੰਗੇ ਤੇ ਮਾੜੇ ਪੱਖ ਤੋਂ ਜਗੀਰਦਾਰੀ, ਭ੍ਰਿਸ਼ਟਾਚਾਰ, ਦੰਭਵਾਦ, ਸ਼ੋਸ਼ਣ, ਸ਼ੋਸ਼ਕ ਤੇ ਆਪਸੀ ਟਕਰਾਅ ਦੇ ਪਰਦਾਫਾਸ਼ ਵਜੋਂ ਹੇਠ ਲਿਖੇ ਅਨੁਸਾਰ ਵਿਚਾਰਿਆ ਗਿਆ ਹੈ:

**(ੳ) ਚੰਗੇ ਪੱਖ:** ਜਿੱਥੇ ਵੀਨਾ ਵਰਮਾ ਦੀ ਕਹਾਣੀ 'ਫ਼ਰੰਗੀਆਂ ਦੀ ਨੂੰਹ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਮਰਦ-ਪ੍ਰਧਾਨ ਸੋਚ ਕਾਰਨ ਔਰਤ ਉੱਪਰ ਹੁੰਦੇ ਜ਼ਬਰ-ਜ਼ੁਲਮ ਨੂੰ ਰੋਕਣ ਲਈ ਮਰਦ ਸੋਚ ਦੀ ਭ੍ਰਿਸ਼ਟ ਨੀਤੀ ਦੇ ਵਿਰੁੱਧ ਟਕਰਾਅ ਕੇ ਸਿਸਟਮ ਵਿੱਚ ਪਿੱਸ ਰਹੀ ਸਾਧਾਰਨ ਲੋਕਾਈ ਦੀ ਤ੍ਰਾਸਦੀ ਨੂੰ ਵੀ ਬਿਆਨ ਕੀਤਾ ਗਿਆ। ਉੱਥੇ ਸੁਖਜੀਤ ਦੀ ਕਹਾਣੀ 'ਸਤਾਈ ਮੀਲ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਐੱਮ.ਪੀ. ਦੇ ਘਰ ਸਾਹਮਣੇ ਕਿਰਾਏ ਦੇ ਮਕਾਨ ਵਿੱਚ ਰਹਿੰਦੀ ਔਰਤ (ਜੋ ਕਮਰੇ ਤੋਂ ਰਸੋਈ ਤੇ ਰਸੋਈ ਤੋਂ ਕਮਰੇ ਦੇ ਨਿਰੰਤਰ ਚੱਕਰ ਕੱਟਦੀ ਹੈ) ਸਾਧਾਰਨ

ਲੋਕਾਈ ਦੀ ਪ੍ਰਤੀਕ ਹੈ। ਉਸਦਾ ਲਗਾਤਾਰ ਚੱਕਰ ਕੱਟਣਾ ਸਾਧਾਰਨ ਜਨਮ ਦੀ ਅਣਥੱਕ ਮਿਹਨਤ ਨੂੰ ਪ੍ਰਗਟਾਉਂਦੀ ਹੈ, ਜਿਸਦੀ ਸਥਿਤੀ ਅਣਥੱਕ ਮਿਹਨਤ ਦੇ ਬਾਵਜੂਦ ਵੀ ਜਿਉਂ ਦੀ ਤਿਉਂ ਹੀ ਬਣੀ ਰਹਿੰਦੀ ਹੈ। ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਔਰਤ ਨੂੰ ਹੋ ਰਹੇ ਜ਼ੁਲਮ ਪ੍ਰਤੀ ਸੁਚੇਤ ਕਰਕੇ ਵਿਰੋਧ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ। ਮੂਲ ਤੌਰ ‘ਤੇ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਭ੍ਰਿਸ਼ਟਾਚਾਰ ਤੇ ਰਿਸ਼ਤੇ-ਨਾਤਿਆਂ ਉੱਪਰ ਹੋ ਰਹੇ ਜ਼ਬਰ-ਜ਼ੁਲਮ, ਅੱਤਿਆਚਾਰ ਵਿਰੁੱਧ ਟਕਰਾਅ ਆਦਿ ਨੂੰ ਸਮਾਨਤਾ ਦੇ ਪੱਖ ਤੋਂ ਉਭਾਰਿਆ ਗਿਆ ਹੈ। ਜਿਵੇਂ ਕਿ ਸੁਖਜੀਤ ਦੀ ਕਹਾਣੀ ‘ਤੀਲ੍ਹਾ ਵਿੱਚ ਇਹ ਟਕਰਾਓ ਪਿਓ-ਪੁੱਤਰ ਦੇ ਆਹਮਣੇ ਸਾਹਮਣੇ ਵਿੱਚਕਾਰ ਹੈ। ਕਹਾਣੀ ਵਿੱਚ ਪਿਓ ਇਲਾਕੇ ਦਾ ਜਾਣਿਆਂ-ਪਛਾਣਿਆਂ ਜਥੇਦਾਰ ਹੈ, ਪਰੰਤੂ ਪਿਓ ਪੁੱਤਰ ਦੀ ਰਾਜਨੀਤੀ ਤੋਂ ਤੰਗ ਆ ਕੇ ਪੁੱਤਰ ਨੂੰ ਜ਼ਮੀਨ ਜਾਇਦਾਦ ਤੋਂ ਬੇਦਖ਼ਲ ਕਰ ਦਿੰਦਾ ਹੈ। ਇਹ ਬੇਦਖ਼ਲ ਪਰਿਵਾਰਕ ਸਾਂਝ, ਸੰਬੰਧ ਆਦਿ ਦੇ ਸਮੁੱਚੇ ਤਾਣੇ-ਬਾਣੇ ਨੂੰ ਆਪਣੇ ਕਲੇਵਰ ਵਿੱਚ ਲੈ ਲੈਂਦੀ ਹੈ। ਜਿਵੇਂ ਕਿ ਕਹਾਣੀ ਵਿੱਚ ਵੱਡਾ ਪੁੱਤਰ ਇਨਕਲਾਬੀ ਹੋਣ ਕਰਕੇ ਆਪਣੇ ਆਪ ਨੂੰ ਅੱਗ ਦਾ ਤੀਲ੍ਹਾ ਸਮਝਦਾ ਹੈ, ਪਰ ਅੰਤ ਵਿੱਚ ਆਪ ਕੁਰਬਾਨ ਹੋ ਗਿਆ। ਪਰੰਤੂ ਉੱਠਿਆ ਭਾਂਬੜ ਸਮੁੱਚਤਾ ਤੇ ਅਸਰ ਪਾਉਣ ਵਿੱਚ ਨਾਕਾਮਯਾਬ ਰਿਹਾ ਹੈ। ਵੀਨਾ ਵਰਮਾ ਦੀ ਕਹਾਣੀ 'ਫਰੰਗੀਆਂ ਦੀ ਨੂੰਹ' ਵਿੱਚ ਸ਼ਾਂਤੀ ਪਤੀ ਨੂੰ ਛੱਡਣ ਦਾ ਫੈਸਲਾ ਲੈ ਕੇ ਇਸ ਜ਼ਬਰ-ਜ਼ੁਲਮ ਤੇ ਜ਼ਾਲਮਾ ਨਾਲ ਟਕਰਾਉਂਦੀ ਹੈ। ਉਹ ਆਪਣੇ ਮਨਪਸੰਦ ਗੋਰੇ ਵਿਅਕਤੀ ਨਾਲ ਵਿਆਹ ਕਰਵਾ ਕੇ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦੀ ਹੈ ਅਤੇ ਆਪਣੇ ਆਪ ਨੂੰ 'ਫਰੰਗੀਆਂ ਦੀ ਨੂੰਹ' ਕਹਿੰਦੀ ਹੋਈ ਆਪਣੀ ਹਿੰਮਤ ਦੇ ਬਲਬੂਤੇ ਇਹਨਾਂ ਜ਼ਾਲਮ ਲੋਕਾਂ ਨੂੰ ਵੰਗਾਰਦੀ ਹੈ। ਇਸ ਤਰ੍ਹਾਂ ਸੁਖਜੀਤ ਨੇ *ਅੰਤਰਾ* ਕਹਾਣੀ ਸੰਗ੍ਰਹਿ ਦੀ ਕਹਾਣੀ ‘ਤੀਲ੍ਹਾ’ ਤੇ ਵੀਨਾ ਵਰਮਾ ਨੇ *ਫਰੰਗੀਆਂ ਦੀ ਨੂੰਹ* ਕਹਾਣੀ ਸੰਗ੍ਰਹਿ ਦੀ ਕਹਾਣੀ ‘ਫ਼ਰੰਗੀਆਂ ਦੀ ਨੂੰਹ’ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਭ੍ਰਿਸ਼ਟਾਚਾਰ ਵਿਰੁੱਧ ਟਕਰਾਅ ਨੂੰ ਵਜੋਂ ਚੰਗੇ ਪੱਖ ਨੂੰ ਸਮਾਨਤਾਵਾਂ ਵਜੋਂ ਬਿਆਨ ਇਸ ਤਰ੍ਹਾਂ ਕੀਤਾ ਹੈ। ਜਿਵੇਂ ਕਿ ਸੁਖਜੀਤ ਲਿਖਦਾ ਹੈ:

> ਮੈਂ ਇੱਕਦਮ ਭੈਣ ਕੋਲ ਆ ਉਹਦੇ ਮੋਢੇ ਤੇ ਹੱਥ ਰੱਖ ਜ਼ਨਾਨੀਆਂ ਤੋਂ ਥੋੜ੍ਹਾਂ ਅੱਗੇ, ਜਿਥੋਂ ਚਿਖ਼ਾ ਦਿਸਦੀ ਸੀ ਲੈ ਆਇਆ ਸਾਂ ਤੇ ਚਿਖ਼ਾ ਵੱਲ ਇਸ਼ਾਰਾ ਕਰ ਕੇ ਕਿਹਾ ਸੀ, "ਵੇਖ ਰਹੀਂ ਏ ਤੂੰ। ਕੀ? ਉਸਨੇ ਪੁੱਛਿਆ ਸੀ। ਮੈਂ ਭਾਂਬੜ ਵੱਲ ਇਸ਼ਾਰਾ ਕਰ ਕਿਹਾ ਸੀ, "ਵੇਖ ਧਿਆਨ ਨਾਲ ਵੇਖ, ਜਦੋਂ ਲੋਕ ਚਿਖ਼ਾ ਚੋ ਤੀਲ੍ਹੇ ਸੁੱਟਦੇ ਨੇ ਤਾਂ ਭਾਂਬੜ ਤੇਜ਼ ਹੋ ਜਾਂਦੈ ਨਾ। ਬੱਸ ਭੈਣੇ, ਤੂੰ ਇਓਂ ਹੀ ਸਮਝ ਲੈ ਕਿ ਤੇਰਾ ਵੀਰ ਇਨਕਲਾਬ ਦੇ ਭਾਂਬੜ ਲਈ ਤੀਲ੍ਹਾਂ ਹੀ ਸਹੀ। ਤੇ ਮੈਂ ਭੈਣ ਦਾ ਸਿਰ ਪਲੋਸ ਕੇ ਤੁਰ ਪਿਆ ਸਾਂ।(76)

ਇਸੇ ਤਰ੍ਹਾਂ ਵੀਨਾ ਵਰਮਾ ਲਿਖਦੀ ਹੈ ਕਿ:

> ਉਹ ਤਾਂ ਉਦੋਂ ਨ੍ਹੀ ਕੁਸ਼ ਕਹਿ ਸਕੇ ਜਦੋਂ ਮੈਂ ਕੱਲੀ ਕਾਰੀ ਸੀ। ਹੁਣ ਤਾਂ ਸੁੱਖ ਨਾਲ ਮੈਂ 'ਫਰੰਗੀਆਂ ਦੀ ਨੂੰਹ' ਆਂ। ਮੇਰੇ ਤਾਂ ਪਰਛਾਵੇਂ ਤੋਂ ਵੀ ਡਰਦੇ ਨੇ ਉਹ।(275)

ਅਜਿਹੇ ਰਿਸ਼ਤੇ-ਨਾਤੇ ਦੇ ਚੰਗਾ ਪੱਖ ਨੂੰ ਸੁਖਜੀਤ ਦੀ ਕਹਾਣੀ 'ਹੁਣ ਮੈਂ ਇੰਜੁਆਏ ਕਰਦੀ ਆਂ' ਅਤੇ ਵੀਨਾ ਵਰਮਾ ਦੀ ਕਹਾਣੀ 'ਗੋਲੇ ਕਬੂਤਰ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਦੁਆਰਾ ਸਪੱਸ਼ਟ ਰੂਪ ਵਿੱਚ ਵੱਖਰਤਾਵਾਂ ਦੀ ਦ੍ਰਿਸ਼ਟੀ ਤੋਂ ਉਭਾਰਦੀਆਂ ਹੋਈਆਂ ਨਜ਼ਰ ਆਉਂਦੀਆਂ ਹਨ। ਜਿੱਥੇ ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ *ਫਰੰਗੀਆਂ ਦੀ ਨੂੰਹ* ਦੀ ਕਹਾਣੀ 'ਗੋਲੇ ਕਬੂਤਰ' ਵਿੱਚ ਰਣਜੀਤ ਦੁਆਰਾ ਆਪਣੀ ਪਤਨੀ ਦੀਆਂ ਗਲਤ ਆਦਤਾਂ ਤੋਂ ਰੋਕਣ ਲਈ ਕਹਿਣਾ ਵੀ ਉਸਨੂੰ ਮਹਿੰਗਾ ਪੈਂਦਾ ਹੈ। ਉਹ ਆਪਣੇ ਪਤੀ ਨੂੰ ਤਾਂ ਛੱਡਣ ਲਈ ਤਿਆਰ ਹੈ, ਪਰ ਆਪਣੇ ਗੋਰੇ ਮਿੱਤਰ ਪ੍ਰੇਮੀ ਨੂੰ ਛੱਡਣ ਲਈ ਤਿਆਰ ਨਹੀਂ। ਉਹ ਰਣਜੀਤ ਨੂੰ ਘਰੋਂ ਕੱਢ ਦਿੰਦੀ ਹੈ ਤੇ ਨਾਲ ਹੀ ਗਹਿਣੇ ਅਤੇ ਚੋਰੀ ਦਾ ਝੂਠਾ ਆਰੋਪ ਲਗਾ ਕੇ ਪੁਲੀਸ ਨੂੰ ਉਸ ਪਿੱਛੇ ਲਗਵਾ ਦਿੰਦੀ ਹੈ। ਰਣਜੀਤ ਫਿਰ ਵੀ ਆਪਣੀ ਪਤਨੀ ਨੂੰ ਸਮਝਾਉਣ ਲਈ ਸੋਚਦਾ ਹੈ। ਪਰ ਰਣਜੀਤ ਦਾ ਦੋਸਤ ਉਸਨੂੰ ਅਸਲੀਅਤ ਦਾ ਸਾਹਮਣਾ ਕਰਨ ਲਈ ਔਰਤ ਪੱਖੀ ਕਾਨੂੰਨ ਹੋਣ ਬਾਰੇ ਦੱਸਦਾ ਹੈ ਕਿ ਉਹ ਗੈਰ-ਕਾਨੂੰਨੀ ਹੋਣ ਕਰਕੇ ਫਸ ਸਕਦਾ ਹੈ।, ਉੱਥੇ ਸੁਖਜੀਤ ਦੀ ਕਹਾਣੀ 'ਹੁਣ ਮੈਂ ਇੰਜੁਆਏ ਕਰਦੀ ਆਂ' ਦੀ ਮੁੱਖ ਪਾਤਰ ਦੇ ਡੇਰੇ ਵਿੱਚ ਆਉਣ ਤੋਂ ਬਾਅਦ ਸਰੀਰਕ, ਜੈਵਿਕ, ਸਮਾਜਿਕ ਤੇ ਸਾਂਸਕ੍ਰਿਤਕ ਪੱਧਰ ਉੱਤੇ

ਬਾਹਰੀ ਕਾਰਕਾਂ ਤੇ ਸਥਿਤੀਆਂ-ਪਰਿਸਥਿਤੀਆਂ ਵਿੱਚ ਜੋ ਬਦਲਾਵ ਵਾਪਰਿਆ ਹੈ, ਉਹ ਉਸਦੀ ਮਾਨਸਿਕਤਾ 'ਚੋਂ, ਵਿਵਹਾਰ 'ਚੋਂ, ਦੂਸਰਿਆਂ (ਸੈਹਬ ਜੀਆਂ, ਕਾਮਰੇਡ, ਕਾਂਤੀ, ਸੁਮੀਤ, ਸਿਮਰਨ, ਕੰਮੋ, ਬਿੰਬੋ) ਨਾਲ ਸੰਬੰਧਾਂ 'ਚੋਂ ਅਰਥਾਤ ਉਸਦੀ ਸਮੁੱਚੀ ਸ਼ਖ਼ਸੀਅਤ ਚੋਂ ਪ੍ਰਗਟ ਹੋ ਰਿਹਾ ਹੈ। ਡੇਰੇ ਵਿੱਚ ਆਉਣ ਉਪਰੰਤ ਮੁੱਖ ਪਾਤਰ ਸਰੀਰਕ ਤੇ ਜੈਵਿਕ ਤੌਰ ਤੇ ਇੱਕ ਮੁਟਿਆਰ ਤੋਂ ਔਰਤ ਵਿੱਚ ਪਰਿਪੱਕ ਹੋਈ ਹੈ, ਪਰੰਤੂ ਉਹ ਇਸ ਪਰਿਪੱਕ ਅਵਸਥਾ ਵਿੱਚ ਜਿਸ ਢੰਗ ਨਾਲ ਪਹੁੰਚੀ ਹੈ, ਉਸਨੇ ਉਸਨੂੰ ਪ੍ਰਫੁੱਲਿਤ ਕਰਨ ਦੀ ਬਜਾਏ ਖੇਰੂੰ-ਖੇਰੂੰ ਕਰ ਦਿੱਤਾ। ਸੋ, ਕਹਾਣੀਆਂ ਵਿੱਚ ਚੰਗੇ ਪੱਖ ਤੋਂ ਦੋਨੋਂ ਪਾਤਰਾਂ ਦੀ ਅਸਲੀਅਤ ਨੂੰ ਕਹਾਣੀਕਾਰ ਆਪਣੀ-ਆਪਣੀ ਦ੍ਰਿਸ਼ਟੀ ਤੋਂ ਸਮਝਦੇ ਹੋਏ ਕਹਿੰਦੇ ਹਨ ਕਿ:

> ਉਹ ਤੇਰੀ ਘਰ ਵਾਲੀ ਹੈ ਤੇਰੀ ਗੁਲਾਮ ਨਹੀਂ। ਤੂੰ ਉਹਦੀ ਮਰਜ਼ੀ ਦੇ ਖਿਲਾਫ਼ ਉਸ ਨੂੰ ਮਿਲ ਨਹੀਂ ਸਕਦਾ। ਤੇ ਜਦੋਂ ਕੋਈ ਤੀਵੀਂ ਆਪਣੇ ਯਾਰ ਦੀ ਖ਼ਾਤਿਰ ਖਸਮ ਨੂੰ ਛੱਡ ਦੇਵੇ, ਤਾਂ ਉਹ ਰੱਬ ਦੇ ਮੋੜੇ ਤੋਂ ਵੀ ਨਹੀਂ ਮੁੜਦੀ ਹੁੰਦੀ। ਭੁੱਲ ਜਾ ਤੂੰ ਉਸ ਨੂੰ। ਕਾਨੂੰਨ ਬਹੁਤ ਕੁੱਤਾ ਆ ਇਥੋਂ ਦਾ। ਤੀਵੀਆਂ ਦੀ ਸੁਣਦੈ। ਬੰਦਿਆਂ ਨੂੰ ਚੁੱਕ ਕੇ ਘਰੋਂ ਬਾਹਰ ਮਾਰਦੇ ਨੇ। ਹੋਰ ਐਵੇਂ ਨੀ ਤੀਵੀਆਂ ਦਾ ਰਾਜ ਆਇਆ। ਤੀਵੀਆਂ ਨੀ ਇਥੇ ਬੰਦਿਆਂ ਨੂੰ ਬੋਲਣ ਦਿੰਦੀਆਂ।(246)

ਇਸੇ ਤਰ੍ਹਾਂ ਸੁਖਜੀਤ *ਹੁਣ ਮੈਂ ਇੰਜੁਆਏ ਕਰਦੀ ਆਂ* ਦੀ ਕਹਾਣੀ ਹੁਣ ਮੈਂ ਇੰਜੁਆਏ ਕਰਦੀ ਆਂ ‘ਚ ਫਰਮਾਉਂਦਾ ਹੈ:

> ਕਦੇ ਕਦੇ, ਧੁਰ ਅੰਦਰੋਂ, ਇੱਕ ਟੀਸ ਉਠਦੀ ਐ ਜੇਹੜੀ ਇਹ ਨਹੀਂ ਭੁੱਲਣ ਦੇਂਦੀ ਕਿ ਸੈਹਬ ਜੀ ਨਾਂ ਦੇ ਬੰਦੇ ਨੇ ਮੈਨੂੰ ਕੀ ਤੋਂ ਕੀ ਬਣਾਤਾ। ਉਹ ਨਿੱਕੀਆਂ ਨਿੱਕੀਆਂ ਕਿੰਨੀਆਂ ਈ ਖੁਸ਼ੀਆਂ ਆਪਣਾ ਘਰ, ਆਪਣਾ ਘਰਵਾਲਾ, ਆਪਣੇ ਬੱਚੇ ਸਭ ਖੋਹ ਲਿਆ ਤੇ ਦੇਤਾ ਗੁਰੂ ਘਰ। ਜਿਥੇ ਜਦੋਂ ਚਾਹੇ ਅਣਚਾਹੇ ਕੰਮ ਭੁਗਤਾ ਮੈਂ ਆਪਣੇ ਬਾਰੇ ਸੋਚਦੀ ਆਂ ਤਾਂ ਐਨਾ ਖਾਲੀਪਣ ਮਹਿਸੂਸ ਹੁੰਦੈ, ਐਨੀ ਇਕੱਲ ਕਿ ਭੈਅ ਆਉਂਦੇ।(70)

**(ਅ) ਮਾੜੇ ਪੱਖ:** ਜਾਗੀਰਦਾਰੀ ਰੁਚੀਆਂ ਅਨੁਸਾਰ ਮਰਦ ਵੱਲੋਂ ਔਰਤ ਨੂੰ ਹਮੇਸ਼ਾ ਹੀ ਪੈਰ ਦੀ ਜੁੱਤੀ ਤੱਕ

ਸਮਝਿਆ ਜਾਂਦਾ ਸੀ। ਉਸ ਦੀ ਪਰਿਵਾਰ ਵਿੱਚ ਕੋਈ ਪੁੱਛ -ਗਿੱਛ ਨਹੀਂ ਕੀਤੀ ਜਾਂਦੀ ਸੀ। ਮਰਦ ਆਪਣੀ ਇੱਛਾ ਮੁਤਾਬਿਕ ਹੀ ਸਭ ਕਾਰਜ ਕਰਦਾ ਸੀ, ਪਰੰਤੂ ਅਜੋਕੇ ਸਮੇਂ ਔਰਤ ਆਪਣੇ ਆਪ ਨੂੰ ਮਰਦ ਦੇ ਬਰਾਬਰ ਸਮਝਦੀ ਹੈ।

ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਨਾਲ ਤੁਲਨਾਤਮਕ ਅਧਿਐਨ ਤੋਂ ਔਰਤ-ਮਰਦ ਕਾਨੂੰਨੀ ਦਾਅ-ਪੇਚ ਸਮਝ ਕੇ ਉਹਨਾਂ ਨੂੰ ਆਪਣੇ ਮਤਲਬ ਲਈ ਵਰਤਣਾ ਸਿੱਖ ਕੇ ਮਾੜੇ ਪੱਖ ਤੋਂ ਉਭਾਰਦੇ ਹਨ। ਖ਼ਾਸ ਕਰਕੇ ਔਰਤਾਂ ਆਪਣੇ ਪਤੀ ਉੱਤੇ ਗੈਰ-ਜ਼ਰੂਰੀ ਧੌਂਸ ਵੀ ਰੱਖਦੀਆਂ ਹਨ ਹੈ ਅਤੇ ਕਾਨੂੰਨਾਂ ਨੂੰ ਸਮਝ ਕੇ ਫਾਇਦਾ ਵੀ ਉਠਾਉਂਦੀਆਂ ਹਨ। ਜਿੱਥੇ ਵੀਨਾ ਵਰਮਾ ਦੀ ਕਹਾਣੀ 'ਗੋਲੇ ਕਬੂਤਰ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਜਿੱਥੇ ਰਣਜੀਤ ਸਿੰਘ ਗੈਰ ਕਾਨੂੰਨੀ ਹੋਣ ਕਾਰਨ ਪਤਨੀ ਦੇ ਜ਼ੁਲਮ ਦਾ ਸ਼ਿਕਾਰ ਹੁੰਦਾ ਹੈ। ਆਪਣੇ ਵਿਆਹ ਦਾ ਸਾਰਾ ਖ਼ਰਚਾ ਆਪ ਕਰਨ, ਘਰ ਦੀਆਂ ਕਿਸ਼ਤਾਂ ਦੇਣ ਤੇ ਘਰੇਲੂ ਖ਼ਰਚ ਕਰਨ ਤੋਂ ਬਾਅਦ ਵੀ ਉਸਦੀ ਬਦਚਲਨ ਪਤਨੀ ਉਸਨੂੰ ਘਰੋਂ ਕੱਢਣ ਦੀ ਧਮਕੀ ਦਿੰਦੀ ਹੈ, ਉੱਥੇ ਸਮਾਨਤਾਵਾਂ ਦੇ ਪੱਖ ਤੋਂ ਸੁਖਜੀਤ ਦੀ ਕਹਾਣੀ 'ਹੁਣ ਮੈ ਇੰਜੁਆਏ ਕਰਦੀ ਆਂ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਮਨੋਵਿਗਿਆਨ ਵਿੱਚ ਪੀ ਐੱਚ.ਡੀ. ਦੀ ਉਚੇਰੀ ਵਿੱਦਿਆ ਹਾਸਲ ਕਰ ਰਹੀ ਬਿਰਤਾਂਤਕਾਰ ਅਥਵਾ ਮੈਂ ਪਾਤਰ ਡੇਰਾ ਮੁਖੀ ਸੈਹਬ ਜੀਆਂ ਦੇ ਛੋਟੇ ਭਰਾ ਨੂੰ ਮੰਗੀ ਹੁੰਦੀ ਹੈ। ਇੱਕ ਹਾਦਸੇ ਵਿੱਚ ਮੰਗੇਤਰ ਦੀ ਮੌਤ ਹੋ ਜਾਣ ਉਪਰੰਤ ਉਸਦੇ ਮਾਪੇ ਉਸਨੂੰ ਸੈਹਬ ਜੀਆਂ ਨੂੰ ਸੌਂਪ ਜਾਂਦੇ ਹਨ। ਮਾਪੇ ਅਜਿਹਾ ਗੁਰੂ ਘਰ ਨਾਲ ਜੁੜ ਕੇ ਆਪਣੇ ਇੱਕ ਹੋਰ ਧੀ-ਪੁੱਤਰ ਨਾਲ ਅਮਰੀਕਾ ਜਾ ਕੇ ਵੱਸਣ ਦੇ ਸੁਆਰਥ ਅਧੀਨ ਕਰਦੇ ਹਨ। ਇਸ ਸਵਾਰਥ ਦੀ ਪੂਰਤੀ ਲਈ ਧੀ ਨੂੰ ਮਾਧਿਅਮ ਬਣਾਇਆ ਜਾਂਦਾ ਹੈ। ਮਾਪਿਆਂ ਦਾ ਸਵਾਰਥ ਧੀ ਦੀ ਇੱਛਾ ਵਿਰੁੱਧ ਹੋਣ ਵਾਲੇ ਸਰੀਰਕ ਸ਼ੋਸ਼ਣ ਦਾ ਕਾਰਨ ਬਣਦਾ ਹੈ। ਉਹ ਇਸ ਸ਼ੋਸ਼ਣ ਖਿਲਾਫ਼ ਹੁੰਦਿਆਂ ਹੋਇਆਂ ਵੀ ਰੋਣ-ਕੁਰਲਾਉਣ ਤੋਂ ਇਲਾਵਾ ਕੁਝ ਨਹੀਂ ਕਰ ਪਾਉਂਦੀ ਅਤੇ ਵਰ੍ਹਿਆਂ ਤੋਂ ਸਾਂਭੀ ਇੱਜ਼ਤ ਸੈਹਬ ਜੀਆਂ ਹੱਥੋਂ ਪਲ ਵਿੱਚ ਤੂੰਬਾ-ਤੂੰਬਾ ਹੋ ਜਾਂਦੀ ਹੈ। ਇੱਥੇ ਇਹ ਸੰਭਾਵਨਾ ਜਾਪਦੀ ਹੈ ਕਿ ਬਿਰਤਾਂਤਕਾਰ ਇਸ ਮਾਹੌਲ ਵਿੱਚ ਗੁੰਮ-ਗਵਾਚ ਜਾਵੇਗੀ, ਪਰੰਤੂ

ਅਜਿਹਾ ਹੁੰਦਾ ਨਹੀਂ। ਬਲਕਿ ਇਸਦੇ ਵਿਪਰੀਤ ਉਹ ਜਲਦ ਹੀ ਡੇਰੇ ਦੀਆਂ ਭ੍ਰਿਸ਼ਟ ਅੰਤਰੀਵ ਜੁਗਤਾਂ ਨੂੰ ਸਮਝ ਸੈਹਬ ਜੀਆਂ ਨੂੰ ਪਾਸੇ ਕਰ ਇਸ ਉੱਤੇ ਕਾਬਜ ਹੋ ਜਾਂਦੀ ਹੈ। ਇੰਝ ਦਹਿਸ਼ਤ ਭਰੇ ਮਾਹੌਲ ਵਿੱਚ ਧਕੇਲ ਦਿੱਤੀ ਗਈ 'ਮੈਂ ਪਾਤਰ ਨਾ ਡੇਰਾ ਮੁਖੀ ਤੋਂ ਆਪਣੀ ਇੱਜ਼ਤ ਬਚਾ ਪਾਉਂਦੀ ਹੈ ਅਤੇ ਨਾ ਹੀ ਕੋਝੇ ਮਾਹੌਲ ਤੋਂ ਆਪਣੀ ਕੋਮਲ ਜਜ਼ਬਾਤਾਂ, ਭਾਵਨਾਵਾਂ ਨੂੰ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਜੋ ਕਦੇ ਆਪ ਸ਼ੋਸ਼ਣ ਦਾ ਸ਼ਿਕਾਰ ਹੋਈ ਸੀ, ਹੁਣ ਉਹ ਖੁਦ ਸ਼ੋਸ਼ਣ ਕਰਨ ਲੱਗੀ ਹੈ। ਉਸਨੂੰ ਕਦੇ ਘਿਨੌਣਾ ਜਾਪਣ ਵਾਲਾ ਮਾਹੌਲ ਅਨੰਦਿਤ ਕਰਨ ਲੱਗਦਾ ਹੈ। ਹੌਲੀ-ਹੌਲੀ ਉਸ ਵਿਚੋਂ ਵੀ ਝੂਠ, ਕਮੀਨਗੀ, ਮੱਕਾਰੀ, ਬਦਲਾਖੋਰੀ, ਦੂਸਰਿਆਂ ਦਾ ਵਿਰੋਧ ਨਾ ਸਹਿ ਸਕਣ ਅਤੇ ਦਬਾਉਣ ਵਰਗੀਆਂ ਸਾਰੀਆਂ ਬੁਰਾਈਆਂ ਫਨ ਫੈਲਾਉਣ ਲੱਗੀਆਂ ਹਨ। ਚਾਹੇ ਉਹ ਸੈਹਬ ਜੀਆਂ ਤੋਂ ਬਦਲਾ ਲੈਣ ਲਈ ਉਹਨਾਂ ਦੀ ਬੇਕਸੂਰ ਧੀ ਖਿਲਾਫ ਘੜੀ ਗਈ ਭ੍ਰਿਸ਼ਟ ਨੀਤੀ ਹੈ ਜਾਂ ਆਪਣੇ ਖਿਲਾਫ਼ ਆਵਾਜ਼ ਉਠਾਉਣ ਵਾਲੇ ਸੁਮੀਤ ਨੂੰ ਸਬਕ ਸਿਖਾਉਣ ਲਈ ਅਪਣਾਇਆ ਜਾਣ ਵਾਲਾ ਕ੍ਰੋਧਿਤ ਰੁਖ਼ ਹੋਵੇ। ਉਸਦਾ ਬੰਦੂਕਧਾਰੀਆਂ ਨੂੰ ਨਾਲ ਲੈ ਕੇ ਸੁਮੀਤ ਨੂੰ ਦਬਾਉਣ ਜਾਣਾ ਇਹ ਦਰਸਾਉਂਦਾ ਹੈ ਕਿ ਹੁਣ ਉਹ ਆਪਣੀ ਪੁਜ਼ੀਸ਼ਨ ਨੂੰ ਬਣਾਈ ਰੱਖਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਪਾਤਰ ਸ਼ੋਸ਼ਿਤ (Victim) ਤੋਂ ਸ਼ੋਸ਼ਕ, ਭ੍ਰਿਸ਼ਟਾਚਾਰ ਤੇ ਆਪਸੀ ਟਕਰਾਅ ਵਿੱਚ ਢਲ ਚੁੱਕੇ ਹਨ। ਜਿਵੇਂ ਕਿ ਸੁਖਜੀਤ ਦੀ ਕਹਾਣੀ 'ਹੁਣ ਮੈਂ ਇੰਜੁਆਏ ਕਰਦੀ ਆਂ' ਵਿੱਚ ਮੁੱਖ ਪਾਤਰ ਹੁਣ ਸ਼ੋਸ਼ਿਤ ਵਜੋਂ ਨਹੀਂ ਬਲਕਿ ਸ਼ੋਸ਼ਣ ਵਜੋਂ ਇਸਨੂੰ ਇੰਜੁਆਏ ਕਰਨ ਦੀ ਗੱਲ ਕਰਦੀ ਹੈ। ਇੰਜੁਆਏ ਸ਼ਬਦ ਕੇਵਲ ਔਰਤ ਦੇ ਜਿਸਮਾਨੀ ਰੂਪ ਨੂੰ ਨਹੀਂ, ਬਲਕਿ ਰਿਸ਼ਤਿਆਂ-ਨਾਤਿਆਂ ਦੇ ਨਾਕਾਰਾਤਮਕ ਭਾਵਾਂ ਦਾ ਪ੍ਰਗਟਾਵਾ ਵੀ ਹੈ ਜਿਸ ਵਿੱਚ ਸਰੀਰਕ, ਮਾਨਸਿਕ ਸ਼ੈਤਾਨੀਅਤ ਤੇ ਹੈਵਾਨੀਅਤ ਸ਼ਾਮਲ ਹੈ। ਮੂਲ ਰੂਪ ਵਿੱਚ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਤੁਲਨਾਤਮਕ ਪੱਖ ਤੋਂ ਸ਼ੈਤਾਨੀਅਤ ਤੋਂ ਹੈਵਾਨੀਅਤ ਦਾ ਪ੍ਰਗਟਾਅ ਰੂਪ ਬਹੁ-ਪਾਤਰਾਂ ਵਿਚੋਂ ਪ੍ਰਗਟ ਹੁੰਦਾ ਹੈ। ਇਸ ਤਰ੍ਹਾਂ ਇਹ ਸ਼ੈਤਾਨੀਅਤ ਤੋਂ ਹੈਵਾਨੀਅਤ ਦਾ ਪ੍ਰਗਟਾਅ ਰੂਪ

ਮਸੂਮੀਅਤ ਨੂੰ, ਆਸਥਾ ਨੂੰ, ਭੋਲੇਪਨ ਨੂੰ, ਬੇਕਸੂਰ ਨੂੰ ਕਿਸ ਤਰ੍ਹਾਂ ਆਪਣੀ ਚਾਲ ਦੁਆਰਾ ਕੁਚਲਦਾ ਹੈ। ਜਿਸ ਦੀ ਅਨੁਭੂਤੀ ਸੁਖਜੀਤ ਤੇ ਵੀਨਾ ਵਰਮਾ ਦੀਆ ਕਹਾਣੀਆਂ ਵਿੱਚਲੇ ਭ੍ਰਿਸ਼ਟਾਚਾਰ, ਸ਼ੋਸ਼ਣ ਤੇ ਸ਼ੋਸ਼ਕ, ਆਪਸੀ ਟਕਰਾਅ ਤੇ ਮਰਦ-ਪ੍ਰਧਾਨ ਸੋਚ ਦੇ ਧਾਰਨੀ ਪਾਤਰ ਆਦਿ ਦੀ ਜੀਵਨ ਸ਼ੈਲੀ ਵਿਚੋਂ ਹੁੰਦੀ ਹੈ। ਜਿਵੇਂ ਕਿ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਮੁੱਖ ਪਾਤਰ ਵੀ ਕਿਤੇ ਨਾ ਕਿਤੇ ਖੁਦ ਹੈਵਾਨੀਅਤ ਤੇ ਸ਼ੈਤਾਨੀਅਤ ਦਾ ਰੂਪ ਅਖ਼ਤਿਆਰ ਕਰ ਲੈਂਦੇ ਹਨ। ਸੋ ਇਹਨਾਂ ਰਸਤਿਆਂ ਉੱਪਰ ਚਲਦਿਆਂ ਅਜਿਹੇ ਔਰਤ-ਮਰਦ ਪਾਤਰ ਹਰ ਤਰ੍ਹਾਂ ਦੇ ਧੱਕੇ, ਧੌਂਸ ਦਾ ਅਨੰਦ ਮਾਣਦੇ ਹਨ। ਜਿਵੇਂ ਕਿ ਸੁਖਜੀਤ ਦੀ ਕਹਾਣੀ'ਹੁਣ ਮੈਂ ਇੰਜੁਆਏ ਕਰਦੀ ਆਂ' ਵਿੱਚ ਕੇਂਦਰੀ ਪਾਤਰ ਦੀ ਵਿਸ਼ੇਸ਼ ਵਾਰਤਾਲਾਪ ਦੁਆਰਾ ਆਪਣੀ ਸ਼ਖ਼ਸੀਅਤ ਦੇ ਮਾੜੇ ਪੱਖ ਨੂੰ ਵਿਸ਼ੇਸ਼ ਤੌਰ 'ਤੇ ਆਪਣੀ ਕਹਾਣੀ ਵਿੱਚ ਉਭਾਰਦੀ ਹੈ। ਜਿਵੇਂ ਕਿ ਸਮਾਨਤਾਵਾਂ ਵਜੋਂ ਮਾੜੇ ਪੱਖ ਦਾ ਉਦੋਂ ਪਤਾ ਲੱਗਦਾ ਹੈ, ਦੋਨੋਂ ਕਹਾਣੀਆਂ ਵਿੱਚਲੀਆਂ ਕੇਂਦਰੀ ਔਰਤ ਪਾਤਰਾਂ ਦੀ ਵਿਸ਼ੇਸ਼ ਟਿੱਪਣੀ ਤੋਂ ਉਸ ਸਮੇਂ ਦੌਰਾਨ ਸਪੱਸ਼ਟ ਹੋ ਜਾਂਦਾ ਹੈ, ਜਿਵੇਂ ਕਿ ਵੀਨਾ ਵਰਮਾ, *ਫਰੰਗੀਆਂ ਦੀ ਨੂੰਹ* ਦੀ ਕਹਾਣੀ ਗੋਲੇ ਕਬੂਤਰ ਵਿੱਚ:

> ਜੇ ਮੈਂ ਇੱਕ ਫੋਨ ਇਮੀਗਰੇਸ਼ਨ ਨੂੰ ਕਰ ਦੇਵਾਂ ਕਿ ਤੂੰ ਇਸ ਕੰਟਰੀ 'ਚ ਈਲੀਗਲ ਐਂ ਤੇ ਸਿਰਫ਼ ਇਥੇ ਪੱਕਾ ਹੋਣ ਲਈ ਮੇਰੇ ਨਾਲ ਵਿਆਹ ਕਰਵਾਇਆ ਸੀ ਤੇ ਹੁਣ ਤੂੰ ਮੈਨੂੰ ਕੁੱਟਦਾ ਹੈ ਕਿਉਂਕਿ ਮੈਂ ਤੇਰੇ ਪਾਸਪੋਰਟ ਤੇ ਸਟੈਂਪ ਨਹੀਂ ਲਗਵਾ ਰਹੀ ਤਾਂ ਤੈਨੂੰ ਘੱਟੋ-ਘੱਟ ਸੱਤ ਸਾਲ ਦੀ ਪਰੀਜਨ ਹੋਵੇਗੀ।(245)

ਇਵੇਂ ਦੀ ਤਸਵੀਰ ਸੁਖਜੀਤ ਆਪਣੀ ਪੁਸਤਕ *ਹੁਣ ਮੈਂ ਇੰਜੁਆਇ ਕਰਦੀ ਆਂ* ਦੀ ਕਹਾਣੀ ਹੁਣ ਮੈਂ ਇੰਜੁਆਇ ਕਰਦੀ ਆਂ 'ਚ:

> ਪੂਰਾ ਸਿੱਕਾ ਚੱਲਦੈ ਮੇਰਾ, ਹੇਠਲੀ ਉੱਤੇ ਆ ਗੀ, ਸੈਹਬ ਜੀ ਐਕਟਿਵ ਨਹੀਂ ਰਹੇ ਹੁਣ, ਹੁਣ ਸਿਰਫ ਮੈਂ, ਮੈਂ ਨਿੱਕੋ ਬੀਬੀ ਸੈਹਬਾ। ਓਜੁ ਮੇਰੇ ਕੈਹਣ "ਤੇ ਕਾਂਤੀ ਨੂੰ ਟੋਕਣਾ ਸ਼ੁਰੂ ਕਰ ਦਿੱਤੈ ਸਭ ਨੂੰ ਇਹ ਨਿੱਕੋ ਕੀ ਹੋਇਆ ? ਸਿੱਧਾ ਬੀਬੀ ਜੀ ਕਿਹਾ ਕਰੋ ਬੀਬੀ ਸੈਹਬਾ। ਸਾਰੇ ਕੋਸ਼ਿਸ਼ ਕਰਦੇ ਬੀਬੀ

ਸੈਹਬਾ ਦੀ ਕਹਿਣ ਜੇ ਭੁੱਲ ਭੁਲੇਖੇ ਕੋਈ ਨਿੱਕੇ ਕੈਹ ਦਿੰਦੇ ਮੇਰੇ ਮੱਥੇ ਤਿਓੜੀ ਮੈਂ ਜਾਂਦੀ ਐ ਉਂਜ ਨਿੱਕੇ ਦਾ ਮਤਲਬ ਵੀ ਕੀ ਐ ! ਜਦੋਂ ਮੈਂ ਈ ਆਂ ਸਭ ਕੁੱਝ ਆਲ-ਇਨ ਆਲ। ਪੰਜ ਕਰਾਂ ਪੰਜਾਹ ਕਰਾਂ ਕਿਸੇ ਦੀ ਜੁੱਰਅਤ ਨਈ ਕਿ ਸੁਆਲ ਕਰ ਜਾਵੇ।(68)

ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਭ੍ਰਿਸ਼ਟਾਚਾਰ, ਸ਼ੋਸ਼ਣ ਤੋਂ ਸ਼ੋਸ਼ਕ ਤੇ ਆਪਸੀ ਟਕਰਾਅ ਦੇ ਵਾਤਾਵਰਣ ਵਿੱਚ ਪਲ ਰਹੇ ਸਵਾਰਥੀ, ਭ੍ਰਿਸ਼ਟ ਰਿਸ਼ਤੇ-ਨਾਤੇ ਆਦਿ ਉੱਭਰਦੇ ਦਿਖਾਈ ਦਿੰਦੇ ਹਨ। ਜਿੱਥੇ ਸੁਖਜੀਤ ਦੀ ਕਹਾਣੀ 'ਪਾਤਸ਼ਾਹ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਡੇਰੇ ਦੇ ਸੰਪਰਕ ਵਿੱਚ ਆਏ ਬਾਪੂ ਅਮਰ ਸਿੰਘ, ਮਾਸਟਰ ਅਜੈਬ ਸਿੰਘ ਅਤੇ ਸੁਖਵਿੰਦਰ ਦੀ ਸੋਚਣੀ ਅਤੇ ਵਿਵਹਾਰ ਇਸ ਕਦਰ ਪ੍ਰਭਾਵਿਤ ਹੁੰਦੇ ਹਨ ਕਿ ਇਸ ਪ੍ਰਭਾਵ ਦੀ ਪ੍ਰਕਿਰਤੀ ਤੋਂ ਹੀ ਡੇਰੇ ਦਾ ਸੱਭਿਆਚਾਰਕ ਰੂਪਾਂਤਰਨ ਯਥਾਰਥ ਪੱਖ ਤੋਂ ਭ੍ਰਿਸ਼ਟ, ਪਾਖੰਡਵਾਦੀ ਰੂਪ ਸਪੱਸ਼ਟ ਹੋਣ ਲੱਗ ਪੈਂਦਾ ਹੈ। ਬਾਪੂ ਅਮਰ ਸਿੰਘ ਮਨਮਰਜ਼ੀ ਨਾਲ ਜਿੱਥੇ ਡੇਰੇ ਨਾਲ ਜੁੜ੍ਹਦਾ ਹੈ, ਉੱਥੇ ਅਜੈਬ ਸਿੰਘ ਤੇ ਸੁਖਵਿੰਦਰ ਮਜਬੂਰੀ ਵੱਸ ਇਸਦੇ ਸੰਪਰਕ ਵਿੱਚ ਆਉਂਦੇ ਹਨ। ਬਾਪੂ ਅਮਰ ਸਿੰਘ ਉਸ ਭੋਲੀ-ਭਾਲੀ ਜਨਤਾ ਦੀ ਸਾਧਾਰਨ ਸਥਿਤੀ-ਪ੍ਰਸਥਿਤੀ ਦਾ ਪ੍ਰਗਟਾਵਾ ਕਰਦਾ ਹੈ ਜਿਸਨੂੰ ਢੌਂਗੀ ਬਾਬਿਆਂ ਵੱਲੋਂ ਬਹੁਤ ਆਸਾਨੀ ਨਾਲ ਗੁਲਾਮ ਬਣਾ ਲੈਂਦੇ ਹਨ। ਇਸ ਸਾਧਾਰਨ ਜਨ-ਸਾਧਾਰਨ ਲੋਕਾਈ ਉੱਤੇ ਆਪਣੇ ਆਪ ਨੂੰ ਪਾਤਸ਼ਾਹ ਅਖਵਾਉਣ ਵਾਲੇ ਕਪਟੀ ਬਾਬਿਆਂ ਦੀ ਬਾਹਰੀ ਦਿੱਖ (ਪਹਿਰਾਵਾ), ਅਲੰਕਾਰਕ ਸ਼ਬਦਾਵਲੀ, ਇੱਕ ਖਾਸ ਕਿਸਮ ਦਾ ਮਾਹੌਲ (ਜੋ ਵਿਸ਼ੇਸ਼ ਕਿਸਮ ਦਾ ਦੈਵੀ ਪ੍ਰਭਾਵ ਸਿਰਜਦਾ ਹੈ) ਬੜੀ ਆਸਾਨੀ ਨਾਲ ਆਪਣਾ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਵਜੋਂ ਭ੍ਰਿਸ਼ਟ, ਦੰਭਵਾਦੀ ਰੂਪ ਧਾਰਨ ਕਰ ਲੈਂਦਾ ਹੈ। ਬਾਪੂ ਅਮਰ ਸਿੰਘ ਇਸੇ ਪ੍ਰਭਾਵ ਅਧੀਨ ਆਪਣਾ ਪ੍ਰਲੋਕ ਸਵਾਰਨ ਲਈ ਡੇਰੇ ਵਿੱਚ ਪਾਤਸ਼ਾਹ ਦੇ ਚਰਨੀ ਆ ਲੱਗਾ ਸੀ। ਇਸ ਸੋਝੀ ਤੋਂ ਬਿਲਕੁਲ ਵਿਹੂਣਾ ਕਿ ਡੇਰੇ ਵਿੱਚ ਜਿਸ ਪਾਤਸ਼ਾਹ ਦੇ ਲੜ੍ਹ ਲੱਗ ਉਹ ਆਪਣੇ ਆਪ ਨੂੰ ਮੋਹ ਮਾਇਆ ਤੋਂ ਮੁਕਤ ਹੋ ਗਿਆ ਮੰਨਦਾ ਹੈ, ਉਹ ਪਾਤਸ਼ਾਹ ਤਾਂ ਖੁਦ ਮਾਇਆ ਦੇ ਮੋਹ ਵਿੱਚ ਪੂਰੀ ਤਰ੍ਹਾਂ ਵਿਲੀਨ ਹੋ ਕੇ ਭ੍ਰਿਸ਼ਟਚਾਰ, ਕਪਟੀ ਆਦਿ ਦੇ

ਜਾਲ ਵਿੱਚ ਫਸ ਚੁੱਕਾ ਹੈ। ਮਾਸਟਰ ਅਜੈਬ ਸਿੰਘ ਅਤੇ ਸੁਖਵਿੰਦਰ ਉਸ ਪੜ੍ਹੇ-ਲਿਖੇ ਸੱਭਿਆਚਾਰ ਦੀ ਪ੍ਰਤੀਨਿਧਤਾ ਕਰ ਰਹੇ ਹਨ ਜੋ ਇਹਨਾਂ ਡੇਰਿਆਂ ਦੀ ਚਾਰਦੀਵਾਰੀ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਭ੍ਰਿਸ਼ਟਾਚਾਰ ਪਨਪ ਰਹੀਆਂ ਮਾੜੇ ਪੱਖ ਵਾਲੀਆਂ ਬੁਰਾਈਆਂ ਤੋਂ ਚੰਗੀ ਤਰ੍ਹਾਂ ਜਾਣੂ ਹਨ। ਉਹ ਇਸ ਪੱਖੋਂ ਸੁਚੇਤ ਹਨ ਕਿ ਕਿਵੇਂ ਇਹਨਾਂ ਵਿੱਚਲੇ ਛੋਟੇ-ਵੱਡੇ ਕਪਟੀ, ਜ਼ੁਲਮੀ ਅਤੇ ਭ੍ਰਿਸ਼ਟੀ ਬਾਬਿਆਂ ਤੋਂ ਬਚਿਆ ਜਾ ਸਕੇ। ਇਹ ਢੌਂਗੀ ਬਾਬੇ ਕਿਵੇਂ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਰੂਹਾਨੀ ਸੰਦੇਸ਼ਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਕੇ ਆਪਣੇ ਘਟੀਆਂ ਮੰਤਵਾਂ ਦੀ ਪੂਰਤੀ ਮਾੜੇ ਪੱਖ ਵਜੋਂ ਕਰਦੇ ਹਨ, ਉੱਥੇ ਵੀਨਾ ਵਰਮਾ ਨੇ 'ਹੋਰ ਉਪਰ', ਅਤੇ 'ਆਜਾ ਘਰ ਵਸਾਈਏ' ਕਹਾਣੀਆਂ ਰਾਹੀਂ ਝੂਠੇ ਪਾਖੰਡੀ ਸਾਧੂਆਂ ਦੀਆਂ ਕਰਤੂਤਾਂ ਉਪਰ ਤਿੱਖਾ ਵਿਅੰਗ ਕੀਤਾ ਹੈ ਜਿਹੜੇ ਮਜ਼ਬੂਰ ਲੋਕਾਂ ਦੀ ਭਾਵਨਾਵਾਂ ਦਾ ਗਲਤ ਫ਼ਾਇਦਾ ਉਠਾਉਂਦੇ ਹਨ। ਕਹਾਣੀ 'ਹੋਰ ਉਪਰ' ਵਿੱਚ ਜਦੋਂ ਸ਼ਿਮਲਾ ਨੂੰ ਕੋਈ ਔਲਾਦ ਨਹੀਂ ਹੁੰਦੀ ਤਾਂ ਉਹ ਸਾਧੂ ਕੋਲ ਜਾਂਦੀ ਹੈ ਸਾਧੂ ਉਸਨੂੰ ਉਸ ਨਾਲ ਸਰੀਰਕ ਸੰਬੰਧ ਬਨਾਉਣ ਲਈ ਕਹਿੰਦਾ ਹੈ ਉਹ ਸ਼ਿਮਲਾ ਦੀ ਮਜ਼ਬੂਰੀ ਦਾ ਫ਼ਾਇਦਾ ਉਠਾਉਂਦਾ ਹੈ। ਸੋ, ਸੁਖਜੀਤ ਤੇ ਵੀਨਾ ਵਰਮਾ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਅਜਿਹੇ ਦੰਭੀ ਪਾਖੰਡੀ ਸਾਧੂ ਸੰਤਾਂ ਦੀ ਹਵਸ ਪੂਰਤੀ ਹਿੱਤ ਤੇ ਲੁੱਟ-ਖਸੁੱਟ ਨੀਤੀ ਦਾ ਪਰਦਾਫਾਸ਼ ਮਾੜੇ ਪੱਖ ਵਜੋਂ ਸਮਾਨਤਾਵਾਂ ਤੋਂ ਕਰਦੇ ਹੋਏ ਕਹਿੰਦੇ ਹਨ ਕਿ ਸੁਖਜੀਤ ਹੁਣ *ਮੈਂ ਇੰਜੁਆਇ ਕਰਦੀ ਆਂ* ਕਹਾਣੀ ਸੰਗ੍ਰਹਿ ਦੀ ਕਹਾਣੀ ਪਾਤਸ਼ਾਹ ਵਿੱਚ ਨਜ਼ਰ ਆਉਂਦਾ ਹੈ:

> ਪਾਤਸ਼ਾਹ ਮੈਂ, ਜੀਹਨੇ ਆਪਣਾ ਸਭ ਕੁਝ ਦੇ ਦਿੱਤੇ ਉਹਨੂੰ

ਇਸੇ ਤਰ੍ਹਾਂ ਵੀਨਾ ਵਰਮਾ ਆਪਣੀ ਪੁਸਤਕ *ਮੁੱਲ ਦੀ ਤੀਵੀਂ* ਦੀ ਕਹਾਣੀ ਹੋਰ ਉਪਰ ਵਿੱਚ ਪੇਸ਼ ਕਰਦੀ ਹੋਈ ਲਿਖਦੀ ਹੈ:

> ਪਾਗਲ ਮਤ ਬਨੋ। ਸੰਸਾਰ ਦੀ ਰਚਨਾ ਸਿਰਫ ਏਕ ਹੀ ਤਰੀਕਾ ਭਗਵਾਨ ਨੇ ਬਨਾਇਆ ਹੈ ਔਰ ਵੋਹ ਹੈ ਨਰ ਔਰ ਮਾਦਾ ਦਾ ਮੇਲ। ਚਾਹੇ ਪਸ਼ੂ ਹੋ ਯਾ ਆਦਮੀ, ਪੋਦਾ ਹੋ ਯਾ ਪਕਸ਼ੀ, ਬਿਨਾ ਨਰ ਔਰ ਮਾਦਾ ਕੇ ਕੋਈ ਨਸਲ ਅੱਗੇ ਨਹੀਂ ਬੜਤੀ। ਫਿਰ ਦਵਾ ਦਾਰੂ ਤੋਂ ਸਿਰਫ਼ ਦੁਨੀਆਂ ਕੀ ਨਜ਼ਰੋਂ

ਮੇ ਧੂਲ ਝੋਕਨੇ ਕੇ ਲੀਏ ਹੈ।"(ਵੀਨਾ ਵਰਮਾ, ਮੁੱਲ ਦੀ ਤੀਵੀਂ, ਹੋਰ ਉੱਪਰ,53)

ਉਪਰੋਕਤ ਵਿਚਾਰ-ਚਰਚਾ ਤੋਂ ਬਾਅਦ ਇਹ ਕਹਿ ਸਕਦੇ ਹਾਂ ਕਿ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਸਮਾਜ ਦੀ ਭ੍ਰਿਸ਼ਟਾਚਾਰ ਨੀਤੀ, ਡੇਰਿਆਂ ਦੀ ਦੰਭਵਾਦੀ, ਪਾਖੰਡਵਾਦੀ, ਸ਼ੋਸ਼ਿਤ ਤੋ ਸ਼ੋਸ਼ਕ ਕਾਰਗੁਜ਼ਾਰੀ, ਮਨੁੱਖੀ ਰਿਸ਼ਤਿਆਂ-ਨਾਤਿਆਂ ਵਿੱਚਕਾਰ ਟਕਰਾਅ ਆਦਿ ਨੂੰ ਸਮਾਨਤਾਵਾਂ ਤੇ ਵੱਖਰਤਾਵਾਂ ਦੇ ਚੰਗੇ ਤੇ ਮਾੜੇ ਪੱਖ ਵਜੋਂ ਨਸ਼ਰ ਕਰਦੀਆਂ ਹਨ।

### 5.3. ਔਰਤ-ਮਰਦ ਦੀਆਂ ਪਰਿਵਾਰਕ ਸਮੱਸਿਆਵਾਂ ਦੀ ਪੇਸ਼ਕਾਰੀ:

ਮਨੁੱਖੀ ਸਮਾਜ ਵਿਭਿੰਨ ਸੰਬੰਧਾਂ ਤੇ ਮੁੱਲਾਂ ਦਾ ਪ੍ਰਬੰਧ ਹੈ, ਜਿਸ ਵਿੱਚ ਔਰਤ ਮਰਦ ਸੰਬੰਧਾਂ ਨੂੰ ਕੇਂਦਰੀ ਮਹੱਤਵ ਪ੍ਰਾਪਤ ਹੈ। ਪੁਰਾਤਨ ਭਾਰਤੀ ਸਮਾਜਿਕ ਪ੍ਰਬੰਧ ਵਿੱਚ ਵੇਦਾਂ ਤੋਂ ਲੈ ਕੇ ਜਾਗੀਰਦਾਰੀ ਪਰੰਪਰਾ ਤੇ ਫੇਰ ਸਾਮੰਤਵਾਦੀ ਸਮਾਜਿਕ ਢਾਂਚੇ ਵਿੱਚ ਔਰਤ ਦੀ ਸਥਿਤੀ ਮਰਦ ਦੇ ਮੁਕਾਬਲੇ ਦੁਜੈਲੀ ਹੀ ਰਹੀ ਨਿਰਸੰਦੇਹ ਇਹ ਪ੍ਰਭਾਵ ਪੰਜਾਬੀ ਸਮਾਜ ਤੇ ਸੱਭਿਆਚਾਰ ਵਿੱਚ ਵੇਖਣ ਵਿੱਚ ਆਉਂਦਾ ਹੈ। ਇੱਥੇ ਭਾਵੇਂ ਔਰਤ ਦੀ ਅਹਿਮ ਤੇ ਉਸਾਰੂ ਭੂਮਿਕਾ ਰਹੀ ਹੈ, ਪਰ ਵੀਹਵੀਂ ਸਦੀ ਤੱਕ ਉਸ ਲਈ ਸਮਾਜਿਕ ਸੱਭਿਆਚਾਰਕ ਹਾਲਤਾਂ ਐਨੀਆਂ ਸੁਖਾਵੀਆਂ ਨਹੀਂ ਸੀ ਜਿਸ ਕਰਕੇ ਉਸਨੇ ਹਮੇਸ਼ਾ ਦੁਜੈਲੀ ਸਥਿਤੀ ਹੀ ਭੋਗੀ ਹੈ। ਘਰ ਵਿੱਚ ਧੀ ਦਾ ਜਨਮ ਲੈਣਾ ਹੀ ਮਾੜਾ ਸਮਝਿਆ ਜਾਂਦਾ ਸੀ। ਉਸ ਤੋਂ ਬਾਅਦ ਜੇਕਰ ਘਰ ਵਿੱਚ ਕੁਝ ਮਾੜਾ ਵਾਪਰਦਾ ਤਾਂ ਇਹ ਵੀ ਉਸਦੀ ਮੌਜੂਦਗੀ ਕਰਕੇ ਮੰਨਿਆ ਜਾਂਦਾ ਸੀ। ਮੁੰਡੇ ਤੇ ਕੁੜੀ ਦੀ ਪਰਵਰਿਸ਼ ਵਿੱਚ ਅੰਤਰ ਰੱਖਿਆ ਜਾਂਦਾ ਸੀ। ਕੁੜੀ ਨੂੰ ਮੁੰਡਿਆਂ ਮੁਕਾਬਲੇ ਖਾਣ ਪੀਣ ਲਈ ਘੱਟ ਦਿੱਤਾ ਜਾਂਦਾ ਸੀ। ਉਸਨੂੰ ਘੱਟ ਬੋਲਣ, ਪੂਰੇ ਕੱਪੜੇ ਪਹਿਨਣ ਤੇ ਘਰ ਦੇ ਕੰਮ ਸਿੱਖਣ ਲਈ ਹਦਾਇਤ ਕੀਤੀ ਜਾਂਦੀ ਸੀ ਜਦਕਿ ਮੁੰਡੇ ਨੂੰ ਹਰ ਤਰ੍ਹਾਂ ਦੀ ਖੁੱਲ੍ਹ ਹੁੰਦੀ ਸੀ। ਕੁੜੀਆਂ ਨੂੰ ਪੜ੍ਹਾਈ ਤੇ ਬਾਹਰੀ ਸਮਾਜ ਤੋਂ ਵੀ ਦੂਰ ਰੱਖਿਆ ਜਾਂਦਾ ਸੀ। ਉਸਨੂੰ ਮਰਜ਼ੀ ਦਾ ਵਰ ਲੱਭਣ ਦੀ ਖੁੱਲ੍ਹ ਨਹੀਂ ਸੀ ਤੇ ਮਾਪਿਆਂ ਦੀ ਧੱਕੇਸ਼ਾਹੀ ਤਹਿਤ ਉਹ ਅਕਸਰ ਅਣਜੋੜ ਵਿਆਹ ਦੀ ਸ਼ਿਕਾਰ ਹੋ ਜਾਂਦੀ ਸੀ। ਵਿਆਹ ਵੀ ਉਸ ਲਈ ਕੋਈ ਆਜ਼ਾਦੀ ਦਾ ਰਾਹ

ਨਹੀਂ ਬਲਕਿ ਇੱਕ ਕੈਦ ਤੋਂ ਦੂਜੀ ਕੈਦ ਵਿੱਚ ਜਾਣ ਵਾਂਗ ਸੀ। ਪਿਆਰ ਵਿੱਚ ਵੀ ਉਹ ਅਕਸਰ ਮਰਦ ਦੇ ਧੋਖੇ ਜਾਂ ਰੂੜ੍ਹੀਵਾਦੀ ਸਮਾਜ ਦੀਆਂ ਰੀਤਾਂ-ਰਸਮਾਂ ਦੀ ਬਲੀ ਚੜ੍ਹ ਜਾਂਦੀ ਸੀ। ਵਿਆਹ ਸੰਸਥਾ ਵਿੱਚ ਮਰਦ ਵੱਲੋਂ ਉਸਦਾ ਸ਼ੋਸ਼ਣ ਕੀਤਾ ਜਾਂਦਾ ਸੀ ਤੇ ਫੇਰ ਵੀ ਉਸ ਕੋਲੋਂ ਸਾਊ, ਇਮਾਨਦਾਰ ਤੇ ਸੁੱਘੜ ਬਣੇ ਰਹਿਣ ਦੀ ਆਸ ਕੀਤੀ ਜਾਂਦੀ ਸੀ। ਬਿਰਧ ਅਵਸਥਾ ਵਿੱਚ ਉਹ ਆਪਣੇ ਪੁੱਤਰਾਂ ਦੀ ਨਿਗਰਾਨੀ ਹੇਠ ਆ ਜਾਂਦੀ ਸੀ। ਇਸ ਤਰ੍ਹਾਂ ਸਮੇਂ ਦੇ ਸੱਭਿਆਚਾਰ ਵਿੱਚ ਔਰਤ ਦੀ ਹਸਤੀ ਨਿਗੂਣੀ ਹੀ ਸੀ। ਔਰਤ ਮੁਕਤੀ, ਔਰਤ ਸੁਰੱਖਿਆ ਅਤੇ ਔਰਤ ਨਾਲ ਇੱਕ ਮਨੁੱਖ ਦੇ ਤੌਰ 'ਤੇ ਵਿਵਹਾਰ ਕਰਨ ਲਈ ਜਿੱਥੇ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਔਰਤ-ਮਰਦ ਦੀਆਂ ਪਰਿਵਾਰਕ ਸਮੱਸਿਆ ਨੂੰ ਦੂਰ ਕਰਨ ਦਾ ਸਿਰਤੋੜ ਯਤਨ ਕਰ ਰਹੀ ਹੈ, ਉੱਥੇ ਹੀ ਬਹੁਤ ਸਾਰੀਆਂ ਕਹਾਣੀਆਂ ਵਿੱਚ ਉਹ ਇੱਕ ਵਸਤੂ ਵਜੋਂ ਹੀ ਪੇਸ਼ ਕੀਤੀ ਗਈ ਹੈ। ਇਹਨਾਂ ਦੀਆਂ ਕਹਾਣੀਆਂ ਜ਼ਿਆਦਾਤਰ ਪੜ੍ਹੀ-ਲਿਖੀ, ਸ਼ਹਿਰੀ, ਨੌਕਰੀਪੇਸ਼ਾ ਅਤੇ ਮਹਾਂਨਗਰੀ ਔਰਤ ਉਪਰ ਹੀ ਕੇਂਦਰਿਤ ਹੈ। ਇਹ ਨੌਕਰੀਪੇਸ਼ਾ ਤੇ ਪੜ੍ਹੀ-ਲਿਖੀ ਮਾਡਰਨ ਔਰਤ ਵੀ ਅਸੁਰੱਖਿਆ ਅਤੇ ਅਸ਼ਾਂਤੀ ਵਿੱਚ ਭਟਕ ਰਹੀ ਹੈ। ਸੁਚੇਤ ਪੱਧਰ 'ਤੇ ਇਸ ਔਰਤ ਨੂੰ ਆਪਣੀ ਸਥਿਤੀ ਸੁਰੱਖਿਅਤ ਜਾਪਦੀ ਹੈ, ਪਰ ਅਚੇਤ ਪੱਧਰ 'ਤੇ ਉਹ ਹਰ ਪੱਖੋਂ ਸ਼ੋਸ਼ਿਤ, ਅਸ਼ਾਂਤ ਅਤੇ ਅਸੁਰੱਖਿਆ ਦੇ ਦੌਰ ਵਿਚੋਂ ਗੁਜ਼ਰ ਰਹੀ ਹੈ। ਬਹੁਤੀਆਂ ਕਹਾਣੀਆਂ ਵਿੱਚ ਔਰਤ ਆਪਣੀ ਅਜ਼ਾਦੀ ਦੇ ਅਰਥਾਂ ਨੂੰ ਕੇਵਲ ਦੇਹ ਵਿਖਾਵੇ ਅਤੇ ਵਧੇਰੇ ਮਰਦਾਂ ਨਾਲ ਸਰੀਰਕ ਸੰਬੰਧ ਬਨਾਉਣ ਤੱਕ ਹੀ ਸੀਮਿਤ ਸਮਝਦੀ ਹੈ। ਉਹ ਨਾ ਤਾਂ ਮਰਦ ਵਜੋਂ ਵਿਚਰ ਰਹੀ ਹੈ, ਨਾ ਹੀ ਔਰਤ ਵਜੋਂ ਅਤੇ ਨਾ ਹੀ ਮਨੁੱਖ ਵਜੋਂ। ਜੀਵਨ ਦੇ ਹਰ ਖੇਤਰ ਵਿੱਚ ਆਪਣੀ ਬੁੱਧੀ, ਵਿਵੇਕ, ਲਗਨ ਅਤੇ ਮਿਹਨਤ ਨਾਲ ਮਰਦ ਦੇ ਬਰਾਬਰ ਵਿਚਰਣ ਵਾਲੀ ਨਾਰੀ ਹਾਲੇ ਵੀ ਹਾਸ਼ੀਆਗਤ ਹੈ। ਡਾ. ਧਨਵੰਤ ਕੌਰ ਲਿਖਦੀ ਹੈ *ਨਾਰੀ ਚੇਤਨਾ ਦੇ ਬਦਲਦੇ ਧਰਾਤਲ: ਪੰਜਾਬੀ ਨਾਰੀ ਗਲਪ* ‘ਚ ਆਖਦੀ ਹੈ ਕਿ:

> ਸਮਕਾਲੀ ਪੰਜਾਬੀ ਗਲਪ ਵਿੱਚ ਪੇਸ਼ ਹੋ ਰਹੇ ਨਾਰੀ ਸਰੋਕਾਰ ਪ੍ਰਮਾਣਿਤ ਕਰਦੇ ਹਨ ਕਿ ਨਾਰੀ ਲਈ ਰਾਖਵੀਆਂ ਕਾਨੂੰਨੀ ਸੁਰੱਖਿਆਵਾਂ, ਆਰਥਿਕ ਬਰਾਬਰੀਆਂ, ਸਮਾਜਿਕ ਭਾਈਵਾਲੀਆਂ ਦੇ ਬਾਵਜੂਦ ਨਾਰੀ ਨੂੰ ਇੱਕ ਬਰਾਬਰ ਦੇ ਵਜੂਦ ਵਜੋਂ ਪ੍ਰਵਾਨਗੀ ਦੇ ਕੇ ਔਰਤ ਮਰਦ ਸਹਿਹੋਂਦ ਵਾਲੇ ਇੱਕ ਸਾਬਤ

> ਘਰ ਦੀ ਸਿਰਜਣਾ ਮੰਡੀ ਮੁੱਲਾਂ ਵਾਲੇ ਖੁੱਲ੍ਹੇ ਸਮਾਜ ਦੇ ਏਜੰਡੇ 'ਚ ਸ਼ਾਮਲ ਹੀ ਨਹੀਂ ਅਣਗਿਣਤ ਕਹਾਣੀਆਂ ਖੁੱਲ੍ਹੇ ਸਮਾਜ ਦੇ ਓਡਣ ਵਿੱਚ ਔਰਤ ਦੇ ਸਾਰੇ ਟੈਲੈਂਟ ਨੂੰ ਸਮਝੌਤਿਆਂ, ਸਮਰਪਣਾਂ, ਅਪ੍ਰਵਾਨਗੀ, ਜਿਨਸੀ ਸ਼ੋਸ਼ਣਾਂ ਦੇ ਸ਼ੀਤ ਯੁੱਧਾਂ ਵਿੱਚ ਖੀਵਾ ਹੁੰਦੇ ਵਿਖਾ ਰਹੀਆਂ ਹਨ।(650)

ਭਾਵੇਂ ਵੀਹਵੀਂ ਸਦੀ ਦੇ ਆਰੰਭ ਤੋਂ 1947 ਤੱਕ ਔਰਤ ਮੂਲ ਰੂਪ ਵਿੱਚ ਪਿਤਾ ਪੁਰਖੀ ਗਲਬੇ ਅਧੀਨ ਆਦਰਸ਼, ਪਰੰਪਰਿਕ ਅਤੇ ਮਰਦਾਵੇਂ ਸਮਾਜ ਦੀ ਅਧੀਨਗੀ ਵਾਲਾ ਜੀਵਨ ਹੀ ਬਤੀਤ ਕਰਦੀ ਹੈ, ਪਰ ਇਸ ਯੁੱਗ ਵਿੱਚ ਬਦਲ ਰਹੀਆਂ ਸਥਿਤੀਆਂ-ਪ੍ਰਸਥਿਤੀਆਂ ਅਤੇ ਕਦਰਾਂ ਕੀਮਤਾਂ ਕਾਰਨ ਔਰਤ ਮਾਨਸਿਕਤਾ ਜਾਗਣੀ ਸ਼ੁਰੂ ਹੋ ਜਾਂਦੀ ਹੈ। ਔਰਤ ਨੂੰ ਆਪਣੀ ਪਛਾਣ ਅਤੇ ਅਸਤਿਤਵ ਨਾਲ ਜੁੜੇ ਮਸਲਿਆਂ ਦਾ ਅਹਿਸਾਸ ਹੋਣ ਲਗਦਾ ਹੈ। ਉਸਨੂੰ ਆਪਣੀ ਸ਼ੋਸ਼ਿਤ, ਦੁਜੈਲੀ ਅਤੇ ਮਰਦ ਦੇ ਮੁਕਾਬਲੇ ਨਾਬਰਾਬਰੀ ਵਾਲੀ ਸਥਿਤੀ ਦੀ ਸਮਝ ਆਉਣੀ ਸ਼ੁਰੂ ਹੁੰਦੀ ਹੈ। ਉਹ ਆਪਣੇ ਅਸਤਿਤਵ ਨਾਲ ਸੰਬੰਧਿਤ ਮੁੱਦੇ ਅਤੇ ਸਮੱਸਿਆਵਾਂ ਨੂੰ ਲੈ ਕੇ ਕਿਤੇ ਨਾ ਕਿਤੇ ਇਸ ਵਿਚੋਂ ਨਿਕਲਣ ਦਾ ਯਤਨ ਹੀ ਨਹੀਂ ਕਰਦੀ, ਸਗੋਂ ਆਪਣੇ ਸਵੈ ਨਾਲ ਅੰਤਰ-ਸੰਵਾਦ ਰਚਾ ਕੇ ਆਪਣੀ ਪਛਾਣ ਨਾਲ ਜੁੜੇ ਅਨੇਕਾਂ ਪ੍ਰਸ਼ਨਾਂ ਦੇ ਉਤਰ ਲੱਭਣ ਦੀ ਕੋਸ਼ਿਸ਼ ਕਰਦੀ ਹੈ। ਉਹ ਸਮਾਜ ਤੇ ਸੱਭਿਆਚਾਰ ਦੁਆਰਾ ਸਥਾਪਿਤ ਔਰਤ ਪਹਿਚਾਣ ਨਾਲ ਜੁੜੀਆਂ ਝੂਠੀਆਂ, ਕੋਝੀਆਂ ਅਤੇ ਗਲਤ ਧਾਰਨਾਵਾਂ ਨੂੰ ਸਮਝਣ ਤੇ ਤੋੜਨ ਦੀ ਕੋਸ਼ਿਸ਼ ਕਰਦੀ ਹੈ। ਭਾਵੇਂ ਇਸ ਸਮੇਂ ਦੌਰਾਨ ਔਰਤ ਹੋਂਦ ਨਾਲ ਜੁੜੇ ਮਸਲੇ ਕਿਸੇ ਰਾਜਨੀਤਿਕ ਜਾਂ ਕ੍ਰਾਂਤੀਕਾਰੀ ਅੰਦੋਲਨ ਦੇ ਰੂਪ ਵਿੱਚ ਤਾਂ ਨਹੀਂ ਉੱਭਰਦੇ ਪਰ ਔਰਤ ਆਪਣੀ ਘਰੇਲੂ ਸਥਿਤੀ ਤੋਂ ਲੈ ਕੇ ਨੌਕਰੀਪੇਸ਼ਾ ਸਥਿਤੀ ਤੱਕ ਆਪਣੇ ਅਸਤਿਤਵ ਨਾਲ ਜੁੜੇ ਕੰਮਾਂ ਰਾਹੀਂ ਆਪਣੀ ਪਹਿਚਾਣ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦੀ ਹੈ। ਇਸ ਬਾਰੇ ਡਾ. ਧਨਵੰਤ ਕੌਰ *ਪੰਜਾਬੀ ਕਹਾਣੀ ਸ਼ਾਸਤਰ* 'ਚ ਲਿਖਦੀ ਹੈ ਕਿ:

> ਪੱਛਮੀ ਜੀਵਨ ਜਾਚ ਨੇ ਔਰਤ ਦੀ ਹੋਂਦ ਚੇਤਨਾ ਦੇ ਜਿਹੜੇ ਨਵੇਂ ਜਾਵੀਏ ਦਿੱਤੇ ਹਨ ਉਨ੍ਹਾਂ ਨੇ ਉਸਦੀ ਮਰਦ ਨੂੰ ਸੰਪੂਰਣ ਤੌਰ ਤੇ ਸਮਰਪਿਤ, ਨਿਰਭਰ ਅਤੇ ਦੁਜੈਲੀ ਸਥਿਤੀ ਦਾ ਵਿਵੇਕ ਖ਼ਤਮ ਹੀ ਨਹੀਂ ਕੀਤਾ ਸਗੋਂ ਉਸਨੂੰ ਜ਼ਿਹਨੀ, ਜਿਸਮੀ ਅਤੇ ਜਿਨਸੀ ਲੋੜਾਂ ਵਾਲੀ ਸੁਤੰਤਰ ਸਾਲਮੀ ਹੋਂਦ

ਵਜੋਂ ਪਰਿਭਾਸ਼ਤ ਵੀ ਕੀਤਾ ਹੈ।(101)

ਸਮਾਜ ਰੂਪੀ ਇਮਾਰਤ ਦੇ ਦੋ ਥੰਮ੍ਹ ਔਰਤ ਅਤੇ ਮਰਦ ਹਨ। ਸਮਾਜ ਦੀ ਉਤਪਤੀ ਅਤੇ ਵਿਕਾਸ ਔਰਤ-ਮਰਦ ਦੇ ਆਪਸੀ ਸੰਬੰਧਾਂ ਦੁਆਰਾ ਹੋਇਆ। ਸ਼ੁਰੂ ਵਿੱਚ ਜਦੋਂ ਮਨੁੱਖ ਪ੍ਰਕ੍ਰਿਤਕ ਅਵਸਥਾ ਵਿੱਚ ਵਿਚਰਦਾ ਸੀ ਤਾਂ ਔਰਤ-ਮਰਦ ਦੇ ਆਪਸੀ ਸਰੀਰਕ ਸਬੰਧ ਪਸ਼ੂ ਜਗਤ ਦੀ ਤਰ੍ਹਾਂ ਬਿਨਾਂ ਕਿਸੇ ਰੋਕ ਦੇ ਬਣਦੇ-ਵਿਨਸਦੇ ਹੋਣਗੇ। ਸੁਖਜੀਤ ਤੇ ਵੀਨਾ ਵਰਮਾ ਆਪਣੀਆਂ ਕਹਾਣੀਆਂ ਵਿੱਚ ਔਰਤ-ਮਰਦ ਦੇ ਆਪਸੀ ਸਬੰਧਾਂ ਨੂੰ ਪਰਿਵਾਰਕ ਸਮੱਸਿਆਵਾਂ ਛੋਹਾਂ ਰਾਹੀਂ ਪੇਸ਼ ਕਰਦੇ ਹਨ। ਔਰਤ-ਮਰਦ ਸਮਾਜ ਵਿੱਚ ਗ੍ਰਹਿਸਥ ਜੀਵਨ ਦਾ ਆਧਾਰ ਹਨ ਤੇ ਇਨ੍ਹਾਂ ਦੇ ਮੇਲ ਨਾਲ ਹੀ ਇਨ੍ਹਾਂ ਦੀ ਜ਼ਿੰਦਗੀ ਅਤੇ ਘਰ ਬਣਦਾ ਹੈ। ਵੀਨਾ ਵਰਮਾ ਅਤੇ ਸੁਖਜੀਤ ਨੇ ਆਪਣੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਨਾਲ ਔਰਤ-ਮਰਦ ਦੀਆਂ ਪਰਿਵਾਰਕ ਸਮੱਸਿਆਵਾਂ ਨੂੰ ਸਮਾਨਤਾਵਾਂ ਅਤੇ ਵੱਖਰਤਾਵਾਂ ਦੇ ਚੰਗੇ ਤੇ ਮਾੜੇ ਪੱਖਾਂ ਤੋਂ ਉਭਾਰਿਆ ਹੈ। ਜਿੰਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:

**(ੳ) ਚੰਗੇ ਪੱਖ:** ਮਨੁੱਖ ਜਿਉਂ-ਜਿਉਂ ਪ੍ਰਕਿਰਤਕ ਅਵਸਥਾ ਤੋਂ ਸਾਂਸਕ੍ਰਿਤਕ, ਪਰਿਵਾਰਕ ਅਵਸਥਾ ਵਿੱਚ ਆਉਂਦਾ ਗਿਆ ਤਾਂ ਔਰਤ-ਮਰਦ ਦੇ ਆਪਸੀ ਸਰੀਰਕ ਸਬੰਧ, ਪਰਿਵਾਰਕ ਸੰਬੰਧ ਸਮਾਜਿਕ ਮਾਣ-ਮਰਿਆਦਾ ਅਧੀਨ ਵਿਚਰਣ ਲੱਗੇ, ਪਰੰਤੂ ਸਮੇਂ-ਸਮੇਂ 'ਤੇ ਮਨੁੱਖ ਦੀ ਪ੍ਰਕਿਰਤਕ ਅਵਸਥਾ ਉਸ ਦੀ ਸਾਂਸਕ੍ਰਿਤਕ ਅਵਸਥਾ ਵਿੱਚ ਦਖ਼ਲ-ਅੰਦਾਜ਼ੀ ਕਰਕੇ ਉਸ ਦੀ ਸ਼ਖ਼ਸੀਅਤ ਵਿੱਚ ਦਵੰਦ ਅਤੇ ਦੁਫੇੜ ਪੈਦਾ ਕਰਦੀ ਰਹਿੰਦੀ ਹੈ। ਸ਼ਖ਼ਸੀਅਤ ਦੀ ਅਜਿਹੀ ਦੁਫੇੜਤਾ ਕਾਰਨ ਔਰਤ-ਮਰਦ ਸੰਬੰਧਾਂ ਵਿੱਚ ਪੈਦਾ ਹੋਈਆਂ ਦਰਾਰਾਂ, ਪਰਿਵਾਰਕ ਸਮੱਸਿਆਵਾਂ ਉੱਭਰਦੀਆਂ ਹਨ। ਹਰਜਿੰਦਰ ਹੈਪੀ, *ਨਾਰੀਵਾਦੀ ਪਰਿਪੇਖ ਵਿੱਚ ਅੰਮ੍ਰਿਤਾ ਪ੍ਰੀਤਮ ਤੇ ਵੀਨਾ ਵਰਮਾ ਦਾ ਤੁਲਨਾਤਮਕ ਅਧਿਐਨ* 'ਚ ਆਖਦਾ ਹੈ ਕਿ:

> ਭਾਰਤੀ ਸਮਾਜ ਵਿੱਚ ਅੱਜ ਵੀ ਇਸਤਰੀ ਦੀ ਸਥਿਤੀ ਅਜਿਹੀ ਹੈ ਕਿ ਉਸ ਨੂੰ ਸੁਖ ਮਿਲੇ ਜਾਂ ਦੁੱਖ, ਬਿਨਾਂ ਸੋਚੇ-ਸਮਝੇ ਮੂਕ ਬਣ ਕੇ ਹੀ ਸਿਹਣਾ ਪੈਂਦਾ ਹੈ। ਉਹ ਆਪਣੇ ਸਹੁਰੇ ਤੇ ਪੇਕਾ ਪਰਿਵਾਰ ਨੂੰ ਜੋੜ ਕੇ ਰੱਖਦਿਆਂ ਨਾ ਕੇਵਲ ਸਵੈ-ਵਿਕਸਿਤ ਤੇ ਸਮਿਰੱਧ ਬਣਦੀ ਹੈ ਸਗੋਂ, ਸਮਾਜ ਨੂੰ ਵੀ ਬਣਾਈ ਰੱਖਦੀ

ਹੈ। ਜਿਸ ਛੱਤ ਦੇ ਹੇਠਾਂ ਉਹ ਆਪਣੀ ਸਾਰੀ ਜ਼ਿੰਦਗੀ ਆਪਣੇ ਪਰਿਵਾਰ ਲਈ ਕੁਰਬਾਨ ਕਰ ਦਿੰਦੀ ਹੈ, ਉਸ ਪਰਿਵਾਰ ਤੋਂ?ਉਸ ਨੂੰ ਕੀ ਮਿਲਦਾ ਹੈ(203)

ਜਿੱਥੇ ਸੁਖਜੀਤ ਆਪਣੀ ਪੁਸਤਕ ਅੰਤਰਾ ਦੀ 'ਬਰਫ਼' ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਮਨੁੱਖ ਦੀ ਪ੍ਰਕਿਰਤਕ/ਜੈਵਿਕ ਅਤੇ ਰਿਸ਼ਤੇ-ਨਾਤੇ ਵਿੱਚਲੀ ਦਵੰਦਮਈ ਸੋਚ ਤੋਂ ਚੰਗੇ ਪੱਖ ਨਾਲ ਸੰਬੰਧਿਤ ਹੈ। ਕੁਝ ਰਿਸ਼ਤੇ-ਨਾਤੇ ਪਵਿੱਤਰਤਾ ਦੀ ਹੱਦ ਤੱਕ ਪੂਜਣਯੋਗ ਮੰਨੇ ਗਏ, ਜਿਹਨਾਂ ਵਿਚੋਂ ਭੈਣ-ਭਰਾ ਦਾ ਰਿਸ਼ਤਾ ਪ੍ਰਮੁੱਖ ਹੈ। ਨੈਤਿਕ ਦ੍ਰਿਸ਼ਟੀ ਤੋਂ ਇਸਦੀ ਉਲੰਘਣਾ ਕਿਸੇ ਵੀ ਸਮਾਜ ਨੂੰ ਪ੍ਰਵਾਨਿਤ ਨਹੀਂ। ਪਰੰਤੂ ਆਧੁਨਿਕ-ਪੱਛਮੀ ਪ੍ਰਭਾਵ ਵਾਲੀ ਖੁੱਲ੍ਹੀ-ਡੁੱਲ੍ਹੀ ਸੰਸਕ੍ਰਿਤੀ ਵਿੱਚ ਅਜਿਹੀਆਂ ਸਥਿਤੀਆਂ-ਪਰਿਸਥਿਤੀਆਂ ਦੇ ਪੈਦਾ ਹੋਣ ਦੀ ਸੰਭਾਵਨਾ ਪ੍ਰਬਲ ਬਣੀ ਹੋਈ ਹੈ, ਜਿਸ ਵਿੱਚ ਵਿਚਰਦੇ ਭੈਣ-ਭਰਾ ਪ੍ਰਕਿਰਤਕ ਅਤੇ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਔਰਤ-ਮਰਦ ਦੀ ਹੋਂਦ ਵਿੱਚਲੇ ਦਵੰਦ ਦੀ ਤੀਖਣ ਅਨੁਭੂਤੀ ਕਾਰਨ ਸੰਕਟ/ਪਰਿਵਾਰਕ ਸਮੱਸਿਆ ਦਾ ਸ਼ਿਕਾਰ ਹੁੰਦੇ ਹੋਏ ਵੀ ਚੰਗੇ ਪੱਖ ਬਾਰੇ ਸੋਚਦੇ ਰਹਿੰਦੇ ਹਨ:

ਥਾਂ ਬਹੁਤ ਥੋੜ੍ਹਾ ਸੀ, ਉਹ ਸੁੰਗੜੇ ਹੋਏ ਸਨ ਤੇ ਆਪਣੇ ਆਪ ਨੂੰ ਇੱਕ ਦੂਜੇ ਨਾਲੋਂ ਲੱਗਣੋਂ ਬਚਾ ਰਹੇ ਸਨ। ਪਰ ਕਿਉਂ ? ਬਰਖਾ ਨੇ ਸੋਚਿਆ ਸੀ, "ਕਿਉਂ ਅਸੀਂ ਇੱਕ ਦੂਜੇ ਵੱਲ ਪਿੱਠ ਕੀਤੀ, ਅਸੀਂ ਭੈਣ ਭਰਾ ਹਾਂ, ਛੋਟੇ ਹੁੰਦੇ 'ਕੱਠੇ ਸੌਂਦੇ ਰਹੇ ਹਾਂ, ਇੱਕ ਦੂਜੇ ਨੂੰ ਗਲਵੱਕੜੀ ਪਾ ਕੇ। ਪਰ ਹੁਣ? ਹੁਣ ਸ਼ਾਇਦ ਅਸੀਂ ਵੱਡੇ ਹੋ ਗਏ ਹਾਂ।(26)

ਸੁਖਜੀਤ ਦੁਆਰਾ ਇਸੇ ਕਹਾਣੀ ਸੰਗ੍ਰਹਿ 'ਚ ਰਚਿਤ 'ਦਾਅ'ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਸਾਧਾਰਨ ਲੋਕਾਈ ਦੀ ਪਰਿਵਾਰਕ ਤੰਗੀ ਤੁਰਸ਼ੀ ਤੇ ਆਰਥਿਕ ਸਮੱਸਿਆ ਨੂੰ ਹੱਲ ਕਰਨ ਲਈ ਚੰਗੇ ਪੱਖ ਨੂੰ ਉਭਾਰਦੀ ਹੈ। ਕਹਾਣੀ 'ਦਾਅ' ਦਾ ਕੇਂਦਰੀ ਪਾਤਰ ਗਿੰਦਾ ਇਲਾਕੇ ਦਾ ਮੰਨਿਆ-ਪ੍ਰਮੰਨਿਆ ਭਲਵਾਨ ਹੈ। ਉਸਦੇ ਘੁਲਣ ਦੀ ਸਫ਼ਾਈ ਦੀ ਧੁੰਮ ਦੂਰ-ਦੂਰ ਤੱਕ ਹੈ। ਪਰੰਤੂ ਪਿੰਡ ਦੇ ਸਰਪੰਚ ਦੇ ਮੁੰਡੇ ਮਲਕੀਤ ਨਾਲ ਗਿੰਦੇ ਦੇ ਘੁਲਣ ਦੀ ਘਟਨਾ ਲੋਕਾਂ ਨੂੰ ਹੈਰਾਨ ਕਰਦੀ ਹੈ। ਹੈਰਾਨੀ ਦੀ ਵਜ੍ਹਾ ਇਹ ਹੈ

ਕਿ ਵੀਹਾਂ ਪਿੰਡਾਂ ਤੋਂ ਝੰਡੀ ਪੁੱਟਣ ਵਾਲਾ ਗਿੰਦਾ ਭਲਵਾਨ ਮਲਕੀਤ ਵਰਗੇ ਸਾਧਾਰਨ ਭਲਵਾਨ ਨੂੰ ਕਿਉਂ ਢਾਅ ਨਹੀਂ ਪਾ ਰਿਹਾ ਹੈ ? ਲੋਕ ਇਸ ਗੱਲ ਤੋਂ ਅਨਜਾਣ ਹਨ ਕਿ ਗਿੰਦਾ ਸਰਪੰਚ ਤੋਂ ਆਪਣੇ ਬੱਚੇ ਦੇ ਇਲਾਜ ਲਈ ਫੜੇ ਪੈਸਿਆਂ ਬਦਲੇ ਮਲਕੀਤ ਵੱਲੋਂ ਢੱਠਣ ਦੀ ਸ਼ਰਤ ਪਹਿਲਾਂ ਹੀ ਮੰਨ ਚੁੱਕਾ ਹੈ। ਇਸ ਘੋਲ ਦੌਰਾਨ ਗਿੰਦੇ ਨੂੰ ਖੁਦ ਤੀਖਣ, ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਸੰਘਰਸ਼ਮਈ ਜੀਵਨ ਚੋਂ ਗੁਜ਼ਰਨਾ ਪੈਂਦਾ ਹੈ। ਇਹ ਸੰਘਰਸ਼ 'ਗਿੰਦੇ ਬਾਪੂ' ਅਤੇ 'ਗਿੰਦੇ ਭਲਵਾਨ' ਵਿੱਚਕਾਰ ਹੈ। ਸੋ, ਸੁਖਜੀਤ ਤੇ ਵੀਨਾ ਵਰਮਾ ਨੇ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਔਰਤ-ਮਰਦ ਦੀ ਅਜਿਹੀ ਪਰਿਵਾਰਕ ਸਮੱਸਿਆ ਨੂੰ ਵੱਖਰਤਾਵਾਂ ਤੋਂ ਚੰਗੇ ਪੱਖ ਵਜੋਂ ਬਿਆਨ ਕੀਤਾ ਹੈ। ਜਿਵੇਂ ਕਿ:

> ਜਦੋਂ ਵੀ ਚੌਹ ਵਰ੍ਹਿਆਂ ਦਾ ਬੱਬੂ ਉਸਦੇ ਖਿਆਲਾਂ 'ਚ ਆ ਜਾਂਦਾ ਸੀ, ਤਾਂ ਗਿੰਦਾ ਢਹਿਣ ਲੱਗਦਾ। ਪਰ ਉਹਦੇ ਅੰਦਰਲਾ ਭਲਵਾਨ ਪਿੱਠ ਨਹੀਂ ਸੀ ਲੱਗਣ ਦਿੰਦਾ। ਬੱਬੂ ਦਾ ਬਾਪੂ ਜਦੋਂ ਕੰਡ ਲਵਾਉਣ ਲੱਗਦਾ ਸੀ ਤਾਂ ਗਿੰਦਾ ਭਲਵਾਨ ਅੜ੍ਹ ਜਾਂਦਾ। ਏਨੇ ਹਜ਼ੂਮ ਸਾਹਵੇਂ ਗਿੰਦਾ ਭਲਵਾਨ ਕਿਸੇ ਅਨਾੜੀ ਤੋਂ ਢੱਠ ਜਾਵੇ।(64)

ਜਿੱਥੇ ਵੀਨਾ ਵਰਮਾ ਨੇ 'ਰਜਾਈ' ਕਹਾਣੀ ਵਿੱਚ ਔਰਤ ਭਾਵੇਂ ਮਰਦ ਦੀ ਬੇਵਫ਼ਾਈ ਦਾ ਸ਼ਿਕਾਰ ਹੋਈ, ਪਰੰਤੂ ਫਿਰ ਵੀ ਚੰਗੇ ਪੱਖ ਤੋਂ ਆਪਣੇ ਪਰਿਵਾਰ, ਬੱਚਿਆਂ ਦੀ ਦੇਖ-ਭਾਲ ਕਰਦੀ ਹੋਈ ਉੱਭਰਦੀ ਹੈ। ਜਿਵੇਂ ਕਿ ਕਹਾਣੀ ਦੀ ਨਾਇਕਾ ਹਰਬੰਸ ਕੌਰ ਦਾ ਪਤੀ ਇੰਗਲੈਂਡ ਜਦੋਂ ਉਸਨੂੰ ਬੁਲਾ ਲੈਂਦਾ, ਪਰ ਜਦੋਂ ਉਹ ਉੱਥੇ ਆਪਣੇ ਬੱਚਿਆਂ ਸਮੇਤ ਪਹੁੰਚਦੀ ਹੈ ਤਾਂ ਉੱਥੇ ਦੂਸਰਾ ਵਿਆਹ ਕਰਵਾਉਣ ਕਰਕੇ ਉਸਨੂੰ ਸਵੀਕਾਰ ਨਹੀਂ ਕਰਦਾ। ਜਦੋਂ ਉਸਨੂੰ ਕੋਈ ਸਹਾਰਾ ਨਹੀਂ ਮਿਲਦਾ ਤਾਂ ਫੌਜੀ ਕਰਨਲ ਸਿੰਘ ਦਾ ਸਹਾਰਾ ਲੈਂਦੀ ਹੈ। ਉਹ ਆਪਣੀ ਹੋਂਦ ਦੀ ਸਥਾਪਤੀ ਲਈ ਤੇ ਆਪਣੇ ਬੱਚਿਆਂ ਦੀ ਪਰਵਰਿਸ਼ ਲਈ ਜਿਊਂਦੀ ਹੈ। ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਉਭਾਰਦੀ ਹੋਈ ਉਹ ਆਪਣੇ ਪਤੀ ਦੀ ਬੇਵਫ਼ਾਈ ਕੋਸਦੀ ਹੋਈ ਚੰਗੇ ਪੱਖ ਵਜੋਂ ਰੱਬ ਅੱਗੇ ਅਰਜੋਈ ਕਰਦੀ ਹੈ। ਉੱਥੇ ਹੀ ਸੁਖਜੀਤ ਨੇ ਕਹਾਣੀ 'ਸਿੰਗਲ ਮਾਲਟ ਸੁਰਖ਼ ਨਹੀਂ ਹੁੰਦੀ' ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਯਤੀਮ ਬੱਚਿਆ ਦੀ ਤ੍ਰਾਸਦੀ ਨਾਲ ਚੰਗੇ

ਪੱਖ ਤੋਂ ਪਰਿਵਾਰਕ ਮੈਂਬਰਾਂ ਵਾਂਗ ਪਿਆਰ, ਸਾਂਝ ਤੇ ਹਮਦਰਦ ਦੀ ਕੜ੍ਹੀ ਜੋੜੀ ਹੈ। ਦੋਨੋਂ ਕਹਾਣੀਕਾਰ ਆਪਣੇ ਵਿਚਾਰਾਂ ਦੀ ਪੁਸ਼ਟੀ ਕਰਦੇ ਹੋਏ ਸਮਾਨਤਾਵਾਂ ਤੋਂ ਚੰਗੇ ਪੱਖ ਨੂੰ ਉਭਾਰਦੇ ਹਨ ਪਹਿਲਾਂ ਗੱਲ ਕਰਦੇ ਹਾਂ ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ *ਫ਼ਰੰਗੀਆਂ ਦੀ ਨੂੰਹ* ਦੀ ਕਹਾਣੀ ਰਜਾਈ ਬਾਰੇ:

> ਹਾਏ ਵੇ ਰੱਬਾ। ਕਿਹੜੇ ਜਰਮਾਂ ਦੇ ਬਦਲੇ ਲਏ। ਜੇ ਇਹ ਨਿਆਣੇ ਨਾ ਹੁੰਦੇ, ਤਾਂ ਮੈਂ ਕਿਸੇ ਖ਼ੂਹ ਖਾਤੇ 'ਚ ਜਾ ਡਿੱਗਦੀ ਆਦਮੀ ਆਪ ਤਾਂ ਆਜ਼ਾਦ ਹੋ ਜਾਂਦੈ, ਪਰ ਤੀਵੀਂ ਨੂੰ ਨਿਆਣਿਆਂ ਨਾਲ ਬੰਨ ਜਾਂਦੈ ਜਿਵੇਂ ਕਿਸੇ ਪਸ਼ੂ ਦੇ ਪੈਰ 'ਚ ਡੈਹਾਂ ਪਾ ਦਿੰਦੇ ਨੇ ਪਿੰਡਾਂ 'ਚ ਬੀ ਉਹ ਕਿਤੇ ਜਾ ਨਾ ਸਕੇ।(19)

ਉਪਰੋਕਤ ਵਿਚਾਰਾਂ ਦੀ ਪੁਸ਼ਟੀ ਕਰਦਾ ਹੋਇਆ ਸੁਖਜੀਤ ਆਪਣੇ ਕਹਾਣੀ ਸੰਗ੍ਰਹਿ *ਮੈਂ ਅਨਯਘੋਸ਼ ਨਹੀਂ* ਦੀ ਕਹਾਣੀ ਸਿੰਗਲ ਮਾਲਟ ਸੁਰਖ਼ ਨਹੀਂ ਹੁੰਦੀ 'ਚ ਲਿਖਦਾ ਹੈ:

> ਇਹ ਸਾਰੇ ਕਸ਼ਮੀਰੀ ਪੰਡਤਾਂ ਦੇ ਬੱਚੇ ਨੇ ਸਰ, ਇਨ੍ਹਾਂ ਦੇ ਪੂਰੇ ਪਰਿਵਾਰ ਮਾਰ ਦਿੱਤੇ ਗਏ, ਪਹਿਲਾਂ ਯਤੀਮ ਸਨ, ਹੁਣ ਇਨ੍ਹਾਂ ਦੇ ਮਾਂ-ਬਾਪ, ਭੈਣ-ਭਰਾ, ਚਾਚੇ-ਤਾਏ ਆਪਾਂ ਹਾਂ।(12)

'ਖੁੰਢ ਘਸੀਟਣੀ' ਕਹਾਣੀ ਦੀ ਨਾਇਕਾ ਧਨਵੰਤ ਕੌਰ ਵੀ ਦੂਸਰੇ ਵਿਆਹ ਦੇ ਸੰਤਾਪ ਨੂੰ ਹੰਢਾਉਂਦੀ ਹੈ। ਜਿਸਦੇ ਪਤੀ ਨੇ ਉਸਦੇ ਔਲਾਦ ਨਾ ਹੋਣ ਕਾਰਨ ਨਸੀਬ ਕੌਰ ਨਾਲ ਦੂਸਰਾ ਵਿਆਹ ਕਰਵਾ ਲਿਆ ਸੀ। ਦੋਵੇਂ ਔਰਤ ਪਾਤਰ ਇੱਕ ਮਰਦ ਕਰਕੇ ਸੰਤਾਪ ਭੋਗਦੀਆਂ ਹਨ। ਉਨ੍ਹਾਂ ਨੂੰ ਦੁੱਖ ਇਸ ਗੱਲ ਦਾ ਹੈ ਕਿ ਬੇਸ਼ੱਕ ਔਰਤ ਦੁਨੀਆ ਦੇ ਕਿਸੇ ਵੀ ਵਿਕਸਿਤ ਦੇਸ਼ ਵਿੱਚ ਕਿਉਂ ਨਾ ਚਲੀ ਜਾਵੇ, ਉਹ ਮਰਦ ਦੇ ਹੱਥ ਦਾ ਖਿਡੌਣਾ ਹੀ ਰਹੀ ਹੈ। ਭਾਵੇਂ ਉਹ ਆਪਣੇ ਬਾਪ ਦੇ ਘਰ ਹੋਵੇ, ਭਾਵੇਂ ਆਪਣੇ ਪਤੀ ਦੇ ਘਰ ਹੋਵੇ। ਉਸਦੀ ਕੋਈ ਇੱਛਾ ਨਹੀਂ ਪੁੱਛੀ ਜਾਂਦੀ, ਸਗੋਂ ਉਸਨੂੰ ਹਮੇਸ਼ਾ ਮਰਦ ਦਾ ਮੁਥਾਜ ਰਹਿਣਾ ਪੈਂਦਾ ਹੈ। ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ *ਜੋਗੀਆਂ ਦੀ ਧੀ* ਦੀ ਕਹਾਣੀ ਨਵਾਂ ਮਾਸ ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਵੱਡੀ ਭੈਣ ਦਾ ਆਪਣੀ ਛੋਟੀ ਭੈਣ ਤੋਂ ਆਪਣਾ ਘਰ ਬਚਾਉਣ ਲਈ ਕੀਤੇ ਸੰਘਰਸ਼ ਨੂੰ ਚੰਗੇ ਪੱਖ ਵਜੋਂ ਪੇਸ਼ ਕੀਤਾ ਗਿਆ ਹੈ। ਛੋਟੀ ਭੈਣ ਜਿਸਨੂੰ ਉਹ ਇੰਗਲੈਂਡ ਲੈ ਕੇ ਆਉਂਦੀ ਹੈ। ਉਹ ਹੀ ਉਸਦੀ ਸੌਂਕਣ ਬਣ ਜਾਂਦੀ ਹੈ। ਇਹ ਗੱਲ ਸ਼ਰਨਜੀਤ ਦੀ ਜ਼ਿੰਦਗੀ ਵਿੱਚ ਖਲਲ ਪੈਦਾ ਕਰ ਦਿੰਦੀ ਹੈ। ਪਰੰਤੂ ਫਿਰ ਵੀ ਸੱਭਿਆਚਾਰਕ

ਰੂਪਾਂਤਰਨ ਦੇ ਯਥਾਰਥ ਪੱਖ ਤੋਂ ਉਹ ਆਪਣੀ ਭੈਣ ਅੱਗੇ ਆਪਣਾ ਘਰ ਬਚਾਉਣ ਲਈ ਵਾਸਤਾ ਪਾਉਂਦੀ ਕਹਿੰਦੀ ਹੈ।:

> ਜੇ ਮੈਂ ਕੁਆਰੀ ਹੁੰਦੀ ਤਾਂ ਤੇਰੇ ਇਸ਼ਕ ਲਈ ਜਸਵੀਰ ਨੂੰ ਛੱਡ ਦਿੰਦੀ। ਪਰ ਮੈਂ ਲਾਵਾਂ ਲਈਆਂ ਨੇ ਇਹਦੇ ਨਾਲ। ਔਰਤ ਲਈ ਡੋਲੀ ਅਤੇ ਅਰਥੀ ਇਕੋ ਜਿਹੀਆਂ ਹੁੰਦੀਆਂ ਨੇ, ਜੋ ਇੱਕ ਵਾਰ ਉੱਠ ਗਈਆਂ ਵਾਪਿਸ ਨਹੀਂ ਮੁੜਦੀਆਂ। ਦੋਹਾਂ ਦਾ ਮੁੜਨਾ ਅਨਰਥ ਸਮਿਝਆ ਜਾਂਦਾ ਹੈ।(42)

**(ਅ) ਮਾੜੇ ਪੱਖ**: ਅਜੋਕੇ ਸਮੇਂ ਵਿੱਚ ਪਤੀ-ਪਤਨੀ ਦੀ ਸੋਚ ਬਦਲਣ ਕਾਰਨ ਘਰ ਪਰਿਵਾਰ ਵਿੱਚ ਤਣਾਓ ਵਧਿਆ ਹੈ। ਪਹਿਲਾਂ ਪਹਿਲ ਔਰਤ ਦੀ ਹਲੀਮੀ ਅਤੇ ਸਹਿਣਸ਼ੀਲਤਾ ਕਾਰਨ ਪਰਿਵਾਰ ਵਿੱਚ ਹਰ ਸਮੱਸਿਆ ਦਾ ਹੱਲ ਲੱਭ ਲਿਆ ਜਾਂਦਾ ਸੀ। ਪਰੰਤੂ ਹੁਣ ਜਦੋਂ ਔਰਤ ਆਰਥਿਕ ਤੌਰ ‘ਤੇ ਆਜ਼ਾਦ ਹੋ ਗਈ, ਪੁਰਸ਼ ਦੀ ਕੋਈ ਵੀ ਵਧੀਕੀ ਸਹਿਣ ਨਹੀਂ ਕਰਦੀ। ਹੁਣ ਉਸ ਅੰਦਰ ਆਤਮ-ਵਿਸ਼ਵਾਸ ਪੈਦਾ ਹੋ ਗਿਆ ਹੈ। ਉਸ ਨੇ ਆਪਣੀ ਸ਼ਕਤੀ ਨੂੰ ਪਛਾਣਦੇ ਹੋਏ ਆਪਣਾ ਵੱਖਰਾ ਵਿਅਕਤਿਤਵ ਬਣਾ ਲਿਆ ਹੈ। ਇੰਦਰਜੀਤ ਕੌਰ ਆਪਣੀ ਪੁਸਤਕ *ਨਾਰੀਵਾਦੀ ਸੰਵੇਦਨਾ ਅਤੇ ਦਲੀਪ ਕੌਰ ਟਿਵਾਣਾ ਦਾ ਗਲਪ* ‘ਚ ਕਹਿੰਦੀ ਹੈ ਕਿ:

> ਮਨੁੱਖੀ ਰਿਸ਼ਤੇ ਵੀ ਉਹੀ ਨੇ ਸਦੀਆਂ ਪੁਰਾਣੇ, ਮਨੁੱਖੀ ਜੀਵਨ ਵੀ ਉਹੀ ਹੈ, ਸਿਰਫ ਬਦਲਿਆ ਹੈ ਤਾਂ ਜੀਵਨ ਦਾ ਢੰਗ। ਜਿਸ ਉੱਤੇ ਸਾਇੰਸ਼ ਦੇ ਚਮਤਕਾਰਾਂ ਨੇ ਬਹੁਤ ਅਸਰ ਪਾਇਆ ਹੈ। ਜੀਵਨ ਨਾਲ ਜੁੜੀਆਂ ਇਛਾਵਾਂ, ਅਕਾਂਖਿਆਂਵਾਂ, ਵਿਡੰਬਨਾ,ਜੀਵਨ ਦੀ ਤੇਜ਼ ਗਤੀ ਦੀ ਦੌੜ ਨੇ ਸਾਹਿਤ ਅਤੇ ਲੇਖਣੀ ਨੂੰ ਵੀ ਜਨਮ ਦਿੱਤਾ ਹੈ।(130)

ਜਿੱਥੇ ਵੀਨਾ ਵਰਮਾ ਦੇ ਕਹਾਣੀ ਸੰਗ੍ਰਿਹ *ਇੱਕ ਕੁੜੀ ਇਕੱਲੀ* ਦੀ ਕਹਾਣੀ ਵਿਗੜਿਆ ਬਾਂਦਰ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਪਤੀ-ਪਤਨੀ ਵਿੱਚਕਾਰ ਤਕਰਾਰ ਕਾਰਨ ਪਰਿਵਾਰਕ ਸਮੱਸਿਆ ਦਾ ਉਭਾਰ ਉੱਭਰਦਾ ਹੈ। ਇਸ ਸਮੱਸਿਆ ਦਾ ਮੂਲ ਕਾਰਨ ਇਹ ਹੈ ਕਿ ਜਦੋਂ ਕਾਂਤਾ ਦੇ ਮਾਤਾ ਪਿਤਾ ਆਪਣੀ ਧੀ ਦੇ ਵਿਆਹ ਨਾ ਹੋਣ ਦੇ ਡਰੋਂ ਉਸ ਨੂੰ ਬਿਨਾਂ ਸੋਚੇ ਸਮਝੇ ਇੰਗਲੈਂਡ ਦੇ ਮੁੰਡੇ ਨਾਲ ਵਿਆਹ ਦਿੰਦੇ ਹਨ, ਪਰੰਤੂ ਕੁਝ ਸਮੇਂ ਜਦੋਂ ਕਾਂਤਾ ਨੂੰ ਉਸ ਦਾ ਪਤੀ ਉਸ ਨਾਲ ਬਦਸਲੂਕੀ ਕਰਦਾ ਹੈ ਤਾਂ

ਫਿਰ ਇਸ ਦਾ ਦੁੱਖ ਕਾਂਤਾ ਭੁਗਤਦੀ ਹੈ, ਉੱਥੇ ਸੁਖਜੀਤ ਨੇ ਕਹਾਣੀ 'ਮੈਂ ਅਯਨਘੋਸ਼ ਨਹੀਂ' ਵਿੱਚ ਪਾਤਰ ਸੀਰਤ ਤੇ ਹਰਿੰਦਰ ਦੇ ਵਿਆਹ ਤੋਂ ਬਾਅਦ ਪਰਿਵਾਰਕ ਤਕਰਾਰ ਨੂੰ ਉਭਾਰਿਆ ਹੈ। ਸੋ, ਦੋਨੋਂ ਕਹਾਣੀਕਾਰਾਂ ਨੇ ਸਮਾਨਤਾਵਾਂ ਰਾਹੀਂ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਇਸ ਮਾੜੇ ਪੱਖ ਵਜੋਂ ਪਰਿਵਾਰਕ ਸਮੱਸਿਆ ਦਾ ਮੂਲ ਕਾਰਨ ਇਹਨਾਂ ਹਵਾਲਿਆਂ ਦੁਆਰਾ ਪਾਤਰਾਂ ਦੀ ਵਿਸ਼ੇਸ਼ ਵਾਰਤਾਲਾਪ ਤੋਂ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਵੇਂ ਕਿ:

> ਸਾਲੀਏ! ਘਰ 'ਚ ਯਾਰ ਰੱਖ ਲਿਆ ਕੋਈ ਜਿਹੜਾ ਮੈਨੂੰ ਇਥੋਂ ਲਿਜਾਣਾ ਨਹੀਂ ਚਾਹੁੰਦੀ? ਉਹ ਚੀਖਿਆ। (49)
>
> ਧੀਏ, ਤੀਮੀਂ ਨੂੰ ਬੜਾ ਕੁਸ਼ ਬਰਦਾਸ਼ਤ ਕਰਨਾ ਪੈਂਦੈ। ਤੀਮੀਂ ਦਾ ਜਨਮ ਹੀ ਤਿਆਗ ਤੇ ਤਪੱਸਿਆ ਕਰਨ ਲਈ ਹੁੰਦੈ। ਤੂੰ ਦੇਖ ਸੀਤਾ ਨੇ ਰਾਮ ਲਈ ਕੀ ਕੀ ਤਿਆਗ ਕੀਤੇ। ਇਹ ਤੇਰਾ ਰਾਮ ਐਂ ਧੀਏ। ਤੇਰਾ ਪਤੀ ਪਰਮੇਸ਼ਵਰ। ਤੈਨੂੰ ਇਹਦੀ ਹਰ ਗੱਲ ਮੂਹਰੇ ਸਿਰ ਝੁਕਾਉਣਾ ਚਾਹੀਦੈ। " ਮਾਂ ਨੇ ਔਰਤ ਦੇ ਫਰਜ਼ਾਂ ਬਾਰੇ ਲੰਮਾ ਲੈਕਚਰ ਦਿੱਤਾ। ਏਸ ਰਾਮ ਨਾਲੋਂ ਤਾਂ ਮੈਨੂੰ ਕੋਈ ਰਾਵਣ ਮਿਲ ਜਾਂਦਾ। ਘੱਟੋ ਘੱਟ ਮੈਂ ਸੁਖੀ ਤਾਂ ਰਹਿੰਦੀ। ਆਖ ਕੇ ਮੈਂ ਫੋਨ ਕੱਟ ਦਿੱਤਾ।(58)

ਪਰਿਵਾਰਕ ਸਮੱਸਿਆ ਦੇ ਕਾਰਨ ਸਬੰਧੀ ਸੁਖਜੀਤ *ਮੈਂ ਅਨਯਘੋਸ਼ ਨਹੀਂ* 'ਚ ਲਿਖਦਾ ਹੈ ਕਿ:

> ਡਾਕਟਰ ਸਾਹਿਬ ਵਿਆਹ ਨਾਂ ਦੀ ਸੰਸਥਾ ਗਲ਼ ਸੜ ਚੁੱਕੀ ਹੈ। ਹੁਣ ਤਾਂ ਆਪਾਂ ਇਹਦੀ ਲਾਸ਼ ਚੁੱਕੀ ਫਿਰਦੇ ਆਂ। ਵਿਦਵਾਨ ਫਿਰ ਆ ਗਿਆ। ਇਹ ਖਾਸੀਅਤ ਵੀ ਹੈ ਇਸ ਦੀ, ਜਦੋਂ ਮੈਂ ਜਿਸ ਹਾਲਤ ਨਾਲ ਘੁਲ਼ ਰਿਹਾ ਹੋਵਾਂ ਉਦੋਂ –ਜਿਹਾ ਵਿਚਾਰ ਲੈ ਕੇ ਆਊਂ, ਐਨ ਢੁਕਵਾਂ। ਉਹਦੇ ਜਾਣ ਪਿੱਛੋਂ, ਮੈਂ ਸੋਚਿਆ, ਗੱਲ ਤਾਂ ਸੱਚੀ ਐ, ਬਹੁਤੇ ਵਿਆਹ ਹੁਣ ਧੂਹ-ਘੜੀਸ ਈ ਨੇ। ਕਈ ਲੋਕ ਆਉਂਦੇ ਨੇ ਮੇਰੇ ਕੋਲ, 'ਟੈਨਸਨ' ਅਤੇ 'ਡਿਪਰੈਸ਼ਨ' ਵਾਲੇ, ਜ਼ਿਆਦਾ ਲੋਕਾਂ ਦੀ ਸਮੱਸਿਆ ਪਤੀ ਤੇ ਪਤਨੀਆਂ ਈ ਨੇ।(46)

ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ 'ਕਾਲਾ ਕੱਛਾ', 'ਮਰਿਆ ਚੂਹਾ' 'ਚੁੱਪ ਕੀਤੀ', ਤੇ 'ਰੂਮ

ਮੇਟ', 'ਚਾਰ ਰਾਤਾਂ', 'ਲਿੱਬੜੀ ਹੋਈ ਚਾਦਰ', 'ਬਨਵਾਸ' ਵਿਗੜਿਆ ਬਾਂਦਰ ਆਦਿ ਅਤੇ ਸੁਖਜੀਤ ਨੇ ਆਪਣੀਆਂ ਕਹਾਣੀਆਂ ਆਦਮਖ਼ੋਰ, ਹੁਣ ਮੈਂ ਇੰਜੁਆਏ ਕਰਦੀ ਆਂ, ਪਾਤਸ਼ਾਹ, ਤੀਲ੍ਹਾ ਆਦਿ ਵਿੱਚ ਔਰਤ-ਮਰਦ ਵਿੱਚਕਾਰ ਇਸ ਪਰਿਵਾਰਕ ਸਮੱਸਿਆ ਨੂੰ ਉਭਾਰਿਆ ਹੈ, ਜਿਸ ਵਿੱਚ ਰਿਸ਼ਤੇ-ਨਾਤੇ ਦੀ ਅਸੰਤੁਲਨਤਾ ਦੇ ਨਤੀਜਿਆਂ ਵਜੋਂ ਦੁੱਖ ਜ਼ਿਆਦਾਤਰ ਸਿਰਫ਼ ਔਰਤ ਹੀ ਭੋਗਦੀ ਹੈ, ਕਿਉਂਕਿ ਜਦੋਂ ਔਰਤ ਦੀਆਂ ਆਪਣੀਆਂ ਸਰੀਰਕ ਜ਼ਰੂਰਤ ਦੀ ਪੂਰਤੀ ਨਹੀਂ ਹੁੰਦੀ ਤਾਂ ਉਹ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਮਾੜੇ ਪੱਖ ਵਜੋਂ ਹੋਰ ਮਰਦ ਨਾਲ ਸਰੀਰਕ ਸੰਬੰਧ ਸਥਾਪਿਤ ਕਰਦੀ ਹੈ। ਜਿਸਦੇ ਬਾਅਦ ਦੇ ਨਤੀਜੇ ਭਿਆਨਕ ਨਿਕਲਦੇ ਹਨ। ਪਰ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਦੇ ਪੱਖ ਤੋਂ ਇਸ ਅਣਜੋੜ ਵਿਆਹ ਸੰਬੰਧਾਂ ਦਾ ਮੁੱਖ ਕਾਰਨ ਔਰਤ ਦਾ ਆਤਮ-ਨਿਰਭਰ ਹੋਣਾ ਹੈ। ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਵਿੱਚ ਇਸ ਲਿੰਗ ਖੁੱਲ ਕਰਕੇ ਔਰਤ ਵਿਆਹ ਬਾਹਰੇ ਸੰਬੰਧ ਕਰਕੇ ਆਪਣੀਆਂ ਜਿਣਸੀ ਲੋੜਾਂ ਦੀ ਪੂਰਤੀ ਕਰਦੀ ਹੈ। ਔਰਤ ਬੇਸ਼ੱਕ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਪੂਰਬੀ ਸੱਭਿਆਚਾਰ ਨਾਲ ਸੰਬੰਧਿਤ ਹੈ ਜਾਂ ਪੱਛਮੀ ਸੱਭਿਆਚਾਰ ਨਾਲ, ਉਸਨੂੰ ਅਣਜੋੜਤਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਗੁਰਚਰਨ ਸਿੰਘ ਗਿੱਲ ਨੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਅਣਜੋੜ ਵਿਆਹ ਸਮੱਸਿਆ ਦੇ ਉਭਾਰ ਸੰਬੰਧੀ ਮਾੜੇ ਪੱਖ ਬਾਰੇ ਆਪਣੇ ਵਿਚਾਰਾਂ ਦੀ ਪੁਸ਼ਟੀ ਆਪਣੀ ਪੁਸਤਕ *ਵੀਨਾ ਵਰਮਾ ਦਾ ਕਥਾ ਬੋਧ* 'ਚ ਇਸ ਤਰ੍ਹਾਂ ਕੀਤੀ ਹੈ ਕਿ:

> ਕਹਾਣੀਕਾਰਾ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਇਹ ਸਮੱਸਿਆ ਆਮ ਵੇਖਣ ਨੂੰ ਮਿਲਦੀ ਹੈ ਕਿ ਇਸ ਅਣਜੋੜਤਾ ਦੀਆਂ ਸ਼ਿਕਾਰ ਔਰਤਾਂ ਅਨੇਕਾਂ ਤ੍ਰਾਸਦੀਆਂ ਦਾ ਸ਼ਿਕਾਰ ਹੁੰਦੀਆਂ ਹੋਈਆਂ ਪੂਰੀ ਉਮਰ ਭਟਕਣਾ ਵਿੱਚ ਹੀ ਗੁਜ਼ਾਰ ਦਿੰਦੀਆਂ ਹਨ ਅਤੇ ਉਹਨਾਂ ਦੀਆਂ ਸਰੀਰਕ ਅਤੇ ਮਾਨਿਸਕ ਤ੍ਰਿਪਤੀਆਂ ਅਧੂਰੀਆਂ ਹੀ ਰਹਿ ਜਾਂਦੀਆਂ ਹਨ।(58)

ਸੁਖਜੀਤ ਦੀਆਂ ਕਹਾਣੀਆਂ ਆਦਮਖ਼ੋਰ, ਹੁਣ ਮੈਂ ਇੰਜੁਆਏ ਕਰਦੀ ਆਂ, ਪਾਤਸ਼ਾਹ, ਤੀਲ੍ਹਾ ਆਦਿ ਵਿੱਚ ਵੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਨਾਲ ਔਰਤ-ਮਰਦ ਦੀ ਪਰਿਵਾਰਕ

ਸਮੱਸਿਆ ਨੂੰ ਵੇਖਿਆ ਜਾ ਸਕਦਾ ਹੈ। ਜਿਵੇਂ ਕਿ ਸੁਖਜੀਤ ਦੀ 'ਤੀਲ੍ਹਾ' ਅਤੇ ਵੀਨਾ ਵਰਮਾ ਦੀ ਕਹਾਣੀ 'ਸ਼ੂਗਰ ਡੈਡੀ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਤੋਂ ਪਰਿਵਾਰਕ ਸਮੱਸਿਆ ਵਿੱਚਲੇ ਟਕਰਾਓ, ਤਕਰਾਰ ਨੂੰ ਸਮਾਨਤਾਵਾਂ ਦੇ ਪੱਖ ਤੋਂ ਮਾੜੇ ਪੱਖ ਵਜੋਂ ਉਭਾਰਿਆ ਹੈ। ਸੁਖਜੀਤ ਨੇ *ਅੰਤਰਾ* ਕਹਾਣੀ ਸੰਗ੍ਰਹਿ ਦੀ ਤੀਲ੍ਹਾ ਕਹਾਣੀ ਵਿੱਚ ਇਹ ਟਕਰਾਓ ਪਿਓ-ਪੁੱਤਰ ਦੇ ਵਿੱਚਕਾਰ ਉਭਾਰਿਆ ਹੈ। ਕਹਾਣੀ ਵਿੱਚ ਪਿਓ ਇਲਾਕੇ ਦਾ ਜਾਣਿਆਂ-ਪਛਾਣਿਆਂ ਜਥੇਦਾਰ ਹੈ, ਪਰੰਤੂ ਪਿਓ ਪੁੱਤਰ ਦੀ ਰਾਜਨੀਤੀ ਤੋਂ ਤੰਗ ਆ ਕੇ ਪੁੱਤਰ ਨੂੰ ਜ਼ਮੀਨ ਜਾਇਦਾਦ ਤੋਂ ਬੇਦਖ਼ਲ ਕਰ ਦਿੰਦਾ ਹੈ। ਅਸਲ ਵਿੱਚ ਇਹ ਬੇਦਖ਼ਲ ਪਰਿਵਾਰਕ ਸਾਂਝ, ਸੰਬੰਧ ਆਦਿ ਦੇ ਸਮੁੱਚੇ ਤਾਣੇ ਬਾਣੇ ਨੂੰ ਆਪਣੇ ਕਲੇਵਰ ਵਿੱਚ ਲੈ ਲੈਂਦੀ ਹੈ। ਜਿਵੇਂ ਕਿ ਕਹਾਣੀ ਵਿੱਚ ਵੱਡਾ ਪੁੱਤਰ ਇਨਕਲਾਬੀ ਹੋਣ ਕਰਕੇ ਆਪਣੇ ਆਪ ਨੂੰ ਅੱਗ ਦਾ ਤੀਲ੍ਹਾ ਸਮਝਦਾ ਹੈ, ਪਰ ਅੰਤ ਵਿੱਚ ਆਪ ਕੁਰਬਾਨ ਹੋ ਗਿਆ। ਪਰੰਤੂ ਉੱਠਿਆ ਭਾਂਬੜ ਸਮੁੱਚਤਾ ਤੇ ਅਸਰ ਪਾਉਣ ਵਿੱਚ ਨਾਕਾਮਯਾਬ ਰਿਹਾ ਹੈ। ਸੁਖਜੀਤ ਦੀ 'ਤੀਲ੍ਹਾਂ' ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਪਰਿਵਾਰਕ ਕੰਜਰ ਕਲੇਸ਼ ਨੂੰ ਮਾੜੇ ਪੱਖ ਵਜੋਂ ਬਿਆਨ ਕਰਦੀ ਹੈ ਮਾਂ, ਬਾਪ, ਭੈਣ, ਭਰਾਵਾਂ ਆਦਿ ਵਿੱਚ ਤਕਰਾਰ ਨੂੰ ਸ਼ਰੀਕੇ ਕਬੀਲੇ ਦੁਆਰਾ ਕਿਸ ਤਰ੍ਹਾਂ ਵਧਾਇਆ ਜਾਂਦਾ ਹੈ। ਵੀਨਾ ਵਰਮਾ ਦੀ ਕਹਾਣੀ 'ਸ਼ੂਗਰ ਡੈਡੀ' ਵਿੱਚ ਵੀ ਪਿਉ-ਪੁੱਤਰ ਦੇ ਆਪਸੀ ਤਕਰਾਰ, ਟਕਰਾਓ ਕਾਰਨ ਪਤੀ ਦਾ ਪਤਨੀ ਨਾਲ ਬਦਸਲੂਕੀ ਵਿਵਹਾਰ ਕਰਨਾ ਸਪੱਸ਼ਟ ਦਿਖਾਈ ਦਿੰਦਾ ਹੈ। ਸਮਾਨਤਾਵਾਂ ਦੇ ਪੱਖ ਤੋਂ ਦੋਨੋਂ ਕਹਾਣੀਆਂ ਦਾ ਉਭਾਰ ਪਰਿਵਾਰਕ ਸਮੱਸਿਆਵਾਂ ਨੂੰ ਮਾੜੇ ਪੱਖ ਤੋਂ ਉਭਾਰਦਾ ਹੈ। ਜਿਵੇਂ ਕਿ:

> ਲੋਕ ਬਲਦੀ ਚਿਖ਼ਾ ਚੋ ਤੀਲ੍ਹੇ ਸੁੱਟਣ ਲੱਗ ਪਏ ਸਨ। ਮੈਂ ਇੱਕਦਮ ਭੈਣ ਕੋਲ ਆ ਉਹਦੇ ਮੋਢੇ ਤੇ ਹੱਥ ਰੱਖ ਜ਼ਨਾਨੀਆਂ ਤੋਂ ਥੋੜ੍ਹਾਂ ਅੱਗੇ, ਜਿਥੋਂ ਚਿਖ਼ਾ ਦਿਸਦੀ ਸੀ ਲੈ ਆਇਆ ਸਾਂ ਤੇ ਚਿਖ਼ਾ ਵੱਲ ਇਸ਼ਾਰਾ ਕਰ ਕੇ ਕਿਹਾ ਸੀ, "ਵੇਖ ਰਹੀਂ ਏ ਤੂੰ। ਜਦੋਂ ਲੋਕ ਚਿਖ਼ਾ ਚੋ ਤੀਲ੍ਹੇ ਸੁੱਟਦੇ ਨੇ ਤਾਂ ਭਾਂਬੜ ਤੇਜ਼ ਹੋ ਜਾਂਦੈ ਨਾ। ਭੈਣ ਨੇ ਉਲਝਣ ਨਾਲ ਮੇਰੇ ਵੱਲ ਵੇਖਿਆ ਸੀ। ਮੈਂ ਫਿਰ ਕਿਹਾ ਸੀ, "ਬੱਸ ਭੈਣੇ, ਤੂੰ ਇਓਂ ਹੀ ਸਮਝ ਲੈ ਕਿ ਤੇਰਾ ਵੀਰ ਇਨਕਲਾਬ ਦੇ ਭਾਂਬੜ ਲਈ ਤੀਲ੍ਹਾਂ ਹੀ ਸਹੀ। (76)

ਇਸੇ ਤਰ੍ਹਾਂ ਆਪਸੀ ਤਕਰਾਰ, ਟਕਰਾਓ ਅਤੇ ਬਦਸਲੂਕੀ ਨੂੰ ਵੀਨਾ ਵਰਮਾ ਆਪਣੇ ਕਹਾਣੀ ਸੰਗ੍ਰਹਿ *ਇੱਕ ਇਕੱਲੀ ਕੁੜੀ* ਦੀ ਕਹਾਣੀ ਸ਼ੂਗਰ ਡੈਡੀ ਪੇਸ਼ ਕਰਦੀ ਹੋਈ ਲਿਖਦੀ ਹੈ ਕਿ:

> ਚੱਲ ਸ਼ਕੁੰਤਲਾ। ਚੱਲ ਮੇਰੇ ਨਾਲ। ਏਸ ਘਰ 'ਚ ਨਹੀਂ ਰਹਿਣਾ ਹੁਣ ਅਸੀਂ।" ਉਸਨੇ ਆਪਣੀ ਪਤਨੀ ਨੂੰ ਅਵਾਜ਼ ਮਾਰੀ।ਖਬਰਦਾਰ, ਜੇ ਬਹੂ ਨੂੰ ਨਾਲ ਲੈ ਕੇ ਗਿਆ ਤਾਂ। ਉਹ ਇੱਥੇ ਹੀ ਰਹੂਗੀ। ਉਹਦਾ ਘਰ ਐ ਇਹ। ਤੂੰ ਜਾ ਜਿਥੇ ਕਾਣੈ। ਉਹਦਾ ਪਿਉ ਗਰਜਿਆ। ਪੁੱਤ ਦਾ ਘਰ ਨਹੀਂ ਪਰ ਨੂੰਹ ਦਾ ਘਰ ਐ। ਸਾਫ ਕਿਉਂ ਨ੍ਹੀਂ ਕਹਿੰਦਾ ਬੁੜ੍ਹਿਆ ਬਈ ਤੇਰੀ ਅੱਖ ਐ ਨੂੰਹ 'ਤੇ। ਮੈਨੂੰ ਘਰੋਂ ਕੱਢ ਕੇ ਤੂੰ ਬਹੂ ਨਾਲ ਮੌਜਾਂ ਮਨੌਣੀਆਂ ਨੇ। ਮੈਂ ਦੇਖਦਾ ਤੂੰ ਕਿਵੇਂ ਰੋਕਦੈਂ ਮੇਰੀ ਘਰ ਘਰਵਾਲੀ ਨੂੰ ਐਥੇ। ਕਿਸ਼ੋਰੀ ਲਾਲ ਵੀ ਲੋਹਾ ਲਾਖਾ ਹੋ ਗਿਆ ਸੀ।(65)

ਵੀਨਾ ਵਰਮਾ *ਮੁੱਲ ਦੀ ਤੀਵੀਂ* ਦੀ ਕਹਾਣੀ 'ਮਰਿਆ ਚੂਹਾ' ਵਿੱਚ ਸੋਲ੍ਹਾਂ ਸਾਲ ਦੀ ਰਜ਼ੀਆ ਦਾ ਵਿਆਹ ਉਸਦੀ ਮਤਰੇਈ ਮਾਂ ਪੰਜਾਹ ਸਾਲ ਦੇ ਬੁੱਢੇ ਚੌਧਰੀ ਨਾਲ ਕਰ ਦਿੰਦੀ ਹੈ। ਬੁੱਢਾ ਚੌਧਰੀ ਉਸਨੂੰ ਪਾਕਿਸਤਾਨ ਤੋਂ ਇੰਗਲੈਂਡ ਲੈ ਆਉਂਦਾ ਹੈ। ਰਜ਼ੀਆ ਲਈ ਇਸ ਅਣਜੋੜਤਾ ਕਰਕੇ ਉਸਦੀਆਂ ਖਾਹਿਸ਼ਾਂ ਦੀ ਪੂਰਤੀ ਨਹੀਂ ਹੁੰਦੀ। ਇਸ ਲਈ ਉਹ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਕਈ ਮਰਦਾਂ ਨਾਲ ਸਰੀਰਕ ਸੰਬੰਧ ਸਥਾਪਿਤ ਕਰਦੀ ਹੈ। ਉਹ ਹਰ ਇੱਕ ਮਰਦ ਵਿੱਚ ਆਪਣੇ ਪ੍ਰੇਮੀ ਬਸ਼ੀਰੇ ਨੂੰ ਤਲਾਸ਼ਦੀ ਹੈ। ਆਪਣੇ ਪਿਆਰ ਦੀ ਤਲਾਸ਼ ਤੇ ਵਿਆਹ ਤੋਂ ਬਾਅਦ ਦੀ ਕਾਮੁਕ ਅਤ੍ਰਿਪਤੀ ਕਰਕੇ ਉਹ ਬਹੁਤ ਸਾਰੇ ਮਰਦਾਂ ਨਾਲ ਸਰੀਰਕ ਸੰਬੰਧ ਕਾਇਮ ਕਰਦੀ ਹੈ, ਪਰ ਸਾਰੇ ਹੀ ਉਸ ਨਾਲ ਸਰੀਰਕ ਸੰਬੰਧ ਸਥਾਪਿਤ ਕਰਨ ਤੱਕ ਹੀ ਸੀਮਤ ਰਹਿੰਦੇ ਹਨ। ਕਿਸੇ ਵੀ ਮਰਦ ਨੇ ਉਸਨੂੰ ਪਤਨੀ ਦਾ ਦਰਜਾ ਨਾ ਦਿੱਤਾ। ਅਣਜੋੜਤਾ ਦੀ ਸ਼ਿਕਾਰ ਹੋਈ ਉਹ ਹਰ ਇੱਕ ਮਰਦ ਵਿੱਚ ਆਪਣੀ ਸੰਪੂਰਨਤਾ ਚਾਹੁੰਦੀ ਹੈ, ਪਰ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਇਸ ਅਣਜੋੜਤਾ ਵਿਚੋਂ ਉਸ ਨੂੰ ਸੰਪੂਰਨਤਾ ਨਹੀਂ ਮਿਲਦੀ। ਜਿਵੇਂ ਕਿ ਵਿਸ਼ੇਸ਼ ਤੌਰ 'ਤੇ ਮਾੜੇ ਪੱਖ ਤੋਂ ਵਾਰਤਾਲਾਪ ਵਾਚੀ ਜਾ ਸਕਦੀ ਹੈ ਕਿ:

> ਅਜੀਤ ਵੀ ਚਲਾ ਗਿਆ ਪਰ ਇਸ ਵਾਰ ਮੈਨੂੰ ਜ਼ਿਆਦਾ ਫ਼ਰਕ ਨਾ ਪਿਆ। ਜਿਵੇਂ ਹੁਣ ਮੈਨੂੰ ਆਦਤ

ਹੀ ਪੈ ਗਈ ਸੀ ਅਜਿਹੀਆਂ ਚੋਟਾਂ ਖਾਣ ਦੀ ਮੈਂ ਕਮਰਾ ਕਿਸੇ ਹੋਰ ਜਵਾਨ ਮੁੰਡੇ ਨੂੰ ਕਿਰਾਏ ’ਤੇ ਦੇ ਦਿੱਤਾ। ਫੇਰ ਹੋਰ, ਫੇਰ ਹੋਰ-ਹੋਰ। ਪਤਾ ਨਹੀਂ ਕਿੰਨੇ ਆਏ ਤੇ ਗਏ। ਸਭ ਪੈਸਿਆਂ ਦੇ ਭੁੱਖੇ। ਔਰਤ ਤਵਾਇਫ਼ ਹੁੰਦੀ ਏ ਪਾਕਿਸਤਾਨ ’ਚ ਹੀ ਪਤਾ ਸੀ ਪਰ ਮਰਦ ਵੀ ਤਵਾਇਫ਼ ਹੁੰਦਾ ਏ ਇੰਗਲੈਂਡ ਆਕੇ ਪਤਾ ਲੱਗ ਗਿਆ। ਦੁਨੀਆਂ ਦੀ ਹਰ ਔਰਤ ਚਾਹੁੰਦੀ ਹੈ ਕਿ ਉਸਦੀ ਯਾਦ ਵਿੱਚ ਤਾਜ ਬਣੇ, ਪਰ ਅੱਜ ਦੇ ਸ਼ਾਹਜਹਾਂ ਉਸਦੀ ਕਬਰ ਤੇ ਤਾਜ ਬਣਾਉਣ ਦੀ ਬਜਾਏ ਉਸਦੀਆਂ ਹੱਡੀਆਂ ਤੱਕ ਵੇਚ ਕੇ ਖਾ ਜਾਣਾ ਚਾਹੁੰਦੇ ਹਨ।(189)

ਵੀਨਾ ਵਰਮਾ ਨੇ *ਜੋਗੀਆਂ ਦੀ ਧੀ* ਦੀ ਕਹਾਣੀ ਕਾਲਾ ਕੱਛਾ ਵਿੱਚ ਉਮਰ ਦੀ ਅਣਜੋੜਤਾ ਕਰਕੇ ਔਰਤ ਮਨ ਦੀ ਤ੍ਰਾਸਦੀ ਨੂੰ ਪੇਸ਼ ਕੀਤਾ ਹੈ। ਕਹਾਣੀ ਦੀ ਨਾਇਕਾ ਦਾ ਉਸ ਤੋਂ ਛੋਟੀ ਉਮਰ ਦੇ ਵਿਅਕਤੀ ਨਾਲ ਵਿਆਹ ਕਰ ਦਿੱਤਾ ਜਾਂਦਾ ਹੈ ਜੋ ਨਾਇਕਾ ਸ਼ੀਲਾ ਦੀਆਂ ਕਾਮੁਕ ਤ੍ਰਿਪਤੀਆਂ ਨੂੰ ਪੂਰਾ ਕਰਨ ਵਿੱਚ ਅਸਮਰੱਥ ਹੈ। ਉਹ ਇੱਕ ਪੂਰੇ ਮਰਦ ਦੀ ਲੋੜ ਨੂੰ ਮਹਿਸੂਸ ਕਰਦੀ ਹੈ, ਜਿਸਦੀ ਪੂਰਤੀ ਲਈ ਉਹ ਆਪਣੀ ਨੌਕਰਾਣੀ ਦੇ ਮੁੰਡੇ ਨਾਲ ਆਪਣੀ ਜਿਸਮਾਨੀ ਭੁੱਖ ਨੂੰ ਪੂਰਾ ਕਰਦੀ ਹੈ। ਕਹਾਣੀਕਾਰਾ ਨੇ ਇੱਥੇ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਇਹ ਦੱਸਣਾ ਚਾਹਿਆ ਹੈ ਕਿ ਔਰਤ ਦੀਆਂ ਮਾਨਸਿਕ ਤ੍ਰਿਪਤੀਆਂ ਨੂੰ ਪੈਸਾ ਪੂਰਾ ਨਹੀਂ ਕਰ ਸਕਦਾ। ਇਹ ਭੁੱਖ ਤਾਂ ਉਸਨੂੰ ਸਿਰਫ਼ ਰੂਹ ਦੇ ਸਾਥੀ ਰਾਹੀ ਹੀ ਪੂਰੀ ਹੁੰਦੀ ਹੈ, ਜੋ ਉਸਦੀਆਂ ਉਮੰਗਾਂ ਤੇ ਸੱਧਰਾਂ ਦੀ ਪੂਰਤੀ ਕਰ ਸਕੇ। ਜਿਵੇਂ ਕਿ:

> ਸ਼ਾਮ ਨੂੰ ਹਵੇਲੀ ਦੀ ਛੱਤ ’ਤੇ ਜਾਂਦੀ ਪਿਛਵਾੜੇ ਗੁਆਂਢ ’ਚੋ ਬੱਗੇ ਦੇ ਘਰ ਵੱਲ ਝਾਤੀ ਜਰੂਰ ਮਾਰਦੀ। ਜਿੱਥੇ ਉਹ ਕਦੇ-ਕਦੇ ਡੰਡ ਬੈਠਕ ਕੱਢਦਾ ਹੁੰਦਾ ਸੀ। ਉਹ ਕਸਰਤ ਕਰਦਾ ਤਾਂ ਉਹਦੇ ਡੌਲੇ ਤੇ ਪੱਟ ਦੀਆਂ ਮੱਛਲੀਆਂ ਬਾਹਰ ਨੂੰ ਭੁੜਕਦੀਆਂ। ਕਿਸੇ ਬੁੱਤ ਵਾਂਗ ਤਰਾਸ਼ਿਆਂ ਉਹਦਾ ਸੁਡੌਲ ਕਾਲਾ ਸਰੀਰ ਜਿਵੇਂ ਲੋਹੇ ਦਾ ਬਣਿਆ ਲੱਗਦਾ। ਉਸਨੂੰ ਦੂਰੋਂ ਦੇਖ ਕੇ ਹੀ ਸ਼ੀਲਾ ਦੇ ਦਿਲ ਦਿਮਾਗ ’ਚ ਚੰਗਿਆੜੇ ਜਿਹੇ ਉੱਠਦੇ। ਉਹ ਉਸਦੀ ਸਰੀਰਕ ਸੁੰਦਰਤਾ ਵੱਲ ਖਿੱਚੀ ਚਲੀ ਗਈ ਤੇ ਭੁੱਲ ਗਈ ਕਿ ਉਹ ਹਵੇਲੀ ’ਚ ਕੰਮ ਕਰਦੀ ਇੱਕ ਮਾਮੂਲੀ ਨੌਕਰਾਣੀ ਦਾ ਮੁੰਡਾ ਸੀ।(270)

ਕਹਾਣੀਕਾਰਾ ਨੇ ਇਸ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਸ਼ੀਲਾ ਨੂੰ ਜ਼ਿੰਮੇਵਾਰ ਨਹੀਂ ਕਿਹਾ, ਸਗੋਂ ਇਸ ਅਣਜੋੜਤਾ ਵਿੱਚ ਸਮਾਜ, ਉਸਦੇ ਮਾਤਾ-ਪਿਤਾ, ਉਸਦੇ ਪਤੀ ਪਸ਼ੋਤਮ ਨੂੰ ਜ਼ਿੰਮੇਵਾਰ ਕਿਹਾ ਹੈ। ਜੋ ਇਸ ਅਣਜੋੜਤਾ ਕਰਕੇ ਕਿਸੇ ਦੀ ਪੂਰੀ ਜ਼ਿੰਦਗੀ ਤਬਾਹ ਕਰ ਦਿੰਦੇ ਹਨ। ਵੀਨਾ ਵਰਮਾ *ਫਰੰਗੀਆਂ ਦੀ ਨੂੰਹ* ਵਿੱਚੋਂ ਚੁੱਪ ਕੀਤੀ ਕਹਾਣੀ ਵਿੱਚ ਵੀ ਉਮਰ ਦੀ ਅਣਜੋੜਤਾ ਕਰਕੇ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਅਜਿਹੀ ਸਮੱਸਿਆ ਪੈਦਾ ਹੁੰਦੀ ਹੈ। ਜਿਵੇਂ ਕਿ ਕਹਾਣੀ ਦੀ ਨਾਇਕਾ ਬਿੱਲੋ ਤੇ ਸੁਰਜੀਤ ਦਰਜ਼ੀ ਜੋ ਕਿ ਛੋਟੀ ਜਾਤ ਦਾ ਹੈ ਉਸ ਨਾਲ ਪਿਆਰ ਸੰਬੰਧ ਬਾਰੇ ਜਦੋਂ ਉਸਦੇ ਘਰਦਿਆਂ ਨੂੰ ਪਤਾ ਲੱਗਦਾ ਹੈ ਤਾਂ ਉਸਦਾ ਵਿਆਹ ਇੰਗਲੈਂਡ ਤੋਂ ਆਏ ਉਸ ਤੋਂ ਦੁੱਗਣੀ ਉਮਰ ਦੇ ਮਦਨ ਨਾਲ ਕਰ ਦਿੰਦੇ ਹਨ। ਇੰਗਲੈਂਡ ਵਿੱਚ ਉਹ ਘੁਟਨ ਭਰੀ ਜ਼ਿੰਦਗੀ ਮਹਿਸੂਸ ਕਰਦੀ ਹੈ। ਫਿਰ ਇੱਕ ਦਿਨ ਜਦ ਮਦਨ ਦੇ ਦੋਸਤ ਜਗਦੀਸ਼ ਦਾ ਐਕਸੀਡੈਂਟ ਹੋ ਜਾਣ ਤੇ ਬਿਲੋ ਉਸਦੀ ਹਸਪਤਾਲ ਰਹਿ ਕੇ ਸੇਵਾ ਕਰਦੀ ਹੈ। ਮਦਨ ਲਾਲ ਉਸਨੂੰ ਸ਼ੱਕੀ ਬਿਰਤੀ ਨਾਲ ਗਲਤ ਕਹਿੰਦਾ ਹੈ। ਉਨ੍ਹਾਂ ਦੇ ਆਪਸ ਵਿੱਚ ਕੋਈ ਸਰੀਰਕ ਸੰਬੰਧ ਨਹੀਂ ਸੀ। ਇਸ ਲਈ ਉਹ ਆਪਣੀ ਮਨ ਦੀ ਗੱਲ ਨੂੰ ਇਸ ਤਰ੍ਹਾਂ ਸਪੱਸ਼ਟ ਕਰਦੀ ਹੋਈ ਕਹਿੰਦੀ ਹੈ:

> ਮੈਨੂੰ ਮੇਰੇ ਪਿਉ ਤੇ ਜਾਂ ਪਤੀ ਤੇ ਏਨਾ ਭਰੋਸਾ ਨ੍ਹੀ ਜਿੰਨਾ ਜਗਦੀਸ਼ ਭਾਅ ਜੀ ਤੇ ਐ ਥੋੜੇ ਨਾਲ ਬਾਰ੍ਹਾਂ ਸਾਲ ਸੌਂ ਕੇ ਵੀ ਉਹ ਮਜ਼ਾ ਨ੍ਹੀ ਆਇਆ, ਜਿਹੜਾ ਜਗਦੀਸ਼ ਭਾਅ ਜੀ ਨੂੰ ਆਪਣਾ ਮੋਢਾ ਫੜਾ ਕੇ ਆਉਂਦਾ ਸੀ ਇਹ ਮੇਰੇ ਵਰਗੀ ਪਿਆਸੀ ਰੂਹ ਹੀ ਜਾਣਦੀ ਐ। ਜੀਅ ਕਰਦੈ ਸਾਰੀ ਉਮਰ ਉਹਦੀ ਸੇਵਾ ਕਰਾਂ।(159)

ਇਸ ਤਰ੍ਹਾਂ ਵੀਨਾ ਵਰਮਾ ਅਤੇ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਔਰਤ-ਮਰਦ ਦੀ ਮੂਲ ਪਰਿਵਾਰਕ ਸਮੱਸਿਆ ਹੈ। ਇਸ ਤਰ੍ਹਾਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਨਾਲ ਔਰਤ-ਮਰਦ ਦੀ ਪਰਿਵਾਰਕ ਸਮੱਸਿਆ ਦੀ ਪੇਸ਼ਕਾਰੀ ਦੁਆਰਾ ਕਹਾਣੀਕਾਰਾ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਜੇਕਰ ਔਰਤ-ਮਰਦ ਸਮਾਜਿਕ ਮਰਿਆਦਾ ਨੂੰ ਨਿਭਾਉਣ ਕਰਕੇ ਚੁੱਪ ਰਹਿੰਦੇ ਹਨ ਤਾਂ ਇਸਦਾ ਭਾਵ ਇਹ ਨਹੀਂ ਕਿ ਉਹਨਾਂ ਅੰਦਰ ਕੋਈ ਇੱਛਾ ਨਹੀਂ

ਹੁੰਦੀ। ਇਨ੍ਹਾਂ ਅਧੂਰੀਆਂ ਇੱਛਾਵਾਂ ਕਰਕੇ ਉਹ ਸਾਰੀ ਉਮਰ ਤੜਫ਼ਦੇ ਰਹਿੰਦੇ ਹਨ। ਫਿਰ ਉਹ ਇਸ ਅਧੂਰੇਪਣ ਦੇ ਦੁਖਾਂਤ ਨੂੰ ਭੋਗਦੇ ਰਹਿੰਦੇ ਹਨ। ਵੀਨਾ ਵਰਮਾ ਨੇ ਆਪਣੇ ਇਸੇ ਕਹਾਣੀ ਸੰਗ੍ਰਹਿ ਦੀ ਕਹਾਣੀ 'ਚਾਰ ਰਾਤਾਂ' ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਅਣਜੋੜ ਵਿਆਹ ਸੰਬੰਧ ਨੂੰ ਪਰਿਵਾਰਕ ਸਮੱਸਿਆ ਵਜੋਂ ਮਾੜੇ ਪੱਖ ਤੋਂ ਰੂਪਮਾਨ ਕੀਤਾ ਹੈ। ਨਾਇਕਾ ਬਿੰਦੂ ਦਾ ਵਿਆਹ ਉੱਨੀ ਸਾਲ ਵਿੱਚ ਹੀ ਕੈਨੇਡਾ ਦੇ ਮੁੰਡੇ ਨਾਲ ਹੋ ਜਾਂਦਾ ਹੈ, ਜੋ ਟਰੱਕ ਡਰਾਈਵਰ ਸੀ। ਹਾਦਸੇ ਦੌਰਾਨ ਉਸਦੀ ਮੌਤ ਤੋਂ ਬਾਅਦ ਉਹ ਅਮਰੀਕਾ ਦੇ ਬੁੱਢੇ ਤੇ ਦੋ ਬੱਚਿਆਂ ਦੇ ਬਾਪ ਨਾਲ ਵਿਆਹ ਕਰਵਾਉਂਦੀ ਹੈ, ਪਰ ਇਹ ਵਿਆਹ ਵੀ ਉਸਦੀਆਂ ਜਿਣਸੀ ਲੋੜਾਂ ਨੂੰ ਪੂਰਾ ਨਾ ਕਰ ਸਕਿਆ ਕਿਉਂਕਿ ਉਹ ਨਿਪੁੰਸਕ ਸੀ। ਜਦੋਂ ਦੂਸਰੇ ਪਤੀ ਤੋਂ ਸੰਤੁਸ਼ਟੀ ਨਾ ਮਿਲੀ ਤਾਂ ਇੰਡੀਅਨ ਮਰਦ ਦਾਰੇ ਨਾਲ ਅਤੇ ਫਿਰ ਆਪਣੇ ਸੁਪਰਵਾਈਜ਼ਰ ਨਾਲ ਸੰਬੰਧ ਬਣਾਉਂਦੀ ਹੈ, ਪਰ ਕੋਈ ਵੀ ਮਰਦ ਉਸਦਾ ਸਾਥ ਹਮੇਸ਼ਾ ਵਾਸਤੇ ਨਹੀਂ ਨਿਭਾਉਂਦਾ। ਜਿਸ ਕਾਰਨ ਉਹ ਆਪਣਾ ਮਾਨਸਿਕ ਸੰਤੁਲਨ ਗਵਾ ਲੈਂਦੀ ਹੈ। ਜਦ ਉਸਦੀ ਡਾਕਟਰ ਉਸਨੂੰ ਵਿਆਹ ਕਰਵਾਉਣ ਦੀ ਇੱਛਾ ਪੁੱਛਦੀ ਹੈ ਤਾਂ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਉਹ ਉਸਨੂੰ ਕਹਿੰਦੀ ਹੈ ਕਿ:

> ਸਭ ਕੁਝ ਕਰਕੇ ਦੇਖ ਲਿਆ ਵਿਆਹ ਕਰਵਾ ਕੇ ਦੇਖ ਲਏ ਇਸ਼ਕ ਹੰਢਾ ਕੇ ਮਜ਼ਾ ਚਖ਼ ਲਿਆ। ਦੋਸਤੀਆਂ ਨਿਭਾ ਲਈਆ। ਪਰ ਸਭ ਪਾਖੰਡ ਐ। ਕੀ ਐ ਬਾਹਰ? ਧੋਖੇ, ਫਰੇਬ ਤੇ ਠੱਗੀਆਂ। ਵਿਆਹ ਦੇ ਨਾਮ ਤੇ ਮਜ਼ਬੂਰੀਆਂ। ਮੁਹੱਬਤ ਦੇ ਝੰਡੇ ਹੇਠ ਸੌਦੇਬਾਜ਼ੀਆਂ। ਕੀ ਕਰਨੀ ਮੈਂ ਅਜਿਹੀ ਦੁਨੀਆ ?( 170)

ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਔਰਤ ਦੇ ਕੁਆਰੇ ਚਾਅ ਉਦੋਂ ਖਤਮ ਹੋ ਜਾਂਦੇ ਹਨ, ਜਦੋਂ ਉਸਦੀ ਮਰਜ਼ੀ ਤੋਂ ਬਿਨ੍ਹਾਂ ਉਸਦਾ ਵਿਆਹ ਕਰ ਦਿੱਤਾ ਜਾਂਦਾ ਹੈ। ਲਾਚਾਰੀ ਵੱਸ ਉਹ ਆਪਣੀਆਂ ਸਰੀਰਕ ਤੇ ਮਾਨਸਿਕ ਤ੍ਰਿਪਤੀਆਂ ਦੀ ਪੂਰਤੀ ਲਈ ਵੇਸਵਾ ਦੇ ਪੱਧਰ ਤੱਕ ਪੁੱਜ ਜਾਂਦੀ ਹੈ। ਆਪਣੀ ਸੱਧਰ ਦੀ ਪੂਰਤੀ ਲਈ ਉਹ ਆਪਣਾ ਮਾਨਸਿਕ ਸੰਤੁਲਨ ਗਵਾ ਬੈਠਦੀ ਹੈ। ਵੀਨਾ ਵਰਮਾ ਨੇ ਆਪਣੇ ਇਸੇ ਕਹਾਣੀ ਸੰਗ੍ਰਹਿ ਦੀ 'ਲਿੱਬੜੀ ਹੋਈ ਚਾਦਰ' ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ

ਦੇ ਯਥਾਰਥਕ ਰੂਪ ਤੋਂ ਅਣਜੋੜਤਾ ਕਰਕੇ ਪੈਦਾ ਹੋਈ ਵੱਖਰੀ-ਵੱਖਰੀ ਸਥਿਤੀ- ਪ੍ਰਸਥਿਤੀ ਨੂੰ ਪੇਸ਼ ਕੀਤਾ ਗਿਆ ਹੈ। ਜਿਵੇਂ ਕਿ ਨਾਇਕਾ ਸੁਜਾਤਾ ਦਾ ਵਿਆਹ ਸੰਜੀਵ ਨਾਲ ਹੋ ਜਾਂਦਾ ਹੈ, ਜੋ ਕਿ ਪੱਛਮੀ ਰਹਿਤਲ ਵਿੱਚ ਪਲਿਆ ਹੋਣ ਕਰਕੇ ਸੁਜਾਤਾ ਦੀ ਬਹੁਤੀ ਪਰਵਾਹ ਨਹੀਂ ਕਰਦਾ। ਸੁਜਾਤਾ ਆਪਣੇ ਪਤੀ ਦੁਆਰਾ ਉਸਦਾ ਧਿਆਨ ਨਾ ਰੱਖਣ ਕਰਕੇ ਇਕੱਲਤਾ ਮਹਿਸੂਸ ਕਰਦੀ ਹੈ। ਇਸ ਇਕੱਲਤਾ ਨੂੰ ਦੂਰ ਕਰਨ ਲਈ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਉਹ ਆਪਣੇ ਆਫ਼ਿਸ ਦੇ ਮੈਨੇਜਰ ਵੱਲ ਕਾਮ ਵਾਸਨਾ ਹਿੱਤ ਖਿੱਚੀ ਚਲੀ ਜਾਂਦੀ ਹੈ। ਉਸ ਨਾਲ ਸਰੀਰਕ ਸੰਬੰਧ ਕਾਇਮ ਕਰਦੀ ਹੈ। ਮੈਨੇਜਰ ਸ਼ਾਦੀ ਸ਼ੁਦਾ ਮਰਦ ਹੈ, ਜਿਹੜਾ ਸੁਜਾਤਾ ਨਾਲ ਪਿਆਰ ਦਾ ਨਾਟਕ ਹੀ ਕਰਦਾ ਹੈ। ਜਦੋਂ ਸੁਜਾਤਾ ਉਸਦੇ ਘਰ ਕਾਮ ਵਾਸ਼ਨਾ ਦੀ ਪੂਰਤੀ ਹਿੱਤ ਮਿਲਣ ਜਾਂਦੀ ਹੈ ਤਾਂ ਮੈਨੇਜਰ ਉਸਨੂੰ ਘਰ ਜਲਦੀ ਜਾਣ ਲਈ ਕਹਿੰਦਾ ਹੈ ਕਿ ਉਸਦੀ ਪਤਨੀ ਨਾ ਆ ਜਾਵੇ। ਜਾਣ ਸਮੇਂ ਉਹ ਸੁਜਾਤਾ ਨੂੰ ਉਹ ਬੈੱਡ ਸ਼ੀਟ ਲੈ ਕੇ ਜਾਣ ਲਈ ਕਹਿੰਦਾ ਹੈ, ਜੋ ਉਨ੍ਹਾਂ ਨੇ ਸਹਿਵਾਸ ਸਮੇਂ ਵਰਤੀ ਸੀ। ਸੁਜਾਤਾ ਲਈ ਇਹ ਸਥਿਤੀ-ਪ੍ਰਸਥਿਤੀ ਬੜੀ ਦੁਖਦਾਈ ਹੁੰਦੀ ਮਹਿਸੂਸ ਹੁੰਦੀ ਹੈ। ਉਹ ਆਪਣੇ ਆਪ ਨੂੰ ਉਸ ਚਾਦਰ ਨਾਲ ਤੁਲਨਾਉਂਦੀ ਹੈ ਜੋ ਵਰਤੀ ਗਈ ਤੇ ਲਿਫ਼ਾਫੇ 'ਚ ਪਾਕੇ ਬਾਹਰ ਸੁੱਟ ਦਿੱਤੀ ਗਈ। 'ਲਿੱਬੜੀ ਹੋਈ ਚਾਦਰ' ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਰੂਪ ਸਪੱਸ਼ਟ ਮਿਲਦਾ ਹੈ ਜਿਵੇਂ ਕਿ:

> ਸੁਜਾਤਾ ਘਰ ਦੀਆਂ ਪੌੜੀਆਂ ਉਤਰਦੀ ਹੋਈ ਸੋਚ ਰਹੀ ਸੀ ਕਿ ਕੀ ਫ਼ਰਕ ਸੀ ਉਸ ਵਿੱਚ ਅਤੇ ਉਸ ਲਿਬੜੀ ਚਾਦਰ ਵਿੱਚ? ਦੋਵੇਂ ਵਿਛਾਈਆਂ ਗਈਆਂ, ਵਰਤੀਆਂ ਗਈਆਂ ਤੇ ਇਕੱਠੀਆਂ ਕਰਕੇ ਘਰ ਬਾਹਰ ਸੁੱਟ ਦਿੱਤੀਆਂ ਗਈਆਂ। ਦੋਹਾਂ ਦਾ ਹੋਣਾ ਇਸ ਘਰ ਲਈ ਖ਼ਤਰਾ ਸੀ। ਉਸਨੂੰ ਲੱਗਿਆ, ਜਿਵੇਂ ਉਹ ਪਲਾਸਿਟਕ ਬੈਗ ਵਿੱਚ ਖੁਦ ਆਪਣੇ ਆਪ ਨੂੰ ਚੁੱਕੀ ਜਾ ਰਹੀ ਸੀ।(237)

ਕਿਉਂਕਿ ਕਹਾਣੀ ਔਰਤ ਦੀਆਂ ਕਾਮੁਕ ਰੁਚੀਆਂ ਨੂੰ ਪੇਸ਼ ਨਹੀਂ ਕਰਦੀ, ਬਲਕਿ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਪੈਦਾ ਹੋਈਆਂ ਸਥਿਤੀਆਂ-ਪ੍ਰਸਥਿਤੀਆਂ ਨੂੰ ਪੇਸ਼ ਕਰਦੀ ਹੈ। ਇਨ੍ਹਾਂ ਸਥਿਤੀਆਂ-ਪ੍ਰਸਥਿਤੀਆਂ ਵਿਚੋਂ ਕਿਵੇਂ ਇੱਕ ਔਰਤ ਆਪਣੇ ਅਸਫਲ ਵਿਆਹ ਨੂੰ ਛੁਪਾਉਣ ਦੀ ਖਾਤਰ

ਜਾਇਜ਼ ਨਜਾਇਜ਼ ਰਿਸ਼ਤੇ ਬਣਾਉਂਦੀ ਹੋਈ ਸੰਤੁਸ਼ਟੀ ਪ੍ਰਾਪਤ ਕਰਨਾ ਚਾਹੁੰਦੀ ਹੈ, ਪਰ ਉਸਨੂੰ ਕੋਈ ਵੀ ਸੰਤੁਸ਼ਟੀ ਪ੍ਰਦਾਨ ਨਹੀਂ ਕਰ ਸਕਿਆ। ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ *ਮੁੱਲ ਦੀ ਤੀਵੀਂ* ਦੀ 'ਬਨਵਾਸ' ਕਹਾਣੀ ਵਿੱਚਲੀ ਨਾਇਕਾ ਆਸ਼ਾ ਵੀ ਪਹਿਲੇ ਪਿਆਰ ਦੀ ਅਪ੍ਰਵਾਨਗੀ ਕਰਕੇ ਅਣਜੋੜ ਵਿਆਹ ਦਾ ਦੁਖਾਂਤ ਭੋਗਦੀ ਹੈ। ਉਸਦਾ ਵਿਆਹ ਘਰਦਿਆਂ ਨੂੰ ਅਜਿਹੇ ਮਰਦ ਨਾਲ ਕਰ ਦਿੱਤਾ ਜੋ ਆਪਣੀ ਪਤਨੀ ਪ੍ਰਤੀ ਵਫ਼ਾਦਾਰੀ ਨਹੀਂ ਨਿਭਾਉਂਦਾ, ਸਗੋਂ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਬਾਹਰੀ ਔਰਤ ਨਾਲ ਰਹਿੰਦਾ ਹੈ। ਨਾਇਕਾ ਆਸ਼ਾ ਨਾਲ ਸਿਰਫ਼ ਰਾਤ ਨੂੰ ਹੀ ਸੌਂਦਾ ਹੈ। ਇਹ ਗੱਲ ਉਸ ਅੰਦਰਲੇ ਭਾਵਾਂ ਨੂੰ ਖ਼ਤਮ ਕਰ ਦਿੰਦੀ ਹੈ। ਉਸਨੂੰ ਆਪਣੇ ਅੰਦਰਲੀ ਔਰਤ ਮਰੀ ਹੋਈ ਜਾਪਦੀ ਹੈ। ਆਪਣੇ ਮਨ ਦੇ ਭਾਵਾਂ ਨੂੰ ਆਪਣੀ ਮਾਂ ਨਾਲ ਸਾਂਝੀ ਕਰਦੀ ਕਹਿੰਦੀ ਹੈ ਕਿ:

> ਦੁਨੀਆਂ ਦਾ ਹਰ ਪ੍ਰਾਣੀ ਮਰਦ ਅਤੇ ਔਰਤ ਦਾ ਭੇਦ ਨਹੀਂ ਮਿਟਾ ਸਕਿਆ ਔਰਤ ਹਮੇਸ਼ਾ ਹੀ ਔਰਤ ਹੈ। ਮਰਦ ਦੀ ਭੋਗ ਵਸਤੂ ਕਦੇ ਉਸਨੇ ਆਪਣੇ ਆਪ ਜੀ ਕੇ ਨਹੀਂ ਵੇਖਿਆ।(159)

ਸੁਖਜੀਤ ਆਪਣੇ ਕਹਾਣੀ ਸੰਗ੍ਰਹਿ *ਅੰਤਰਾ* ਚੋਂ ਆਦਮਖ਼ੋਰ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਪਰਿਵਾਰਕ ਸਮੱਸਿਆ ਸਾਹਮਣੇ ਆਈ ਹੈ। ਜਿਵੇਂ ਕਿ ਕਹਾਣੀ ਦਾ ਕੇਂਦਰੀ ਪਾਤਰ ਬੀਬੇ ਦਾ ਨਾਂ ਉਸਦੇ ਕਿਰਦਾਰ ਦੀ ਹਾਮੀ ਭਰ ਰਿਹਾ ਹੈ। ਜਿਸ ਨੂੰ ਮੁੱਢ ਤੋਂ ਪਿਤਾ ਦੇ ਸਾਏ ਤੋਂ ਮਹਿਰੂਮ ਰਹੇ ਬੀਬੇ ਨੂੰ ਮਾਂ ਦੇ ਮੋਹ ਵਿਹੂਣੇ ਰਵੱਈਏ ਨੇ ਹਮੇਸ਼ਾ ਦਬਾਈ ਰੱਖਿਆ। ਉਸਦੀ ਮਾਂ ਹਰ ਦਮ ਘਰ ਵਿੱਚ ਆਉਣ-ਜਾਣ ਵਾਲੇ ਸੰਤਾਂ ਦੀ ਸਾਖੀ ਵਿੱਚ ਲੀਨ ਰਹਿੰਦੀ। ਉਸ ਲਈ ਸਕੂਲੋਂ ਪੜ੍ਹ ਕੇ ਜਾਂ ਡੰਗਰ ਚਾਰ ਕੇ ਪਰਤੇ ਬੀਬੇ ਦਾ ਆਉਣਾ ਹਮੇਸ਼ਾ ਅਸਹਿ ਹੁੰਦਾ। ਕਿਉਂਕਿ ਇਸ ਨਾਲ ਉਸਦੀ ਸੰਤਾਂ ਪ੍ਰਤੀ ਲੱਗੀ ਲਗਨ ਵਿੱਚ ਵਿਘਨ ਪੈਂਦਾ। ਫਲਸਰੂਪ ਮਾਂ ਵੱਲੋਂ ਬੀਬੇ ਦੀ ਰੱਜ ਕੇ ਮਾਰ ਕੁਟਾਈ ਕੀਤੀ ਜਾਂਦੀ। ਇਸ ਸਭ ਦਾ ਬੀਬੇ ਦੇ ਸੁਭਾਅ ਤੇ ਗਹਿਰਾ ਅਸਰ ਪਿਆ। ਉਹ ਹਮੇਸ਼ਾ ਡਰਿਆ-ਸਹਿਮਿਆ ਰਹਿਣ ਲੱਗਾ। ਇਸ ਤਰ੍ਹਾਂ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਬੀਬੇ ਦੀ ਮਾਂ, ਹੁਣ ਬੀਬੀ ਭਗਤਣੀ ਦੇ ਨਾਂ ਨਾਲ ਜਾਣੀ ਜਾਣ ਲੱਗ ਪਈ ਹੈ, ਕਿਉਂਕਿ ਉਸਨੇ ਬੀਬੇ ਦੇ ਨਾਂ ਹੇਠਲੀ ਸਾਰੀ ਭੋਇੰ ਡੇਰੇ ਨੂੰ ਮੱਥਾ ਟੇਕ ਦਿੱਤੀ ਹੈ ਅਤੇ

ਖੁਦ ਆਪਣੀ ਧੀ ਨਾਲ ਸੰਤਾਂ ਦੀ ਸ਼ਰਨ ‘ਚ ਜਾ ਚੁੱਕੀ ਹੈ। ਇਸ ਸਭ ਨੇ ਬੀਬੇ ਦੇ ਡਰ ਤੇ ਸਹਿਮ ਨੂੰ ਰੋਸ ਵਿੱਚ ਤਬਦੀਲ ਕਰ ਦਿੱਤਾ ਹੈ। ਬੀਬੇ ਦਾ ਰੋਸ ਹੁਣ ਵਿਦਰੋਹ ਦਾ ਰੂਪ ਧਾਰਨ ਕਰ ਗਿਆ। ਉਹ ਇਸ ਵਿਦਰੋਹ ਦਾ ਪ੍ਰਗਟਾਵਾ ਪਿੰਡ ਦੀਆਂ ਕੰਧਾਂ ਉੱਤੇ 'ਬੀਬੀ ਭਗਤਣੀ ਬੰਦੇ ਖਾਣੀ ਹੈ' ਲਿਖ-ਲਿਖ ਕੇ ਕਰਦਾ ਹੈ। ਬੀਬੀ ਭਗਤਣੀ ਦੀ ਨਿਰਾਦਰੀ ਕਰਨ ਵਾਲੇ ਬੀਬੇ ਨੂੰ ਸੰਤਾਂ ਦੇ ਸੇਵਕ ਬਾਬੇ ਫੌਜੀ ਦੀ ਮੋਹਰ ਉੱਤੇ ਕਾਬੂ ਕਰ ਲੈਂਦੇ ਹਨ, ਭਾਵੇਂ ਕਿ ਬੀਬੇ ਨੂੰ ਫੜਨ ਦਾ ਅਸਲ ਮਕਸਦ ਸੰਤਾਂ ਨੂੰ ਦਾਨ ਵਿੱਚ ਦਿੱਤੀ ਗਈ ਭੋਇੰ ਦੇ ਖਿਲਾਫ ਕਿਸੇ ਵੀ ਕਿਸਮ ਦੇ ਵਿਰੋਧ ਨੂੰ ਉੱਭਰਨ ਤੋਂ ਪਹਿਲਾਂ ਹੀ ਨੱਪ ਦੇਣਾ ਹੈ। ਬੀਬੇ ਨੂੰ ਫੜਨ ਉਪਰੰਤ ਨਵੇਂ ਉੱਸਰ ਰਹੇ ਡੇਰੇ ਵਿੱਚ ਸੰਤਾਂ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਸੰਤ ਕੁਰਸੀ ਉੱਤੇ ਸਜੇ ਹੋਏ ਹਨ। 'ਕੁਰਸੀ', ਸੱਤਾ ਦੀ ਪ੍ਰਤੀਕ ਹੈ ਅਤੇ ਸੰਤਾਂ ਦੇ ਕੋਲ ਖੜ੍ਹੇ ਬੰਦੂਕਧਾਰੀਆਂ ਦੀ 'ਬੰਦੂਕ' ਸੱਤਾ ਦੀ ਪ੍ਰਕਿਰਤੀ ਦੀ। ਸੰਤਾਂ ਦੀ ਚਰਨ ਛੋਹ ਕੋਲ ਬੈਠੀਆਂ ਬਹੁਤੀਆਂ ਤੀਵੀਆਂ ਰੰਡੀਆਂ ਜਾਂ ਛੁੱਟੜਾਂ ਹਨ। 'ਰੰਡੀਆਂ' ਜਾਂ 'ਛੁੱਟੜਾਂ' ਕੇਵਲ ਸ਼ਬਦ ਮਾਤਰ ਨਹੀਂ ਬਲਕਿ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਉਹਨਾਂ ਔਰਤਾਂ ਦੀਆਂ ਸਮੱਸਿਆ ਦਾ ਸੰਕੇਤਕ ਹਨ, ਜੋ ਨਿਰਆਸਰਾ ਹੋਣ ਕਾਰਨ ਆਸਰੇ ਦੀ ਭਾਲ ‘ਚ ਰਹਿੰਦੀਆਂ ਹਨ। ਸੰਤਾਂ ਦੇ ਇਰਦ-ਗਿਰਦ ਇਕੱਠੀ ਹੋਈ ਭੀੜ ਉਸ ਬੰਦੇ ਦੀ ਝਲਕ ਵੇਖਣ ਲਈ ਪੱਬਾਂ ਭਾਰ ਹੋ ਰਹੀ ਹੈ, ਜੋ ਪਿੰਡ ਦੀਆਂ ਕੰਧਾਂ ਉੱਤੇ ਰੋਜ਼ਾਨਾ 'ਬੀਬੀ ਭਗਤਣੀ ਬੰਦੇ ਖਾਣੀ' ਲਿਖ ਜਾਂਦਾ ਹੈ। ਬਿਰਤਾਂਤਕਾਰ ਭੀੜ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਵਜੋਂ ਪ੍ਰਸਤੁਤ ਕਰਕੇ ਸਹਿਜੇ ਹੀ ਇਸਦੀ ਅਸਥਿਰ ਪ੍ਰਕਿਰਤੀ ਦਾ ਅਹਿਸਾਸ ਕਰਵਾ ਦੇਂਦਾ ਹੈ ਕਿ ਇਹ ਸੁੱਕੇ ਪੱਤਰਾਂ ਵਾਂਗਰ ਹਨ, ਜੋ ਹਵਾ ਦੇ ਜ਼ੋਰ ਨਾਲ ਹੀ ਆਪਣੀ ਦਿਸ਼ਾ ਬਦਲ ਲੈਂਦੇ ਹਨ। ਜਿਵੇਂ ਕਿ ਸੁਖਜੀਤ ਦੀ ‘ਆਦਮਖ਼ੋਰ’ ਵਿੱਚ ਦਿੱਤਾ ਗਿਆ ਹਵਾਲਾ ਸਪੱਸ਼ਟ ਕਰਦਾ ਹੈ। ਜਿਵੇਂ ਕਿ:

> ਸ਼ਾਮਾਂ ਲਹਿ ਕੇ ਚਲੇ ਗਈਆਂ ਨੇ, ਰਾਤ ਆ ਗਈ ਹੈ। ਬਾਬਾ ਤਾਂ ਬਹੁੜਿਆ ਈ ਨਹੀਂ। ਖੌਰੇ ਫੜਿਆ ਈ ਨਾ ਗਿਆ ਹੋਵੇ। ਖੌਰੇ ਦੁਆਲੇ ਦੇ ਪਿੰਡਾਂ ’ਚ ਵੀ ਬੰਦਾ ਕੋਈ ਨਾ ਰਹਿਆ ਹੋਵੇ, ਸੁੱਕੇ ਪੱਤਰ ਹੀ ਹੋਣ। ਖੌਰੇ ਬਾਬਾ ਵੀ ਤ੍ਰੇਹ ਨਾ ਗਿਆ ਹੋਵੇ। ਖੌਰੇ। ਤੇ ਉਸ ਹਾਉਕਾ ਭਰ ਕੇ ਸਿਰ ਥਮ੍ਹਲੇ ਨਾਲ ਜੋੜ

ਲਿਆ ਹੈ।(40)

ਇਸ ਤਰ੍ਹਾਂ ਵੀਨਾ ਵਰਮਾ ਤੇ ਸੁਖਜੀਤ ਨੇ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥਕ ਰੂਪ ਨੂੰ ਔਰਤ-ਮਰਦ ਦੀਆਂ ਪਰਿਵਾਰਕ ਸਮੱਸਿਆ ਦੁਆਰਾ ਪੇਸ਼ ਕੀਤਾ ਹੈ, ਭਾਵੇਂ ਔਰਤ-ਮਰਦ ਦੀ ਇਹ ਪਰਿਵਾਰਕ ਸਮੱਸਿਆ ਅਣਜੋੜ ਵਿਆਹ ਸੰਬੰਧ ਜਾਂ ਕਿਸੇ ਵੀ ਹੋਰ ਪੱਖ ਦੀ ਹੋਵੇ, ਪਰ ਉਸਦੇ ਲਈ ਜ਼ਿੰਮੇਵਾਰ ਸਮਾਜ, ਮਾਂ-ਬਾਪ, ਭੈਣ-ਭਰਾ  ਅਤੇ ਹੋਰ ਅਨੇਕਾਂ ਰਿਸ਼ਤੇ-ਨਾਤੇ ਹੀ ਹੁੰਦੇ ਹਨ। ਪਰੰਤੂ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਉਸਦਾ ਤਣਾਅ ਪਰਿਵਾਰਕ ਇਕਾਈਆਂ ਨੂੰ ਹੀ ਭੁਗਤਣਾ ਪੈਂਦਾ ਹੈ। ਇਹ ਤਣਾਅ ਜਿਵੇਂ ਇਕੱਲਤਾ, ਭੋਗ ਵਸਤੂ, ਬੇਗਾਨਗੀ ਆਦਿ। ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥਕ ਰੂਪ ਤੋਂ ਔਰਤ-ਮਰਦ ਦੀਆਂ ਪਰਿਵਾਰਕ ਸਮੱਸਿਆਵਾਂ ਔਰਤ-ਮਰਦ ਨੂੰ ਮਾਨਸਿਕ ਬਿਮਾਰੀਆਂ , ਸਰੀਰਕ ਤਸ਼ੱਦਦ ਅਤੇ ਹੋਰ ਅਨੇਕਾਂ ਦੁੱਖਾਂ-ਦਰਦਾਂ ਦਾ ਸ਼ਿਕਾਰ ਵੀ ਬਣਾ ਦਿੰਦੀਆਂ ਹਨ। ਜਦੋਂ ਕਿ ਵੀਨਾ ਵਰਮਾ ਦੀਆਂ ਕਹਾਣੀਆਂ 'ਦੂਜੀ ਜਾਂ ਤੀਜੀ', 'ਰਜਾਈ', 'ਖੁੰਢ ਘਸੀਟਣੀ',' ਨਵਾਂ ਮਾਸ', 'ਛੁੱਟੜ' ਆਦਿ ਨੂੰ ਇਸ ਸੰਦਰਭ ਵਿੱਚ ਵਿਚਾਰਿਆ ਜਾ ਸਕਦਾ ਹੈ। ਵੀਨਾ ਵਰਮਾ ਨੇ ਕਹਾਣੀ 'ਰਜਾਈ' ਅਤੇ ਸੁਖਜੀਤ ਨੇ ਕਹਾਣੀ 'ਸਿੰਗਲ ਮਾਲਟ ਸੁਰਖ਼ ਨਹੀਂ ਹੁੰਦੀ, ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥਕ ਰੂਪ ਨੂੰ ਪਰਿਵਾਰਕ ਸਮੱਸਿਆ ਰਾਹੀਂ ਸਮਾਨਤਾ ਦੇ ਪੱਖ ਤੋਂ ਉਭਾਰਿਆ ਹੈ।

ਇਸ ਤਰ੍ਹਾਂ ਕਹਾਣੀ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥਕ ਰੂਪ ਤੋਂ ਔਰਤ ਦੇ ਪਤੀ ਦੁਆਰਾ ਕੀਤੇ ਦੂਜੇ ਵਿਆਹ ਦੇ ਦੁਖਾਂਤ ਨੂੰ ਪੇਸ਼ ਕਰਦੀ ਹੈ। ਇਸ ਅਸੰਯੋਗ ਵਿਆਹ ਸੰਬੰਧ ਤੋਂ ਦੋਵੇਂ ਔਰਤ ਪਾਤਰ ਪ੍ਰਭਾਵਿਤ ਹੁੰਦੀਆਂ ਹਨ। ਉਹ ਮਰਦ ਨੂੰ ਰੱਬ ਮੰਨਦੀਆਂ ਹਨ, ਪਰ ਮਰਦ ਲਈ ਔਰਤ ਇੱਕ ਮਾਸ ਤੋਂ ਜ਼ਿਆਦਾ ਕੁਝ ਨਹੀਂ ਹੁੰਦੀ। ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ *ਮੁੱਲ ਦੀ ਤੀਵੀਂ* ਦੀ 'ਛੁੱਟੜ' ਕਹਾਣੀ ਵੀ ਅਸੰਯੋਗ ਵਿਆਹ ਸੰਬੰਧ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥਕ ਪੱਖ ਨੂੰ ਰੂਪਮਾਨ ਕਰਦੀ ਹੈ। ਕਹਾਣੀ ਦੀ ਨਾਇਕਾ ਅਨੀਤਾ ਦਾ ਵਿਆਹ ਰਮੇਸ਼ ਨਾਲ ਹੁੰਦਾ ਹੈ ਜੋ ਕਿ ਬਹੁਤ ਹੀ ਬੁਰੇ ਚਰਿੱਤਰ ਵਾਲਾ ਸੀ। ਰਮੇਸ਼ ਨੂੰ ਜਦੋਂ ਅਨੀਤਾ ਗੋਰੀਆਂ ਕੁੜੀਆਂ ਨਾਲ ਦੇਖਦੀ ਤਾਂ ਉਸਨੂੰ ਬਹੁਤ ਬੁਰਾ ਲੱਗਦਾ। ਉਹ ਰਮੇਸ਼ ਨੂੰ

ਬੁਰਾ ਭਲਾ ਕਹਿੰਦੀ ਹੈ। ਰਮੇਸ਼ ਨੂੰ ਵੀ ਅਨੀਤਾ ਦਾ ਇਸ ਤਰ੍ਹਾਂ ਬੁਰਾ ਭਲਾ ਕਹਿਣਾ ਚੰਗਾ ਨਹੀਂ ਲੱਗਦਾ। ਉਹ ਅਨੀਤਾ ਨੂੰ ਛੱਡਣ ਦੀ ਗੱਲ ਕਰਦਾ ਹੈ। ਜਿਸਦਾ ਜੁਆਬ ਉਹ ਰਮੇਸ਼ ਨੂੰ ਇਸ ਤਰ੍ਹਾਂ ਦਿੰਦੀ ਹੈ:

> ਮੈਂ ਉਨ੍ਹਾਂ ਔਰਤਾਂ 'ਚ ਨਹੀਂ ਹਾਂ ਜੋ ਹਰ ਹਾਲਤ 'ਚ ਆਦਮੀ ਦੇ ਨਾਲ ਚਿਪਕੀਆਂ ਰਹਿਣਾ ਚਾਹੁੰਦੀਆਂ ਨੇ। ਤੂੰ ਤਾਂ ਹਾਲੇ ਸੋਚੇਗਾ ਪਰ ਮੈਂ ਸੋਚ ਲਿਆ ਹੈ। ਅੱਜ ਤੋਂ ਬਾਅਦ ਤੇਰਾ ਮੇਰਾ ਕੋਈ ਰਿਸ਼ਤਾ ਨਹੀਂ ਹੈ। ਡਾਇਵੋਰਸ ਦੇ ਪੇਪਰ ਤੈਨੂੰ ਛੇਤੀ ਹੀ ਮਿਲ ਜਾਣਗੇ।(135)

ਉੱਥੇ ਵੀਨਾ ਵਰਮਾ ਦੀ ਕਹਾਣੀ 'ਛੁੱਟਣ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਨਾਇਕਾ ਅਨੀਤਾ ਦੇ ਤਲਾਕ ਤੋਂ ਬਾਅਦ ਰਵੀ ਨਾਂ ਦੇ ਮੁੰਡੇ ਨਾਲ ਮਾਨਸਿਕ ਸਰੂਰ ਦੀ ਪ੍ਰਾਪਤੀ ਲਈ ਦੂਸਰਾ ਵਿਆਹ ਕਰਵਾ ਲੈਂਦੀ ਹੈ। ਪਰ ਉਸ ਨਾਲ ਵੀ ਉਹ ਬਹੁਤਾ ਸਮਾਂ ਸੁਖੀ ਨਹੀਂ ਰਹਿੰਦੀ, ਕਿਉਂਕਿ ਰਵੀ ਦਾ ਉਸ ਨਾਲ ਵਿਆਹ ਕਰਨ ਦਾ ਮਕਸਦ ਸਿਰਫ਼ ਪੱਕੇ ਹੋਣਾ ਸੀ। ਕਹਾਣੀ ਦੇ ਅੰਤ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਉਹ ਅਨੀਤਾ ਨਾਲ ਗੱਲ ਕਰਦਾ ਕਹਿੰਦਾ ਹੈ ਕਿ:

> ਮਜ਼ਬੂਰੀਆਂ ਨੇ ਹੀ ਤਾਂ ਮਾਰਿਆ ਹੈ ਅਨੀਤਾ, ਵਰਨਾ ਕੌਣ ਕਿਸੇ 'ਛੁੱਟੜ' ਨਾਲ ਵਿਆਹ ਕਰਵਾਉਂਦਾ ਹੈ। (149)

ਉਪਰੋਕਤ ਰੂਪ ਵਿੱਚ ਕਹਾਣੀਕਾਰਾ ਨੇ ਆਪਣੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਔਰਤ-ਮਰਦ ਦੀਆਂ ਪਰਿਵਾਰਕ ਸਮੱਸਿਆਵਾਂ ਨੂੰ ਸਮਾਨਤਾਵਾਂ ਤੇ ਵੱਖਰਤਾਵਾਂ ਤੋਂ ਚੰਗੇ ਤੇ ਮਾੜੇ ਪੱਖ ਵਜੋਂ ਬਾਖੂਬੀ ਪੇਸ਼ ਕੀਤਾ ਗਿਆ ਹੈ।

**5.4. ਇਕੱਲਤਾ, ਬੇਗਾਨਗੀ, ਜਾਤ, ਗੋਤ ਅਧੀਨ ਵਿਚਰਦੇ ਔਰਤ-ਮਰਦ ਦੀ ਵਿਅਕਤੀਗਤ ਹੋਂਦ ਦਾ ਯਥਾਰਥ:** ਪੁਰਾਣੇ ਯੁੱਗ ਵਿੱਚ ਔਰਤ ਕਿਸਮਤ ਜਾਂ ਹੋਣੀ ਵਿੱਚ ਵਿਸ਼ਵਾਸ ਕਰਦੀ ਸੀ। ਉਸਨੂੰ ਇਹ ਅਹਿਸਾਸ ਹੀ ਨਹੀਂ ਸੀ ਕਿ ਉਸਦੀ ਆਪਣੀ ਵੀ ਕੋਈ ਹੋਂਦ ਹੈ। ਉਹ ਪਤੀ ਨੂੰ ਪਰਮਾਤਮਾ ਸਮਝ ਕੇ ਪੂਜਦੀ ਅਤੇ ਉਸਦੇ ਅੱਤਿਆਚਾਰਾਂ ਨੂੰ ਭੋਗਦੀ ਆਪਣਾ ਜੀਵਨ ਜਿਉਂ ਲੈਂਦੀ ਸੀ ਭਾਵੇਂ ਕਿ ਅਗਲੇਰੀ ਪੀੜ੍ਹੀ ਦੀਆਂ ਔਰਤਾਂ ਵਿੱਚ ਅਜਿਹੀ ਮੁਥਾਜੀ ਲਗਾਤਾਰ ਘੱਟਣ ਲਗ ਪਈ ਹੈ। ਪੰਜਾਬੀਆਂ ਦੀ ਪਰੰਪਰਾਵਾਦੀ ਸੋਚ ਅਤੇ

ਜਗੀਰੂ ਮਾਨਸਿਕਤਾ ਕਾਰਨ ਇਹ ਭਾਵੇਂ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਈ ਹੈ। ਪਹਿਲੀ ਪੀੜ੍ਹੀ ਦੀ ਇਸਤਰੀ ਦੀ ਹੋਂਦ ਸਿਰਫ਼ ਘਰ ਦੀ ਚਾਰਦੀਵਾਰੀ ਤਕ ਸੀਮਤ ਰਹਿੰਦੀ ਹੈ। ਜੇਕਰ ਉਹ ਇਸ ਚਾਰਦੀਵਾਰੀ ਤੋਂ ਬਾਹਰ ਕਦਮ ਵੀ ਰੱਖਦੀ ਹੈ ਤਾਂ ਵੀ ਉਸ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਪਰੰਪਰਾਵਾਦੀ ਭਾਰਤੀ ਸੋਚ 'ਤੇ ਰਿਸ਼ਤਾ-ਪ੍ਰਬੰਧ ਨੂੰ ਹਰ ਕੀਮਤ ਤੇ ਬਚਾਵੇਗੀ। ਉਹ ਆਪਣੇ ਘਰ-ਪਰਿਵਾਰ ਪਤੀ, ਔਲਾਦ ਨੂੰ ਪਹਿਲ ਦੇਂਦੀ ਸੀ ਅਤੇ ਖੁਦ ਨੂੰ ਦੁਜੈਲੀ ਸਥਿਤੀ ਵਿੱਚ ਰੱਖਦੀ ਹੋਈ ਚੁੱਪ-ਚਾਪ ਪਤੀ ਦੀਆਂ ਵਧੀਕੀਆਂ ਸਹਿਣ ਲਈ ਤਿਆਰ ਰਹਿੰਦੀ ਸੀ। ਉਹ ਹਰ ਉਸ ਵਧੀਕੀ ਅਤੇ ਜ਼ੁਲਮ ਨੂੰ ਸਹਿੰਦੀ ਸੀ ਜੋ ਮਰਦ ਪ੍ਰਧਾਨ ਸਮਾਜ ਉਸ ਤੇ ਕਰਦਾ ਸੀ। ਚਾਹੇ ਉਹ ਇਹ ਜ਼ੁਲਮ ਉਸਨੂੰ ਆਪਣੀ ਔਲਾਦ ਲਈ, ਜਾਤ, ਗੋਤ, ਬੇਗਾਨਗੀ ਤੇ ਇਕੱਲਤਾ ਵਜੋਂ ਸਹਿਣਾ ਪਵੇ ਜਾਂ ਫਿਰ ਪਤੀ ਦੇ ਘਰ ਵਿੱਚ ਰਹਿਣ ਜੋਗੀ ਥਾਂ ਲਈ ਸਹਿਣਾ ਪਵੇ। ਪਰੰਤੂ ਅਜੋਕੇ ਯੁੱਗ ਵਿੱਚ ਔਰਤ ਆਪਣੀ ਹੋਂਦ ਲਈ ਜੂਝਦੀ ਨਜ਼ਰ ਆਉਂਦੀ ਹੈ ਅਤੇ ਉਹ ਇਸ ਵਿੱਚ ਕੁਝ ਹੱਦ ਤੱਕ ਕਾਮਯਾਬ ਵੀ ਹੋਈ ਹੈ। ਹੁਣ ਉਹ ਪੁਰਾਣਾ ਸੱਭਿਆਚਾਰਕ ਸੰਕਲਪ ਬਚਪਨ ਵਿੱਚ ਬਾਪ, ਜਵਾਨੀ ਵਿੱਚ ਪਤੀ ਅਤੇ ਬੁਢਾਪੇ ਵਿੱਚ ਪੁੱਤਰ ਦੀ ਅਧੀਨਤਾ ਨੂੰ ਸਵੀਕਾਰ ਨਹੀਂ ਕਰਦੀ। ਉਸਦੀ ਸੋਚ ਵਿੱਚ ਤਬਦੀਲੀ ਆਈ ਹੈ ਤੇ ਉਹ ਨਿਧੜਕ ਹੋ ਕੇ ਮਰਦ ਦਾ ਮੂੰਹ ਤੋੜਵਾਂ ਜਵਾਬ ਦੇ ਰਹੀ ਹੈ ਅਤੇ ਆਪਣੀ ਹੋਂਦ ਦਾ ਅਹਿਸਾਸ ਮਾਣਦੇ ਹੋਏ ਸਮਾਜ ਵਿੱਚ ਆਪਣਾ ਸਥਾਨ ਵੀ ਨਿਸ਼ਚਿਤ ਕਰ ਰਹੀ ਹੈ। ਇਸ ਦਾ ਮੁੱਖ ਕਾਰਨ ਵਿਸ਼ਵੀਕਰਨ ਅਤੇ ਪੱਛਮੀ ਸੱਭਿਆਚਾਰ ਨੂੰ ਮੰਨਿਆ ਜਾ ਸਕਦਾ ਹੈ। ਜਿਵੇਂ-ਜਿਵੇਂ ਭਾਰਤੀ ਪੰਜਾਬੀ ਪੱਛਮੀ ਸਮਾਜ ਅਤੇ ਸੱਭਿਆਚਾਰ ਵਿੱਚ ਰਚਦੇ-ਮਿਚਦੇ ਗਏ ਉਵੇਂ-ਉਵੇਂ ਇਸਤਰੀ ਦੀ ਸਥਿਤੀ ਵੀ ਬਦਲਦੀ ਗਈ। ਸਵੈ ਚੇਤਨਤਾ ਅਤੇ ਸਵੈ ਵਿਸ਼ਵਾਸ ਨਾਲ ਭਰੀ ਪੱਛਮ ਦੀ ਔਰਤ ਹੁਣ ਉਸਦਾ ਰੋਲ ਮਾਡਲ ਬਣ ਗਈ। ਹੁਣ ਉਹ ਆਪਣੇ ਸਵੈ ਨੂੰ ਕਿਸੇ ਵੀ ਕੀਮਤ 'ਤੇ ਦੁਜੈਲੀ ਸਥਿਤੀ ਵਿੱਚ ਨਹੀਂ ਸੀ ਵੇਖਣਾ ਚਾਹੁੰਦੀ। ਉਹ ਹੁਣ ਕਿਸੇ ਦੀ ਮੁਥਾਜੀ ਬਰਦਾਸ਼ਤ ਨਹੀਂ ਕਰਨਾ ਚਾਹੁੰਦੀ ਚਾਹੇ ਉਹ ਮੁਥਾਜੀ ਸੋਚ ਦੀ ਹੋਵੇ ਜਾਂ ਆਰਥਿਕਤਾ ਦੀ। ਵੀਨਾ ਵਰਮਾ ਤੇ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਇਕੱਲਤਾ, ਬੇਗਾਨਗੀ, ਜਾਤ, ਗੋਤ ਅਧੀਨ ਵਿਚਰਦੇ ਔਰਤ-ਮਰਦ ਦੀ ਵਿਅਕਤੀਗਤ ਹੋਂਦ ਦਾ ਸੰਕਲਪ

ਵੀ ਭਾਰੂ ਹੈ। ਔਰਤ-ਮਰਦ ਪਾਤਰ ਆਪਣੀ ਹਸਤੀ ਦੀ ਪਛਾਣ ਦੀ ਤਲਾਸ਼ ਵਿੱਚ ਹਨ। ਜਿੱਥੇ ਸਮਾਜ ਵਿੱਚ ਔਰਤ-ਮਰਦ ਘਰ ਅਤੇ ਜੀਵਨ ਸਾਥੀ ਦੇ ਨਾਲ ਆਪਣੇ ਆਪ ਨੂੰ ਸੰਪੂਰਨ ਮੰਨਦੇ ਹਨ, ਉੱਥੇ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਔਰਤ-ਮਰਦ ਆਪਣੀ ਵਿਅਕਤੀਗਤ ਹੋਂਦ ਨੂੰ ਖਤਮ ਕਰ ਚੁੱਕੇ ਹਨ। ਜਿੱਥੇ ਸੁਖਜੀਤ ਦੀਆਂ ਔਰਤ ਪਾਤਰਾਂ ਬੇਸ਼ੱਕ ਸਮਾਜ ਵਿੱਚ ਆਪਣੀ ਵੱਖਰੀ ਹੋਂਦ ਸਥਾਪਿਤ ਕਰਨ ਲਈ ਜੱਦੋ-ਜਹਿਦ ਕਰਦੀਆਂ ਹਨ, ਪਰ ਨਾਲ ਹੀ ਉਹ ਸਹਾਰੇ ਦੀ ਲੋੜ ਵੀ ਮਹਿਸੂਸ ਕਰਦੀਆਂ ਹਨ, ਉੱਥੇ ਵੀਨਾ ਵਰਮਾ ਦੀਆਂ ਔਰਤ ਪਾਤਰਾਂ ਵੀ ਇਹੋ ਜਿਹੇ ਸਥਿਤੀ-ਪ੍ਰਸਥਿਤੀ ਵਿਚੋਂ ਗੁਜ਼ਰਦੀਆਂ ਦਿਖਾਈ ਦਿੰਦੀਆਂ ਹਨ। ਜਿਵੇਂ ਕਿ ਵੀਨਾ ਵਰਮਾ ਦੀਆਂ ਕਹਾਣੀਆਂ ਛੋਟੀ ਸਰਦਾਰਨੀ, 'ਮੈਂ ਕੀ ਹਾਂ? ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਇਕੱਲਤਾ, ਬੇਗਾਨਗੀ, ਜਾਤ, ਗੋਤ ਅਧੀਨ ਵਿਚਰਦੇ ਔਰਤ-ਮਰਦ ਦੀ ਵਿਅਕਤੀਗਤ ਹੋਂਦ ਨੂੰ ਸਮਾਨਤਾਵਾਂ ਤੇ ਵੱਖਰਤਾਵਾਂ ਤੋਂ ਚੰਗੇ ਤੇ ਮਾੜੇ ਪੱਖ ਵਜੋਂ ਪੇਸ਼ ਕੀਤਾ ਗਿਆ ਹੈ। ਸੋ, ਜਿੰਨ੍ਹਾਂ ਨੂੰ ਨਿਮਨਲਿਖਤ ਅਨੁਸਾਰ ਵਿਚਾਰਿਆ ਗਿਆ ਹੈ:

**(ੳ) ਚੰਗੇ ਪੱਖ:** ਜਿੱਥੇ ਵੀਨਾ ਵਰਮਾ ਦੀ ਰਚਿਤ ਮੁੱਲ ਦੀ ਤੀਵੀਂ ਦੀ ਕਹਾਣੀ 'ਛੋਟੀ ਸਰਦਾਰਨੀ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਨਾਇਕਾ ਸੰਵੇਦਨਾ ਤੋਂ ਚੇਤਨਾ ਤੱਕ ਪਹੁੰਚਦੀ ਹੈ। ਜਦੋਂ ਨਾਇਕਾ ਰੁਪਿੰਦਰ, ਨਰਿੰਦਰ ਨਾਲ ਵਿਆਹ ਤੋਂ ਬਿਨ੍ਹਾਂ ਸਰੀਰਕ ਸੰਬੰਧ ਸਥਾਪਿਤ ਕਰ ਲੈਂਦੀ ਹੈ। ਉਦੋਂ ਇਹ ਸਰੀਰਕ ਸੰਬੰਧ ਹੀ ਉਸਦੀ ਤ੍ਰਾਸਦੀ ਦਾ ਕਾਰਨ ਬਣ ਜਾਂਦੇ ਹਨ। ਜਦੋਂ ਉਹ ਕੁਆਰੀ ਮਾਂ ਬਣਨ ਦੀ ਖ਼ਬਰ ਆਪਣੇ ਪ੍ਰੇਮੀ ਨਰਿੰਦਰ ਨੂੰ ਦਿੰਦੀ ਹੈ। ਇਸਦੇ ਜੁਆਬ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਨਰਿੰਦਰ ਉਸਨੂੰ ਨਜਾਇਜ਼ ਬੱਚਾ ਪੈਦਾ ਨਾ ਕਰਨ ਤੇ ਅਬੋਰਸ਼ਨ ਕਰਵਾਉਣ ਲਈ ਕਹਿੰਦਾ ਹੈ। ਮਮਤਾ ਵੱਸ ਉਹ ਬੱਚੇ ਨੂੰ ਜਨਮ ਦਿੰਦੀ ਹੈ। ਆਪਣੇ ਬੱਚੇ ਦੀ ਹੋਂਦ ਵਿੱਚ ਉਸ ਲਈ ਬਾਕੀ ਰਿਸ਼ਤੇ-ਨਾਤੇ ਛੋਟੇ ਹੋ ਜਾਂਦੇ ਹਨ। ਉਹ ਨਰਿੰਦਰ ਨਾਲੋਂ ਨਾਤਾ ਤੋੜ ਲੈਂਦੀ ਹੈ। ਉਹ ਕਹਿੰਦੀ ਹੈ ਕਿ ਉਹ ਤਾਂ ਉਸਨੂੰ ਮੁਆਫ਼ ਵੀ ਨਹੀਂ ਕਰ ਸਕਦੀ ਤੇ ਨਾ ਹੀ ਨਫ਼ਰਤ, ਕਿਉਂਕਿ ਨਫ਼ਰਤ ਵੀ ਉਸ ਨਾਲ ਕੀਤੀ ਜਾ ਸਕਦੀ ਹੈ ਜਿਸਦੀ ਨਜ਼ਰ ਵਿੱਚ ਕੋਈ ਕੀਮਤ ਹੁੰਦੀ ਹੈ। ਜਿਹੜਾ ਬੰਦਾ ਨਜ਼ਰਾਂ ਤੋਂ ਡਿੱਗ ਜਾਵੇ, ਉਹ ਨਫ਼ਰਤ ਦੇ ਵੀ

ਕਾਬਲ ਨਹੀਂ ਰਹਿੰਦਾ। ਕਹਾਣੀ ਦੀ ਨਾਇਕਾ ਰੁਪਿੰਦਰ ਆਪਣੀ ਵਿਅਕਤੀਗਤ ਹੋਂਦ ਤੇ ਇਕੱਲਤਾ ਤੇ ਬੇਗਾਨਗੀ ਦੀ ਸਥਿਤੀ- ਪ੍ਰਸਥਿਤੀ ਵਿਚੋਂ ਗੁਜ਼ਰਦੀ ਹੈ। ਕਹਾਣੀ ਵਿੱਚ ਨਾਇਕ ਨਰਿੰਦਰ ਜਦੋਂ ਰੁਪਿੰਦਰ ਨਾਲ ਦੁਬਾਰਾ ਸੰਬੰਧ ਕਾਇਮ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਉਹ ਸਵੈ-ਹੋਂਦ, ਆਤਰ-ਨਿਰਭਰ ਤੇ ਚੇਤਨ ਔਰਤ ਆਦਿ ਚੰਗੇ ਪੱਖ ਵਜੋਂ ਉਸਨੂੰ ਮੂੰਹ ਤੋੜ ਜੁਆਬ ਦਿੰਦੀ ਹੈ, ਉੱਥੇ ਸੁਖਜੀਤ ਦੁਆਰਾ ਰਚਿਤ ਹੁਣ ਮੈਂ ਇੰਜੁਆਇ ਕਰਦੀ ਆਂ ਦੀ ਕਹਾਣੀ 'ਹਜ਼ਾਰ ਕਹਾਣੀਆਂ ਦਾ ਬਾਪ' ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਜਾਤੀ ਪੂਰਵਧਾਰਨਾ (Caste Pryudice), ਇਸ ਨਾਲ ਸੰਬੰਧਿਤ ਸਥਿਰ ਰੂਪ, ਇਹਨਾਂ ਦੀ ਵਿਅਕਤੀਗਤ ਹੋਂਦ ਅਤੇ ਵਿਵਹਾਰ ਨੂੰ ਨਿਰਧਾਰਤ ਅਤੇ ਪ੍ਰਭਾਵਿਤ ਕਰਨ ਵਿੱਚ ਕਿਰਿਆਸ਼ੀਲਤਾ, ਇਸ ਸਭ ਦੇ ਨਤੀਜਤਨ ਉੱਭਰਨ ਵਾਲੀ ਵਿਅਕਤੀ ਦੀ ਸ਼ਖ਼ਸੀਅਤ ਅਤੇ ਜੀਵਨ ਦੀ ਝਾਕੀ ਨੂੰ ਉਭਾਰਿਆ ਗਿਆ ਹੈ। ਸੋ, ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਦੋਨੋਂ ਕਹਾਣੀਕਾਰ ਵਿਅਕਤੀਗਤ ਤੇ ਸਵੈ-ਹੋਂਦ ਬਾਰੇ ਸਮਾਨਤਾਵਾਂ ਤੋਂ ਚੰਗੇ ਪੱਖ ਨੂੰ ਉਭਾਰਦੇ ਹੋਏ ਕਹਿੰਦੇ ਹਨ ਕਿ:

> ਤਮੀਜ਼ ਨਾਲ ਰਹਿ। ਜੇ ਬੱਚੇ ਕਰਕੇ ਮੈਂ ਤੈਨੂੰ ਇਸ ਘਰ ਵਿੱਚ ਆਉਣ ਲਈ ਕਹਿ ਦਿੱਤਾ ਹੈ ਤਾਂ ਇਸਦਾ ਇਹ ਮਤਲਬ ਨਹੀਂ ਕਿ ਮੈਂ ਫੇਰ ਇਤਿਹਾਸ ਨੂੰ ਦੁਹਰਾਓਣ ਲੱਗੀ ਹਾਂ। ਇਹ ਨਾ ਸਮਝੀ ਕਿ ਮੈਂ ਕਮਜ਼ੋਰ ਹੋ ਗਈ ਹਾਂ ਤੇ ਮੈਨੂੰ ਤੇਰੇ ਸਹਾਰੇ ਦੀ ਲੋੜ ਹੈ।(70)

ਅੱਗੇ ਗੱਲ ਕਰਦੇ ਹਾਂ ਸੁਖਜੀਤ ਦੇ ਕਹਾਣੀ ਸੰਗ੍ਰਹਿ *ਹੁਣ ਮੈਂ ਇੰਜੁਆਇ ਕਰਦੀ ਆਂ* ਦੀ ਕਹਾਣੀ ਹਜਾਰ ਕਹਾਣੀਆਂ ਦਾ ਬਾਪ ਬਾਰੇ:

> ਸਾਲੇ ਜੱਟ। ਠੀਕ ਈ ਕਿਹਾ ਸੀ ਵਡੇਰਿਆਂ ਨੇ ਕਿ ਇਨ੍ਹਾਂ ਤੋਂ ਦੂਰ ਈ ਰਹੋ। ਸਾਲਾ ਹੁਣ ਮੈਨੂੰ ਸਾਸਰੀ ਕਾਲ ਵੀ ਨਹੀਂ ਕਰਦਾ, ਆਕੜ ਕੇ ਲੰਘੂ, ਜਿਵੇਂ ਸਾਲੇ ਦਾ ਮੈਂ ਹੱਕ ਮਾਰ ਲਿਆ ਹੋਵੇ ਸਾਲੇ ਜੱਟ ਸਮਝਦੇ ਆ ਕਿ ਨਿੱਕੀਆਂ ਜਾਤਾਂ ਦੀਆਂ ਤੀਵੀਆਂ ਤੇ ਤਾਂ ਹੱਕ ਹੀ ਹੈ ਉਨ੍ਹਾਂ ਦਾ। ਸਾਲਿਓ ਮੇਰੇ ਮੁੰਡਾ ਈ ਨਹੀਂ ਹੋਇਆ ਕੋਈ, ਜੇ ਹੁੰਦਾ ਤਾਂ ਮੈਂ ਜੱਟਾਂ ਵਾਂਗੂੰ ਪਾਲਦਾ, ਫੇਰ ਦੇਖਦੇ ਕਿਵੇਂ ਮਾਗਟਾਂ

ਦੀ। ਉਹਨੂੰ ਕਹਿੰਦਾ, "ਜਾਹ ਪੁੱਤ ਇਨ੍ਹਾਂ ਜੱਟਾਂ ਦੀ। ਪਰ ਧੀਆਂ ਦਾ ਕੀ ਕਰਾਂ? ਇਨ੍ਹਾਂ ਦੇ ਤਾਂ ਦੁੱਖ ਹੀ ਦੁੱਖ ਨੇ।(20)

ਇਸ ਤਰ੍ਹਾਂ ਔਰਤ-ਮਰਦ ਦਾ ਆਪਸੀ ਰਿਸ਼ਤਾ ਸਮਾਜ ਵਿੱਚ ਭਾਵੇਂ ਇੱਕ ਦੂਸਰੇ ਉੱਪਰ ਹੈ, ਪਰੰਤੂ ਵੀਨਾ ਵਰਮਾ ਤੇ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਮਰਦ-ਪ੍ਰਧਾਨ ਸਮਾਜ ਹੋਣ ਦੇ ਨਾਤੇ ਮਰਦ ਔਰਤ ਨੂੰ ਸਿਰਫ਼ ਤੇ ਸਿਰਫ਼ ਇੱਕ ਭੋਗ ਵਸਤੂ ਤੋਂ ਵੱਧ ਕੁਝ ਨਹੀਂ ਮੰਨਦਾ, ਸਗੋਂ ਉਸਦਾ ਤ੍ਰਿਸਕਾਰ ਕਰਦਾ ਹੈ। ਜਦੋਂ ਕਿ ਔਰਤ ਪਾਤਰਾਂ ਸਮਾਜ ਦੀ ਪ੍ਰਵਾਹ ਨਾ ਕਰਦੀਆਂ ਹੋਈਆਂ ਵੀ ਅਜਿਹੇ ਮਰਦਾਂ ਦਾ ਸਾਥ ਦਿੰਦੀਆਂ ਹਨ। ਉਹ ਮਰਦ ਪਾਤਰ ਜਦੋਂ ਉਨ੍ਹਾਂ ਨੂੰ ਉਹ ਮਾਨ ਸਨਮਾਨ ਨਹੀਂ ਦਿੰਦੇ ਤਾਂ ਉਹ ਉਨ੍ਹਾਂ ਮਰਦ ਪਾਤਰਾਂ ਨਾਲੋਂ ਆਪਣਾ ਨਾਤਾ ਤੋੜਨ ਤੋਂ ਵੀ ਗੁਰੇਜ਼ ਨਹੀਂ ਕਰਦੀਆਂ। ਔਰਤਾਂ ਆਪਣੇ ਸਵੈਮਾਨ ਤੇ ਵਿਅਕਤੀਗਤ ਹੋਂਦ ਨੂੰ ਕਾਇਮ ਰੱਖਦੀਆਂ ਹੋਈਆਂ ਇਕੱਲਤਾ ਤੇ ਬੇਗਾਨਗੀ ਵਾਲੀ ਜ਼ਿੰਦਗੀ ਬਤੀਤ ਕਰਦੀਆਂ ਹਨ। ਸੁਖਜੀਤ ਦੀਆਂ ਕਹਾਣੀਆਂ ਆਦਮਖ਼ੋਰ, ਜਲ-ਭਰਮ, ਹਜ਼ਾਰ ਕਹਾਣੀਆਂ ਦਾ ਬਾਪ, ਕਾਮ-ਬਲੀ, ਚੰਦਰੀ, ਹੁਣ ਮੈਂ ਇੰਜੁਆਏ ਕਰਦੀ ਆਂ, ਜੀ ਬੀਬੀ ਜੀ, ਪਾਤਸ਼ਾਹ ਆਦਿ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਇਕੱਲਤਾ ਅਤੇ ਬੇਗਾਨਗੀ ਅਧੀਨ ਵਿਚਰਦੇ ਔਰਤ-ਮਰਦ ਦੀ ਵਿਅਕਤੀਗਤ ਹੋਂਦ ਨੂੰ ਉਭਾਰਦੀਆਂ ਹਨ। ਵੀਨਾ ਵਰਮਾ ਅਤੇ ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਇਕੱਲਤਾ, ਬੇਗਾਨਗੀ, ਜਾਤ, ਗੋਤ ਅਧੀਨ ਵਿਚਰਦੇ ਔਰਤ-ਮਰਦ ਦੀ ਵਿਅਕਤੀਗਤ ਹੋਂਦ ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਕਰਦੇ ਹਨ। ਖ਼ਾਸ ਕਰ ਔਰਤਾਂ ਸਮਾਜ ਦੇ ਡਰੋਂ ਕਈ ਵਾਰ ਸਰੀਰਕ ਸ਼ੋਸ਼ਣ ਤੋਂ ਇਲਾਵਾ ਮਾਨਸਿਕ ਸ਼ੋਸ਼ਣ ਵੀ ਸਹਿੰਦੀਆਂ ਹਨ। ਉਹ ਗੁਲਾਮੀ ਭਰੀ ਤੇ ਭੋਗ ਵਸਤੂ ਵਾਲੀ ਜ਼ਿੰਦਗੀ ਭੋਗਦੀਆਂ ਹਨ। ਜਦੋਂ ਕਿ ਵੱਖਰਤਾਵਾਂ ਦੇ ਪੱਖ ਤੋਂ ਵੀਨਾ ਵਰਮਾ ਪੱਛਮੀ ਮਾਨਸਿਕਤਾ ਵਾਲੀਆਂ ਕਹਾਣੀਆਂ ਪੇਸ਼ ਕਰਦੀ ਹੈ। ਉਸਦੇ ਨਾਇਕਾ, ਨਾਇਕਾਵਾਂ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਇਕੱਲਤਾ, ਬੇਗਾਨਗੀ, ਜਾਤ, ਗੋਤ ਅਧੀਨ ਵਿਚਰਦੇ ਵਿਅਕਤੀਗਤ ਹੋਂਦ ਲਈ ਸਮਾਜ ਦੀ ਪ੍ਰਵਾਹ ਨਾ ਕਰਦੀਆਂ ਹੋਈਆਂ ਚੰਗੇ ਪੱਖ ਤੋਂ ਅਜ਼ਾਦ ਜੀਵਨ ਜਿਉਂਦੀਆਂ ਹਨ।

**(ਅ) ਮਾੜੇ ਪੱਖ:** ਵੀਨਾ ਵਰਮਾ ਦੀਆਂ ਕਹਾਣੀਆਂ 'ਮੁੱਲ ਦੀ ਤੀਵੀਂ' ਅਤੇ 'ਤਈਅਬਾ' ਵਿੱਚ ਵੀ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਔਰਤ ਪ੍ਰਤੀ ਮਰਦ ਦੀ ਸੋਚ ਨੂੰ ਮਾੜੇ ਪੱਖ ਵਜੋਂ ਉਭਾਰਿਆ ਹੈ। ਵੀਨਾ ਵਰਮਾ ਦੀ ਕਹਾਣੀ ਸੰਗ੍ਰਹਿ *ਮੁੱਲ ਦੀ ਤੀਵੀਂ* ਦੀ ਇਸੇ ਸਿਰਲੇਖ ਹੇਠ ਲਿਖੀ ਕਹਾਣੀ ਦੀ ਨਾਇਕਾ ਲੱਛਮੀ, ਖਰੀਦੀ ਹੋਈ ਹੋਣ ਕਰਕੇ ਵੀ ਮੱਘਰ ਸਿੰਘ ਤੇ ਉਸਦੇ ਪਿਉ ਦਾ ਦਿਲ ਜਿੱਤ ਲੈਂਦੀ ਹੈ, ਪਰੰਤੂ ਫਿਰ ਵੀ ਮੱਘਰ ਸਿੰਘ ਉਸਨੂੰ ਅਪਣਾਕੇ ਵੀ ਉਸ ਨੂੰ ਖਰੀਦੀ ਹੋਈ ਵਸਤੂ ਸਮਝਦਾ ਹੈ। ਜਦੋਂ ਕਿ 'ਤਈਅਬਾ' ਘਟੀਆ ਆਦਮੀ ਨਾਲ ਪਿਆਰ ਵਿਆਹ ਕਰਵਾ ਕੇ ਵੈਸ਼ਿਆ ਦੇ ਰੂਪ ਵਿੱਚ ਦੁਖਾਂਤ ਭੋਗਦੀ ਹੈ ਤੇ ਮਰਦ ਨੂੰ ਨਫ਼ਰਤ ਕਰਦੀ ਹੈ।

> ਮਰਦ ਅੱਜ ਵੀ ਉਥੇ ਹੀ ਏ ਜਿੱਥੇ ਹਜ਼ਾਰ ਸਾਲ ਪਹਿਲਾਂ ਸੀ, ਜੰਗਲੀ ਸਿਰਫ਼ ਔਰਤ ਨੂੰ ਨੰਗਾ ਕਰਨ ਦੀ ਖਾਹਿਸ਼। ਫੇਰ ਮੈਂ ਕਿਸ ਗਿਣਤੀ 'ਚ ਆਉਂਦੀ ਸੀ। ਨਾਲੇ ਜਿਸਮਾਨੀ ਨੰਗੇਜ਼ ਹੋਰ ਗੱਲ ਏ ਤੇ ਰੂਹਾਨੀ ਹੋਰ। ਜਿਸਮ ਮੇਰਾ ਛਲਣੀ ਹੋ ਗਿਆ ਏ ਨੰਗੀਆਂ ਨਿਗਾਹਾਂ ਤੋਂ। ਇਹ ਬਦਨਸੀਬ ਮਿੱਟੀ ਪਤਾ ਨਹੀਂ ਕਿੰਨੀ ਵਾਰੀ ਨੰਗੀ ਹੋਈ ਹੈ। ਸੱਚ ਪੁੱਛੋ ਤਾਂ ਨੰਗੀ ਜ਼ਿਆਦਾ ਹੋਈ ਏ ਤੇ ਕੱਪੜੇ ਤਾਂ ਘੱਟ ਹੀ ਨਸੀਬ ਹੋਏ ਨੇ ਗਰੀਬ ਨੂੰ।(177)

ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਇਕੱਲਤਾ, ਬੇਗਾਨਗੀ, ਜਾਤ, ਗੋਤ ਅਧੀਨ ਵਿਚਰਦੇ ਔਰਤ-ਮਰਦ ਦੀ ਵਿਅਕਤੀਗਤ ਹੋਂਦ ਲਈ ਔਰਤ ਪਾਤਰ ਆਪਣੀਆਂ ਸਰੀਰਕ ਲੋੜਾਂ ਦੀ ਪੂਰਤੀ ਲਈ ਆਪਣੇ ਪਤੀ ਦੇ ਨਿਰਭਰਤਾ ਨਹੀਂ ਰੱਖਦੀਆਂ, ਬਲਕਿ ਉਹ ਆਪਣੀ ਆਰਥਿਕਤਾ ਕਰਕੇ ਇੱਕ ਤੋਂ ਜ਼ਿਆਦਾ ਮਰਦਾਂ ਨਾਲ ਸੰਬੰਧ ਕਾਇਮ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੀਆਂ। ਉਹ ਪਤੀ ਦੇ ਸਹਾਰੇ ਨਹੀਂ ਜਿਉਂਦੀਆਂ, ਬਲਕਿ ਆਪਣਾ ਸਹਾਰਾ ਆਪ ਬਣਦੀਆਂ ਹਨ। ਸੱਭਿਆਚਾਰਕ ਸੰਕਟ ਤੇ ਸਮਾਜਿਕ ਰਿਸ਼ਤੇ-ਨਾਤੇ ਦੇ ਪੱਖ ਤੋਂ ਅਜਿਹੀਆਂ ਔਰਤਾਂ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਆਪ ਕਰਦੀਆਂ ਹਨ। ਜਿਵੇਂ ਕਿ ਕਹਾਣੀ 'ਬੰਦ ਬੂਹਾ' ਵਿੱਚਲੀ ਨਾਇਕਾ ਆਪਣੇ ਬੱਚੇ ਨਾਲ ਰਹਿੰਦੀ ਹੋਈ ਵੀ ਦੂਸਰੇ ਮਰਦ ਨਾਲ ਕਾਮ ਸੰਬੰਧ ਕਾਇਮ ਕਰਦੀ ਹੈ, ਪਰੰਤੂ ਜਦੋਂ ਉਸਦਾ ਬੱਚਾ ਜਵਾਨ ਹੋ

ਜਾਂਦਾ ਹੈ ਤਾਂ ਉਹ ਵੀ ਆਪਣੀ ਮਾਂ ਦੀ ਤਰ੍ਹਾਂ ਹੀ ਆਪਣੀ ਦੋਸਤ ਨਾਲ ਕਾਮ ਸੰਬੰਧ ਪੈਦਾ ਕਰਦਾ ਹੈ। ਮਾਂ-ਪੁੱਤਰ ਦੇ ਆਪਣੇ ਵੱਖਰੇ-ਵੱਖਰੇ ਤੌਰ ਤੇ ਸੰਬੰਧ ਹਨ। ਦੋਨੋਂ ਆਪਣੀ ਵੱਖਰੀ-ਵੱਖਰੀ ਤੇ ਅਜ਼ਾਦ ਜ਼ਿੰਦਗੀ ਜਿਉਂਦੇ ਨਜ਼ਰ ਆਉਂਦੇ ਹਨ। 'ਫ਼ਰੰਗੀਆਂ ਦੀ ਨੂੰਹ' ਦੀ ਸ਼ਾਂਤੀ ਵੀ ਆਪਣੇ ਪਤੀ ਦੀਆਂ ਵਧੀਕੀਆਂ ਨੂੰ ਸਹਿਣ ਨਹੀਂ ਕਰਦੀ, ਬਲਕਿ ਉਸ ਤੋਂ ਅਲੱਗ ਹੋਕੇ ਆਪਣੇ ਬੱਚਿਆਂ ਨੂੰ ਸੈੱਟ ਕਰਦੀ ਹੈ। ਉਹ ਆਪ ਵੀ ਆਪਣੇ ਦੋਸਤ ਨਾਲ ਵਿਆਹ ਕਰਵਾ ਕੇ ਖੁਸ਼ ਰਹਿੰਦੀ ਹੈ। 'ਛੋਟੀ ਸਰਦਾਰਨੀ' ਕਹਾਣੀ ਦੀ ਨਾਇਕਾ ਰੁਪਿੰਦਰ ਵੀ ਜਦੋਂ ਕੁੰਵਾਰੀ ਮਾਂ ਬਣਦੀ ਹੈ ਤਾਂ ਉਹ ਆਪਣੇ ਬੱਚੇ ਨੂੰ ਅਬੋਰਸ਼ਨ ਨਹੀਂ ਕਰਵਾਉਂਦੀ, ਸਗੋਂ ਉਸਨੂੰ ਜਨਮ ਦਿੰਦੀ ਹੈ। ਉਹ ਆਪਣੇ ਪਤੀ ਪ੍ਰੇਮੀ ਦੀਆਂ ਵਧੀਕੀਆਂ ਸਹਿਣ ਨਹੀਂ ਕਰਦੀ, ਬਲਕਿ ਆਪਣਾ ਜੀਵਨ ਆਪਣੇ ਬੱਚੇ ਨੂੰ ਸਮਰਪਿਤ ਕਰ ਦਿੰਦੀ ਹੈ। ਉਹ ਬੱਚੇ ਨੂੰ ਪੈਦਾ ਕਰਨ ਦਾ ਹਿਆ ਕਰਕੇ ਸਮਾਜ ਦਾ ਵਿਰੋਧ ਕਰਦੀ ਨਜ਼ਰ ਆਉਂਦੀ ਹੈ ਉਹ ਨਰਿੰਦਰ ਅਧੀਨ ਰਹਿ ਕੇ ਉਸਦੀ ਗੁਲਾਮੀ ਨਹੀਂ ਭੋਗਦੀ, ਸਗੋਂ ਉਸਦਾ ਵਿਰੋਧ ਕਰਦੀ ਹੋਈ ਕਹਿੰਦੀ ਹੈ ਕਿ:

> ਫ਼ਜੂਲ ਮੈਨੂੰ ਡਿਸਟਰਬ ਨਾ ਕਰ, ਤੂੰ ਮੈਨੂੰ ਕੰਜਰੀ ਸਮਝ ਰੱਖਿਆ? ਜੇ ਤੇਰੇ ਤੋਂ ਨਿਭਣੀਆਂ ਨਹੀਂ ਸੀ ਤਾਂ ਲਾਈਆਂ ਕਿਉਂ? ਨਾਲੇ ਅੱਜ ਤੋਂ ਬਾਅਦ ਮੈਨੂੰ ਹੱਥ ਲਾਇਆ ਤਾਂ ਹੱਥ ਤੋੜ ਦੇਵਾਂਗੀ। ਬੱਚੇ ਨੂੰ ਮਿਲ ਤੇ ਜਾ।(70)

ਜਦੋਂ ਕਿ ਵੀਨਾ ਵਰਮਾ ਦੀਆਂ ਨਾਇਕਾਵਾਂ ਜਿਵੇਂ 'ਮਰਿਆ ਚੂਹਾ' ਦੀ ਰਜ਼ੀਆ, 'ਫਰੰਗੀਆਂ ਦੀ ਨੂੰਹ, 'ਤੂੰ ਕੌਣ ਹੈਂ' ਆਦਿ ਕਿਸੇ ਵੀ ਬੰਧਨ ਵਿੱਚ ਬੱਝ ਕੇ ਆਪਣਾ ਜੀਵਨ ਬਰਬਾਦ ਨਹੀਂ ਕਰਦੀਆਂ ਤੇ ਆਤਮ ਨਿਰਭਰਤਾ ਵਾਲੀ ਜ਼ਿੰਦਗੀ ਜਿਉਂਦੀਆ ਹਨ। ਸਮਾਜ ਵਿੱਚ ਔਰਤ ਮਰਦ ਵਿੱਚ ਭੇਦਭਾਵ ਕਰਕੇ ਪੈਦਾ ਹੋਈ ਗੁਲਾਮੀ ਨੂੰ ਇੱਕ ਔਰਤ ਹੀ ਭੋਗਦੀ ਹੈ। ਉਹ ਜਨਮ ਤੋਂ ਲੈ ਕੇ ਮਰਨ ਤੱਕ ਸਮਾਜਿਕ ਦਾਇਰੇ ਵਿੱਚ ਰਹਿੰਦੀ ਹੋਈ ਦੁੱਖ ਭੋਗਦੀ ਹੈ। ਵੀਨਾ ਵਰਮਾ ਅਤੇ ਸੁਖਜੀਤ ਦੀਆਂ ਕਹਾਣੀਆਂ ਵੀ ਇਸ ਸੋਚ ਨੂੰ ਪ੍ਰਗਟ ਕਰਦੀਆਂ ਹਨ। ਇਸ ਪੱਖ ਤੋਂ ਅਸੀਂ ਵੀਨਾ ਵਰਮਾ ਦੀਆ ਕਹਾਣੀਆਂ 'ਇੱਕ ਸੀ ਮੈਂ ਅਤੇ 'ਚੁੱਪ ਕੀਤੀ' ਵਿੱਚ ਦੇਖ ਸਕਦੇ ਹਾਂ। ਇਹ ਅਜਿਹੀਆਂ ਕਹਾਣੀਆਂ ਹਨ ਜਿਸ ਵਿੱਚ ਔਰਤ ਨੂੰ ਇਹ ਸਿੱਖਿਆ ਦਿੱਤੀ ਜਾਂਦੀ ਹੈ ਆਪਣੀ ਮਨਮਰਜ਼ੀ ਨਹੀਂ

ਕਰ ਸਕਦੀਆਂ, ਸਗੋਂ ਸਮਾਜ ਦੀ ਪਰਵਾਹ ਕਰਦੀਆਂ ਹੋਈਆਂ ਆਪਣੀ ਸਾਰੀ ਜ਼ਿੰਦਗੀ ਮਾੜੇ ਪੱਖ ਤੋਂ ਦੁੱਖ ਭੋਗਦੀਆਂ ਹਨ।

ਸੰਖੇਪ ਰੂਪ ਵਿੱਚ ਇਹ ਕਹਿ ਸਕਦੇ ਹਾਂ ਕਿ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਇਕੱਲਤਾ, ਬੇਗਾਨਗੀ, ਜਾਤ, ਗੋਤ ਅਧੀਨ ਵਿਚਰਦੇ ਔਰਤ-ਮਰਦ ਦੀ ਵਿਅਕਤੀਗਤ ਹੋਂਦ ਦੇ ਚੰਗੇ ਤੇ ਮਾੜੇ ਪੱਖ ਸਮਾਨਤਾਵਾਂ ਤੇ ਵੱਖਰਤਾਵਾਂ ਵਜੋਂ ਸਪੱਸ਼ਟ ਰੂਪ ਵਿੱਚ ਉੱਭਰਕੇ ਸਾਹਮਣੇ ਆਏ ਹਨ, ਜਿੰਨ੍ਹਾਂ ਨੂੰ ਡੂੰਘੀ ਦ੍ਰਿਸ਼ਟੀ ਤੋਂ ਘੋਖਿਆ, ਵਿਚਾਰਿਆ ਅਤੇ ਜਾਣਿਆ ਹੈ।

**5.5. ਸਮਾਜਿਕ, ਧਾਰਮਿਕ, ਰਾਜਨੀਤਿਕ, ਆਰਥਿਕ ਤੇ ਮਨੋਵਿਗਿਆਨਿਕ ਪੱਖ ਤੋਂ ਔਰਤ-ਮਰਦ ਦੀ ਸ਼ਖ਼ਸੀਅਤ ਦਾ ਵਿਖੰਡਨ:** ਵਰਤਮਾਨ ਸਮੇਂ ਔਰਤ-ਮਰਦ ਸੰਬੰਧਾਂ ਦੀ ਸਮਾਜਿਕ, ਧਾਰਮਿਕ, ਰਾਜਨੀਤਿਕ, ਆਰਥਿਕ ਤੇ ਮਨੋਵਿਗਿਆਨਿਕ ਪੱਖ ਤੋਂ ਵਿਖੰਡਤ ਸਥਿਤੀ-ਪ੍ਰਸਥਿਤੀ ਉੱਭਰਦੀ ਹੈ। ਉਹਨਾਂ ਕੋਲ ਸ਼ਖ਼ਸੀਅਤ ਦਾ ਕੋਈ ਸੰਪੂਰਨ ਬਿੰਬ ਨਹੀਂ ਬਣ ਰਿਹਾ। ਇੱਕ ਸਮੇਂ ਉਹਨਾਂ ਨੂੰ ਕੋਈ ਗੱਲ ਚੰਗੀ ਲੱਗਦੀ ਹੈ, ਦੂਜੇ ਸਮੇਂ ਉਹੀ ਗੱਲ ਉਹਨਾਂ ਲਈ ਮਾੜੀ ਹੋ ਜਾਂਦੀ ਹੈ, ਇਸ ਕਾਰਨ ਔਰਤ-ਮਰਦ ਦੀ ਸ਼ਖ਼ਸੀਅਤ ਦਾ ਸਮਾਜਿਕ, ਧਾਰਮਿਕ, ਰਾਜਨੀਤਿਕ, ਆਰਥਿਕ ਤੇ ਮਨੋਵਿਗਿਆਨਿਕ ਪੱਖ ਤੋਂ ਵਿਖੰਡਣ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਇਸ ਦੇ ਫਲਸਰੂਪ ਸੰਸਕ੍ਰਿਤੀ ਅਤੇ ਜੀਵਨ ਸ਼ੈਲੀ ਦਾ ਵਿਖੰਡਣ ਸ਼ੁਰੂ ਹੋ ਜਾਂਦਾ ਹੈ। ਅਜਿਹੀਆਂ ਵਿਖੰਡਿਤ ਸਥਿਤੀਆਂ-ਪ੍ਰਸਥਿਤੀਆਂ ਵਿੱਚ ਜਿਉਂਦੇ ਔਰਤ-ਮਰਦ ਦੀ ਸ਼ਖ਼ਸੀਅਤ ਦੀ ਦਾਸਤਾਨ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਹੋਈ ਸਪੱਸ਼ਟ ਮਿਲਦੀ ਹੈ। ਸੁਖਜੀਤ ਦੀਆਂ ਕਹਾਣੀਆਂ 'ਆਦਮਖ਼ੋਰ', 'ਹੁਣ ਮੈ ਇੰਜੁਆਏ ਕਰਦੀ ਆਂ' ਅਤੇ 'ਪਾਤਸ਼ਾਹ', ਨੌਂ ਯੁੱਗ, ਕਾਮ-ਬਲੀ ਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਦੂਜੀ ਨਾ ਤੀਜੀ, 'ਛੋਟੀ ਸਰਦਾਰਨੀ' ਅਤੇ 'ਹੋਰ ਉੱਪਰ' ਆਦਿ ਵਿੱਚ ਔਰਤ-ਮਰਦ ਸੰਬੰਧ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ, ਸਮਾਜਿਕ, ਰਾਜਨੀਤਿਕ, ਆਰਥਿਕ ਤੇ ਮਨੋਵਿਗਿਆਨ ਯਥਾਰਥ ਤੋਂ ਸਮਾਨਤਾਵਾਂ ਤੇ ਵੱਖਰਤਾਵਾਂ ਦਾ ਉਭਾਰ ਸਪੱਸ਼ਟ ਦਿਖਾਈ ਦਿੰਦਾ ਹੈ। ਸੁਖਜੀਤ ਤੇ ਵੀਨਾ

ਵਰਮਾ ਦੀਆਂ ਕਹਾਣੀਆਂ ਵਿਚੋਂ ਔਰਤ-ਮਰਦ ਸੰਬੰਧ ਦੀਆਂ ਵਿਭਿੰਨ ਪਰਤਾਂ ਅਤੇ ਕਾਮ ਦੀਆਂ ਤ੍ਰਿਪਤ-ਅਤ੍ਰਿਪਤ ਇੱਛਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਜਿੰਨ੍ਹਾਂ ਨੂੰ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਸਮਾਜਿਕ, ਧਾਰਮਿਕ, ਰਾਜਨੀਤਿਕ, ਆਰਥਿਕ ਤੇ ਮਨੋਵਿਗਿਆਨਿਕ ਪੱਖ ਵਜੋਂ ਔਰਤ-ਮਰਦ ਦੀ ਸ਼ਖ਼ਸੀਅਤ ਦੇ ਵਿਖੰਡਨ ਰੂਪ ਤੋਂ ਸਮਾਨਤਾਵਾਂ ਤੇ ਵੱਖਰਤਾਵਾਂ ਦੇ ਚੰਗੇ ਤੇ ਮਾੜੇ ਪੱਖ ਵਜੋਂ ਵਿਚਾਰਿਆ ਜਾਵੇਗਾ:

**(ੳ) ਚੰਗੇ ਪੱਖ:** ਜਿੱਥੇ ਵੀਨਾ ਵਰਮਾ, *ਫਰੰਗੀਆਂ ਦੀ ਨੂੰਹ* ਪੁਸਤਕ ਦੀ ਕਹਾਣੀ 'ਗੋਲੇ ਕਬੂਤਰ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਰਣਜੀਤ ਸਿੰਘ ਗੈਰ ਕਾਨੂੰਨੀ ਹੋਣ ਕਾਰਨ ਪਤਨੀ ਦੇ ਜ਼ੁਲਮ ਦਾ ਸ਼ਿਕਾਰ ਹੁੰਦਾ ਹੈ। ਆਪਣੇ ਵਿਆਹ ਦਾ ਸਾਰਾ ਖ਼ਰਚਾ ਆਪ ਕਰਨ, ਘਰ ਦੀਆਂ ਕਿਸ਼ਤਾਂ ਦੇਣ ਤੇ ਘਰੇਲੂ ਖ਼ਰਚ ਕਰਨ ਤੋਂ ਬਾਅਦ ਵੀ ਉਸਦੀ ਬਦਚਲਨ ਪਤਨੀ ਉਸਨੂੰ ਘਰੋਂ ਕੱਢਣ ਦੀ ਧਮਕੀ ਦਿੰਦੀ ਹੈ। ਜਦੋਂ ਰਣਜੀਤ ਆਪਣੀ ਸੱਸ ਕੋਲ ਬਰਤਾਨਵੀ ਸਮਾਜ ਵਿੱਚ ਵਿਆਹ ਦੀ ਹੋਂਦ ਦੇ ਚੰਗੇ ਪੱਖ ਬਾਰੇ ਸੁਣਦਾ ਹੈ ਤਾਂ ਹੈਰਾਨ ਰਹਿ ਜਾਂਦਾ ਹੈ, ਜਦ ਉਹ ਕਹਿੰਦੀ ਹੈ ਕਿ:

> ਕਿਹੜੇ ਏਸ਼ੀਅਨ ਸਮਾਜ ਦੀ ਗੱਲ ਕਰਦੈ ਤੂੰ ਜਿੱਥੇ ਸਵੇਰੇ ਵਿਆਹ ਤੇ ਸ਼ਾਮ ਨੂੰ ਤਲਾਕ ਹੋ ਜਾਂਦੇ ਨੇ? ਜਿੱਥੇ ਵਿਆਹ ਸੌਦੇ ਬਣਕੇ ਰਹਿ ਗਏ ਤੇ ਗਰੀਬ ਦੀ ਦਾਜ ਵਿਹੂਣੀ ਧੀ ਸਾਰੀ ਉਮਰ ਕੁਆਰੀ ਬੈਠੀ ਰਹਿੰਦੀ ਐ? ਜਿੱਥੇ ਪਾਸਪੋਰਟਾਂ 'ਤੇ ਸਟੈਂਪ ਲਗਵਾਉਣ ਲਈ ਲੋਕ ਆਪਣੀਆਂ ਸਕੀਆਂ ਭੈਣ ਨਾਲ ਵਿਆਹ ਕਰਵਾ ਲੈਂਦੇ ਨੇ ਜਾਂ ਸ਼ਾਮ ਨੂੰ ਸ਼ਰਾਬੀ ਬੰਦੇ ਘਰ ਜਾ ਕੇ ਆਪਣੀਆਂ ਤੀਮੀਆਂ ਨੂੰ ਕੁੱਟਦੇ ਨੇ? ਜੇ ਤੂੰ ਏਥੇ ਰਹਿਣਾ ਤਾਂ ਤੈਨੂੰ ਐਥੋਂ ਦੇ ਹਿਸਾਬ ਨਾਲ ਚਲਣਾ ਪਊ।(243)

ਇਹ ਸੱਸ ਵੱਲੋਂ ਕਹੇ ਸ਼ਬਦ ਤਾਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਯਥਾਰਥਕ ਰੂਪ ਬਾਰੇ ਉਸਨੂੰ ਬਰਤਾਨਵੀ ਸਮਾਜ ਵਿੱਚ ਖੋਖਲੇ ਵਿਆਹ ਪ੍ਰਬੰਧ ਦਾ ਪਤਾ ਲੱਗਦਾ ਹੈ ਕਿ ਕਿਵੇਂ ਲੋਕ ਪੱਕੇ ਹੋਣ ਲਈ ਸਕੀਆਂ ਭੈਣਾਂ ਨਾਲ ਵਿਆਹ ਕਰਵਾਉਣ ਦਾ ਵੀ ਕੁਕਰਮ ਕਰ ਜਾਂਦੇ ਹਨ। ਇਸ ਤੋਂ ਇਲਾਵਾ ਸੁਖਜੀਤ ਦੀ ਕਹਾਣੀ 'ਜੀ ਬੀਬੀ ਜੀ' ਅਤੇ ਵੀਨਾ ਵਰਮਾ ਦੀ ਕਹਾਣੀ 'ਲਿੱਬੜੀ ਹੋਈ ਚਾਦਰ' ਸੱਭਿਆਚਾਰਕ ਰੂਪਾਂਤਰਨ

ਦੇ ਸਮਾਜਿਕ ਪੱਖ ਤੋਂ ਯਥਾਰਥਕ ਰੂਪ ਦੁਆਰਾ ਮਰਦ ਪ੍ਰਧਾਨ ਸਮਾਜ ਵਿੱਚਲੀ ਸੋਚ ਸਮਝ ਕਾਰਨ ਵਿਆਹੁਤਾ ਜੀਵਨ ਵਿੱਚਲੇ ਪਤੀ-ਪਤਨੀ ਦੇ ਆਪਸੀ ਤਕਰਾਰ ਅਤੇ ਅਣਜੋੜ ਵਿਆਹ ਸਮੱਸਿਆ ਨੂੰ ਸ਼ਬਦੀ ਜਾਮਾ ਪਹਿਨਾਉਂਦੀਆਂ ਹਨ। ਜਿਵੇਂ ਕਿ ਸੁਖਜੀਤ 'ਜੀ ਬੀਬੀ ਜੀ' ਕਹਾਣੀ ਵਿੱਚਲੀ ਮੁੱਖ ਕਿਰਦਾਰ ਸਿਮਰਨ ਨੂੰ ਮਰਦ ਪ੍ਰਧਾਨ ਸਮਾਜ ਦੇ ਅੰਤਰਗਤ ਅਧੀਨਗੀ ਵਜੋਂ ਪੇਸ਼ ਕਰਦੀ ਹੈ। ਸਿਮਰਨ ਜਨਮ ਤੋਂ ਜਵਾਨੀ ਤਕ ਤੈਅ ਕੀਤੀ ਗਈ ਜੀਵਨ ਯਾਤਰਾ ਮਰਦ ਪ੍ਰਧਾਨ ਸਮਾਜ ਵਿੱਚਲੇ ਲਿੰਗ ਆਧਾਰਿਤ ਵਿਤਕਰੇ ਨੂੰ ਅਧੀਨਗੀ ਵਜੋਂ ਸਵੀਕਾਰ ਕਰਦੀ ਆ ਰਹੀ ਹੈ। ਵੀਨਾ ਵਰਮਾ ਦੀ ਕਹਾਣੀ "ਲਿੱਬੜੀ ਹੋਈ ਚਾਦਰ'' ਵਿੱਚ ਸੁਜਾਤਾ ਅਤੇ ਸੰਜੀਵ ਨਾਮ ਦੇ ਪਿਸਦੇ ਜੋੜੇ ਦੀ ਕਹਾਣੀ ਹੈ, ਜਿਹੜੇ ਵਿਆਹ ਰਾਹੀਂ ਇਕੱਠੇ ਹੋਏ ਹਨ, ਪਰ ਅਣਜੋੜ ਵਿਆਹ ਕਾਰਨ ਦੋਹਾਂ ਦੇ ਦਿਲਾਂ ਵਿੱਚ ਇੱਕ ਦੂਜੇ ਲਈ ਕੋਈ ਜਗ੍ਹਾ ਨਹੀਂ, ਕਿਉਂਕਿ ਸੁਜਾਤਾ ਅਤੇ ਸੰਜੀਵ ਦੋਵੇਂ ਵੱਖਰੇ-ਵੱਖਰੇ ਸਮਾਜਿਕ ਸਿਸਟਮ ਦੀ ਪੈਦਾਇਸ਼ ਹਨ। ਦੋਵੇਂ ਵਿਆਹੁਤਾ-ਰਿਸ਼ਤੇ ਵਿੱਚ ਫਿੱਟ ਨਹੀਂ, ਮਾਪਿਆਂ ਦੀ ਗਲਤੀ ਕਾਰਨ ਦੋਹਾਂ ਦਾ ਵਿਆਹ ਤਾਂ ਹੋ ਜਾਂਦਾ ਹੈ, ਪਰ ਸੰਜੀਵ ਜਿਹੜੀ ਸੁਜਾਤਾ ਦੀ ਪ੍ਰਵਾਹ ਨਹੀਂ ਕਰਦਾ। ਉਸ ਦਾ  ਪ੍ਰਮਾਣਿਕ ਰੂਪ ਮਰਦ ਪ੍ਰਧਾਨ ਪ੍ਰਵਿਰਤੀ ਵਾਲੇ ਸਮਾਜ ਤੋਂ ਮਿਲਦਾ ਹੈ, ਜਿਵੇਂ ਕਿ ਖੁੱਲਾਂ ਮਾਣਦਾ ਹੋਇਆ ਅਤੇ ਬਾਹਰ ਦੂਸਰੀਆਂ ਔਰਤਾਂ ਨਾਲ ਤੁਰਿਆ ਫਿਰਦਾ ਮਰਦ।  ਸੁਜਾਤਾ ਨਾਲ ਉਸਦਾ ਵਿਆਹ ਕੋਈ ਖ਼ਾਸ ਮਾਅਨੇ ਨਹੀਂ ਰੱਖਦਾ। ਸੁਜਾਤਾ ਆਪਣੇ ਮਾਪਿਆਂ ਦੁਆਰਾ ਕੀਤੀ ਇਸ ਗਲਤੀ ਨੂੰ ਕੋਸਦੀ ਹੋਈ ਆਪਣੀ ਵਿਆਹੁਤਾ ਜ਼ਿੰਦਗੀ ਤੋਂ ਬਹੁਤ ਨਿਰਾਸ਼ ਪ੍ਰਤੀਤ ਹੁੰਦੀ ਹੈ। ਸੁਜਾਤਾ ਨੂੰ ਆਪਣੇ ਪਤੀ ਦੀਆਂ ਆਪ ਮੁਹਾਰੀਆਂ ਕਾਰਨ ਇਕੱਲਤਾ ਮਹਿਸੂਸ ਹੁੰਦੀ ਹੈ। ਉਹ ਆਪਣੇ ਤਾਲੁਕਾਤ ਆਪਣੇ ਆਫਿਸ ਦੇ ਮੈਨੇਜਰ ਨਾਲ ਬਣਾ ਲੈਂਦੀ ਹੈ। ਉਹ ਵੀ ਉਸਨੂੰ ਵਰਤਣ ਤੱਕ ਹੀ ਸੀਮਤ ਰੱਖਦਾ ਹੈ। ਉਹ ਇੱਕ ਸ਼ਾਦੀ-ਸ਼ੁਦਾ ਮਰਦ ਹੈ ਜੋ ਆਪਣੀ ਬੀਵੀ ਨੂੰ ਵੀ ਬਰਾਬਰ ਦਾ ਹਿੱਸਾ ਦੇ ਰਿਹਾ ਹੈ ਅਤੇ ਸੁਜਾਤਾ ਨੂੰ ਵੀ। ਉਹ ਉਸਨੂੰ ਬੇ-ਪਨਾਹ ਮੁਹੱਬਤ ਕਰਨ ਦਾ ਨਾਟਕ ਕਰਦਾ ਹੈ। ਸੁਜਾਤਾ ਕਾਮ ਵਾਸਨਾ ਹਿੱਤ ਉਸ ਵੱਲ ਖਿੱਚੀ ਜਾਂਦੀ ਹੈ ਅਤੇ ਉਹ ਜਦ ਵੀ ਮੌਕਾ ਮਿਲਦਾ ਹੈ ਉਸ ਨਾਲ ਸਰੀਰਕ ਸੰਬੰਧ ਕਾਇਮ ਕਰਦੀ ਹੈ। ਕਾਮ ਵਾਸਨਾ ਵਿੱਚ ਭਟਕੀ ਜਦ ਇੱਕ ਦਿਨ ਉਸਦੇ ਘਰ ਜਾਂਦੀ ਹੈ, ਤਾਂ ਮਿਲਣ ਤੋਂ ਬਾਅਦ ਉਹ ਉਸਨੂੰ ਜਲਦੀ ਜਾਣ ਲਈ

ਕਹਿੰਦਾ ਹੈ ਕਿ ਉਸਦੀ ਪਤਨੀ ਨਾ ਆ ਜਾਵੇ। ਜਦੋਂ ਸੁਜਾਤਾ ਜਾਣ ਲੱਗਦੀ ਹੈ ਤਾਂ ਸਹਿਵਾਸ ਸਮੇਂ ਵਰਤੀ ਗਈ ਬੈੱਡ ਸ਼ੀਟ ਵੀ ਉਹ ਉਸਨੂੰ ਲਿਜਾਣ ਲਈ ਲਿਫਾਫੇ ਵਿੱਚ ਪਾ ਕੇ ਦਿੰਦਾ ਹੈ। ਇਸ ਸਮੇਂ ਸੁਜਾਤਾ ਨੂੰ ਆਪਣੀ ਅਹਿਮੀਅਤ ਦਾ ਅਹਿਸਾਸ ਹੁੰਦਾ ਹੈ ਕਿ ਉਹ ਕੀ ਹੈ। ਇਸ ਤਰ੍ਹਾਂ ਸੁਖਜੀਤ ਦੀ ਕਹਾਣੀ 'ਜੀ ਬੀਬੀ ਜੀ' ਅਤੇ ਵੀਨਾ ਵਰਮਾ ਦੀ ਕਹਾਣੀ 'ਲਿੱਬੜੀ ਹੋਈ ਚਾਦਰ' ਪਤੀ-ਪਤਨੀ ਰਿਸ਼ਤੇ-ਨਾਤੇ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਸਮਾਨਤਾਵਾਂ ਵਜੋਂ ਸਮੱਸਿਆਮੂਲਕ ਪ੍ਰਵਿਰਤੀ ਰਾਹੀਂ ਯਥਾਰਥ ਰੂਪ ਨੂੰ ਬਿਆਨ ਕਰਦੀਆਂ ਹਨ, ਪਰੰਤੂ ਕਹਾਣੀਕਾਰ ਚੰਗੇ ਪੱਖ ਤੋਂ ਅਸਲੀਅਤ ਨੂੰ ਉਭਾਰਦੇ ਹਨ। ਜਿਵੇਂ ਕਿ ਇੱਥੇ ਸੁਖਜੀਤ ਦੇ ਕਹਾਣੀ ਸੰਗ੍ਰਹਿ *ਹੁਣ ਮੈਂ ਇੰਜੁਆਏ ਕਰਦੀ ਆਂ* ਦੀ ਕਹਾਣੀ ਜੀ ਬੀਬੀ ਜੀ ਵਿੱਚ ਦਰਸਾਇਆ ਹੈ ਕਿ:

> ਉਹ ਬੁੜਬੜਾਉਂਦੀ ਸਾਨੂੰ ਕਾਹਨੂੰ ਜੰਮਣਾ ਸੀ ਮਾਂ। ਜਾਂ ਔਰਤ ਕਿਉਂ ਬਣਾਈ ਰੱਬਾ। ਫਿਰ ਇਹ ਬੜਬੁੜਾਉਣਾ ਗੁਣਗਾਉਣ 'ਚ ਬਦਲਿਆ ਕਣਕਾਂ ਲੰਮੀਆਂ ਧੀਆਂ ਕਿਉਂ ਜੰਮੀਆਂ।(79)

ਵੀਨਾ ਵਰਮਾ ਦੀਆਂ ਕਹਾਣੀਆਂ ਸਬੰਧੀ ਬੰਧਨਾ ਰਾਣੀ ਆਪਣੀ ਕਿਤਾਬ ਵੀਨਾ *ਵਰਮਾ ਦੀ ਕਥਾਕਾਰੀ* ਵਿੱਚ ਲਿਖਦੀ ਹੈ ਕਿ:

> ਮੇਰੀਆਂ ਕਹਾਣੀਆਂ ਯਥਾਰਥ ਤੋਂ ਪੈਦਾ ਹੋਈਆਂ ਹਨ। ਮੇਰੀਆਂ ਕਹਾਣੀਆਂ ਦੀਆਂ ਔਰਤਾਂ ਮੈਨੂੰ ਅਵਾਜ ਮਾਰਦੀਆਂ ਹਨ, ਵੀਨਾ ਮੈਨੂੰ ਲਿਖ।(28,29)
>
> ਮਰਦ ਤਾਂ ਸਾਡੇ ਸਮਾਜ ਵਿੱਚ ਆਪਣੇ ਮਨਪਚਾਵੇ ਲਈ ਜਾਂ ਆਪਣੀਆਂ ਭਾਵਨਾਵਾਂ ਦੀ ਤ੍ਰਿਪਤੀ ਲਈ ਸਭ ਕੁਝ ਕਰ ਸਕਦਾ ਹੈ ਪਰ ਨਾਰੀ ਨੂੰ ਉਸਨੇ ਕਦੇ ਖੁੱਲ ਨਹੀਂ ਦਿੱਤੀ।(43)

**(ਅ) ਮਾੜੇ ਪੱਖ:** ਉਦਾਹਰਨ ਵਜੋਂ ਜਿੱਥੇ ਵੀਨਾ ਵਰਮਾ ਦੀ ਕਹਾਣੀ 'ਸ਼ੂਗਰ ਡੈਡੀ' ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਸਮਾਜਿਕ ਰੂਪ ਤੋਂ ਔਰਤ-ਮਰਦ ਸੰਬੰਧਾਂ ਵਿੱਚਲੇ ਮਾੜੇ ਪੱਖ ਨੂੰ ਬਿਆਨ ਕੀਤਾ ਗਿਆ ਹੈ। ਜਿਵੇਂ ਕਿ ਕਹਾਣੀ ਵਿੱਚ ਜਦੋਂ ਪਾਤਰ ਕਿਸ਼ੋਰੀ ਲਾਲ ਆਪਣੀ ਪਤਨੀ ਨਾਲ ਦੁਰ-ਵਿਹਾਰ ਕਰਦਾ ਬੁਰਾ ਭਲਾ ਬੋਲਦਾ ਹੈ। ਹੋਰਨਾਂ ਔਰਤਾਂ ਨਾਲ ਸਰੀਰਕ ਸੰਬੰਧ ਹੋਣ ਦੇ

ਬਾਵਜੂਦ ਵੀ ਕਿਸ਼ੋਰੀ ਲਾਲ ਆਪਣੀ ਪਤਨੀ ਸ਼ਕੁੰਤਲਾ ਨੂੰ ਗਲਤ ਕਹਿੰਦਾ ਹੋਇਆ ਗਾਲ੍ਹਾਂ ਕੱਢਦਾ ਬੁਰਾ ਭਲਾ ਬੋਲਦਾ ਹੈ, ਉੱਥੇ ਸੁਖਜੀਤ ਦੀ ਕਹਾਣੀ 'ਚੰਦਰੀ' ਵਿੱਚਲੀ ਔਰਤ ਪਾਤਰ ਹੱਦ ਦਰਜੇ ਦੀ ਜ਼ਿੱਦੀ ਤੇ ਮੂੰਹ ਫੱਟ ਚੰਦਰੀ ਵੀ ਸਵੈ ਸੁਰੱਖਿਆ ਦੇ ਕਾਬਲ ਹੈ। 'ਕਾਮਬਲੀ' ਕਹਾਣੀ ਵਿੱਚਲੀ ਭੈਰਵੀ ਜੇਤੂ ਵਜੋਂ ਉੱਭਰ ਰਹੀ ਹੈ। ਉਹ ਓਮੀ ਦੇ ਹੱਠ ਨੂੰ ਬੜੀ ਸਹਿਜਤਾ ਨਾਲ ਤੋੜ੍ਹਦੀ ਹੈ। 'ਹੁਣ ਮੈ ਇੰਜੁਆਏ ਕਰਦੀ ਆਂ' ਵਿੱਚਲੀ ਨਿੱਕੀ ਬੀਬੀ ਸੈਹਬਾ ਸੈਹਬ ਜੀਆਂ ਵਾਂਗਰ ਹੀ ਉਹਨੀ ਹੀ ਬੇਸ਼ਰਮੀ ਅਤੇ ਬੇਬਾਕੀ ਨਾਲ ਗਾਲ੍ਹਾਂ ਦੀ ਵਰਤੋਂ ਕਰਦੀ ਕਹਿੰਦੀ ਹੈ। ਸੋ, ਸੁਖਜੀਤ ਤੇ ਵੀਨਾ ਵਰਮਾ ਨੇ ਇਹਨਾਂ ਪਾਤਰਾਂ ਦੇ ਮਾੜੇ ਪੱਖ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਵਜੋਂ ਸਮਾਨਤਾਵਾਂ ਤੋਂ ਬਿਆਨ ਕਰਦੇ ਹਨ। ਜਿਵੇਂ ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ ਇੱਕ ਇਕੱਲੀ ਕੁੜੀ ਦੀ ਕਹਾਣੀ ਸ਼ੂਗਰ ਡੈਡੀ 'ਚ ਸ਼ਪਸ਼ਟ ਹੁੰਦਾ ਹੈ ਕਿ:

> ਸਾਲੀਏ, ਤੂੰ ਪਤਾ ਨ੍ਹੀਂ ਕਿਹਦੇ ਕਿਹਦੇ ਨਾਲ ਖੇਹ ਖਾ ਕੇ ਆਨੀ ਐਂ ਰੋਜ਼। ਮੇਰੇ ਪਿਉ ਨਾਲ ਫਸੀ ਹੋਈ ਸੀ ਤੂੰ। ਆਪਣੇ ਜੀਜੇ ਨਾਲ ਇਸ਼ਕ ਚੱਲਦੈ ਤੇਰਾ। ਤੇਰਾ ਗੋਰਾ ਬੌਸ ਮਾਈਕਲ ਰੋਜ਼ ਤੈਨੂੰ ਘਰ ਛੱਡਣ ਆਂਦੈ ਆਪਣੀ ਕਾਰ 'ਚ ਬਿਠਾ ਕੇ। ਤੇਰੇ ਭਾਣੇ ਮੈਨੂੰ ਕੁਛ ਪਤਾ ਨਹੀਂ ? ਮੈਂ ਸੋਚਦਾਂ ਮੈਂ ਕੀ ਲੈਣੈ। ਤੂੰ ਆਪਣੀ ਲਾਇਫ ਇਨਜੌਏ ਕਰ। ਮੈਨੂੰ ਮੇਰੀ ਕਰਨ ਦੇ। ਮੈਂ ਰੋਕਿਆ ਕਦੇ ਤੈਨੂੰ ? ਜਿੱਥੇ ਮਰਜ਼ੀ ਜਾ। ਫਿਰ ਮੈਨੂੰ ਕਿਉਂ ਰੋਕਦੀ ਐਂ ਤੂੰ...? ਹੂ ਆਰ ਯੂ ਟੂ ਕੰਟਰੋਲ ਮਾਈ ਲਾਈਫ ? ਇਫ ਯੂ ਆਰ ਨੋਟ ਹੈਪੀ ਵਿਦ ਮੀ ਯੂ ਕੈਨ ਡਿਵੋਰਸ ਮੀ।" ਕਿਸ਼ੋਰੀ ਲਾਲ ਦਾ ਇਕੋ ਜਵਾਬ ਹੁੰਦਾ। ਸਾਲੀਏ, ਤੂੰ ਮੇਰਾ ਪਿੱਛਾ ਕਰਦੀ ਐਂ ? ਮੈਂ ਤਾਂ ਐਥੇ ਕੰਮ ਆਇਆ ਸੀ। ਤੈਨੂੰ ਯਕੀਨ ਨਹੀਂ ਮੇਰੇ 'ਤੇ ? ਲੋਕਾਂ 'ਤੇ ਵਿਸ਼ਵਾਸ ਕਰਦੀ ਐ ਤੂੰ ? ਕਿਹੋ ਜ੍ਹੀ ਪਤਨੀ ਐ ਤੂੰ?" ਉਹ ਉਸ ਨੂੰ ਗਲਤ ਸਿੱਧ ਕਰ ਦਿੰਦਾ! ਤੇ ਉਹ ਵਿਚਾਰੀ ਕਲੇਸ਼ ਤੋਂ ਡਰਦੀ ਮਾਰੀ ਚੁੱਪ ਕਰ ਜਾਂਦੀ।(68,69)

ਇਸੇ ਤਰ੍ਹਾਂ ਸੁਖਜੀਤ ਦੇ ਕਹਾਣੀ ਸੰਗ੍ਰਹਿ *ਹੁਣ ਮੈਂ ਇੰਜੁਆਇ ਕਰਦੀ ਆਂ* ਦੀ ਕਹਾਣੀ ਹੁਣ ਮੈਂ ਇੰਜੁਆਇ ਕਰਦੀ ਆਂ ਵੀ ਉਪਰੋਕਤ ਗੱਲ ਦੀ ਗਵਾਹੀ ਭਰਦੀ ਹੈ ਜਿਵੇਂ:

> ਲੋਕ ਮੇਰੇ ਪ੍ਰਵਚਨ ਓਨੀ ਹੀ ਸ਼ਰਧਾ ਨਾਲ ਸ੍ਰਵਣ ਕਰਦੇ ਨੇ, ਜਿੰਨੀ ਸ਼ਰਧਾ ਨਾਲ ਮੇਰੀਆਂ ਗਾਲ੍ਹਾਂ।

ਮੈਂ ਗਾਲ੍ਹਾਂ ਵੀ ਚੁਣ ਚੁਣਕੇ ਕੱਢਦੀਆਂ, ਮੋਟੀਆਂ, ਚੋਂਦੀਆਂ ਚੋਂਦੀਆਂ, ਸੱਚ ਦੱਸਾਂ, ਜਦੋਂ ਕਿਸੇ ਮੂੰਹ-ਜ਼ੋਰ ਮਰਦ ਨੂੰ ਮੂੰਹ ਭਰ ਕੇ ਗਾਲ੍ਹਾਂ ਕੱਢਦੀਆਂ, ਪੂਰੀ ਗੰਦੀ ਗਾਲ੍ਹਾਂ ਤਾਂ ਸੁਆਦ ਆ ਜਾਂਦੈ। ਲੱਗਦੈ, ਕਿ ਸਦੀਆਂ ਤੋਂ ਔਰਤ ਨੂੰ ਲੱਗੀਆਂ ਬੇੜੀਆਂ, ਇੱਕ ਇੱਕ ਕਰਕੇ ਟੁੱਟ ਰਹੀਆਂ ਹੋਣ।(69)

ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਅਪਰਾਧੀਕਰਨ, ਮਰਦ ਵੱਲੋਂ ਔਰਤ ਉੱਪਰ ਕੀਤੇ ਜਾ ਰਹੇ ਜ਼ਬਰ-ਜ਼ੁਲਮ ਆਦਿ ਦੇ ਮਸਲਿਆਂ ਨੂੰ ਸਮਾਨਤਾਵਾਂ ਤੋਂ ਮਾੜੇ ਪੱਖ ਨੂੰ ਉਭਾਰਦੀਆਂ ਹਨ। ਵੀਨਾ ਵਰਮਾ ਦੀ ਕਹਾਣੀ 'ਫਰੰਗੀਆਂ ਦੀ ਨੂੰਹ' ਵਿੱਚ ਸ਼ਾਂਤੀ ਆਪਣੇ ਪਤੀ ਨੂੰ ਪਤਨੀ ਉਪਰ ਜ਼ੁਲਮ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰਵਾ ਦਿੰਦੀ ਹੈ ਤਾਂ ਸ਼ਾਂਤੀ ਦੇ ਰਿਸ਼ਤੇਦਾਰ ਉਸਨੂੰ ਰਾਜ਼ੀਨਾਮਾ ਕਰਨ ਲਈ ਆਖਦੇ ਹਨ। ਪਤੀ ਦਾ ਪਤਨੀ ਉੱਤੇ ਹੱਥ ਚੁੱਕਣਾ ਜਾਂ ਗਾਲੀ-ਗਲੋਚ ਕਰਨਾ ਭਾਰਤੀ ਪੰਜਾਬੀ ਸਮਾਜ-ਸੱਭਿਆਚਾਰ ਵਿੱਚ ਕੋਈ ਗੰਭੀਰ ਦੋਸ਼ ਨਹੀਂ ਮੰਨਿਆ ਜਾਂਦਾ। ਪਰੰਤੂ ਇਸ ਦੋਸ਼ ਵਿੱਚ ਪਤੀ ਨੂੰ ਪੁਲੀਸ ਕੋਲ ਪਕੜਵਾ ਕੇ ਗੰਭੀਰ ਦੋਸ਼ ਮੰਨਿਆ ਜਾਂਦਾ ਹੈ। ਸ਼ਾਂਤੀ ਆਪਣੇ ਫ਼ੈਸਲੇ 'ਤੇ ਅੜਿੰਗ ਰਹਿੰਦੀ ਹੈ ਤੇ ਪੂਰੇ ਸਮਾਜ ਨਾਲ ਟੱਕਰ ਲੈਣ ਲਈ ਤਿਆਰ ਹੋ ਜਾਂਦੀ ਹੈ, ਕਿਉਂਕਿ ਉਸ ਨੇ ਔਰਤਾਂ ਉੱਤੇ ਹੁੰਦੇ ਜ਼ੁਲਮਾਂ ਨੂੰ ਸਮਝਿਆ ਹੈ। ਜਿੱਥੇ ਸੁਖਜੀਤ ਦੀ ਕਹਾਣੀ ‘ਸਤਾਈ ਮੀਲ’ ਵਿੱਚ ਐੱਮ.ਪੀ. ਦੇ ਘਰ ਸਾਹਮਣੇ ਕਿਰਾਏ ਦੇ ਮਕਾਨ ਵਿੱਚ ਰਹਿੰਦੀ ਔਰਤ (ਜੋ ਕਮਰੇ ਤੋਂ ਰਸੋਈ ਤੇ ਰਸੋਈ ਤੋਂ ਕਮਰੇ ਦੇ ਨਿਰੰਤਰ ਚੱਕਰ ਕੱਟਦੀ ਹੈ) ਸਾਧਾਰਨ ਲੋਕਾਈ ਦੀ ਪ੍ਰਤੀਕ ਹੈ। ਉਸਦਾ ਲਗਾਤਾਰ ਚੱਕਰ ਕੱਟਣਾ ਸਾਧਾਰਨ ਜਨਮ ਦੀ ਅਣਥੱਕ ਮਿਹਨਤ ਨੂੰ ਪ੍ਰਗਟਾਉਂਦਾ ਹੈ, ਜਿਸਦੀ ਸਥਿਤੀ ਅਣਥੱਕ ਮਿਹਨਤ ਦੇ ਬਾਵਜੂਦ ਵੀ ਜਿਉਂ ਦੀ ਤਿਉਂ ਹੀ ਬਣੀ ਰਹਿੰਦੀ ਹੈ। ਉੱਥੇ ਵੀਨਾ ਵਰਮਾ ਦੀਆਂ ਕਹਾਣੀਆਂ 'ਪਿਛਲਾ ਦਰਵਾਜ਼ਾ', 'ਦੂਜੀ ਨਾ ਤੀਜੀ', 'ਇੱਕ ਸੀ ਮੈਂ' ਅਤੇ 'ਫਰੰਗੀਆਂ ਦੀ ਨੂੰਹ' ਵਿੱਚਲੀਆਂ ਔਰਤ ਪਾਤਰਾਂ ਪਤੀ ਤੇ ਸਹੁਰੇ ਪਰਿਵਾਰ ਦੇ ਜ਼ੁਲਮਾਂ ਤੋਂ ਤੰਗ ਆਕੇ ਕਾਨੂੰਨ ਦਾ ਦਰ ਖੜਕਾਉਂਦੀਆਂ ਹਨ। ਅਜਿਹੀ ਔਰਤਾਂ ਸੋਸ਼ਲ ਕੇਅਰ ਦੀ ਸਹਾਇਤਾ ਪ੍ਰਾਪਤ ਕਰਕੇ ਨਵੇਂ ਸਿਰੇ ਤੋਂ ਜ਼ਿੰਦਗੀ ਆਰੰਭ ਕਰਨ ਦਾ ਜਤਨ ਕਰਦੀਆਂ ਹਨ। 'ਪਿਛਲਾ ਦਰਵਾਜ਼ਾ' ਕਹਾਣੀ ਦੀ ਗੀਤਾ ਪਤੀ ਦੀ ਹਰ ਰੋਜ਼ ਦੀ ਕੁੱਟ-ਮਾਰ ਤੋਂ ਤੰਗ ਤੇ ਮਜਬੂਰ ਹੈ। ਵੀਨਾ

ਵਰਮਾ ਦੇ ਕਹਾਣੀ ਸੰਗ੍ਰਹਿ *ਮੁੱਲ ਦੀ ਤੀਵੀਂ* ਦੀ ਕਹਾਣੀ ਮੁੱਲ ਦੀ ਤੀਵੀਂ ਵਿੱਚਲੀ ਲੱਛਮੀ ਨੂੰ ਵੀ ਮੱਘਰ ਸਿੰਘ ਸਿਰਫ਼ ਤੇ ਸਿਰਫ਼ ਭੋਗ ਬਿਲਾਸ ਦੀ ਵਸਤੂ ਸਮਝ ਕੇ ਖਰੀਦ ਕੇ ਲਿਆਉਂਦਾ ਹੈ। ਇਸ ਖਰੀਦਦਾਰੀ ਵਿੱਚ ਹਿੱਸੇਦਾਰ ਵੀ ਲੱਛਮੀ ਨੂੰ ਆਪਣੀ ਕਾਮੁਕ ਭੁੱਖ ਮਿਟਾਉਣ ਲਈ ਵਰਤਣਾ ਚਾਹੁੰਦੇ ਹਨ। ਲੱਛਮੀ ਮੱਘਰ ਸਿੰਘ ਨੂੰ ਆਪਣਾ ਪਤੀ ਸਮਝ ਕੇ ਉਸ ਤੋਂ ਰਹਿਣ ਲਈ ਪਨਾਹ ਦੇ ਤਰਲੇ ਪਾਉਂਦੀ ਹੈ, ਪਰੰਤੂ ਮੱਘਰ ਸਿੰਘ ਮਰਦਾਵੀਂ ਤਾਕਤ ਤੇ ਹਉਮੈ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਯਥਾਰਥ ਪੱਖ ਤੋਂ ਲੱਛਮੀ ਨੂੰ ਕਹਿੰਦਾ ਹੈ ਕਿ:

> ਕਿਹੜੀ ਪਨਾਹ? ਮੈਂ ਕੋਈ ਇਥੇ ਆਸ਼ਰਮ ਖੋਲ੍ਹਿਆ ਹੋਇਐ। ਇੱਥੇ ਤਾਂ ਪੰਜਾਹ ਫਿਰਦੀਆਂ ਨੇ ਘੱਗਰੀਆਂ ਭੜਕਾਂਦੀਆਂ। ਕਿਹਨੂੰ ਕਿਹਨੂੰ ਪਨਾਹ ਦੇਉਂਗਾ ਮੈਂ ?(22)

ਪਰੰਤੂ ਨਾਲ ਹੀ ਸੁਖਜੀਤ ਤੇ ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਔਰਤ ਨੂੰ ਮਰਦ ਵੱਲੋਂ ਆਪਣੇ ਉਪਰ ਕੀਤੇ ਜਾ ਰਹੇ ਜ਼ੁਲਮ ਪ੍ਰਤੀ ਸੁਚੇਤ ਕਰਕੇ ਵਿਰੋਧ ਕਰਨ ਲਈ ਵੀ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਕੀਤਾ ਹੈ। ਔਰਤ ਨੂੰ ਆਪਣੀ ਹਸਤੀ ਦੀ ਪਹਿਚਾਣ ਲਈ ਖੁਦ ਹੀ ਜਤਨ ਕਰਨੇ ਪੈਣਗੇ ਅਤੇ ਸਮਾਜ ਰੂਪੀ ਦੈਂਤ ਨਾਲ ਖੁਦ ਹੀ ਆਢਾ ਲੈਣਾ ਪਵੇਗਾ। ਜਿਵੇਂ ਕਿ ਸੁਖਜੀਤ ਦੀ ਕਹਾਣੀ 'ਤੀਲ੍ਹਾ' ਅਤੇ ਵੀਨਾ ਵਰਮਾ ਦੀ ਕਹਾਣੀ 'ਫ਼ਰੰਗੀਆਂ ਦੀ ਨੂੰਹ' ਔਰਤ-ਮਰਦ ਸੰਬੰਧਾਂ ਵਿੱਚਲੇ ਆਪਸੀ ਟਕਰਾਅ ਅਤੇ ਘੜੇ ਦੀ ਮੱਛੀ' ਵਿੱਚਲੇ ਔਰਤ-ਮਰਦ ਦੇ ਨਜਾਇਜ਼ ਸਰੀਰਕ ਸੰਬੰਧਾਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਯਥਾਰਥ ਉਭਾਰ ਨੂੰ ਸਮਾਨ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਜਿਵੇਂ ਕਿ ਸੁਖਜੀਤ ਦੇ ਕਹਾਣੀ ਸੰਗ੍ਰਹਿ ਹੁਣ *ਮੈਂ ਇੰਜੁਆਇ ਕਰਦੀ ਆਂ* ਦੀ ਕਹਾਣੀ 'ਹਜ਼ਾਰ ਕਹਾਣੀਆਂ ਦਾ ਬਾਪ'ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਯਥਾਰਥ ਪੱਖ ਤੋਂ ਅਜੋਕੀ ਔਰਤ ਨੂੰ ਆਪਣੇ ਆਪ ਦੀ ਸੁਰੱਖਿਆ ਕਰਨ ਵਿੱਚ ਸਮਰੱਥ ਪੇਸ਼ ਕੀਤਾ ਗਿਆ ਹੈ। ਜਿਵੇਂ ਕਿ ਕਹਾਣੀ ਵਿੱਚਲੇ ਵਿਸ਼ੇਸ਼ ਹਵਾਲੇ ਤੋਂ ਸਪੱਸ਼ਟ ਹੁੰਦਾ ਹੈ:

> ਉਹ ਉਸਨੂੰ ਬਕਰੇ ਵਾਂਗ ਕੋਹ ਰਹੀਆਂ ਸਨ ਵੱਡੀ ਚਪੇੜਾਂ ਮਾਰ ਰਹੀ ਸੀ ਦੂਜੀ ਮਸਤ ਲੱਤਾਂ ਤੇ

> ਤੀਜੀ ਨੇ ਉਹਦੀ ਦਾੜ੍ਹੀ ਫੜੀ ਸੀ ਅਤੇ ਚੀਕ ਰਹੀ ਸੀ, ਤੂੰ ਸਾਡੇ ਪਾਪਾ ਦਾ ਲਹੂ ਪੀ ਲਿਆ ਅੱਜ ਅਸੀਂ ਦੱਸਦੀਆਂ ਤੈਨੂੰ ਕਿ ਅਸੀਂ ਉਹਦੀਆਂ ਧੀਆਂ ਨਹੀਂ ਪੁੱਤ ਆਂ ਪੁੱਤ।(21)

ਪਰੰਤੂ ਵੀਨਾ ਵਰਮਾ, *ਇੱਕ ਕੁੜੀ ਇਕੱਲੀ* ਕਹਾਣੀ ਸੰਗ੍ਰਹਿ ਦੀ ਕਹਾਣੀ 'ਘੜੇ ਦੀ ਮੱਛੀ' ਵਿੱਚ ਜੀਜਾ ਬਲਦੇਵ ਤੇ ਸਾਲੀ ਸੱਸੀ ਦੇ ਨਜਾਇਜ਼ ਸਰੀਰਕ ਸੰਬੰਧ ਸਪੱਸ਼ਟ ਕਰਦੇ ਹਨ, ਜਦੋਂ ਸੱਸੀ ਨੂੰ ਬਲਦੇਵ ਸਿੰਘ ਬਾਹਰਲੇ ਦੇਸ਼ ਲਿਜਾਣ ਲਈ ਕਹਿੰਦਾ ਹੈ। ਸੱਸੀ ਬਾਹਰ ਜਾਣ ਦੇ ਚੱਕਰ ਵਿੱਚ ਉਸ ਨਾਲ ਸਰੀਰਕ ਸੰਬੰਧ ਬਣਾ ਲੈਂਦੀ। ਬਲਦੇਵ ਸਿੰਘ ਆਪਣੀ ਹਵਸ ਦੀ ਪੂਰਤੀ ਹਿੱਤ ਸੱਸੀ ਨੂੰ ਕਹਿੰਦਾ ਹੈ ਕਿ:

> ਕੋਈ ਗਮ ਨਾ ਕਰ। ਹਾਲੇ ਵੀ ਬੜਾ ਕੁੱਝ ਹੋ ਸਕਦੈ। ਗੋਲੀ ਮਾਰ ਸਾਲੇ ਢੱਗੈ ਦੇ। ਤੂੰ ਆਪਣਾ ਪਾਸਪੋਰਟ ਬਣਵਾ। ਮੈਂ ਤੇਰੀ ਸਪੌਸਰਸਿਪ ਭੇਜਦਾ ਜਾ ਕੇ। ਪਰ ਇੱਕ ਗੱਲ ਯਾਦ ਰੱਖੀਂ। ਉੱਥੇ ਪਹੁੰ ਕੇ ਜੀਜੇ ਨੂੰ ਨਾ ਭੁੱਲਜੀ ਕਿਤੇ। ਬਲਦੇਵ ਮੁਸਕਰਾਇਆ। ਕਦੇ ਵੀ ਨਹੀਂ। ਮੈਂ ਹਮੇਸ਼ਾ ਤੇਰਾ ਹਸਾਨ ਯਾਦ ਰਖੂੰਗੀ ਜੀਜਾ। ਮੈਂ ਤਾਂ ਤੇਰੇ ਘੜੇ ਦੀ ਮੱਛੀ ਬਣ ਕੇ ਰਹੂੰ ਭਾਵੇਂ ਜਦੋਂ ਮਰਜੀ ਹੱਥ ਪਾ ਕੇ ਫੜ ਲਈਂ।(246,247)

ਇਸ ਤਰ੍ਹਾਂ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਯਥਾਰਥ ਰੂਪ ਨੂੰ ਉਭਾਰਦੀਆਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੀਆਂ ਔਰਤਾਂ ਕਾਨੂੰਨੀ ਦਾਅ-ਪੇਚ ਨੂੰ ਆਪਣੇ ਨਿੱਜੀ ਮਤਲਬ ਲਈ ਵਰਤਦੀਆਂ ਹਨ। ਉਹ ਆਪਣੇ ਭੈਣ-ਭਰਾ, ਮਾਤਾ-ਪਿਤਾ,ਪਤੀ ਅਤੇ ਪਰਿਵਾਰ ਨੂੰ ਟਿੱਚ ਜਾਣਦੀਆਂ ਹੋਈਆ ਆਪਣੀ ਮਨਮਰਜ਼ੀ ਕਰਦੀਆਂ ਹਨ। ਅਜਿਹੀਆਂ ਔਰਤਾਂ ਆਪਣੇ ਪਤੀ ਉੱਤੇ ਗੈਰ-ਜ਼ਰੂਰੀ ਧੌਂਸ ਵੀ ਰੱਖਦੀਆਂ ਹਨ ਹੈ ਅਤੇ ਕਾਨੂੰਨਾਂ ਦਾ ਨਜਾਇਜ਼ ਫਾਇਦਾ ਵੀ ਉਠਾਉਂਦੀਆਂ ਹਨ। ਜਿਵੇਂ ਕਿ ਸੁਖਜੀਤ ਦੀ ਕਹਾਣੀ 'ਹੁਣ ਮੈ ਇੰਜੁਆਏ ਕਰਦੀ ਆਂ' ਅਤੇ ਵੀਨਾ ਵਰਮਾ ਦੀ ਕਹਾਣੀ 'ਗੋਲੇ ਕਬੂਤਰ' ਵਿੱਚ ਔਰਤ-ਮਰਦ ਸੰਬੰਧ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਰਾਜਨੀਤਿਕ ਰੂਪ ਨੂੰ ਉੱਤਮ ਪੁਰਖੀ ਬਿਰਤਾਂਤ ਸ਼ੈਲੀ ਵਿੱਚ ਉਭਾਰਿਆ ਹੈ।

ਇਸ ਤਰ੍ਹਾਂ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ

ਬੜੀ ਖੂਬਸੂਰਤੀ ਦੇ ਨਾਲ ਔਰਤ-ਮਰਦ ਪਰਾਧੀਨਤਾ ਅਤੇ ਪ੍ਰਧਾਨਤਾ ਦੀਆਂ ਅਵਸਥਾਵਾਂ ਨੂੰ ਇੱਕ-ਦੂਸਰੇ ਦੇ ਸਨਮੁੱਖ ਰੱਖ ਦੋਹਾਂ ਦੀ ਸਾਰਥਕਤਾ ਉੱਤੇ ਯਥਾਰਥਕ ਸਵਾਲ ਖੜ੍ਹੇ ਕਰ ਜਾਂਦੀਆਂ ਹਨ। ਇਹ ਸਦੀਆਂ ਤੋਂ ਚੱਲਦੇ ਆ ਰਹੇ ਮਰਦ ਪ੍ਰਧਾਨ ਸਮਾਜ ਦੀਆਂ ਵਧੀਕੀਆਂ ਅਤੇ ਉਸਦੇ ਵਿਰੋਧ ਵਿੱਚ ਉੱਭਰ ਰਹੇ ਔਰਤ ਪ੍ਰਤੀ ਉੱਤਰ ਦੋਹਾਂ ਦੇ ਜਾਇਜ਼ ਹੋਣ ਦਾ ਹੁੰਗਾਰਾ ਨਹੀਂ ਭਰਦੀਆਂ। ਜਾਤ, ਧਰਮ, ਲਿੰਗ, ਰਿਸ਼ਤਾ-ਨਾਤਾ ਆਦਿ ਅਨੇਕ ਪ੍ਰਕਾਰ ਦੀਆਂ ਪੂਰਵਧਾਰਨਾਵਾਂ ਵਿਅਕਤੀ ਦੇ ਸਮਾਜਿਕ ਪੱਖ ਦਾ ਹਿੱਸਾ ਹੁੰਦੀਆਂ ਹਨ। ਵੀਨਾ ਵਰਮਾ ਦੀ ਕਹਾਣੀਆਂ "ਕਾਲਾ ਕੱਛਾ'' ਅਤੇ 'ਖਾਲੀ ਪਲਾਟ' ਦੀਆਂ ਨਾਇਕਾਵਾਂ ਅਣਜੋੜ ਵਿਆਹ ਦੀ ਸਮੱਸਿਆ ਤੋਂ ਪੀੜਤ ਔਰਤਾਂ ਹਨ। 'ਕਾਲਾ ਕੱਛਾ' ਕਹਾਣੀ ਦੀ ਸ਼ੀਲਾ ਦੇ ਮਾਪਿਆਂ ਨੇ ਚੰਗਾ ਪੈਸੇ ਵਾਲਾ ਘਰ ਦੇਖ ਕੇ ਉਸਦਾ ਵਿਆਹ ਉਸ ਤੋਂ ਚਾਰ ਸਾਲ ਛੋਟੇ ਮੁੰਡੇ ਨਾਲ ਕਰ ਦਿੱਤਾ। ਕਈ ਮਾਤਾ ਪਿਤਾ ਆਪਣੇ ਆਰਥਿਕ ਪੱਧਰ ਨੂੰ ਉਪਰ ਚੁੱਕਣ ਲਈ ਜਾਂ ਪੈਸੇ/ਡਾਲਰਾਂ/ਪੌਂਡਾਂ ਦੀ ਹੋੜ ਵਿੱਚ ਆਪਣੀ ਧੀ ਨੂੰ ਉਸ ਤੋਂ ਦੁੱਗਣੀ ਉਮਰ ਦੇ ਆਦਮੀ ਨਾਲ ਵਿਆਹ ਦਿੰਦੇ ਹਨ। 'ਖਾਲੀ ਪਲਾਟ' ਕਹਾਣੀ ਵਿੱਚ ਜੱਸੀ ਆਪਣੀ ਸਹੇਲੀ ਰਾਣੀ ਦੇ ਕਹਿਣ 'ਤੇ ਉਸ ਕੋਲ ਚਲੀ ਜਾਂਦੀ ਹੈ। ਰਾਣੀ ਉਸਨੂੰ ਕਹਿੰਦੀ ਹੈ ਕਿ ਉਹ ਕੋਈ ਮੁੰਡਾ ਭਾਲ ਕੇ ਉਸਦਾ ਘਰ ਵਸਾ ਦੇਵੇਗੀ। ਇਸ ਆਸ 'ਤੇ ਉਹ ਉਸ ਕੋਲ ਰਹਿਣ ਲੱਗ ਪੈਂਦੀ ਹੈ, ਪਰ ਰਾਣੀ ਦੀ ਗੈਰ ਮੌਜੂਦਗੀ ਵਿੱਚ ਉਸਦਾ ਪਤੀ ਉਸਨੂੰ ਮੁੰਡਾ ਭਾਲ ਕੇ ਦੇਣ ਦੀ ਫੀਸ ਅਦਾ ਕਰਨ ਲਈ ਕਹਿੰਦਾ ਹੈ। ਇਸ ਤਰ੍ਹਾਂ ਜੱਸੀ ਜ਼ਿੰਦਗੀ ਵਿੱਚ ਕਈ ਕਿਸਮ ਦੇ ਲੋਕਾਂ ਨੂੰ ਮਿਲਣ ਤੋਂ ਬਾਅਦ ਜਦੋਂ ਚੰਗੀ ਨੌਕਰੀ ਤੇ ਲਗ ਜਾਂਦੀ ਹੈ ਤਾਂ ਆਫ਼ਿਸ ਦਾ ਵਾਤਾਵਰਣ ਉਸਨੂੰ ਹਲਕਾ ਤੇ ਸੁਖਾਵਾਂ ਜਾਪਦਾ ਹੈ। ਜਦੋਂ ਜੱਸੀ ਦਾ ਦੋਸਤ ਕੰਵਲ ਉਸ ਅੱਗੇ ਵਿਆਹ ਦਾ ਆਫ਼ਰ ਰੱਖਦਾ ਹੈ ਤਾਂ ਉਹ ਇਨਕਾਰ ਕਰ ਦੇਂਦੀ ਹੈ ਕਿਉਂਕਿ ਉਹ ਸਮਝਦੀ ਹੈ ਕਿ ਆਰਥਿਕ ਆਜ਼ਾਦੀ ਮਾਣਨ ਤੋਂ ਬਾਅਦ ਹੁਣ ਉਹ ਸੋਚ ਦੀ ਗੁਲਾਮੀ ਨਹੀਂ ਕਰ ਸਕਦੀ। ਔਰਤ ਦੀ ਮਰਦ ਉੱਤੇ ਆਰਥਿਕ ਨਿਰਭਰਤਾ ਕਾਰਨ ਹੀ ਮਰਦ ਹਮੇਸ਼ਾ ਔਰਤ ਨੂੰ ਲਿਤਾੜਦਾ ਆਇਆ ਹੈ ਤੇ ਉਸ ਉੱਤੇ ਰਾਜ ਕਰਦਾ ਰਿਹਾ ਹੈ। ਵੀਨਾ ਵਰਮਾ ਦੀ ਕਿਤਾਬ *ਮੁੱਲ ਦੀ ਤੀਵੀਂ* ਦੀ ਕਹਾਣੀ 'ਮੁੱਲ ਦੀ ਤੀਵੀਂ, ਵਿੱਚ ਸਪੱਸ਼ਟ ਹੈ। ਜਿਵੇਂ ਕਿ:

ਆਹ ਤੀਮੀਂ ਦਾ ਪੰਦਰਾਂ ਸੌ ਰੁਪਿਆ? ਨਾ ਕੱਦ ਨਾ ਕਾਠ..ਰੰਗ ਨਾ ਰੂਪ। ਸੁਧ੍ਹਾ ਮਾਤਾ ਦਾ ਮਾਲ ਨਹੀਂ ਬਾਬੂ ਜੀ। ਪੰਦਰਾਂ ਸੌ ਸੇ ਏਕ ਪੈਸਾ ਕਮ ਨਹੀਂ ਹੋਗਾ। ਬੁੱਢੀ ਬੰਗਾਲਣ ਅੜ ਗਈ ਸੀ। ਪੰਦਰਾਂ ਸੌ ਨੂੰ ਕੀ ਐ ਏਸ 'ਚ? ਉਹ ਫੇਰ ਹੱਸਿਆ। ਬਿਲਕੁਲ ਨਈ ਹੈ ਸਾਹਬ। ਅਗਰ ਕੁਆਰੀ ਨਾ ਹੂਈ ਤੋਂ ਪੈਸੇ ਵਾਪਸ ਕਰ ਦੇਂਗੇ। ਬੰਗਾਲਣ ਨੇ ਕੁੜੀ ਦੀ ਕੁਆਲਟੀ ਦੱਸੀ।(16)

ਇਸ ਤੋਂ ਇਲਾਵਾ ਵੀਨਾ ਵਰਮਾ ਦੀ ਕਹਾਣੀਆਂ 'ਮਰਿਆ ਚੂਹਾ, ਚਾਰ ਰਾਤਾਂ, ਕਾਲਾ ਕੱਛਾ, ਬਨਵਾਸ ਔਰਤ-ਮਰਦ ਦੇ ਅਣਜੋੜ ਵਿਆਹ ਸੰਬੰਧ ਵਿੱਚਲੇ ਦਾਵੰਦਮਈ, ਤਣਾਅਮਈ ਕਿਰਦਾਰ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨ ਯਥਾਰਥ ਨੂੰ ਬਿਆਨ ਕਰਦੀਆਂ ਹਨ। ਵੀਨਾ ਵਰਮਾ ਨੇ ਇਸ ਅਣਜੋੜ ਵਿਆਹ ਸੰਬੰਧ ਦੇ ਦਵੰਦ, ਤਣਾਅ ਆਦਿ ਨੂੰ ਮਾਨਸਿਕ ਪ੍ਰਵਿਰਤੀ ਤੋਂ ਉਮਰ ਦੇ ਆਧਾਰ ਤੇ, ਔਰਤ-ਮਰਦ ਦੇ ਵਿਆਹ ਬਾਹਰੇ ਸਰੀਰਕ ਸੰਬੰਧ ਦੇ ਆਧਾਰ 'ਤੇ ਅਤੇ ਖਰੀਦਦਾਰੀ ਰਿਸ਼ਤੇ-ਨਾਤੇ ਦੇ ਆਧਾਰ ਤੋਂ ਸਮੱਸਿਆਵਾਂ ਨਾਲ ਜੂਝਦੇ ਹੋਇਆ ਨੂੰ ਬਿਆਨ ਕੀਤਾ ਹੈ। ਜਿਵੇਂ ਕਿ ਵੀਨਾ ਵਰਮਾ ਦੀ ਪੁਸਤਕ *ਮੁੱਲ ਦੀ ਤੀਵੀਂ* ਦੀ ਮਰਿਆ ਚੂਹਾ ਕਹਾਣੀ ਵਿੱਚ ਸੋਲ੍ਹਾਂ ਸਾਲਾਂ ਦੀ ਮੁਟਿਆਰ ਰਜ਼ੀਆ ਦਾ ਵਿਆਹ ਉਸਦੀ ਮਤਰੇਈ ਮਾਂ ਪੰਜਾਹ ਸਾਲਾਂ ਦੇ ਬੁੱਢੇ ਚੌਧਰੀ ਨਾਲ ਕਰ ਦਿੰਦੀ ਹੈ ਜੋ ਉਹਨੂੰ ਪਾਕਿਸਤਾਨ ਤੋਂ ਇੰਗਲੈਂਡ ਲੈ ਜਾਂਦਾ ਹੈ। ਰਜੀਆ ਦੁਆਰਾ ਇਸ ਅਣਜੋੜ ਵਿਆਹ ਨੂੰ ਕਬੂਲਣਾ ਨਾ-ਮੁਮਕਿਨ ਹੈ, ਆਖਰ ਰਜ਼ੀਆ ਆਪਣੀਆਂ ਜਿਨਸੀ ਖ਼ਾਹਿਸ਼ਾਂ ਲਈ ਕਈ ਮਰਦਾਂ ਨਾਲ ਸਰੀਰਕ ਸੰਬੰਧ ਸਥਾਪਿਤ ਕਰਦੀ ਹੈ ਅਤੇ ਹਰ ਵਿੱਚ ਉਸਨੂੰ ਆਪਣੇ ਪ੍ਰੇਮੀ ਬਸੀਰੇ ਦੀ ਤਲਾਸ਼ ਰਹਿੰਦੀ ਹੈ। ਹਰ ਮਰਦ ਉਸ ਨਾਲ ਸੰਬੰਧ ਬਣਾਉਣ ਨੂੰ ਤਾਂ ਤਿਆਰ ਹੈ, ਪਰ ਉਸਨੂੰ ਕਬੂਲਣ ਲਈ ਤਿਆਰ ਨਹੀਂ। ਇਸ ਦੁਬਿਧਾ ਵਿੱਚ ਫਸੀ ਉਹ ਮਾਨਸਿਕ ਤੌਰ 'ਤੇ ਬਿਮਾਰ ਹੋ ਜਾਂਦੀ ਹੈ। ਆਪਣੇ ਪਿਆਰ ਦੀ ਅਤ੍ਰਿਪਤੀ ਅਤੇ ਵਿਆਹ ਤੋਂ ਬਾਅਦ ਹੀ ਕਾਮੁਕ ਅਤ੍ਰਿਪਤੀ ਕਾਰਨ ਉਸਦੇ ਸੰਬੰਧ ਕਈ ਮਰਦਾਂ ਨਾਲ ਬਣਦੇ ਹਨ, ਪਰ ਸਾਰੇ ਉਹਦੇ ਗਰਮ ਗੋਸ਼ਤ ਦੇ ਭੁੱਖੇ ਨਿਕਲਦੇ ਹਨ, ਕੋਈ ਵੀ ਉਸਨੂੰ ਆਪਣੀ ਪਤਨੀ ਦਾ ਦਰਜਾ ਨਹੀਂ ਦਿੰਦਾ। ਉਸਦਾ ਇਲਾਜ ਕਰ ਰਿਹਾ ਡਾਕਟਰ ਯੂਸਫ ਵੀ ਉਸਨੂੰ ਆਪਣੀ ਪਤਨੀ ਬਣਾਉਣ ਦਾ ਲਾਰਾ ਲਾਉਂਦਾ ਹੈ, ਪਰ ਪੜ੍ਹਾਈ ਪੂਰੀ ਕਰਕੇ ਪਾਕਿਸਤਾਨ

ਚਲਾ ਜਾਂਦਾ ਹੈ। ਇਸ ਉਪਰੰਤ ਉਸਦੇ ਸੰਬੰਧ ਟੈਕਸੀ ਡਰਾਈਵਰ ਨਾਲ ਬਣਦੇ ਹਨ ਅਤੇ ਉਹ ਵੀ ਉਸਨੂੰ ਧੋਖਾ ਦੇ ਜਾਂਦਾ ਹੈ। ਬਾਅਦ ਵਿੱਚ ਰਜ਼ੀਆ ਕਈ ਮਰਦਾਂ ਨਾਲ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨ ਯਥਾਰਥ ਤੋਂ ਸਰੀਰਕ ਸੰਬੰਧ ਬਣਾਉਂਦੀ ਹੈ ਪਰ ਉਸਨੂੰ ਤ੍ਰਿਪਤੀ ਪ੍ਰਾਪਤ ਨਹੀਂ ਹੁੰਦੀ। ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨ ਯਥਾਰਥ ਤੋਂ ਅਣਜੋੜਤਾ ਦੀ ਡੰਬੀ ਹੋਈ ਉਹ ਹਰ ਇੱਕ 'ਚ ਆਪਣੀ ਸੰਪੂਰਨਤਾ ਚਾਹੁੰਦੀ ਹੈ ਪਰ ਮਿਲਦੀ ਨਹੀਂ। ਕਹਾਣੀ 'ਮਰਿਆ ਚੂਹਾ' ਇਸ ਸਥਿਤੀ ਨੂੰ ਸਪੱਸ਼ਟ ਰਜ਼ੀਆ ਦੀ ਮਾਨਸਿਕ ਪ੍ਰਵਿਰਤੀ ਦੁਆਰਾ ਕਰਦੀ ਹੈ। ਜਿਵੇਂ ਕਿ:

> ਸਭ ਹਨੇਰੇ ਦੇ ਸਾਥੀ ਸੀ। ਰੋਸ਼ਨੀ ਦਾ ਮੰਜ਼ਰ ਕੋਈ ਨਾ ਬਣ ਸਕਿਆ। ਕਿਸੇ ਨੂੰ ਪੌਡਾਂ ਦੀ ਭੁੱਖ ਤੇ ਕਿਸੇ ਨੂੰ ਜਿਸਮ ਦੀ ਜ਼ਰੂਰਤ। ਮੇਰੀ ਰੂਹ ਦਾ ਹਾਣੀ ਕੋਈ ਨਾ ਮਿਲਿਆ। ਬਸ਼ੀਰੇ ਤੋਂ ਲੈ ਕੇ ਹੁਣ ਤੱਕ ਸਭ ਨਮਰਦ ਮਿਲੇ। ਕੋਈ ਮਰਦ ਦਾ ਬੱਚਾ ਨਹੀਂ ਮਿਲਿਆ ਜਿਸ ਨੇ ਕਿਹਾ ਹੋਵੇ, "ਆ ਰੱਜੋ ਮੇਰੇ ਮੋਢੇ ਤੇ ਸਿਰ ਰੱਖ ਕੇ ਸੌਂ ਜਾ। ਕਿਸੇ ਦੇ ਮੋਢੇ 'ਚ ਮੇਰੇ ਸਿਰ ਦਾ ਭਾਰ ਚੁੱਕਣ ਦੀ ਹਿੰਮਤ ਨਹੀਂ ਸੀ। ਬੱਸ ਫਜ਼ੂਲ ਜਿਹੇ ਲੋਗ। ਚੋਰ ਉਚੱਕੇ, ਰਾਤ ਨੂੰ ਮੇਰੇ ਨਾਲ ਸੁੱਤੇ, ਜਦੋਂ ਮੇਰੀ ਅੱਖ ਲੱਗ ਗਈ, ਮੇਰਾ ਸਮਾਨ ਤੱਕ ਚੁੱਕ ਕੇ ਲੈ ਗਏ।(191)

ਉਪਰੋਕਤ ਵਿਚਾਰ-ਚਰਚਾ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਔਰਤ-ਮਰਦ ਦੀ ਮਾਨਸਿਕ ਪ੍ਰਵਿਰਤੀ ਵਿੱਚ ਅਜ਼ਾਦੀ ਦੀ ਗੱਲ ਸੈਕਸ ਸੰਬੰਧਾਂ ਤੋਂ ਸ਼ੁਰੂ ਕਰਕੇ ਸੈਕਸ ਸੰਬੰਧਾਂ ਤੱਕ ਚੰਗੇ ਤੇ ਮਾੜੇ ਪੱਖ ਵਜੋਂ ਸਮਾਨਤਾਵਾਂ ਤੇ ਵੱਖਰਤਾਵਾਂ ਨੂੰ ਉੱਭਾਰਕੇ ਖਤਮ ਹੁੰਦੀ, ਕਿਉਂਕਿ ਜਦੋਂ ਮਰਦ, ਔਰਤ ਨੂੰ ਸਰੀਰਕ ਤੌਰ 'ਤੇ ਇੱਕ ਵਸਤੂ ਵਜੋਂ ਵਰਤ ਕੇ ਭਟਕਣ ਲਈ ਛੱਡ ਦਿੰਦਾ ਹੈ ਤਾਂ ਸੁਖਜੀਤ ਤੇ ਵੀਨਾ ਵਰਮਾ ਨੇ ਅਜਿਹੀਆਂ ਔਰਤਾਂ ਦੀਆਂ ਵਾਸਤਵਿਕ ਸਥਿਤੀ-ਪ੍ਰਸਥਿਤੀਆਂ ਦਾ ਅਹਿਸਾਸ ਕਹਾਣੀਆਂ ਵਿੱਚ ਬਾਖੂਬੀ ਨਿਭਾਇਆ ਹੈ। ਭਾਵੇਂ ਸੁਖਜੀਤ ਤੇ ਵੀਨਾ ਵਰਮਾ ਔਰਤ-ਮਰਦ ਦੀ ਵਿਚਾਰਧਾਰਾ, ਸਥਿਤੀ-ਪ੍ਰਸਥਿਤੀ ਅਤੇ ਜਜ਼ਬਾਤਾਂ ਨੂੰ ਬੜੀ ਬੇਬਾਕੀ ਨਾਲ ਚਿੱਤਰ ਕੇ ਉਸ ਨਾਲ ਨਿਆਂ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਰੰਤੂ ਕਈ ਵਾਰ

ਸੁਖਜੀਤ ਤੇ ਵੀਨਾ ਵਰਮਾ ਔਰਤ-ਮਰਦ ਦੇ ਵਿਆਹ ਬਾਹਰੇ ਸਰੀਰਕ ਸੰਬੰਧਾਂ ਅਤੇ ਔਰਤ-ਮਰਦ ਦੀਆਂ ਸੰਵੇਦਨਸ਼ੀਲ ਵੇਦਨਾਵਾਂ, ਸਥਿਤੀਆਂ-ਪ੍ਰਸਥਿਤੀਆਂ ਦੇ ਸੱਚ ਨੂੰ ਬਿਨਾਂ ਝਿਜਕ ਬਿਆਨ ਕਰ ਦਿੰਦੇ ਹਨ, ਅਸਲ ਵਿੱਚ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੇ ਬਹੁਤ ਸਾਰੇ ਮਾਂ, ਬਾਪ, ਭੈਣ, ਭਰਾ, ਪਤੀ-ਪਤਨੀ ਆਦਿ ਰਿਸ਼ਤੇ-ਨਾਤੇ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨ ਯਥਾਰਥ ਤੋਂ ਮਾਨਸਿਕ ਤਣਾਓ ਵਿਚੋਂ ਗੁਜ਼ਰਦੇ ਹੋਏ ਆਪਣੀ ਹੋਂਦ ਬਾਰੇ ਸੰਵੇਦਨਸ਼ੀਲ ਪ੍ਰਸ਼ਨ-ਚਿੰਨ੍ਹ ਖੜ੍ਹੇ ਕਰਕੇ ਸਵੈ ਨੂੰ ਮੁਖ਼ਾਤਿਬ ਚੰਗੇ ਤੇ ਮਾੜੇ ਪੱਖ ਵਜੋਂ ਸਮਾਨਤਾਵਾਂ ਤੇ ਵੱਖਰਤਾਵਾਂ ਨੂੰ ਉਭਾਰਦੇ ਰਹਿੰਦੇ ਹਨ। ਦੋਨੋਂ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਵਿੱਚ ਗ੍ਰਹਿਸਥ ਜੀਵਨ, ਔਰਤ-ਮਰਦ ਸੰਬੰਧ, ਮਰਦ ਦੀ ਔਰਤ ਪ੍ਰਤੀ ਕਬਜ਼ੇ ਦੀ ਭਾਵਨਾ, ਪੰਜਾਬ ਦੀ ਸਮੱਸਿਆ, ਔਰਤ-ਮਰਦ ਦਾ ਸੰਕਲਪ, ਮਾਂ ਦਾ ਆਪਣੀ ਔਲਾਦ ਪ੍ਰਤੀ ਪਿਆਰ ਤੇ ਪੀੜਾ ਦਾ ਸੰਕਲਪ, ਔਰਤ ਦੇ ਸੰਤਾਪ, ਨੈਤਿਕ ਚੁੱਪ, ਦਮਨ ਅਤੇ ਔਰਤ-ਮਰਦ ਦੇ ਜਿਣਸੀ ਸੰਬੰਧ ਆਦਿ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਦੀ ਪੇਸ਼ਕਾਰੀ ਦੁਆਰਾ ਸਮਾਨਤਾਵਾਂ ਅਤੇ ਵੱਖਰਤਾਵਾਂ ਤੋਂ ਉਭਾਰਿਆ ਹੈ।ਔਰਤ-ਮਰਦ ਦੇ ਮਨ ਦੀਆਂ ਤੰਦਾਂ ਨੂੰ ਫਰੋਲਦੀਆਂ ਮਿੱਥ ਤੇ ਇਤਿਹਾਸਕ ਸੰਕੇਤਾਂ ਦੇ ਸਮਕਾਲੀ/ਆਧੁਨਿਕ ਅਰਥਾਂ ਵੱਲ ਸੰਕੇਤ ਕਰਦੀਆਂ ਹਨ, ਉੱਥੇ ਨਾਲ ਹੀ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥਕ ਰੂਪ ਨੂੰ ਸਮਾਨਤਾਵਾਂ ਅਤੇ ਵੱਖਰਤਾਵਾਂ ਦੇ ਪੱਖ ਤੋਂ ਨਵੇਂ ਅਰਥ ਸੰਸਾਰ ਦੀ ਸਿਰਜਣਾ ਵੀ ਕਰਦੀਆਂ ਹਨ ਜਿਵੇਂ ਪਰੰਪਰਾਗਤ ਰਹੁ-ਰੀਤਾਂ ਅਧੀਨ ਵਿਚਰਦੇ ਔਰਤ-ਮਰਦ ਦਾ ਸੰਘਰਸ਼, ਭ੍ਰਿਸ਼ਟਾਚਾਰ, ਦੰਭਵਾਦ, ਸ਼ੋਸ਼ਣ, ਸ਼ੋਸ਼ਿਕ ਤੇ ਆਪਸੀ ਟਕਰਾਅ ਦਾ ਪਰਦਾਫ਼ਾਸ, ਔਰਤ-ਮਰਦ ਦੀਆਂ ਪਰਿਵਾਰਕ ਸਮੱਸਿਆਵਾਂ ਦੀ ਪੇਸ਼ਕਾਰੀ, ਇਕੱਲਤਾ, ਬੇਗਾਨਗੀ, ਜਾਤ, ਗੋਤ ਅਧੀਨ ਵਿਚਰਦੇ ਔਰਤ-ਮਰਦ ਦੀ ਵਿਅਕਤੀਗਤ ਹੋਂਦ।

ਸੋ ਉਪਰੋਕਤ ਰੂਪ ਵਿੱਚ ਪੰਜਾਂ ਅਧਿਆਇਆਂ ਦੇ ਨਿਚੋੜ ਦੇ ਅਧਾਰ ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਸੁਖਜੀਤ ਅਤੇ ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਧਾਰਮਿਕ, ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਮਨੋਵਿਗਿਆਨਕ ਆਦਿ ਪੱਖਾਂ ਨੂੰ ਦੰਭਵਾਦ, ਭ੍ਰਿਸ਼ਟਾਚਾਰ, ਮਨੁੱਖੀ ਰਿਸ਼ਤਿਆਂ-ਨਾਤਿਆਂ ਦੇ

ਬਦਲਦੇ ਸਰੂਪ, ਔਰਤ-ਮਰਦ ਦੀਆਂ ਗੁੰਝਲਾਂ, ਲਿੰਗਕ ਜਿਣਸੀ ਸੰਬੰਧ ਆਦਿ ਵਿਸ਼ੇ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਸਮਾਨਤਾਵਾਂ ਅਤੇ ਵੱਖਰਤਾਵਾਂ ਵਜੋਂ ਉਭਾਰੇ ਹਨ। ਸਮਕਾਲੀ ਪੰਜਾਬੀ ਕਹਾਣੀਕਾਰਾਂ ਵਿੱਚ ਸੁਖਜੀਤ ਤੇ ਵੀਨਾ ਵਰਮਾ ਦਾ ਆਪਣਾ ਉੱਘਾ ਸਥਾਨ ਰੱਖਦੇ ਹਨ। ਉਹਨਾਂ ਨੇ ਕਹਾਣੀ ਜਗਤ ਵਿੱਚ ਆਪਣਾ ਵਡਮੁੱਲਾ ਯੋਗਦਾਨ ਦਿੱਤਾ ਹੈ। ਸਮਕਾਲੀ ਪੰਜਾਬੀ ਕਹਾਣੀ ਦਾ ਸਮੁੱਚਾ ਧਰਾਤਲ ਹੀ ਔਰਤ-ਮਰਦ ਦੀ ਹੀਣੀ ਸਥਿਤੀ ਵਾਲੇ ਸੰਸਕਾਰਾਂ ਨੂੰ ਤਿਆਗਦਾ, ਵੰਗਾਰਦਾ ਅਤੇ ਪਿੱਛੇ ਛੱਡਦਾ ਹੋਇਆ ਨਵੀਂ ਸਪੇਸ ਦੀ ਮੰਗ ਨੂੰ ਉਤੇਜਿਤ ਕਰ ਰਿਹਾ ਹੈ। ਸਮਕਾਲ ਵਿੱਚ ਔਰਤ ਦਾ ਸਰੂਪ ਜਿੱਥੇ ਅਸੁਰੱਖਿਅਤ, ਅਸ਼ਾਂਤ ਅਤੇ ਸੁੰਗੜਿਆ ਹੋਇਆ ਹੈ, ਉੱਥੇ ਪਹਿਲਾਂ ਨਾਲੋਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ, ਧਾਰਮਿਕ, ਆਰਥਿਕ, ਮਨੋਵਿਗਿਆਨ ਅਤੇ ਰਾਜਨੀਤਿਕ ਪੱਖਾਂ ਤੋਂ ਬਦਲਿਆ ਅਤੇ ਵਿਗੜਿਆ ਹੋਇਆ ਵੀ ਹੈ। ਬੇਸ਼ੱਕ ਇਹਨਾਂ ਕਹਾਣੀਆਂ ਵਿੱਚ ਪੜ੍ਹੀ-ਲਿਖੀ ਔਰਤ ਦੇ ਵਧੇਰੇ ਫ਼ੈਸਲੇ ਅੱਜ ਵੀ ਪਿਤਰਕੀ ਸਿਸਟਮ ਦੇ ਹੱਥ ਵਿੱਚ ਹਨ, ਪਰ ਹੁਣ ਔਰਤ ਮਰਦ ਅੱਗੇ ਤਰਲੇ ਮਿੰਨਤਾਂ ਨਹੀਂ ਕਰਦੀ, ਸਗੋਂ ਸਥਿਤੀਆਂ-ਪਰਸਥਿਤੀਆਂ ਨਾਲ ਜੂਝਣ ਅਤੇ ਲੜਨ ਦੀ ਸ਼ਕਤੀ ਰੱਖਦੀ ਹੈ। ਭਾਵੇਂ ਕਹਾਣੀ ਵਿੱਚ ਔਰਤ ਇੱਕ ਸ਼ਕਤੀਸ਼ਾਲੀ ਪਾਤਰ ਵਜੋਂ ਸਾਹਮਣੇ ਆਉਂਦੀ ਹੈ, ਪਰ ਅਣਗਿਣਤ ਕਹਾਣੀਆਂ ਔਰਤ ਦੀ ਸ਼ਕਤੀ ਨੂੰ ਸਮਝੌਤਿਆਂ, ਸਮਰਪਣਾਂ, ਅਪ੍ਰਵਾਨਗੀਆਂ ਅਤੇ ਜਿਸਮੀ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਵੀ ਦਿਖਾਉਂਦੀਆਂ ਹਨ। ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ, ਮਨੋਵਿਗਿਆਨ ਪੱਖ, ਧਾਰਮਿਕ ਪੱਖ, ਆਰਥਿਕ ਪੱਖ ਅਤੇ ਰਾਜਨੀਤਿਕ ਪੱਖ ਨੂੰ ਬੜੀ ਬੇਬਾਕੀ ਨਾਲ ਇੱਕੀਵੀਂ ਸਦੀ ਦੇ ਪਿਤਰਕੀ ਸਮਾਜ ਦੀ ਵਿਚਾਰਧਾਰਾ, ਔਰਤ ਦੀ ਨਿੱਜੀ ਸੋਚ, ਔਰਤ-ਮਰਦ ਦੇ ਲੁਕਵੇਂ ਅਤੇ ਵਰਜਿਤ ਸੰਬੰਧਾਂ ਦੀ ਘੋਖਵੀਂ ਪੜਤਾਲ ਕਰਦਿਆਂ ਮਾਡਰਨ ਔਰਤ ਦਾ ਬੜਾ ਗੁੰਝਲਦਾਰ ਤੇ ਵਿਦਰੋਹੀ ਮਾਡਲ ਪੇਸ਼ ਕੀਤਾ ਹੈ।

# ਸਿੱਟਾ ਤੇ ਸਥਾਪਨਾਵਾਂ

# ਸਿੱਟਾ ਤੇ ਸਥਾਪਨਾਵਾਂ

ਹਥਲੇ ਖੋਜ-ਕਾਰਜ ਦਾ ਵਿਸ਼ਾ "**ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ (ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਸੰਦਰਭ ਚ ')** ਨੂੰ ਪੰਜ ਅਧਿਆਇਆਂ ਵਿੱਚ ਵੰਡਿਆ ਹੋਇਆ ਹੈ, ਜਿਸ ਰਾਹੀਂ ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ (ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਦੇ ਸੰਦਰਭ 'ਚ) ਪ੍ਰਤੱਖ ਜਾਂ ਅਪ੍ਰਤੱਖ ਵਜੋਂ ਸੱਭਿਆਚਾਰਕ ਰੂਪਾਂਤਰਨ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਸਮਕਾਲੀ ਸਮਾਜ ਵਿੱਚ ਬਦਲ ਰਹੇ ਮਨੁੱਖੀ ਰਿਸ਼ਤਿਆਂ-ਨਾਤਿਆਂ ,ਸੋਚ ਤੇ ਨੈਤਿਕ ਕਦਰਾਂ-ਕੀਮਤਾਂ ਨੂੰ ਸਮਾਜਿਕ, ਧਾਰਮਿਕ, ਆਰਥਿਕ, ਮਨੋਵਿਗਿਆਨ ਅਤੇ ਰਾਜਨੀਤਿਕ ਪੱਖਾਂ ਤੋਂ ਸਮਝਣ, ਵਿਚਾਰਨ ਅਤੇ ਘੋਖਣ ਦਾ ਇੱਕ ਯਤਨ ਕੀਤਾ ਗਿਆ ਹੈ। ਇਸ ਯਤਨ ਰਾਹੀਂ ਸੱਭਿਆਚਾਰਕ ਰੂਪਾਂਤਰਨ ਦੇ ਕਾਰਨ ਮਨੁੱਖੀ ਸਮਾਜ ਦੇ ਇਹਨਾਂ ਚੰਗੇ ਤੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਮਿਲ ਸਕੇਗੀ। ਜਿਸ ਦੁਆਰਾ ਮਾੜੇ ਪ੍ਰਭਾਵਾਂ ਨੂੰ ਦੂਰ ਕੀਤਾ ਜਾਵੇ ਤੇ ਚੰਗੇ ਪ੍ਰਭਾਵਾਂ ਨੂੰ ਗ੍ਰਹਿਣ ਕਰਕੇ ਸਮਾਜ ਵਿੱਚ ਇਕਰੂਪਤਾ ਬਣੀ ਰਹੇ ,ਟੁੱਟ ਰਹੇ ਪਰਿਵਾਰਕ ਰਿਸ਼ਤਿਆਂ-ਨਾਤਿਆਂ ਨੂੰ ਬਚਾਇਆ ਜਾ ਸਕੇ। ਇਸ ਖੋਜ-ਕਾਰਜ ਵਿੱਚ ਜੋ ਸਿੱਟੇ ਤੇ ਸਥਾਪਨਾਵਾਂ ਪ੍ਰਾਪਤ ਹੋਏ ਹਨ, ਉਨ੍ਹਾਂ ਨੂੰ ਸੂਤਰਿਕ ਸ਼ੈਲੀ ਰਾਹੀਂ ਹੇਠ ਲਿਖੇ ਅਨੁਸਾਰ ਪੇਸ਼ ਕੀਤਾ ਗਿਆ ਹੈ।

ਹਥਲੇ ਖੋਜ-ਕਾਰਜ ਦਾ ਪਹਿਲਾ ਅਧਿਆਇ: **ਸਿਧਾਂਤਕ ਪਿੱਠ ਭੂਮੀ ਹੈ,** ਸਮਕਾਲੀ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਬਹੁਤ ਸਾਰੇ ਕਹਾਣੀਕਾਰ ਕਾਰਜਸ਼ੀਲ ਹਨ। ਪਰੰਤੂ ਅਸੀਂ ਆਪਣੇ ਖੋਜ-ਕਾਰਜ ਦੀਆਂ ਸੀਮਾਵਾਂ ਨੂੰ ਉਲੀਕਦੇ ਹੋਏ ਇਸਨੂੰ ਦੋ ਕਹਾਣੀਕਾਰਾਂ-ਸੁਖਜੀਤ ਤੇ ਵੀਨਾ ਵਰਮਾ ਉੱਤੇ ਕੇਂਦਰਿਤ ਕੀਤਾ ਹੈ। ਇਸ ਅਧਿਆਇ ਵਿੱਚ ਹੇਠ ਲਿਖੇ ਸਿੱਟੇ ਸਾਹਮਣੇ ਆਏ ਹਨ:

1. ਸਮਕਾਲੀ ਪੰਜਾਬੀ ਕਹਾਣੀਕਾਰਾਂ ਵਿੱਚ ਸੁਖਜੀਤ ਤੇ ਵੀਨਾ ਵਰਮਾ ਦਾ ਆਪਣਾ ਉੱਘਾ ਸਥਾਨ ਰੱਖਦੇ ਹਨ। ਉਹਨਾਂ ਨੇ ਕਹਾਣੀ ਜਗਤ ਵਿੱਚ ਆਪਣਾ ਵਡਮੁੱਲਾ ਯੋਗਦਾਨ ਦਿੱਤਾ ਹੈ।
2. ਸਮਕਾਲੀ ਪੰਜਾਬੀ ਕਹਾਣੀ ਦਾ ਸਮੁੱਚਾ ਧਰਾਤਲ ਹੀ ਔਰਤ-ਮਰਦ ਦੀ ਹੀਣੀ ਸਥਿਤੀ ਵਾਲੇ

ਸੰਸਕਾਰਾਂ ਨੂੰ ਤਿਆਗਦਾ, ਵੰਗਾਰਦਾ ਅਤੇ ਪਿੱਛੇ ਛੱਡਦਾ ਹੋਇਆ ਨਵੀਂ ਸਪੇਸ ਦੀ ਮੰਗ ਨੂੰ ਉਤੇਜਿਤ ਕਰ ਰਿਹਾ ਹੈ।

3. ਸਮਕਾਲ ਵਿੱਚ ਔਰਤ ਦਾ ਸਰੂਪ ਜਿੱਥੇ ਅਸੁਰੱਖਿਅਤ, ਅਸ਼ਾਂਤ ਅਤੇ ਸੁੰਗੜਿਆ ਹੋਇਆ ਹੈ, ਉੱਥੇ ਪਹਿਲਾਂ ਨਾਲੋਂ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ, ਧਾਰਮਿਕ, ਆਰਥਿਕ, ਮਨੋਵਿਗਿਆਨ ਅਤੇ ਰਾਜਨੀਤਿਕ ਪੱਖਾਂ ਤੋਂ ਬਦਲਿਆ ਅਤੇ ਵਿਗੜਿਆ ਹੋਇਆ ਵੀ ਹੈ।

4. ਔਰਤ ਦਾ ਡਰਿਆ, ਸਹਿਮਿਆ, ਭੋਲਾ-ਭਾਲਾ, ਸ਼ਰਮੀਲਾ ਅਤੇ ਆਦਰਸ਼ ਸਰੂਪ ਸਮਕਾਲੀ ਪੰਜਾਬੀ ਕਹਾਣੀ ਦਾ ਵਿਸ਼ਾ ਨਹੀਂ ਹੈ। ਬੇਸ਼ੱਕ ਇਹਨਾਂ ਕਹਾਣੀਆਂ ਵਿੱਚ ਪੜ੍ਹੀ-ਲਿਖੀ ਔਰਤ ਦੇ ਵਧੇਰੇ ਫ਼ੈਸਲੇ ਅੱਜ ਵੀ ਪਿਤਰਕੀ ਸਿਸਟਮ ਦੇ ਹੱਥ ਵਿੱਚ ਹਨ, ਪਰ ਹੁਣ ਔਰਤ ਮਰਦ ਅੱਗੇ ਤਰਲੇ ਮਿੰਨਤਾਂ ਨਹੀਂ ਕਰਦੀ, ਸਗੋਂ ਸਥਿਤੀਆਂ-ਪਰਸਥਿਤੀਆਂ ਨਾਲ ਜੂਝਣ ਅਤੇ ਲੜਨ ਦੀ ਸ਼ਕਤੀ ਰੱਖਦੀ ਹੈ।

5. ਸਮਕਾਲ ਵਿੱਚ ਸਦੀਆਂ ਤੋਂ ਬਣੀਆਂ ਔਰਤ ਵਿਰੋਧੀ ਮਿੱਥਾਂ, ਪੈਮਾਨੇ ਅਤੇ ਨੈਤਿਕਤਾ ਕਦਰਾਂ-ਕੀਮਤਾਂ ਸੱਭਿਆਚਾਰਕ ਰੂਪਾਂਤਰਨ ਦੇ ਧਾਰਮਿਕ, ਸਮਾਜਿਕ, ਆਰਥਿਕ, ਮਨੋਵਿਗਿਆਨ ਅਤੇ ਰਾਜਨੀਤਿਕ ਪੱਖ ਤੋਂ ਟੁੱਟ ਰਹੇ ਹਨ। ਭਾਵੇਂ ਕਹਾਣੀ ਵਿੱਚ ਔਰਤ ਇੱਕ ਸ਼ਕਤੀਸ਼ਾਲੀ ਪਾਤਰ ਵਜੋਂ ਸਾਹਮਣੇ ਆਉਂਦੀ ਹੈ, ਪਰ ਅਣਗਿਣਤ ਕਹਾਣੀਆਂ ਔਰਤ ਦੀ ਸ਼ਕਤੀ ਨੂੰ ਸਮਝੌਤਿਆਂ, ਸਮਰਪਣਾਂ, ਅਪ੍ਰਵਾਨਗੀਆਂ ਅਤੇ ਜਿਸਮੀ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਵੀ ਦਿਖਾਉਂਦੀਆਂ ਹਨ।

6. ਇਹਨਾਂ ਕਹਾਣੀਕਾਰਾ ਨੇ ਆਪਣੀਆਂ ਕਹਾਣੀਆਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ, ਮਨੋਵਿਗਿਆਨ ਪੱਖ, ਧਾਰਮਿਕ ਪੱਖ, ਆਰਥਿਕ ਪੱਖ ਅਤੇ ਰਾਜਨੀਤਿਕ ਪੱਖ ਨੂੰ ਬੜੀ ਬੇਬਾਕੀ ਨਾਲ ਇੱਕੀਵੀਂ ਸਦੀ ਦੇ ਪਿਤਰਕੀ ਸਮਾਜ ਦੀ ਵਿਚਾਰਧਾਰਾ, ਔਰਤ ਦੀ ਨਿੱਜੀ ਸੋਚ, ਔਰਤ-ਮਰਦ ਦੇ ਲੁਕਵੇਂ ਅਤੇ ਵਰਜਿਤ ਸੰਬੰਧਾਂ ਦੀ ਘੋਖਵੀਂ ਪੜਤਾਲ ਕਰਦਿਆਂ ਮਾਡਰਨ ਔਰਤ ਦਾ ਬੜਾ ਗੁੰਝਲਦਾਰ ਤੇ ਵਿਦਰੋਹੀ ਮਾਡਲ ਪੇਸ਼ ਕੀਤਾ ਹੈ।

ਦੂਜਾ ਅਧਿਆਇ "**ਸੁਖਜੀਤ ਦੀਆਂ ਕਹਾਣੀਆਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ (ਰਾਜਨੀਤਿਕ ਪੱਖ, ਸਮਾਜਿਕ ਪੱਖ, ਆਰਥਿਕ ਪੱਖ, ਧਾਰਮਿਕ ਪੱਖ, ਮਨੋਵਿਗਿਆਨਕ ਪੱਖ**) ਹੈ। ਇਸ ਅਧਿਆਇ ਦੇ ਵੀ ਹੇਠ ਲਿਖੇ ਸਿੱਟੇ ਸਾਹਮਣੇ ਆਏ ਹਨ:

1. ਇਸ ਅਧਿਆਇ ਵਿੱਚ ਸੁਖਜੀਤ ਨੇ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ, ਸਮਾਜਿਕ, ਆਰਥਿਕ, ਧਾਰਮਿਕ ਅਤੇ ਮਨੋਵਿਗਿਆਨ ਪੱਖਾਂ ਨੂੰ ਸਮਕਾਲੀ ਸਮਾਜ ਵਿੱਚ ਪਾਖੰਡ-ਆਡੰਬਰ ਥੱਲੇ ਲੁਕੇ ਹੋਏ ਕਰੂਪ ਰੂਪ ਦੀ ਨਿਸ਼ਾਨਦੇਹੀ ਕੀਤੀ ਹੈ।
2. ਕਹਾਣੀਕਾਰ ਨੇ ਇਹਨਾਂ ਪੱਖਾਂ ਦੇ ਆਧਾਰ ਤੇ ਕਹਾਣੀਆਂ ਵਿੱਚ ਕਾਮ ਦੇ ਅਨੇਕ ਰੂਪ ਦਿਖਾਈ ਦਿੰਦੇ ਹਨ ਜਿਹਨਾਂ ਵਿੱਚ ਪਵਿੱਤਰਤਾ ਦੀ ਹੱਦ ਤਕ ਪੂਜੇ ਜਾਂਦੇ ਰਿਸ਼ਤਿਆਂ-ਨਾਤਿਆਂ ਦੀ ਮਿੱਥ ਭੰਜਨ ਵਾਲੇ ਵਿਵਾਦਿਤ ਰੂਪ ਨੂੰ ਵੀ ਛੋਹਿਆ ਗਿਆ ਹੈ।
3. ਇਸ ਤੋਂ ਇਲਾਵਾ ਕਹਾਣੀਕਾਰ ਨੇ ਰਾਜਨੀਤਿਕ, ਭ੍ਰਿਸ਼ਟਾਚਾਰ, ਸਮਾਜਿਕ ਮਨੁੱਖੀ -ਨਾਤਿਆਂ ਦੇ ਬਦਲਦੇ ਸਰੂਪ, ਮਨੋਵਿਗਿਆਨਕ ਪੱਖਾਂ ਤੋਂ ਔਰਤ-ਮਰਦ ਦੇ ਮਨ ਦੀਆਂ ਗੁੰਝਲਾਂ ਅਤੇ ਪਰਤਾਂ ਆਦਿ ਵਿਸ਼ੇ ਸੱਭਿਆਚਾਰਕ ਰੂਪਾਂਤਰਨ ਵਜੋਂ ਕਹਾਣੀਆਂ ਰਾਹੀਂ ਬਾਖੂਬੀ ਪੇਸ਼ ਹੋਏ ਹਨ।
4. ਸੁਖਜੀਤ ਦੀਆਂ ਕਹਾਣੀਆਂ ਭਾਵੇਂ ਕਾਮ, ਪਿਆਰ ਵਰਗੇ ਸਰਬਕਾਲੀ ਥੀਮ ਨਾਲ ਸੰਬੰਧਿਤ ਹੋਣ ਅਤੇ ਭਾਵੇਂ ਡੇਰਾ ਤੰਤਰ ਵਰਗੇ ਸਮਕਾਲੀ ਥੀਮ ਨਾਲ, ਇਹਨਾਂ ਦੇ ਫੋਕਸ ਵਿੱਚ ਅਣਮਨੁੱਖੀ ਵਿਵਹਾਰ ਨੂੰ ਹੀ ਉਭਾਰਿਆ ਗਿਆ ਹੈ।
5. ਕਹਾਣੀਕਾਰ ਵਜੋਂ ਸੁਖਜੀਤ ਦੀ ਖਾਸੀਅਤ ਹੀ ਇਹ ਹੈ ਕਿ ਉਹ ਪਾਤਰ ਮਾਨਸਿਕਤਾ ਤੇ ਵਰਤ-ਵਿਹਾਰ ਵਜੋਂ ਹੀ ਸਮਕਾਲੀ ਸੱਭਿਆਚਾਰਕ ਰੂਪਾਂਤਰਨ ਦੇ ਵੱਖਰੇ-ਵੱਖਰੇ ਪੱਖਾਂ ਤੋਂ ਵਿਵਸਥਾ ਵਿੱਚ ਆਈ ਗਿਰਾਵਟ ਦੇ ਰੂਬਰੂ ਕਰਵਾ ਦਿੰਦਾ ਹੈ।

ਤੀਜਾ ਅਧਿਆਇ "**ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਸੱਭਿਆਚਾਰਕ ਰੂਪਾਂਤਰਨ (ਮਨੋਵਿਗਿਆਨ ਪੱਖ, ਸਮਾਜਿਕ ਪੱਖ, ਆਰਥਿਕ ਪੱਖ, ਧਾਰਮਿਕ ਪੱਖ, ਰਾਜਨੀਤਿਕ ਪੱਖ**) ਸੋ ਇਸ

ਅਧਿਆਇ ਦੇ ਸਿੱਟਿਆਂ ਦਾ ਵੀ ਵਰਣਨ ਹੇਠ ਲਿਖੇ ਅਨੁਸਾਰ ਹੈ:

1. ਵੀਨਾ ਵਰਮਾ ਨੇ ਔਰਤ ਮਰਦ ਦੇ ਵਿਆਹੁਤਾ ਅਤੇ ਬਾਹਰੀ ਲਿੰਗਕ ਸੰਬੰਧਾਂ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਮਨੋਵਿਗਿਆਨ, ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਿਕ ਪੱਖਾਂ ਤੋਂ ਸੰਕੇਤਾਂ ਵਿੱਚ ਪ੍ਰਗਟ ਕਰਨ ਦੀ ਬਜਾਏ ਖੁੱਲ੍ਹ ਕੇ ਬਿਆਨਿਆ ਹੈ।
2. ਵੀਨਾ ਵਰਮਾ 'ਮੁੱਲ ਦੀ ਤੀਵੀਂ' ਤੋਂ ਲੈ ਕੇ 'ਇੱਕ ਕੁੜੀ ਇਕੱਲੀ' ਤਕ ਦਾ ਸਫ਼ਰ ਤੈਅ ਕਰਦੀ ਹੋਈ ਗੁਲਾਮ ਤੋਂ ਆਜ਼ਾਦ ਅਵੱਸਥਾ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਪੱਖ ਤੋਂ ਰੂਪਮਾਨ ਕਰਦੀ ਹੈ।
3. ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਔਰਤ-ਮਰਦ ਦੀ ਮਾਨਸਿਕਤਾ, ਸੁਪਨੇ ਅਤੇ ਜ਼ਿੰਦਗੀ ਦੇ ਵਿਹਾਰਿਕ ਤੱਥਾਂ ਨੂੰ ਬਾਖ਼ੂਬੀ ਪੇਸ਼ ਕੀਤਾ ਹੈ।
4. ਉਸ ਦੀਆਂ ਕਹਾਣੀਆਂ ਸੱਭਿਆਚਾਰਕ ਰੂਪਾਂਤਰਨ ਦੇ ਵਿਭਿੰਨ ਵਿਸਥਾਰਾਂ, ਪਾਸਾਰਾਂ, ਤਣਾਵਾਂ ਅਤੇ ਪਰਤਾਂ ਨੂੰ ਇੰਝ ਪੇਸ਼ ਕਰਦੀ ਹੈ ਜਿਵੇਂ ਹਰ ਕਹਾਣੀ ਵਿੱਚਲੀ ਪਾਤਰ ਉਹ ਖੁਦ ਹੋਵੇ ਅਤੇ ਹਰ ਸੰਕਟ ਉਸਨੇ ਖੁਦ ਹੰਢਾਇਆ ਹੋਵੇ ਤੇ ਹਰ ਖੁਸ਼ੀ ਨੂੰ ਖੁਦ ਮਾਣਿਆ ਹੋਵੇ।
5. ਵੀਨਾ ਵਰਮਾ ਨੇ ਔਰਤ ਦੀ ਗੁਲਾਮੀ ਤੋਂ ਲੈ ਕੇ ਅਜੋਕੀ ਔਰਤ ਦੀ ਸਵੈ-ਚਿੰਤਨ ਨਾਲ ਉਤਪੰਨ ਹੋਈ ਸਵੈ-ਹੋਂਦ ਪ੍ਰਤੀ ਜਾਗਰੂਕਤਾ, ਆਰਥਿਕ-ਸਵੈ-ਨਿਰਭਰਤਾ, ਔਰਤ ਵਿਰੋਧੀ ਸੋਚ ਪ੍ਰਤੀ ਵਿਦਰੋਹ, ਮਾਨਸਿਕ ਅਤੇ ਸਰੀਰਕ ਆਜ਼ਾਦੀ, ਦੇਹਵਾਦੀ ਤੇ ਭੋਗਵਾਦੀ ਰੁਚੀਆਂ ਦਾ ਵਿਸਥਾਰ ਅਤੇ ਔਰਤ ਅੰਦਰਲੀ ਸਕਾਰਾਤਮਕ ਭਾਵੁਕਤਾ ਨੂੰ ਬੜੀ ਬਾਰੀਕੀ ਨਾਲ ਚਿਤਰਿਆ ਹੈ।
6. ਵੀਨਾ ਵਰਮਾ ਨੇ ਸਮਾਜਿਕ ਪੱਖ ਤੋਂ ਇਸ ਤੱਥ ਨੂੰ ਸਪੱਸ਼ਟ ਕੀਤਾ ਹੈ ਕਿ ਮਰਦ ਨੈਤਿਕ ਕਦਰਾਂ-ਕੀਮਤਾਂ ਤੋਂ ਦੂਰ ਜਾਂਦਾ ਹੋਇਆ ਆਪਣੇ ਜੀਵਨ ਨੂੰ ਕਪਟੀ ਕਾਮੀ ਅਤੇ ਸੁਆਰਥੀ ਨਿਰਮੋਇਆ ਬਣਾ ਰਿਹਾ ਹੈ, ਕਿਉਂਕਿ ਉਸ ਦੀਆਂ ਕਹਾਣੀਆਂ ਵਿੱਚ ਔਰਤ ਕੇਂਦਰ ਬਿੰਦੂ ਵਜੋਂ ਭੂਮਿਕਾ ਨਿਭਾਉਂਦੀ ਹੈ, ਜਿਸਨੂੰ ਮਜਬੂਰੀ ਅਤੇ ਬੇਬਸੀ ਦੀ ਹਾਲਤ ਵਿੱਚ ਵੱਖ-ਵੱਖ ਮਰਦਾਂ ਨਾਲ ਪਿਆਰ ਕਰਕੇ ਜਿਨਸੀ ਰਿਸ਼ਤੇ ਕਾਇਮ ਕਰਨੇ ਪੈਂਦੇ ਹਨ।

7. ਉਸ ਅਨੁਸਾਰ ਔਰਤ ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਤਣਾਉ ਨੂੰ ਭੋਗਦੀ ਹੋਈ ਕਸੂਤੀ ਸਥਿਤੀ ਵਿੱਚ ਗੁਜ਼ਰਦੀ ਹੈ।
8. ਸੱਭਿਆਚਾਰਕ ਰੂਪਾਂਤਰਨ ਦੇ ਸਮਾਜਿਕ ਪੱਖ ਤੋਂ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਆਜ਼ਾਦੀ, ਜਿਨਸੀ ਰਿਸ਼ਤਿਆਂ ਵਿੱਚ ਖੁੱਲ੍ਹ, ਖੁੱਲਾਂ ਲਿੰਗਕ ਮਾਹੌਲ, ਜਗੀਰਦਾਰੀ ਕਦਰਾਂ-ਕੀਮਤਾਂ ਕਾਰਨ ਪਰਿਵਾਰਕ ਰਿਸ਼ਤੇ ਖੇਰੂੰ ਖੇਰੂੰ ਹੋ ਰਹੇ ਹਨ।
9. ਵੀਨਾ ਵਰਮਾ ਦੀਆਂ ਕਹਾਣੀਆਂ ਵੀ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਵਜੋਂ ਔਰਤ-ਮਰਦ ਦੇ ਵਿਆਹ ਸੰਬੰਧ, ਬਾਹਰੀ ਸਰੀਰਕ ਸੰਬੰਧ ਅਤੇ ਹੋਰ ਅਨੇਕਾਂ ਸਮੱਸਿਆਵਾਂ ਦੁਆਰਾ ਉੱਭਰਦੀਆਂ ਹਨ। ਦੂਸਰੀਆਂ ਕਹਾਣੀਆਂ ਵਾਂਗ ਸੱਭਿਆਚਾਰਕ ਰੂਪਾਂਤਰਨ ਦੇ ਆਰਥਿਕ ਪੱਖ ਦੇ ਪ੍ਰਭਾਵ ਅਧੀਨ ਮਨੁੱਖ ਦੁਆਰਾ ਹਰ ਤਰ੍ਹਾਂ ਦੀਆਂ ਨੈਤਿਕ ਕਦਰਾਂ-ਕੀਮਤਾਂ ਅਤੇ ਸੰਸਕਾਰਾਂ ਨੂੰ ਪਦਾਰਥਕ ਵਸਤੂਆਂ ਜਾਂ ਪੂੰਜੀਵਾਦੀ ਖਪਤ ਸੱਭਿਆਚਾਰ ਵਿੱਚ ਆ ਕੇ ਖੁੱਲ੍ਹ ਕੇ ਅੰਯਾਸ਼ੀ ਮਾਣਦੇ ਹਨ।

ਚੌਥਾ ਅਧਿਆਇ "**ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਤੁਲਨਾਤਮਕ ਅਧਿਐਨ (ਰਾਜਨੀਤਿਕ ਪੱਖ, ਧਾਰਮਿਕ ਪੱਖ, ਆਰਥਿਕ ਪੱਖ, ਸਮਾਜਿਕ ਪੱਖ, ਮਨੋਵਿਗਿਆਨਕ ਪੱਖ**) ਦੇ ਸਿੱਟੇ ਹੇਠ ਲਿਖੇ ਹਨ:

1. ਦੋਨੋਂ ਕਹਾਣੀਕਾਰਾਂ ਨੂੰ ਆਪਣੇ ਜੀਵਨ ਅਨੁਭਵ ਦੀ ਬਹੁ-ਪਾਸਾਰੀ ਹੋਂਦ ਅਵਸਥਾ ਨੂੰ ਗਲਪੀ ਬਿਰਤਾਂਤ ਦੇ ਕਲਾਤਮਕ ਸੰਗਠਨ ਵਿੱਚ ਢਾਲ ਕੇ ਸਮਕਾਲੀ ਪੰਜਾਬੀ ਕਹਾਣੀ ਖੇਤਰ ਵਿੱਚ ਵਿਸ਼ੇਸ਼ ਤੇ ਵਿਲੱਖਣ ਤੌਰ 'ਤੇ ਉਭਾਰਿਆ ਗਿਆ ਹੈ।
2. ਇਹਨਾਂ ਨੇ ਆਪਣੀਆਂ ਗਲਪ ਰਚਨਾਵਾਂ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਦੇ ਪੱਖ ਤੋਂ ਰਾਜਨੀਤਿਕ, ਧਾਰਮਿਕ, ਆਰਥਿਕ, ਸਮਾਜਿਕ, ਮਨੋਵਿਗਿਆਨਕ ਮਾਨਵੀ ਸਰੋਕਾਰਾਂ ਦੀ ਪਹਿਚਾਣ ਤੇ ਪ੍ਰਸਤੁਤੀ ਕਰਕੇ ਸਮਕਾਲੀ ਪੰਜਾਬੀ ਕਹਾਣੀ ਨੂੰ ਅਮੀਰ ਹੀ ਨਹੀਂ ਬਣਾਇਆ, ਸਗੋਂ ਮੂਲ ਸਮੱਸਿਆਵਾਂ ਦੀ ਪਹਿਚਾਣ ਪ੍ਰਦਾਨ ਕਰਨ ਦਾ ਉੱਦਮ ਕੀਤਾ ਹੈ।

3. ਸੁਖਜੀਤ ਤੇ ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਔਰਤ ਮਰਦ ਦੇ ਵਿਆਹੁਤਾ ਜੀਵਨ ਦੀ ਤਰਾਸਦੀ, ਬਾਹਰੀ ਲਿੰਗਕ ਸੰਬੰਧ, ਅਣਜੋੜ-ਵਿਆਹ ਸੰਬੰਧ, ਪਦਾਰਥਕ ਸੋਚ, ਸਮਝ ਅਤੇ ਪੂੰਜੀਵਾਦ ਦੇ ਬੋਲ-ਬਾਲੇ ਆਦਿ ਨੂੰ ਆਪਣੇ ਨਿੱਜੀ ਅਨੁਭਵਾਂ ਦੇ ਆਧਾਰ 'ਤੇ ਸਮਾਨਤਾਵਾਂ ਅਤੇ ਵੱਖਰਤਾਵਾਂ ਤੋਂ ਬਿਆਨ ਕੀਤਾ ਹੈ।

4. ਜਿਵੇਂ ਕਿ ਸੁਖਜੀਤ ਦੀਆਂ ਕਹਾਣੀਆਂ 'ਆਦਮਖ਼ੋਰ', 'ਹੁਣ ਮੈ ਇੰਜੁਆਏ ਕਰਦੀ ਆਂ' ਅਤੇ 'ਪਾਤਸ਼ਾਹ', ਨੌਂ ਯੁੱਗ, ਕਾਮ-ਬਲੀ ਆਦਿ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਦੂਜੀ ਨਾ ਤੀਜੀ, 'ਛੋਟੀ ਸਰਦਾਰਨੀ' ਅਤੇ 'ਹੋਰ ਉੱਪਰ' ਆਦਿ ਸੱਭਿਆਚਾਰਕ ਰੂਪਾਂਤਰਨ ਦੇ ਤੁਲਨਾਤਮਕ ਅਧਿਐਨ ਤੋਂ ਧਾਰਮਿਕ ਪੱਖ ਨੂੰ ਸਥਾਨਕ ਡੇਰਿਆਂ, ਪਾਖੰਡੀ ਸਾਧੂ-ਸੰਤਾਂ ਤੇ ਮਨੁੱਖੀ ਸਮੂਹ ਦੀ ਅੰਨ੍ਹੀ ਸ਼ਰਧਾ ਨੂੰ ਉਭਾਰਿਆ ਗਿਆ ਹੈ।

5. ਸੁਖਜੀਤ ਦੀਆਂ ਕਹਾਣੀਆਂ 'ਸਤਾਈ ਮੀਲ', ਆਦਮਖ਼ੋਰ, ਪਾਤਸ਼ਾਹ, ਹੁਣ ਮੈਂ ਇੰਜੁਆਏ ਕਰਦੀ ਆਂ' ਆਦਿ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ 'ਪਿਛਲਾ ਦਰਵਾਜ਼ਾ', 'ਦੂਜੀ ਨਾ ਤੀਜੀ', 'ਇੱਕ ਸੀ ਮੈਂ' , ਗੋਲੇ ਕਬੂਤਰ ਅਤੇ 'ਫਰੰਗੀਆਂ ਦੀ ਨੂੰਹ' ਆਦਿ ਸੱਭਿਆਚਾਰਕ ਰੂਪਾਂਤਰਨ ਦੇ ਰਾਜਨੀਤਿਕ ਪੱਖ ਤੋਂ ਭ੍ਰਿਸ਼ਟ ਸਿਆਸੀ ਸਿਸਟਮ, ਮਰਦ ਜਾਤੀ ਵੱਲੋਂ ਔਰਤ ਉੱਪਰ ਹੁੰਦੇ ਜ਼ਬਰ-ਜ਼ੁਲਮ ਅਤੇ ਗ਼ੈਰ-ਕਾਨੂੰਨ ਦੀ ਵਰਤੋਂ ਉੱਤੇ ਕਰੜਾ ਵਿਅੰਗ ਕਰਦੀਆਂ ਹਨ।

6. ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਮੌਜੂਦਾ ਸਿਆਸੀ ਸਿਸਟਮ ਨੂੰ ਚਲਾਉਣ ਵਾਲੀਆਂ ਸ਼ਕਤੀਆਂ ਨੂੰ ਪਛਾਣਦੀਆਂ ਹੋਈ ਉਹਨਾਂ ਤੋਂ ਪਰਦਾ ਉਤਾਰਦੀਆਂ ਹਨ। ਇਹ ਦਿਨੋਂ-ਦਿਨ ਸਿਆਸਤ ਦੇ ਹੋ ਰਹੇ ਅਪਰਾਧੀਕਰਣ, ਮਰਦ ਵੱਲੋਂ ਔਰਤ ਉੱਪਰ ਕੀਤੇ ਜਾ ਰਹੇ ਜ਼ਬਰ-ਜ਼ੁਲਮ ਆਦਿ ਦੇ ਮਸਲਿਆਂ ਨੂੰ ਸਮਾਨਤਾਵਾਂ ਦੇ ਪੱਖ ਤੋਂ ਉਭਾਰਦੀਆਂ ਹਨ।

7. ਇਸ ਤੋਂ ਇਲਾਵਾ ਸੁਖਜੀਤ ਤੇ ਵੀਨਾ ਵਰਮਾ ਦੀਆਂ ਕਹਾਣੀਆਂ ਭਾਵੇਂ ਕਾਮ-ਤ੍ਰਿਪਤੀ, ਅਤ੍ਰਿਪਤੀ, ਪ੍ਰੇਮ-ਪਿਆਰ ਵਰਗੇ ਸਰਬਕਾਲੀ ਥੀਮ ਨਾਲ ਸੰਬੰਧਿਤ ਹੋਣ ਅਤੇ ਭਾਵੇਂ ਡੇਰਾ ਤੰਤਰ, ਦੰਭਵਾਦੀ

ਪ੍ਰਵਿਰਤੀਮੂਲਕ ਵਰਗੇ ਥੀਮ ਨਾਲ ਸੰਬੰਧਿਤ ਹਨ, ਕਿਉਂਕਿ ਸੁਖਜੀਤ ਅਤੇ ਵੀਨਾ ਵਰਮਾ ਦੀ ਕਹਾਣੀਆਂ ਵਿੱਚ ਸਮਾਨਤਾਵਾਂ ਅਤੇ ਵੱਖਰਤਾਵਾਂ ਦੇ ਆਧਾਰ ਤੇ ਪਤੀ-ਪਤਨੀ ਵਿੱਚ ਅਤੇ ਦੰਭਵਾਦੀ, ਪਾਖੰਡੀ ਸਾਧੂ, ਸੰਤਾਂ ਦੀ ਕਾਮ-ਪੂਰਤੀ ਦੇ ਅਨੇਕਾਂ ਰੂਪ ਉੱਭਰੇ ਹਨ, ਜਿਹਨਾਂ ਵਿੱਚ ਪਵਿੱਤਰਤਾ ਦੀ ਹੱਦ ਤਕ ਪੂਜੇ ਜਾਂਦੇ ਰਿਸ਼ਤਿਆਂ-ਨਾਤਿਆਂ ਦੀ ਮਿੱਥ ਭੰਜਨ ਵਾਲੇ ਵਿਵਾਦਿਤ ਰੂਪ ਨੂੰ ਵੀ ਛੋਹਿਆ ਗਿਆ ਹੈ।

ਪੰਜਵਾਂ ਅਧਿਆਇ **"ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥ ਨਾਲ ਤੁਲਨਾਤਮਕ ਅਧਿਐਨ: (ਵੀਨਾ ਵਰਮਾ ਅਤੇ ਸੁਖਜੀਤ ਦੀਆਂ ਕਹਾਣੀਆਂ ਦੇ ਸੰਦਰਭ ਵਿੱਚ)** ਇਸ ਅਧਿਆਇ ਵਿੱਚ ਹੇਠ ਲਿਖੇ ਸਿੱਟੇ ਸਾਹਮਣੇ ਆਏ ਹਨ:

1. ਵੀਨਾ ਵਰਮਾ ਅਤੇ ਸੁਖਜੀਤ ਨੇ ਆਪਣੀਆਂ ਕਹਾਣੀਆਂ ਵਿੱਚ ਗ੍ਰਹਿਸਥ ਸੰਬੰਧ, ਔਰਤ-ਮਰਦ ਸੰਬੰਧ, ਮਰਦ ਦੀ ਔਰਤ ਪ੍ਰਤੀ ਕਬਜ਼ੇ ਦੀ ਭਾਵਨਾ, ਪੰਜਾਬ ਦੀ ਸਮੱਸਿਆ, ਔਰਤ-ਮਰਦ ਦਾ ਸੰਕਲਪ, ਮਾਂ ਦਾ ਆਪਣੀ ਔਲਾਦ ਪ੍ਰਤੀ ਪਿਆਰ ਤੇ ਪੀੜਾ ਦਾ ਸੰਕਲਪ, ਔਰਤ ਦੇ ਸੰਤਾਪ, ਨੈਤਿਕ ਚੁੱਪ, ਦਮਨ ਅਤੇ ਔਰਤ-ਮਰਦ ਦੇ ਜਿਣਸੀ ਸੰਬੰਧ ਆਦਿ ਨੂੰ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਦੀ ਪੇਸ਼ਕਾਰੀ ਦੁਆਰਾ ਸਮਾਨਤਾਵਾਂ ਅਤੇ ਵੱਖਰਤਾਵਾਂ ਤੋਂ ਉਭਾਰਿਆ ਹੈ।
2. ਇਹਨਾਂ ਦੀਆਂ ਕਹਾਣੀਆਂ ਜਿੱਥੇ ਔਰਤ-ਮਰਦ ਦੇ ਮਨ ਦੀਆਂ ਤੰਦਾਂ ਨੂੰ ਫਰੋਲਦੀਆਂ ਮਿੱਥ ਤੇ ਇਤਿਹਾਸਕ ਸੰਕੇਤਾਂ ਦੇ ਸਮਕਾਲੀ/ਆਧੁਨਿਕ ਅਰਥਾਂ ਵੱਲ ਸੰਕੇਤ ਕਰਦੀਆਂ ਹਨ, ਉੱਥੇ ਨਾਲ ਹੀ ਸੱਭਿਆਚਾਰਕ ਰੂਪਾਂਤਰਨ ਦਾ ਯਥਾਰਥਕ ਰੂਪ ਨੂੰ ਸਮਾਨਤਾਵਾਂ ਅਤੇ ਵੱਖਰਤਾਵਾਂ ਦੇ ਪੱਖ ਤੋਂ ਨਵੇਂ ਅਰਥ ਸੰਸਾਰ ਦੀ ਸਿਰਜਣਾ ਵੀ ਕਰਦੀਆਂ ਹਨ। ਜਿੰਨ੍ਹਾਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ:
3. ਪਰੰਪਰਾਗਤ ਰਹੁ-ਰੀਤਾਂ ਅਧੀਨ ਵਿਚਰਦੇ ਔਰਤ-ਮਰਦ ਦਾ ਸੰਘਰਸ਼
4. ਭ੍ਰਿਸ਼ਟਾਚਾਰ, ਦੰਭਵਾਦ, ਸ਼ੋਸ਼ਣ, ਸ਼ੋਸ਼ਿਕ ਤੇ ਆਪਸੀ ਟਕਰਾਅ ਦਾ ਪਰਦਾਫ਼ਾਸ
5. ਔਰਤ-ਮਰਦ ਦੀਆਂ ਪਰਿਵਾਰਕ ਸਮੱਸਿਆਵਾਂ ਦੀ ਪੇਸ਼ਕਾਰੀ

6. ਇਕੱਲਤਾ, ਬੇਗਾਨਗੀ, ਜਾਤ, ਗੋਤ ਅਧੀਨ ਵਿਚਰਦੇ ਔਰਤ-ਮਰਦ ਦੀ ਵਿਅਕਤੀਗਤ ਹੋਂਦ

ਉਪਰੋਕਤ ਰੂਪ ਵਿੱਚ ਪੰਜਾਂ ਅਧਿਆਇਆਂ ਦੇ ਸਿੱਟੇ ਤੇ ਸਥਾਪਨਾਵਾਂ ਦੇ ਅਧਾਰ ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਸੁਖਜੀਤ ਅਤੇ ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਵਿੱਚ ਧਾਰਮਿਕ, ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਮਨੋਵਿਗਿਆਨਕ ਆਦਿ ਪੱਖਾਂ ਨੂੰ ਦੰਭਵਾਦ, ਭ੍ਰਿਸ਼ਟਾਚਾਰ, ਮਨੁੱਖੀ ਰਿਸ਼ਤਿਆਂ-ਨਾਤਿਆਂ ਦੇ ਬਦਲਦੇ ਸਰੂਪ, ਔਰਤ-ਮਰਦ ਦੀਆਂ ਗੁੰਝਲਾਂ, ਲਿੰਗਕ ਜਿਣਸੀ ਸੰਬੰਧ ਆਦਿ ਵਿਸ਼ੇ ਸੱਭਿਆਚਾਰਕ ਰੂਪਾਂਤਰਨ ਦੇ ਯਥਾਰਥ ਪੱਖ ਤੋਂ ਸਮਾਨਤਾਵਾਂ ਅਤੇ ਵੱਖਰਤਾਵਾਂ ਵਜੋਂ ਉਭਾਰੇ ਹਨ।

# ਸਹਾਇਕ ਪੁਸਤਕ-ਸੂਚੀ

# ਪੁਸਤਕ ਸੂਚੀ

**ਮੂਲ ਸਰੋਤ**:


ਸੁਖਜੀਤ. *ਅੰਤਰਾ.* ਚੇਤਨਾ ਪ੍ਰਕਾਸ਼ਨ, 2012.

ਸੁਖਜੀਤ. *ਹੁਣ ਮੈਂ ਇੰਜੁਆਏ ਕਰਦੀ ਆਂ.* ਚੇਤਨਾ ਪ੍ਰਕਾਸ਼ਨ, 2013.

ਸੁਖਜੀਤ. *ਮੈਂ ਜੈਸਾ ਹੂੰ ਮੈਂ ਵੈਸਾ ਕਿਉਂ ਹੂੰ.* ਚੇਤਨਾ ਪ੍ਰਕਾਸ਼ਨ, 2018.

ਸੁਖਜਿਤ. *ਮੈਂ ਅਯਨਘੋਸ਼ ਨਹੀਂ.* ਚੇਤਨਾ ਪ੍ਰਕਾਸ਼ਨ, 2019.

ਵਰਮਾ, ਵੀਨਾ. *ਮੁੱਲ ਦੀ ਤੀਵੀਂ.* ਆਰਸ਼ੀ ਪਬਲਿਸ਼ਰਜ਼, 2004.

ਵਰਮਾ, ਵੀਨਾ. *ਫਰੰਗੀਆਂ ਦੀ ਨੂੰਹ.* ਆਰਸ਼ੀ ਪਬਲਿਸ਼ਰਜ਼, 2012.

ਵਰਮਾ, ਵੀਨਾ. *ਜੋਗੀਆਂ ਦੀ ਧੀ.* ਆਰਸ਼ੀ ਪਬਲਿਸ਼ਰਜ਼, 2012.


## ਪੁਸਤਕ ਸੂਚੀ


ਉੱਪਲ, ਸਵਿੰਦਰ ਸਿੰਘ. *ਪੰਜਾਬੀ ਕਹਾਣੀ: ਸਰੂਪ, ਸਿਧਾਂਤ ਤੇ ਵਿਕਾਸ. ਪਬਲੀਕੇਸ਼ਨ ਬਿਊਰੋ,* ਪੰਜਾਬੀ ਯੂਨੀਵਰਸਿਟੀ,1995.

ਉੱਪਲ, ਸਵਿੰਦਰ ਸਿੰਘ. *ਪੰਜਾਬੀ ਕਹਾਣੀ ਪੁਨਰ ਮੁਲਾਂਕਣ* . ਆਰਸੀ ਪਬਲਿਸ਼ਰਜ਼, 1999.

ਅਟਵਾਲ, ਹਰਜੀਤ. *ਬਰਤਾਨੀਆ ਵਿੱਚ ਪੰਜਾਬੀ ਸੱਭਿਆਚਾਰ.* ਨੈਸ਼ਨਲ ਬੁੱਕ ਸ਼ਾਪ, 1997.

ਅਟਵਾਲ, ਹਰਜੀਤ. *ਬਰਤਾਨੀਆ ਵਿੱਚ ਪੰਜਾਬੀ ਪਰਿਵਾਰਾਂ ਦੀਆਂ ਸਮੱਸਿਆਵਾਂ.* ਸ਼ਿਲਾਲੇਖ ਬੁੱਕਸ, 2000.

ਅਤਰ ਸਿੰਘ. *ਦ੍ਰਿਸ਼ਟੀਕੋਣ.* ਲਾਹੌਰ ਬੁਕ ਸ਼ਾਪ, 1963.

ਅਮਰਜੀਤ ਕੌਰ. *ਪੰਜਾਬੀ ਕਹਾਣੀ : ਸਿਧਾਂਤ ਤੇ ਵਿਕਾਸ.* ਵਾਰਿਸ਼ ਸ਼ਾਹ ਫਾਊਂਡੇਸ਼ਨ, 1998.

ਆਗਿਆਜੀਤ ਸਿੰਘ. *ਅਸਧਾਰਣ ਮਨੋਵਿਗਿਆਨ.* ਪਬਲੀਕੇਸ਼ਨ ਬਿਊਰੋ. ਪੰਜਾਬੀ ਯੂਨੀਵਰਸਿਟੀ, 1994.

ਐਸ.ਪੀ ਸਿੰਘ.*ਪਰਵਾਸੀ ਸਾਹਿਤ ਵਿਚਾਰ ਚਰਚਾ.* ਰਵੀ ਸਾਹਿਤ ਪ੍ਰਕਾਸ਼ਨ, 1999.

ਏਂਗਲਜ, ਫਰੈਂਡਰਿਕ. *ਟੱਬਰ. ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ.* ਪ੍ਰਗਤੀ ਪ੍ਰਕਾਸ਼ਨ, 1978.

ਸਵਰਨ ਸਿੰਘ. (ਪ੍ਰੋ.). *ਪੰਜਾਬੀ ਕਹਾਣੀ ਵਿੱਚ ਲਿੰਗਕ ਰੁਚੀਆਂ.* ਅਮਰ ਪ੍ਰਕਾਸ਼ਨ, ਮਿਤੀਹੀਣ.

ਸਰਬਜੀਤ ਸਿੰਘ. *ਸੰਵਾਦ ਅਤੇ ਸੰਵੇਦਨਾ.* ਦੀਪਕ ਪਬਲਿਸ਼ਰਜ਼, 2009.

ਸੀਤਲ, ਜੀਤ ਸਿੰਘ. *ਪੰਜਾਬੀ ਗਲਪ ਦਾ ਇਤਿਹਾਸ.* ਲਾਹੌਰ ਬੁੱਕ ਸ਼ਾਪ, 1961.

ਸੀਤਲ, ਜੀਤ ਸਿੰਘ. *ਕਹਾਣੀ ਸਿਧਾਂਤ ਤੇ ਆਲੋਚਨਾ.* ਭਾਸ਼ਾ ਵਿਭਾਗ ਪੰਜਾਬ, 1967.

ਸੀਤਲ, ਜੀਤ ਸਿੰਘ. *ਬਦੇਸ਼ੀ ਪੰਜਾਬੀ ਸਾਹਿਤ.* ਪੰਜਾਬੀ ਅਧਿਐਨ ਸਕੂਲ. ਗੁਰੂ ਨਾਨਕ ਦੇਵ ਯੂਨੀਵਰਸਿਟੀ, 1993.

ਸੁਖਵਿੰਦਰ ਕੌਰ (ਡਾ.). *ਅਜੋਕੀ ਪੰਜਾਬੀ ਕਹਾਣੀ ਸਰੋਕਾਰ ਅਤੇ ਸੰਦਰਭ.* ਸੰਗਮ ਪਬਲੀਕੇਸ਼ਨਜ਼, 2014.

ਸੁਰਿੰਦਰਪਾਲ ਸਿੰਘ (ਸੰਪਾ.). *ਪਰਵਾਸੀ ਪੰਜਾਬੀ ਸਾਹਿਤ.* ਗੁਰੂ ਨਾਨਕ ਦੇਵ ਯੂਨੀਵਰਸਿਟੀ, 1990.

ਸੇਠੀ, ਸਪਨਾ. *ਨਾਰੀ ਅਤੇ ਨਾਰੀ ਸਰੋਕਾਰ.* ਸ੍ਰੀ ਪ੍ਰਕਾਸ਼ਨ, 2009.

ਸੰਧਾਵਾਲੀਆ, ਸਰਬਜੀਤ ਕੌਰ. *ਨਾਰੀ ਦਾ ਮੁੱਢਲਾ ਕਦਮ.* ਪੰਜਾਬੀ ਯੂਨੀਵਰਸਿਟੀ, 1996.

ਸੰਧੂ, ਇੰਦਰਜੀਤ ਕੌਰ ਅਤੇ ਅੰਮ੍ਰਿਤ ਕੌਰ. *ਸਿੱਖਿਆ ਮਨੋਵਿਗਿਆਨ.* ਪਬਲੀਕੇਸ਼ਨ ਬਿਊਰੋ. ਪੰਜਾਬੀ ਯੂਨੀਵਰਸਿਟੀ, 1989.

ਸੰਧੂ, ਵਰਿਆਮ ਸਿੰਘ (ਸੰਪਾ.). *ਪੰਜਾਬੀ ਕਹਾਣੀ ਆਲੋਚਨਾ ਰੂਪ ਤੇ ਰੁਝਾਨ.* ਪੰਜਾਬੀ ਸਾਹਿਤ ਅਕਾਦਮੀ, 1995.

ਸੰਧੂ, ਦਵਿੰਦਰ. *ਪੰਜਾਬੀ ਕਹਾਣੀ ਸ਼ਾਸ਼ਤਰ.* ਚੇਤਨਾ ਪ੍ਰਕਾਸ਼ਨ, 2003.

ਸ਼ਰਮਾ, ਨੀਲਮ (ਡਾ.). *ਸੱਭਿਆਚਾਰਕ ਬਦਲਾਓ ਅਤੇ ਪੰਜਾਬੀ ਕਹਾਣੀ.* ਪਰਵਾਜ਼ ਪ੍ਰਕਾਸ਼ਨ, 2014.

ਹਾਵਰਡ,ਫਾਸਟ. *ਸਾਹਿਤ ਅਤੇ ਯਥਾਰਥ.* ਲੋਕਾਇਤ ਪ੍ਰਕਾਸ਼ਨ, 1985.

ਹਰਪ੍ਰੀਤ ਕੌਰ. *ਨਾਰੀਵਾਦ.* ਲੋਕਗੀਤ ਪ੍ਰਕਾਸ਼ਨ, 2003.

ਹਰਿਭਜਨ ਸਿੰਘ. *ਅਧਿਐਨ ਤੇ ਅਧਿਆਪਨ.* ਨਵਚੇਤਨ ਪਬਲਿਸ਼ਰਜ਼, 1970.

ਹਰਿਭਜਨ ਸਿੰਘ. *ਸਾਹਿਤ ਅਧਿਐਨ.* ਗੁਰੂ ਨਾਨਕ ਦੇਵ ਯੂਨੀਵਰਸਿਟੀ, 1981.

ਹਰਿਭਜਨ ਸਿੰਘ. *ਸਾਹਿਤ ਸ਼ਾਸਤਰ.* ਨਵਚੇਤਨ ਪਬਲਿਸ਼ਰਜ਼, 1993.

ਹਾਵਰਡ,ਫਾਸਟ. *ਸਾਹਿਤ ਅਤੇ ਯਥਾਰਥ.* ਲੋਕਾਇਤ ਪ੍ਰਕਾਸ਼ਨ, 1985.

ਕਸੇਲ, ਕਿਰਪਾਲ ਸਿੰਘ, ਪ੍ਰਮਿੰਦਰ ਸਿੰਘ ਤੇ ਲਾਂਬਾ, ਗੋਬਿੰਦ ਸਿੰਘ. *ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ.* ਲਾਹੌਰ ਬੁੱਕ ਸ਼ਾਪ, 2009.

ਕਲਸੀ, ਸੁਰਿੰਦਰ. *ਕਨੇਡਾ ਵਿੱਚ ਪੰਜਾਬੀ ਸੱਭਿਆਚਾਰ.* ਲੋਕਾਇੱਕ ਪ੍ਰਕਾਸ਼ਨ,1998.

ਕਲਸੀ, ਸੁਰਿੰਦਰ. *ਪੰਜਾਬੀ ਕਨੇਡੀਅਨ ਸਾਹਿਤ.* ਲੋਕਾਇਤ ਪ੍ਰਕਾਸ਼ਨ, 1998.

ਕਿਸ਼ਨ ਸਿੰਘ. *ਸਾਹਿਤ ਦੇ ਸੋਮੇ.* ਪੰਜਾਬੀ ਸਾਹਿਤ ਪ੍ਰਕਾਸ਼ਨ, 1967.

ਕਿਸ਼ਨ ਸਿੰਘ. *ਸਾਹਿਤ ਦੀ ਸਮਝ.* ਸੇਧ ਪ੍ਰਕਾਸ਼ਨ, 1974.

ਕੇਸਰ, ਕੇਸਰ ਸਿੰਘ. *ਵਰਗ ਸੰਘਰਸ਼ ਤੇ ਗਲਪ ਸਾਹਿਤ.* ਰਘਬੀਰ ਰਚਨਾ ਪ੍ਰਕਾਸ਼ਨ, 1992

ਕੇਸਰ, ਜਸਬੀਰ ਕੌਰ (ਅਨੁ. ਤੇ ਸੰਪਾ.). *ਔਰਤ ਆਜ਼ਾਦ ਹੈ?.* ਲੋਕਗੀਤ ਪ੍ਰਕਾਸ਼ਨ, 2004.

ਕੁਮਾਰ, ਪ੍ਰਵੀਨ. *ਪੰਜਾਬੀ ਕਵਿਤਾ ਤੇ ਉੱਤਰ ਨਾਰੀਵਾਦ.* ਲੋਕਗੀਤ ਪ੍ਰਕਾਸ਼ਨ, 2014.

ਕੁਮਾਰ, ਰਵਿੰਦਰ. *ਔਰਤ ਤੇ ਦਲਿਤ ਹਾਸ਼ੀਆਗਤ ਪ੍ਰਵਚਨ: ਨਵ ਇਤਿਹਾਸਕਾਰੀ ਪਰਿਪੇਖ.* ਲੋਕਗੀਤ ਪ੍ਰਕਾਸ਼ਨ, 2005.

ਖਹਿਰਾ, ਭੁਪਿੰਦਰ ਸਿੰਘ. *ਲੋਕਯਾਨ ਭਾਸ਼ਾ ਅਤੇ ਸੱਭਿਆਚਾਰ.* ਪੈਪਸੂ ਬੁੱਕ ਡਿਪੋ, 1986.

ਗਾਸੋ, ਓਮ ਪ੍ਰਕਾਸ਼. *ਪੰਜਾਬੀ ਸੱਭਿਆਚਾਰ.* ਪਬਲੀਕੇਸ਼ਨ ਬਿਊਰੋ. ਪੰਜਾਬੀ ਯੂਨੀਵਰਸਿਟੀ, 1988.

ਗੁਰਚਰਨ ਸਿੰਘ. *ਪੰਜਾਬੀ ਗਲਪਕਾਰ.* ਹਿੰਦ ਪਬਲਿਸ਼ਰਜ਼ ਲਿਮਟਿਡ, 1954.

ਗੁਰਭਗਤ ਸਿੰਘ. *ਕਾਵਿ-ਸ਼ਾਸ਼ਤਰ ਦੇਹ ਅਤੇ ਕ੍ਰਾਂਤੀ.* ਵਿਚਾਰ ਪ੍ਰਕਾਸ਼ਨ, 1998.

ਗੁਰਮੀਤ ਕੌਰ. *ਪੰਜਾਬੀ ਕਹਾਣੀ: ਅਰਥਾਂ ਦੀ ਤਲਾਸ਼.* ਲੋਕਗੀਤ ਪ੍ਰਕਾਸ਼ਨ, 2009.

ਗੁਰਪ੍ਰੀਤ ਸਿੰਘ (ਡਾ.). *ਪਰਵਾਸੀ ਪੰਜਾਬੀ ਗਲਪ ਸਾਹਿਤ ਬਦਲਦੇ ਪਰਿਪੇਖ.* ਲਾਹੌਰ ਬੁੱਕ ਸ਼ਾਪ, 2019.

ਗਿੱਲ, ਸਿਮਰਜੀਤ. *ਨਾਰੀ ਦਾ ਹਾਸ਼ੀਆਗਤ ਅਸਤਿਤਵ.* ਲੋਕਗੀਤ ਪ੍ਰਕਾਸ਼ਨ, 2014.

ਘੁੰਮਣ, ਬਿਕਰਮ ਸਿੰਘ. *ਪੰਜਾਬੀ ਨਿੱਕੀ ਕਹਾਣੀ ਸਿਧਾਂਤ ਸਰੂਪ ਤੇ ਵਿਕਾਸ.* ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, 1989. ਚਰਨਜੀਤ ਕੌਰ. *ਨਾਰੀ ਚੇਤਨਾ.* ਲੋਕਗੀਤ ਪ੍ਰਕਾਸ਼ਨ, 1999.

ਚੰਦਨ, ਸਵਰਨ. *ਦਵੰਦਵਾਦੀ ਸਮੀਖਿਆ ਪਰਣਾਲੀ.* ਸੂਰਜ ਪਬਲੀਕੇਸ਼ਨ, 1993ਜਗਦੀਪ ਸਿੰਘ. *ਬਰਤਾਨਵੀਂ ਪੰਜਾਬੀ ਨਾਵਲ ਰਿਸ਼ਤਿਆਂ ਦੇ ਬਦਲਦੇ ਸਰੂਪ.* ਰਵੀ ਸਾਹਿਤ ਪ੍ਰਕਾਸ਼ਨ, 2003.

ਜਸਪਾਲ ਸਿੰਘ. *ਸਮਾਜ ਵਿਗਿਆਨ ਕੀ ਹੈ.* ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, 1986.

ਜਸਵਿੰਦਰ ਸਿੰਘ (ਡਾ.). *ਬਿਰਤਾਂਤ ਸ਼ਾਸਤਰ ਅਤੇ ਵਰਿਆਮ ਸਿੰਘ ਦੀ ਕਹਾਣੀ ਕਲਾ.* ਸਿੰਘ ਬ੍ਰਦਰਜ, 2005

ਜਸਵਿੰਦਰ ਸਿੰਘ (ਡਾ.). *ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ.* ਗਰੇਸ਼ੀਅਸ ਪ੍ਰਕਾਸ਼ਨ, 2014.

ਜਸਵਿੰਦਰ ਸਿੰਘ. *ਸਾਹਿਤ ਵਿਗਿਆਨ.* ਨਵਚੇਤਨ ਪਬਲਿਸ਼ਰਜ਼, 1978.

ਜਗਦੀਪ ਸਿੰਘ. *ਬਰਤਾਨਵੀਂ ਪੰਜਾਬੀ ਨਾਵਲ ਰਿਸ਼ਤਿਆਂ ਦੇ ਬਦਲਦੇ ਸਰੂਪ.* ਰਵੀ ਸਾਹਿਤ ਪ੍ਰਕਾਸ਼ਨ, 2003.

ਜਗਮੋਹਨ ਸਿੰਘ. *ਸਾਹਿਤ ਖੋਜ ਅਤੇ ਸਾਹਿਤ ਆਲੋਚਨਾ.* ਲੋਕਗੀਤ ਪ੍ਰਕਾਸ਼ਨ, 1992.

ਜਗਬੀਰ ਸਿੰਘ (ਡਾ.). *ਸਮਕਾਲੀ ਪੰਜਾਬੀ ਬਿਰਤਾਂਤ.* ਚੇਤਨਾ ਪ੍ਰਕਾਸ਼ਨ, 2006.

ਜੋਸ਼ੀ, ਜੀਤ ਸਿੰਘ (ਡਾ.). *ਪੰਜਾਬੀ ਕਹਾਣੀ ਬਦਲਦੇ ਪਰਿਪੇਖ.* ਵਾਰਿਸ ਸ਼ਾਹ ਫ਼ਾਊਂਡੇਸ਼ਨ, 1997.

ਜੰਮੂ. ਪ੍ਰਕਾਸ਼ ਸਿੰਘ. (ਅਨੁ.). *ਮਨੁੱਖੀ ਸਮਾਜ.* (ਅਨੁ. ਡੇਵਿਸ ਕਿੰਗਲੇ). ਪੰਜਾਬੀ ਯੂਨੀਵਰਸਿਟੀ, ਮਿਤੀਹੀਣ.

ਟਿਵਾਣਾ, ਦਲੀਪ ਕੌਰ (ਡਾ.). *ਪੰਜਾਬੀ ਕਹਾਣੀ ਦੇ ਪਾਤਰ (ਵਿਧੀ ਤੇ ਵਿਹਾਰ).* ਚੇਤਨਾ ਪ੍ਰਕਾਸ਼ਨ, 2013.

ਢਿਲੋਂ, ਕਰਨਲ ਚੰਨਣ ਸਿੰਘ. *ਇੱਕੀਵੀਂ ਸਦੀ: ਨਾਰੀ ਦੀ ਚੜ੍ਹਦੀ ਕਲਾ.* ਜਸਵੰਤ ਪ੍ਰਿੰਟਰਜ਼, 2001.

ਥਿੰਦ. ਸੁਖਪਾਲ ਸਿੰਘ. (ਡਾ.). *ਬਿਰਤਾਂਤ ਸ਼ਾਸਤਰ ਉਤਰ-ਆਧੁਨਿਕ ਪਰਿਪੇਖ.* ਮਨਪ੍ਰੀਤ ਪ੍ਰਕਾਸ਼ਨ, 2002.

ਦਰਦ, ਹੀਰਾ ਸਿੰਘ (ਸੰਪਾ.). *ਪੰਜਾਬੀ-ਸਧਰਾਂ ਅਰਥਾਤ ਪੰਜਾਬੀ ਦੀਆਂ ਚੁਣਵੀਆਂ ਮੌਲਿਕ ਕਹਾਣੀਆਂ*. ਲਾਹੌਰ ਬੁੱਕ ਸ਼ਾਪ, 1940.

ਦਵਿੰਦਰ ਪ੍ਰੀਤ. *ਅਜੋਕੀ ਔਰਤ: ਦਸ਼ਾ ਤੇ ਦਿਸ਼ਾ*. ਰਘਬੀਰ ਰਚਨਾ ਪ੍ਰਕਾਸ਼ਨ, 2012

ਦਿਲ, ਬਲਬੀਰ ਸਿੰਘ. *ਪੰਜਾਬੀ ਕਹਾਣੀ ਦਾ ਵਿਕਾਸ*. ਲਾਹੌਰ ਬੁੱਕ ਸ਼ਾਪ, 1952.

ਦਿਓਲ, ਹਰਭਜਨ ਸਿੰਘ. *ਸਾਹਿਤ ਸਮਾਜ ਤੇ ਰਾਜਨੀਤੀ*. ਨੈਸ਼ਨਲ ਬੁੱਕ ਸ਼ਾਪ, 2001.

ਧਨਵੰਤ ਕੌਰ. *ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ ਸ਼ਾਸ਼ਤਰੀ ਅਧਿਐਨ*. ਆਰਸੀ ਪਬਲਿਸ਼ਰਜ਼, 1994.

ਧਨਵੰਤ ਕੌਰ (ਡਾ.). *ਆਧੁਨਿਕ ਪੰਜਾਬੀ ਕਹਾਣੀ : ਬਿਰਤਾਂਤ ਸ਼ਾਸਤਰੀ ਅਧਿਐਨ*. ਆਰਸੀ ਪਬਲੀਸ਼ਰਜ਼, 1994.

ਧਾਲੀਵਾਲ, ਬਲਦੇਵ ਸਿੰਘ. *ਪੰਜਾਬੀ ਕਹਾਣੀ ਇੱਕ ਸਦੀ ਇਤਿਹਾਸਮੂਲਕ ਪ੍ਰਵਚਨ*. ਰਵੀ ਸਾਹਿਤ ਪ੍ਰਕਾਸ਼ਨ, 2002.

ਧਾਲੀਵਾਲ, ਬਲਦੇਵ ਸਿੰਘ(ਡਾ.). *ਪੰਜਾਬੀ ਕਹਾਣੀ ਦਾ ਇਤਿਹਾਸ* . ਪੰਜਾਬੀ ਅਕਾਦਮੀ, 2006.

ਧਾਲੀਵਾਲ, ਬਲਦੇਵ ਸਿੰਘ. *ਵਿਸ਼ਵੀਕਰਨ ਤੇ ਪੰਜਾਬੀ ਕਹਾਣੀ*. ਮਨਪ੍ਰੀਤ ਪ੍ਰਕਾਸ਼ਨ, 2005.

ਧਾਲੀਵਾਲ, ਬਲਦੇਵ ਸਿੰਘ. *ਆਧੁਨਿਕ ਪੰਜਾਬੀ: ਕਹਾਣੀ ਦ੍ਰਿਸ਼ਟੀਮੂਲਕ ਪਰਿਪੇਖ*. ਲੋਕਗੀਤ ਪ੍ਰਕਾਸ਼ਨ, 2007.

ਧਾਲੀਵਾਲ, ਬਲਦੇਵ ਸਿੰਘ. *ਆਧੁਨਿਕ ਪੰਜਾਬੀ ਕਹਾਣੀ : ਦ੍ਰਿਸ਼ਟੀਮੂਲਕ ਅਧਿਐਨ*. ਚੇਤਨਾ ਪ੍ਰਕਾਸ਼ਨ, 2007.

ਧਾਲੀਵਾਲ, ਬਲਦੇਵ ਸਿੰਘ (ਡਾ.). *ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ*. ਲੋਕਗੀਤ ਪ੍ਰਕਾਸ਼ਨ ,2007.

ਧਾਲੀਵਾਲ, ਬਲਦੇਵ ਸਿੰਘ. *ਪੰਜਾਬੀ ਕਹਾਣੀ ਦੀਆਂ ਪਰਤਾਂ*. ਚੇਤਨਾ ਪ੍ਰਕਾਸ਼ਨ, 2009. .

ਧਾਲੀਵਾਲ, ਬਲਦੇਵ ਸਿੰਘ. *ਇੱਕੀਵੀਂ ਸਦੀ ਅਤੇ ਪੰਜਾਬੀ ਕਹਾਣੀ*. ਲੋਕਗੀਤ ਪ੍ਰਕਾਸ਼ਨ, 2014.

ਧੀਰ. ਕੁਲਦੀਪ ਸਿੰਘ (ਡਾ.). *ਤੁਲਨਾਤਮਕ ਸਾਹਿਤ : ਸਿਧਾਂਤ ਤੇ ਵਿਹਾਰ*. ਪੰਜਾਬੀ ਯੂਨੀਵਰਸਿਟੀ,

1995.

ਨਹਿਰੂ, ਜੋਗਿੰਦਰ ਸਿੰਘ. (ਸੰਪਾ.). *ਕਹਾਣੀ ਦੀ ਵਿਧਾ.* ਲੋਕਗੀਤ ਪ੍ਰਕਾਸ਼ਨ, 2005.

ਪਰਮਪਾਲ ਸਿੰਘ. *ਸੁਖਜੀਤ ਦੀਆਂ ਕਹਾਣੀਆਂ : ਥੀਮ-ਵਿਗਿਆਨਿਕ ਅਧਿਐਨ.* ਲੋਕਗੀਤ ਪ੍ਰਕਾਸ਼ਨ, 2010.

ਪਰਮਜੀਤ ਸਿੰਘ. *ਮਾਰਕਸਵਾਦ ਨਵ-ਮਾਰਕਸਵਾਦ ਅਤੇ ਉੱਤਰ ਆਧੁਨਿਕਤਾਵਾਦ.* ਲੋਕਗੀਤ ਪ੍ਰਕਾਸ਼ਨ, 2006.

ਪਰਮਜੀਤ ਕੌਰ. *ਨਾਰੀਵਾਦ ਤੇ ਸਾਹਿਤ.* ਅਜੰਤਾ ਬੁਕਸ ਇੰਟਰਨੈਸ਼ਨਲ, 2000.

ਪਰਮਜੀਤ ਕੌਰ ਤੇ ਮਿੱਤਲ, ਵਿਨੋਦ. *ਨਾਰੀਵਾਦ ਤੇ ਸਾਹਿਤ ਸਮੀਖਿਆ.* ਆਬ ਪਬਲੀਕੇਸ਼ਨਜ਼, 2013.

ਫਰੈਂਕ, ਗੁਰਬਖਸ਼ ਸਿੰਘ. *ਨਿੱਕੀ ਕਹਾਣੀ ਅਤੇ ਪੰਜਾਬੀ ਨਿੱਕੀ ਕਹਾਣੀ.* ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, 1998.

ਫ਼ਰੈਂਕ, ਗੁਰਬਖ਼ਸ਼ ਸਿੰਘ (ਪ੍ਰੋ.). *ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ.* ਵਾਰਿਸ਼ ਸ਼ਾਹ ਫ਼ਾਊਂਡੇਸ਼ਨ, 2015.

ਬਰਾੜ, ਬਲਵਿੰਦਰ ਕੌਰ. *ਨਾਰੀਵਾਦ: ਸਿਧਾਂਤ. ਚਿੰਤਨ ਤੇ ਵਿਹਾਰ.* ਪੰਜਾਬੀ ਯੂਨੀਵਰਸਿਟੀ, 2002.

ਬਾਜਵਾ, ਗੁਰਦੀਸ਼ ਕੌਰ. *ਔਰਤ ਸ਼ਸ਼ਕਤੀਕਰਣ: ਸੰਕਲਪ ਤੇ ਰੂਪ.* ਚੇਤਨਾ ਪ੍ਰਕਾਸ਼ਨ, 2013.

ਬੇਅੰਤ ਕੌਰ. *ਨਾਰੀਵਾਦੀ ਚਿੰਤਨ: ਪਰਿਪੇਖ ਤੇ ਵਿਹਾਰ.* ਪੰਜਾਬੀ ਯੂਨੀਵਰਸਿਟੀ, 2002.

ਭੀਮ ਇੰਦਰ ਸਿੰਘ (ਸੰਪਾ.). *ਵਿਸ਼ਵੀਕਰਨ: ਵਿਸ਼ਲੇਸ਼ਣ ਅਤੇ ਵਿਵੇਚਨ.* ਕੁਕਨੂਸ ਪ੍ਰਕਾਸ਼ਨ, 2006.

ਭੁਪਿੰਦਰ ਸਿੰਘ. *ਪੰਜਾਬੀ ਕਹਾਣੀ ਸਮਾਜਿਕ ਸਰੋਕਾਰ ਤੇ ਦ੍ਰਿਸ਼ਟੀ.* ਲੋਕਗੀਤ ਪ੍ਰਕਾਸ਼ਨ, 2009.

ਮਾਨ, ਜਸਪਾਲ ਸਿੰਘ. *ਪੰਜਾਬੀ ਕਹਾਣੀ ਵਿੱਚ ਰਾਜਨੀਤਿਕ ਚੇਤਨਾ.* ਲਾਹੌਰ ਬੁੱਕ ਸ਼ਾਪ, 1986.

ਮੇਜਰ ਸਿੰਘ.*ਆਧੁਨਿਕ ਪੰਜਾਬੀ ਗਲਪ ਸਿਧਾਂਤ ਤੇ ਸਮੀਖਿਆ.* ਪੰਜਾਬੀ ਸਾਹਿਤ ਪਬਲੀਕੇਸ਼ਨਜ਼, 2017.

ਰਘਬੀਰ ਸਿੰਘ. *ਯਥਾਰਥੀ.* ਰਵੀ ਸਾਹਿਤ ਪ੍ਰਕਾਸ਼ਨ, 1986.

ਰਵੀ. ਰਵਿੰਦਰ ਸਿੰਘ. *ਵਿਰਸਾ ਤੇ ਵਰਤਮਾਨ.* ਪੰਜਾਬ ਪ੍ਰਕਾਸ਼ਨ, 1986.

ਰਵੀ, ਰਵਿੰਦਰ. *ਪੰਜਾਬੀ ਕਹਾਣੀ ਅਧਿਐਨ.* ਰਵੀ ਸਾਹਿਤ ਪ੍ਰਕਾਸ਼ਨ, 1998.

ਰਜਨੀਸ਼ ਬਹਾਦਰ ਸਿੰਘ (ਡਾ.). *ਸਮਕਾਲੀ ਪੰਜਾਬੀ ਕਹਾਣੀ : ਪਾਠਗਤ ਅਧਿਐਨ.* ਚੇਤਨਾ ਪ੍ਰਕਾਸ਼ਨ, 2005.

ਰਾਹੀ, ਜੋਗਿੰਦਰ ਸਿੰਘ ਅਤੇ ਰਮਿੰਦਰ ਕੌਰ. *ਪੰਜਾਬੀ ਕਹਾਣੀ ਦਾ ਸਫ਼ਰ ਤੇ ਸ਼ਾਸਤਰ.* ਸਿੰਘ ਬ੍ਰਦਰਜ਼, 2009.

ਰਾਣੀ, ਰਜਨੀ. *ਨਾਰੀਵਾਦ ਚਿੰਤਨ ਅਤੇ ਪੰਜਾਬੀ ਕਹਾਣੀ.* ਐਮ. ਪੀ. ਪ੍ਰਕਾਸ਼ਨ, 2006

ਵਨੀਤਾ (ਸੰਪਾ.). *ਵੀਹਵੀਂ ਸਦੀ ਦਾ ਨਾਰੀ ਪੰਜਾਬੀ ਸਾਹਿਤ.* ਸਾਹਿਤ ਅਕਾਦੇਮੀ, 2002.

ਵਿਨੋਦ, ਟੀ.ਆਰ. *ਸਾਹਿਤ ਅਤੇ ਚਿੰਤਨ.* ਮਦਾਨ ਪਬਲਿਸ਼ਰਜ਼, 1976.

**ਪੱਤ੍ਰਿਕਾਵਾਂ:**

ਆਲੋਚਨਾ, ਲੁਧਿਆਣਾ (ਨਾਰੀ ਸਾਹਿਤ: ਨਾਰੀ ਨਜ਼ਰੀਆ ਵਿਸ਼ੇਸ਼ ਅੰਕ-219)

ਸਮਕਾਲੀ ਸਾਹਿਤ, ਦਿੱਲੀ (ਮਹਿਲਾ ਲੇਖਕ ਵਿਸ਼ੇਸ਼ ਅੰਕ-62)

ਖੋਜ ਪੱਤ੍ਰਿਕਾ, ਪਟਿਆਲਾ (ਵੀਹਵੀਂ ਸਦੀ ਦਾ ਪੰਜਾਬੀ ਗਲਪ ਵਿਸ਼ੇਸ਼ ਅੰਕ-50)

ਕਹਾਣੀਧਾਰਾ, ਜਲੰਧਰ

ਸ਼ਬਦ, ਜਲੰਧਰ

ਲਕੀਰ, ਜਲੰਧਰ (ਸੁਖਜੀਤ ਦੀ ਕਹਾਣੀ ਨੂੰ ਸਮਝਦਿਆਂ)

ਸਮਦਰਸ਼ੀ, ਦਿੱਲੀ (ਪੰਜਾਬੀ ਗਲਪ ਵਿੱਚ ਨੈਤਿਕ-ਰਾਜਨੀਤਿਕ ਪ੍ਰਸਥਿਤੀਆਂ : ਕਹਾਣੀ ਮੈਂ ਰੇਪ ਨੂੰ ਇੰਜੁਆਏ ਕਰਦੀ ਆਂ ਦੇ ਪ੍ਰਸੰਗ ਵਿੱਚ)

ਪੰਜਾਬੀ ਦੁਨੀਆਂ, ਪਟਿਆਲਾ (ਸੱਭਿਆਚਾਰ ਵਿਸ਼ੇਸ਼ ਅੰਕ)

**ਸੰਦਰਭ ਗ੍ਰੰਥ:**


ਨਾਭਾ, ਕਾਨ੍ਹ ਸਿੰਘ. *ਗੁਰ ਸਬਦ ਰਤਨਾਕਰ ਮਹਾਨ ਕੋਸ਼.* ਭਾਸ਼ਾ ਵਿਭਾਗ, 1981.

ਜੱਗੀ, ਰਤਨ ਸਿੰਘ (ਸੰਪਾ.). *ਸਾਹਿਤ ਕੋਸ਼ : ਪਰਿਭਾਸ਼ਿਕ ਸ਼ਬਦਾਵਲੀ.* ਪੰਜਾਬੀ ਯੂਨੀਵਰਸਿਟੀ, 1989.


**ਹਿੰਦੀ ਪੁਸਤਕਾਂ:**


ਉਪਧਿਆਇ, ਦੇਵਰਾਜ. *ਆਧੁਨਿਕ ਹਿੰਦੀ ਕਥਾ ਸਾਹਿਤਯ ਔਰ ਮਨੋਵਿਗਿਆਨ.* ਸਾਹਿਤਯ ਭਵਨ, 1984.

ਅਗਰਵਾਲ, ਲਕਸ਼ਮੀ ਨਾਰਾਯਣ *ਮਨੋਵਿਗਿਆਨ ਕਾ ਇਤਿਹਾਸ.*, 2000.

ਅਗਿਆਤ. *ਮੈਂ ਨਾਰੀ ਤੁਮ ਪੁਰਸ਼.* ਸਮੀਰ ਪ੍ਰਕਾਸ਼ਨ, 1983

ਕੰਵਰਪਾਲ ਸਿੰਘ. (ਸੰਪਾ.). *ਸਾਹਿਤਯ ਔਰ ਰਾਜਨੀਤੀ.* ਰੀਨਾ ਰਾਏ ਭਾਸ਼ਾ ਪ੍ਰਕਾਸ਼ਨ, 1981.

ਗੌਤਮ, ਸੱਤਪਾਲ. *ਸਮਾਜ ਦਰਸ਼ਨ.* ਹਰਿਆਣਾ. ਸਾਹਿਤਯ ਅਕਾਦਮੀ, 1991.

ਚੋਪੜਾ, ਲਕਸ਼ਮੇਂਦਰ. *ਜਨ ਸੰਚਾਰ ਕਾ ਸਮਾਜ ਸ਼ਾਸਤਰ.* ਪੰਚਕੂਲਾ ਆਧਾਰ ਪ੍ਰਕਾਸ਼ਨ, 2002.

ਜੈਨ, ਨਿਰਮਲਾ. *ਸਾਹਿਤਯ ਕਾ ਸਮਾਜ ਸ਼ਾਸਤਰੀ ਚਿੰਤਨ.* ਵਿਸ਼ਵ ਵਿਦਿਆਲਯ. ਕਾਰਯ ਨਵਯ ਨਿਦੇਸ਼ਾਲਯ, 1986.

ਦੁੱਬੇ, ਸਿਆਮਚਰਣ. *ਮਾਨਵ ਔਰ ਸੰਸਕ੍ਰਿਤੀ.* ਰਾਜਕਮਲ ਪ੍ਰਕਾਸ਼ਨ, 1982.

ਨਵਲ, ਨਰੋਤਮ (ਅਨੁ.). *ਮਾਨਵਵਾਦ ਔਰ ਸਾਹਿਤਯ.* ਰਾਧਾਕ੍ਰਿਸ਼ਨ ਪ੍ਰਕਾਸ਼ਨ, 1972.

ਨਯਰ, ਰੇਣੂਕਾ. *ਨਾਰੀ ਸਵਤੰਤਰਤਾ ਕੇ ਬਦਲਤੇ ਰੂਪ.* ਅਭਿਸ਼ੇਕ ਪਬਲੀਕੇਸ਼ਨ, 1990.

ਮੋਹਨ ਨਰੇਂਦ. ਦੇਵੇਦੁਈਸਰ (ਸੰਪਾ.). *ਵਿਦਰੋਹ ਔਰ ਸਾਹਿਤ.* ਸਾਹਿਤਯ ਭਾਰਤੀ, 1974.

ਯਾਦ, ਰਾਜੇਂਦਰ. *ਕਹਾਨੀ ਅਨੁਭਵ ਔਰ ਅਭਿਵਿਅਕਤੀ.* ਵਾਣੀ ਪ੍ਰਕਾਸ਼ਨ, 2001.

ਰਾਹਲ, ਸ਼ੰਕਰਤਾਇਨ. *ਮਾਨਵ ਸਮਾਜ.* ਲੋਕ ਭਾਰਤੀ ਪ੍ਰਕਾਸ਼ਨ, 1982.

ਸ਼ਰਮਾ, ਰਾਮਨਾਥ. *ਸਮਾਜਿਕ ਚਿੰਤਨ ਕਾ ਇਤਿਹਾਸ.* ਰਾਜਹੰਸ ਪ੍ਰੈੱਸ, ਮਿਤੀਹੀਣ.


**ENGLISH BOOKS:**

Anwar, Mohammad. *Between two Cultures. A Study of Relationship Between Generation in the Asian Society in Britain.* CRE, 1981.

Bleunt, Ben.G. (ed.). *Lenguage. Culture and Society*. Winthrop. Publishers, 1974.

Eliet, T.S. *Netes towards the definition or culture.* Faber and Faber ltd, 1972.

Fast, Howard. *Literature and Reality.* People's Publishers, 1995.

George, M.Fester. *Traditional Societies and Technological Changes.* Allied Publishers, 1962.

Hunt, Karlin. *Society Today and Tomorrow.* The Macmillien Company, 1964.

Kerolyeu,B.L. *Real Socialism and Ideelogical Struggle.* Progress Publishers, 1983.

Kreeber, A.L. *The Nature of Culture.* University of Chicage, 1972.

Ogburn, Willian F (ed.).by Ortsdudley Duncan. *An Culture and Social Change.* University of Chicage Press, 1964.

Srinivas, M.N. *Social Change in Modren India.* Media Promoters Publishers, 1977-1982.

Willaim, Raymond. *Culture and Society.* Anchor Books, 1977.

**Dictionaries/Encyclopedias**

Encyclopædia Britannica.

New World Encyclopedia.

Oxford Dictionary of Critical Theory.

Stanford Encyclopedia of Philosophy.

Wikipedia, the Free Encyclopedia.